ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ! ਵਾਹਿਗੁਰੂ ਜੀ ਕੀ ਫ਼ਤੇਹ॥
ਪਰਮਪੂਜਨੀਕ ਵਾਹਿਗੁਰੂ ਸਤਿਗੁਰੂ

# ਗੁਰਬਾਣੀ,ਸੱਚੇ ਸਤਿਗੁਰੂ ਸਾਹਿਬ ਜੀ ਅਤੇ ਮਹਾਂਪੁਰਸ਼ਾਂ ਦੇ ਅਮੋਲਕ ਬਚਨ।ਪੜ੍ਹਨ ਯੋਗ ਧਾਰਮਿਕ ਗ੍ਰੰਥਾਂ ਦੇ ਨਾਮ।ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ,ਗੱਡੀ ਦੀ ਦੇਖ ਰੇਖ,ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

ਸ੍ਰੀ ਦਮਦਮੀ ਟਕਸਾਲ।
ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥



(ਤੱਤਕਰੇ ਲਈ ਫੋਟੋ 'ਤੇ ਕਲਿਕ ਕਰੋ ਜੀ)

*ਲੇਖਕ ਪ੍ਰਕਾਸ਼ਕ:-*
ਬ੍ਰਹਮਵਿੱਦਿਆ ਦੇ ਦਾਤੇ,ਪੰਥਰਤਨ,
ਬ੍ਰਹਮਗਿਆਨੀਕੈ;ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥
ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ
ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ,
ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰ ਉਪਕਾਰੀ ਚਰਨ-ਕਮਲਾਂ ਦੇ,
ਹਰਿ ਹਰਿ ਮੇਲਿ ਮੇਲਿ ਜਨ ਸਾਧੂ;ਹਮ ਸਾਧ ਜਨਾ ਕਾ ਕੀੜਾ॥
ਅਨੁਸਾਰ ਨਿੱਕੇ ਕੀੜੇ ਕ੍ਰਿਮ,ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ, (ਮੋਗਾ)
ਜਵਾਹਰਸਿੰਘ ਪਿੰਡ ਚਮਿੰਡੇ (ਲੁਧਿਆਣਾ)ਪੰਜਾਬ ਇੰਡੀਆ।



ਧੰਨ ਹਨ ਧੰਨ ਹਨ ਧੰਨ ਹਨ,ਵਾਹਿਗੁਰੂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ,ਹੁਣ ਉੱਬਲਦੀ ਦੇਗ ਅੰਦਰ ਬੈਠ ਰਹੇ ਹਨ,ਹੁਣ ਮੱਚਦੇ ੨ ਰੇਤੇ 'ਤੇ ਬੈਠੇ ਮੱਚਦਾ ੨ ਰੇਤਾ ਆਪਣੇ ਪਰਮਪੂਜਨੀਕ ਪਰਮਪਵਿੱਤ੍ਰ ਸੀਸ 'ਤੇ ਪੁਆ ਰਹੇ ਹਨ। ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹ ਰਹੇ ਹਨ।

ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਤੂ ਚਉ ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥) ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥) ਸਭੁ ਦਿਨਸੁ ਰੈਣਿ.ਦੇਖਉ ਗੁਰੁ ਅਪੁਨਾ; ਵਿਚਿ ਅਖੀ.ਗੁਰ ਪੈਰ ਧਰਾਈ॥) ਸਾਗਰ ਮੇਰ ਉਦਿਆਨ ਬਨ; ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ; ਗਨਉ ਏਕ ਕਰਿ ਕਰਮ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥) ਜੋ ਗੁਰ ਦੀਸੈ ਸਿਖੜਾ; ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥) ਗੁਰਸਿਖਾਂ ਕੀ ਹਰਿ.ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥) ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ॥) ਸਚੁ ਸੁਹਾਵਾ ਕਾਢੀਐ; ਕੂੜੈ ਕੂੜੀ ਸੋਇ॥ ਨਾਨਕ.ਵਿਰਲੇ ਜਾਣੀਅਹਿ; ਜਿਨ ਸਚੁ ਪਲੈ ਹੋਇ॥) ਹੀਣਉ ਨੀਚੁ ਕਰਉ ਬੇਨੰਤੀ; ਸਾਚੁ ਨ ਛੋਡਉ ਭਾਈ॥ ਨਾਨਕ.ਜਿਨਿ ਕਰਿ ਦੇਖਿਆ; ਦੇਵੈ ਮਤਿ ਸਾਈ॥) ਕੂੜ ਨਿਖੁਟੇ. ਨਾਨਕਾ; ਓੜਕਿ ਸਚਿ ਰਹੀ॥ {ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ.ਕਬਹੂੰ ਨ ਟਰੋ॥) ਕਰਿ ਮਨ ਮੇਰੇ; ਸਤਿ ਬਿਉਹਾਰ॥ ਅਨੁਸਾਰ ਇਹ ਪਰਮਪਵਿੱਤ੍ਰ ਪੋਥੀਆਂ ਪੂਰਨ ਸਤਿਕਾਰ ਸਹਿਤ ਬਹੁ ਗਿਣਤੀ 'ਚ ਸੰਭਾਲੋ.ਪੂਰਨ ਪ੍ਰੇਮ ਸਹਿਤ ਪੜ੍ਹੋ, ਦਸਖ਼ਤ ਕਰਾ ਕੇ.ਅਰਦਾਸਿ ਕਰਕੇ, ਪੜ੍ਹਨ ਨੂੰ ਦਿੰਦੇ ਲੈਂਦੇ ਰਹੋ। ਯਥਾ:-ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥) ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥ }

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ **Audio Player** ਪ੍ਰਾਪਤੀ ਲਈ:

ਦਾਸਨ ਦਾਸਾਂ (ਇੰਡੀਆ) **+91-896-895-6093,** (ਕੈਨੇਡਾ) **306-580-7730**
ਭਾਈ ਰਜਿੰਦਰ ਸਿੰਘ ਜੀ ਕੈਨੇਡਾ, ਫੋਨ: **905-458-7776**
ਭਾਈ ਗੁਰਚਰਨ ਸਿੰਘ ਜੀ ਕੈਨੇਡਾ, ਫੋਨ: **905-910-0460**
ਭਾਈ ਅਮਰਇੰਦਰ ਸਿੰਘ ਜੀ ਕੈਨੇਡਾ, ਫੋਨ: **647-625-2596**
ਭਾਈ ਅੰਤਰਜੋਤ ਸਿੰਘ ਜੀ ਕੈਨੇਡਾ, ਫੋਨ: **306-262-7730**
ਭਾਈ ਗੁਰਸ਼ਰਨ ਸਿੰਘ ਜੀ ਕੈਨੇਡਾ, ਫੋਨ: **403-671-7283**

ਗੁਰੂ ਸੇਵਾ ਲਈ ਭੇਟਾ ਕਰਣ ਤੇ ਤੁਹਾਨੂੰ '**CANADIAN TAX RECEIPT**' ਦਿੱਤੀ ਜਾਵੇਗੀ।
ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ
**www.Gursevak.com/content/donate** ਤੇ ਜਾ ਕੇ ਭੇਟਾ ਦਵੋ!
ਦਾਸਾਂ ਦੀ ਸੇਵਾ ਸੰਸਥਾ **DEAR FATHER BRAVE GURU GOD'S SLAVE SOCIETY**
ਹੁਣ **CANADA REVENUE AGENCY** ਨਾਲ **#84017-9444-RR0001** ਹੇਠਾਂ
**REGISTERED CHARITY** ਹੈ।

## ਹੁਣ ਤੱਕ ਇਹ ਪੋਥੀਆਂ ਸੰਗਤ ਜੀ ਦੀ ਸੇਵਾ ਵਿੱਚ ਪ੍ਰਕਾਸ਼ਿਤ ਹੋ ਚੁਕੀਆਂ ਹਨ:

੧. ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ।

੨. ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ।

੩. ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਨ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

੪. ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮ ਪੂਜਨੀਕ ਸ਼ੁਭ ਸੱਚੀ ਬੰਸਾਵਲੀ।

੫. ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।

੬. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ

੭. ਆਦਿ ਬਾਣੀ,ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ,ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ।ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ ਹੈ॥

੮. ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯. ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

੧੦. ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼, ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!

ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਹਨ੍ਹਾਂ ਪੋਥੀ ਸਾਹਿਬਾਨਾਂ ਜੀ ਦੀ ਰਿਕਾਰਡਿੰਗ ਵੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ। ਸੰਗਤ ਜੀ ਰਿਕਾਰਡਿੰਗ ਲਾ ਕੇ ਪੋਥੀ ਸਾਹਿਬ ਪ੍ਰਕਾਸ਼ ਕਰਨ ਜੀ ਅਤੇ ਗੁਰੂ ਸਾਹਿਬ ਜੀ ਦੀ ਖੁਸ਼ੀ ਲੈਣ ਲਈ ਰਿਕਾਰਡਿੰਗ ਅਨੁਸਾਰ ਪੂਰੀਆਂ ਲਗਾਂ ਲਾ ਕੇ ਰਿਕਾਰਡਿੰਗ ਦੇ ਮਗਰ ੨ ਬੋਲੋ ਜੀ।

ਊੜਾ.ਪਹਿਲਾ ਪ੍ਰਕਰਣ:-ਗੁਰਪ੍ਰਸਾਦਿ ਗੁਰਤਾ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਮਹਾਰਾਜ,੯੬ ਪ੍ਰਸ਼ਨਾਂ ਦੇ ਉੱਤ੍ਰ ਗੁਰਮਤਿ ਅਨੁਸਾਰ ਬਖ਼ਸ਼ ਰਹੇ ਹਨ।ਦੂਜਾ ਪ੍ਰਕਰਣ:-ਵਾਹਿਗੁਰੂ ਗੁਰਪੁਰਬਾਂ,ਅਨੇਕ ਪ੍ਰਕਾਰ ਦੇ ਕਾਰਜਾਂ ਦੀ ਸਿੱਧੀ ਅਤੇ ਘਰਾਂ 'ਚ ਮਾਟੋ ਲਿਖਣ ਲਈ ਸ੍ਰਬ ਵਿਆਪੀ ਮਹਾਂ ਵਿਸਮਾਦ ਗੁਰਸਬਦ ਪਦ,ਸਤਿਗੁਰੂ ਸਾਹਿਬਾਨ ਦਸਾਂ ਪਾਤਿਸਾਹਾਂ,ਪੂਰਨ ਸੰਤਾਂ ਮਹਾਂ ਪੁਰਖਾਂ ਜੀ ਦੇ ਅਮੋਲਕ ਬੋਲੇ,ਤੀਜਾ ਪ੍ਰਕਰਣ:- ਪਰਮ ਪੂਜਨੀਕ ਪਿਆਰੇ ਅਜਪਾ ਜਾਪ ਸੁੰਦਰ ਵਾਹਿਗੁਰੂ ਜੀ ਦੇ ਸ਼ੁਭ ਸੱਚੇ ਦਰਸ਼ਨਾਂ ਲਈ ਪੜ੍ਹਨੇ ਯੋਗ ਖ਼ਾਸ ੨ ਧਾਰਮਿਕ ਗ੍ਰੰਥ।ਚੌਥਾ ਪ੍ਰਕਰਣ:- ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ, ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

**ਪ੍ਰੇਮ ਬੇਨਤੀ:-** ਪ੍ਰਕਰਣ ਜਾਂ ਆਦਿ ਅੰਗ 'ਤੇ ਜਾਣ ਲਈ, ਤੱਤਕਰੇ ਚੋਂ ਉਸੇ ਨੂੰ ਕਲਿਕ ਕਰੋ। ਤੱਤਕਰੇ 'ਤੇ ਵਾਪਿਸ ਜਾਣ ਲਈ ਪੇਜ ਦੇ ਥੱਲੇ ਤੱਤਕਰਾ ਲਫ਼ਜ਼ 'ਤੇ ਕਲਿਕ ਕਰੋ।

## ਤੱਤਕਰਾ ਗੁਰਪ੍ਰਸਾਦਿ ਅਰੰਭ:-

{ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ। ਹੁਣ ਚਾਂਦਨੀ ਚੌਂਕ ਦਿੱਲੀ ਵਿਖੇ, ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਅਫ਼ੁਰ ਸਮਾਧੀ 'ਚ ਬੈਠ ਰਹੇ ਹਨ,ਹੁਣ ਆਪਣਾ ਸੀਸ ਕੁਰਬਾਨ ਕਰ ਰਹੇ ਹਨ। ੴ ਜੀ ਦਾ ਸ਼ੁੱਧ ਉਚਾਰਨ ਇੱਕਓਅੰਕਾਰ ਹੈ,ਹਰੇਕ ਘਰੇ ਲਿਖ ਕੇ ਲਾਏ ਜਾਣ ਜੀ।

ਅਜਪਾ ਜਾਪ ਪੂਰਨ ਵਾਹਿਗੁਰੂ ਜੀ ਦੇ ਪਰਮ ਮਨੋਹਰ ਸੱਚੇ ਦਰਸ਼ਨ ਕਰਨ ਲਈ,ਸ਼ੰਕੇ ਤਿਆਗ ਕੇ,ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਪੰਜਵੇਂ,ਸਤਿਗੁਰੂ ਨੌਵੇਂ,ਸਤਿਗੁਰੂ ਦਸਵੇਂ ਪਾਤਿਸਾਹ ਜੀ,ਸ਼ਹੀਦਾਂ ਦੀ ਸ਼ਹੀਦੀ ਦਾ ਜਾਪ ਕਰਨਾ ਚਾਹੀਦਾ ਹੈ ਜੀ।}

ਤੱਤਕਰਾ


| ਨੰ. | ਪ੍ਰਕਰਣ | ਪੰਨਾ |
|---|---|---|
| ੧. | ਵਾਹਿਗੁਰੂ॥ ਸਤਿਗੁਰ ਕੀਨੋ ਪਰਉਪਕਾਰੁ॥ਕਾਢਿ ਲੀਨ;ਸਾਗਰ ਸੰਸਾਰ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਅਗਮ ਅਪਾਰ ਕ੍ਰਿਪਾ ਬਖ਼ਸ਼ਿਸ਼,ਮਹਾਨ ਪਰਉਪਕਾਰ,ਦਾਸਨ ਦਾਸ ਗਰੀਬ ਨਿਮਾਣੇ ਦੀ ਪ੍ਰੇਮ ਬੇਨਤੀ। | 19 |
| ੧ | ਊੜਾ. ਕੀ ਨਿਰਗੁਨ,ਸਰਗੁਨ ਨਾਲੋਂ ਨਾਮ ਜੀ ਵੱਡੇ ਹਨ,ਕਿ ਤਿੰਨੇ ਇੱਕ ਸਰੂਪ ਹਨ? | 20 |
| ੧ | ਐੜਾ. ਅਪਣੇ ਮਾਤਾ ਪਿਤਾ ਜੀ ਨੂੰ ਗੁਰਦੇਵ ਨਹੀਂ ਕਹਿਣਾ? | 22 |
| ੨. | ਕੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ,ਸੰਤਰੇਣ ਸਾਧੂ ਜੀ ਨੂੰ ਗੁਰੂ ਧਾਰਿਆ? | 22 |
| ੩. | ਕਹੁ ਕਬੀਰ;ਅਖਰ ਦੁਇ ਭਾਖਿ॥ਹੋਇਗਾ ਖਸਮੁ;ਤ ਲੇਇਗਾ ਰਾਖਿ॥ਦੇ ਸਹੀ ਅਰਥ। | 22 |
| ੪. | ਜਿਸ ਪਦਾਰਥ ਦਾ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਭੋਗ ਲੁਆਇਆ ਗਿਆ ਹੈ, ਉਹ ਬਿਬੇਕੀ ਕਿਉਂ ਨਹੀਂ ਖਾਂਦੇ? | 22 |
| ੫. | ਜਿਸ ਸ਼ਰਾਬ ਮਾਸ ਵਾਲੇ ਘਰ 'ਚ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਗਏ, ਤੁਸੀਂ ਕਿਉਂ ਨਹੀਂ ਜਾਂਦੇ? | 23 |
| ੬. | ਮਃ ੩॥ ਨਾਮਿ ਰਤਾ ਸਤਿਗੁਰੂ ਹੈ;ਪੜ੍ਹ ਕੇ ਕਿਸੇ ਭੀ ਰੱਤੇ ਨੂੰ ਸਤਿਗੁਰੂ ਨ ਕਹੋ? | 23 |
| ੭. | ਰੇ ਮਨ;ਰਾਮ ਸਿਉ ਕਰਿ ਪ੍ਰੀਤਿ॥ਰਾਮ ਸਿੰਘ ਅਰਥ ਨਹੀਂ ਕਰਨਾ? | 23 |
| ੮. | ਸੰਤਾਂ ਨੂੰ ਸਤਿਗੁਰੂ ਸਾਹਿਬਾਨ ਜੀ ਦਾ ਸਰੂਪ ਜਾਂ ਸਤਿਗੁਰੂ ਸਾਹਿਬਾਨ ਜੀ ਤੋਂ ਵੱਡੇ ਨਹੀਂ ਕਹਿਣਾ? | 23 |
| ੯. | ਸੁਣਤੇ ਪੁਨੀਤ ਕਹਤੇ ਪਵਿਤੁ; ਸਤਿਗੁਰੁ ਰਹਿਆ ਭਰਪੂਰੇ॥ਪੜ੍ਹ ਕੇ, ਕਹਿਣ ਵਾਲਿਆਂ ਨਾਲੋਂ ਸੁਣਨ ਵਾਲਿਆਂ ਨੂੰ ਜ਼ਿਆਦਾ ਫ਼ਲ ਕਹਿਣਾ ਗ਼ਲਤ ਹੈ? | 24 |
| ੧੦. | ਨਾਲਿ ਇਆਣੇ ਦੋਸਤੀ;ਕਦੇ ਨ ਆਵੈ ਰਾਸਿ॥ਤੁਕ ਪੜ੍ਹ ਕੇ ਇਆਣੇ ਬੱਚੇ 'ਚ ਨੁਕਸ ਕੱਢ ਕੇ,ਨਫ਼ਰਤ ਨਹੀਂ ਕਰਨੀ? | 24 |
| ੧੧. | ਵਾਹਿਗੁਰੂ ਸਰੂਪ ਸੱਚੇ ਸਤਿਗੁਰੂ ਸਾਹਿਬਾਨ ਜੀ ਨੂੰ ਇੱਕ ਵਿਸਵਾ ਕਹਿਣਾ ਮਹਾਂ ਪਾਪ ਹੈ? | 24 |

| | | |
|---|---|---|
| ੧੨. | ਇੱਕ ਡਾਕੂ ਨੇ ੪ ਬੰਦੇ ਮਾਰ ਦਿਤੇ,ਦੱਸੋ ਉਸ ਦਾ ਕਸੂਰ ਹੈ ਕਿ ਰੱਬ ਦਾ? | 25 |
| ੧੩. | ਅਨਦੁ ਕਰਹੁ;ਮਿਲਿ ਸੁੰਦਰ ਨਾਰੀ॥ਦੇ ਸਹੀ ਅਰਥ? | 26 |
| ੧੪. | ਖਾਲਸਾ ਸੋਈ,ਜੋ ਕਰੈ ਨਿਤ ਜੰਗ॥੨੯॥ਸਹੀ ਅਰਥ? | 26 |
| ੧੫. | ਗੁਰ ਸੇਵਾ ਤੇ ਭਗਤਿ ਕਮਾਈ॥ਤਬ ਇਹ ਮਾਨਸ ਦੇਹੀ ਪਾਈ॥ਦੇ ਸਹੀ ਅਰਥ? | 26 |
| ੧੬. | ਪਰ ਤ੍ਰਿਅ ਤਿਆਗੁ; ਕਰੀ ਬ੍ਰਹਮਚਾਰੀ॥ਦੇ ਸਹੀ ਅਰਥ। | 27 |
| ੧੭. | ਦੋਹਰਾ॥ਠੀਕਰਿ ਫੋਰਿ ਦਿਲੀਸਿ ਸਿਰਿ;ਪ੍ਰਭ ਪੁਰ ਕੀਯਾ ਪਯਾਨ॥ਦੇ ਸਹੀ ਅਰਥ। | 27 |
| ੧੮. | ਮਹਾਤਮਾ ਜੀ ਦੇ ਸ੍ਰੀਰ ਨੂੰ ਰੋਗ ਕਿਉਂ ਲੱਗਦਾ ਹੈ? | 28 |
| ੧੯. | ਮਾਧਵੇ ਤੁਮਨ ਤੋਰਹੁ;ਤਉ ਹਮ ਨਹੀ ਤੋਰਹਿ॥ਸਹੀ ਅਰਥ। | 28 |
| ੨੦. | ਸ੍ਰਿਸ਼ਟੀ ਦੀ ਰਚਨਾ ਕਿਵੇਂ,ਕਦੋਂ ਹੋਈ? | 28 |
| ੨੧. | ਅਉਖੀ ਘੜੀ.ਨ ਦੇਖਣ ਦੇਈ;ਸਹੀ ਅਰਥ। | 29 |
| ੨੨. | ਪੰਕਾਂ ਦੇ ਦਿਨਾਂ ਚ ਗੁਰਬਾਣੀ ਸੰਥਾ | 29 |
| ੨੩. | ਪ੍ਰੇਮ ਬੇਨਤੀ | 29 |
| ੨੪. | ਨਰੂ ਮਰੈ;ਨਰੁ ਕਾਮਿ ਨ ਆਵੈ॥ਕਈ ਕਹਿੰਦੇ ਹਨ,ਅੱਖਾਂ ਗੁਰਦੇ ਆਦਿ ਤੋਂ ਕੰਮ ਲਿਆ ਜਾਂਦਾ ਹੈ? | 29 |
| ੨੫. | ਸ੍ਰੀ ਗੁਰਦੁਆਰੇ ਸਾਹਿਬ ਜੀ ਸਿਰ ਢਕਣ ਦੀ ਕੀ ਲੋੜ ਹੈ | 29 |
| ੨੬. | ਗਾਂ ਦਾ ਦੁੱਧ ਹੱਡਾਂ ਦਾ ਰਸ ਹੈ, ਉਸ ਦਾ ਮਾਸ ਖਾਣ ਦਾ ਕੀ ਵਿਗਾੜ ਹੈ? | 30 |
| ੨੭. | ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;ਸਰਬ ਜੀਆ ਕਾ ਦਾਤਾ ਰੇ॥ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ,ਚੰਡੀ ਦੇਵੀ ਦੁਰਗਾ ਦੇਵੀ ਆਦਿ ਕੋਈ ਭੀ ਦੇਵੀ ਨਹੀਂ ਸਿਮਰੀ ਜੀ? | 30 |
| ੨੮. | ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕਿਉਂ ਨਹੀਂ ਗਏ? | 30 |
| ੨੯. | ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਸ੍ਰੀ ਦਸਮ ਗ੍ਰੰਥ ਚ, ਸ਼ਬਦ ਪੌੜੀ ਦੀ ਸੰਪੂਰਨਤਾ ’ਤੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਨਾਮ ਕਿਉਂ ਨਹੀਂ ਲਿਖਿਆ? | 31 |
| ੩੦. | ਰਜਿ ਰਜਿ ਭੋਜਨੁ ਖਾਵਹੁ;ਮੇਰੇ ਭਾਈ॥ਅੰਮ੍ਰਿਤ ਨਾਮੁ;ਰਿਦ ਮਾਹਿ ਧਿਆਈ॥ ਸਹੀ ਅਰਥ। | 32 |

| | | |
|---|---|---|
| ੩੧. | ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ 'ਚ ਕੁਰਸੀਆਂ? | 33 |
| ੩੨. | ਰਾਮ ਰਵੰਤਾ ਜਾਣੀਐ;ਇਕ ਮਾਈ ਭੋਗੁ ਕਰੇਇ॥ਤਾ ਕੇ ਲਖਣ ਜਾਣੀਅਹਿ;ਖਿਮਾ ਧਨੁ ਸੰਗ੍ਰਹੇਇ॥ਸਹੀ ਅਰਥ। | 33 |
| ੩੩. | ਕੀ ਪੈ ਕੇ ਸਿਮਰਨ ਹੋ ਸਕਦਾ ਹੈ? | 34 |
| ੩੪. | ਚਰਨ ਸਾਧ ਕੇ; ਧੋਇ ਧੋਇ ਪੀਉ॥ ਅਰਪਿ ਸਾਧ ਕਉ; ਅਪਨਾ ਜੀਉ॥ਸਹੀ ਉੱਤ੍ਰ। | 34 |
| ੩੫. | ਏਤੀ ਮਾਰ ਪਈ ਕਰਲਾਣੇ;ਤੈਂ ਕੀ ਦਰਦੁ ਨ ਆਇਆ॥੧॥ਸਹੀ ਅਰਥ) | 35 |
| ੩੬. | ਕ੍ਰਿਪਾ ਕਰੀ ਹਮ ਪਰ ਜਗ ਮਾਤਾ॥ਕੀ ਦੇਵੀ ਜੀ ਨੂੰ ਮਾਤਾ ਕਿਹਾ ਹੈ?ਦੇਵੀ ਜੀ ਨੂੰ ਨਹੀਂ ਕਿਹਾ। | 36 |
| ੩੭. | ਕਬੀਰ ਸਾਧੂ ਕਉ ਮਿਲਨੇ ਜਾਈਐ;ਸਾਥਿ ਨ ਲੀਜੈ ਕੋਇ॥ ਸਹੀ ਅਰਥ।) | 36 |
| ੩੮. | ਜਲ ਕੈ ਮਜਨਿ.ਜੇ ਗਤਿ ਹੋਵੈ;ਨਿਤ ਨਿਤ ਮੇਂਡੁਕ ਨਾਵਹਿ॥ਜੈਸੇ ਮੇਂਡੁਕ.ਤੈਸੇ ਓਇ ਨਰ;ਫਿਰਿ ਫਿਰਿ ਜੋਨੀ ਆਵਹਿ॥੨॥ਪੜ੍ਹ ਕੇ ਗੁਰੂ ਤੀਰਥ 'ਤੇ ਇਸ਼ਨਾਨ ਕਰਨ ਵਾਲੇ ਗੁਰਮੁਖਾਂ 'ਤੇ ਤਰਕ ਨ ਕਰੋ ਜੀ। | 36 |
| ੩੯. | ਕੀ ਸ਼ਿਵ ਜੀ ਤੋਂ ਹੀ ਵਰ ਮੰਗਿਆ ਹੈ? | 37 |
| ੪੦. | (ਨਾਈ ਬਿੰਦੀ ਨ ਲਾ)ਵਾਹੁ ਵਾਹੁ ਸਚੇ ਪਾਤਿਸਾਹ;ਤੂ ਸਚੀ ਨਾਈ॥) ਹਰ ਪਉੜੀ ਮਗਰੋਂ ਪੜ੍ਹੋ। | 37 |
| ੪੧. | ਅੱਖ ਫਰਕਣੀ?) | 38 |
| ੪੨. | ਭਾਵੈ ਲਾਂਬੇ ਕੇਸ ਕਰੁ; ਭਾਵੈ ਘਰਰਿ ਮੁਡਾਇ॥ਸਹੀ ਅਰਥ। | 38 |
| ੪੩. | ਸਿੰਘਾਂ ਦੇ ਬਾਰਾਂ ਵੱਜ ਗਏ? | 38 |
| ੪੪. | ਕਿੱਕਰ ਦੇ ਸੱਕ,ਪਾਣੀ ਤੇ ਗੁੜ ਤੋਂ ਬਣੀ ਸ਼ਰਾਬ ਕੀ ਮਾੜੀ ਹੈ? | 39 |
| ੪੫. | ਹੇਠ ਲਿਖੀਆਂ ਬਾਣੀਆਂ ਪੂਰਨ ਸ਼ਰਧਾ ਪ੍ਰੇਮ ਸਹਿਤ ਪੜ੍ਹਨੇ ਕਰਕੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੇ ਦੇ ਸੰਪੂਰਨ ਇੱਕ ਸਹਿਜ ਪਾਠ ਦਾ ਫ਼ਲ ਪ੍ਰਾਪਤ ਹੁੰਦਾ ਹੈ। | 39 |
| ੪੬. | ਪਰਮਪਵਿੱਤ੍ਰ ਵਾਹਿਗੁਰੂ ਮੰਤ੍ਰ ਮੂਲ ਮੰਤ੍ਰ,ਗੁਰਬਾਣੀ ਇੱਕੋ ਸਰੂਪ ਹਨ ਕਿ ਵੱਖਰੇ? | 39 |
| ੪੭. | ਜਿਹੜਾ ਨਾਮ ਜਪਦਾ ਹੈ ਉਸ ਨੂੰ ਗੁਰਬਾਣੀ ਪੜ੍ਹਨ ਦੀ ਲੋੜ ਹੈ ਕਿ ਨਹੀਂ? | 39 |
| ੪੮. | ਵਾਹਿਗੁਰੂ ਮਹੱਲੇ ਦਸਵੇਂ ਜੀ ਨੇ,ਕੀ ਮਝੈਲ ਭਰਾਵਾਂ ਨੂੰ ਮਾਲਵੇ ਦੇ ਲਾੜੇ ਕਿਹਾ? | 40 |

| | | |
|---|---|---|
| ੪੯. | ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਨਿੰਦਾ ਨ ਕਰੋ। | 40 |
| ੫੦. | ਕੀ ਗੁਰਬਾਣੀ ਪੜ੍ਹਨ ਨਾਲ ਨਾਮ ਜਪਣ 'ਚ ਵਿਘਨ ਪੈਂਦਾ ਹੈ? | 41 |
| ੫੧. | ਧੰਨ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਹਿਲਾਂ ਭੀ ਦੁਨੀਆਂ ਤਰਦੀ ਸੀ,ਹੁਣ ਸੱਚੇ ਪਾਤਿਸਾਹ ਜੀ ਨੂੰ ਮੰਨਣ ਦੀ ਕੀ ਲੋੜ ਹੈ? | 42 |
| ੫੨. | ਸੰਤ ਸਾਜਨ ਭਏ ਸਰਸੇ; ਪੂਰੇ ਗੁਰ ਤੇ ਜਾਣੀ॥ਸਰਸੇ ਦਾ ਸਹੀ ਅਰਥ।) | 43 |
| ੫੩. | ਵੈਰਾਗਮਈ ਸ਼ਹੀਦੀ ਗੁਰਪੁਰਬਾਂ 'ਤੇ ਬੱਤੀਆਂ? | 44 |
| ੫੪. | ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ; ਬਾਹੁੜਿ ਜਨਮਿ ਨ ਆਵਾ॥੧॥ਕਿਹੜਾ ਸਬਦ? | 44 |
| ੫੫. | ਸਾਤੋ ਅਕਾਸ ਸਾਤੋ ਪਤਾਰ॥ ਕਿਉਂ ਕਹੇ ਹਨ? | 44 |
| ੫੬. | ਕੀ ਸਿੱਖ ਕਾਗਜ਼ ਨੂੰ ਪੂਜਦੇ ਹਨ?ਪ੍ਰਭ ਪੂਜਹੋ ਨਾਮੁ ਅਰਾਧਿ॥) | 45 |
| ੫੭. | ਕੀ ਬਾਬਰ ਦੀ ਸੱਤ ਮੁੱਠਾਂ ਭੰਗ ਪਰਵਾਨ ਕੀਤੀ? | 45 |
| ੫੮. | ਸ੍ਰੀਰ ਨੂੰ ਗਾਲ਼ਣ ਦਲਿਦ੍ਰੀ ਬਨਾਉਣ ਵਾਲੇ,ਭੈੜੇ ਸੁੱਖੇ ਨੂੰ ਸੁਖ ਨਿਧਾਨ ਕਹਿਣਾ ਮਹਾਂ ਪਾਪ ਹੈ? | 46 |
| ੫੯. | ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥ ਫਰੀਦਾ ਏਹੋ ਪਛੋਤਾਉ; ਵਤਿ ਕੁਆਰੀ ਨ ਥੀਐ॥੬੩॥ਦੇ ਸਹੀ ਅਰਥ। | 46 |
| ੬੦. | ਕੀ ਸਤਾਰਵੀਂ ਅਸਟਪਦੀ ਦਾ ਸਲੋਕੁ,ਬਾਬੇ ਸ੍ਰੀ ਚੰਦ ਜੀ ਨੇ ਉਚਾਰਿਆ? ਨਹੀਂ ਜੀ। | 47 |
| ੬੧. | ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ॥ ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥ਸ੍ਰੀ ਮੂਲਮੰਤ੍ਰ ਸਾਹਿਬ ਜੀ ਬਾਰੇ ਪ੍ਰੇਮ ਬੇਨਤੀ। | 51 |
| ੬੨. | ਕੀ ਗੁਰਬਾਣੀ ਨੂੰ ਆਮ ਸਾਹਿਤ ਜਾਂ ਗੁਰੂ ਮੰਨ ਕੇ ਪੜ੍ਹਨਾ ਚਾਹੀਦਾ ਹੈ? | 53 |
| ੬੩. | ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਚੋਂ ਜ਼ਾਤੀ ਨਫ਼ਰਤ ਕੱਢਦੇ ਨਹੀਂ ਜਾਪਦੇ, ਅੱਜ ਸਿੱਖ ਕੌਮ ਜ਼ਾਤ ਪਾਤ ਨਾਲ ਜੁੜੀ ਹੈ? | 55 |
| ੬੪. | ਪੰਜ ਕਕਾਰ ਤਿਆਗ ਕੇ,ਜੇ ਅੰਤ੍ਰੀਵ ਸ਼ੁਭ ਗੁਣਾਂ ਰੂਪੀ ਪੰਜ ਕਕਾਰ ਧਾਰੇ ਜਾਣ ਤਾਂ ਠੀਕ ਹੈ ਜਾਂ ਨਹੀਂ? | 57 |
| ੬੫. | ਕੀ ਅੱਜ ਦੇ ਸਮੇਂ 'ਚ ਪੰਜ ਕਕਾਰਾਂ 'ਚ ਤਬਦੀਲੀ ਕਰਨ ਦੀ ਲੋੜ ਹੈ? | 57 |
| ੬੬. | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਪਤੀ ਤੇ ਪਤਨੀ ਦੇ ਰਿਸ਼ਤੇ ਨੂੰ, ਮਾਲਕ ਤੇ ਦਾਸੀ ਦੇ ਰਿਸ਼ਤੇ 'ਚ ਕਥਨ ਕੀਤਾ ਹੈ, ਜਿਸ 'ਚ ਮਰਦ ਅਜ਼ਾਦ ਹੈ ਤੇ ਔਰਤ | 58 |

| | | |
|---|---|---|
| | ਦੀ ਸਥਿਤੀ ਗ਼ੁਲਾਮ ਨਾਲੋਂ ਭੀ ਭੈੜੀ ਹੈ? | |
| ੬੭. | ਨਿੱਤਨੇਮ ਦੀਆਂ ਪੰਜ ਬਾਣੀਆਂ ’ਚੋਂ ਤਿੰਨ ਬਾਣੀਆਂ ਪਰਮਪੂਜਨੀਕ ਪਰਮਪਵਿੱਤ੍ਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਚ ਨਹੀਂ ਹਨ,ਇਨ੍ਹਾਂ ਦਾ ਨਿੱਤਨੇਮ ਕਰਨ ਨੂੰ ਕਿਉਂ ਕਿਹਾ ਹੈ? | 59 |
| ੬੮. | ਕੇਤੇ;ਲੈ ਲੈ ਮੁਕਰੁ ਪਾਹਿ॥ਸਹੀ ਅਰਥ। | 59 |
| ੬੯. | ਕੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਚ ਸਮਾਜਿਕ,ਆਰਥਿਕ,ਰਾਜਨੀਤਕ ਸਭਿਆਚਾਰਕ ਨੈਤਿਕ ਸਮੱਸਿਆਵਾਂ ਦੇ ਹੱਲ ਕੀਤੇ ਗਏ ਹਨ? | 59 |
| ੭੦. | ਕੀ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ’ਚ ਮਨੁੱਖ ਨੂੰ ਥਾਂ ੨ ’ਤੇ ਨੀਵਾਂ ਨਿਤਾਣਾ ਆਖ ਕੇ, ਪੂਰੀ ਤਰ੍ਹਾਂ ਗ਼ੁਲਾਮ ਰਹਿਣ ਲਈ ਕਿਹਾ ਗਿਆ ਹੈ? | 60 |
| ੭੧. | ਕੀ ਪਰਮਪੂਜਨੀਕ ਪਰਮਪਵਿੱਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਕੇਵਲ ਪਿਛਲੇ ਸਮੇਂ ਲਈ ਹੀ ਸੀ ਕਿ ਮਾਡਰਨ ਅਜੋਕੇ ਜਾਂ ਆਉਣ ਵਾਲੇ ਸਮੇਂ ਨੂੰ ਭੀ ਵਰਤੀ ਜਾ ਸਕਦੀ ਹੈ? | 61 |
| ੭੨. | ਅੱਜ ਦੇ ਮਾਡਰਨ ਸਮੇਂ ’ਚ,ਗੁਰਮਤਿ ਦੀ ਕੀ ਲੋੜ ਹੈ? ਇਹ ਤਾਂ ਪੁਰਾਤਨ ਮਰਯਾਦਾ ਸੀ? | 61 |
| ੭੩. | ਨਿੰਦਕ ਕਹਿੰਦੇ ਹਨ,ਗੁਰਦੁਆਰੇ ਸਾਹਿਬ ਜੀ ਜਾਣ ਦੀ ਕੀ ਲੋੜ ਹੈ? | 62 |
| ੭੪. | ਕੀ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਰਚਿਤ,ਵਾਹਿਗੁਰੂ ਜੀ ਦੀ ਸ਼ੁੱਧ ਸ਼ਕਤੀ ਸ਼੍ਰੀ ਚੰਡੀ ਜੀ ਦੀ ਵਾਰ ਦਾ ਪਾਠ ਕਰਨ ਵਾਲਾ ਕਮਲ਼ਾ ਹੋ ਜਾਂਦਾ ਹੈ? | 63 |
| ੭੫. | ਆਵਨਿ ਅਠਤਰੈ ਜਾਨਿ ਸਤਾਨਵੈ;ਹੋਰੁ ਭੀ ਉਠਸੀ ਮਰਦ ਕਾ ਚੇਲਾ॥ ?ਸਹੀ ਸੱਚੇ ਅਰਥ। | 67 |
| ੭੬. | ਕੀ ਪਰਮਪੂਜਨੀਕ ਪੂਰਨ ਧਰਮੀ ਸੂਰਬੀਰ ਨਿਰਭੈ ਯੋਧੋ ਬਾਬੇ ਮਹਾਂ ਸਿੰਘ ਸਾਹਿਬ ਜੀ ਨੇ ਬਿਦਾਵਾ ਦਿਤਾ? | 69 |
| ੭੭. | ਕੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ,ਧਰਮੀ ਰਾਜੇ ਜਨਕ ਦੇ ਅਵਤਾਰ ਹਨ?ਤੂ ਤਾ ਜਨਿਕ ਰਾਜਾ ਅਉਤਾਰੁ.ਸਬਦੁ ਸੰਸਾਰਿ ਸਾਰੁ;ਪੜ੍ਹ ਕੇ ਪਹਿਲੇ ਪਾਤਿਸਾਹ ਜੀ ਨੂੰ ਜਨਕ ਰਾਜੇ ਦਾ ਅਵਤਾਰ ਨ ਕਹੋ? | 72 |
| ੭੮. | ਗੁਰਸਿੱਖੀ ਗੁਰਤਾ ਦੇ ਅਧੀਨ ਹੈ,ਕਿ ਗੁਰਤਾ,ਸਿੱਖੀ ਦੇ ਅਧੀਨ ਹੈ? ਲਾਖ ਕਰੋਰੀ; ਬੰਧੁਨ ਪਰੈ॥ ? | 73 |

| | | |
|---|---|---|
| ੭੯. | ਕੀ ਸਿੱਖ ਹਿੰਦੂਆਂ ਚੋਂ ਪੈਦਾ ਹੋਏ ਹਨ? | 74 |
| ੮੦. | ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ੭੨ ਜਾਮਿਆਂ 'ਚ ਆਉਣਾ ਨ ਕਹੋ? | 74 |
| ੮੧. | ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਨੇ ਉਚਾਰੇ? | 75 |
| ੮੨. | ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਪਰਥਾਇ, ਕਿੱਥੇ ਉਚਾਰੇ? | 75 |
| ੮੩. | ਪਰਮਪੂਜਨੀਕ ਮਹੱਲੇ ਪਹਿਲੇ ਜੀ ਨੇ ਆਪਣੇ ਭੈਣ ਜੀ 'ਤੇ ਅਜਪਾ ਜਾਪ ਵਾਹਿਗੁਰੂ ਜੀ ਦੀ ਅਮੋਲਕ ਬਖ਼ਸ਼ਿਸ਼ ਕਰਨੀ | 76 |
| ੮੪. | ਵਾਹਿਗੁਰੂ ਮੰਤ੍ਰ ਜੀ ਦੇ ਸੁਖੈਨ ਅਰਥ ਅਤੇ ਸ਼ੁੱਭ ਸਿੱਖਿਆ। | 76 |
| ੮੫. | ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਨੇ ਕਮਾਏ? | 78 |
| ੮੬. | ਵਾਹਿਗੁਰੂ ਮੰਤ੍ਰ ਜੀ ਕਦੋਂ ਉਚਾਰੇ? | 78 |
| ੮੬. | ਊੜਾ. ਵਾਹਿਗੁਰੂ ਮੰਤ੍ਰ ਜੀ ਕਿਉਂ ਉਚਾਰੇ? | 79 |
| ੮੭. | ਵਾਹਿਗੁਰੂ ਮੰਤ੍ਰ ਪ੍ਰਾਪਤ ਕਰਨ ਵਾਲਿਆਂ 'ਤੇ ਕੀ ਅਸਰ ਪਿਆ? | 79 |
| ੮੮. | ਜੇਕਰ ਅਰਦਾਸਿ ਪੂਰੀ ਨਾ ਹੋਵੇ ਤਾਂ ਬਿਰਥੀ ਕਦੇ ਨ ਹੋਵਈ;ਜਨ ਕੀ ਅਰਦਾਸਿ॥ਪੜ੍ਹ ਕੇ ਸ਼ੰਕਾ ਕਰਦੇ ਹਨ ਕਿ ਅਰਦਾਸਿ ਪੂਰੀ ਕਿਉਂ ਨ ਹੋਈ? | 80 |
| ੮੯. | ਜਤ ਕਤ ਦੇਖਉ.ਤਤ ਤਤ ਤੁਮ ਹੀ;ਮੋਹਿ ਇਹੁ ਬਿਸੁਆਸੁ ਹੋਇ ਆਇਓ॥ਕੈ ਪਹਿ ਕਰਉ ਅਰਦਾਸਿ ਬੇਨਤੀ;ਜਉ ਸੁਨਤੋ ਹੈ ਰਘੁਰਾਇਓ॥੧॥ | 81 |
| ੯੦. | ਵਿਣੁ ਬੋਲਿਆ ਸਭੁ ਕਿਛੁ ਜਾਣਦਾ; ਕਿਸੁ ਆਗੈ ਕੀਚੈ ਅਰਦਾਸਿ॥ ਦੇ ਸਹੀ ਅਰਥ। | 81 |
| ੯੧. | ਸ਼ੰਕਾ ਕਰਦੇ ਹਨ ਕਿ ਆਗਿਆ ਭਈ ਅਕਾਲ ਕੀ;ਦੋਹਰੇ,ਚਵਰ ਤਖ਼ਤ ਦੇ ਮਾਲਕ,ਸਤਿਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਹਨ? | 81 |
| ੯੨. | ਅੰਮ੍ਰਿਤ ਛਕਣ ਤੋਂ ਪਹਿਲਾਂ ਭੀ ਦੁਨੀਆਂ ਤਰਦੀ ਸੀ,ਹੁਣ ਅੰਮ੍ਰਿਤ ਛਕਣ ਦੀ ਕੀ ਲੋੜ ਹੈ? | 83 |
| ੯੩. | ਅੰਮ੍ਰਿਤ ਤਿਆਰ ਕਰਨ ਸਮੇਂ,ਕੀ ਪੰਜ ਪਉੜੀਆਂ ਨਾਲ ਹੀ ਸਰ ਸਕਦਾ ਹੈ? | 84 |
| ੯੪. | ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅਰੰਭ ਦੀ ਅਰਦਾਸ ਮਗਰੋਂ,ਕਈ ਪੁੱਛਦੇ ਹਨ,"ਸਾਧਸੰਗਤ ਜੀ! ਅਰੰਭ ਕਰਨ ਦੀ ਆਗਿਆ ਹੈ?" ਭਾਵ ਆਗਿਆ ਲੈ ਕੇ ਅਰੰਭ ਕਰਦੇ ਹਨ।ਉਨ੍ਹਾਂ ਨੂੰ ਜੇ ਇਹ ਕਹੀਏ ਕਿ ਅਰਦਾਸ ਮਗਰੋਂ ਸਤਿਸੰਗਤ ਜੀ ਤੋਂ ਪੁੱਛਣ ਦੀ ਕੀ ਲੋੜ ਹੈ?ਤਾਂ ਇਹ ਸ਼ੰਕਾ ਕਰਦੇ ਹਨ,ਕਿ | 85 |

| | | |
|---|---|---|
| | ਅੰਮ੍ਰਿਤ ਤਿਆਰ ਕਰਨ ਸਮੇਂ,ਪੰਜ ਪਿਆਰੇ ਗ੍ਰੰਥੀ ਸਿੰਘ ਜੀ ਦੀ ਆਗਿਆ ਕਿਉਂ ਮੰਗਦੇ ਹਨ? | |
| ੯੫. | ਕੀ ਬੀਬੀਆਂ ਪੰਜਾਂ ਪਿਆਰਿਆਂ 'ਚ ਲੱਗ ਸਕਦੀਆਂ ਹਨ? | 86 |
| ੯੬. | ਖੰਡ ਬ੍ਰਹਮੰਡ ਬੇਅੰਤ;ਉਧਾਰਣਹਾਰਿਆ॥ਧੰਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸੇ ਜੀ ਨੇ ਕੀ ਬੱਕਰੇ ਝਟਕਾਏ?ਜ਼ਾਤੀ ਬਾਰੇ ਸ਼ੰਕੇ ਦਾ ਨਿਰਨਾ? ਪ੍ਰਸ਼ਨ ਉੱਤ੍ਰ ਤੱਤਕਰਾ ਗੁਰਪ੍ਰਸਾਦਿ ਸੰਪੂਰਨੰ॥ | 88 |
| | **ਗੁਰਪ੍ਰਸਾਦਿ ਦੂਜਾ ਪ੍ਰਕਰਣ ਤੱਤਕਰਾ ਅਰੰਭ:-** | |
| ੧੦੦. | ਗੁਰਪ੍ਰਸਾਦਿ ਵਾਹਿਗੁਰੂ ਗੁਰ ਪੁਰਬਾਂ ਲਈ,ਅਨੇਕ ਪ੍ਰਕਾਰ ਦੇ ਕਾਰਜਾਂ ਦੀ ਸਿੱਧੀ ਅਤੇ ਘਰਾਂ 'ਚ ਮਾਟੋ ਲਿਖਣ ਲਈ,ਸ੍ਰਬ ਵਿਆਪੀ ਮਹਾਂ ਵਿਸਮਾਦ ਗੁਰਸਬਦ ਪਦ,ਸਤਿਗੁਰੂ ਸਾਹਿਬਾਨ ਦਸਾਂ ਪਾਤਿਸਾਹਾਂ,ਪੂਰਨ ਸੰਤਾਂ ਮਹਾਂ ਪੁਰਖਾਂ ਜੀ ਦੇ ਅਮੋਲਕ ਬੋਲੇ ਹਨ। | 91 |
| ੧੦੧. | ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਅਦੁਤੀ ਸ਼ਹੀਦੀ ਜਾਪ ਅਤੇ ਮਹਾਂ ਵਿਸਮਾਦ ਪ੍ਰੇਮ ਬੇਨਤੀਆਂ। | 92 |
| ੧੦੨. | ਵਾਹਿਗੁਰੂ॥ਮਾਟੋ ਲਿਖਣ ਲਈ,ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਅਵਤਾਰ ਸਬੰਧੀ ਅਤੇ ਉਨ੍ਹਾਂ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 93 |
| ੧੦੩. | ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ,ਇੱਕ ਖ਼ਾਸ ਪ੍ਰੇਮੀ ਸਿੱਖ ਦੀ ਅਮੋਲਕ ਸਾਖੀ। | 94 |
| ੧੦੪. | ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 94 |
| ੧੦੫. | ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 95 |
| ੧੦੬. | ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ ਦੇ ਗੁਰਪੁਰਬ ਲਈ ਅਤੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 96 |

| | | |
|---|---|---|
| ੧੦੭. | ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 96 |
| ੧੦੮. | ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 99 |
| ੧੦੯. | ਪਰਮਪੂਜਨੀਕ ਵਾਹਿਗੁਰੂ॥ ਸੱਚੇ ਸਤਿਗੁਰੂ ਸੱਤਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 100 |
| ੧੧੦. | ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਅੱਠਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 100 |
| ੧੧੧. | ਪਰਮਪੂਜਨੀਕਵਾਹਿਗੁਰੂ ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਦੀ ਮਹਿਮਾ ਅਤੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 100 |
| ੧੧੨. | ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਅਵਤਾਰ ਪੁਰਬ ਬਾਰੇ ਅਤੇ ਉਨ੍ਹਾਂ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ। | 101 |
| ੧੧੩. | ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਮਾਟੋ। | 107 |
| ੧੧੪. | ਖੁਸ਼ੀ ਸਮੇਂ ਇਹ ਮਾਟੋ ਲਿਖੋ। | 108 |
| ੧੧੫. | ਗ਼ਮੀ ਸਮੇਂ। | 108 |
| ੧੧੬. | ਮ੍ਰਿਤਕ ਨੂੰ ਬਗ਼ਲਾ ਨ ਕਹੋ। | 109 |
| ੧੧੭. | ਨਿਮ੍ਰਤਾ ਗ੍ਰੀਬੀ ਵਾਲੇ ਸਬਦਾਂ ਪਦਾਂ ਦਾ ਬਾਰ ੨ ਅਭਿਆਸ ਕਰਨ ਲਈ, ਕਿਹੜਾ ਸਬਦ ਕਦੋਂ ਪੜ੍ਹਨਾ ਹੈ,ਇਸ ਬਾਰੇ ਪ੍ਰੇਮ ਬੇਨਤੀ। | 109 |
| ੧੧੮. | {ਇਨ੍ਹਾਂ ਦੋਸ਼ਾਂ ਦੀ ਨਵਿਰਤੀ ਲਈ ਅੱਗੇ ਲਿਖੇ ਗੁਰਬਾਣੀ ਜੀ ਪੜ੍ਹੋ,ਘਰੇ ਮਾਟੋ ਲਿਖੋ:- ਚੋਰੀ ਦੀ ਨਵਿਰਤੀ ਲਈ,ਘੱਟ ਸੌਣ ਬਾਰੇ,ਜ਼ਿਆਦਾ ਖਾਣ ਤੋਂ ਮਨਾਹੀ,ਜ਼ਿਆਦਾ ਖਾ ੨ ਕੇ ਪੇਟ ਵਧਾਉਣ ਤੋਂ ਫਿਟਕਾਰ,ਫ਼ੈਸਨ ਤਿਆਗ ਲਈ,ਧਨ ਇੱਛਾ ਮੇਟਣ ਲਈ,ਗੁਰੂ ਸੇਵਾ ਧਰਮ-ਕ੍ਰਿਤ ਧਰਮ-ਕਰਮ ਕਰਨ ਨੂੰ ਢਿੱਲ ਕਰੇ, ਪੁੰਨ ਦਾਨ ਉਤਸ਼ਾਹ ਲਈ,ਜੇ ਭੁੱਖ ਸੰਤਾਵੇ,ਰੋਸ ਅਤੇ ਬਹੁਤਾ ਬੋਲਣ ਦੇ ਦੋਸ਼ ਦੀ ਨਵਿਰਤੀ ਲਈ,ਚਿੰਤਾ ਨਿਵਿਰਤੀ ਲਈ,ਧਨ ਨੁਕਸਾਨ ਜ਼ਰਨ ਲਈ। ਇਨ੍ਹਾਂ ਪਦਾਂ ਨੂੰ ਦ੍ਰਿੜ ਕੀਤੇ ਤੋਂ ਬਿਨਾ ਸੋਗ ਦਿਲ ਨੂੰ ਖਾ ਜਾਵੇਗਾ,ਧਰਮ-ਕ੍ਰਿਤ ਵਰਜ਼ਿਸ ਨੂੰ ਚਿੱਤ ਨ ਕਰੇ।ਧਨ ਜਾਣ ਤੋਂ ਨੁਕਸਾਨ | 109 |

| | | |
|---|---|---|
| | ਜਰਨ ਲਈ। ਪਰਮਪੂਜਨੀਕ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬਚਨ। ਡਿੱਗੇ ਮਨ ਨੂੰ ਹੌਂਸਲਾ ਦੇਣ ਲਈ। ਜੋਬਨ ਦੇ ਅਹੰਕਾਰ ਨਿਵਿਰਤੀ ਲਈ। ਮਸ਼ੱਕਤਾਂ ਕਰਕੇ ਥਕਾਵਟ ਦੀ ਨਿਵਿਰਤੀ ਲਈ। | |
| ੧੧੯. | ਕਾਰਜ ਸਿੱਧੀ ਤੋਂ ਹੰਗਤ ਤਿਆਗ ਲਈ ਗੁਰਬਾਣੀ ਜੀ,ਵੈਰਾਗਮਈ ਕਵਿੱਤਾ। | 113 |
| ੧੨੦. | ਮੰਗਲ, ਡੰਡਉਤ ਬਾਰੇ ਗੁਰਬਾਣੀ ਮਾਟੋ। | 113 |
| ੧੨੧. | ਪੂਰਨ ਗੁਰੂ ਗੁਰਬਾਣੀ ਜੀ ਬਾਰੇ ਮਾਟੋ। | 114 |
| ੧੨੨. | ਸਰਣਿ ਬਾਰੇ ਮਾਟੋ। | 114 |
| ੧੨੩. | ਬਿਰਾਜਮਾਨ ਅਸਥਾਨ ’ਤੇ ਲਿਖੋ। | 114 |
| ੧੨੪. | ਨਿਸ਼ਾਨ ਸਾਹਿਬ ਬਾਰੇ। | 114 |
| ੧੨੫. | ਮੱਥਾ ਟੇਕਣ ਬਾਰੇ। | 115 |
| ੧੨੬. | ਰੈਣ ਸਬਾਈ ਕੀਰਤਨ ਸਤਿਸੰਗ ਮਹਿਮਾ। | 115 |
| ੧੨੭. | ਪੂਰਨ ਗੁਰੂ ਜੀ ਦੇ ਪਰਮ ਪਾਕ ਚਰਨ-ਕਮਲਾਂ ਦੀ ਛੋਹ ਨੂੰ ਪ੍ਰਾਪਤ ਅਸਥਾਨਾਂ ’ਤੇ ਇਹ ਗੁਰਬਾਣੀ ਜੀ ਲਿਖੋ। | 115 |
| ੧੩੦. | ਅੰਮ੍ਰਿਤ ਛਕਣ ਬਾਰੇ ਮਾਟੋ ਲਿਖੋ। | 115 |
| ੧੩੧. | ਗੁਰਬਾਣੀ ਜੀ ਦੁਆਰਾ ਸੰਤਾਂ ਮਹਾਂਪੁਰਖਾਂ ਦੀ ਮਹਿਮਾ । | 116 |
| ੧੩੨. | ਗੁਰੂ ਸੇਵਾ ਬਾਰੇ ਗੁਰਬਾਣੀ ਜੀ। | 118 |
| ੧੩੩. | ਲੰਗਰ ’ਚ ਗੁਰਬਾਣੀ ਜੀ ਮਾਟੋ। | 118 |
| ੧੩੪. | ਸਉਣ ਸਮੇਂ ਪੜ੍ਹੋ। | 118 |
| ੧੩੫. | ਮਾਤਾ ਪਿਤਾ ਬੱਚਾ ਇਨ੍ਹਾਂ ਤੁਕਾਂ ਦਾ ਅਭਿਆਸ ਕਰਨ। | 119 |
| ੧੩੬. | ਗੁਰੂ ਹਿਤ ਸ਼ਹੀਦੀ ਕੁਰਬਾਨੀ ਦੇਣ,ਸ਼ਹੀਦਾਂ ਦੀ ਯਾਦ ’ਚ ਅਤੇ ਮਨ ਦਾ ਸੋਗ ਧੋਣ ਲਈ। ਮਹਾ ਵਿਸਮਾਦ ਗੁਰਬਾਣੀ ਜੀ ਮਾਟੋ। | 120 |
| ੧੩੭. | ਪਰਮਪੂਜਨੀਕ ਸ਼ਹੀਦ ਬਾਬਾ ਤਾਰੂ ਸਿੰਘ ਸਾਹਿਬ ਜੀ। ਧੰਨ ਬਾਬਾ ਦੀਪ ਸਿੰਘ ਸਾਹਿਬ ਜੀ। ਸ਼ਹੀਦ ਬਾਬਾ ਮਤੀ ਦਾਸ ਜੀ। ਪਰਮਪੂਜੀਕ ਸ਼ਹੀਦ ਬਾਬਾ ਮਨੀ ਸਿੰਘ ਸਾਹਿਬ ਜੀ ਨੇ ਬੰਦ ੨ ਕਟਾਉਣ ਤੋਂ ਪਹਿਲਾਂ ਇਹ ਸ਼ੁਭ ਬਚਨ ਕਹੇ। ਸ਼ਹੀਦ ਭਗਤ ਸਿੰਘ ਜੀ ਹਰ ਵਕਤ ਇਹ ਸ਼ੇਅਰ ਪੜ੍ਹਦੇ,ਜਿਨ੍ਹਾਂ ਨੂੰ ਕਮਾਉਂਦਿਆਂ ਹੱਸ ਕੇ ਫਾਂਸੀ ਚੜ੍ਹ ਗਏ। | 123 |
| ੧੩੮. | ਵਾਹਿਗੁਰੂ॥ਭਾਈ ਸਾਹਿਬ ਡਾ:ਵੀਰ ਸਿੰਘ ਜੀ,ਖ਼ਾਲਸੇ ਜੀ ਦਾ ਸਰੂਪ ਇਉਂ ਲਿਖਦੇ ਹਨ। | 125 |

| | | |
|---|---|---|
| ੧੩੯. | ਅੱਘੜ ਸਿੰਘ ਸਰਦਾਰ ਨੇ ਮੋਮਨ ਖਾਂ ਦਾ ਸਿਰ ਵੱਢਣਾ। | 126 |
| ੧੪੦. | ਸ਼ੇਰੇ ਪੰਜਾਬ ਜੀ ਨੇ ਜੋ ਸਿੱਕਾ ਚਲਾਇਆ,ਉਸ 'ਚ ਅਪਣੇ ਨਾਮ ਦੀ ਬਜਾਏ,ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸ਼ੁਭ ਸੱਚਾ ਨਾਮ ਹੀ ਲਿਖਾਇਆ:- ਅਕਾਲ ਪੁਰਖ ਜੀ ਸਹਾਯ,ਦੇਗੋ ਤੇਗੋ ਫ਼ਤੇਹ,ਨੁਸਰਤ ਬੇਦਰੰਗ।ਯਾਫ਼ਤਜ਼ ਨਾਨਕ ਗੁਰੂ ਗੋਵਿੰਦ ਸਿੰਘ।ਮਹਾਂ ਵਿਸਮਾਦ ਅਰਥ। | 126 |
| ੧੪੧. | ਵਾਹਿਗੁਰੂ॥ਪੂਰਨ ਬ੍ਰਹਮਗਿਆਨੀ,ਪੂਰਨ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਖ਼ਾਲਸਾ ਭਿੰਡਰਾਂਵਾਲੇ,ਅਤੀਤ ਬਿਰਕਤ ਬ੍ਰਹਮ ਵਿਦਿਆ ਦੇ ਦਾਤੇ ਮਹਾਂਪੁਰਖਾਂ ਨੇ,ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਨੂੰ,ਟਕਸਾਲ ਚਲਾਉਣ ਦੀ,ਸ਼ੁਭ ਸੱਚੀ ਸੇਵਾ ਬਖ਼ਸ਼ਣ ਤੋਂ ਪਹਿਲਾਂ,ਇਹ ਅਮੋਲਕ ਬਚਨ ਕਹੇ। | 126 |
| ੧੪੨. | ਪਰਮ ਪੂਜਨੀਕ ਪੂਰਨ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਸਰਬ ਵਿਆਪੀ ਮਹਾਂ ਵਿਸਮਾਦ ੨੩੮ ਅਮੋਲਕ ਬਚਨ। | 127 |
| ੧੪੨. | ਪੂਰਨ ਸੰਤ ਬਾਬਾ ਅਤਰ ਸਿੰਘ ਮਹਾਰਾਜ ਜੀ ਦੇ ਅਮੋਲਕ ਬਚਨ:- | |
| ੧੪੩. | ਬਾਬਾ ਨੰਦ ਸਿੰਘ ਜੀ ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲਿਆਂ ਦੇ ਅਮੋਲਕ ਬਚਨ। | 143 |
| ੧੪੪. | ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਦੇ ਅਮੋਲਕ ਬਚਨ।ਦਸੇ ਸਤਿਗੁਰੂ ਸਾਹਿਬਾਨ ਜੀ,ਸਮੂੰਹ ਸੰਤਾਂ ਦੇ ਅਮੋਲਕ ਬਚਨ ਸੰਪੂਰਨੰ॥ | 144 |
| ੧੪੫. | ਦਾਸਨਦਾਸ ਸੇਵਕ ਵੱਲੋਂ ਰੋਮ ੨ ਕਰਕੇ ਸਦ ਸਦਾ ਨਮਸਕਾਰ। | 145 |
| ੧੪੬. | ਪੜ੍ਹਨ ਯੋਗ ਧਾਰਮਿਕ ਗ੍ਰੰਥਾਂ ਦੇ ਨਾਮ।੧੪੬.ਗੁਰਬਾਣੀ ਦੇ ਚਾਨਣ ਅੰਦਰ ਦੇਹ ਅਰੋਗਤਾ। | 146 |

## ਗੁਰਬਾਣੀ ਦੇ ਚਾਨਣ ਅੰਦਰ ਦੇਹ ਅਰੋਗਤ ਤੱਤਕਰਾ ਅਰੰਭ

| | | |
|---|---|---|
| ੧. | ਵਾਹਿਗੁਰੂ॥ਬਿਦੇਸ਼ਾਂ 'ਚੋਂ ਭਾਰਤ ਜਾਣ ਬਾਰੇ ਕੁੱਝ ਜ਼ਰੂਰੀ ਪ੍ਰੇਮ ਬੇਨਤੀਆਂ ਨਮਸਕਾਰ। | 151 |
| ੨. | ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਵਿਹਲੇ ਰਹਿਣ ਤੋਂ ਸਖ਼ਤ ਮਨਾਹੀ। | 151 |
| ੩. | ਵਾਹਿਗੁਰੂ॥ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਨੇ ਬਾਰਾਂ ਸਾਲ ਦਿਨ ਰਾਤ ਸੇਵਾ ਕੀਤੀ। | 152 |

| | | |
|---|---|---|
| ੪. | ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਧੰਨ ਸੱਚੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਸੱਚੇ ਚਰਨ-ਕਮਲਾਂ 'ਚ,ਜਿਨੀ ਨਾਮੁ ਧਿਆਇਆ;ਗਏ ਮਸਕਤਿ ਘਾਲਿ॥ਵਾਲੀ ਅਵਸਥਾ ਨੂੰ ਕਮਾਇਆ। | 152 |
| ੫. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ,ਕਰੋੜਿ ਹਸਤ ਤੇਰੀ ਟਹਲ ਕਮਾਵਹਿ; ਅਨੁਸਾਰ ਬਾਲਕ ਅਵਸਥਾ ਤੋਂ ਹੀ ਆਪਣੇ ਪਰਮਪੂਜਨੀਕ ਸੱਚੇ ਪਿਤਾ,ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਅਤੀ ਪਿਆਰੀ ਸਤਿਸੰਗਤ ਜੀ ਦੀ ਸੇਵਾ ਅਰੰਭ ਕਰ ਦਿਤੀ। | 153 |
| ੬. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ ਅਥਾਹ ਬੀਰ-ਰਸ ਧਾਰਿਆ,ਸ਼ਸ਼ਤ੍ਰ ਅਭਿਆਸ ਕੀਤਾ,ਕਰਵਾਇਆ। | 153 |
| ੭. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ,ਸਤਿਗੁਰੂ ਹਰਿਰਾਏ ਸਾਹਿਬ ਜੀ ਦੇ ਅਥਾਹ ਪ੍ਰੇਮ ਦੇ ਵਸੀਕਾਰ ਹੋ ਕੇ,ਪਰਮ ਪ੍ਰਸੰਨ ਹੋ ਕੇ ਆਪਣੀ ਗੁਰਤਾ ਹੀ ਬਖ਼ਸ਼ ਦਿਤੀ। | 153 |
| ੮. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅੱਠਵੇਂ ਪਾਤਿਸ਼ਾਹ ਜੀ, ਸੇਵਾ ਸਿਮਰਨ ਗੁਰਬਾਣੀ ਪੜ੍ਹਨ ਸੁਨਣ 'ਚ ਪੂਰਨ ਸਾਵਧਾਨ ਹਨ ਜੀ। | 153 |
| ੯. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਪਰਮਪੂਜਨੀਕ ਪਿਤਾ ਜੀ ਦੀ ਸ਼ੁਭ ਸੱਚੀ ਸੇਵਾ ਪੂਰਨ ਪ੍ਰੇਮ ਚਾਅ ਨਾਲ ਕਰਨੀ। | 153 |
| ੧੦. | ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੀ ਪੂਰਨ ਉੱਚ ਕਰਣੀ ਕਮਾਈ ਬਾਰੇ। | 154 |
| ੧੧. | ਭੈੜੀ ਕੂੜੀ ਚਾਹ ਕੌਫ਼ੀ ਢਿੱਡ ਫ਼ੂਕਣੀ ਦੀ ਥਾਂ ਇਹ ਵਧੀਆ ਜ਼ਿਆਦਾ ਗਰਮ ਨੁਸਖ਼ਾ ਨਿੱਤ ਵਰਤੋ। | 155 |
| ੧੨. | ਚਾਹ ਪਾਪਣ ਚਾਹ ਹਤਿਆਰੀ। ਵਿੱਚ ਤਮਾਕੂ ਨਿੱਤ ਕਰੇ ਖ਼ੁਆਰੀ। ਤਿਆਗੋ। | 155 |
| ੧੩. | ਮਾਈਨਸ ਠੰਢ 'ਚ,ਘਰ 'ਚ ਤੇਜ਼ ਹੀਟ ਵਰਤਣ ਦੇ ਬਹੁਤ ੨ ਨੁਕਸਾਨ। | 159 |
| ੧੪. | ਏਅਰਕੰਡੀਸ਼ਨ ਦੀ ਵਰਤੋਂ,ਸਿਹਤ ਲਈ ਸਖ਼ਤ ਹਾਨੀਕਾਰਕ ਹੈ। | 159 |
| ੧੫. | ਘਿਉ 'ਚ ਤਲ਼ੇ ਤੇਜ਼ ਮਸਾਲੇ,ਸ੍ਰੀਰ ਨੂੰ ਰੋਗੀ ਕਰ ਦਿੰਦੇ ਹਨ। | 159 |
| ੧੬. | ਸੰਤ ਬਾਬਾ ਅਜੀਤ ਸਿੰਘਜੀ ਨਥਲਪੁਰੀਏ ਪੂਰਨ ਬ੍ਰਹਮਗਿਆਨੀ ਜੀ,ਚਾਹ ਕੌਫ਼ੀ ਮਸਾਲੇ ਅਧਰਕ ਲਸਣ ਗੰਢੇ ਨਹੀਂ ਵਰਤਦੇ ਸਨ। | 159 |

| | | |
|---|---|---|
| ੧੭. | ਦਾਸਨਦਾਸ ਨਾਲ ਹੱਡ ਬੀਤੀ ਸੇਹਤ ਬਾਰੇ ਕੀਮਤੀ ਸ਼ੁਭ ਸਿੱਖਿਆ। | 159 |
| ੧੮. | ਅੱਖਾਂ ਦੀ ਸੰਭਾਲ਼ ਵਰਜ਼ਿਸ ਬਾਰੇ ਪ੍ਰੇਮ ਬੇਨਤੀ ਸੇਹਤ ਬਾਰੇ ਸ਼ੁਭ ਸਿੱਖਿਆ,ਪੂਰਨ ਪ੍ਰੇਮ ਸਹਿਤ ਪੜ੍ਹਨੇ ਯੋਗ ਅਨੇਕ ਸ਼ੁਭ ਬਚਨ। | 160 |
| ੧੯. | ਗੁਣਕਾਰੀ ਹਲਕੀ ਵਰਜ਼ਿਸ਼। | 161 |
| ੨੦. | ਪੈਰਾਂ ਦੀਆਂ ਤਲ਼ੀਆਂ ਦੀ ਮਾਲ਼ਸ਼ ਕਰਨ ਦਾ ਢੰਗ ਤੇ ਅਨੇਕ ਫ਼ਾਇਦੇ॥ | 165 |
| ੨੧. | ਖ਼ਾਸ ਲਾਭਦਾਇਕ ਅਤੀ ਜ਼ਰੂਰੀ,ਸੇਹਤ ਨੂੰ ਸਵਾਰਨ ਵਾਲੀਆਂ ਪ੍ਰੇਮ ਬੇਨਤੀਆਂ। | 165 |
| ੨੨. | ਪਿਆਰੇ ਵਾਹਿਗੁਰੂ ਜੀ ਨੂੰ ਮਿਲਣ ਵਾਲੇ,ਨਮਸਕਾਰ ਯੋਗ ਗੁਰਮੁਖਿ ਪਿਆਰਿਆਂ ਨੂੰ ਤੇ ਸਭ ਦੇ ਚਰਨਾਂ ’ਤੇ ਮੱਥਾ ਰੱਖ ਕੇ ਖ਼ਾਸ ਪ੍ਰੇਮ ਬੇਨਤੀਆਂ ਅਤੇ ਧਰਮ-ਕ੍ਰਿਤ ਦਾ ਪਦਾਰਥ ਛਕਣਾ ਚਾਹੀਏ। | 166 |
| ੨੩. | ਵਾਹਿਗੁਰੂ॥ਰਸਨਾ ਨੂੰ ਸ਼ੁਭ ਸਿੱਖਿਆ। | 169 |
| ੨੪. | ਕਾਲੀ ਮਿਰਚ। | 170 |
| ੨੫. | ਗੁਰਪ੍ਰਾਦਿ ਸਾਦਾ ਛਕਣਾ ਬਹੁਤ ਹੀ ਗੁਣਕਾਰੀ ਹੈ।ਹਮੇਸ਼ਾ ਸਾਦਾ ਛਕਣਾ ਚਾਹੀਏ ਸ਼ੁਭ ਸੱਚੀ ਸਿੱਖਿਆ। | 170 |
| ੨੬. | ਕਬਜ਼ੀ ਦੀ ਨਿਵਿਰਤੀ ਕਰੋ। | 172 |
| ੨੭. | ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ ਜਾਗੋ ਜੀ। | 173 |
| ੨੮. | ਦਾਤਨ ਬੁਰਸ਼ ਸ਼ੁਭ ਸਿੱਖਿਆ। | 173 |
| ੨੯. | ਇਸ਼ਨਾਨ। | 174 |
| ੩੦. | ਸਾਬਣ ਦੀ ਵਰਤੋਂ ਬਾਰੇ। | 174 |
| ੩੧. | ਮਾਲਸ਼। | 174 |
| ੩੨. | ਸੈਰ। | 175 |
| ੩੩. | ਸਖ਼ਤ ਧਰਮ-ਕ੍ਰਿਤ ਕਸਰਤ ਕਰਨ ਦੇ ਬਹੁਤੇ ੩ ਲਾਹੇ। | 175 |
| ੩੪. | ਯੋਗ ਆਸਣ ਦੁਆਰਾ ਕਸਰਤ। | 177 |
| ੩੫. | ਖੰਡ ਗੁੜ ਮੇਥਿਆਂ ਦੀ ਵਰਤੋਂ ਬਾਰੇ। | 177 |
| ੩੬. | ਸੰਤੋਖ ਸਹਿਤ ਛਕਣ ਬਾਰੇ ਪ੍ਰੇਮ ਬੇਨਤੀ। | 178 |
| ੩੭. | ਵਾਹਿਗੁਰੂ॥ਹੱਥ ਚੱਕੀ ਦਾ ਆਟਾ ਬਹੁਤੇ ਤੋਂ ਬਹੁਤਾ ਗੁਣਕਾਰੀ ਹੈ। | 179 |
| ੩੮. | ਵਾਹਿਗੁਰੂ ਬੇਹੀਆਂ ਚੀਜ਼ਾਂ ਰੋਗਾਂ ਦੀ ਜੜ। | 182 |

| | | |
|---|---|---|
| ੩੯. | ਡਬਲਰੋਟੀ। | 182 |
| ੪੦. | ਵਾਹਿਗੁਰੂ॥ਵਿਹਲੇ ਰਹਿ ਕੇ ਰੋਗੀ ਨ ਹੋਵੋ। | 183 |
| ੪੧. | ਸਰਬ ਲੋਹ ਦੀ ਮਹਾਨਤਾ,ਸੜਨ ਸਾੜਨ ਵਾਲੇ ਰੋਗਾਂ ਦੀ ਜੜ,ਸਭ ਦੇ ਦੁਸ਼ਮਣ ਭੈੜੇ ਤੜਕੇ ਦਾ ਤਿਆਗ। | 183 |
| ੪੨. | ਵਾਹਿਗੁਰੂ॥ਸਾਫ਼ ਪਾਣੀ ਵਰਤੋਂ ਬਾਰੇ। | 184 |
| ੪੩. | ਪਾਣੀ ਦੇ ਸੋਮੇਂ। | 184 |
| ੪੪. | ਪਾਣੀ ਦੀ ਘਾਟ ਦੇ ਨੁਕਸਾਨ। | 184 |
| ੪੫. | ਪਾਣੀ ਦੇ ਵਾਧੇ ਦੇ ਨੁਕਸਾਨ। | 185 |
| ੪੬. | ਵਾਹਿਗੁਰੂ ਸਾਫ਼ ਖੁੱਲੀ ਤਾਜ਼ੀ ਸਾਫ਼ ਹਵਾ। | 185 |
| ੪੭. | ਮੂੰਹ ਬੇਸੁਆਦ ਹੋਣਾ,ਬਦਬੋ ਆਉਣ ਦੇ ਕਾਰਣ ਤੇ ਨਿਵਿਰਤੀ। | 186 |
| ੪੮. | ਸਾਵਧਾਨ! ਸਾਵਧਾਨ! ਸਾਵਧਾਨ! ਹਾਰਟ ਅਟੈਕ ਤੋਂ ਬਚੋ। | 187 |
| ੪੯. | ਘਰੇ ਰੂੜੀ ਬਾਤ ਹੈ ਕੂੜੀ। | 188 |
| ੫੦. | ਬ੍ਰਿਛ ਲਾਉਣ ਦਾ ਢੰਗ। | 188 |
| ੫੧. | ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ਹੇ ਵਾਹਿਗੁਰੂ ਸਾਹਿਬ ਜੀਉ!ਜੀਆਂ 'ਤੇ ਤਰਸ ਕਰੋ ਜੋ ਡੰਗਰਾਂ ਦੀ ਸੰਭਾਲ਼ ਕਰਨ। | 188 |
| ੫੨. | ਸਿਰ ਦੁਖੇ ਇਲਾਜ। | 190 |
| ੫੩. | ਡਰਾਈਵਿੰਗ, ਮਸ਼ੀਨਰੀ ਦੀ ਦੇਖ ਰੇਖ ਬਾਰੇ ਸ਼ੁਭ ਸਿੱਖਿਆ। | 190 |
| | ਤੱਤਕਰਾ ਗੁਪ੍ਰਸਾਦਿ ਸੰਪੂਰਨੰ। | |

ਪਹਿਲਾ ਪ੍ਰਕਰਣ ਅਰੰਭ:-ਗੁਰਪ੍ਰਸਾਦਿ ਗੁਰਤਾ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਸ੍ਰੀ ਗ੍ਰੰਥ ਸਾਹਿਬ ਜੀ ਮਹਾਰਾਜ,੯੬ ਪ੍ਰਸ਼ਨਾਂ ਦੇ ਉੱਤ੍ਰ ਗੁਰਮਤਿ ਅਨੁਸਾਰ ਬਖ਼ਸ਼ ਰਹੇ ਹਨ:-

੧. ਵਾਹਿਗੁਰੂ॥ ਸਤਿਗੁਰ ਕੀਨੋ ਪਰਉਪਕਾਰੁ॥ਕਾਢਿ ਲੀਨ;ਸਾਗਰ ਸੰਸਾਰ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਅਗਮ ਅਪਾਰ ਕ੍ਰਿਪਾ ਬਖ਼ਸ਼ਿਸ਼,ਮਹਾਨ ਪਰਉਪਕਾਰ,ਦਾਸਨ ਦਾਸ ਗਰੀਬ ਨਿਮਾਣੇ ਦੀ ਪ੍ਰੇਮ ਬੇਨਤੀ:- ਕਈ ਜਨਮ;ਭਏ ਕੀਟ ਪਤੰਗਾ॥ਕਈ ਜਨਮ;ਗਜ ਮੀਨ ਕੁਰੰਗਾ॥ਕਈ ਜਨਮ;ਪੰਖੀ ਸਰਪ ਹੋਇਓ॥ਕਈ ਜਨਮ;ਹੈਵਰ ਬ੍ਰਿਖ ਜੋਇਓ॥੧॥) ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਜਮਿ ਜਮਿ ਮਰੈ;ਮਰੈ ਫਿਰਿ ਜੰਮੈ॥ਬਹੁਤੁ ਸਜਾਇ;ਪਇਆ ਦੇਸਿ ਲੰਮੈ॥) ਆਗੈ ਬਿਮਲ ਨਦੀ;ਅਗਨਿ ਬਿਖੁ ਝੇਲਾ॥ਤਿਥੈ.ਅਵਰੁ ਨ ਕੋਈ;ਜੀਉ ਇਕੇਲਾ॥ਭੜ ਭੜ ਅਗਨਿ ਸਾਗਰੁ ਦੇ ਲਹਰੀ;ਪੜਿ ਦਝਹਿ ਮਨਮੁਖ ਤਾਈ ਹੇ॥) ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥ ਨਰਕਿ ਪਚਹਿ ਅਗਿਆਨ ਅੰਧੇਰੇ॥ਉਪ੍ਰੋਕਤ ਫ਼ੁਰਮਾਨਾਂ ਅਨੁਸਾਰ,ਪਸ਼ੂ ਭੂਤ ਪ੍ਰੇਤ ਸੱਪ,ਚੌਰਾਸੀ ਲੱਖ ਜੂਨਾਂ ਭੋਗਣ ਵਾਲੇ ਅਤੀ ਦੁਖੀ ਜੀਵ ’ਤੇ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ਸਾਹਿਬੁ ਮੇਰਾ ਮਿਹਰਵਾਨੁ॥)ਦਇਆ ਧਾਰੀ ਤਿਨਿ ਸਿਰਜਨਹਾਰੇ॥ਅਨੁਸਾਰ ਪੂਰਨ ਮਿਹਰਵਾਨ ਸੱਚੇ ਸਤਿਗੁਰਾਂ ਨੇ,ਅਗਮ ਅਪਾਰ ਮਿਹਰ ਦਇਆ ਕਰਕੇ, ਲਖ ਚਉਰਾਸੀਹ ਭ੍ਰਮਤੇ ਭ੍ਰਮਤੇ;ਦੁਲਭ ਜਨਮੁ ਅਬ ਪਾਇਓ॥੧) ਚਉਰਾਸੀਹ ਲੱਖ ਜੋਨਿ ਵਿਚਿ ਉਤਮ ਜਨਮ ਸੁ ਮਾਣਸਿ ਦੇਹੀ॥ (ਵਾਰ ੧) ਕਬੀਰ.ਮਾਨਸ ਜਨਮੁ ਦੁਲੰਭੁ ਹੈ;ਹੋਇ ਨ ਬਾਰੈ ਬਾਰ॥ਜਿਉ ਬਨ ਫਲ ਪਾਕੇ.ਭੁਇ ਗਿਰਹਿ;ਬਹੁਰਿ.ਨ ਲਾਗਹਿ ਡਾਰ॥) ਭਈ ਪਰਾਪਤਿ;ਮਾਨੁਖ ਦੇਹੁਰੀਆ॥ਗੋਬਿੰਦ ਮਿਲਣ ਕੀ;ਇਹ ਤੇਰੀ ਬਰੀਆ॥) ਜਿਹ ਪ੍ਰਸਾਦਿ;ਆਰੋਗ ਕੰਚਨ ਦੇਹੀ ਅਨੁਸਾਰ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ, ਦੁਰਲੱਭ ਉੱਤਮ,ਅਮੋਲਕ ਨਮਰ ਮਨੁੱਖਾ ਦੇਹੀ ਬਖ਼ਸ਼ੀ ਹੈ,ਇਹ ਪਹਿਲੀ ਬਖ਼ਸ਼ਿਸ਼ ਹੈ,ਦੂਜੀ ਬਖ਼ਸ਼ਿਸ਼ ਇਸ ਦੇਹੀ ਦੀ ਪ੍ਰਤਿਪਾਲਣਾ ਲਈ,ਹਵਾ ਪਾਣੀ ਅਗਨੀ,ਛੱਤੀਹ ਪ੍ਰਕਾਰ ਦੇ ਅੰਮ੍ਰਿਤ ਭੋਜਨ,ਸਾਕ ਸਬੰਧੀ ਮਿੱਤਰ ਬਖ਼ਸ਼ੇ ਹਨ।ਯਥਾ:- ਦੀਨੇ ਸਗਲੇ ਭੋਜਨ ਖਾਨ॥(੧੧੮੧) ਤੀਜੀ ਬਖ਼ਸ਼ਿਸ਼:- ਤਰਸੁ ਪਇਆ.ਮਿਹਰਾਮਤਿ ਹੋਈ;ਸਤਿਗੁਰੁ ਸਜਣੁ ਮਿਲਿਆ॥ ਅਨੁਸਾਰ ਮਿਣਤੀ ਰਹਿਤ ਮਿਹਰ ਇਹ ਕੀਤੀ ਹੈ ਜੋ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;ਸਰਬ ਜੀਆ ਕਾ ਦਾਤਾ ਰੇ॥ ਜੀ ਨੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਦਸ ਅਵਤਾਰ ਧਾਰ ਕੇ,ਗੁਰੂ ਮਰਯਾਦਾ ਆਪ ਕਮਾਈ ’ਤੇ ਗੁਰ ਸਿੱਖਾਂ ਤੋਂ ਭੀ ਗੁਰ ਮਰਯਾਦਾ ਦੀ ਕਮਾਈ ਕਰਵਾਈ।ਸਰਬੱਤ ਦੇ ਭਲੇ ਹਿਤ

ਆਪ ਸ਼ਹੀਦੀਆਂ ਦਿਤੀਆਂ,ਸਿੱਖਾਂ ਨੂੰ ਸ਼ਹੀਦੀਆਂ ਦੇਣ ਦਾ ਬਲ ਬਖ਼ਸ਼ ਕੇ,ਸ਼ਹੀਦ ਪਦਵੀਆਂ ਬਖ਼ਸ਼ੀਆਂ।ਆਪਣੀ ਜ਼ਿੰਦ ਜਾਨ ਨਾਲੋਂ ਪਿਆਰੇ ਸਿੱਖਾਂ ਨੂੰ,ਪਰਮਪਵਿੱਤ੍ਰ ਅੰਮ੍ਰਿਤ-ਰੂਪ ਗੁਰਬਾਣੀ ਅਤੇ ਗੁਰੂ ਇਤਹਾਸ,ਗੁਰ-ਮਰਯਾਦਾ ਬਖ਼ਸ਼ ਕੇ ਨਿਹਾਲ ਕੀਤਾ।ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਅਪਾਰ ਕ੍ਰਿਪਾ ਦਾ ਪੂਰਨ ਲਾਹਾ ਲੈ ਕੇ ਨਿਹਾਲ ੩ ਹੋਣਾ ਚਾਹੀਦਾ ਹੈ।ਪਰਮਪਵਿੱਤ੍ਰ ਪਰਮਪੂਜਨੀਕ ਇਸ ਗ੍ਰੰਥ ਦੁਆਰਾ,ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਜੀ ਨਾਲ ਜੁੜ ਕੇ,ਪੂਰਨ ਧਿਆਨ ਧਾਰ ਕੇ,ਸੱਚੇ ਸਤਿਗੁਰਾਂ ਨੂੰ ਸਾਸ ੨ ਚੇਤੇ ਕਰਕੇ,ਸੁਆਸ ੨ ਨਮਸਕਾਰ ਕੇ, ਗੁਰਮੁਖਿ;ਰੋਮਿ ਰੋਮਿ ਹਰਿ ਧਿਆਵੈ॥ ਦੀ ਅਵਸਥਾ ਨੂੰ ਪ੍ਰਾਪਤ ਹੋ ਕੇ,ਨਿਸ਼ਕਾਮ ਧਰਮ ਪ੍ਰਚਾਰ,ਅੰਮ੍ਰਿਤ ਸੰਚਾਰ,ਕਥਾ ਕੀਰਤਨ ਸਿੱਖ ਕਰ ਸੁਣ ਕੇ, ਸੱਚੇ ਸਤਿਗੁਰਾਂ ਅਤੇ ਸਤਿਸੰਗਤ ਗੁਰੂ ਪੰਥ ਜੀ ਦੀ ਸ਼ੁਭ ਸੱਚੀ ਸੇਵਾ ਕਰਕੇ ਨਿਹਾਲ ੩ ਹੋਣਾ ਚਾਹੀਦਾ ਹੈ।

੧ ਊੜਾ.ਵਾਹਿਗੁਰੂ ॥ਕੀ ਨਿਰਗੁਨ,ਸਰਗੁਨ ਨਾਲੋਂ ਨਾਮ ਜੀ ਵੱਡੇ ਹਨ,ਕਿ ਤਿੰਨੇ ਇੱਕ ਸਰੂਪ ਹਨ ? ਸ਼੍ਰੋਮਣੀ ਕਵੀ ਗਿਆਨੀ ਸੰਤੋਖ ਸਿੰਘ ਜੀ,ਸ੍ਵੈਯਾ:-ਨਾਗੁਨ ਤੇ ਇਮ ਜਾਨ ਵੱਡੋ,ਪਰਮਾਤਮ ਦੇਹਿਨ ਸਭਿ ਸੋਊ।ਚੇਤਨ ਕੇ ਅਵਿਲੰਭਤਿ ਹ੍ਵੈ; ਨਰ ਨਾਰਿ ਬਿਰਾਜਿਤ ਜੰਗਮ ਜੋਊ। ਹੋਵਤਿ ਹੀ ਤਿਹ ਕੇ ਘਟ ਮੈ; ਨਰ ਜੀਵ ਦੁਖੀ ਭਵ ਮੈਂ ਸਭ ਕੋਊ। ਨਾਮ ਜਪੈ ਜਬ ਹੀ ਸੁਖ ਸਾਗਰ; ਚੇਤਨ ਚੀਤ ਉਦੋਤਿ ਸੁ ਹੋਊ। ੪੬। ਕਵੀ ਜੀ ਕਹਿੰਦੇ ਹਨ:- ਨਾਮ ਨੂੰ ਨਿਰਗੁਨ ਨਾਲੋਂ ਇਉਂ ਵੱਡਾ ਜਾਣੋ, ਭਾਵੇਂ ਓਹੋ ਹੀ ਇੱਕੋ ਇੱਕ ਸੁਖਦਾਈ ਨਿਰਗੁਨ ਵਿਆਪਕ ਬ੍ਰਹਮ ਜੀ ਸਾਰੀਆਂ ਦੇਹਾਂ ਅੰਦਰ ਆਪ ਵਸ ਰਹੇ ਹਨ। ਜਿਹੜੇ ਨਰ ਨਾਰ (ਜੰਗਮ) ਤੁਰਨ ਵਾਲੇ ਹਨ, ਇਹ ਸਭ ਚੇਤਨ ਦੇ (ਅਵਿਲੰਭਤਿ) ਆਸਰੇ ਹੋ ਕੇ (ਬਿਰਾਜਿਤ) ਟਿਕ ਭਾਵ ਸ਼ਸ਼ੋਭਿਤ ਹੋ ਰਹੇ ਹਨ। ਫਿਰ ਇਨ੍ਹਾਂ ਸਾਰਿਆਂ ਦੇ ਰਿਦਿਆਂ 'ਚ ਤਿਸੁ ਨਿਰਗੁਨ ਦੇ ਹੁੰਦਿਆ ਭੀ ਮਨੁੱਖ ਤੇ ਜੀਵ (ਭਵ ) ਸੰਸਾਰ 'ਚ ਸਭ ਕੋਈ ਦੁਖੀ ਹੈ । ਸੱਚੇ ਨਾਮ ਦੀ ਮਹਾਂ ਵਿਸਮਾਦ ਮਹਿਮਾ ਦੇਖੋਂ,ਜਦੋਂ ਪ੍ਰੇਮੀ, ਸੁਖ ਸਾਗਰ ਵਾਹਿਗੁਰੂ ਜੀ ਦੇ ਨਾਮ ਨੂੰ ਪ੍ਰੇਮ ਨਾਲ ਜਪਦਾ ਹੈ, ਤਦੋਂ ਸਤ ਚੇਤਨ ਅਨੰਦ ਸਰੂਪ ਵਾਹਿਗੁਰੂ ਜੀ ਚਿੱਤ 'ਚੋਂ ( ਸੁ) ਚੰਗੀ ਤਰ੍ਹਾਂ (ਉਦੋਤਿ) ਪ੍ਰਗਟ ਹੋ ਜਾਂਦੇ ਹਨ। ਜਿਸ ਕਰਕੇ ਦੁਖੀ ਜੀਵ,ਸੁਖੀ ਹੋ ਜਾਂਦਾ ਹੈ ।ਸਵੈਯਾ ਸੰਗੁਨ ਤੇ ਵਧਿ ਜਾਨਤਿ ਹੈਂ ਇਵ; ਜੇ ਰਸ ਜਾਪ ਮੈਂ ਲੀਨ ਵਿਸ਼ਾਲਾ।ਪ੍ਰੇਮ ਸੋ ਨਾਮ ਵਸਯੋ ਜਬ ਹੀ; ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ। ਯਾਂਹੀ ਤੇ ਨਾਮ ਅਧੀਨ ਸਰੂਪ; ਲਖਯੋ ਭਗਤਨ ਭਲੀ ਮਤਿ ਸ਼ਾਲਾ। ਧਾਰਿ ਰਿਦੇ,ਤਜਿਬੋ ਨ ਕਰੈਂ;ਨਿਸ ਬਾਸੁਰ ਜੀਹ ਮੈ ਜਯੋਂ ਗਲ ਮਾਲਾ ।੪੭।ਜਿਹੜੇ ਮਹਾਂਪੁਰਸ਼ (ਵਿਸ਼ਾਲਾ )ਵੱਡੇ ਪ੍ਰੇਮ ਰਸ ਸਹਿਤ ਅਜਪਾ ਜਾਪ ਦੇ ਵੱਡੇ ਭਾਰੀ ਪ੍ਰਵਾਹ 'ਚ ਲੀਣ ਹਨ, ਉਹ ਨਾਮ ਨੂੰ ਸਰਗੁਨ ਨਾਲੋਂ ਵੱਡਾ ਇਉਂ ਜਾਣਦੇ ਹਨ:- ਜਦੋਂ ਹੀ ਪ੍ਰੇਮ ਸਹਿਤ ਨਾਮ ਹਿਰਦੇ 'ਚ ਵਸੇ,ਤਦੋਂ ਹੀ ਦਇਆਲੂ ਕ੍ਰਿਪਾਲੂ ਸਰੂਪ ਵਾਹਿਗੁਰੂ (ਗੋਚਰ) ਪਰਗਟ ਪ੍ਰਤੱਖ ਹੋ ਜਾਂਦੇ ਹਨ।ਇਸ ਕਰਕੇ ਚੰਗੀ ਮਤਿ ਦੇ(ਸ਼ਾਲਾ)ਘਰ, ਭਗਤਾਂ ਨੇ ਨਾਮ ਦੇ ਅਧੀਨ ਸਰਗੁਨ ਸਰੂਪ

ਜੀ(ਲਖਯੋ)ਜਾਣੇ ਹਨ। ਇਸ ਕਰਕੇ ਨਾਮ ਨੂੰ ਰਿਦੇ 'ਚ ਧਾਰਨ ਕਰਕੇ ਫੇਰ ਛੱਡਦੇ ਨਹੀਂ, ਦਿਨ ਰਾਤ ਸਿਮਰਨ ਜਾਰੀ ਰੱਖਦੇ ਹਨ,

ਜਿਵੇਂ ਗਲ਼ 'ਚ ਪਾਈ ਮਾਲ਼ਾ ਅੱਠੇ ਪਹਿਰ ਗਲ਼ 'ਚ ਹੀ ਪਈ ਰਹਿੰਦੀ ਹੈ, ਕਵੀ ਜੀ ਨਿਰਗੁਨ ਸਰਗੁਨ ਜੀ ਨਾਲੋਂ,ਨਾਮ ਜੀ ਨੂੰ ਵੱਡੇ ਕਹਿੰਦੇ ਹਨ ਪਰ ਇਹ ਸਹੀ ਨਹੀਂ, ਕਿਉਂਕਿ ਨਾਮ ਭੀ ਤਾਂ ਨਿਰਗੁਨ ਸਰਗੁਨ ਜੀ ਦਾ ਹੀ ਹੈ। ਜੇਕਰ ਹੰਕਾਰੀ ਜੀਵ ਨਾਮ ਨਹੀਂ ਜਪਦਾ ਤਾਂ ਨਿਰਗੁਨ ਸਰਗੁਨ ਜੀ ਦਾ ਕੀ ਕਸੂਰ ਹੈ ? ਭਾਵੇਂ ਇਤਿਹਾਸ ਅੰਦਰ ੧੪. ੧੬. ਕਲਾ ਅਵਤਾਰਾਂ ਦੀਆਂ ਦੇਹਾਂ ਨਾਲੋਂ ਨਾਮ ਨੂੰ ਵੱਡਾ ਕਿਹਾ ਹੈ, ਪਰ ਵਾਹਿਗੁਰੂ ਜੀ ਦੇ ਸਰਗੁਣ ਸਰੂਪ ਅਨੰਤ ਕਲਾਵਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨਾਲੋਂ ਨਾਮ ਨੂੰ ਵੱਡਾ ਨਹੀ ਕਹਿਣਾ ਜੀ। ਨਾਮ ਜਪਣਾ ਜੀਵ ਦੇ ਵੱਸ ਨਹੀਂ, ਆਪਿ ਜਪਾਏ;ਜਪੈ ਸੋ ਨਾਉ॥ਆਪਿ ਗਾਵਾਏ;ਸੁ ਹਰਿ ਗੁਨ ਗਾਉ॥ ਅਨੁਸਾਰ, ਪਰਮਪੂਜਨੀਕ ਸੱਚੇ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਰੂਪ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬਾਨ ਜੀ ਨਦਰਿ ਕਰਕੇ ਆਪ ਜਪਾਉਣ ਤਾਂ ਹੀ ਜੀਵ ਨਾਮ ਜਪ ਸਕਦਾ ਹੈ, ਇਸ ਕਰਕੇ,ਸਭ ਤੇ ਵਡਾ ਸਤਿਗੁਰੁ ਨਾਨਕ ;ਅਨੁਸਾਰ ਸੱਚੇ ਸਤਿਗੁਰੂ ਸਾਹਿਬ ਜੀ ਸੱਭ ਤੋਂ ਵੱਡੇ ਹਨ ਜੀ । ਸਤਿਗੁਰੂ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨ ਦੇਇ ਤ੍ਰਿਪਤਾਸੇ ; ਸਚੈ ਨਾਮਿ ਸਮਾਹੀ ॥ਅਨੁਸਾਰ, ਸੱਚੇ ਸਤਿਗੁਰੂ ਸਾਹਿਬ ਜੀ ਨਾਮ ਦੇ ਦਾਤੇ ਹਨ ਜੀ, ਜੀਵ ਨੂੰ ਨਾਮ ਜਪਾ ਕੇ ਨਿਰਗੁਨ ਸਰਗੁਨ ਦੀ ਏਕਤਾ ਕਰਵਾ ਕੇ, ਬ੍ਰਹਮ ਸਰੂਪ ਬਣਾ ਦਿੰਦੇ ਹਨ ।ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ,ਅਪਣੇ ਨਿਰਗੁਨ ਬ੍ਰਹਮ ਜੀ ਦੁਆਰਾ,ਕੋਟਿ ਬ੍ਰਹਮੰਡ ਦੇ ਰਚਨਹਾਰ ਆਸਰਾ ਤੇ ਪ੍ਰਕਾਸ਼ਕ ਭੀ ਆਪ ਹੀ ਹਨ ਜੀ ।ਅਪਣੇ ਨਿਰਗੁਨ ਬ੍ਰਹਮ ਜੀ ਦੁਆਰਾ ਕੋਟਿ ਬ੍ਰਹਮੰਡ ਦੀ ਰਚਨਾ ਬਾਰ ੨ ਰਚਦਿਆਂ,ਲੈ ਕਰਦਿਆਂ ਨਿਰਲੇਪ ਭੀ ਰਹਿੰਦੇ ਹਨ। ਯਥਾ:- ਓਪਤਿ ਪਰਲਉ;ਖਿਨ ਮਹਿ ਕਰਤਾ॥ਆਪਿ ਅਲੇਪਾ;ਨਿਰਗੁਨੁ ਰਹਤਾ॥) (੩੮੭) ਸਰਗੁਨ ਨਿਰਗੁਨ ਨਿਰੰਕਾਰ;ਸੁੰਨ ਸਮਾਧੀ ਆਪਿ॥)ਗੁਰੁ ਪਰਮੇਸਰੁ ਏਕੋ ਜਾਣੁ ॥ (੮੬੪) ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ, ਨਿਰਗੁਣ ਸਰਗੁਣ ਆਪੇ ਸੋਈ ॥ (੧੨੮) ਅਨੁਸਾਰ,ਆਪੇ ਨਿਰਗੁਨ,ਆਪੇ ਸਰਗੁਨ, ਆਪੇ ਨਾਮ ਸਰੂਪ ਹਨ ਜੀ ।ਸਰਬੀ ਰੰਗੀ ਰੂਪੀ ਤੂ ਹੈ (੩੫੫) ਆਪੇ ਆਪਿ;ਆਪਿ ਪ੍ਰਭੁ ਸੋਇ॥(ਪ੍ਰਭੁ)ਨਿਰਗੁਨ ਵਾਹਿਗੁਰੂਜੀ,ਆਪਣੇ ਅਨੰਤ ਬ੍ਰਹਮੰਡ ਦੇ ਪਸਾਰੇ ਸਰਗੁਨ ਸਰੂਪ'ਚ ਵਸ ਕੇ,ਸਰਗੁਨ ਸਮੇਤ,ਹਰ ਸਮੇਂ ਆਪਿ ਹੀ ਆਪਣੀ ਅਜਪਾ ਜਾਪ(ਸੋਇ)ਸੋਭਾ ਕਰ ਰਹੇ ਹਨ।ਭਾਵ ਅਨਤਕਲਾਵਾਨ ਪੂਰਨ ਮੇਹਰਵਾਨ ਅਜਪਾ ਜਾਪ ਨਿਰਗੁਨ ਸਰਗੁਨ ਵਾਹਿਗੁਰੂਜੀ,ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤਕਲਾਵਾਨ ਅਜਪਾ ਜਾਪ ਸਰੂਪ ਹਨ,ਨਿਰਗੁਨੁ ਆਪਿ;ਸਰਗੁਨੁ ਭੀ ਓਹੀ॥ਕਲਾ ਧਾਰਿ ਜਿਨਿ ਸਗਲੀ ਮੋਹੀ॥ਦੋਵੇਂ ਇਕੱਠੇ ਹਰ ਸਮੇਂ ਅਜਪਾ ਜਾਪ ਕਰ ਰਹੇ ਹਨ।ਯਥਾ:- ਜਲ ਥਲ ਮਾਹੇ;ਆਪਹਿ ਆਪ॥ਆਪੈ ਜਪਹੁ;ਆਪਨਾ ਜਾਪੁ॥) ਸਰਗੁਨ ਨਿਰਗੁਨ ਨਿਰੰਕਾਰ;ਸੁੰਨ ਸਮਾਧੀ

ਆਪਿ॥ਆਪਨ ਕੀਆ ਨਾਨਕਾ;ਆਪੇ ਹੀ ਫਿਰਿ ਜਾਪਿ॥੧॥) ਸਭੈ ਘਟ ਰਾਮੁ ਬੋਲੈ;ਰਾਮਾ ਬੋਲੈ॥ਰਾਮ ਬਿਨਾ;ਕੋ ਬੋਲੈ ਰੇ॥)ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ;ਸੁਨਿ ਘਨਿਹਰ ਕੀ ਘੋਰ॥੨॥ਜੋ ਬੋਲਤ ਹੈ.ਮ੍ਰਿਗ ਮੀਨ ਪੰਖੇਰੂ;ਸੁ ਬਿਨੁ ਹਰਿ.ਜਾਪਤ ਹੈ ਨਹੀ ਹੋਰ॥) ਸੋ ਨਿਰਗੁਨ,ਸਰਗੁਨ,ਨਾਮ ਇੱਕ ਦੂਜੇ ਤੋਂ ਵੱਖਰੇ ਜਾਂ ਵੱਡੇ ਛੋਟੇ ਨਹੀਂ,ਤਿੰਨੇ ਇੱਕੋ ਸਰੂਪ ਹਨ,ਨਮਸਕਾਰ ਜੀ ।

੧ ਐੜਾ. ਗੁਰਦੇਵ ਮਾਤਾ ਗੁਰਦੇਵ ਪਿਤਾ;ਗੁਰਦੇਵ ਸੁਆਮੀ ਪਰਮੇਸੁਰਾ॥ਅਨੁਸਾਰ ਮਾਤਾ ਪਿਤਾ ਜੀ ਨੂੰ ਗੁਰਦੇਵ ਨਹੀਂ ਕਹਿਣਾ?ਸ਼ਹੀਦਾਂ ਦੇ ਸਿਰਤਾਜ ਗੁਰਦੇਵ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ,ਸਤਿਗੁਰੂ ਸਾਹਿਬ ਜੀ ਨੂੰ ਹੀ ਗੁਰਦੇਵ ਮਾਤਾ ਪਿਤਾ ਜੀ ਕਿਹਾ ਹੈ।ਪਰਮਪੂਜਨੀਕ ਸੰਸਾਰੀ ਮਾਤਾ ਪਿਤਾ ਦਾ ਤ੍ਰਿਸਕਾਰ ਭੁੱਲ ਕੇ ਭੀ ਨਹੀਂ ਕਰਨਾ,ਲੱਖਾਂ ਮਣਾਂ ਸਤਿਕਾਰ ਕਰਨਾ ਚਾਹੀਦਾ ਹੈ।ਪਰਮਪੂਜਨੀਕ ਗੁਰਦੇਵ ਸਤਿਗੁਰੂ ਪੰਜਵੇਂ ਪਾਤਿਸਾਹ ਜੀ,ਸਾਡੇ ਲਈ ਉੱਬਲਦੀ ਦੇਗ 'ਚ ਬੈਠੇ ਹਨ।ਆਪਣੇ ਪਾਕ ਸਰਬ ਕਲਾ ਭਰਪੂਰ ਪ੍ਰਭ;ਨਿਰਗੁਨ ਸਰੂਪ ਦੁਆਰਾ ਅਸੰਖ ਬ੍ਰਹਮੰਡਾਂ ਨੂੰ ਰਚਨ ਵਾਲੇ ਅਕਾਲ ਪੁਰਖੁ ਸਰੂਪ ਪੰਜਵੇਂ ਪਾਤਿਸਾਹ ਜੀ ਹੀ,ਸੱਚੇ ਗੁਰਦੇਵ ਮਾਤਾ ਗੁਰਦੇਵ ਪਿਤਾ;ਗੁਰਦੇਵ ਸੁਆਮੀ ਪਰਮੇਸੁਰਾ॥ਸਰੂਪ ਹਨ।

੨.ਕੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ, ਪੂਰਨ ਸਾਧੂ ਸੰਤਰੇਣ ਜੀ ਨੂੰ ਗੁਰੂ ਧਾਰਿਆ? ਕਹੁ ਨਾਨਕ.ਸੰਤ ਰੇਨ ਮਾਗਉ;ਮੇਰੋ ਮਨੁ ਪਾਵੈ ਬਿਸ੍ਰਾਮ॥ਇਹ ਬਾਣੀ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਦੀ ਹੈ।ਇਸ ਨੂੰ ਪੜ੍ਹ ਕੇ,ਅਣਹੋਈ ਨਿੰਦਾ ਕਰਦੇ ਹਨ,ਕਿ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ,ਸੰਤਰੇਣ ਸਾਧੂ ਜੀ ਨੂੰ ਗੁਰੂ ਧਾਰਿਆ।ਪਹਿਲੇ ਪਾਤਿਸਾਹ ਜੀ ਅਕਾਲ ਪੁਰਖੁ ਜੀ ਦੇ ਅਵਤਾਰ ਹਨ।ਪ੍ਰਗਟੁ ਸਗਲ ਹਰਿ ਭਵਨ ਮਹਿ;ਜਨੁ ਨਾਨਕੁ ਗੁਰ ਪਾਰਬ੍ਰਹਮ॥ਸਤਿਗੁਰੂ ਨਾਨਕ ਦੇਵ ਸਾਹਿਬ ਜੀ ਖੰਡਾਂ ਬ੍ਰਹਮੰਡਾਂ ਨੂੰ ਰਚ ਕੇ,ਆਪਣੇ ਅਜਪਾ ਜਾਪ ਨਿਰਗੁਨ ਪ੍ਰਕਾਸ਼ ਸਰੂਪ 'ਚ,ਇਨ੍ਹਾਂ 'ਚ ਸਦਾ ਪ੍ਰਗਟ ਹਨ। ਸੋ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ,ਪੂਰਨ ਸਾਧੂ ਸੰਤਰੇਣ ਜੀ ਨੂੰ ਗੁਰੂ ਨਹੀਂ ਧਾਰਿਆ ਜੀ।

੩.ਕਹੁ ਕਬੀਰ;ਅਖਰ ਦੁਇ ਭਾਖਿ॥ਹੋਇਗਾ ਖਸਮੁ;ਤ ਲੇਇਗਾ ਰਾਖਿ॥ਦਾ ਸਹੀ ਅਰਥ।ਜੇ ਖਸਮ ਹੋਵੇਗਾ ਤਾਂ ਰੱਖ ਲਵੇਗਾ ਅਰਥ ਗ਼ਲਤ ਹੈ,ਕਿਉਂਕਿ ਵਾਹਿਗੁਰੂ ਜੀ ਦੀ ਹੋਂਦ 'ਤੇ ਸ਼ੰਕਾ ਹੋ ਗਿਆ।ਰੱਬ ਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਆਪਣੇ ਮਨ ਨੂੰ(ਕਹੁ)ਕਹਿੰਦੇ ਹਨ:-ਹੇ ਮਨ!ਰਾ ਤੇ ਮ ਦੁਇ ਅਖਰ ਰਾਮ ੨ (ਭਾਖਿ)ਉਚਾਰਨਾ ਕਰ,ਜੇ ਤੇਰੇ ਅੰਦਰ(ਖਸਮੁ)ਮਾਲਕ ਦਾ(ਭਾਖਿ)ਉਚਾਰਨ,ਅਜਪਾ ਜਾਪ(ਹੋਇਗਾ)ਹੋਵੇਗਾ,ਤ ਜਮਾਂ ਜੂਨਾਂ ਵਿਕਾਰਾਂ ਔਗੁਣਾਂ ਤੋਂ ਰਾਖਿ(ਲੇਇਗਾ) ਲੈਣਗੇ।

੪. ਜਿਸ ਪਦਾਰਥ ਦਾ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਭੋਗ ਲੁਆਇਆ ਹੈ,ਉਸ ਨੂੰ ਬਿਬੇਕੀ ਕਿਉਂ ਨਹੀਂ ਖਾਂਦੇ? ਪਦਾਰਥ ਤਿਆਰ ਕਰਨ ਲੱਗਿਆਂ, ਜੇ ਪੂਰਨ ਮਰਿਯਾਦਾ ਸੁੱਚਮ, ਸਰਬ ਲੋਹ ਦਾ ਪੂਰਨ ਪਹਿਰਾ ਨ ਹੋਵੇ, ਤਾਂ ਆਪਾਂ ਕਿਸੇ ਗੁਰਮਖਿ ਬਿਬੇਕੀ ਜੀ ਨੂੰ ਨ ਕਹੀਏ,ਆਪਣੀ ਸੋਧ ਕਰੀਏ ਜੀ

ਪਿਆਰੇ।

੫. ਜਿਸ ਸ਼ਰਾਬ ਮਾਸ ਵਾਲੇ ਘਰ 'ਚ,ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਲੈ ਗਏ, ਤੁਸੀਂ ਕਿਉਂ ਨਹੀਂ ਜਾਂਦੇ? ਜੇ ਕਿਸੇ ਗੁਰਮੁਖਿ ਦਾ ਨਿਯਮ ਹੈ, ਕਿ ਸ਼ਰਾਬ ਮਾਸ ਵਾਲੇ ਸਮਾਗਮ 'ਤੇ ਨਹੀਂ ਜਾਣਾ, ਤਾਂ ਠੀਕ ਹੈ। ਮਹਾਂਪੁਰਖਾਂ ਦਾ ਨ ਜਾਣਾ, ਸ਼ਰਾਬ ਮਾਸ ਦਾ ਸਮਾਗਮ ਬਨਾਉਣ ਵਾਲਿਆਂ ਦਾ ਭਾਰੀ ਨੁਕਸਾਨ ਹਾਰ ਹੈ। ਜੇ ਤੁਸੀਂ ਸ਼ਰਧਾ ਕਰੋਂ, ਤਾਂ ਸੱਚੇ ਪਾਤਿਸਾਹ ਜੀ ਨੂੰ ਸ਼ਰਾਬ ਮਾਸ ਵਾਲੇ ਸਮਾਗਮ 'ਤੇ ਕਿਉਂ ਲਿਜਾਵੋਂ? ਜਦੋਂ ਸਤਿਗੁਰੂ ਸਾਹਿਬ ਜੀ 'ਤੇ ਸ਼ਰਧਾ ਹੀ ਨਹੀਂ, ਨਸ਼ੇ ਕਿਵੇਂ ਤਿਆਗੋਂਗੇ? ਨਰਕਾਂ ਤੋਂ ਕਿਵੇਂ ਬਚੋਂਗੇ? ਇਨ੍ਹਾਂ ਨੂੰ ਤਿਆਗੀਏ। ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਰਾਬ ਮਾਸ ਵਾਲੇ ਸਮਾਗਮ 'ਤੇ ਨਾ ਲਿਜਾਉ। ਸਤਿਗੁਰੂ ਸਾਹਿਬ ਜੀ 'ਤੇ ਸ਼ਰਧਾ ਕਰਕੇ, ਸ਼ਰਾਬ ਮਾਸ ਤਿਆਗ ਕੇ, ਸਤਿਗੁਰੂ ਸਾਹਿਬ ਜੀ ਦੀ ਖ਼ੁਸ਼ੀ ਪ੍ਰਾਪਤ ਕਰਨੀ ਚਾਹੀਦੀ ਹੈ।

੬. ਰੱਤਾ ਸਿੰਘ ਅਰਥ ਨਹੀਂ? ਮਃ ੩॥ ਨਾਮਿ ਰਤਾ ਸਤਿਗੁਰੂ ਹੈ;ਕਲਿਜੁਗ ਬੋਹਿਥੁ ਹੋਇ॥ ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ॥ ਨਾਮੁ ਸਮ੍ਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ॥ ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ॥੨॥)ਅਨਤ ਕਲਾ ਹੋਇ;ਠਾਕੁਰੁ ਚੜਿਆ॥ਸਤਿਗੁਰੂ ਤੀਜੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਅਨਤਕਲਾਵਾਨ ਵਾਹਿਗੁਰੂ ਜੀ ਦੇ ਪੂਰਨ ਗੁਰ ਅਵਤਾਰ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਸੱਚੇ ਨਾਮਿ 'ਚ(ਰਤਾ)ਰੰਗੇ ਪੂਰਨ ਸਤਿਗੁਰੂ ਸਾਹਿਬ ਜੀ (ਹੈ) ਹਨ। ਕਲਿਜੁਗ ਦੇ ਉਧਾਰ ਲਈ(ਬੋਹਿਥੁ)ਜਹਾਜ਼ ਰੂਪ ਹੋਇ ਰਹੇ ਹਨ,ਹੋਣਗੇ। ਸੱਚੇ ਪਾਤਿਸਾਹ ਜੀ ਤੋਂ ਬਿਨਾ ਹੋਰ ਕਿਸੇ ਵਿਅਕਤੀ ਨੂੰ ਸਤਿਗੁਰੂ ਨਹੀਂ ਕਹਿਣਾ। ਦੁਨੀਆਂ 'ਤੇ ਹੋਰ ਭੀ ਰਤਾ ਨਾਮ ਦੇ ਅਨੇਕਾਂ ਹੀ ਬੰਦੇ ਹਨ।

੭. ਰਾਮ ਸਿੰਘ ਅਰਥ ਨਹੀਂ ਕਰਨਾ? ਰੇ ਮਨ;ਰਾਮ ਸਿਉ ਕਰਿ ਪ੍ਰੀਤਿ॥ਪਰਮਪੂਜਨੀਕ ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਰੇ ਮਨ!ਅਜਪਾ ਜਾਪ ਵਿਆਪਕ ਰਾਮ ਵਾਹਿਗੁਰੂ ਜੀ (ਸਿਉ) ਸਾਥ,ਰੋਮ ੨ ਕਰਕੇ ਸੱਚੀ ਪ੍ਰੀਤਿ ਕਰਿ। ਸੋ ਦੁਨੀਆਂ 'ਤੇ ਬੇਅੰਤ ਹੀ ਰਾਮ ਸਿੰਘ ਹਨ।

੮. ਸੰਤਾਂ ਨੂੰ ਸਤਿਗੁਰੂ ਸਾਹਿਬਾਨ ਜੀ ਦਾ ਰੂਪ ਜਾਂ ਸਤਿਗੁਰੂ ਸਾਹਿਬਾਨ ਜੀ ਤੋਂ ਵੱਡੇ ਨਹੀਂ ਕਹਿਣਾ?ਸੱਚੇ ਪਾਤਿਸਾਹ ਜੀ ਦੇ ਕੂਕਰ ਬਨਣਾ ਹੈ ਜੀ।ਸਾਖੀ:-ਸਠਿਆਲੇ ਪਿੰਡ (ਸ੍ਰੀ ਅੰਮ੍ਰਿਤਸਰ ਸਾਹਿਬ ਜੀ)ਵਿਖੇ ਪਰਮਪੂਜਨੀਕ ਧੰਨ ਸੰਤ ਬਾਬਾ ਗੁਰਬਚਨ ਸਿੰਘ ਖ਼ਾਲਸਾ ਜੀ ਨੇ ਆਦਿ ਬਾਣੀ ਦੀ ਮਹਾਂ ਪਵਿੱਤ੍ਰ ਵਿਸਮਾਦ ਕਥਾ ਕੀਤੀ। ਕਿਸੇ ਸ਼ਰਧਾਲੂ ਨੇ ਕਥਾ ਮਗਰੋਂ ਕਿਹਾ,"ਦਾਸਨਦਾਸ ਨੂੰ ਆਪ ਜੀ ਸਤਿਗੁਰੂ ਛੇਵੇਂ ਪਾਤਿਸਾਹ ਜੀ ਦਾ ਸਰੂਪ ਦਿਸਦੇ ਹੋਂ ਜੀ।" ਇਹ ਸੁਣ ਕੇ ਮਹਾਂਪੁਰਸ਼ ਕੰਬੇ ਅਤੇ ਬੜਾ

ਭਾਰੀ ਦੁੱਖ ਮੰਨਿਆਂ, ਰੋ ਪਏ, ਉਸ ਨੂੰ ਤਾੜ ਕੇ ਵਰਜਿਆ। ਮਹਾਂਪੁਰਸ਼ਾਂ ਜੀ ਨੇ ਆਪ ਪੰਜਾਂ ਪਿਆਰਿਆਂ ਦੇ ਸਾਹਮਣੇ ਖੜ੍ਹੇ ਹੋ ਕੇ, ਹੱਥ ਜੋੜ ਸਿਰ ਝੁਕਾ ਕੇ ਕਿਹਾ, "ਹੇ ਪਿਆਰੇ ਖ਼ਾਲਸਾ ਜੀ! ਦਾਸਨ ਦਾਸ ਨੂੰ ਇਸ ਸਿੰਘ ਨੇ ਗ਼ਲਤ ਅੱਖਰ ਕਹੇ ਹਨ, ਜਿਸ ਕਰਕੇ ਦਾਸਨ ਦਾਸ ਨੂੰ ਬੜਾ ਭਾਰੀ ਪਾਪ ਲੱਗਾ ਹੈ,ਕ੍ਰਿਪਾ ਕਰਕੇ ਦਾਸ ਨੂੰ ਬਖ਼ਸ਼ ਲਵੋ,

ਤਨਖ਼ਾਹ ਲਾ ਕੇ ਅਰਦਾਸ ਕਰਕੇ ਸਤਿਗੁਰੂ ਸਾਹਿਬਾਨ ਜੀ ਤੋਂ ਬਖ਼ਸ਼ਾ ਲਵੋ ਜੀ।"ਜੋ ਤਨਖ਼ਾਹ ਲਾਈ,ਸੋ ਪੂਰਨ ਅਦਬ ਸਤਿਕਾਰ ਰੋਮ ੨ ਦੇ ਪਿਆਰ ਨਾਲ ਸਿਰ ਝੁਕਾ ਕੇ ਪ੍ਰਵਾਨ ਕੀਤੀ। ਐਸੇ ਮਹਾਂਪੁਰਸ਼ਾਂ ਜੀ ਨੂੰ,ਬ੍ਰਹਮਗਿਆਨੀ ਸਗਲ ਕੀ ਰੀਨਾ॥ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਕਹੀਦਾ ਹੈ। ਸੋ ਸੱਚੇ ਪਾਤਿਸਾਹ ਜੀ ਦੇ ਸੱਚੇ ਚਰਨ-ਕਮਲਾਂ ਦੇ ਕੀੜੇ ਕ੍ਰਿਮ ਕੂਕਰ ਦਾਸਨ ਦਾਸ ਬਨਣਾ ਹੈ ਜੀ।

੯. ਸੁਣਤੇ ਪੁਨੀਤ ਕਹਤੇ ਪਵਿਤੁ; ਸਤਿਗੁਰੁ ਰਹਿਆ ਭਰਪੂਰੇ॥ਪੜ੍ਹ ਕੇ, ਕਹਿਣ ਵਾਲਿਆਂ ਨਾਲੋਂ ਸੁਣਨ ਵਾਲਿਆਂ ਨੂੰ ਜ਼ਿਆਦਾ ਫ਼ਲ ਕਹਿਣਾ ਗ਼ਲਤ ਹੈ?ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥ਧੰਨ ਵਾਹਿਗੁਰੂ ਨਾਨਕੁ ਸਤਿਗੁਰੂ ਅਮਰਦਾਸ ਸਾਹਿਬ ਜੀ (ਬਿਨਵੰਤਿ) ਬੇਨਤੀ ਪੂਰਵਕ ਫ਼ੁਰਮਾਉਂਦੇ ਹਨ:- (ਗੁਰ) ਵਾਹਿਗੁਰੂ ਸਤਿਗੁਰੂ ਅੰਗਦ ਦੇਵ ਸਾਹਿਬ ਜੀ ਦੇ ਪਰਮਪਵਿੱਤ੍ਰ ਚਰਣ-ਕਮਲਾਂ ਨਾਲ (ਲਾਗੇ) ਲੱਗਣੇ ਕਰਕੇ, ਦਾਸਨ ਦਾਸ ਦੇ ਰਿਦੇ ਰੋਮ ੨ ਬ੍ਰਹਮੰਡਾਂ 'ਚ (ਅਨਹਦ) ਹੱਦ ਤੋਂ ਰਹਿਤ,ਇੱਕ ਰਸ (ਤੂਰੇ) ਛੇਤੀ ਹੀ ਵਿਸਮਾਦ ਅਜਪਾ ਜਾਪ ਦੇ ਪੁਨੀਤ ਵਾਜੇ ਵੱਜੇ। ਮਹਾਂ ਅਚਰਜ ਵਿਸਮਾਦ ਅਜਪਾ ਜਾਪ ਦੇ ਪੁਨੀਤ ਵਾਜੇ (ਸੁਣਤੇ) ਸੁਨਣੇ ਕਰਕੇ, ਮਨ ਬਾਣੀ ਸ੍ਰੀਰ ਕਰਕੇ ਦਾਸ (ਪੁਨੀਤ) ਪਵਿੱਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ ਹੋ ਗਿਆ। ਜ਼ਬਾਨ ਕਰਕੇ ਗੁਰੂ ਜਸ ਗੁਰਬਾਣੀ (ਕਹਤੇ) ਕਹਿੰਦੇ ੨ ਰੋਮ ੨ ਕਰਕੇ (ਪਵਿਤੁ) ਪਵਿੱਤ੍ਰ ਹੋ ਗਿਆ। ਸੱਚ ਸਰੂਪ ਸੱਚੇ ਸਤਿਗੁਰੁ ਸਹਿਜੇ ਹੀ ਲੱਬਾ ਲੱਬ (ਭਰਪੂਰੇ) ਭਰਪੂਰ ਵਿਆਪਕ ਸਾਖਿਆਤ ਹੋ (ਰਹਿਆ) ਰਹੇ ਹਨ। ਯਥਾ:- ਪੂਰਨ ਪੂਰਿ ਰਹੇ ਕਿਰਪਾ ਨਿਧਿ, ਆਨ ਨ ਪੇਖਉ ਹੋਰੀ॥) ਸ੍ਰੋਤੇ ਨਾਲੋਂ ਬਕਤੇ ਦਾ ਗੁਣ ਵੱਧ ਹੈ, ਜੋ ਨਿਮ੍ਰਤਾ ਧਾਰ ਕੇ ਸੁਣਾਉਂਦਾ ਹੈ। ਸ੍ਰੋਤੇ ਬਕਤੇ ਦਾ ਟਾਕਰਾ ਨਹੀਂ ਕਰਨਾ। ਗੁਰਸਿਖਾਂ ਕੀ ਹਰਿ ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥ਅਨੁਸਾਰ ਬਕਤੇ ਦੀ ਚਰਨ-ਧੂੜ ਬਨਣਾ ਹੈ। ਬਕਤੇ ਨਾਲੋਂ ਵੱਡਾ ਨਹੀਂ ਬਨਣਾ। ਸ੍ਰੋਤੇ ਬਕਤੇ ਨੇ ਮਿਲ ਕੇ ਸੱਚੇ ਪਾਤਿਸਾਹ ਜੀ ਦੇ ਚਰਨ ਕਮਲਾਂ ਨਾਲ ਲੱਗ ਕੇ ਨਿਹਾਲ ਹੋਣਾ ਹੈ।

੧੦. ਨਾਲਿ ਇਆਣੇ ਦੋਸਤੀ;ਕਦੇ ਨ ਆਵੈ ਰਾਸਿ॥ਇਆਣੇ ਬੱਚੇ, ਵਾ ਇਆਣੇ ਮਨ ਨਾਲ ਦੋਸਤੀ ਕਦੇ ਭੀ ਰਾਸ ਨਹੀਂ ਆਉਂਦੀ। ਇਹ ਤੁਕ ਪੜ੍ਹ ਕੇ ਇਆਣੇ ਬੱਚੇ 'ਚ ਨੁਕਸ ਕੱਢ ਕੇ,ਨਫ਼ਰਤ ਨਹੀਂ ਕਰਨੀ, ਬੱਚੇ ਨੂੰ ਬ੍ਰਹਮਵਿੱਦਿਆ ਪੜ੍ਹਾ ਕੇ,ਕਸਰਤ ਕਰ ਕਰਵਾ ਕੇ ਸਵਾਰਨਾ ਬਹੁਤ ਵੱਡਾ ਗੁਣ ਹੈ ਜੀ।

੧੧.ਵਾਹਿਗੁਰੂ ਸਰੂਪ ਸੱਚੇ ਸਤਿਗੁਰੂ ਸਾਹਿਬਾਨ ਜੀ ਨੂੰ ਇੱਕ ਵਿਸਵਾ ਕਦੇ ਭੁੱਲ ਕੇ ਭੀ ਨ ਕਹੋ? ਜਿਨ੍ਹਾਂ ਨਿਰਗੁਨ ਬ੍ਰਹਮ ਜੀ ਨੇ,ਕੀਤਾ ਪਸਾਉ;ਏਕੋ ਕਵਾਉ॥ਅਨੁਸਾਰ ਏਕੋ(ਕਵਾਉ)ਵਾਕ ਨਾਲ ਅਸੰਖ

ਬ੍ਰਹਮੰਡਾਂ ਦਾ(ਪਸਾਉ)ਪਸਾਰਾ(ਕੀਤਾ)ਰਚਿਆ ਹੈ,ਤਿਨ੍ਹਾਂ ਨੇ ਆਪ ਹੀ ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਅਵਤਾਰ ਧਾਰਿਆ ਹੈ।ਆਪ ਜੀ ਨੇ ਬਗ਼ਦਾਦ 'ਚ,ਪੀਰ ਦੇ ਬੇਟੇ ਨੂੰ ਨਾਲ ਲੈ ਕੇ,ਲੱਖ ਅਕਾਸ਼ ਪਤਾਲ ਅੱਖ ਫੁਰਕ 'ਚ ਦਿਖਾਏ, ਜਿਸ ੨ ਬ੍ਰਹਮੰਡ 'ਚ ਗਏ,ਜਹ ਸਤਿਗੁਰੁ;ਤਹ ਸਤਸੰਗਤਿ ਬਣਾਈ॥

ਅਨੁਸਾਰ ਉੱਥੇ ੨ ਸਤਸੰਗਤਾਂ ਕਥਾ ਕੀਰਤਨ ਭਜਨ ਕਰਦੀਆਂ ਦਿਖਾਈਆਂ,ਉਨ੍ਹਾਂ ਥਾਵਾਂ ਤੋਂ ਪ੍ਰਸ਼ਾਦਿ ਭੀ ਦੁਆਇਆ।ਯਥਾ:-ਨਾਲਿ ਲੀਤਾ ਬੇਟਾ ਪੀਰ ਦਾ;ਅਖੀ ਮੀਟਿ ਗਇਆ ਹਾਵਾਈ।ਲਖ ਆਕਾਸ ਪਤਾਲ ਲਖ;ਅਖਿ ਫੁਰੰਕ ਵਿਚਿ ਸਭਿ ਦਿਖਲਾਈ।ਭਰਿ ਕਚਕੌਲ ਪ੍ਰਸਾਦਿ ਦਾ;ਧੁਰੋ ਪਤਾਲੋ ਲਈ ਕੜਾਹੀ।ਜਾਹਰ ਕਲਾ;ਨ ਛਪੈ ਛਪਾਈ॥੩੬॥(ਵਾਰ ੧)ਪਰਮਪੂਜਨੀਕ ਸਤਿਗੁਰੂ ਸਾਹਿਬਾਨ ਅਤੇ ਬੇਅੰਤ ਸਿੱਖ ਸਿੱਖਣੀਆਂ ਜੀ ਨੇ ਆਪਣੇ ਸੀਸ,ਸਤਿਗੁਰੂ ਪਹਿਲੇ ਪਾਤਿਸਾਹ ਜੀ ਨੂੰ ਅਰਪ ਕੇ,ਸਭ ਤੇ ਵਡਾ ਸਤਿਗੁਰੁ ਨਾਨਕੁ;ਸਿੱਧ ਕਰ ਦਿਤਾ ਹੈ,ਜਿਸ ਕਰਕੇ ਸਾਰੇ ਜੁੱਗ ਅੰਦਰ ਧੰਨ ਗੁਰੂ ਨਾਨਕ ਸਾਹਿਬ ਜੀ ਦੀ ਵਡਿਆਈ ਪ੍ਰਗਟ ਹੋ ਰਹੀ ਹੈ। ਯਥਾ:-ਪ੍ਰਗਟ ਭਈ ਸਗਲੇ ਜੁਗ ਅੰਤਰਿ;ਗੁਰ ਨਾਨਕ ਕੀ ਵਡਿਆਈ॥)ਬਲਿਓ ਚਰਾਗੁ,ਅੰਧ੍ਯਾਰ ਮਹਿ;ਸਭ ਕਲ ਉਧਰੀ,ਇਕ ਨਾਮ ਧਰਮ॥ਪ੍ਰਗਟੁ.ਸਗਲ ਹਰਿ ਭਵਨ ਮਹਿ;ਜਨੁ ਨਾਨਕੁ. ਗੁਰ ਪਾਰਬ੍ਰਹਮ॥)ਨਾਨਕ ਸੋਧੇ ਸਿੰਮ੍ਰਿਤਿ ਬੇਦ॥ਪਾਰਬ੍ਰਹਮ ਗੁਰ ਨਾਹੀ ਭੇਦ॥ਵਾਹਿਗੁਰੂ ਪਹਿਲੇ ਪਾਤਿਸਾਹ ਜੀ ਹੁਣ ਇੱਕ ਖਿਨ 'ਚ ਕ੍ਰੋੜਾਂ ਬ੍ਰਹਮੰਡਾਂ ਨੂੰ ਰਚ ਅਤੇ ਲੈ ਕਰ ਰਹੇ ਹਨ।ਆਦਿ ਸਚੁ;ਜੁਗਾਦਿ ਸਚੁ॥ਹੈ ਭੀ ਸਚੁ;ਨਾਨਕ ਹੋਸੀ ਭੀ ਸਚੁ॥ਸਦਾ ਸੱਚ ਸਰੂਪ ਹੋਣੇ ਕਰਕੇ,ਐਡੀ ਵੱਡੀ ਰਚਨਾ ਰਚਦਿਆਂ ਤੇ ਲੈ ਕਰਦਿਆਂ ਇਸ ਤੋਂ ਨਿਰਲੇਪ ਭੀ ਹਨ।ਯਥਾ:-ਓਪਤਿ ਪਰਲਉ;ਖਿਨ ਮਹਿ ਕਰਤਾ॥ਆਪਿ ਅਲੇਪਾ;ਨਿਰਗੁਨੁ ਰਹਤਾ॥ਦਰਸ਼ਨ ਬਖ਼ਸ਼ ਕੇ,ਅੱਗ ਨਿਵਿਰਤ ਕਰਨ ਵਾਲੇ, ਆਪਣੇ ਸਿੱਖ ਦੀ ਹਉਮੈ ਮਾਰਨ ਵਾਲੇ,ਸੱਚੇ ਨਾਮ ਦੇ ਦਾਤੇ,ਸਾਡੇ ਲਈ ਆਪ ਕੁਰਬਾਨ ਹੋਣ ਵਾਲੇ ਪੂਰਨ ਧਰਮੀ ਸਰਵੰਸ ਦਾਨੀ, ਬ੍ਰਹਮਗਿਆਨ ਬਖ਼ਸ਼ਣ ਵਾਲੇ,ਐਸਾ ਦਾਤਾ;ਸਤਿਗੁਰੁ ਕਹੀਐ॥ਅਨੁਸਾਰ ਸਮ੍ਰੱਥ ਅਨਤ ਕਲਾਵਾਨ ਸੱਚੇ ਪਾਤਿਸਾਹ ਜੀ ਨੂੰ,ਇੱਕ ਵਿਸਵਾ ਕਹਿਣਾ ਮਹਾਂ ਪਾਪ ਹੈ।ਮਿਲਿ ਸਤਸੰਗਤਿ ਖੋਜੁ ਦਸਾਈ;ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥ਅਨੁਸਾਰ ਸੱਚੇ ਸਤਿਗੁਰੂ ਸਾਹਿਬ ਜੀ ਆਪ ਸਤਿਸੰਗਤ 'ਚ ਵਸਦੇ ਹਨ,ਇਸ ਲਈ ਟਾਕਰਾ ਨਹੀਂ ਕਰਨਾ,ਗੁਰੂ ਰੂਪ ਸਾਧਸੰਗਤ ਜੀ ਕਹੀਦਾ ਹੈ,ਪਰ ਇੱਕ ਵਿਅਕਤੀ ਨੂੰ ਗੁਰੂ ਰੂਪ ਨਹੀਂ ਕਹਿਣਾ।ਸੋ ਵਾਹਿਗੁਰੂ ਸਰੂਪ ਸਤਿਗੁਰੂ ਸਾਹਿਬਾਨ ਜੀ ਨੂੰ ਇੱਕ ਵਿਸਵਾ ਕਹਿ ਕੇ ਪਾਪੀ ਨ ਬਣੋ।

੧੨.ਇੱਕ ਡਾਕੂ ਨੇ ੪ ਬੰਦੇ ਮਾਰ ਦਿਤੇ,ਦੱਸੋ ਉਸ ਦਾ ਕਸੂਰ ਹੈ ਕਿ ਰੱਬ ਦਾ?ਭਨਿ ਮਥੁਰਾ.ਕਛੁ ਭੇਦੁ ਨਹੀ;ਗੁਰੁ ਅਰਜੁਨੁ.ਪਰਤਖੵ ਹਰਿ॥ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਉੱਬਲਦੀ ਦੇਗ 'ਚ ਬੈਠ ਕੇ

ਕਰਨ ਕਰਾਵਨ ਆਪੇ ਆਪਿ॥ ਵਾਲੀ ਅਵੱਸਥਾ ਕਮਾਈ ਹੈ। ਕਤਲ ਕਰਕੇ,ਕਰਨ ਕਰਾਵਨ ਆਪੇ ਆਪਿ॥ਪੜ੍ ਕੇ,ਪਾਪੀ ਪਾਪ ਮੁਕਤ ਨਹੀਂ,ਹੰਗਤਾ ਲਾਲਚ ਕਰਕੇ,ਜੋ ੨ ਪਾਪ ਕਰਮ ਕਰਦਾ ਹੈ,ਉਸ ਦਾ ਡੰਡ ਮਿਲਦਾ ਹੈ। ਵਾਹਿਗੁਰੂ ਜੀ ਪਾਪ ਪੁੰਨ ਤੋਂ ਸਦਾ ਨਿਰਲੇਪ ਹਨ।ਯਥਾ:-ਪਾਪ ਪੁੰਨ ਕਾ;ਇਸੁ ਲੇਪੁ ਨ ਲਾਗੈ॥ਘਟ ਘਟ ਅੰਤਰਿ;ਸਦ ਹੀ ਜਾਗੈ॥ਜੀਵ ਪਾਪ ਕਰਕੇ ਇਹ ਕਹਿੰਦੇ ਹਨ ਕਿ ਰੱਬ ਸਾਥੋਂ ਚੰਗਾ ਕਰਵਾ ਲਏ।ਹੰਗਤਾ ਸਹਿਤ ਪਾਪ ਕਰਕੇ,ਇਹ ਕਹਿਣਾ ਮਹਾਂ ਪਾਪ ਹੈ। ਜੇ ਕੋਈ ਤੁਹਾਡੀ ਲੱਤ ਵੱਢੇ,

ਤਾਂ ਤੁਸੀਂ ਕਰਨ ਕਰਾਵਨ ਆਪੇ ਆਪਿ॥ਕਹੋਂਗੇ? ਇਸ ਗ਼ਲਤ ਆਸ਼ੇ ਅਨੁਸਾਰ ਜੱਗ 'ਤੇ ਅੰਧੇਰ ਜ਼ੁਲਮ ਦੇ ਭਾਂਬੜ ਮੱਚ ਰਹੇ ਹਨ। ਸੋ ਦੁੱਖ ਭੁੱਖ ਮਾਰਾਂ ਸਹਾਰ ਕੇ ਮਹਾਨ ਪਰਉਪਕਾਰ ਕਰਕੇ,ਪੂਰਨ ਹੰਗਤਾ ਦੇ ਤਿਆਗੀ ਮਹਾਂਪੁਰਸ਼ ਭਾਣਾ ਮੰਨ ਕੇ ਕਰਨ ਕਰਾਵਨ ਆਪੇ ਆਪਿ॥ਪੜ੍ਹਨ ਤਾਂ ਸਹੀ ਹੈ। ਸੋ ਪਾਪ ਕਰਨ ਵਾਲਾ ਦੋਸ਼ੀ ਹੈ।

੧੩.ਅਨਦੁ ਕਰਹੁ;ਮਿਲਿ ਸੁੰਦਰ ਨਾਰੀ॥ਗੁਰਿ ਨਾਨਕਿ ਮੇਰੀ ਪੈਜ ਸਵਾਰੀ॥ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਉੱਬਲਦੀ ਦੇਗ 'ਚ ਬੈਠ ਰਹੇ ਹਨ,ਐਸੇ ਮਹਾਨ ਪਰਉਪਕਾਰੀ ਸਤਿਗੁਰੂ ਸਾਹਿਬ ਦੀ ਅੰਮ੍ਰਿਤ ਸੱਚੇ ਗੁਰਬਾਣੀ ਜੀ,ਵਿਕਾਰ ਮੇਟ ਕੇ ਅਸ਼ਾਂਤ ਮਨ ਨੂੰ ਪੂਰਨ ਸ਼ਾਂਤੀ ਬਖ਼ਸ਼ਦੇ ਹਨ ਹੈ।ਇਸ ਤੁਕ ਦੇ ਗ਼ਲਤ ਅਰਥ ਕਰਕੇ,ਬੱਜਰ ਪਾਪ ਨਹੀਂ ਕਰਨਾ,ਸਾਰੇ ਸ਼ਬਦ ਦੇ ਅਰਥ ਵੀਚਾਰੋ।ਸਰਬ ਕਲਾ ਭਰਪੂਰ ਪ੍ਰਭ;ਸਤਿਗੁਰੂ ਪੰਜਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-ਸੱਚੇ ਸਤਿਗੁਰੂ ਸ੍ਰੀ ਗੁਰਿ ਨਾਨਕਿ ਦੇਵ ਸਾਹਿਬ ਜੀ ਨੇ(ਮੇਰੀ)ਦਾਸਨ ਦਾਸੀ ਦੀ,ਇਹ(ਪੈਜ)ਪ੍ਰਤੱਗਿਆ ਸਵਾਰੀ ਹੈ,ਜੋ ਦਾਸਨ ਦਾਸੀ(ਸੁੰਦਰ) ਸੋਹਣੇ ਵਿਆਪਕ ਵਾਹਿਗੁਰੂ ਜੀ ਦੀ ਨਾਰੀ,ਉਨ੍ਹਾਂ ਨਾਲ ਮਿਲਿ ਕੇ;ਵਾਜੇ ਅਨਹਦ ਤੂਰੇ॥ਦਾ ਅਨਦੁ ਪ੍ਰਾਪਤ(ਕਰਹੁ)ਕਰਦੀ ਹੈ।ਠਾਕੁਰੁ ਏਕੁ;ਸਬਾਈ ਨਾਰਿ॥)ਮੈ ਕਾਮਣਿ;ਮੇਰਾ ਕੰਤੁ ਕਰਤਾਰੁ॥ਜੇਹਾ ਕਰਾਏ;ਤੇਹਾ ਕਰੀ ਸੀਗਾਰੁ॥੧॥ਜਾਂ ਤਿਸੁ ਭਾਵੈ;ਤਾਂ ਕਰੇ ਭੋਗੁ॥ਤਨੁ ਮਨੁ;ਸਾਚੇ ਸਾਹਿਬ ਜੋਗੁ॥੧॥)ਕਹਿ ਕਬੀਰ ਮੋਹਿ ਬਿਆਹਿ ਚਲੇ ਹੈ;ਪੁਰਖ ਏਕ ਭਗਵਾਨਾ॥ਸੋ ਪਰਾਈ ਸੁੰਦਰ ਨਾਰੀ ਨਾਲ ਮਿਲ ਕੇ ਅਨੰਦ ਕਰੋ,ਅਨਰਥ ਨਹੀਂ ਕਰਨਾ ਜੀ ਏਡਜ਼ ਲੱਗ।

੧੪. ਖਾਲਸਾ ਸੋਈ,ਜੋ ਕਰੈ ਨਿਤ ਜੰਗ॥੨੯॥ ਸਹੀ ਅਰਥ? ਨਿੱਕੀਆਂ ੨ ਨਿੱਜੀ ਗਰਜਾਂ ਲਈ ਕ੍ਰੋਧ ਦੇ ਵਸੀਕਾਰ ਹੋ ਕੇ, ਲੜਨ ਦਾ ਭਾਵ ਨਹੀਂ। ਯਥਾ:- ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ; ਸਗਲੇ ਲਰਿ ਲਰਿ ਮੂਆ॥(ਜੰਗ)ਧਰਮ-ਯੁੱਧ ਨਿੱਤ ਕਰੇ, ਭਾਵ ਧਰਮ ਯੁੱਧ ਲਈ ਡਟਿਆ ਰਹੇ, ਸਿਰ ਦੇਵੇ। ਵਾ ਕ੍ਰੋਧ ਆਦਿ ਨਾਲ ਨਿੱਤ ਜੰਗ ਕਰਕੇ,ਇਨ੍ਹਾਂ 'ਤੇ ਫ਼ਤੇਹ ਪਾਵੇ।ਸੋ ਉਪ੍ਰੋਕਤ ਤੁਕ ਪੜ੍ਹ ਕੇ ਆਪਣਾ ਵੈਰ ਕ੍ਰੋਧ ਅਹੰਕਾਰ ਨਹੀਂ ਵਧਾਉਣਾ।ਇਹ ਤੁਕ ਪੜ੍ਹ ਕੇ ਹੱਸਣਾ ਭੀ ਨਹੀਂ ਚਾਹੀਦਾ ਜੀ।

੧੫.ਗੁਰ ਸੇਵਾ ਤੇ ਭਗਤਿ ਕਮਾਈ॥ਤਬ ਇਹ ਮਾਨਸ ਦੇਹੀ ਪਾਈ॥ਸਤਿਗੁਰੂ ਸਾਹਿਬਾਨ ਜੀ ਦੀ

ਪਰਮਪਵਿੱਤ੍ਰ ਸੇਵਾ ਤੇ ਭਗਤੀ ਦੀ ਕਮਾਈ ਕਰਨ ਤੋਂ, ਜੇ ਇਹ ਮਨੁੱਖਾ ਦੇਹੀ ਪ੍ਰਾਪਤ ਕੀਤੀ ਤਾਂ ਗੁਰੂ ਸੇਵਾ ਭਗਤੀ ਦਾ ਕੀ ਫਲ ਹੋਇਆ? ਸਹੀ ਅਰਥ:- ਜੇ ਇਸ ਦੇਹ ਨਾਲ ਸਤਿ ਗੁਰ ਸਾਹਿਬਾਨ ਜੀ ਦੀ ਸੇਵਾ ਅਤੇ ਪ੍ਰੇਮਾ ਭਗਤਿ ਦੀ ਕਮਾਈ ਕਰੇ, ਤਬ ਇਹ (ਮਾਨਸ) ਮਨੁੱਖਾ ਦੇਹੀ (ਪਾਈ) ਪ੍ਰਾਪਤ ਕੀਤੀ, ਭਗਤਾਂ 'ਚ ਗਿਣੀ ਜਾਂਦੀ ਹੈ। ਯਥਾ:- ਸੈਨੁ ਨਾਈ ਬੁਤਕਾਰੀਆ; ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ; ਭਗਤਾ ਮਹਿ ਗਨਿਆ॥ ਜੇ ਗੁਰੂ ਭਗਤੀ ਨ ਕਰੇ ਤਾਂ ਕਿਸੇ ਭੀ ਲੇਖੇ ਨਹੀਂ। ਯਥਾ:- ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ;ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥

੧੬. ਪਰ ਤ੍ਰਿਅ ਤਿਆਗੁ; ਕਰੀ ਬ੍ਰਹਮਚਾਰੀ॥ਕਿਸੇ ਨੇ(ਪਰ)ਪ੍ਰਾਈ(ਤ੍ਰਿਅ)ਇਸਤ੍ਰੀ ਤਿਆਗੁ ਕੇ,ਬ੍ਰਹਮਚਾਰੀ ਵਾਲੀ ਕਰਨੀ(ਕਰੀ)ਕੀਤੀ ਹੈ।ਇਹ ਅਰਥ ਸਹੀ ਨਹੀਂ,ਕਿਉਂਕਿ ਪ੍ਰਾਈ ਇਸਤ੍ਰੀ ਤਿਆਗਣੀ ਗੁਰਮਤਿ ਹੈ,ਇਹ ਗੁਣ ਤਾਂ ਸਭ ਨੇ ਹੀ ਧਾਰਨਾ ਹੈ। ਸਹੀ ਅਰਥ:- ਕਿਸੇ ਨੇ (ਪਰ) ਵਿਸ਼ੇਸ਼ ਕਰਕੇ ਆਪਣੀ ਇਸਤ੍ਰੀ ਤਿਆਗ ਕੇ,ਬ੍ਰਹਮਚਾਰੀ ਵਾਲੀ ਕਰਣੀ ਕੀਤੀ ਹੈ। ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ ਅਤਿਅੰਤ ਨਿਮ੍ਰਤਾ ਨਾਲ ਫ਼ੁਰਮਾ ਰਹੇ ਹਨ:- ਦਾਸਨ ਦਾਸ ਉਪ੍ਰੋਕਤ ਕਰਨੀ ਵਾਲਾ ਬ੍ਰਹਮਚਾਰੀ ਨਹੀਂ ਹੈ। ਹੇ ਹਰੀ ਜੀ! ਮੈ ਮੂਰਖ;ਹਰਿ ਆਸ ਤੁਮਾਰੀ॥(੧੬੪)

੧੭.ਦੋਹਰਾ॥ਠੀਕਰਿ ਫੋਰਿ ਦਿਲੀਸਿ ਸਿਰਿ;ਪ੍ਰਭ ਪੁਰ ਕੀਯਾ ਪਯਾਨ॥ਤੇਗਬਹਾਦਰ ਸੀ ਕ੍ਰਿਆ;ਕਰੀ ਨ ਕਿਨਹੂੰ ਆਨ॥੧੫॥ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਸ੍ਰੀਰ ਨੂੰ ਠੀਕਰਾ ਨਹੀਂ ਕਿਹਾ,ਬਲਕਿ ਪ੍ਰਭ ਕਿਹਾ ਹੈ।ਯਥਾ:-ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥(ਸ੍ਰੀ ਦਸਮ ਪ੪) ਸੱਚੇ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਮਹਾਨ ਪਰਉਪਕਾਰੀ, ਰੋਮ ੨ ਕਰਕੇ ਵਾਹਿਗੁਰੂ ਜੀ ਨੂੰ ਧਿਆਉਣ ਵਾਲੇ,ਵਾਹਿਗੁਰੂ ਸਰੂਪ ਸ੍ਰੀਰ ਨੂੰ ਗੁਰ ਅੰਮ੍ਰਿਤ ਭਿੰਨੀ ਦੇਹੁਰੀ;ਕਿਹਾ ਹੈ। ਸਤਿਗੁਰੂ ਦਸਵੇਂ ਪਾਤਿਸਾਹ ਜੀ ਆਪਣੇ ਪਿਤਾ ਜੀ ਦੀ ਅਦੁਤੀ ਕੁਰਬਾਨੀ ਬਾਰੇ ਦੋਹਰਾ ਲਿਖਦੇ ਹਨ। ਇਹ ਅਰਥ ਗ਼ਲਤ ਹੈ ਕਿ ਸਤਿਗੁਰੂ ਸਾਹਿਬ ਜੀ ਨੇ ਆਪਣਾ ਸ੍ਰੀਰ ਰੂਪੀ ਠੀਕਰਾ, ਔਰੰਗਜ਼ੇਬ ਦੇ ਸਿਰ 'ਤੇ ਭੰਨਿਆਂ। ਧੰਨ ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਫਿਟਕਾਰੇ ਸੰਤ ਦੋਖੀ ਨੌਰੰਗੇ ਦੇ ਸਿਰ ਨੂੰ ਠੀਕਰਾ ਕਿਹਾ ਹੈ, ਜਿਸ ਸਿਰ ਨਾਲ ਸੋਚਦਾ ਸੀ ਕਿ ਸਾਰੇ ਹਿੰਦੂਆਂ ਨੂੰ ਮੁਸਲਮਾਨ ਬਣਾਵਾਂ, ਮੰਦਰ ਦੁਆਰੇ ਢਾਹਵਾਂ, ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਨੂੰ ਦੀਨ 'ਚ ਲਿਆਵਾਂ, ਸ਼ਹੀਦ ਕਰਾਵਾਂ ਦੋਜ਼ਕ ਨੂੰ ਜਾਵਾਂ, ਜਮ ਡੰਡੇ ਖਾਵਾਂ। ਧੰਨ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਆਪਣਾ ਪਰਮਪਵਿੱਤ੍ਰ ਬਲੀਦਾਨ ਦੇ ਕੇ, ਧੰਨ ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਦੇ ਫਿਟਕਾਰੇ, ਸੰਤ ਦੋਖੀ ਗੁਰ ਦ੍ਰੋਹੀ (ਦਿਲੀਸਿ) ਨੌਰੰਗੇ ਦੇ ਸਿਰਿ ਨੂੰ (ਫੋਰਿ) ਭੰਨ ਕੇ ਠੀਕਰਿ ਬਣਾ ਦਿਤਾ। ਆਪਣੀ ਅਦੁਤੀ ਕੁਰਬਾਨੀ ਦੇ ਕੇ (ਪ੍ਰਭ) ਵਾਹਿਗੁਰੂ ਜੀ ਦੀ (ਪੁਰ) ਪੁਰੀ ਸੱਚਖੰਡ ਨੂੰ (ਪਯਾਨ) ਜਾਣਾ (ਕੀਯਾ) ਕੀਤਾ।

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਤਿਗੁਰੂ ਤੇਗਬਹਾਦਰ ਸਾਹਿਬ ਜੀ (ਸੀ) ਜੈਸੀ, ਜ਼ੁਲਮ ਨਾਸ ਕਰਨ,ਧਰਮ ਪ੍ਰਕਾਸ਼ਣ, ਗੁਰੂਰਾਮਦਾਸ ਸਾਹਿਬ ਜੀ ਦੇ ਫ਼ਿਟਕਾਰੈ ਪਾਪੀ ਨੌਰੰਗੇ ਦਾ ਸਿਰ ਭੰਨ ਕੇ ਠੀਕਰਾ ਬਨਾਉਣ, ਵਾਹਿਗੁਰੂ ਜੀ ਤੋਂ ਕੁਰਬਾਨ ਹੋਣ, ਹਿੰਦੂਆਂ 'ਤੇ ਪਰਉਪਕਾਰ ਕਰਨ, ਹਿੰਦੂਆਂ ਦੀ ਬਾਂਹ ਫੜਨ, ਗਊ ਗ੍ਰੀਬ ਦੀ ਰੱਖਿਆ ਕਰਨ, ਕੋਟਾਨ ਕੋਟਿ ਜੀਆਂ ਦੀ ਕਲਿਆਣ ਕਰਨ, ਧੰਨ ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਗੁਰਤਾ ਗੱਦੀ ਜੁੱਗੋ ਜੁੱਗ ਅਟੱਲ ਰੱਖਣ, ਗੁਰਬਾਣੀ ਸਦਾ ਲਈ ਜੱਗ 'ਤੇ ਰੱਖਣ, ਧਰਮ-ਹਿਤ ਸ਼ਹੀਦੀ ਦੇਣ ਦਾ ਬਲ ਭਰਨ, ਸਿੱਖ ਸੰਗਤਾਂ ਨੂੰ ਨਿਰਭੈ ਕਰਨ, ਜ਼ੁਲਮ ਰਾਜ ਦੀਆਂ ਜੜਾਂ ਪੁੱਟਣ ਆਦਿ ਦੀ ਪਰਮਪਵਿੱਤ੍ਰ ਮਹਾਨ ਉੱਚੀ ਸੁੱਚੀ ਪਰਉਪਕਾਰੀ

(ਕ੍ਰਿਆ) ਕਰਨੀ, (ਕਿਨਹੂੰ) ਕਿਸੇ ਨੇ ਭੀ ਮਾਤ ਲੋਕ 'ਚ (ਆਨ) ਆ ਕੇ (ਨ) ਨਹੀਂ(ਕਰੀ) ਕੀਤੀ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ, ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਨਿਰੰਕਾਰੀ ਮਹਾਨ ਪਰਉਪਕਾਰੀ ਧੀਰਜਧਾਰੀ ਸੀਸ ਸਾਹਿਬ ਜੀ ਦਾਸਨਦਾਸੀ ਦੇ ਸਿਰ 'ਤੇ ਹੁਣ ਸਜ ਰਹੇ ਹਨ ਜੀ।

੧੮. ਮਹਾਤਮਾ ਜੀ ਦੇ ਸ੍ਰੀਰ ਨੂੰ ਰੋਗ ਕਿਉਂ ਲੱਗਦਾ ਹੈ? ਜੋ ਜੋ ਦੀਸੈ; ਸੋ ਸੋ ਰੋਗੀ॥ਅਨੁਸਾਰ ਰੋਗ ਸਾਰਿਆਂ ਸ੍ਰੀਰਾਂ ਨੂੰ ਲੱਗਦਾ ਹੈ, ਦੁੱਖ ਸੁਖ ਸ੍ਰੀਰ ਦਾ ਧਰਮ ਹੈ, ਮਹਾਤਮਾ ਜੀ ਦੁੱਖਾਂ ਨੂੰ ਅੰਮ੍ਰਿਤ ਕਰਕੇ ਪੀਂਦੇ ਹਨ, ਸਦਾ ਸਬਰ ਸ਼ੁਕਰ ਰਜ਼ਾ 'ਚ ਪ੍ਰਸੰਨ ਰਹਿ ਕੇ, ਰਜ਼ਾ ਮੰਨਣ ਦਾ ਸਬਕ ਸਿਖਾਉਂਦੇ ਹਨ। ਮਹਾਤਮਾ ਜੀ ਦੀ ਸ਼ੁਭ ਸੇਵਾ ਕਰਨ ਵਾਲੇ ਪ੍ਰੇਮੀ,ਅਨੰਦ ਧੀਰਜ ਇਕਾਗ੍ਰਤਾ ਨੂੰ ਪ੍ਰਾਪਤ ਹੁੰਦੇ ਹਨ। ਮਨਮੁਖਾਂ ਦੇ ਮਨ 'ਚ ਤੇ ਤਨ 'ਚ ਭੀ ਦੁੱਖ ਹੁੰਦਾ ਹੈ। ਭਾਵੇਂ ਮਹਾਤਮਾ ਜੀ ਦੇ ਸ੍ਰੀਰ ਨੂੰ ਦੁੱਖ ਹੁੰਦਾ ਹੈ, ਪਰ ਆਤਮਾ ਨੂੰ ਦੁੱਖ ਨਹੀਂ ਹੁੰਦਾ। ਐਸੀ ਨਿਰਲੇਪ ਅਵਸਥਾ 'ਚ ਲੀਨ ਰਹਿੰਦੇ ਹਨ। ਯਥਾ:- ਮਰਣੈ ਕੀ ਚਿੰਤਾ ਨਹੀ; ਜੀਵਣ ਕੀ. ਨਹੀ ਆਸ॥)ਸੂਖ ਦੂਖ;ਜਨ ਸਮ ਦ੍ਰਿਸਟੇਤਾ॥ਨਾਨਕ;ਪਾਪ ਪੁੰਨ ਨਹੀ ਲੇਪਾ॥)ਦੁਖ ਸੁਖ ਉਆ ਕੈ;ਸਮਤ ਬੀਚਾਰਾ॥ਉਨ੍ਹਾਂ ਦੀ ਜ਼ਿੰਦ ਚਉਥੇ ਪਦ 'ਚ ਹੁੰਦੀ ਹੈ। ਯਥਾ:-ਕਹਿ ਕਬੀਰ;ਹਮਰਾ ਗੋਬਿੰਦੁ॥ਚਉਥੇ ਪਦ ਮਹਿ;ਜਨ ਕੀ ਜਿੰਦੁ॥ਸੋ ਮਹਾਤਮਾ ਜੀ ਨਿਰਲੇਪ ਰਹਿੰਦੇ ਹਨ।ਯਥਾ:-ਬ੍ਰਹਮਗਿਆਨੀ ਸਦਾ ਨਿਰਲੇਪ॥ਜੈਸੇ ਜਲ ਮਹਿ; ਕਮਲ ਅਲੇਪ॥ਸਹੀ ਖ਼ੁਰਾਕ ਹਵਾ ਪਾਣੀ ਨ ਮਿਲਣ,ਸ੍ਰੀਰ ਦੀ ਸੰਭਾਲ ਦੀ ਸਿੱਖਿਆ ਨ ਹੋਵੇ,ਜੂਠ ਛੂਤ ਨਾਲ,ਕਈ ਮਾਤਾ ਦੇ ਉਦਰ ਤੋਂ ਹੀ ਰੋਗ ਲੱਗ ਜਾਂਦੇ ਹਨ।ਭੁੱਖ ਉਂਨੀਦਰੇ ਜ਼ਿਆਦਾ ਠੰਢ ਗਰਮੀ ਆਦਿ ਰੋਗ ਦੇ ਅਨੇਕਾਂ ਕਾਰਨ ਹਨ।ਸ਼ੰਕੇ ਛੱਡ ਕੇ ਮਹਾਤਮਾ ਜੀ ਦੀ ਸ਼ੁਭ ਸੱਚੀ ਸੇਵਾ ਕਰਕੇ ਨਿਹਾਲ ਹੋਵੋ ਜੀ।

੧੯.ਮਾਧਵੇ ਤੁਮਨ ਤੋਰਹੁ;ਤਉ ਹਮ ਨਹੀ ਤੋਰਹਿ॥ਹੇ ਵਾਹਿਗੁਰੂ ਜੀ! ਜੇਕਰ (ਤੁਮਨ) ਆਪ ਜੀ ਸਾਡੇ ਨਾਲੋਂ ਪ੍ਰੀਤੀ ਤੋੜੋਂ, ਤਾਂ ਸਤਿ ਸੰਗੀਆਂ ਸਮੇਤ (ਹਮ) ਅਸੀਂ ਫੇਰ ਭੀ ਆਪ ਜੀ ਨਾਲੋਂ ਪ੍ਰੀਤੀ ਨਹੀਂ

ਤੋੜਦੇ,ਇਹ ਨਿਮ੍ਰਤਾ ਗ੍ਰੀਬੀ ਦੀ ਹੱਦ ਹੈ ਜੀ,ਇਸ ਕਰਕੇ ਤੁਮਨ ਪਾਠ ਹੀ ਸਹੀ ਹੈ।(ਤੁਮ ਨ ਤੋਰਹੁ) ਜੇ ਤੁਸੀਂ ਨ ਤੋੜੋਂ ਤਾਂ ਅਸੀਂ ਭੀ ਨਹੀਂ ਤੋੜਦੇ,ਇਹ ਬਰਾਬਰੀ ਹੋ ਗਈ।

੨੦. ਸ੍ਰਿਸ਼ਟੀ ਦੀ ਰਚਨਾ ਕਿਵੇਂ,ਕਦੋਂ ਹੋਈ? ਪਰਮਪੂਜਨੀਕ ਸਭ ਤੇ ਵਡਾ ਸਤਿਗੁਰੁ ਨਾਨਕੁ; ਜੀ ਫ਼ੁਰਮਾਉਂਦੇ ਹਨ:- ਜਾ ਕਰਤਾ ਸਿਰਠੀ ਕਉ ਸਾਜੇ; ਆਪੇ ਜਾਣੈ ਸੋਈ॥(ਜਾ)ਜੋ ਕਰਤਾ ਪੁਰਖੁ ਜੀ ਕੋਟਿ ਬ੍ਰਹਮੰਡ ਦੀ(ਸਿਰਠੀ)ਸ੍ਰਿਸ਼ਟੀ(ਕਉ)ਨੂੰ ਖਿਨ ਮਹਿ;ਥਾਪਿ ਉਥਾਪਨਹਾਰਾ॥ਅੰਤੁ ਨਹੀ ਕਿਛੁ; ਪਾਰਾਵਾਰਾ॥)ਕੀਤਾ ਪਸਾਉ;ਏਕੋ ਕਵਾਉ॥ਅਨੁਸਾਰ ਇੱਕ ਵਾਕ ਵਾਹਿਗੁਰੂ ਕਹਿ ਕੇ(ਸਾਜੇ)ਰਚਦੇ ਹਨ,(ਸੋਈ)ਉਹ ਆਪੇ ਹੀ(ਜਾਣੈ)ਜਾਣਦੇ ਹਨ।ਤੁਮਰਾ.ਲਖਾ ਨ ਜਾਇ ਪਸਾਰਾ॥ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥(ਸ੍ਰੀ ਦਸਮ ੧੩੮੭)

ਅਨੁਸਾਰ ਪਰਮਪੂਜਨੀਕ ਦਸਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-ਹੇ ਵਾਹਿਗੁਰੂ ਜੀ! ਆਪ ਜੀ ਦੇ ਕੋਟਿ ਬ੍ਰਹਮੰਡ ਦੇ ਪਸਾਰੇ ਦਾ ਅੰਤ ਜਾਣਿਆਂ ਨਹੀਂ ਜਾਂਦਾ ਤੇ ਇਹ ਭੀ ਨਹੀਂ ਜਾਣਿਆਂ ਜਾਂਦਾ ਕਿ ਸਭ ਤੋਂ ਪਹਿਲਾਂ ਸੰਸਾਰ ਦੀ ਰਚਨਾ ਕਿਸ ਜੁਗਤੀ ਨਾਲ ਕੀਤੀ।ਅਗਿਆਨੀ ਸੋਚਦਾ ਹੈ ਕਿ ਸ੍ਰਿਸ਼ਟੀ ਕਿਵੇਂ ਅਤੇ ਕਦੋਂ ਰਚੀ?ਗੁਰ ਕਿਰਪਾ ਤੇ ਜਾਣਿਆ;ਅਨੁਸਾਰ ਸਤਿਗੁਰੂ ਸਾਹਿਬਾਨ ਜੀ ਦੀ ਕ੍ਰਿਪਾ ਦੁਆਰਾ ਹੀ ਇਹ ਜਾਣਿਆਂ ਜਾਂਦਾ ਹੈ, ਕਿ ਜਦੋਂ ਸ੍ਰਿਸ਼ਟੀ ਰਚੀ ਸੀ, ਤਦੋਂ ਸਮੇਂ ਦਾ ਹਿਸਾਬ ਆਰੰਭ ਨਹੀਂ ਸੀ, ਕਿਉਂਕਿ ਉਸ ਵੇਲੇ ਸੂਰਜ ਚੰਦ੍ਰਮੇਂ ਪ੍ਰਿਥਵੀਆਂ ਅਕਾਰ ਨਹੀਂ ਸਨ। ਯਥਾ:- ਜਬ ਅਕਾਰੁ ਇਹੁ; ਕਛੁ ਨ ਦ੍ਰਿਸਟੇਤਾ॥ਸ੍ਰਿਸ਼ਟੀ ਰਚਨ ਤੋਂ ਮਗਰੋਂ ਹੀ ਸਮਾਂ ਸੰਮਤ ਆਰੰਭ ਹੋਇਆ। ਕੋਟਿ ਬ੍ਰਹਮੰਡ ਨੂੰ ਰਚਦਿਆਂ ਦੇਰੀ ਨਹੀਂ ਲਾਈ, ਅਕਸ ਮਾਤ੍ਰ ਹੀ ਰਚ ਦਿਤੇ, ਕੋਟਿ ਬ੍ਰਹਮੰਡ ਦੇ ਪਸਾਰੇ 'ਚ ਹੁਣ ਭੀ ਉਤਪਤੀ ਪਾਲਣਾ ਲੈਤਾ ਕਰਦਿਆਂ ਨਿਰਲੇਪ ਹੋ ਰਹੇ ਹਨ। ਯਥਾ:- ਓਪਤਿ ਪਰਲਉ;ਖਿਨ ਮਹਿ ਕਰਤਾ॥ਆਪਿ ਅਲੇਪਾ;ਨਿਰਗੁਨੁ ਰਹਤਾ॥ਸੋ,ਪਿਤਾ ਕਾ ਜਨਮੁ; ਕਿ ਜਾਨੈ ਪੂਤੁ॥ ਅਨੁਸਾਰ ਇਹ ਜੀਵ ਨਹੀਂ ਜਾਣ ਸਕਦਾ, ਕਿ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਕਦੋਂ ਰਚੀ? ਮੰਦਰ ਬਣਾਉਂਦਿਆਂ ਕੋਲ਼ੇ ਖੜ੍ਹ ਕੇ ਦੇਖਣ ਵਾਲਾ ਸਮਝਦਾ ਹੈ ਕਿ ਇਉਂ ਬਣਿਆ, ਮੰਦਰ ਰਚਣ ਨੂੰ ਸਮਗ੍ਰੀ ਤੇ ਸਮਾਂ ਲੱਗਦਾ ਹੈ,ਪਰ ਰਚਨਾ ਰਚਣ ਲੱਗਿਆਂ ਕੋਈ ਸਮਗ੍ਰੀ ਅਤੇ ਸਮਾਂ ਨਹੀਂ ਲੱਗਿਆ, ਇਸ ਲਈ ਕਿਵੇਂ ਰਚੀ ਨਹੀਂ ਜਾਣਿਆਂ ਜਾ ਸਕਦਾ।ਸੋ ਕਿਸੇ ਭੀ ਭਾਸ਼ਾ ਦੇ ਅੱਖਰ ਨਹੀਂ,ਜਿਨ੍ਹਾਂ ਦੁਆਰਾ ਦੱਸਿਆ ਜਾ ਸਕੇ,ਇਹ ਵਿਸਮਾਦ ਗੱਲ ਸਮਝ ਕੇ ਹੰਗਤਾ ਤਿਆਗਣੀ ਚਾਹੀਦੀ ਹੈ।

੨੧.ਅਉਖੀ ਘੜੀ.ਨ ਦੇਖਣ ਦੇਈ;ਵਾਹਿਗੁਰੂ ਜੀ ਆਪਣੇ ਪਿਆਰੇ ਨੂੰ ਅਉਖੀ ਘੜੀ ਨਹੀਂ ਦੇਖਣ(ਦੇਈ)ਦਿੰਦੇ,ਦੇਈ ਬਿੰਦੀ ਤੋਂ ਬਿਨਾ ਸਹੀ ਹੈ।ਔਖੀ ਘੜੀ ਨ ਦੇਖਣ ਦੇਈਂ,ਰਜ਼ਾ ਦੇ ਉਲਟ ਹੈ।

੨੨. ਪੰਚਕਾਂ ਦੇ ਦਿਨਾਂ 'ਚ ਗੁਰਬਾਣੀ ਸੰਥਾ, ਕੋਈ ਭੀ ਕੰਮ ਨਹੀਂ ਰੋਕਣਾ। ਬੱਚਾ ਜੰਮੇ ਜਾਂ ਸ਼ਾਦੀ

ਹੋਵੇ ਵਹਿਮ ਨਹੀਂ ਕਰਨਾ ਚਾਹੀਦਾ। ਸਭ ਦਿਨਾਂ 'ਚ ਵਾਹਿਗੁਰੂ ਜੀ ਭਰਪੂਰ ਵਿਆਪਕ ਪ੍ਰਕਾਸ਼ਕ ਨਿਰਲੇਪ ਹੋ ਰਹੇ ਹਨ।

੨੩. ਅੱਜ ਕਲ ਤੇਜ਼ੀ ਨਾਲ ਦਰੱਖਤ ਵੱਢੇ ਜਾ ਰਹੇ ਹਨ, ਇਸ ਲਈ ਪ੍ਰੇਮ ਬੇਨਤੀ ਹੈ।ਬੋਹੜ ਪਿੱਪਲ ਆਦਿ ਦਰੱਖਤ ਕੱਟੋ ਨਾਹੀ,ਹੋਰ ਫ਼ਲਦਾਰ ਲਾਵੋ ਰੁੱਖ,ਰੱਬ ਬਖ਼ਸ਼ੇ ਆਪ ਜੀ ਨੂੰ ਸੁਖ।

੨੪.ਨਰੂ ਮਰੈ;ਨਰੁ ਕਾਮਿ ਨ ਆਵੈ॥ਕਈ ਕਹਿੰਦੇ ਹਨ,ਅੱਖਾਂ ਗੁਰਦੇ ਆਦਿ ਤੋਂ ਕੰਮ ਲਿਆ ਜਾਂਦਾ ਹੈ?ਪਰਮਪੂਜਨੀਕ ਸੱਚੇ ਪਾਤਿਸਾਹ ਜੀ ਦੀ ਗੁਰਬਾਣੀ ਸਹੀ ਸੱਚੀ ਹੈ। ਜਿਉਂਦੇ ੨ ਕੱਢੇ ਅੰਗ ਹੀ ਕੰਮ ਆਉਂਦੇ ਹਨ, ਮੁਰਦੇ ਅੰਗ ਕੰਮ ਨਹੀਂ ਆਉਂਦੇ।

੨੫.ਨੰਗਾ ਹੀ ਜੰਮਦਾ ਮਰਦਾ ਹੈ,ਸ੍ਰੀ ਗੁਰਦੁਆਰੇ ਸਾਹਿਬ ਜੀ ਸਿਰ ਢਕਣ ਦੀ ਕੀ ਲੋੜ ਹੈ?ਜਿਵੇਂ ਆਪਣੀ ਮਾਤਾ ਜੀ ਪਾਸ ਨੰਗਾ ਨਹੀਂ ਜਾ ਸਕਦਾ,ਤਿਵੇਂ ਗੁਰਦੇਵ ਮਾਤਾ.ਗੁਰਦੇਵ ਪਿਤਾ;

ਰੂਪ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਪਾਸ ਸਿਰ ਢਕ ਕੇ ਹੀ ਜਾਣਾ ਚਾਹੀਦਾ ਹੈ।ਨੰਗੇ ਹੋ ਕੇ ਆਪਣੀ ਬੇਪਤੀ ਆਪ ਨ ਕਰੋ ਜੀ।

੨੬.ਗਾਂ ਦਾ ਦੁੱਧ ਹੱਡਾਂ ਦਾ ਰਸ ਹੈ,ਉਸ ਦਾ ਮਾਸ ਖਾਣ ਦਾ ਕੀ ਵਿਗਾੜ ਹੈ?ਸੱਚੇ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਨੇ ਉੱਤ੍ਰ ਦਿਤਾ,"ਹੇ ਭਾਈ! ਐਨਾ ਹੰਕਾਰ ਕਿਉਂ ਕਰਦਾ ਹੈਂ?ਤੂੰ ਆਪਣੀ ਮਾਂ ਦਾ ਦੁੱਧ ਚੁੰਘਿਆ ਹੈ?""ਹਾਂ ਜੀ।""ਤਾਂ ਕੀ ਕਦੇ ਗ੍ਰਿਸਤ ਭੀ ਕੀਤਾ ਹੈ?"ਆਪਣੇ ਕੰਨ ਫੜ ਕੇ ਕਿਹਾ,"ਅਗਾਂਹ ਨੂੰ ਮੈਂ ਹੋਰ ਕਿਸੇ ਕੋਲੇ ਇਹ ਪ੍ਰਸ਼ਨ ਨਹੀਂ ਕਰਾਂਗਾ।"

੨੭.ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;ਸਰਬ ਜੀਆ ਕਾ ਦਾਤਾ ਰੇ॥ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ,ਕੀ ਚੰਡੀ ਦੇਵੀ ਦੁਰਗਾ ਦੇਵੀ ਆਦਿ ਕੋਈ ਦੇਵੀ ਸਿਮਰੀ? ਸ੍ਰੀ ਦਸਮ ਅੰਗ ੧੧੯ 'ਤੇ ਸ੍ਰੀ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਪਹਿਲੀ ਪਉੜੀ 'ਚ ਨੌਆਂ ਸਤਿਗੁਰੂ ਸਾਹਿਬ ਜੀ ਨੂੰ, ਪੂਰਨ ਬ੍ਰਹਮ ਸਰੂਪ ਨਿਸ਼ਚਾ ਕਰਕੇ ਮੰਨਿਆ ਪੂਜਿਆ ਜਪਿਆ ਮਨਾਇਆ ਵਡਿਆਇਆ ਹੈ, ਉਨ੍ਹਾਂ ਦੇ ਸਨਮੁਖ ਅਰਦਾਸ ਕੀਤੀ ਹੈ। ਸਤਿਗੁਰੂ ਸਾਹਿਬ ਜੀ ਦੇ ਪਰਮਪਵਿੱਤ੍ਰ ਸੱਚੇ ਦਰਸ਼ਨ ਕਰਕੇ, ਸਭ ਦੁੱਖਾਂ ਦੀ ਨਿਵਿਰਤੀ, ਨਉਨਿਧੀ ਪ੍ਰਾਪਤ ਹੁੰਦੀ ਹੈ। ਸੱਚੇ ਸਤਿਗੁਰੂ ਸਾਹਿਬ ਜੀ ਸਭ ਥਾਂ ਸਹਾਇਤਾ ਕਰਦੇ ਹਨ। ਦੂਜੀ ਪਉੜੀ 'ਚ ਕਿਹਾ ਹੈ, "ਹੇ ਸਤਿਗੁਰੂ ਨੌਵੇਂ ਪਾਤਿਸਾਹ ਅਕਾਲ ਪੁਰਖੁ ਜੀ! ਆਪ ਜੀ ਨੇ ਹੀ ਸਾਰੀ ਰਚਨਾ ਰਚੀ ਹੈ। ਸ੍ਰੀ ਰਾਮਚੰਦ੍ਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੇ ਆਪ ਜੀ ਤੋਂ ਹੀ ਬਲ ਲਿਆ ਹੈ। ਆਪ ਜੀ ਨੇ ਹੀ ਦੁਰਗਾ ਦੇਵੀ ਨੂੰ ਸਾਜ ਕੇ ਦੈਂਤਾਂ ਦਾ ਨਾਸ ਕਰਾਇਆ ਹੈ ਜੀ ਆਦਿ। ਸ੍ਰੀ ਚੰਡੀ ਜੀ ਦੀ ਵਾਰ ਦੇ ਆਰੰਭ 'ਚ ਨੌਆਂ ਪਾਤਿਸ਼ਾਹਾਂ ਜੀ ਨੂੰ ਪਾਰਬ੍ਰਹਮ ਕਰਕੇ ਮੰਨਣਾ ਅਸੰਖ ਨੂਰ ਪ੍ਰਕਾਸ਼ ਚਾਨਣ ਹੀ ਚਾਨਣ ਹੈ। ਦੇਵੀ ਜੀ ਨੂੰ ਨਹੀਂ ਸਿਮਰਿਆ। ਪ੍ਰਿਥਮ ਭਗੌਤੀ ਸਿਮਰ ਕੈ; ਗੁਰ ਨਾਨਕ ਲਈਂ ਧਿਆਇ॥ਸਤਿਗੁਰੂ

ਦਸਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- (ਪ੍ਰਿਥਮ) ਸਭ ਤੋਂ ਪਹਿਲਾਂ, ਵਾ (ਪ੍ਰਿਥਮ) ਪਹਿਲੇ ਸਤਿਗੁਰੂ ਨਾਨਕ ਦੇਵ (ਭਗੌਤੀ) ਅਕਾਲ ਪੁਰਖੁ ਜੀ ਨੂੰ (ਸਿਮਰ) ਯਾਦ ਕਰਕੇ ਧਿਆ (ਲਈਂ) ਲੈਂਦਾ ਹਾਂ। ਭਗਉਤੀ ਮੁਦ੍ਰਾ; ਮਨੁ ਮੋਹਿਆ ਮਾਇਆ॥ਉੱਤੋਂ ਲਿਵਾਸ ਕਰਕੇ (ਭਗਉਤੀ) ਵਾਹਿਗੁਰੂ ਜੀ ਦੇ ਨਾਮ ਦੀ(ਮੁਦ੍ਰਾ)ਨਿਸ਼ਾਨੀ ਹੈ, ਪਰ ਮਨੁ ਮਾਇਆ ਦਾ ਮੋਹਿਆ ਹੈ। ਸੋ ਭਗਉਤੀ;ਜੁੋ ਭਗਵੰਤੈ ਜਾਣੈ॥ਗੁਰ ਪਰਸਾਦੀ;ਆਪੁ ਪਛਾਣੈ॥ਧਾਵਤੁ ਰਾਖੈ ਇਕਤੁ ਘਰਿ ਆਣੈ॥ਜੀਵਤੁ ਮਰੈ;ਹਰਿ ਨਾਮੁ ਵਖਾਣੈ॥ਐਸਾ ਭਗਉਤੀ;ਉਤਮੁ ਹੋਇ॥ਨਾਨਕ ਸਚਿ ਸਮਾਵੈ ਸੋਇ॥੨॥ ਇੱਥੇ ਭਗਉਤੀ, ਵਾਹਿਗੁਰੂ ਜੀ ਦੇ ਭਗਤ ਜੀ ਦਾ ਨਾਮ ਹੈ।

(ਭਗਉਤੀ)ਤਲਵਾਰ,ਯਥਾ:-ਲਈ ਭਗਉਤੀ ਦੁਰਗਸਾਹ ਵਰ ਜਾਗਨ ਭਾਰੀ॥ (ਸ੍ਰੀ ਦਸਮ ੧੨੭) (ਭਗਉਤੀ)ਭਗਵਤੀ ਸ੍ਰੀ ਦੁਰਗਾ ਦੇਵੀ ਜੀ। ਭਗਉਤੀ ਭੇਖ ਹੈ। ਪ੍ਰਕਰਣ ਅਨੁਸਾਰ ਅਰਥ ਲੱਗਦੇ ਹਨ। ਸੋ ਇੱਥੇ ਭਗੌਤੀ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਹੀ ਸਿਮਰਿਆ ਹੈ।

੨੮.ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕਿਉਂ ਨਹੀਂ ਗਏ? ਪਰਮਪੂਜਨੀਕ ਦਸ ਸਤਿਗੁਰੂ ਸਾਹਿਬਾਨ ਜੀ ਨੂੰ ਇੱਕ ਜੋਤਿ ਮੰਨੋ, ਪ੍ਰਸ਼ਨ ਦੀ ਲੋੜ ਹੀ ਨਹੀਂ। ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਵੱਡੇ ਜੰਗ ਵੇਲੇ ਘਮਸਾਨ ਦੇ ਯੁੱਧ 'ਚ ਕਟਾ ਵੱਢੀ ਹੋਣ ਤੋਂ, ਸ਼ਹੀਦ ਜ਼ਖਮੀ ਹੋਏ ਸਿੰਘਾਂ ਨੂੰ ਚੁੱਕੀ ਆਉਂਦੇ ਦੇਖ ਕੇ,ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ,ਆਪਣੇ ਅਤਿ ਪਿਆਰੇ ਖ਼ਾਲਸੇ ਜੀ ਨੂੰ ਕਿਹਾ, "ਹੇ ਪਿਆਰੇ ਗੁਰੂ ਖ਼ਾਲਸਾ ਜੀ! ਜਿਵੇਂ ਤੁਸੀਂ ਦਾਸਨ ਦਾਸ ਦਾ ਹੁਕਮ ਸਿਰ ਮੱਥੇ 'ਤੇ ਮੰਨ ਕੇ,ਭੁੱਖ ਉਨੀਂਦ੍ਰਾ ਤ੍ਰੇਹ ਦੁੱਖ ਮਾਰ ਸਹਾਰਦੇ ਹੋਂ, ਪੁਰਜਾ ੨ ਕਟਵਾ ਕੇ ਲਹੂ ਨਾਲ ਲੇਥੂ ਪੇਥੂ ਹੋ ਕੇ, ਸਿਦਕ ਨਾਲ ਸਿਰ ਕੁਰਬਾਨ ਕਰਦੇ ਹੋਂ,ਲਾਲਚ ਘਰ ਬਾਰ ਪਦਾਰਥ ਮੋਹ ਵਿਕਾਰ ਹੰਕਾਰ ਛੱਡ ਕੇ, ਆਪਣਾ ਸਭ ਕੁੱਝ ਦਾਸ ਤੋਂ ਕੁਰਬਾਨ ਕਰਦਿਆਂ ਹਾਏ ਸੀ ਨਹੀਂ ਉਚਾਰਦੇ, ਤਿਵੇਂ ਹੀ ਦਾਸਨ ਦਾਸ ਅਕਾਲਪੁਰਖੁ ਜੀ ਦਾ ਹੁਕਮ ਮੰਨਦਾ ਹੈ।"ਭਲਾ ਜੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਨਹੀਂ ਭੀ ਗਏ,ਤਾਂ ਇਹੋ ਨਿਸਚਾ ਕਰਨਾ ਕਿ ਸਭ ਕੁੱਝ ਹੁਕਮ ਅਨੁਸਾਰ ਹੈ। ਸੱਚੇ ਸਤਿਗੁਰੂ ਸਾਹਿਬ ਜੀ ਆਪ ਪਵਿੱਤ੍ਰ ਅੰਮ੍ਰਿਤ ਦੇ ਸ੍ਰੋਵਰ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਹਨ। ਸਤਿਗੁਰੂ ਸਾਹਿਬ ਜੀ ਦਾ ਖਾਣਾ ਪੀਣਾ ਪਹਿਨਣਾ ਬੋਲਣਾ ਤੱਕਣਾ ਅਤੇ ਪਰਮ ਮਨੋਹਰ ਸੁੰਦਰ ਦਰਸ਼ਨ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਹੀ ਹਨ। ਸ੍ਰੀ ਅੰਮ੍ਰਿਤਸਰ ਜਾਣ ਤੋਂ ਤੁਰਕਾਂ ਨਾਲ ਜੰਗ ਹੋਣ ਤੋਂ ਗੁਰੂ ਤੀਰਥ ਦੀ ਬਿਅਦਬੀ ਨ ਹੋ ਜਾਵੇ, ਸਤਿਕਾਰ ਮੁਖ ਰੱਖਣਾ ਭੀ ਗਹਿਰ ਗੰਭੀਰ ਆਸ਼ਾ ਹੈ। ਪਰਮਪੂਜਨੀਕ ਦਸੇ ਪਾਤਿਸਾਹ ਜੀ ਇੱਕੋ ਜੋਤਿ ਹਨ,ਪਰਮਪਵਿੱਤ੍ਰ ਚੌਥੇ ਪੰਜਵੇਂ ਜਾਮੇ ਅੰਦਰ ਆਪ ਹੀ ਤੀਰਥ ਰਚਿਆ ਹੈ। ਸਤਿਗੁਰੂ ਨੌਵੇਂ ਪਾਤਿਸਾਹ ਜੀ ਦਾ ਪਰਮਪਵਿੱਤ੍ਰ ਅਵਤਾਰ ਏਥੇ ਹੀ ਹੋਇਆ ਹੈ। ਗਏ ਜਾਂ ਨਾ ਗਏ ਖ਼ਿਆਲ ਛੱਡ ਕੇ,ਸੱਚੇ ਪਾਤਿਸਾਹ ਜੀ ਨੂੰ ਹਾਜ਼ਰ ਨਾਜ਼ਰ ਸਮਝ ਕੇ,ਨਿਹਾਲ ਹੋਣਾ ਚਾਹੀਦਾ ਹੈ। ਯਥਾ:-ਸਭਨੀ ਥਾਂਈ;ਰਵਿਆ ਆਪਿ॥ਆਦਿ

ਜੁਗਾਦਿ;ਜਾ ਕਾ ਵਡ ਪਰਤਾਪੁ॥ਕੋਟਾਨ ਕੋਟਿ ਖੰਡਾਂ ਬ੍ਰਹਮੰਡਾਂ ਦੇ ਰਚਨਹਾਰ, ਸਰਬ ਬਿਆਪਿਤ ਪੂਰਨ ਧਨੀ॥)ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਨਿਰਗੁਨ ਬ੍ਰਹਮ ਜੀ,ਆਪਣੇ ਸਰਗੁਨ ਸਰੂਪ ਕੋਟਾਨ ਕੋਟਿ ਸੂਰਜ ਚੰਦ੍ਰਮੇਂ ਤਾਰੇ ਮੰਡਲਾਂ ਬਿਜਲੀਆਂ ਅਗਨੀਆਂ ਅਨੰਤ ਬ੍ਰਹਮੰਡਾਂ ਸਮੇਤ,ਹੁਣ ਜਪ ਰਹੇ ਹਨ। ਜਿਮੀ ਜਮਾਨ ਕੇ ਬਿਖੈ;ਸਮੱਸਤ ਏਕ ਜੋਤ ਹੈ॥ ਨ ਘਾਟ ਹੈ.ਨ ਬਾਢ ਹੈ;ਨ ਘਾਟ ਬਾਢ. ਹੋਤ ਹੈ॥ਅਨੁਸਾਰ ਸਭਨੀ ਥਾਂਈਂ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਸਦਾ ਹਾਜ਼ਰ ਨਾਜ਼ਰ ਹਨ, ਇੱਕ ਵਾਰੀ ਆਉਣ ਦੀ ਕਿਹੜੀ ਗੱਲ ਹੈ? ਜਿਤਨੇ ਦ੍ਰਿਸ਼ਟਮਾਨ ਅਕਾਰ ਹਨ, ਇਹ ਸਾਰੇ ਹੀ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਨੇ ਹੀ ਧਾਰੇ ਹਨ। ਯਥਾ:- ਏਹੁ ਆਕਾਰੁ ਤੇਰਾ ਹੈ ਧਾਰਾ॥

੨੯. ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਸ੍ਰੀ ਦਸਮ ਗ੍ਰੰਥ ਚ, ਸ਼ਬਦ ਪੌੜੀ ਦੀ ਸੰਪੂਰਨਤਾ 'ਤੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਨਾਮ ਕਿਉਂ ਨਹੀਂ ਲਿਖਿਆ? ਪਰਮਪੂਜਨੀਕ ਦਸੇ ਸਤਿਗੁਰੂ ਸਾਹਿਬਾਨ ਜੀ ਇੱਕ ਜੋਤਿ ਹਨ, ਇਸ ਲਈ ਇਹ ਸ਼ੰਕਾ ਕਰਨਾ ਨਹੀਂ ਬਣਦਾ।

ਸਤਿਗੁਰੂ ਪੰਜਵੇਂ ਪਾਤਿਸਾਹ ਜੀ ਦਾ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੂੰ ਹੁਕਮ ਸੀ, "ਕੋਟਾਨ ਕੋਟਿ ਬ੍ਰਹਮੰਡਾਂ ਤੋਂ ਬਲੀ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ, ਜੋ ਮਹਾਨ ਧੀਰਜ ਧਾਰ ਕੇ, ਵਾਹਿਗੁਰੂ ਜੀ ਦੇ ਸਨਮੁਖ ਰਹਿ ਕੇ ਆਪਣਾ ਸੀਸ ਕੁਰਬਾਨ ਕਰਨਗੇ, ਕੇਵਲ ਉਹ ਹੀ ਧੁਰਾਂ ਦੀ ਸੱਚੀ ਨਿਰਮਲ ਵੈਰਾਗਮਈ ਬਾਣੀ ਰਚਣਗੇ। ਤੁਸੀਂ ਕੇਵਲ ਨੌਂ ਧੁਨਾਂ ਹੀ ਚਾੜ੍ਹਨੀਆਂ।" ਹੋਰ ਜੇ ਕੋਈ ਆਪਣੀ ਕਵਿਤਾ ਲਿਖੇ, ਵੱਖਰੀ ਹੀ ਲਿਖੇ, ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਾ ਚਾੜ੍ਹੇ। ੴ ਸਤਿਗੁਰ ਪ੍ਰਸਾਦਿ॥ ਆਦਿ ਬਾਣੀ ਦਾ ਮੰਗਲ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ,ਸ੍ਰੀ ਦਸਮ ਗ੍ਰੰਥ ਸਾਹਿਬ ਜੀ 'ਚ ਬਾਰ ੨ ਲਿਖਿਆ ਹੈ,ਇਹ ਭੀ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਅੰਮ੍ਰਿਤ ਰੂਪ ਪਰਮਪਵਿੱਤ੍ਰ ਸ਼ੁਭ ਸੱਚਾ ਨਾਮ ਹੈ। ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਮਹਾਨ ਕ੍ਰਿਪਾ ਕਰਕੇ, ਸ੍ਰੀ ਦਸਮ ਗ੍ਰੰਥ ਸਾਹਿਬ ਜੀ 'ਚ ਅਕਾਲ ਪੁਰਖੁ ਜੀ ਦੀ ਜੋ ਅਸਚਰਜ ਵਿਸਮਾਦ ਮਹਿਮਾ ਲਿਖੀ ਹੈ, ਅੱਖਰ ੨ 'ਚ ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦਾ ਉੱਚਾ ਸੁੱਚਾ ਨਾਮ ਹੈ। ਆਪਣੇ ਸਿੰਘਾਂ ਅੰਦਰ ਬੀਰ ਰਸ ਭਰਨ ਲਈ, ਪੁਰਾਤਨ ਗ੍ਰੰਥਾਂ ਦਾ ਉਤਾਰਾ ਚੰਡੀ ਦੀ ਵਾਰ ਆਦਿ ਜੰਗਾਂ ਦੇ ਪ੍ਰਸੰਗ, ਅਵਤਾਰਾਂ ਦੀ ਕਥਾ ਆਪਣੀ ਕਵਿਤਾ 'ਚ ਲਿਖ ਕੇ, ਆਪਣੇ ਪੰਥ ਜੀ ਨੂੰ ਵਡਮੁੱਲਾ ਅਨਮੋਲ ਖ਼ਜ਼ਾਨਾ ਬਖ਼ਸ਼ਿਆ ਹੈ। ਪੁਰਾਤਨ ਗ੍ਰੰਥਾਂ ਦੇ ਉਤਾਰੇ 'ਤੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਨਾਮ ਕਿਵੇਂ ਲਿਖਦੇ?

ਜਿਵੇਂ ੨ ਅਕਾਲ ਪੁਰਖੁ ਸਾਹਿਬ ਜੀ ਦਾ ਹੁਕਮ ਹੋਇਆ,ਤਿਵੇਂ ੨ ਹੀ ਗੁਰਬਾਣੀ ਉਚਾਰੀ ਹੈ।ਸੱਚੇ ਪਾਤਿਸਾਹ ਜੀ ਦੀ ਮਹਿਮਾ ਸੱਚੇ ਪਾਤਿਸਾਹ ਜੀ ਹੀ ਜਾਨਣ,ਇੱਕ ਜੋਤਿ ਨਿਸਚਾ ਕਰਕੇ ਸ਼ੰਕੇ ਛੱਡ,ਸੱਚੇ

ਪਾਤਿਸਾਹ ਜੀ ਦੇ ਸੱਚੇ ਚਰਨ-ਕਮਲ ਚੱਟੀਏ ਲਾਹਾ ਖੱਟੀਏ।

ਵਾਹਿਗੁਰੂ ਦਸਵੇਂ ਪਾਤਿਸਾਹ ਜੀ ਨੇ ਨਿਮ੍ਰਤਾ ਵਾਲੀ ਕਮਾਲ ਕਰ ਦਿਖਲਾਈ ਹੈ,ਆਪਣੀ ਵਡਿਆਈ ਦੀ ਇੱਛਾ ਹੀ ਨਹੀਂ ਰੱਖੀ, ਸਤਿਗੁਰੂ ਸਾਹਿਬਾਨ ਜੀ ਨੂੰ ਵੱਡੇ ਮੰਨਿਆਂ,ਅਤਿਅੰਤ ਹੀ ਸਤਿਕਾਰ ਰੱਖਿਆ,ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਕੰਠੋਂ ਉਚਾਰੇ,ਪਰ ਫੇਰ ਭੀ ਆਪਣਾ ਨਾਮ ਨਹੀਂ ਲਿਖਿਆ।ਇਸ ਨੂੰ ਕਹੀਦਾ ਹੈ, ਵਾਹਿਗੁਰੂ ੨ ਆਪੇ ਦਾ ਤਿਆਗ ਸੇਵਾ ਕੁਰਬਾਨੀ,ਸਤਿਗੁਰੂ ਦਸੇ ਪਾਤਿਸਾਹ ਇੱਕ ਜੋਤਿ।ਗੁਰਬਾਣੀ 'ਚ ਆਪਣੀ ਬਾਣੀ ਨ ਚਾੜ੍ਹਨ ਦੇ ਅਨੇਕਾਂ ਗੁਣ ਹਨ,ਹੋਰ ਕੱਚੀ ਬਾਣੀ ਵਾਲਿਆਂ ਨੂੰ ਸਿੱਖਿਆ ਮਿਲੀ, ਜੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਆਪ ਆਪਣੀ ਬਾਣੀ ਨਹੀਂ ਚਾੜ੍ਹੀ,ਤਾਂ ਅਸੀਂ ਕਿਵੇਂ ਚਾੜ੍ਹੀਏ?ਕੱਚੀ ਬਾਣੀ ਵਾਲਿਆਂ ਨੂੰ ਬੰਨ੍ਹ ਪਾ ਦਿਤਾ।

੩੦.ਰਜਿ ਰਜਿ ਭੋਜਨੁ ਖਾਵਹੁ;ਮੇਰੇ ਭਾਈ॥ਅੰਮ੍ਰਿਤ ਨਾਮੁ;ਰਿਦ ਮਾਹਿ ਧਿਆਈ॥ ਧੰਨ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਪੂਰੇ ਸਤਿਗੁਰੂ ਸਾਹਿਬਾਨ ਜੀ ਦੀ ਸ਼ਰਨ 'ਚ,ਅੰਮ੍ਰਿਤ ਨਾਮੁ ਨੂੰ, ਆਪਣੇ (ਰਿਦ) ਰਿਦੇ (ਮਾਹਿ)'ਚ ਜੋ (ਧਿਆਈ) ਧਿਆਉਂਦਾ ਹੈ,ਹੇ ਮੇਰੇ ਭਾਈ! ਇਹੋ ਹੀ ਅੰਮ੍ਰਿਤ ਸੱਚਾ ਭੋਜਨੁ, ਰਜਿ ਰਜਿ ਕੇ (ਖਾਵਹੁ) ਖਾਂਦਾ ਹੈ।

ਯਥਾ:- ਤ੍ਰਿਪਤਿ ਭਈ; ਸਚੁ ਭੋਜਨੁ ਖਾਇਆ॥ ਮਨਿ ਤਨਿ ਰਸਨਾ; ਨਾਮੁ ਧਿਆਇਆ॥(੬੮੪) ਜੇ ਕੋਈ ਖਾਣ ਦੇ ਲਾਲਚ ਕਰਕੇ,ਉਪ੍ਰੋਕਤ ਤੁਕ ਪੜ੍ਹੇ ਤਾਂ ਗ਼ਲਤ ਹੈ।

੩੧.ਸਤਿਗੁਰੂ ਸਾਹਿਬ ਜੀ ਦੀ ਹਜ਼ੂਰੀ 'ਚ ਕੁਰਸੀਆਂ?ਸੱਚੇ ਪਾਤਿਸਾਹ ਜੀ ਦੀ ਖ਼ੁਸ਼ੀ ਪ੍ਰਾਪਤ ਕਰਨ ਲਈ,ਪ੍ਰੇਮੀ ਅਨੇਕਾਂ ਉਪਾਵ ਯਤਨਾ ਨਾਲ ਸੇਵਾ ਸਿਮਰਨ ਭਗਤੀ ਕਰਦੇ ਹਨ।ਯਥਾ:-ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ;ਵਿਚਿ ਅਖੀ. ਗੁਰ ਪੈਰ ਧਰਾਈ॥ਸਤਿਗੁਰੂ ਸਾਹਿਬ ਦੇ ਪਰਮਪਵਿੱਤ੍ਰ ਦੁਆਰੇ 'ਤੇ ਜਾ ਕੇ ਡੰਡਉਤ ਕਰਨੀ ਹੈ।ਤਨ ਮਨ ਧਨ ਸਿਰ ਅਰਪਣਾ ਹੈ,ਪੰਜੇ ਵਿਕਾਰ ਤਿਆਗਣੇ ਹਨ।ਪਹਿਲਾ ਮਰਣੁ ਕਬੂਲਿ;ਜੀਵਣ ਕੀ ਛਡਿ ਆਸ॥ਹੋਹੁ ਸਭਨਾ ਕੀ ਰੇਣੁਕਾ;ਤਉ ਆਉ ਹਮਾਰੈ ਪਾਸਿ॥ਆਦਿ ਬਚਨਾਂ ਨੂੰ ਕਮਾਉਣਾ ਹੈ।

ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਸ੍ਰੀ ਕੋਠੜੀ ਸਾਹਿਬ ਜੀ ਵਿਖੇ,ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਰਮਪਵਿੱਤ੍ਰ ਸੁੰਦਰ ਪਲੰਘੇ ਹੇਠਾਂ ਬਿਰਾਜਦੇ।ਸਤਿਗੁਰੂ ਪੰਜਵੇਂ ਪਾਤਿਸਾਹ ਜੀ ਤੋਂ ਲੈ ਕੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਤੱਕ ਸ੍ਰੀ ਸਤਿਗੁਰੂ ਸਾਹਿਬਾਨ ਜੀ, ਗੁਰਤਾ ਦੇ ਮਾਲਕ ਹੁੰਦਿਆਂ ਭੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਚਰਨ-ਕਮਲਾਂ 'ਚ ਗੱਦਾ ਲਾ ਕੇ, ਜਾਂ ਪੰਘੂੜੇ 'ਤੇ ਭੀ ਨਹੀਂ ਬੈਠੇ। ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉੱਚੇ ਸਜਾ ਕੇ, ਨੀਵੇਂ ਕੁਰਸੀ 'ਤੇ ਬੈਠੀਏ, ਤਾਂ ਭੀ ਗੁਰਬਾਣੀ ਗੁਰੂ ਜੀ ਦਾ ਸਤਿਕਾਰ ਨਹੀਂ ਹੈ, ਸੋ ਕੁਰਸੀ ਤਿਆਗ ਕੇ ਸਤਿਗੁਰੂ ਸਾਹਿਬਾਨ ਜੀ ਦੀ ਪ੍ਰਸੰਨਤਾ ਪ੍ਰਾਪਤ ਕਰੋ ਜੀ।

ਕੁਰਸੀ ਛੋਟੀ ਹੈ, ਜੋ ਡਿੱਗ ਕੇ ਲੱਤ ਬਾਂਹ ਤੋੜਦੀ ਹੈ, ਧਰਤੀ ਹੀ ਵੱਡੀ ਹੈ, ਜਿਸ 'ਤੇ ਸਾਰਿਆਂ ਨੇ ਲੇਟਣਾ ਹੈ। ਯਥਾ:- ਕਬੀਰ. ਗਰਬੁ ਨ ਕੀਜੀਐ; ਊਚਾ ਦੇਖਿ ਅਵਾਸੁ॥ ਆਜੁ ਕਾਲ੍ਹਿ ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥ਕੁਰਸੀ 'ਤੇ ਬੈਠਣਾ ਹੰਕਾਰ ਹੈ,ਧਰਤੀ 'ਤੇ ਨੀਵੇਂ ਬੈਠਣਾ ਨਿਮ੍ਰਤਾ ਹੈ। ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਹੁਣ ਉੱਬਲਦੀ ਦੇਗ 'ਚ ਬੈਠ ਰਹੇ ਹਨ। ਤੱਤਾ ਰੇਤਾ ਆਪਣੇ ਸੀਸ 'ਤੇ ਪੁਆ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹ ਰਹੇ ਹਨ, ਇਹ ਧਿਆਨ ਧਾਰ ਕੇ, ਸਤਿਗੁਰੂ ਸਾਹਿਬਾਨ ਜੀ ਦੀ ਪਰਮਪਵਿੱਤ੍ਰ ਹਜ਼ੂਰੀ 'ਚ ਕੁਰਸੀਆਂ 'ਤੇ ਨਹੀਂ ਬੈਠਣਾ ਜੀ।

੩੨.ਰਾਮ ਰਵੰਤਾ ਜਾਣੀਐ;ਇਕ ਮਾਈ ਭੋਗੁ ਕਰੇਇ॥ਤਾ ਕੇ ਲਖਣ ਜਾਣੀਅਹਿ;ਖਿਮਾ ਧਨੁ ਸੰਗ੍ਰਹੇਇ॥ਪਰਮਪੂਜਨੀਕ (ਰਾਮ) ਵਾਹਿਗੁਰੂ ਸਰੂਪ ਸਤਿਗੁਰੂ ਸਾਹਿਬਾਨ ਜੀ ਦੁਆਰਾ (ਰਵੰਤਾ) ਰਮੇ,ਵਿਆਪਕ ਰਾਮ ਜੀ ਨੂੰ (ਜਾਣੀਐ) ਜਾਣ ਕੇ,ਇਕ (ਮਾਈ) [1]ਮਾਇਆ ਦਾ ਭੋਗੁ ਪਾਉਣਾ (ਕਰੇਇ), ਭਾਵ ਇਸ ਨੂੰ ਖ਼ਤਮ ਕਰੇ। ਵਾਹਿਗੁਰੂ ਬ੍ਰਹਮ ਸਰੂਪ ਪਰਮਪਵਿੱਤ੍ਰ ਗੁਰਬਾਣੀ ਦੇ ਅਰਥ ਵਿਆਪਕ ਬ੍ਰਹਮ ਜੀ ਦੇ ਸੁੰਦਰ ਦਰਸ਼ਨਾਂ ਵੱਲ ਲਾ ਕੇ ਅਰਥ ਕਰਨੇ, ਵਿਕਾਰ ਵੱਲ ਨਹੀਂ ਲਾਉਣੇ। [1]ਜੜ ਚੇਤਨ ਦੋ ਪ੍ਰਕਾਰ ਦੀ ਮਾਇਆ ਹੈ। ਜੜ ਧਨ, ਚੇਤਨ ਸ੍ਰੀਰ ਭਾਵ ਚੌਰਾਸੀ ਲੱਖ ਜੂਨ ਦੇ ਜੀਵ ਇੱਕ ਦੂਜੇ ਨਾਲ ਮੋਹ ਵੈਰ ਵਿਕਾਰ 'ਚ ਪਲਚ ੨ ਕੇ ਮਰਦੇ ਹਨ,ਇਹ ਚੇਤਨ ਮਾਇਆ ਹੈ।

੩੩. ਕੀ ਪੈ ਕੇ ਸਿਮਰਨ ਹੋ ਸਕਦਾ ਹੈ? ਹਰਿ ਸਿਮਰਨ ਕੀ;ਸਗਲੀ ਬੇਲਾ॥) ਸਾਸਿ ਸਾਸਿ; ਸਿਮਰਹੁ ਗੋਬਿੰਦ॥ ਅਨੁਸਾਰ ਚੌਵੀ ਘੰਟੇ ਸਿਮਰਨ ਕਰਨ ਦਾ ਹੁਕਮ ਹੈ। ਯਥਾ:- ਊਠਤ ਬੈਠਤ; ਸੋਵਤ ਧਿਆਈਐ॥ ਮਾਰਗਿ ਚਲਤ; ਹਰੇ ਹਰਿ ਗਾਈਐ॥

੩੪. ਚਰਨ ਸਾਧ ਕੇ; ਧੋਇ ਧੋਇ ਪੀਉ॥ ਅਰਪਿ ਸਾਧ ਕਉ; ਅਪਨਾ ਜੀਉ॥ ਧੰਨ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਮਿਰਤਕ ਕਉ;ਜੀਵਾਲਨਹਾਰ॥ਭੂਖੇ ਕਉ;ਦੇਵਤ ਅਧਾਰ॥ਅਨੰਤ ਗੁਣਾਂ ਦੇ ਮਾਲਕ,ਕੋਟਾਨ ਕੋਟਿ ਸੂਰਜਾਂ ਦੇ ਪ੍ਰਕਾਸ਼ਕ ਸ੍ਰਬ ਵਿਆਪੀ (ਸਾਧ) ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਚਰਨ-ਕਮਲ,ਦਾਸਨ ਦਾਸ ਧੋ ੨ ਕੇ ਪੀਂਦਾ ਹੈ, ਐਸੀ ਦ੍ਰਿੜ ਭਾਵਨਾ ਹੈ। ਸਾਧ ਕੀ ਧੂਰਿ;ਕਰਹੁ ਇਸਨਾਨੁ॥ ਸਾਧ ਸਤਿਗੁਰੂ ਸਾਹਿਬਾਨ ਜੀ ਦੀ ਚਰਨ ਧੂੜ 'ਚ ਦਾਸਨ ਦਾਸ ਇਸ਼ਨਾਨ ਕਰਦਾ ਹੈ। ਵਾ

ਚਰਨ ਸਾਧ ਕੇ;ਧੋਇ ਧੋਇ ਪੀਉ॥ਨਿਰਾਹਾਰ ਨਿਰਵੈਰ ਸੁਖਦਾਈ॥ ਪਖੰਡੀ ਕਹਿੰਦੇ ਹਨ ਕਿ ਸਾਡੇ ਪੈਰ ਧੋ ਕੇ ਪੀਵੋ, ਆਪਣਾ ਜੀਉ ਸਾਨੂੰ ਭੇਟਾ ਕਰੋ। ਉੱਤ੍ਰ:- ਸਤ ਸੰਤੋਖੀ ਸਤਿਗੁਰੁ ਪੂਰਾ॥)ਮਿਰਤਕ ਕਉ;ਜੀਵਾਲਨਹਾਰ॥ਭੂਖੇ ਕਉ;ਦੇਵਤ ਅਧਾਰ॥)ਅਲਖ ਅਭੇਵ ਪੁਰਖ ਪਰਤਾਪ॥ਆਦਿ ਅਨੰਤ ਸ਼ੁਭ ਗੁਣਾਂ ਦੇ ਦਾਤੇ ਸਤਿਗੁਰੂ ਸਾਹਿਬ ਮਹੱਲਾ ਚੌਥਾ ਜੀ,ਧਰਨਿ ਗਗਨ ਨਵ ਖੰਡ ਮਹਿ;ਜੋਤਿ ਸ੍ਵਰੂਪੀ ਰਹਿਓ ਭਰਿ॥ਭਨਿ ਮਥੁਰਾ.ਕਛੁ ਭੇਦੁ ਨਹੀ;ਗੁਰੁ ਅਰਜੁਨੁ ਪਰਤਖ੍ਹ ਹਰਿ॥ਪਰਮ ਪੂਜਨੀਕ ਮਹੱਲੇ ਪੰਜਵੇਂ ਸਾਹਿਬ

ਜੀ ਨੂੰ,ਅੰਦਰ ਬਾਹਰ ਸਰਬ ਵਿਆਪੀ ਵਿਸਮਾਦ ਅਨਤ ਕਲਾਵਾਨ ਮਹਾਂ ਵਿਸਮਾਦਤਾਈ ਬਖ਼ਸ਼ ਰਹੇ ਹਨ।ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ;ਪੂਰਨ ਅਗਮ ਬਿਸਮਾਦ॥ਅਨੁਸਾਰ ਪੂਰਨ ਅਗਮ ਵਿਸਮਾਦ ਬ੍ਰਹਮਾਨੰਦ ਰਸ,ਅਨਹਦ ਝੁਨਕਾਰ 'ਚ ਲੀਨ,ਪੂਰਨ ਅਗਮ ਵਿਸਮਾਦ ਬ੍ਰਹਮ ਜੀ ਨੂੰ ਤੱਕ ਕੇ ਫ਼ੁਰਮਾ ਰਹੇ ਹਨ:-ਨਾਨਕ.ਰੁੰਨਾ ਬਾਬਾ ਜਾਣੀਐ;ਜੇ ਰੋਵੈ ਲਾਇ ਪਿਆਰੋ॥)ਹਉ.ਰਹਿ ਨ ਸਕਾ,ਬਿਨੁ ਦੇਖੇ ਪ੍ਰੀਤਮਾ;ਮੈ ਨੀਰੁ ਵਹੇ ਵਹਿ ਚਲੈ ਜੀਉ॥ਅਨੁਸਾਰ ਗੁਰੂ ਜੀ ਦੇ ਸੱਚੇ ਚਰਨ-ਕਮਲਾਂ 'ਤੇ ਮੱਥਾ ਰੱਖ ਕੇ,ਸੱਚੇ ਚਰਨ-ਕਮਲਾਂ ਨਾਲ ਪਿਆਰ ਲਾ ਕੇ ਰੋਂਦਿਆਂ ੨,ਜੋ ਜਲ ਸੁੱਟਣਾ ਹੈ,ਇਸ ਵੈਰਾਗ ਰੂਪੀ ਜਲ ਨਾਲ(ਸਾਧ)ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;ਸਰਬ ਜੀਆ ਕਾ ਦਾਤਾ ਰੇ॥ਸਤਿਗੁਰੂ ਨਾਨਕ ਦੇਵ ਸਾਹਿਬ ਜੀ(ਕੇ)ਦੇ ਪਰਮਪਵਿੱਤ੍ਰ ਸੱਚੇ ਚਰਨ-ਕਮਲਾਂ ਨੂੰ,ਦਾਸਨ ਦਾਸ ਗ੍ਰੀਬ ਧੋਇ ਧੋਇ ਕੇ,ਬ੍ਰਹਮਾਨੰਦ ਰਸ(ਪੀਉ)ਪੀਂਦਾ ਹੈ,ਜਿਸ ਵਿਸਮਾਦ ਰਸ ਨੂੰ,ਪੂਰਨ ਗੁਰੂ ਜੀ ਕ੍ਰਿਪਾ ਕਰਕੇ ਦਾਸਨਦਾਸ ਦੇ ਰਿਦੇ'ਚੋਂ ਮੁਖ 'ਚ ਹਰ ਸਮੇਂ ਭੇਜਦੇ ਰਹਿੰਦੇ ਹਨ।ਯਥਾ:-ਚਰਣ ਕਮਲ ਤੇਰੇ.ਧੋਇ ਧੋਇ ਪੀਵਾ; ਮੇਰੇ ਸਤਿਗੁਰ.ਦੀਨ ਦਇਆਲਾ॥)ਸਤਿਗੁਰ ਕੇ ਚਰਨ;ਧੋਇ ਧੋਇ ਪੀਵਾ॥ਗੁਰ ਨਾਨਕ;ਜਪਿ ਜਪਿ ਸਦ ਜੀਵਾ॥{ਗੁਰਪ੍ਰਸਾਦਿ ਪ੍ਰੇਮ ਬੇਨੰਤੀ:-ਵਾਹਿਗੁਰੂ ਸੇਵਾ ਸਿਮਰਨ ਗੁਰੂ ਇਤਿਹਾਸ ਦੇ ਅਭਿਆਸ ਦੁਆਰਾ,ਸਤਿਗੁਰਾਂ ਦਾ ਬਖ਼ਸ਼ਿਆ ਅੰਮ੍ਰਿਤ ਰਿਦੇ 'ਚੋਂ ਉੱਠ ਕੇ ਹਰ ਸਮੇਂ ਮੁਖ 'ਚ ਆਉਣਾ ਅਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ,ਸੱਚੇ ਸਤਿਗੁਰੂ ਸਾਹਿਬਾਨ ਦਸਾਂ ਪਾਤਿਸਾਹਾਂ ਦੇ ਸ਼ੁਭ ਸੱਚੇ ਚਰਨ -ਕਮਲ ਧੋ ੨ ਕੇ ਪੀਣੇ ਹਨ।ਪਰਮਪੂਜਨੀਕ ਸੱਚੇ ਸਤਿਗੁਰੂ ਮਹੱਲੇ ਦਸਵੇਂ ਜੀ ਸਮੇਂ,੧੭੫੬ ਬਿਕ੍ਰਮੀ ਚੇਤ ਦੀ ਸੰਪੂਰਨਤਾ ਤੱਕ,

ਪਰਮਪਵਿੱਤ੍ਰ ਸੱਚੇ ਚਰਨ-ਕਮਲ ਧੋ ਕੇ ਪਿਲਾਉਣ ਦੀ ਮਰਯਾਦਾ ਸੀ।ਰੀਸ ਕਰਕੇ ਦੰਭੀ ਪਖੰਡੀ ਆਪਣੇ ਪੈਰ ਧੋ ਕੇ ਪਿਆਉਂਦੇ ਸਨ।ਇਸ ਕੁਰੀਤੀ ਨੂੰ ਹਟਾਉਣ ਲਈ,ਵਾਹਿਗੁਰੂ ਮਹੱਲੇ ਦਸਵੇਂ ਜੀ ਨੇ ਪਰਮਪਵਿੱਤ੍ਰ ਖੰਡੇ ਬਾਟੇ ਦੇ ਅੰਮ੍ਰਿਤ ਦੀ ਸ਼ੁਭ ਸੱਚੀ ਅਮੋਲਕ ਦਾਤਿ ਬਖ਼ਸ਼ੀ ਹੈ।ਫੇਰ ਆਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ,ਸ੍ਰੀ ਗੁਰੂ ਗੋਬਿੰਦ ਰਾਇ ਸਾਹਿਬ ਜੀ ਤੋਂ,ਸ੍ਰੀ ਗੁਰੂ ਗੋਬਿੰਦਸਿੰਘ ਸਾਹਿਬ ਖ਼ਾਲਸਾ ਜੀ,ਗੁਰੂ ਖ਼ਾਲਸਾ ਪੰਥ ਜੀ ਦੇ ਪਰਮਪੂਜਨੀਕ ਧਰਮੀ ਸੱਚੇ ਪਿਤਾ ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ; ਸਾਹਿਬ ਜੀ ਬਣੇ।ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਹੁਕਮ ਮੰਨ ਕੇ,ਕਿਸੇ ਮ੍ਰਿਤਕ ਸ੍ਰੀਰ ਦੇ ਇਸ਼ਨਾਨ ਦਾ ਅਪਵਿੱਤ੍ਰ ਜਲ ਆਪਣੇ ਮੁਖ 'ਚ ਨਹੀਂ ਪਾਉਣਾ,ਇਹ ਮਹਾਂ ਵਿਕਰਾਲ ਭੈੜੀ ਬੀਮਾਰੀ ਆਦਤ ਹੈ।ਜਗਤ ਦੀ ਭੇਡਾ ਚਾਲ ਅਨੁਸਾਰ ਰੀਸ ਕਰਕੇ,ਇਹ ਗ਼ਲਤੀ ਨਹੀਂ ਕਰਨੀ,ਜਿਨ੍ਹਾਂ ਮਹਾਂਪੁਰਸ਼ਾਂ ਦੇ ਮ੍ਰਿਤਕ ਇਸ਼ਨਾਨ ਦਾ ਜਲ ਤੁਸੀਂ ਪੀਤਾ ਹੈ,ਓਹੁ ਭੀ ਨਹੀਂ ਬਖ਼ਸ਼ਣਗੇ।ਪੂਰਨ ਗੁਰੂ ਜੀ ਦਾ ਹੁਕਮ ਮੰਨੋ,ਬੰਦੇ ਦੇ ਗੰਦੇ ਪੈਰ ਧੋ ਕੇ ਨ ਪੀਵੋ ਨ ਪਿਆਵੋ।ਇਸ ਨਰਕ ਤੋਂ ਬਚੋ ਬਚਾਵੋ}

ਚਰਨ ਸਾਧ ਕੇ;ਧੋਇ ਧੋਇ ਪੀਉ॥ਅਰਪਿ ਸਾਧ ਕਉ;ਅਪਨਾ ਜੀਉ॥੨.ਪਰਮਪੂਜਨੀਕ ਸੱਚੇ

ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨ-ਕਮਲ ਗੁਰਸਬਦ ਜੀ ਹਨ।ਯਥਾ:-ਹਿਰਦੈ.ਚਰਣ ਸਬਦੁ ਸਤਿਗੁਰ ਕੋ;ਨਾਨਕ.ਬਾਂਧਿਓ ਪਾਲ॥(ਸਾਧ)ਸੱਚੇ ਸਤਿਗੁਰੂ ਸਾਹਿਬ ਜੀ(ਕੋ)ਦੇ ਸੱਚੇ(ਚਰਨ)ਗੁਰਸਬਦਾਂ ਦੇ ਅਰਥਾਂ ਨੂੰ ਪ੍ਰੇਮੀਆਂ ਨਾਲ ਮਿਲ ਕੇ ਵੀਚਾਰਨ,ਅੱਗੇ ਪੜ੍ਹਾਉਣ, ਗੁਰਸਬਦ ਅਭਿਆਸ ਕਰਨ ਕਰਾਉਣ, ਗੁਰਸਬਦ ਸੰਥਾ ਸ਼ੁੱਧੀ ਕਰਨੀ ਕਰਾਉਣੀ, ਗੁਰੂ ਜੀ ਦੇ ਸੱਚੇ ਚਰਨ-ਕਮਲ ਧੋ ਕੇ ਪੀਣੇ ਹਨ।ਕਥਾ ਕੀਰਤਨ ਕਰਨ ਸੁਨਣ ਸੁਨਾਉਣ ਬਾਰ ੨ ਅਭਿਆਸ ਧਿਆਨ ਕਰਨ ਰੂਪ,ਧੋਇ ਧੋਇ ਕੇ,ਆਪਣੇ ਰਿਦੇ'ਚੋਂ ਮੁਖ'ਚ,ਸੱਚੇ ਸਤਿਗੁਰੂ ਸਾਹਿਬ ਜੀ ਦਾ ਬਖ਼ਸ਼ਿਆ ਅੰਮ੍ਰਿਤ ਪ੍ਰਾਪਤ ਕਰਕੇ ਪੀਉ।ਯਥਾ:-ਅੰਮ੍ਰਿਤੁ ਪੀਆ;ਸਤਿਗੁਰਿ ਦੀਆ॥ਅਵਰੁ ਨ ਜਾਣਾ;ਦੂਆ ਤੀਆ॥(ਸਾਧ) ਪਰਮਪੂਜਨੀਕ ਸੱਚੇ ਸਤਿਗੁਰੂ ਪ੍ਰਮੇਸਰ ਜੀ(ਕਉ) ਨੂੰ,ਅਪਨਾ (ਜੀਉ)ਮਨ, ਜੀਵਨ,ਸਿਰ(ਅਰਪਿ)ਭੇਟਾ ਕਰੋ।

੩੫. ਕੀ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਰੱਬ ਨੂੰ ਉਲਾਂਭਾ ਦਿਤਾ?ਏਤੀ ਮਾਰ ਪਈ ਕਰਲਾਣੇ;ਤੈਂ ਕੀ ਦਰਦੁ ਨ ਆਇਆ॥੧॥ ਉਲਾਂਭਾ ਦੇਣਾ ਰਜ਼ਾ ਦੇ ਉਲਟ ਹੈ।ਸੱਚੇ ਪਾਤਿਸਾਹ ਜੀ ਨੇ ਆਹ ਦਾ ਨਾਹਰਾ ਮਾਰਿਆ ਹੈ। ਏਮਨਾਬਾਦੀ ਜੀਆਂ 'ਤੇ (ਏਤੀ) ਇਤਨੀ, ਜਿਤਨੀ ਸ਼ਬਦ 'ਚ ਦੱਸੀ ਹੈ, ਭਾਵ ਬਹੁਤੀ ਤੋਂ ਬਹੁਤੀ ਸਖ਼ਤ ਮਾਰ ਪਈ, ਜਿਸ ਨੂੰ ਨ ਸਹਾਰਦਿਆਂ, ਵਿਚਾਰੇ ਰੋਂਦੇ (ਕਰਲਾਣੇ) ਕੁਰਲਾਂਦੇ ਵਿਰਲਾਪ ਕਰਦੇ ਹਨ, ਹੇ ਬਾਬਰ! ਕੀ (ਤੈਂ) ਤੈਨੂੰ ਇਨ੍ਹਾਂ ਅਤੀ ਦੁਖੀ ਜੀਆਂ 'ਤੇ ਦਰਦੁ (ਨ) ਨਹੀਂ ਆਇਆ? ਗੁਰੂ ਜੀ ਨੂੰ ਜੋ ਦਰਦ ਆਇਆ ਸੋ ਚੌਂਹ ਸ਼ਬਦਾਂ 'ਚ ਫ਼ੁਰਮਾ ਰਹੇ ਹਨ:- ;ਜਮੁ ਕਰਿ ਮੁਗਲੁ ਚੜਾਇਆ॥(ਵੱਗੈ ਪੜ੍ਹੋ) ਜੇ ਸਕਤਾ ਸਕਤੇ ਕਉ ਮਾਰੇ; ਤਾ ਮਨਿ ਰੋਸੁ ਨ ਹੋਈ॥੧॥ ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ; ਖਸਮੈ ਸਾ ਪੁਰਸਾਈ॥

੩੬.ਕ੍ਰਿਪਾ ਕਰੀ ਹਮ ਪਰ ਜਗ ਮਾਤਾ॥(ਸ੍ਰੀ ਦਸਮ ੧੩੮੮)ਕੀ ਦੇਵੀ ਜੀ ਨੂੰ ਮਾਤਾ ਕਿਹਾ ਹੈ?ਹਰਿ ਆਪੇ ਮਾਤਾ ਆਪੇ ਪਿਤਾ;ਅਨੁਸਾਰ ਹਰੀ ਅਕਾਲ ਪੁਰਖੁ ਜੀ ਨੂੰ ਹੀ ਮਾਤਾ ਪਿਤਾ ਕਿਹਾ ਹੈ।ਸਾਰੇ ਜੀਆਂ ਨੂੰ ਪੈਦਾ ਕਰਨ ਵਾਲੇ,ਸਭ ਦੇ ਮਾਤਾ ਪਿਤਾ ਹਰੀ ਗੁਰੂ ਜੀ ਆਪ ਹੀ ਹਨ।ਸੋ ਦੇਵੀ ਜੀ ਨੂੰ ਮਾਤਾ ਨਹੀਂ ਕਿਹਾ।

੩੭.ਕਬੀਰ.ਸਾਧੂ ਕਉ ਮਿਲਨੇ ਜਾਈਐ;ਸਾਥਿ ਨ ਲੀਜੈ ਕੋਇ॥ਪਾਛੈ ਪਾਉ ਨ ਦੀਜੀਐ; ਆਗੈ ਹੋਇ ਸੁ ਹੋਇ॥

੧. ;ਸਾਥਿ ਨ ਲੀਜੈ ਕੋਇ॥ ਦਾ ਭਾਵ ਕੋਈ ਮਾੜਾ ਫ਼ੁਰਨਾ ਨਾਲ ਨ ਲਿਜਾਉ,ਕਾਮਨਾ ਮੈਲ ਹੈ,ਜੋ ਪ੍ਰਮਾਤਮਾ ਜੀ ਨਾਲ ਜੁੜਨ ਨਹੀਂ ਦਿੰਦੀ। ਭਜਨ ਸਿਮਰਨ ਦੇ ਮਹੌਲ 'ਚ,ਆਪੋ ਆਪਣੀ ਕਾਮਨਾ ਦੱਸ ਕੇ ਖਲਾਰਾ ਪਾਉਣਾ ਠੀਕ ਨਹੀਂ।੨.;ਸਾਥਿ ਨ ਲੀਜੈ ਕੋਇ॥ ਦਾ ਭਾਵ ਇਹ ਭੀ ਹੈ,ਘਰ ਨੂੰ ਵਾਪਿਸ ਆਉਣ ਦਾ ਕੋਈ ਭੀ ਫ਼ੁਰਨਾ ਨਾਲ ਲੈ ਕੇ ਨ ਜਾਓ,ਜਿਵੇਂ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਚਰਨ ਕਮਲਾਂ 'ਚ ਪਹੁੰਚੇ,ਵਾਪਿਸ ਨਹੀਂ ਆਏ,ਸੱਚੇ ਚਰਨ ਕਮਲਾਂ 'ਚ ਇਉਂ ਲੀਨ ਹੋ

ਗਏ,ਜਿਵੇਂ ਪਤਾਸਾ ਪਾਣੀ 'ਚ ਘੁਲ਼ ਜਾਂਦਾ ਹੈ।੩. ;ਸਾਥਿ ਨ ਲੀਜੈ ਕੋਇ॥ ਕੁਸੰਗੀ ਨੂੰ ਨਾਲ ਨ ਲਿਜਾਉ,ਜੋ ਉੱਥੇ ਜਾ ਕੇ ਟਿਕਾਅ ਨਹੀਂ ਬਣਨ ਦੇਵੇਗਾ,ਛੇਤੀ ਵਾਪਿਸ ਲਿਆਵੇਗਾ।੪.;ਸਾਥਿ ਨ ਲੀਜੈ ਕੋਇ॥ ਕਿਸੇ ਨੂੰ ਨਾਲ ਨ ਲਿਜਾਣ ਦਾ ਭਾਵ ਨਹੀਂ,ਜਿਤਨੇ ਵੱਧ ਸਤਸੰਗੀ ਇਕੱਤ੍ਰ ਹੋ ਕੇ ਜਾਣ,ਉਤਨਾ ਹੀ ਲਾਹਾ ਹੈ। ਅੰਮ੍ਰਿਤ ਕਥਾ ਕੀਰਤਨ ਜਾਪ ਕਰਦੇ ਜਾਂਦੇ ਹਨ,ਭਜਨ ਸਿਮਰਨ ਦਾ ਪ੍ਰਵਾਹ ਪੈ ਜਾਂਦਾ ਹੈ।ਇਕੱਲੇ 'ਤੇ ਕੋਈ ਵਾਰ ਕਰ ਸਕਦਾ ਹੈ। ਦਸ ਹਜ਼ਾਰ ਪ੍ਰੇਮੀ,ਇੱਕ ੨ ਸੌ ਰੁਪੈ ਦੀ ਸੇਵਾ ਕਰਨ, ਤਾਂ ਦਸ ਲੱਖ ਰੁਪੈ ਦੀ ਸੇਵਾ ਕਰ ਲੈਣਗੇ।

੩੮.ਜਲ ਕੈ ਮਜਨਿ.ਜੇ ਗਤਿ ਹੋਵੈ;ਨਿਤ ਨਿਤ ਮੇਂਡੁਕ ਨਾਵਹਿ॥ਜੈਸੇ ਮੇਂਡੁਕ.ਤੈਸੇ ਓਇ ਨਰ;ਫਿਰਿ ਫਿਰਿ ਜੋਨੀ ਆਵਹਿ॥੨॥ਪੜ੍ਹ ਕੇ ਗੁਰੂ ਤੀਰਥ 'ਤੇ ਇਸ਼ਨਾਨ ਕਰਨ ਵਾਲੇ ਗੁਰਮੁਖਾਂ 'ਤੇ ਤਰਕ ਨ ਕਰੋ? ਵਾਹਿਗੁਰੂ ਜੀ ਦੇ ਪੂਰਨ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਨੇ,ਅੰਦਰੋਂ ਮੈਲ਼ੇ,ਜਿਹੜੇ ਪਖੰਡੀ ਤੀਰਥਾਂ 'ਤੇ ਨਹਾਉਂਦੇ ਹਨ,ਮੈਲ਼ ਨਹੀਂ ਤਿਆਗਦੇ,ਉਨ੍ਹਾਂ ਨੂੰ ਕਿਹਾ ਹੈ:-ਹੇ ਭਾਈ! ਸੱਚਾ ਇਸ਼ਨਾਨ ਤਾਂ ਸਤਿਗੁਰੂ ਸਾਹਿਬਾਨ ਜੀ ਦੀ ਪਰਮਪਵਿੱਤ੍ਰ ਸ਼ੁਭ ਸੱਚੀ ਸੇਵਾ ਹੀ ਹੈ, ਉਨ੍ਹਾਂ ਨੂੰ ਸਤਿਗੁਰੂ ਸਾਹਿਬਾਨ ਜੀ ਦੀ ਸੇਵਾ 'ਚ ਲਾ ਕੇ ਤਾਰਿਆ ਹੈ,ਭੁੱਲਿਆਂ ਨੂੰ ਸੱਚੇ ਰਸਤੇ ਪਾਇਆ ਹੈ।ਯਥਾ:-ਸਾਚਾ ਨਾਵਣੁ;ਗੁਰ ਕੀ ਸੇਵਾ॥ ਪਰਉਪਕਾਰ ਲਈ ਇਹ ਤੁਕ ਕਹਿਣੀ ਸਫ਼ਲੀ ਸੁਖਦਾਇਕ ਹੈ,ਪਰ ਜਿਹੜੇ ਅਹੰਕਾਰੀ,ਗੁਰੂ ਤੀਰਥ 'ਤੇ ਇਸ਼ਨਾਨ ਕਰਨ ਵਾਲੇ ਗੁਰਮੁਖਾਂ 'ਤੇ ਤਰਕ ਕਰਕੇ,ਉਪ੍ਰੋਕਤ ਤੁਕ ਪੜ੍ਹਦੇ ਹਨ,

ਉਨ੍ਹਾਂ ਦਾ ਕਹਿਣਾ ਇਉਂ ਹੈ:-ਅਵਰਨ ਹਸਤ ਆਪ ਹਹਿ ਕਾਂਨੇ॥ਤਿਨ ਕਉ ਦੇਖਿ;ਕਬੀਰ ਲਜਾਨੇ॥ਸੋ ਭਗਤ ਸਾਹਿਬ ਜੀ ਦੇ ਉਪ੍ਰੋਕਤ ਬਚਨ ਗੁਰੂ ਤੀਰਥਾਂ ਬਾਰੇ ਨਹੀਂ ਹਨ।

੩੯. ਕੀ ਸ਼ਿਵ ਜੀ ਤੋਂ ਹੀ ਵਰ ਮੰਗਿਆ? ਦੇਹ ਸਿਵਾ ਬਰ ਮੋਹਿ ਇਹੈ;ਸੁਭ ਕਰਮਨ ਤੇ ਕਬਹੂੰ ਨ ਟਰੋ॥ (ਸਿਵਾ)ਬ੍ਰਹਮ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਦਸਵੇਂ ਪਾਤਿਸਾਹ ਜੀ, ਅਕਾਲ ਪੁਰਖ ਵਾਹਿਗੁਰੂ ਜੀ ਤੋਂ ਵਰ ਮੰਗਦਿਆਂ ਕਹਿ ਰਹੇ ਹਨ। ਹੇ (ਸਿਵਾ)ਕਲਿਆਣ ਸਰੂਪ ਬ੍ਰਹਮ ਅਕਾਲ ਪੁਰਖ ਜੀਓ! (ਮੋਹਿ)ਦਾਸਨ ਦਾਸ ਨੂੰ ਇਹ ਵਰ ਬਖ਼ਸ਼ੋ, ਜੋ ਸ੍ਰੇਸ਼ਟ ਕੰਮਾਂ ਤੋਂ ਕਦੇ ਭੀ ਨਾ ਟਲੇ।

ਕਾਲ ਪਾਇ ਸਿਵ ਜੂ ਅਵਤਰਾ॥(ਕਾਲ)ਅਕਾਲ ਪੁਰਖ ਜੀ ਦੀ ਆਗਿਆ ਪਾਇ ਕੇ, ਸਿਵ (ਜੂ) ਜੀ (ਅਵਤਰਾ) ਪ੍ਰਗਟ ਹੋਏ ਹਨ। ਸਿਵ ਸਿਵ ਕਰਤੇ; ਜੋ ਨਰੁ ਧਿਆਵੈ॥ ਬਰਦ ਚਢੇ; ਡਉਰੂ ਢਮਕਾਵੈ॥)ਕੋਟਿ ਮਹੇਸ;ਉਪਾਇ ਸਮਾਏ॥)ਏਕ ਸਿਵ ਭਏ. ਏਕ ਗਏ.ਏਕ ਫੇਰ ਭਏ;ਰਾਮਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈ॥(ਸ੍ਰੀ ਦਸਮ ੧੮)ਸੋ ਵਿਆਪਕ ਬ੍ਰਹਮ ਜੀ ਦੇ ਸੱਚੇ ਅਵਤਾਰ ਸਤਿਗੁਰੂ ਸਾਹਿਬ

ਜੀ ਨੇ ਅਕਾਲ ਪੁਰਖੁ ਜੀ ਤੋਂ ਹੀ ਵਰ ਮੰਗਿਆ ਹੈ। ਭਾਵੇਂ ਆਪ ਜੀ ਅਕਾਲ ਪੁਰਖੁ ਜੀ ਦੇ ਅਵਤਾਰ ਹਨ,ਫਿਰ ਭੀ ਆਪਣੇ ਸਿੱਖਾਂ ਨੂੰ ਇੱਕ ਅਕਾਲ ਪੁਰਖੁ ਜੀ ਤੋਂ ਮੰਗਣ ਦੀ ਜਾਚ ਦਰਸਾ ਰਹੇ ਹਨ। ਇਸ ਕਰਕੇ ਗੁਰਸਿੱਖਾਂ ਨੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੂੰ ਹੀ ਅਕਾਲ ਪੁਰਖੁ ਮੰਨ ਕੇ, ਉਨ੍ਹਾਂ ਤੋਂ ਹੀ ਵਰ ਮੰਗਣੇ ਹਨ।

੪੦.੧ੴ ਸਤਿਗੁਰਪ੍ਰਸਾਦਿ॥ਰਾਮਕਲੀ ਕੀ ਵਾਰ ਮਹਲਾ ੩॥ਜੋਧੈ ਵੀਰੈ ਪੂਰਬਾਣੀ ਕੀ ਧੁਨੀ॥ਪਉੜੀ॥ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥ਸਭੁ ਕਿਛੁ ਆਪੇ ਆਪਿ ਹੈ ਗੁਰਸਬਦਿ ਸੁਣਾਈ॥ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ॥੧॥ ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਰਹਾਉ॥)ਜੋਧ ਬੀਰ ਪੂਰਬਾਣੀ;ਯੇਹ ਦੋ ਗਲਾਂ ਕਰੀ ਕਰਾਰੀਆਂ।ਫੌਜ ਚੜ੍ਹਾਈ ਬਾਦਸ਼ਾਹ; ਅਕਬਰ ਨੇ ਭਾਰੀਆਂ।ਸਨਮੁਖ ਹੋਇ ਰਾਜਪੂਤ;ਸੁਤਰੀ ਰਣਕਾਰੀਆਂ।ਧੂਹ ਮਿਯਾਨੋਂ ਕੱਢੀਆਂ;ਬਿਜਲੀ ਜਿਉ ਚਮਕਾਰੀਆਂ।ਇੰਦ੍ਰ ਸਣੇ ਅਪੱਛਰਾਂ;ਦੋਹਾਂ ਨੂੰ ਕਰਨ ਜੁਹਾਰੀਆ।ਏਹੀ ਕੀਤੀ ਜੋਧ ਵੀਰ;ਪਾਤਿਸਾਹ ਗੱਲਾਂ ਸਾਰੀਆਂ।ਜੋਧੈ ਵੀਰੈ ਪੂਰਬਾਣੀ ਦੀ ਵਾਰ ਦੀਆਂ ਛੇ ਤੁਕਾਂ ਹਨ।ਰਾਮਕਲੀ ਕੀ ਵਾਰ ਦੀ ਪਹਿਲੀ ਪਉੜੀ ਦੀਆਂ ਛੇ ਤੁਕਾਂ ਹਨ।ਜੋਧੈ ਵੀਰੈ ਪੂਰਬਾਣੀ ਕੀ ਧੁਨੀ॥ਉੱਪਰ ਇਸ ਵਾਰ ਨੂੰ ਗਾਉਣ ਦੀ ਪੂਰਨ ਗੁਰੂ ਜੀ ਦੀ ਆਗਿਆ ਹੈ।ਇਸ ਅਨੁਸਾਰ ਅਗਲੀਆਂ ਵੀਹ ਪਉੜੀਆਂ 'ਚ ਹਰ ਪੌੜੀ ਮਗਰੋਂ,ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਤੁਕ ਪੂਰਨ ਪ੍ਰੇਮ ਨਮਸਕਾਰ ਸਹਿਤ ਪੜ੍ਹਨੀ ਜੀ ਪਿਆਰੇ। ਬਾਈ ਵਾਰਾਂ 'ਚੋਂ ਰਹਾਉ ਕੇਵਲ ਇਸ ਵਾਰ 'ਚ ਹੀ ਆਉਂਦਾ ਹੈ,ਇਸ ਦਾ ਭਾਵ ਹੈ,ਇਸ ਤੋਂ ਅੱਗੇ ਵੀਹ ਪਉੜੀਆਂ 'ਚ ਹਰੇਕ ਪਉੜੀ ਦੀ ਸੰਪੂਰਨਤਾ 'ਤੇ ਇਹ ਤੁਕ(ਰਹਾਉ) ਬੀਜਣਾ ਭਾਵ ਪੜ੍ਹਨਾ ਕਰੋ,ਸੱਚੇ ਪਾਤਿਸਾਹ ਜੀ ਦਾ ਹੁਕਮ ਹੈ।

ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੀ ਟਕਸਾਲ 'ਚ ਸੀਨੇ ਬਸੀਨੇ ਪੜ੍ਹਦੇ ਹਨ। ਭਾਈ ਮਨੀ ਸਿੰਘ ਸਾਹਿਬ ਜੀ, ਬਾਬਾ ਦੀਪ ਸਿੰਘ ਸਾਹਿਬ ਜੀ, ਭਾਈ ਕਾਨ੍ਹ ਸਿੰਘ ਸਾਹਿਬ ਜੀ, ਸਾਧੂ ਸੁਤੇ ਪ੍ਰਕਾਸ਼ ਜੀ, ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਗਿਆਨੀ ਨਰਾਇਣ ਸਿੰਘ ਜੀ, ਸੰਤ ਅਮੀਰ ਸਿੰਘ ਜੀ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਆਦਿ ਬਿਅੰਤ ਮਹਾਂਪੁਰਖ ਨਿਸਚੇ ਕਰਕੇ ਉਪ੍ਰੋਕਤ ਤੁਕ ਪੜ੍ਹਨ ਬਾਰੇ ਲਿਖਦੇ ਹਨ। ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੇ ਹੁਕਮ ਕੀਤਾ ਹੈ, ਜੋਧੇ ਵੀਰੈ ਦੀ ਛੇ ਤੁਕੀ ਪਉੜੀ ਅਨੁਸਾਰ, ਇਸ ਵਾਰ ਦੀ ਹਰੇਕ ਪਉੜੀ ਦੀਆਂ ਛੇ ਤੁਕਾਂ ਹੀ ਪੜ੍ਹਨੀਆਂ। ਸਾਰੀਆਂ ਪਉੜੀਆਂ ਦੀ ਪੰਜਵੀਂ ਤੁਕ ਦਾ ਸਿਧਾਂਤ, ਇਸ ਤੁਕ ਨਾਲ ਮਿਲਦਾ ਹੈ। ਜਿਹੜਾ ਇਹ ਤੁਕ ਨਹੀਂ ਪੜ੍ਹੇਗਾ, ਉਹ ਪਛਤਾਵੇਗਾ, ਜਿਹੜਾ ਪੜ੍ਹੇਗਾ, ਉਹ ਸਤਿਗੁਰੂ ਸਾਹਿਬਾਨ ਜੀ ਦੀ ਮਹਾਨ ਖ਼ੁਸ਼ੀ ਪਾਵੇਗਾ। ਸੋ ਇਸ ਧੁਨ ਦੀ ਛੇ ਤੁਕੀ ਪਉੜੀਆਂ ਅਨੁਸਾਰ, ਸਤਿਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ, ਇਸ ਤੁਕ ਦੇ ਪੜ੍ਹਨ ਨਾਲ

ਪੂਰਨ ਰਸ ਆਉਂਦਾ ਹੈ।ਇੱਕ ਪ੍ਰੇਮੀ ਨੇ ਪੁੱਛਿਆ, "ਦਾਸ ਇਹ ਤੁਕ ਨਹੀਂ ਸੀ ਪੜ੍ਹਦਾ, ਹੁਣ ਇਸ ਦੀ ਸਜ਼ਾ ਦੱਸੋ?" "ਜਿਤਨੇ ਪਾਠ ਇਸ ਵਾਰ ਦੇ ਬਿਨਾ ਇਸ ਤੁਕ ਪੜ੍ਹਨ ਤੋਂ ਕੀਤੇ ਹਨ, ਉਸ ਤੋਂ ਦੁੱਗਣੇ ਪਾਠ ਇਸ ਵਾਰ ਦੇ ਇਹ ਤੁਕ ਪੜ੍ਹ ਕੇ,ਅਰਦਾਸ ਕਰਕੇ ਮੁਆਫ਼ੀ ਮੰਗੋ।"

੪੧. ਅੱਖ ਫਰਕਣੀ? ਬਲ਼ਗਮ ਨਾਲ ਕਿਸੇ ਅੰਗੇ ਪੱਠੇ ਦਾ ਧੜਕਣਾ। ਅੱਖ ਫਰਕੇ ਤਾਂ ਸ੍ਰੀਰ 'ਚ ਵਾਈ ਦੋਸ਼ ਹੈ। ਦੇਵੀ ਦੇਵ ਨ ਸੇਵਕਾਂ; ਤੰਤ ਨ ਮੰਤ ਨ ਫੁਰਨ ਵਿਚਾਰੇ।(ਵਾਰ ੪੦) ਅੱਖ ਫਰਕਣ ਡਰ ਵਹਿਮ ਛੱਡ ਕੇ, ਜਾਪ ਕਰੋ ਜੀ।

੪੨. ਭਾਵੈ ਲਾਂਬੇ ਕੇਸ ਕਰੁ;ਭਾਵੈ ਘਰਰਿ ਮੁਡਾਇ॥ਪੂਰਨ ਸੱਚੇ ਵਾਹਿਗੁਰੂ ਜੀ ਨੂੰ (ਭਾਵੈ) ਭਾਉਂਦਾ ਹੈ,ਕੇਸ (ਲਾਂਬੇ) ਲੰਬੇ ਕਰੁ ਰਹੇ ਹਨ, ਜੀਵ ਨੂੰ ਭਾਉਂਦਾ ਹੈ, ਉਸਤ੍ਰੇ ਨਾਲ (ਘਰਰਿ) ਘਸਾ ਕੇ, (ਮੁਡਾਇ) ਮੁਨਾ ਦਿੰਦਾ ਹੈ। ਕਬੀਰ ਪ੍ਰੀਤਿ ਇਕ ਸਿਉ ਕੀਏ; ਆਨ ਦੁਬਿਧਾ ਜਾਇ॥ਪਰਮਪੂਜਨੀਕ ਸੱਚੇ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਕ ਵਾਹਿਗੁਰੂ ਜੀ (ਸਿਉ) ਨਾਲ ਪ੍ਰੀਤਿ (ਕੀਏ) ਕਰਨੇ ਕਰਕੇ, ਬਾਰ ੨ ਕੇਸ ਮਨਾਉਣ ਦੀ ਅਤੇ (ਆਨ) ਹੋਰ (ਦੁਬਿਧਾ) ਦ੍ਵੈਤ (ਜਾਇ) ਚਲੀ ਜਾਂਦੀ ਹੈ। ਕੇਸ ਮੁਨਾ ਕੇ ਸੋਹਣੇ ਬਣਨ ਦੀ ਵਾਸ਼ਨਾ ਨਹੀਂ ਰਹਿੰਦੀ।

੪੩. ਸਿੰਘਾਂ ਦੇ ਬਾਰਾਂ ਵੱਜ ਗਏ, ਤਰਕ ਨਾਲ ਕਹਿਣਾ ਮਹਾਂ ਪਾਪ ਹੈ।ਪੂਹਲੇ ਪਿੰਡ ਦੇ ਮਾਛੀ ਰਹੀਮ ਦੀ ਕੁਆਰੀ ਬੱਚੀ ਬੀਬੀ ਨੂਰਾਂ ਜੀ ਨੂੰ,ਕਸੂਰ ਦਾ ਨਵਾਬ ਧੱਕੇ ਨਾਲ ਚੁੱਕ ਕੇ ਲੈ ਗਿਆ, ਤਾਂ ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਸਿੰਘਾਂ ਨੂੰ ਨਾਲ ਲੈ ਕੇ, ਰਾਤ ਦੇ ਬਾਰਾਂ ਵਜੇ ਹੱਲਾ ਕਰਕੇ ਵਾਪਿਸ ਲਿਆਂਦੀ। ਜਿਸ ਤੋਂ ਪ੍ਰਭਾਵਿਤ ਹੋ ਕੇ, ਇਸ ਨੇ ਪ੍ਰਵਾਰ ਸਮੇਤ ਅੰਮ੍ਰਿਤ ਛਕਿਆ।ਵਾਹਿਗੁਰੂ॥ਨਵੀਂ ਵਿਆਹੀ ਬ੍ਰਹਮਣ ਲੜਕੀ ਨੂੰ,ਕਸੂਰ ਦੇ ਪਠਾਣਾਂ ਨੇ ਰਸਤੇ 'ਚ ਖੋਹ ਲਿਆ।ਉਸ ਦੇ ਪਤੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਆ ਕੇ ਫ਼ਰਿਆਦ ਕੀਤੀ।ਸਿੰਘਾਂ ਨੇ ਰਾਤ ਬਾਰਾਂ ਵਜੇ ਹਮਲਾ ਕਰਕੇ ਵਾਪਿਸ ਲਿਆ ਕੇ ਦਿਤੀ।

ਇਉਂ ਪਰਮਪੂਜਨੀਕ ਰਾਜਨ ਕੇ ਰਾਜਾ.ਮਹਾਰਾਜਨ ਕੇ ਮਹਾਰਾਜਾ;ਸਤਿਗੁਰੂ ਸਾਹਿਬਾਨ ਜੀ ਦੇ ਲਾਡਲਿਆਂ ਨੇ ਅਨੇਕਾਂ ਵਾਰੀ ਧਾੜਵੀਆਂ 'ਤੇ ਦਿਨ ਜਾਂ ਰਾਤ ਦੇ ਬਾਰਾਂ ਵਜੇ ਜ਼ਬਰਦਸਤ ਹਮਲੇ ਕਰਕੇ,ਨੌਜਵਾਨ ਬੀਬੀਆਂ ਨੂੰ ਛੁਡਾ ਕੇ ਘਰੀਂ ਪਹੁੰਚਾਇਆ।

੪੪.ਕਿੱਕਰ ਦੇ ਸੱਕ,ਪਾਣੀ ਤੇ ਗੁੜ ਤੋਂ ਬਣੀ ਸ਼ਰਾਬ ਕੀ ਮਾੜੀ ਹੈ? ਜਿਵੇਂ ਗੋਹਾ ਦਹੀਂ 'ਚ ਮਿਲਾਉਣ ਤੋਂ ਜ਼ਹਿਰੀ ਠੂੰਹੇਂ ਪੈਦਾ ਹੁੰਦੇ ਹਨ,ਤਿਵੇਂ ਕਿੱਕਰ ਸੱਕ,ਪਾਣੀ ਤੇ ਗੁੜ ਮਿਲ ਕੇ ਬਣੀ ਸ਼ਰਾਬ ਭੀ ਅਤਿ ਮਾੜੀ ਹੈ।

੪੫.ਹੇਠ ਲਿਖੀਆਂ ਬਾਣੀਆਂ ਪੂਰਨ ਸ਼ਰਧਾ ਪ੍ਰੇਮ ਸਹਿਤ ਪੜ੍ਹਨੇ ਕਰਕੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੇ ਦੇ ਸੰਪੂਰਨ ੧ ਸਹਿਜ ਪਾਠ ਦਾ ਫ਼ਲ ਪ੍ਰਾਪਤ ਹੁੰਦਾ ਹੈ। ੧. ਪੰਜਾਹ ਪਾਠ ਸ੍ਰੀ ਸੁਖਮਨੀ

ਸਾਹਿਬ ਜੀ।੨. ਢਾਈ ਸੌ ਪਾਠ ਸ੍ਰੀ ਜਪੁ ਜੀ ਸਾਹਿਬ ਜੀ।੩. ਮੂਲਮੰਤ੍ਰ, ਨਾਨਕ ਹੋਸੀ ਭੀ ਸਚੁ॥ ਤੱਕ, ਇੱਕ ਮਹੀਨਾ ਨਿੱਤ ਛੇ ਅਠੋਤ੍ਰੀ ਮਾਲ਼ਾ ਫੇਰਨੀਆਂ।੪. ਵਾਹਿਗੁਰੂ ਮੰਤ੍ਰ ਦੀਆਂ ੧੦੮ ਮਣਕੇ ਦੀਆਂ ਰੋਜ਼ ਅੱਸੀ ਮਾਲ਼ਾ ਇੱਕ ਮਹੀਨਾ। ਵਾਹਿਗੁਰੂ॥ ਉਨ ਲੱਕੜ ਰੁਦ੍ਰਾਖ ਲੋਹੇ ਦੀ ਕੋਈ ਭੀ ਮਾਲ਼ਾ ਹੋਵੇ,ਕਿਸੇ ਦੀ ਮਹਾਨਤਾ ਵੱਧ ਘੱਟ ਨਹੀਂ,ਇਹ ਵਾਹਿਗੁਰੂ ਜੀ ਨੂੰ ਚੇਤੇ ਕਰਨ ਦਾ ਸੌਖਾ ਸਾਧਨ ਹੈ,ਮਾਲ਼ਾ ਤੋਂ ਨਫ਼ਰਤ ਨਹੀਂ ਕਰਨੀ।ਮਾਲ਼ਾ ਨਾਲ ਗਿਣਤੀ ਹੋ ਸਕਦੀ ਹੈ।ਵਾਹਿਗੁਰੂ॥ ਮਾਲ਼ਾ ਫੇਰਦਿਆਂ ਮਾਲਾ ਪੂਰੀ ਹੋਣ ਤੋਂ ਸ਼੍ਰੋਮਣੀ ਮਣਕਾ ਟੱਪ ਕੇ,ਫੇਰ ਸ਼ੁਰੂ ਕਰ ਲੈਣੀ,ਪਿੱਛੇ ਨਹੀਂ ਮੁੜਨਾ।ਵਾਹਿਗੁਰੂ॥ ਪੁੱਠੀ ਮਾਲ਼ਾ? ਚੰਗੇ ਭਲੇ ਬੰਦੇ ਨੂੰ ਸਿਮਰਨ ਕਰਦੇ ਦੇਖ ਕੇ,ਪੁੱਠੀ ਮਾਲ਼ਾ ਫੇਰ ਰਿਹਾ ਕਹਿ ਕੇ,ਤਰਕ ਨਹੀਂ ਕਰਨੀ।ਤੁਲਸੀ ਰਾਮ ਕੇ ਨਾਮ ਕੋ; ਰੀਝ ਜਪੈ ਕੋਈ ਖੀਝ। ਸੀਧਾ ਪੂਠਾ ਊਗਵੈ;ਖੇਤ ਪੜੇ ਜੋ ਬੀਜ।

੪੬. ਪਰਮਪਵਿੱਤ੍ਰ ਵਾਹਿਗੁਰੂ ਮੰਤ੍ਰ ਮੂਲਮੰਤ੍ਰ,ਗੁਰਬਾਣੀ ਇੱਕੋ ਰੂਪ ਹਨ ਕਿ ਵੱਖਰੇ? ਅਸੰਖ ਖੰਡਾਂ ਬ੍ਰਹਮੰਡਾਂ ਦੇ ਰਚਣਹਾਰ ਪਾਰਬ੍ਰਹਮ ਗੁਰ ਕਰਤਾਰ ਸਾਚੇ ਨਿਰੰਕਾਰ ਦੇ ਅਵਤਾਰ,ਦਸੇ ਪਾਤਿਸਾਹ ਸਾਹਿਬਾਨ ਜੀ ਇੱਕ ਜੋਤਿ ਹਨ। ਅਵਲਿ ਅਲਹ ਨੂਰੁ ਉਪਾਇਆ; ਕੁਦਰਤਿ ਕੇ ਸਭ ਬੰਦੇ॥ ਅਨੁਸਾਰ ਜੋਤਿ ਸਰੂਪ ਵਿਆਪਕ ਬ੍ਰਹਮ ਵਾਹਿਗੁਰੂ ਜੀ ਤੋਂ ਅਸੰਖ ਅਨੰਤ ਬ੍ਰਹਮੰਡਾਂ ਦੀ ਉਤਪਤੀ ਹੋਈ ਹੈ ਤੇ ਉਨ੍ਹਾਂ ਦੇ ਆਸਰੇ ਬਿਨ ਥੰਮ੍ਹਾਂ ਦੇ ਹੁਣ ਸਥਿੱਤ ਹੈ, ਨਾਨਕ ਰਚਨਾ ਪ੍ਰਭਿ ਰਚੀ; ਬਹੁ ਬਿਧਿ ਅਨਿਕ ਪ੍ਰਕਾਰ॥ ਇਹ ਸਾਰੀ ਰਚਨਾ ਇੱਕ ਹੀ ਰੂਪ ਹੈ,ਇਸ ਲਈ ਵਾਹਿਗੁਰੂ ਮੰਤ੍ਰ, ਮੂਲਮੰਤ੍ਰ,ਗੁਰਬਾਣੀ ਜੀ ਇੱਕ ਸਰੂਪ ਹਨ।ਤਿੰਨਾ ਦਾ ਅਰਥ ਭੀ ਇੱਕੋ ਹੀ ਹੈ।ਵਾਹਿਗੁਰੂ ਜੀ ਦਾ ਅਰਥ ਸਾਰੀ ਗੁਰਬਾਣੀ ਹੈ।ਗੁਰਬਾਣੀ ਦੇ ਪੂਰਨ ਅਭਿਆਸ ਕਰਨ ਤੋਂ,ਵਿਸਮਾਦ ਵਿਸਮਾਦਤਾਈ ਅਜਪਾ ਜਾਪ ਵਾਹਿਗੁਰੂ ੩ ਜੀ ਅੰਦਰੋਂ ਪ੍ਰਗਟ ਹੁੰਦੇ ਹਨ।ਅੰਦਰ ਬਾਹਰ ਬ੍ਰਹਮ ਜੀ ਦੀ ਸਾਖਿਆਤਤਾ ਹੁੰਦੀ ਹੈ। ਵਾਹੁ ਵਾਹੁ ਬਾਣੀ ਨਿਰੰਕਾਰ ਹੈ;ਤਿਸੁ ਜੇਵਡੁ.ਅਵਰੁ ਨ ਕੋਇ॥ਅਨੁਸਾਰ ਗੁਰਬਾਣੀ ਜੀ ਦਾ ਅੱਖਰ ੨ ਵਾਹਿਗੁਰੂ ਨਿਰੰਕਾਰ ਜੀ ਸਰੂਪ ਹੈ।

੪੭.ਜਿਹੜੇ ਗੁਰਮੁਖਿ ਪਿਆਰੇ ਜੀ ਨਾਮ ਜਪਦੇ ਹਨ,ਉਨ੍ਹਾਂ ਨੂੰ ਗੁਰਬਾਣੀ ਜੀ ਪੜ੍ਹਨ ਦੀ ਲੋੜ ਹੈ ਕਿ ਨਹੀਂ? ਗੁਰਬਾਣੀ ਜੀ,ਨਾਮ ਹਨ ਹੈ,ਨਾਮ ਜੀ,ਗੁਰਬਾਣੀ ਹਨ।

ਗੁਰਬਾਣੀ ਜੀ ਦੇ ਅੱਖਰ ੨ 'ਚ ਨਾਮ ਜਪਣ ਦਾ ਹੁਕਮ ਉਤਸ਼ਾਹ ਅਤੇ ਨਾਮ ਜਪਣ ਦਾ ਫ਼ਲ ਦੱਸਿਆ ਹੈ। ਕੰਨਾਂ ਨਾਲ ਗੁਰਬਾਣੀ ਕਥਾ ਕੀਰਤਨ ਸੁਣਦਿਆਂ ਵਾਹਿਗੁਰੂ ੨ ਜਾਪ ਦਾ ਰਸ ਵੱਧ ਆਉਂਦਾ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਗੁਰਬਾਣੀ ਜੀ ਬਖ਼ਸ਼ ਕੇ,ਆਪਣੀ ਅਦੁਤੀ ਕੁਰਬਾਨੀ ਦੇ ਕੇ,ਨਾਮ ਜਪਣ ਦੀ ਔਖ ਨੂੰ ਸੌਖਾ ਕੀਤਾ ਹੈ। ਗੁਰਬਾਣੀ ਸੁਣ ਕੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਮਨ ਢਲ਼ ਕੇ ਨਿਜ ਘਰ 'ਚ ਆਉਂਦਾ ਹੈ। ਯਥਾ:- ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ; ਮਨੁ ਭੀਨਾ ਨਿਜ ਘਰਿ ਆਵੈਗੋ॥ਪਰਮਪਵਿੱਤ੍ਰ ਪਰਮਪੂਜਨੀਕ ਸੱਚੀ ਗੁਰਬਾਣੀ 'ਚ ਭਾਉ ਭਗਤੀ ਪ੍ਰੇਮ ਸ਼ਰਧਾ ਖਿਮਾ ਸ਼ਹਿਨਸ਼ੀਲਤਾ ਆਦਿ ਅਸੰਖ ਗੁਣ ਧਾਰਨ,ਹੰਗਤਾ ਵਿਕਾਰ ਆਦਿ ਅਸੰਖ ਔਗੁਣ

ਤਿਆਗਣ,ਗੁਰੂ ਸੇਵਾ ਨਾਮ ਜਪਣ ਜਪਾਉਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਗੁਰਬਾਣੀ ਸਤਿਗੁਰੂ ਸਾਹਿਬਾਨ ਜੀ ਦੀ ਬਖ਼ਸ਼ਿਸ਼ ਹੈ। ਮਨ ਇੰਦ੍ਰੇ ਗੁਰਬਾਣੀ ਨਾਲ ਹੀ ਤ੍ਰਿਪਤ ਹੁੰਦੇ ਹਨ। ਗੁਰਬਾਣੀ ਬਿਨਾ ਜੀਵ ਕੋਹੜੀ ਹੈ। ਅੰਮ੍ਰਿਤ ਗੁਰਬਾਣੀ ਜੀ ਤੇ ਨਾਮ ਵੱਖਰੇ ਨਹੀਂ ਹਨ।ਜਿਵੇਂ ਮੱਛੀ ਦਾ ਜੀਵਨ ਪਾਣੀ ਹੈ, ਤਿਵੇਂ ਪ੍ਰੇਮੀ ਦਾ ਜੀਵਨ ਗੁਰਬਾਣੀ ਜੀ ਹਨ। ਪਰਮਪੂਜਨੀਕ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ(ਬਿਨਵੰਤਿ)ਬੇਨਤੀ ਪੂਰਬਕ ਫ਼ੁਰਮਾਉਂਦੇ ਹਨ:- ਹੇ ਭਾਈ!ਬਿਨਵੰਤਿ ਨਾਨਕ ਸਦਾ ਗਾਈਐ;ਪਵਿਤ੍ਰ ਅੰਮ੍ਰਿਤ ਬਾਣੀ॥ਗੁਰਬਾਣੀ ਜੀ ਦੇ ਅਭਿਆਸ ਨਾਲ ਅੰਦਰੋਂ ਨਾਮ ਅਜਪਾ ਜਾਪ ਪ੍ਰਾਪਤ ਹੁੰਦਾ ਹੈ। ਯਥਾ:-ਹਉ ਬਲਿਹਾਰੀ ਸਤਿਗੁਰ ਅਪੁਨੇ;ਜਿਨਿ ਗੁਪਤੁ ਨਾਮੁ ਪਰਗਾਝਾ॥ਸੋ ਨਾਮ ਜਪਣ ਵਾਲੇ ਨੂੰ ਗੁਰਬਾਣੀ ਹਰ ਵੇਲੇ ਪੜ੍ਹਨੀ ਚਾਹੀਦੀ ਹੈ।

੪੮.ਵਾਹਿਗੁਰੂ ਮਹੱਲੇ ਦਸਵੇਂ ਜੀ ਨੇ,ਕੀ ਮਝੈਲ ਭਰਾਵਾਂ ਨੂੰ ਮਾਲਵੇ ਦੇ ਲਾੜੇ ਕਿਹਾ?ਇਹ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਆਸ਼ੇ ਦੇ ਬਿਲਕੁਲ ਹੀ ਉਲਟ ਹੈ,ਸਤਿਗੁਰੂ ਸਾਹਿਬਾਨ ਜੀ ਨੇ ਮਾਝੇ ਮਾਲਵੇ ਦੀ ਨਫ਼ਰਤ ਨੂੰ ਮੇਟਿਆ ਹੈ।ਯਥਾ:-ਏਕੁ ਪਿਤਾ ਏਕਸ ਕੇ ਹਮ ਬਾਰਿਕ;ਤੂ ਮੇਰਾ ਗੁਰ ਹਾਈ॥)ਅਵਲਿ ਅਲਹ ਨੂਰੁ ਉਪਾਇਆ;ਕੁਦਰਤਿ ਕੇ ਸਭ ਬੰਦੇ॥)ਹਿੰਦੂ ਤੁਰਕ ਕੋਊ. ਰਾਫਜੀ ਇਮਾਮਸਾਫੀ;ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥ਇਸ ਵਿਤਕਰੇ ਨਾਲ ਤਾਕਤ ਟੁੱਟਦੀ ਹੈ।ਸੱਚੇ ਪਾਤਿਸਾਹ ਜੀ ਦੀ ਨਿੰਦਾ ਦਾ ਪਾਪ ਨ ਲਵੋ।ਜਿਨ੍ਹਾਂ ਦੇ ਮਨ ’ਚ ਵੰਡ ਵਿਤਕਰਾ ਹੈ,ਉਹ ਹੀ ਐਸੇ ਬਚਨ ਕਹਿੰਦੇ ਹਨ। ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਪਾਸ ਰਹਿਣ ਵਾਲਾ,ਜੇ ਕੋਈ ਮਾਝੇ ਮਾਲਵੇ ਦਾ ਸੁਆਲ ਉਠਾਉਂਦਾ,ਤਾਂ ਉਸ ਨੂੰ ਜੱਥੇ ’ਚੋਂ ਕੱਢ ਦਿੰਦੇ। ਸੋ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਅਤੇ ਮਹਾਂਪੁਰਖਾਂ ਨੇ ਇਹ ਨਫ਼ਰਤ ਮੇਟੀ ਹੈ। ਮਾਝੇ ਵਾਲੇ ਮਾਲਵੇ ’ਚ, ਮਾਲਵੇ ਵਾਲੇ ਮਾਝੇ ’ਚ ਵਿਆਹੇ ਜਾ ਸਕਦੇ ਹਨ।ਕਿ ਸਰਬਤ੍ਰ ਦੇਸੈ॥ ਕਿ ਸਰਬਤ੍ਰ ਭੇਸੈ॥

੪੯.ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਨਿੰਦਾ ਨ ਕਰੋ।ਗੁਰਮੁਖਿ ਸਿੰਘ ਨੇ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਮਹਾਂਪੁਰਖਾਂ ਜੀ ਦਾ ਨਾਮ ਲਿਖ ਕੇ,ਪਰਮਪਵਿੱਤ੍ਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਗੁਟਕੇ ਸਾਹਿਬ ਜੀ ਛਾਪੇ ਹਨ। ਜਿਸ ਦੇ ਆਰੰਭ ’ਚ ਸਤਿਗੁਰੂ ਦੂਜੇ,

ਤੀਜੇ, ਚੌਥੇ, ਪੰਜਵੇਂ ਪਾਤਿਸਾਹ ਜੀ ਦੀ ਨਿੰਦਾ ਛਾਪੀ ਹੈ, ਕਿ ਸ੍ਰੀ ਚੰਦ ਜੀ ਨੇ ਬ੍ਰਹਮ ਪ੍ਰਭ ਸਮ੍ਰੱਥ ਸਤਿਗੁਰੂ ਦੂਜੇ ਪਾਤਿਸਾਹ ਜੀ ਨੂੰ ਕੋੜ੍ਹ ਦਾ ਸਰਾਪ ਦੇ ਦਿਤਾ। ਭਾਈ ਗੁਰਦਾਸ ਸਾਹਿਬ ਜੀ ਨੇ ਇਹ ਗੱਲ ਨਹੀਂ ਲਿਖੀ, ਮਹਿਮਾ ਪ੍ਰਕਾਸ਼ ਤੇ ਭੱਟਾਂ ਦੇ ਸਵੱਈਆਂ ’ਚ ਭੀ ਨਹੀਂ ਲਿਖਿਆ। ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਾਂ ਸਿੰਘ ਜੰਗਲਾਂ ਪਹਾੜਾਂ ’ਚ ਚਲੇ ਗਏ। ਉਸ ਸਮੇਂ ਜਿਹੜੇ ਸ੍ਰੀ ਚੰਦ ਆਦਿ ਵਿਅਕਤੀਆਂ ਨੂੰ ਮੰਨਣ ਵਾਲੇ ਸਨ, ਉਨ੍ਹਾਂ ਨੇ ਸਤਿਗੁਰੂ ਸਾਹਿਬਾਨ ਜੀ ਦੀ ਨਿੰਦਾ ਦੇ ਬਚਨ ਇਤਿਹਾਸ ’ਚ ਲਿਖ ਦਿਤੇ। ਪਰਮਪੂਜਨੀਕ ਧੰਨ ਸੱਚੇ ਵਾਹਿਗੁਰੂ ਸਤਿਗੁਰੂ ਦੂਜੇ ਪਾਤਿਸਾਹ ਜੀ ਕ੍ਰਿਪਾ ਦ੍ਰਿਸ਼ਟੀ ਪਾ

ਕੇ, ਜੀਆਂ ਦੀ ਜਨਮਾਂ ੨ ਦੀ ਕਾਲਖ ਖਿਨ 'ਚ ਉਤਾਰ ਦਿੰਦੇ। ਯਥਾ:- ਅਮਿਅ ਦ੍ਰਿਸਟਿ. ਸੁਭ ਕਰੈ; ਹਰੈ ਅਘ ਪਾਪ. ਸਕਲ ਮਲ॥)ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ.ਕਾਲੁਖ ਖਨਿ ਉਤਾਰ;ਤਿਮਰ ਅਗ੍ਿਆਨ ਜਾਹਿ. ਦਰਸ ਦੁਆਰ॥ਵਾਹਿਗੁਰੂ ਸਤਿਗੁਰੂ ਦੂਜੇ ਪਾਤਿਸਾਹ ਜੀ ਦੀ ਜੋਤਿ ਨਾਲ ਅਸੀਂ ਦੇਖਦੇ ਸੁਣਦੇ ਬੋਲਦੇ ਸੁਆਸ ਲੈਂਦੇ ਜਿਉਂਦੇ ਜਾਗਦੇ ਹਾਂ। ਰੋਮ ੨ ਕਰਕੇ ਵਾਹਿਗੁਰੂ ਮੰਤ੍ਰ ਅਜਪਾ ਜਾਪ 'ਚ ਲੀਨ, ਤਨ ਮਨ ਧਨ ਸਿਰ ਅਰਪ ਕੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੂੰ ਪ੍ਰਸੰਨ ਕਰਨ ਵਾਲੇ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਨੂੰ ਖਿਨ ੨ ਕਾਲ ਅੰਦਰ ਨਮਸਕਾਰ ਕਰਨੀ ਚਾਹੀਦੀ ਹੈ। ਧੰਨ ਵਾਹਿਗੁਰੂ ਸਤਿਗੁਰੂ ਅੰਗਦ ਦੇਵ ਸਾਹਿਬ ਜੀ! ਨਿੰਦਕਾਂ ਨੂੰ ਸੁਮੱਤ ਬਖ਼ਸ਼ੋ ਜੀ।

੫੦.ਕੀ ਗੁਰਬਾਣੀ ਪੜ੍ਹਨ ਨਾਲ ਨਾਮ ਜਪਣ 'ਚ ਵਿਘਨ ਪੈਂਦਾ ਹੈ?ਗੁਰਬਾਣੀ ਨਾਮ ਇੱਕ ਹੀ ਹਨ।ਗੁਰਬਾਣੀ ਤੋਂ ਨਿਸ਼ਧਰਕ ਕਰਨ ਵਾਲਿਓ!ਧੰਨ ਪਰਮਪੂਜਨੀਕ ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਤੁਹਾਡਾ ਭਲਾ ਕਰਨ। ਗੁਰਬਾਣੀ,ਨਾਮ ਜਪਣ ਦੇ ਵਿਘਨਾਂ ਨੂੰ ਖ਼ਤਮ ਕਰਕੇ,ਅਜਪਾ ਜਾਪ ਨਾਮ ਬਖ਼ਸ਼ਦੀ ਹੈ।ਯਥਾ:-ਗੁਰਬਾਣੀ ਵਰਤੀ ਜਗ ਅੰਤਰਿ;ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥ਵਾਹਿਗੁਰੂ ਜੀ ਦਾ ਅਰਥ ਗੁਰਬਾਣੀ ਜੀ ਹੈ।ਗੁਰਬਾਣੀ ਬਿਨਾ ਕਿਸੇ ਭੀ ਜੀਵ ਨੂੰ ਅਜਪਾ ਜਾਪ ਨਾਮ ਦੀ ਪ੍ਰਾਪਤੀ ਨਹੀਂ ਹੋਈ। ਜਿਵੇਂ ਵਰਖਾ ਹੋਣ ਤੋਂ ਧਰਤੀ 'ਚ ਚਸ਼ਮੇ ਵਹਿ ਤੁਰਦੇ ਹਨ, ਤਿਵੇਂ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਆਪਣੇ ਪ੍ਰੇਮੀ ਦੇ ਅੰਦਰ ਬਾਹਰ,ਸਾਚ ਨਾਮ ਕੀ;ਅੰਮ੍ਰਿਤ ਵਰਖਾ॥ਕਰਕੇ,ਗੁਰਬਾਣੀ ਦਾ ਅਭਿਆਸ ਕਰਾਉਂਦੇ ਹਨ, ਆਪ ਹੀ ਅਜਪਾ ਜਾਪ ਰੂਪ ਹਨ, ਆਪਣੇ ਪ੍ਰੇਮੀ ਦੇ ਅੰਦਰ ਬਾਹਰ ਅਜਪਾ ਜਾਪ ਆਪ ਹੀ ਕਰਦੇ ਹਨ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਆਪਣਾ ਜੀਵਨ ਭੀ ਗੁਰਬਾਣੀ ਹੀ ਹੈ। ਯਥਾ:-ਹਰਿ ਹਰਿ;ਸੰਤ ਜਨਾ ਕੀ ਜੀਵਨਿ॥ਬਿਖੈ ਰਸ ਭੋਗ,ਅੰਮ੍ਰਿਤ ਸੁਖ ਸਾਗਰ;ਰਾਮ ਨਾਮ ਰਸੁ ਪੀਵਨਿ॥੧॥)ਮੈ ਗੁਰਬਾਣੀ ਆਧਾਰੁ ਹੈ;ਗੁਰਬਾਣੀ ਲਾਗਿ ਰਹਾਉ॥)ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ;ਪਕਾ ਰੋਗੀ ਵਿਲਲਾਇ॥

ਵਾਹਿਗੁਰੂ॥ ਜੇ ਮਨ ਨੂੰ ਹੰਕਾਰ ਸਤਾਵੇ ਤਾਂ ਹੰਗਤਾ ਦੀ ਨਿਵਿਰਤੀ ਦੇ ਸ਼ਬਦ,ਜੇ ਕ੍ਰੋਧ ਸਤਾਵੇ ਤਾਂ ਕ੍ਰੋਧ ਦੀ ਨਿਵਿਰਤੀ ਦੇ ਸ਼ਬਦ ਪੜ੍ਹਨ ਨਾਲ ਸ਼ਾਂਤੀ ਆਉਂਦੀ ਹੈ। ਨਾਮ ਜਪਣ ਵੱਲੋਂ ਮਨ ਡਿੱਗੇ ਤਾਂ ਹਰ ਸੁਆਸ ਨੂੰ ਸਫਲਾ ਕਰਨ ਲਈ ਗੁਰਬਾਣੀ ਹੀ ਹੈ। ਆਪੋ ਵਿੱਚੀਂ ਪਿਆਰ ਵਧਾਉਣ ਲਈ ਗੁਰਬਾਣੀ, ਸਾਰੇ ਬ੍ਰਹਮੰਡ ਨੂੰ ਸੱਚਖੰਡ ਬਨਾਉਣ ਲਈ ਗੁਰਬਾਣੀ, ਕੌੜੇ ਰੀਠੇ ਮਿੱਠੇ ਕਰਨ ਲਈ ਗੁਰਬਾਣੀ, ਸੁੱਕੇ ਹਰੇ, ਮੂਏ ਜਿਉਂਦੇ ਕਰਨ ਲਈ ਗੁਰਬਾਣੀ, ਧੀਰਜ ਧਰਨ, ਅਜਰ ਜਰਨ, ਜੀਵਤ ਭਾਵ ਤੋਂ ਮਰਨ ਲਈ ਗੁਰਬਾਣੀ। ਗੁਰੂ ਅਰਥ ਕੁਰਬਾਨ ਹੋਣ ਲਈ ਗੁਰਬਾਣੀ, ਪਸ਼ੂ ਪ੍ਰੇਤ ਪੱਥਰ ਨੂੰ ਤਾਰਨ ਲਈ ਗੁਰਬਾਣੀ, ਚਿੰਤਾ ਰੋਗ ਸੋਗ ਦੀ ਨਿਵਿਰਤੀ ਲਈ ਗੁਰਬਾਣੀ, ਸਤਿ ਸੰਤੋਖ ਨਿਮ੍ਰਤਾ ਖਿਮਾ ਧੀਰਜ ਆਦਿ ਅਸੰਖ ਸ਼ੁਭ ਗੁਣਾਂ ਦੀ ਪ੍ਰਾਪਤੀ ਲਈ ਗੁਰਬਾਣੀ, ਗੁਰੂ ਪ੍ਰੇਮਾ-ਭਗਤੀ ਸਹਿਤ ਨਿਰਗੁਨ ਸਰਗੁਨ ਦੀ ਏਕਤਾ ਕਰਨ

ਲਈ ਗੁਰਬਾਣੀ, ਬ੍ਰਹਮਗਿਆਨੀ ਸਗਲ ਕੀ ਰੀਨਾ॥ਅਵਸਥਾ ਬਖ਼ਸ਼ਣ ਵਾਲੀ ਗੁਰਬਾਣੀ, ਦੇਸ਼ ਕੌਮ ਜ਼ਾਤੀ ਵੰਡ ਵਿਤਕਰੇ ਦੂਰ ਕਰਨ ਲਈ ਗੁਰਬਾਣੀ, ਵਿਉਹਾਰ ਨੂੰ ਕਾਮਯਾਬ ਬਨਾਉਣ ਲਈ ਗੁਰਬਾਣੀ, ਏਕਾ ਨਾਰੀ ਜਤੀ ਹੋਇ;ਪਰ ਨਾਰੀ ਧੀ ਭੈਣ ਵਖਾਣੈ।(ਵਾਰ ੬) ਅਤੇ ਪਤੀ ਬ੍ਰਤਾ ਧਰਮ ਦੀ ਪ੍ਰਾਪਤੀ ਲਈ ਗੁਰਬਾਣੀ ਆਦਿ ਅਨੇਕਾਂ ਬਖ਼ਸ਼ਸ਼ਾਂ ਕਰਨ ਲਈ ਗੁਰਬਾਣੀ। ਗੁਰਬਾਣੀ ਦਾ ਅਭਿਆਸ ਕਰਨ ਤੋਂ, ਬੈਖਰੀ, ਮਧਮਾ, ਪਸੰਤੀ, ਪਰਾ, ਮਨ ਬੁੱਧ ਚਿੱਤ, ਇੰਦ੍ਰੀਆਂ, ਜਾਗ੍ਰਤ, ਸੁਪਨ ਸੁਖੋਪਤ, ਜ਼ਮੀਨ ਅਸਮਾਨ, ਤਾਰੇ ਧਰਤੀ, ਤੱਤਾਂ ਚ, ਤੱਤਾਂ ਦੀਆਂ ਅਵਾਜ਼ਾਂ 'ਚ, ਜੀਆਂ ਦੀਆਂ ਅਵਾਜ਼ਾਂ 'ਚ ਗੁਰਬਾਣੀ ਤੇ ਗੁਰਬਾਣੀ ਦੇ ਅਰਥ ਦਿਸਦੇ ਹਨ। ਵਰਖਾ ਵਾਂਗ, ਗੁਰਬਾਣੀ ਨਾਮ ਸਿਮਰਨ ਬਖ਼ਸ਼ ਕੇ, ਜੀਵ ਨੂੰ ਤ੍ਰਿਪਤ ਕਰਦੀ ਹੈ। ਸੋ ਗੁਰਬਾਣੀ ਦਾ ਸ਼ੁੱਧੀ ਸਹਿਤ ਅਭਿਆਸ ਕਰਕੇ ਨਿਹਾਲ ਹੋਣਾ ਚਾਹੀਦਾ ਹੈ। ਪਰਮਪਵਿੱਤ੍ਰ ਗੁਰਬਾਣੀ ਦਾ ਅਭਿਆਸ ਸਤਿਕਾਰ ਮੰਨਣ ਪੂਜਣ ਸਤਿਗੁਰੂ ਸਾਹਿਬਾਨ ਜੀ ਨੇ ਆਪ ਕੀਤਾ ਹੈ। ਜੇ ਕੋ ਆਖੈ ਬੋਲੁ ਵਿਗਾੜੁ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥ਅਨੁਸਾਰ ਗਵਾਰ ਬੇਸਮਝ ਨਿਸ਼ਰਧਕ ਜੀਵ ਗੁਰਬਾਣੀ ਨਾਲੋਂ ਤੋੜਨ ਲਈ ਐਸੀਆਂ ਕੂੜੀਆਂ ਗੱਲਾਂ ਕਰਦੇ ਹਨ। ਸੱਚੇ ਸਤਿਗੁਰੂ ਸਾਹਿਬ ਜੀ ਉਨ੍ਹਾਂ ਨੂੰ ਪ੍ਰੇਮ ਸ਼ਰਧਾ ਬਖ਼ਸ਼ਣ ਜੀ।

੫੧. ਧੰਨ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਹਿਲਾਂ ਭੀ ਦੁਨੀਆਂ ਤਰਦੀ ਸੀ ,ਹੁਣ ਸੱਚੇ ਪਾਤਿਸਾਹ ਜੀ ਨੂੰ ਮੰਨਣ ਦੀ ਕੀ ਲੋੜ ਹੈ? ਨਿਰਵੈਰ ਸਤਿਗੁਰੂ ਸਾਹਿਬਾਨ ਜੀ ਤੇ ਗੁਰੂ ਸੰਗਤਾਂ ਦੇ ਵੈਰੀਓ!ਬੂਡਹੁਗੇ ਪਰਵਾਰ ਸਕਲ ਸਿਉ;ਰਾਮ ਨ ਜਪਹੁ ਅਭਾਗੇ॥ਨੁਸਾਰ ਐਸੀਆਂ ਗੱਲਾਂ ਕਰਕੇ ਆਪ ਡੁੱਬੇ ਹੋਂ,ਹੋਰਨਾਂ ਨੂੰ ਕਿਉਂ ਡੁਬੋਂਦੇ ਹੋਂ? ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਸ੍ਰਬੱਤ ਦਾ ਭਲਾ ਕਰਨ। ਸ੍ਰੀ ਸਤਿਗੁਰੂ ਸਾਹਿਬ ਜੀ ਜੁੱਗਾਂ ਜੁਗੰਤਰਾਂ ਤੱਕ ਸ੍ਰਬੱਤ ਦਾ ਭਲਾ ਕਰਨ ਵਾਲੇ ਹਨ, ਸਤਿਗੁਰੂ ਸਾਹਿਬਾਨ ਜੀ ਦੀ ਨਿੰਦਾ ਨਾ ਕਰੋ।ਯਥਾ:-ਮਹਾਪੁਰਖਾਂ ਕੀ ਨਿੰਦਾ ਕਾ.ਵੇਖੁ ਜਿ ਤਪੇ ਨੋ ਫਲੁ ਲਗਾ;ਸਭੁ ਗਇਆ ਤਪੇ ਕਾ ਘਾਲਿਆ॥ਵਾਹਿਗੁਰੂ ਨਿਰੰਕਾਰ ਜੀ ਨੇ ਆਪ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਅਵਾਤਰ 'ਚ ਪ੍ਰਗਟ ਹੋ ਕੇ,ਚੌਹਾਂ ਚੱਕਾਂ ਨੂੰ ਤਾਰਨਾ ਕੀਤਾ ਹੈ। ਯਥਾ:-ਬਾਬੇ ਤਾਰੇ ਚਾਰਿ ਚਕਿ;ਨਉ ਖੰਡਿ ਪ੍ਰਿਥਮੀ ਸਚਾ ਢੋਆ॥(ਵਾਰ ੧)ਪਰਮਪੂਜਨੀਕ ਸੱਚੇ ਪਾਤਿਸਾਹ ਜੀ ਨੇ ਆਪ ਪੰਜਾਂ ਵਿਕਾਰਾਂ ਨੂੰ ਜਿੱਤ ਕੇ,ਜੀਆਂ ਦੇ ਵਿਕਾਰ ਔਗੁਣ ਚੋਰੀ ਯਾਰੀ ਨਿੰਦਾ ਮੰਦ ਕਰਮ ਛੁਡਾ ਕੇ,

ਸੱਜਣ ਠੱਗ ਭੂਮੀਏ ਚੋਰ, ਲਾਜਵਰਦ, ਦੇਵਲੂਤ ਰਾਕਸ਼,ਕੌਡਾ ਰਾਕਸ਼ ਆਦਿ ਬੇਅੰਤ ਪਸ਼ੂਆਂ ਮੁਗਧਾਂ ਨੂੰ ਤਾਰਿਆ ਹੈ।ਯਥਾ:-ਤਾਰੇ ਗਨੇ ਜਾਤ;ਤੇਰੇ ਤਾਰੇ ਨ ਗਿਨਾਤ ਹੈ।ਧੰਨ ਵਾਹਿਗੁਰੂ ਸਤਿਗੁਰੂ ਸਾਹਿਬਾਨ ਜੀ, ਪਰਮਪਵਿੱਤ੍ਰ ਦਸ ਅਵਤਾਰਾਂ 'ਚ ਇੱਕ ਜੋਤਿ ਹੋ ਕੇ ਵਰਤੇ, ਜਿਸ ਦੀ ਮਹਿਮਾ ਹੋਰ ਕਿਤੇ ਭੀ ਨਹੀਂ ਮਿਲਦੀ,ਦਸਾਂ ਜਾਮਿਆਂ 'ਚ ਪਰਉਪਕਾਰ ਹੀ ਪਰਉਪਕਾਰ ਕੀਤੇ,ਸਿੱਖਾਂ ਸਮੇਤ ਬੇਅੰਤ ਹੀ ਕੁਰਬਾਨੀਆਂ

ਕੀਤੀਆਂ,ਜਿਵੇਂ ਪਰਮਪਵਿੱਤ੍ਰ ਪਰਮਪੂਜਨੀਕ ਆਪ ਪੰਜਵੇਂ ਛੇਵੇਂ ਨਾਵੇਂ ਜਾਮੇ ਅੰਦਰ ਬਹੁਤ ਵੱਡੀ ਕੁਰਬਾਨੀ ਕੀਤੀ, ਤੱਤੀ ਲੋਹ 'ਤੇ ਖੜ੍ਹਨਾ, ਦਿੱਲੀ ਸੀਸ ਕੁਰਬਾਨ ਕਰਨਾ, ਸਰਵੰਸ ਕੁਰਬਾਨ ਕਰਨਾ, ਕੋਈ ਮਾਮੂਲੀ ਜਿਹੀ ਗੱਲ ਨਹੀਂ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੀਆਂ ਅਦੁੱਤੀ ਕੁਰਬਾਨੀਆਂ ਤੋਂ ਪ੍ਰਭਾਵਿਤ ਹੋ ਕੇ, ਬੰਦ ੨ ਕਟਾਉਣ ਵਾਲੇ, ਬੱਚਿਆਂ ਨੂੰ ਟੋਟੇ ੨ ਕਰਾਉਣ ਵਾਲੇ, ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਾਉਣ ਵਾਲੇ, ਹੱਸ ੨ ਚਰਖ਼ੜੀਆਂ 'ਤੇ ਚੜ੍ਹਨ ਵਾਲੇ, ਖੋਪਰੇ ਲੁਹਾਉਣ ਵਾਲੇ, ਸੀਸ ਤਲੀ 'ਤੇ ਧਰਨ ਵਾਲੇ, ਧੀਰਜ ਧਰਨ ਵਾਲੇ, ਅਜਰ ਜਰਨ ਵਾਲੇ, ਟੁੱਟੀਆਂ ਗੰਢਾਉਣ ਵਾਲੇ, ਸਤਿਗੁਰੂ ਸਾਹਿਬ ਤੋਂ ਪੁਰਜਾ ੨ ਕਟਾਉਣ ਵਾਲੇ, ਅਮਰ ਸ਼ਹੀਦੀਆਂ ਪਾਉਣ ਵਾਲੇ, ਸੁਆਸ ੨ ਨਾਮ ਜਪਣ ਜਪਾਉਣ ਵਾਲੇ ਬੇਅੰਤ ਹੀ ਬ੍ਰਹਮਗਿਆਨੀ ਜੀਵਨ ਮੁਕਤ ਪੁਰਸ਼ ਹੋਏ ਹਨ। ਵਾ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਦੀ ਪੂਜਾ ਕਰਨ ਵਾਲੇ, ਬਾਬਾ ਬੁੱਢਾ ਸਾਹਿਬ ਜੀ ਭਾਈ ਗੁਰਦਾਸ ਸਾਹਿਬ ਜੀ ਆਦਿ ਮਹਾਂਪੁਰਸ਼ ਜੱਗ 'ਤੇ ਸਦਾ ਲਈ ਪੂਜੇ ਜਾ ਰਹੇ ਹਨ। ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਗੁਰਬਾਣੀ ਅਤੇ ਗੁਰ ਇਤਿਹਾਸ ਪ੍ਰੇਮੀਆਂ ਦਾ ਜੀਵਨ ਇਉਂ ਬਣ ਗਿਆ ਜਿਵੇਂ ਮੱਛੀ ਦਾ ਜੀਵਨ ਪਾਣੀ ਹੈ। ਐਸੇ ਨਿਸ਼ਰਧਕ ਪ੍ਰਸ਼ਨ ਕਰਨ ਵਾਲਿਆਂ ਦੀ ਗਤੀ ਕਿਤੇ ਭੀ ਨਹੀਂ ਹੋ ਸਕਦੀ।ਯਥਾ:-ਨਿੰਦਕ ਕੀ ਗਤਿ ਕਤਹੂ ਨਾਹਿ॥

ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਸਨੇਹੀ,ਸਤਿਗੁਰੂ ਸਾਹਿਬਾਨ ਜੀ ਦੀ ਮਹਿਮਾ ਸੁਣਾ ੨ ਕੇ,ਜੀਆਂ ਨੂੰ ਸਤਿਗੁਰੂ ਸਾਹਿਬਾਨ ਜੀ ਨਾਲ ਜੋੜ ਕੇ ਨਿਹਾਲ ਕਰਦੇ ਹਨ। ਸੋ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੀ ਨਿੰਦਾ ਸੁਣ ਕੇ, ਸਤਿਗੁਰੂ ਸਾਹਿਬ ਤੋਂ ਬੇਮੁਖ ਨਹੀਂ ਹੋਣਾ,ਕਿਉਂਕਿ ਸਤਿਗੁਰੂ ਸਾਹਿਬਾਨ ਜੀ ਤੋਂ ਬਿਨਾ ਮੁਕਤੀ ਨਹੀਂ ਹੋ ਸਕਦੀ।ਯਥਾ:-ਜੇ ਕੋ.ਗੁਰ ਤੇ ਵੇਮੁਖੁ ਹੋਵੈ;ਬਿਨੁ ਸਤਿਗੁਰ.ਮੁਕਤਿ ਨ ਪਾਵੈ॥ਪਾਵੈ ਮੁਕਤਿ ਨ.ਹੋਰ ਥੈ ਕੋਈ;ਪੁਛਹੁ ਬਿਬੇਕੀਆ ਜਾਏ॥)ਸਤਿਗੁਰ ਤੇ ਜੋ ਮੁਹ ਫੇਰੇ;ਤੇ ਵੇਮੁਖਿ ਬੁਰੇ ਦਿਸੰਨਿ॥ਅਨਦਿਨੁ ਬਧੇ ਮਾਰੀਅਨਿ;ਫਿਰਿ ਵੇਲਾ ਨਾ ਲਹੰਨਿ॥੧॥ਸੋ ਸਤਿਗੁਰੂ ਸਾਹਿਬਾਨ ਜੀ ਦੀ ਸ਼ਹੀਦੀ ਸੁਆਸ ੨ ਜਪ ਕੇ,ਵਿਆਪਕ 'ਚ ਜੁੜ ਕੇ,ਸਿੱਖੀ ਧਾਰ ਕੇ,ਸੇਵਾ ਪ੍ਰੇਮ ਕਰਕੇ, ਸਤਿਗੁਰੂ ਸਾਹਿਬਾਨ ਜੀ ਦੇ ਗੋਲੇ ਬਣ ਕੇ ਲੋਕ ਸੁਖੀਏ, ਪ੍ਰਲੋਕ ਸੁਹੇਲੇ ਹੋਣਾ ਚਾਹੀਦਾ ਹੈ।

੫੨.ਸਰਸੇ ਦਾ ਸਹੀ ਅਰਥ।) ਦੂਖ ਰੋਗ ਸੰਤਾਪ ਉਤਰੇ; ਸੁਣੀ ਸਚੀ ਬਾਣੀ॥ ਸੰਤ ਸਾਜਨ ਭਏ ਸਰਸੇ; ਪੂਰੇ ਗੁਰ ਤੇ ਜਾਣੀ॥ ਸੰਤਾਂ ਸੱਜਣਾਂ ਨੇ ਕ੍ਰੋੜਾਂ ਕੰਨਾਂ ਦੁਆਰਾ, ਪੂਰਨ ਅਦਬ ਸਤਿਕਾਰ ਪ੍ਰੇਮ ਇਕਾਗ੍ਰਤਾ ਨਿਸਚੇ ਭਰੋਸੇ ਸਹਿਤ ਪਰਮਪਵਿੱਤ੍ਰ ਸਚੀ ਅੰਮ੍ਰਿਤ ਗੁਰ ਬਾਣੀ ਸਤਿਗੁਰੂ ਸਾਹਿਬਾਨ ਜੀ ਤੋਂ ਸੁਣੀ,

ਤਾਂ ਉਨ੍ਹਾਂ ਦੇ ਦੂਖ ਰੋਗ ਤੇ ਸੰਤਾਪ (ਉਤਰੇ) ਉੱਡ੍ਰ ਗਏ। ;ਪੂਰੇ ਗੁਰ ਤੇ ਜਾਣੀ॥ ਪਾਰਬ੍ਰਹਮ ਪ੍ਰਭੂ ਜੀ ਦੀ ਪ੍ਰਾਪਤੀ, ਸੰਤ (ਸਾਜਨ) ਸੱਜਣਾਂ ਨੇ (ਪੂਰੇ) ਪੂਰਿਆਂ (ਗੁਰ) ਗੁਰਾਂ (ਤੇ) ਤੋਂ ਜਾਣੀ ਹੈ। ਪੂਰਿਆਂ ਗੁਰਾਂ ਦੁਆਰਾ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਕੇ, ਸੰਤ ਸਾਜਨ (ਸਰਸੇ) ਅਨੰਦ ਸਹਿਤ (ਭਏ) ਹੋ ਗਏ।

ਯਥਾ:- ਤ੍ਰਿਪਤਿ ਆਘਾਏ ਸੰਤਾ॥ ਸੋ ਸੰਤ ਸੱਜਣ ਕ੍ਰੋੜਾਂ ਬ੍ਰਹਮੰਡਾਂ 'ਚ ਹਨ।

੫੩. ਵੈਰਾਗਮਈ ਗੁਰਪੁਰਬ 'ਤੇ ਬੱਤੀਆਂ? ਹੇ ਪਿਆਰੇ ਜੀ! ਨਾਨਕ. ਰੁੰਨਾ ਬਾਬਾ ਜਾਣੀਐ; ਜੇ ਰੋਵੈ ਲਾਇ ਪਿਆਰੋ॥ਅਨੁਸਾਰ ਭਾਵੇਂ ਪ੍ਰੇਮੀ ਵੈਰਾਗੀ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਸ਼ਹੀਦੀ ਕਾਰਨਾਮੇ ਪਰਉਪਕਾਰ ਸੁਣ ਕੇ ਅਤੀ ਹੀ ਵੈਰਾਗ ਕਰਦੇ ਹਨ, ਪਰ, ਸਤਿਗੁਰੁ ਮੇਰਾ ਸਦਾ ਸਦਾ;ਨਾ ਆਵੈ ਨਾ ਜਾਇ॥ਓਹੁ ਅਬਿਨਾਸੀ ਪੁਰਖੁ ਹੈ;ਸਭ ਮਹਿ ਰਹਿਆ ਸਮਾਇ॥ਅਨੁਸਾਰ ਵੈਰਾਗਮਈ ਪੁਰਬ 'ਤੇ ਰੌਸ਼ਨੀ ਦੇ ਬੱਲਬ ਜਗਾਏ ਜਾਂਦੇ ਹਨ। ਪ੍ਰੇਮੀਆਂ ਨੂੰ ਉਹ ਜਗਦੇ ਬੱਲਬ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਸ਼ਹੀਦੀ ਜਪਦੇ ਦਿਸਦੇ ਹਨ,ਵੈਰਾਗ ਆਉਂਦਾ ਹੈ। ਸੋ ਹਰੇਕ ਗੁਰਪੁਰਬ 'ਤੇ ਬੱਲਬ ਜਗਾਏ ਜਾਣ ਜੀ।

ਵਾਹਿਗੁਰੂ॥ਜਿਵੇਂ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਸ਼ਾਦੀ ਪੁਰਬ,ਅਚਲ ਬਟਾਲੇ ਭਾਦੋਂ ਸ਼ੁਦੀ ਸੱਤ ਨੂੰ ਮਨਾਇਆ ਜਾਂਦਾ ਹੈ, ਇਸ ਤਰ੍ਹਾਂ ਸਾਰੇ ਸਤਿਗੁਰੂ ਸਾਹਿਬ ਦੇ ਵਿਆਹਾਂ ਦੇ ਗੁਰਪੁਰਬ ਮਨਾਉਣੇ ਚਾਹੀਦੇ ਹਨ।

੫੪.ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ; ਬਾਹੁੜਿ ਜਨਮਿ ਨ ਆਵਾ॥੧॥ਪਖੰਡੀ ਪੜ੍ਹ ਕੇ ਭੋਲ਼ੇ ਲੋਕਾਂ ਨੂੰ ਗੁਮਰਾਹ ਕਰਕੇ, ਗੁਰਬਾਣੀ ਨਾਲੋਂ ਤੋੜਦੇ ਹਨ, ਕਹਿੰਦੇ ਹਨ ਏਕੁ ਸਬਦੁ ਕਿਹੜਾ ਹੈ? ਫੇਰ ਆਪਣਾ ਬਣੌਟੀ ਮੰਤ੍ਰ ਦੱਸਦੇ ਹਨ, ਬਈ ਆਹ ਸ਼ਬਦ ਹੈ। ਸਹੀ ਉੱਤ੍ਰ:- ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਏਕੇ ਤੋਂ ਗੁਰਬਾਣੀ ਸ਼ੁਰੂ ਕੀਤੀ ਹੈ। ਸਾਰੀ ਗੁਰਬਾਣੀ ਹੀ (ਏਕੁ) ਇੱਕ ਅਦ੍ਵੈਤ ਰੂਪ (ਸਬਦੁ) ਬ੍ਰਹਮ ਜੀ ਦੀ ਜਣਾਇਕ, ਇੱਕ ਸ਼ਬਦ ਰੂਪ ਹੈ। (ਏਕੁ ਸਬਦੁ) ਕੇਵਲ ਇੱਕ ਵਾਹਿਗੁਰੂ ਜੀ ਹੀ ਹਨ। ਸਿੱਖ ਨੂੰ ਵਾਹਿਗੁਰੂ ਮੰਤ੍ਰ ਦਾ ਅਭਿਆਸ ਕਰਕੇ, ਅੰਮ੍ਰਿਤ ਬ੍ਰਹਮਾਨੰਦ ਰਸ ਸੁਖ ਸ਼ਾਂਤੀ ਪ੍ਰੇਮ ਨਿਮ੍ਰਤਾ ਹਲੀਮੀ ਗ੍ਰੀਬੀ ਖਿਮਾ ਪੁੰਨ ਆਦਿ ਕ੍ਰੋੜਾਂ ਸੁਖ ਗੁਰਬਾਣੀ 'ਚੋਂ ਹੀ ਮਿਲਦੇ ਹਨ। ਇਸ ਲਈ ਇੱਕ ਸ਼ਬਦ ਵਾਹਿਗੁਰੂ ਮੰਤ੍ਰ ਗੁਰਬਾਣੀ ਨੂੰ ਦ੍ਰਿੜ ਕਰਕੇ ਨਿਹਾਲ ਹੋਵੋ ਜੀ।

੫੫. ਸਾਤੋ ਅਕਾਸ ਸਾਤੋ ਪਤਾਰ॥ ਕਿਉਂ ਕਹੇ ਹਨ?ਸਾਤੋ ਅਕਾਸ ਸਾਤੋ ਪਤਾਰ॥ ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰਿ॥(ਸ੍ਰੀ ਦਸਮ ੩੮)ਅਕਾਲ ਉਸਤਤਿ ਦੀਆਂ ੨੭੧ ਪੌੜੀਆਂ ਮਗਰੋਂ ਇਹ ਦੋ ਤੁਕਾਂ ਹਨ,ਅਕਾਲ ਉਸਤਤਿ ਦਾ ਭਾਵ ਇਨ੍ਹਾਂ ਦੋ ਤੁਕਾਂ 'ਚ ਹੈ, ਅਕਾਲ ਉਸਤਤਿ 'ਚ ਵਾਹਿਗੁਰੂ ਜੀ ਦੇ ਸਮੂੰਹ ਉਪਕਾਰ ਹੀ ਉਪਕਾਰ ਹਨ।(ਸਾਤੋ) ਸਾਚੋ ਵਾਹਿਗੁਰੂ ਜੀ ਅਕਾਸ਼ ਤੇ(ਪਤਾਰ)ਪਤਾਲ 'ਚ ਵਿਆਪਕ(ਸਾਤੋ)ਸੱਚੇ(ਅਦ੍ਰਿਸਟ)ਦਿਸਣ ਤੋਂ(ਅ)ਰਹਿਤ ਹਨ।(ਜਿਹ)ਜਿਨ੍ਹਾਂ ਦੇ ਪੈਦਾ ਪਾਲਣਾ ਲੈਤਾ ਦੇ(ਕਰਮ)ਕੰਮ ਕੌਤਕ ਪਰਉਪਕਾਰ ਦਾ (ਜਾਰਿ)ਜਾਲ(ਬਿਥਰਿਓ)ਫ਼ੈਲਿਆ ਹੋਇਆ ਹੈ,

ਜਾਲ ਫ਼ੈਲਣ ਦਾ ਭਾਵ ਬੇਅੰਤ ਹੀ ਕੌਤਕ ਹਨ,ਜੈਸਾ ਕਿ ਅਕਾਲ ਉਸਤਤਿ 'ਚ ਇਉਂ ਕਹੇ ਹਨ:- ਬਿਸ੍ਵ ਕੋ ਭਰਨ ਹੈਂ,ਕਿ ਅਪਦਾ ਕੋ ਹਰਨ ਹੈਂ,ਕਿ ਸੁਖ ਕੋ ਕਰਨ ਹੈਂ,ਕਿ ਤੇਜ ਕੋ ਪ੍ਰਕਾਸ ਹੈਂ॥(ਸ੍ਰੀ ਦਸਮ

੩੭)ਦੂਜਾ ਅਰਥ:-ਸਾਤੋ ਅਕਾਸ ਸਾਤੋ ਪਤਾਰ॥ਬਿਥਰਿਓ ਅਦ੍ਰਿਸਟ ਜਿਹ ਕਰਮ ਜਾਰਿ॥(ਜਿਹ)ਜਿਸ(ਅਦ੍ਰਿਸਟ)ਦਿਸਣ ਤੋਂ(ਅ) ਰਹਿਤ ਵਿਆਪਕ ਨਿਰਗੁਨ ਬ੍ਰਹਮ ਜੀ ਦੀ(ਕਰਮ)ਕ੍ਰਿਪਾ ਦੁਆਰਾ,(ਸਾਤੋ)ਸੱਤਾਂ(ਅਕਾਸ)ਅਕਾਸ਼ਾਂ(ਸਾਤੋ) ਸੱਤਾਂ(ਪਤਾਰ)ਪਤਾਲਾਂ ਦਾ (ਜਾਰਿ)ਜਾਲ(ਬਿਥਰਿਓ)ਫੈਲਿਆ ਹੈ,ਕੇਵਲ ਸੱਤ ਹੀ ਨਹੀਂ,ਜਾਲ਼ ਭਾਵ ਬੇਅੰਤ ਹੀ ਅਕਾਸ਼ ਪਤਾਲ ਰਚੇ ਹਨ।ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥ਸੋ ਅਕਾਸ਼ਾਂ ਪਤਾਲਾਂ ਦੀ ਕੁੱਲ ਗਿਣਤੀ ਸੱਤ ਹੀ ਨਹੀਂ ਕਹੀ,ਬਲਕਿ ਬੇਅੰਤ ਹੀ ਕਹੇ ਹਨ।

੫੬.ਕੀ ਸਿੱਖ ਕਾਗਜ਼ ਨੂੰ ਪੂਜਦੇ ਹਨ?ਪ੍ਰਭ ਪੂਜਹੋ ਨਾਮੁ ਅਰਾਧਿ॥)ਪੂਜਾ ਕੀਚੈ.ਨਾਮੁ ਧਿਆਈਐ;ਬਿਨੁ ਨਾਵੈ.ਪੂਜ ਨ ਹੋਇ॥ਉਪ੍ਰੋਕਤ ਪ੍ਰਮਾਣਾਂ ਅਨੁਸਾਰ,ਸਿੱਖ ਕੇਵਲ ਪਰਮਪੂਜਨੀਕ ਸੱਚੇ ਵਾਹਿਗੁਰੂ ਜੀ ਦੇ ਨਾਮ ਨੂੰ ਹੀ ਪੂਜਦੇ ਹਨ। ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਉੱਬਲਦੀ ਦੇਗ ਅੰਦਰ ਬੈਠੇ ਪੜ੍ਹ ਰਹੇ ਹਨ।ਨਾਨਕ ਕੀ ਅਰਦਾਸਿ ਸੁਣੀਜੈ॥ ਕੇਵਲ ਨਾਮੁ ਰਿਦੇ ਮਹਿ ਦੀਜੈ॥ਨਾਮ ਹੀ ਮੰਗਿਆ ਹੈ। ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਘਰ ’ਚ ਕੇਵਲ ਨਾਮ ਦੀ ਹੀ ਪੂਜਾ ਹੈ।ਯਥਾ:-ਨਾਨਕ ਕੈ ਘਰਿ ਕੇਵਲ ਨਾਮੁ॥)ਸਾਈ ਨਾਮੁ ਅਮੋਲੁ;ਕੀਮ ਨ ਕੋਈ ਜਾਣਦੋ॥)ਜਨੁ ਨਾਨਕੁ.ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ. ਅਵਰਹ ਨਾਮੁ ਜਪਾਵੈ॥੨॥ਅਨੇਕਾਂ ਹੀ ਪ੍ਰਮਾਣ ਨਾਮ ਦੀ ਮਹਿਮਾ ਅਤੇ ਨਾਮ ਜਪਣ ਜਪਾਉਣ ਬਾਰੇ ਹਨ। ਵਾਹਿਗੁਰੂ ਜੀ ਦੇ ਅਵਤਾਰ ਭਗਤ ਰਵਿਦਾਸ ਸਾਹਿਬ ਜੀ ਪੂਰਨ ਕ੍ਰਿਪਾ ਅਤੇ ਨਿਆਂ ਕਰਦੇ ਹਨ। ਯਥਾ:- ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ; ਜੈਸੇ ਕਾਗਰਾ ਕਰਤ ਬੀਚਾਰੰ॥ ਭਗਤਿ ਭਾਗਉਤੁ ਲਿਖੀਐ ਤਿਹ ਊਪਰੇ; ਪੂਜੀਐ ਕਰਿ ਨਮਸਕਾਰੰ॥ਤਾੜ ਦੇ ਬ੍ਰਿਛ ਤੋਂ ਸ਼ਰਾਬ ਨਿਕਲਦੀ ਹੈ, ਕਾਗਜ਼ ਭੀ ਅਪਿੱਤ੍ਰ ਚੀਜ਼ਾਂ ਤੋਂ ਬਣਦਾ ਹੈ। (ਰੇ) ਹੇ ਭਾਈ! (ਜੈਸੇ) ਜਿਸ ਤਰ੍ਹਾਂ (ਤਾਰਿ) ਤਾੜ ਦੇ ਬ੍ਰਿਛ, (ਕਾਗਰਾ) ਕਾਗਜ਼ ਦੀ (ਬੀਚਾਰੰ) ਵੀਚਾਰ (ਕਰਤ) ਕਰਦਿਆਂ, ਅਪਵਿਤ੍ਰ (ਕਰਿ) ਕਰਕੇ (ਮਾਨੀਐ) ਮੰਨੀਦੇ ਹਨ, ਜੇਕਰ (ਤਿਹ) ਤਿਸ ਕਾਗਜ਼ ਜਾਂ ਤਾੜ ਦੇ ਬ੍ਰਿਛ ਦੇ ਪੱਤੇ (ਊਪਰੇ) ਉੱਤੇ (ਭਾਗਉਤੁ) ਭਗਵਾਨ ਜੀ ਦੀ ਪ੍ਰੇਮਾ (ਭਗਤਿ) ਭਗਤੀ ਸਬੰਧੀ ਬਚਨ (ਲਿਖੀਐ) ਲਿਖੀਏ, ਤਾਂ ਉਹ ਨਮਸਕਾਰੰ (ਕਰਿ) ਕਰਕੇ (ਪੂਜੀਐ) ਪੂਜੀਦੇ ਹਨ। ਜੇਕਰ ਸਿੱਖ ਕਾਗਜ਼ ਦੀ ਪੂਜਾ ਕਰਦੇ ਹੋਣ ਤਾਂ ਕਾਗਜ਼ ਦੀਆਂ ਮਿੱਲਾਂ ’ਚ ਜਾ ਕੇ ਕਾਗਜ਼ ਨੂੰ ਮੱਥਾ ਟੇਕਣ, ਸੋ ਸਤਿਗੁਰੂ ਸਾਹਿਬਾਨ ਜੀ ਦੇ ਪਿਆਰੇ ਸਿੱਖ,ਕਾਗਜ਼ ਦੀ ਪੂਜਾ ਨਹੀਂ ਕਰਦੇ, ਕੇਵਲ ਨਾਮ ਦੀ ਹੀ ਪੂਜਾ ਕਰਦੇ ਹਨ। ਤਰਕ ਕਰਨ ਵਾਲੇ ਗੁਰਬਾਣੀ ਦੀ ਪੂਜਾ ਕਰਕੇ ਨਿਹਾਲ ਹੋਵਣ।

੫੭.ਕੀ ਬਾਬਰ ਦੀ ਸੱਤ ਮੁੱਠਾਂ ਭੰਗ ਪਰਵਾਨ ਕੀਤੀ? ਨਹੀਂ ਜੀ! ਏਮਨਾਬਾਦ ’ਚ ਬਾਬਰ ਨੇ ਅਨਤ ਕਲਾ ਹੋਇ ਠਾਕੁਰੁ ਚੜਿਆ॥

ਪਹਿਲੇ ਪਾਤਿਸਾਹ ਜੀ ਨੂੰ ਕਿਹਾ, “ਹੇ ਪੂਰਨ ਦਰਵੇਸ਼ ਜੀ! ਤੁਸੀਂ ਭੰਗ ਪੀਵੋ।” ਕੋਟਾਨ ਕੋਟਿ

ਬ੍ਰਹਮੰਡਾਂ ਦੇ ਮਾਲਕ ਅਜਪਾ ਜਾਪ 'ਚ ਲੀਨ, ਵਿਸਮਾਦ ਨਾਮ ਰੰਗ ਦੇ ਪੂਰਨ ਨਸ਼ੇ 'ਚ,ਉਮਾਹ ਨਾਲ ਬਾਬਰ ਨੂੰ ਉੱਤ੍ਰ ਦਿੰਦਿਆਂ, ਵਾਹਿਗੁਰੂ ਜੀ ਦੇ ਸਨਮੁਖ ਇਹ ਸ਼ਬਦ ਉਚਾਰਿਆ:- ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥ਹੇ ਵਾਹਿਗੁਰੂ ਜੀ! ਜੋ (ਤੇਰਾ) ਆਪ ਜੀ ਦਾ ਜੋ ਭਉ ਹੈ, ਇਹੋ ਹੀ ਮੇਰੀ (ਭਾਂਗ) ਭੰਗ ਹੈ।ਭੈ ਰੂਪੀ ਭੰਗ ਨੂੰ ਧਾਰਨ ਵਾਲੀ ਖਲੜੀ ਮੇਰਾ ਚੀਤੁ ਹੈ।ਸੋ ਸਭ ਨੂੰ ਭੰਗ ਤੋਂ ਵਰਜਿਆ ਹੈ।

ਪ੮.ਸੁਖ ਨਿਧਾਨੁ ਪ੍ਰਭੁ ਏਕੁ ਹੈ;ਅਬਿਨਾਸੀ ਸੁਣਿਆ॥ਜਲਿ ਥਲਿ ਮਹੀਅਲਿ ਪੂਰਿਆ;ਘਟਿ ਘਟਿ ਹਰਿ ਭਣਿਆ॥)ਮਨ ਤਨ ਅੰਤਰਿ;ਚਰਨ ਧਿਆਇਆ॥ ਹਰਿ ਸੁਖ ਨਿਧਾਨ; ਨਾਨਕ ਦਾਸਿ ਪਾਇਆ॥ ਅਨੁਸਾਰ ਵਾਹਿਗੁਰੂ ਜੀ ਸੁਖਾਂ ਦੇ (ਨਿਧਾਨੁ) ਖ਼ਜ਼ਾਨੇ ਹਨ। ਮਦਰਾ ਦਹਤਾ ਸਪਤਿ ਕੁਲ ਭੰਗ ਦਹੈ ਤਨ ਅਨੇਕ॥ ਸਤ ਕੁਲ ਜਗਤ ਜੂਠ ਦਹੈ ਨਿੰਦਾ ਦਹੈ ਅਨੇਕ॥ ਅਨੁਸਾਰ ਸ੍ਰੀਰ ਨੂੰ ਦਲਿੱਦ੍ਰੀ ਰੋਗੀ ਤੇ ਮੱਤਿ ਨੂੰ ਭੰਗ ਨਾਸ ਕਰਨ ਵਾਲਾ ਭੈੜਾ ਨਸ਼ਾ ਸੁਖਾ ਹੈ। ਸੁਖ ਨਿਧਾਨ ਨਹੀਂ, ਦੁੱਖ ਨਿਧਾਨ ਹੈ! ਸੁੱਖੇ ਨੂੰ ਸ਼ਹੀਦੀ ਦੇਗ ਕਹਿਣਾ ਪਰਮਪੂਜਨੀਕ ਸੱਚੇ ਪਾਤਿਸਾਹ ਜੀ ਦੀ ਆਗਿਆ ਦੇ ਉਲਟ ਹੈ।ਸੁੱਖਾ ਮਾਸ ਚਾਹ ਕੌਫ਼ੀ ਦਸੌਰੀ ਘੀ, ਸ਼ਰਾਬ ਆਦਿ ਨਖਿੱਧ ਪਦਾਰਥਾਂ ਦਾ ਪਰਮਪੂਜਨੀਕ ਸੱਚੇ ਪਾਤਿਸਾਹ ਜੀ ਨੂੰ ਭੋਗ ਨਹੀਂ ਲੁਆਉਣਾ ਚਾਹੀਦਾ।

ਪ੯. ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ॥ ਫਰੀਦਾ ਏਹੋ ਪਛੋਤਾਉ; ਵਤਿ ਕੁਆਰੀ ਨ ਥੀਐ॥੬੩॥ਅਨਵੈ:- ਜਾਂ ਕੁਆਰੀ ਤਾਂ ਮਾਮਲੇ ਵੀਵਾਹੀ ਤਾ ਚਾਉ॥ ਪਤੀ ਦੀ ਪ੍ਰਾਪਤੀ ਤੋਂ ਬਿਨਾ (ਜਾਂ) ਜਦੋਂ ਤੱਕ ਕੁਆਰੀ ਹੈ, ਤਾਂ (ਮਾਮਲੇ) ਵਿਛੋੜੇ ਦੇ ਕਸ਼ਟ ਕਜੀਏ ਕਲੇਸ਼ ਇਸ ਦੇ ਗਲ਼ ਪੈਂਦੇ ਹਨ, ਪਰ ਜਦੋਂ ਵੀਵਾਹੀ ਜਾਂਦੀ ਹੈ, (ਤਾ) ਤਦੋਂ ਚਾਉ ਉਤਸ਼ਾਹ ਹੁੰਦਾ ਹੈ। ਆਪ ਗਵਾ ਕੇ, ਪਤੀ ਦੀ ਸੇਵਾ ਕਰਕੇ ਪ੍ਰਸੰਨਤਾ ਲੈਂਦੀ ਹੈ। ਪਤੀ ਹਰ ਤਰ੍ਹਾਂ ਦੀ ਲੋੜ ਪੂਰੀ ਕਰਦਾ ਹੈ। ਪਤੀ ਦੀ ਆਗਿਆ ਮੰਨ ਕੇ ਸੁਖ ਪਾਉਂਦੀ ਹੈ।ਅੰਤ੍ਰੀਵ ਅਰਥ:- (ਜਾਂ) ਜਦੋਂ ਇਹ ਜੀਵ ਰੂਪੀ ਇਸਤ੍ਰੀ, ਸਤਿਗੁਰੂ ਸਾਹਿਬਾਨ ਜੀ ਨੂੰ ਤਨ ਮਨ ਧਨ ਸਿਰ ਨਾ ਅਰਪਣੇ ਕਰਕੇ ਪਤੀ ਪ੍ਰਮਾਤਮਾ ਜੀ ਦੀ ਪ੍ਰਾਪਤੀ ਤੋਂ ਬਿਨਾ ਕੁਆਰੀ ਸੀ ਤਾਂ ਇਸ ਨੂੰ ਵਾਹਿਗੁਰੂ ਜੀ ਦੇ ਵਿਛੋੜੇ ਕਰਕੇ ਚੌਰਾਸੀ ਭੋਗਣ ਰੂਪ (ਮਾਮਲੇ) ਕਸ਼ਟ ਦੁੱਖ ਕਜੀਏ ਕਲੇਸ਼ ਬਣੇ ਹੀ ਰਹਿੰਦੇ ਸਨ। ਯਥਾ:- ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥)ਵਿਧਣ ਖੂਹੀ; ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥)ਵੀਵਾਹੀ ਤਾ ਚਾਉ ਜਦੋਂ ਮਾਤਾ ਪਿਤਾ ਜੀ ਰੂਪ ਸਤਿਗੁਰੂ ਸਾਹਿਬਾਨ ਜੀ ਨੇ, ਵਾਹਿਗੁਰੂ ਜੀ ਵਰ ਨਾਲ (ਵੀਵਾਹੀ) ਵਿਆਹ ਦਿਤੀ। ਯਥਾ:- ਕਹਿ ਕਬੀਰ ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥)ਤਾ ਚਾਉ ਹੋ ਗਿਆ।ਫਰੀਦਾ ਏਹੋ ਪਛੋਤਾਉ;ਵਤਿ ਕੁਆਰੀ ਨ ਥੀਐ॥੬੩॥ਰੱਬ ਰੂਪ ਬਾਬਾ (ਫਰੀਦਾ) ਫਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:-ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ;ਨਾ ਕਦੇ ਮਰੈ ਨ ਜਾਇਆ॥ਅਨੁਸਾਰ ਪੂਰਨ ਗੁਰੂ ਜੀ ਤੋਂ ਅਬਿਨਾਸੀ ਵਰ ਨੂੰ ਪ੍ਰਾਪਤ ਕਰਕੇ

(ਵਤਿ)ਫਿਰ ਕੁਆਰੀ ਹੋਣ ਦਾ ਏਹੋ ਜੋ (ਪਛੋਤਾਉ) ਪਛਤਾਵਾ ਝੋਰਾ ਕਜੀਆ ਹੈ, ਇਹ (ਨ) ਨਹੀਂ (ਥੀਐ) ਹੁੰਦਾ। ਯਥਾ:- ਸਖੀ ਵਸਿ ਆਇਆ. ਫਿਰਿ ਛੋਡਿ ਨ ਜਾਈ; ਇਹ ਰੀਤਿ ਭਲੀ ਭਗਵੰਤੈ॥

੬੦. ਕੀ ਸਤਾਰਵੀਂ ਅਸਟਪਦੀ ਦਾ ਸਲੋਕੁ ਬਾਬੇ ਸ੍ਰੀ ਚੰਦ ਜੀ ਨੇ ਉਚਾਰਿਆ? ਨਹੀਂ ਜੀ।ਸੂਬ ਵਿਆਪੀ ਮਹਾਂ ਮਹਾਂ ਵਿਸਮਾਦ ਪ੍ਰੇਮ ਪ੍ਰਚਾਰ ਪੜ੍ਹੋ।{ਨਿੰਦਾ ਭਲੀ.ਕਿਸੈ ਕੀ ਨਾਹੀ;ਮਨਮੁਖ ਮੁਗਧ ਕਰੰਨਿ॥)ਗੁਰੁ ਪੂਰਾ ਨਮਸਕਾਰੇ॥ਅਨੁਸਾਰ ਅਤੀਰਥ ਯੋਧੇ ਸਿੰਘਾਂ ਦੇ ਸਿਰਾਂ ਦੇ ਮੁੱਲ ਜਤੀ ਸਤੀ ਨਿਰਮਲੇ ਲਾਡਲੇ ਅਤੀਰਥ ਯੋਧੇ ਸਿੰਘਾਂ ਦੇ ਸਿਰਾਂ ਦੇ ਮੁੱਲ ਪਏ,ਬੇਅੰਤ ਸਿੰਘ ਸਾਹਿਬਾਨਜੀ ਸ਼ਹੀਦ ਹੋਏ।ਐਸੇ ਜ਼ੋਰ ਜ਼ੁਲਮ ਦੇ ਭਿਆਨਕ ਸਮੇਂ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨਜੀ ਦੇ ਪਿਆਰੇ ਲਾਡਲੇ,ਭੁੱਖੇ ਤਿਹਾਏ ਜੰਗਲ਼ਾਂ'ਚ ਰਹਿਣ ਲੱਗੇ।ਤਦੋਂ ਗੁਰੂ ਇਤਿਹਾਸ'ਚ ਮਿਲਾਵਟ ਕੀਤੀ ਗਈ।ਗੁਰੂ ਇਤਿਹਾਸ'ਚ,ਜਿਹੜੇ ਬਚਨ ਧੰਨ ੨ ਗੁਰਬਾਣੀ ਗੁਰੂਜੀ ਦੀ ਕਸੌਟੀ'ਤੇ ਨਹੀਂ ਟਿਕਦੇ,ਪਿਆਰੇ ਗੁਰੂ ਸੰਗਤਜੀ ਉਨ੍ਹਾਂ ਨੂੰ ਵਿਚਾਰ ਕੇ ਕੱਢ ਦੇਣ।ਕੂੜੁ ਬੋਲਿ;ਮੁਰਦਾਰੁ ਖਾਇ॥ਅਨੁਸਾਰ ਗੁਰੂ ਸਾਹਿਬਜੀ ਦੇ ਨਿੰਦਕਾਂ ਨੇ ਅਣਹੋਈ ਨਿੰਦਾ ਲਿਖੀ ਹੈ,ਜਿਵੇਂ ਉੱਲੂ ਕਹਿੰਦਾ ਹੈ,"ਦੁਨੀਆਂ ਸੂਰਜ ੨ ਕਹਿੰਦੀ ਹੈ,ਪਰ ਮੇਰੇ ਦਾਦੇ ਪੜਦਾਦੇ ਨੇ ਸੂਰਜ ਨਹੀਂ ਦੇਖਿਆ।"ਸਰਬੱਤ ਦੇ ਭਲੇ ਹਿਤ ਗੁਰੂ ਪ੍ਰਮੇਸਰਜੀ ਉੱਬਲਦੀ ਦੇਗ਼'ਚ ਬੈਠੇ ਹਨ।ਸਾਨੂੰ ਕਲਜੁੱਗੀ ਜੀਆਂ ਨੂੰ ਗੁਰਬਾਣੀਜੀ ਬਖ਼ਸ਼ ਕੇ ਨਿਹਾਲ ਕੀਤਾ ਹੈ।ਨਿੰਦਕ ਨੇ ਕਿਹਾ,"ਗੁਰੂਜੀ ਨੂੰ ਸੋਲ਼ਵੀਂ ਅਸਟਪਦੀ ਤੋਂ ਮਗਰੋਂ ਗੁਰਬਾਣੀਜੀ ਹੀ ਨ ਫੁਰਨ,ਤਾਂ ਅੱਗੇ ੮ ਅਸਟਪਦੀਆਂ ਸ੍ਰੀ ਚੰਦਜੀ ਨੇ ਉਚਾਰੀਆਂ।"ਨਿਰਗੁਨ ਬ੍ਰਹਮਜੀ ਦੇ ਸਰਗੁਨ ਪੂਰਨ ਗੁਰ ਅਵਤਾਰ,ਵਾਹਿਗੁਰੂ ਮਹੱਲੇ ਪੰਜਵੇਂ ਜੀ,ਸ੍ਰੀ ਗੁਰੂ ਗ੍ਰੰਥ ਸਾਹਿਬਜੀ ਸਰੂਪ ਦੁਆਰਾ,ਆਪਣੇ ਦਾਸਾਂ ਦੇ ਦਿਲ ਦਿਮਾਗ਼'ਚ ਹਰ ਸਮੇਂ ਗੁਰਬਾਣੀਜੀ ਭੇਜਦੇ ਰਹਿੰਦੇ ਹਨ।ਸਾਚ ਨਾਮ ਕੀ ਅੰਮ੍ਰਿਤ ਵਰਖਾ॥ਕਰਦੇ ਰਹਿੰਦੇ ਹਨ।ਪੂਰਨ ਪ੍ਰੇਮ ਭਾਉ-ਭਗਤੀ ਅਜਪਾ ਜਾਪ ਸਹਿਤ,ਨਿਰਗੁਨ ਸਰਗੁਨ ਸਾਹਿਬਜੀ ਦੀ ਏਕਤਾ ਬਖ਼ਸ਼ ਕੇ,ਲੂੰ ੨'ਚ ਵਸ ਕੇ,ਦਾਸਾਂ ਦੇ ਰਿਦੇ'ਚੋਂ ਮੁਖ'ਚ ਅੰਮ੍ਰਿਤ ਬਖ਼ਸ ਕੇ ਨਿਹਾਲ ਕਰਦੇ ਰਹਿੰਦੇ ਹਨ।ਜ਼ਾਲਮਾਂ ਦੇ ਘੋਰ ਭਿਆਨਕ ਜ਼ੁਲਮ ਕਰਨ ਤੋਂ,ਆਪਜੀ ਉੱਬਲਦੀ ਦੇਗ਼'ਚ ਬੈਠ ਕੇ,ਤੇਰਾ ਕੀਆ ਮੀਠਾ ਲਾਗੈ॥ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਅਨੁਸਾਰ ਭਾਣਾ ਮੰਨ ਕੇ,ਆਪਣਾ ਆਪ ਕੁਰਬਾਨ ਕਰਕੇ ਆਗਿਆਕਾਰੀ ਅਨੁਸਾਰੀ ਬਣੇ।ਜੋ ਸ਼ੁਭ ਅਮੋਲਕ ਬਚਨ ਫੁਰਮਾਏ,ਸੋ ਸ਼ਹੀਦੀ ਦੇ ਕੇ ਕਮਾਏ।ਨਾਰਾਇਨ ਨਰਪਤਿ;ਨਮਸਕਾਰੈ॥ਐਸੇ ਗੁਰ ਕਉ.ਬਲਿ ਬਲਿ ਜਾਈਐ;ਆਪਿ ਮੁਕਤੁ.ਮੋਹਿ ਤਾਰੈ॥ ਅਨੁਸਾਰ ਐਸੇ ਗੁਰੂ ਪ੍ਰਮੇਸਰਜੀ ਤੋਂ,ਰੋਮ ੨ ਕਰਕੇ ਨਿਮਖ ੨ ਬਾਰ ੨ ਜੁੱਗੋ ਜੁੱਗ,ਨਮਸਕਾਰ ਕਰਦਿਆਂ,ਬਲਿਹਾਰ ਕੁਰਬਾਨ ਜਾਈਏ ਜੀ।ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ;ਗੁਰਦੇਵ ਨਾਨਕ ਹਰਿ ਨਮਸਕਰਾ॥

ਹਮਰੋ ਕਰਤਾ;ਰਾਮੁ ਸਨੇਹੀ॥ਧੰਨ ਹਨ ਧੰਨ ਹਨ ਧੰਨ ਹਨ,ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ,ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ।

ਸ਼ਹੀਦਾਂ ਦੇ ਸਿਰਤਾਜ,ਹਮਰਾ ਰਾਜਨੁ.ਸਦਾ ਸਲਾਮਤਿ;ਤਾ ਕੋ.ਸਗਲ ਘਟਾ ਜਸੁ ਗਾਇਓ॥)ਤੁਮ ਹੋ;ਸਭ ਰਾਜਨ ਕੇ ਰਾਜਾ॥ਆਪੇ ਆਪੁ;ਗਰੀਬ ਨਿਵਾਜਾ॥ਸਭ ਪੀਰਾਂ ਦੇ ਪੀਰ,ਗੁਰੂਆਂ ਦੇ ਗੁਰੂ,ਗ਼੍ਰੀਬ ਨਿਵਾਜ,ਪਾਰਬ੍ਰਹਮ ਪਰਮੇਸੁਰ ਸਤਿਗੁਰ;ਸਭਨਾ ਕਰਤ ਉਧਾਰਾ॥ਅਨੁਸਾਰ ਸਭਨਾ ਜੀਆਂ ਦਾ ਉਧਾਰ ਕਰਨ ਵਾਲੇ,ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਮਹਾਰਾਜ ਸੱਚੇ ਪਾਤਿਸਾਹਜੀ,ਤੂ ਸਦਾ ਸਲਾਮਤਿ; ਨਿਰੰਕਾਰ॥ਵਿਆਪਕ ਸੱਚੇ ਬ੍ਰਹਮਜੀ ਦੇ ਅਨੰਤ ਕਲਾਵਾਨ ਪੂਰਨ ਗੁਰੂ ਸੱਚੇ ਅਵਤਾਰ ਪੂਰਨ ਬ੍ਰਹਮ ਸਰੂਪ ਹਨ।ਸਤਿਗੁਰੁ ਮੇਰਾ;ਸਭਸ ਕਾ ਦਾਤਾ॥ਸਤਿਗੁਰੁ ਮੇਰਾ;ਪੁਰਖੁ ਬਿਧਾਤਾ॥ਆਪਜੀ ਨੇ ਆਪਣੇ ਨਿਰਗੁਨ ਸਰੂਪ ਦੁਆਰਾ,ਹਰਿ ਸਿਮਰਨਿ;ਕੀਓ ਸਗਲ ਅਕਾਰਾ॥)ਕੀਤਾ ਪਸਾਉ;ਏਕੋ ਕਵਾਉ॥ਅਨੁਸਾਰ ਅਜਪਾ ਜਾਪ ਵਾਹਿਗੁਰੂ ਵਾਹਿਗੁਰੂ ਇੱਕ(ਕਵਾਉ)ਵਾਕ ਨਾਲ ਕੋਟਾਨ ਕੋਟਿ ਬ੍ਰਹਮੰਡਾਂ ਦਾ ਪਸਾਰਾ ਰਚਿਆ ਹੈ।ਇਸ ਨੂੰ ਰਚਦਿਆਂ ਦੇਰੀ ਨਹੀਂ ਲਾਈ।ਖਿਨ ਮਹਿ;ਥਾਪਿ ਉਥਾਪਨਹਾਰਾ॥ਅੰਤੁ ਨਹੀ ਕਿਛੁ;ਪਾਰਾਵਾਰਾ॥ਆਪਣੇ ਰਚੇ ਇਸ ਪਸਾਰੇ'ਚ ਆਪਜੀ ਆਪ ਹੀ ਵਸ ਰਹੇ ਹਨ।ਕੁਦਰਤਿ ਕਰਿ ਕੈ;ਵਸਿਆ ਸੋਇ॥

ਨਾਨਕ;ਸੋਧੇ ਸਿੰਮ੍ਰਿਤਿ ਬੇਦ॥ਪਾਰਬ੍ਰਹਮ ਗੁਰ;ਨਾਹੀ ਭੇਦ॥ਆਪਣੇ ਨਿਰਗੁਨ ਸਰੂਪ ਦੁਆਰਾ ਆਪਜੀ ਦੇ ਆਪਣੇ ਰਚੇ, ਕੋਟਾਨ ਕੋਟਿ ਬ੍ਰਹਮੰਡਾਂ'ਚ ਕੋਟਾਨ ਕੋਟਿ ਸੂਰਜ,ਹੁਕਮੁ ਤੇਰਾ.ਖਰਾ ਭਾਰਾ;ਗੁਰਮੁਖਿ ਕਿਸੈ ਬੁਝਾਏ॥ਅਨੁਸਾਰ ਆਪਜੀ ਦੇ ਵਿਸਮਾਦ ਨਿਰਗੁਨ ਸਰੂਪ ਜੀ ਦੇ ਖ਼ਰੇ ਭਾਰੇ ਇਲਾਹੀ ਹੁਕਮ ਨਾਲ ਹੁਣ ਕ੍ਰੋੜਾਂ ਸੂਰਜ,ਕ੍ਰੋੜਾਂ ਕੋਹਾਂ ਚੱਲਦੇ ਆਪਜੀ ਦੇ ਪਾਕ ਨਿਰਗੁਨ ਸਰੂਪ ਜੀ ਤੋਂ ਪ੍ਰਕਾਸ਼ ਪਾ ਰਹੇ ਹਨ।ਇਨ੍ਹਾਂ ਸੂਰਜਾਂ ਨੂੰ ਸਾਜਣ,ਇਨ੍ਹਾਂ ਦਾ ਆਸਰਾ ਨਮੋ ਰਾਜ ਰਾਜੇ;ਅਨੁਸਾਰ ਇਨ੍ਹਾਂ ਦੇ ਪ੍ਰਕਾਸ਼ਕ ਭੀ ਆਪਜੀ ਦੇ ਖਰੇ ਨਿਰਮਲ ਨਿਰਗੁਨ ਸਰੂਪ ਜੀ ਹੀ ਹਨ।ਹੇ ਸਭ ਤੇ ਵਡ ਸਮਰਥ ਗੁਰਦੇਵ॥)ਕਰਨ ਕਰਾਵਨ ਸਗਲ ਬਿਧਿ;ਸੋ ਸਤਿਗੁਰੂ ਹਮਾਰਾ॥ਕਰਨ ਕਰਾਵਨ ਸਮ੍ਰੱਥ ਗੁਰਦੇਵ ਜੀ !ਆਪਜੀ ਜਦੋਂ ਚਾਹੋਂ ਇਨ੍ਹਾਂ ਸੂਰਜਾਂ ਖੰਡ ਬ੍ਰਹਮੰਡ ਦੇ ਪਸਾਰੇ ਨੂੰ ਆਪਣੇ ਸਤਿਨਾਮੁ ਨਿਰਗੁਨ ਸਰੂਪ'ਚ ਲੀਣ ਕਰ ਲੈਂਦੇ ਹੋਂ ਜੀ।ਜਬ ਆਕਰਖ;ਕਰਤ ਹੋ ਕਬਹੂੰ॥ਤੁਮ ਮੈਂ ਮਿਲਤ;ਦੇਹ ਧਰ ਸਭਹੂੰ॥

ਉਪ੍ਰੋਕਤ ਸਰੂਜਾਂ ਤੇ ਇਨ੍ਹਾਂ ਦੀਆਂ ਬੇਅੰਤ ਕਿਰਨਾਂ ਧੁੱਪਾਂ ਸਮੇਤ,ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ 'ਚ ਵਸ ਕੇ,ਇਸ ਨੂੰ ਆਪਣੇ ਆਸਰੇ ਟਿਕਾਅ ਕੇ,ਇਸ ਸਰਗੁਨ ਸਰੂਪ ਜੀ ਸਮੇਤ,;ਪੂਰਨ ਪੂਰਿ ਰਹਿਓ ਸਰਬ ਠਾਈ॥ਨਿਰਗੁਨ ਬ੍ਰਹਮਜੀ,ਤਿਸੁ ਗੁਰ ਕਉ;ਸਦ ਕਰੀ ਨਮਸਕਾਰ॥ਤਿਸੁ ਗੁਰ ਕਉ;ਸਦ ਜਾਉ ਬਲਿਹਾਰ॥ਅਨੁਸਾਰ ਹਰ ਸਮੇਂ ਨਮਸਕਾਰਦਿਆਂ ਪੂਰਨ ਪ੍ਰੇਮ ਸਹਿਤ ਜਪਦੇ ਹਨ,ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਾਹਾਨ ਸਾਹੁ॥ਧੰਨ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ।ਹੁਣ ਉੱਬਲਦੀ ਦੇਗ਼'ਚ ਹਰਖ ਸੋਗ ਤੋਂ ਨਿਰਾਲੀ ਅਵਸਥਾ'ਚ ਚੌਂਕੜਾ ਲਾ ਰਹੇ ਹਨ।ਹਰਖ ਸੋਗ ਦੁਹੁ ਮਾਹਿ ਨਿਰਾਲਾ;ਕਰਣੈਹਾਰੁ ਪਛਾਤਾ॥)ਹਰਖ ਸੋਗ.ਜਾ ਕੈ ਨਹੀ;ਬੈਰੀ ਮੀਤ

ਸਮਾਨ॥ਕਹੁ ਨਾਨਕ.ਸੁਨਿ ਰੇ ਮਨਾ;ਮੁਕਤਿ ਤਾਹਿ ਤੈ ਜਾਨ॥) ਹਰਖ ਅਨੰਤ;ਸੋਗ ਨਹੀ ਬੀਆ॥ਸੋ ਘਰੁ;ਗੁਰਿ ਨਾਨਕ ਕਉ ਦੀਆ॥

ਸਤਿਗੁਰੁ ਦਇਆ ਨਿਧਿ.ਮਹਿਮਾ ਅਗਾਧਿ ਬੋਧਿ;ਨਮੋ ਨਮੋ ਨਮੋ ਨਮੋ.ਨੇਤਿ ਨੇਤਿ ਨੇਤਿ ਹੈ॥ਅਨੁਸਾਰ ਪਰਮਪੂਜਨੀਕ ਹਰੀ ਰੂਪ ਸੱਚੇ ਸਤਿਗੁਰੂ ਸਾਹਿਬਜੀ ਦੀ ਮਹਿਮਾ ਅਗਾਧ ਬੋਧ ਹੈ। ਤੈ ਜਨਮਤ;ਗੁਰਮਤਿ ਬ੍ਰਹਮੁ ਪਛਾਣਿਓ॥ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਮਹਾਰਾਜਜੀ ਨੇ,ਗੁਰਤਾ ਮਿਲਣ ਤੋਂ ਪਹਿਲਾਂ ਹੀ ਇਹ ਗੁਰਬਾਣੀਜੀ ਉਚਾਰੇ:-ਮੇਰਾ ਮਨੁ ਲੋਚੈ;ਗੁਰ ਦਰਸਨ ਤਾਈ॥ਜਿਵੇਂ ਬਰੜਾਉਣ ਵਾਲਾ ਨਿਰਯਤਨ ਬੋਲਦਾ ਹੈ,ਤਿਵੇਂ ਪਰਮਪੂਜਨੀਕ ਬ੍ਰਹਮ ਸਰੂਪ ਸੱਚੇ ਸਤਿਗੁਰੂ ਸਾਹਿਬਜੀ ਨੇ,ਕਲਜੁੱਗੀ ਜੀਆਂ'ਤੇ ਅਪਾਰ ਅਥਾਹ ਕ੍ਰਿਪਾ ਕਰਕੇ,ਸਹਜ ਸੁਭਾਇ ਨਿਰਯਤਨ ਹੀ ਗੁਰਬਾਣੀਜੀ ਉਚਾਰੇ ਹਨ। ਜੈਸੀ ਮੈ ਆਵੈ.ਖਸਮ ਕੀ ਬਾਣੀ;ਤੈਸੜਾ ਕਰੀ ਗਿਆਨੁ.ਵੇ ਲਾਲੋ॥)ਹਉ ਆਪਹੁ.ਬੋਲਿ ਨ ਜਾਣਦਾ;ਮੈ ਕਹਿਆ ਸਭੁ ਹੁਕਮਾਉ ਜੀਉ॥)ਧੁਰ ਕੀ ਬਾਣੀ ਆਈ॥ਤਿਨਿ ਸਗਲੀ ਚਿੰਤ ਮਿਟਾਈ॥ਦਇਆਲ ਪੁਰਖ ਮਿਹਰਵਾਨਾ॥ਹਰਿ ਨਾਨਕ.ਸਾਚੁ ਵਖਾਨਾ॥)ਬੇਸੁਮਾਰ ਅਥਾਹ.ਅਗਨਤ ਅਤੋਲੈ॥ਜਿਉ ਬੁਲਾਵਹੁ;ਤਿਉ ਨਾਨਕ ਦਾਸ ਬੋਲੈ॥)ਸਹਜਿ ਸੁਭਾਇ;ਬੋਲੈ ਹਰਿ ਬਾਣੀ॥) ਕਲਜੁਗਿ.ਜਹਾਜੁ ਅਰਜੁਨੁ ਗੁਰੂ;ਸਗਲ ਸ੍ਰਿਸ੍ਟਿ ਲਗਿ.ਬਿਤਰਹੁ॥)ਪਰਤਛਿ ਰਿਦੈ.ਗੁਰ ਅਰਜੁਨ ਕੈ;ਹਰਿ ਪੂਰਨ ਬ੍ਰਹਮਿ.ਨਿਵਾਸੁ ਲੀਅਉ॥)ਧਰਨਿ ਗਗਨ ਨਵ ਖੰਡ ਮਹਿ;ਜੋਤਿ ਸ੍ਵਰੂਪੀ ਰਹਿਓ ਭਰਿ॥ਭਨਿ ਮਥੁਰਾ.ਕਛੁ ਭੇਦੁ ਨਹੀ;ਗੁਰੁ ਅਰਜੁਨੁ ਪਰਤਖ੍ਯ ਹਰਿ॥)ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ;ਫਿਰਿ ਸੰਕਟ ਜੋਨਿ ਗਰਭ ਨ ਆਯਉ॥ਪਰਮਪੂਜਨੀਕ ਅਸਚਰਜ ਗੁਰੂ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹਜੀ ਨੂੰ,ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਤੀਜੇ ਪਾਤਿਸਾਹਜੀ ਤੋਂ ਇਹ ਸ਼ੁਭ ਸੱਚੇ ਵਰ ਮਿਲੇ। "ਪਹਿਲਾਂ ਗੁਰਤਾ ਆਪਜੀ ਦੇ ਪਰਮਪੂਜਨੀਕ ਪਿਤਾ ਜੀ ਨੂੰ ਮਿਲੇਗੀ,ਫੇਰ ਆਪਜੀ ਨੂੰ ਮਿਲੇਗੀ।"ਅਤੇ,"ਦੋਹਿਤਾ ਬਾਣੀ ਕਾ ਬੋਹਿਥਾ॥"ਸੋ ਗੁਰੂ ਪ੍ਰਮੇਸਰ ਜੀ ਨੇ ਆਪਣੇ ਨਿਰਗੁਨ ਸਰੂਪ'ਚੋਂ,ਖੰਡਾਂ ਬ੍ਰਹਮੰਡਾਂ,ਅਨੇਕ ਪ੍ਰਕਾਰ ਦੀ ਰਚਨਾ,ਬੇਅੰਤ ਖਾਣੀਆਂ ਬੇਅੰਤ ਬਾਣੀਆਂ ਰਚੀਆਂ ਹਨ। ਹਮ ਚਾਕਰ.ਗੋਬਿੰਦ ਕੇ;ਠਾਕੁਰੁ ਮੇਰਾ ਭਾਰਾ॥ਕਰਨ ਕਰਾਵਨ ਸਗਲ ਬਿਧਿ;ਸੋ ਸਤਿਗੁਰੂ ਹਮਾਰਾ॥ਰਾਗੀ ਸੱਤੇ ਬਲਵੰਡ ਜੀ ਨੂੰ ਆਪਜੀ ਨੇ ਬਖ਼ਸ਼ਦਿਆਂ ਕਿਹਾ"ਜਿਸ ਜ਼ਬਾਨ ਨਾਲ ਨਿੰਦਾ ਕੀਤੀ ਹੈ,ਉਸੇ ਨਾਲ ਹੀ ਗੁਰੂ ਪ੍ਰਮੇਸਰਜੀ ਦੀ ਉਸਤਤ ਕਰੋ। ਉਨ੍ਹਾਂ'ਤੇ ਕ੍ਰਿਪਾ'ਚ ਢਲ਼ ਕੇ,ਉਨ੍ਹਾਂ ਨੂੰ ਸ੍ਰੀ ਗੁਰੂ ਸਾਹਿਬਜੀ ਨੇ ਗੁਰਬਾਣੀਜੀ ਉਚਾਰਨ ਦਾ ਬਲ ਬਖ਼ਸ਼ ਦਿਤਾ। ਪਰਮਪੂਜਨੀਕ ਨਿਰੰਕਾਰ ਗੁਰਬਾਣੀਜੀ ਦੇ ਅਵਤਾਰ,ਕਲਜੁਗਿ.ਜਹਾਜੁ ਅਰਜੁਨੁ ਗੁਰੂ;ਸਗਲ ਸ੍ਰਿਸ੍ਟਿ ਲਗਿ.ਬਿਤਰਹੁ ॥ਸਾਹਿਬਜੀ ਧੰਨ ਹਨ,ਜਿਨ੍ਹਾਂ ਨੇ ਕੋੜ੍ਹੀਆਂ ਦੇ ਕੋੜ੍ਹ ਮੇਟ ਕੇ,ਉਨ੍ਹਾਂ ਤੋਂ ਗੁਰਬਾਣੀ ਉਚਰਵਾ ਦਿਤੀ। ਸੋ ਨਿਮ੍ਰਤਾ ਹਲੀਮੀ ਗ੍ਰੀਬੀ ਨ੍ਰਿਵਿਕਾਰਤਾ, ਧੀਰਜ ਸਤਿ ਸੰਤੋਖ ਦਇਆ ਧਰਮ ਵੀਚਾਰ,ਨਿਵਣ ਖਵਣ ਆਦਿ ਅਸੰਖ ਗੁਣਾਂ ਦੀਆਂ ਅਨੰਤ ਕਲਾਂ ਦੇ ਮਾਲਕ,ਦਾਤੇ ਦਾਤਾਰ ਗੁਰੂ ਪ੍ਰਮੇਸਰਜੀ

ਦੇ ਨਿੰਦਕਾਂ ਤੋਂ ਦੂਰ ਹੀ ਰਹੋਜੀ।ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ;ਗੁਰਦੇਵ ਨਾਨਕ ਹਰਿ ਨਮਸਕਰਾ॥੧॥ ਅਨੁਸਾਰ ਹੇ ਗ੍ਰੀਬ ਨਿਵਾਜ ਪਰਮਪੂਜਨੀਕ ਸੱਚੇ ਸਤਿਗੁਰੂ ਧੰਨ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ !ਆਪਜੀ ਨੂੰ ਰੋਮ ੨ ਕਰਕੇ ਨਿਮਖ ੨ ਨਮਸਕਾਰ ਪ੍ਰਵਾਨ ਹੋਵੇ ਜੀ।ਧਰਨਿ ਗਗਨ ਨਵ ਖੰਡ ਮਹਿ;ਜੋਤਿ ਸ੍ਵਰੂਪੀ ਰਹਿਓ ਭਰਿ॥ਭਨਿ ਮਥੁਰਾ.ਕਛੁ ਭੇਦੁ ਨਹੀ;ਗੁਰੁ ਅਰਜੁਨੁ ਪਰਤਖ੍ਯ ਹਰਿ॥ਪਰਮ ਪੂਜਨੀਕ ਮਹੱਲਾ ਪੰਜਵਾਂ ਸਾਹਿਬ ਜੀ ਦੇ,ਸ੍ਰਬ ਵਿਆਪੀ ਮਹਾਂ ਵਿਸਮਾਦਿ ਸੁੰਦਰ ਦਰਸ਼ਨ ਕਰਕੇ ਕੋਹੜ ਕਰਕੇ ਗਲ਼ੇ ਸੜੇ ਸਤੇ,ਬਲਵੰਡ ਜੀ ਨੂੰ ਗੁਰਬਾਣੀ ਸਫੁਰਨ ਹੋਈ।ਗੁਰੂਜੀ ਦੇ ਪ੍ਰੇਮੀ ਜਦੋਂ ਦਰਸ਼ਨ ਕਰਦੇ ਵਿਸਮਾਦ ਇਕਾਗ੍ਰ ਅਜਪਾ ਜਾਪ ਬ੍ਰਹਮ'ਚ ਲੀਣ ਹੋ ਜਾਂਦੇ।ਸਤਿਗੁਰੂ ਸਾਹਿਬਜੀ ਨੇ ਆਪਣੇ ਨਿਰਗੁਨ ਸਰੂਪ'ਚੋਂ ਕ੍ਰੋੜਾਂ ਬ੍ਰਹਮੰਡ ਪ੍ਰਗਟ ਕੀਤੇ ਹਨ। ਬ੍ਰਹਮਗਿਆਨੀ;ਸਗਲ ਕੀ ਰੀਨਾ॥ਅਨੁਸਾਰ ਅਨੇਕਾਂ ਹੀ ਸਭ ਦੀ ਚਰਨ-ਧੂੜ ਪੂਰਨ ਬ੍ਰਹਮਗਿਆਨੀ ਪੈਦਾ ਕੀਤੇ ਹਨ।ਧਰਨਿ ਗਗਨ ਨਵ ਖੰਡ ਮਹਿ;ਜੋਤਿ ਸ੍ਵਰੂਪੀ ਰਹਿਓ ਭਰਿ॥ਭਨਿ ਮਥੁਰਾ.ਕਛੁ ਭੇਦੁ ਨਹੀ;ਗੁਰੁ ਅਰਜੁਨੁ ਪਰਤਖ੍ਯ ਹਰਿ॥ਪਰਮ ਪੂਜਨੀਕ ਮਹੱਲਾ ਪੰਜਵਾਂ ਸਾਹਿਬਜੀ ਦੀ ਅਮੋਲਕ ਗੁਰਬਾਣੀ ਨਾਲ ਪ੍ਰੇਮੀਆਂ ਦੀ ਸੰਤੁਸਟੀ ਹੁੰਦੀ ਹੈ।ਗੁਰੂ ਪ੍ਰੀਤਮਜੀ ਨੂੰ ਰੋਮ ੨ ਕਰਕੇ ਨਿਮਖ ੨ ਨਮਸਕਾਰਾਂ ਹੀ ਨਮਸਕਾਰਾਂ ਕਰਦੇ ਰਹਿੰਦੇ ਹਨ।ਸੋ ਹੇ ਗੁਰੂ ਪਿਆਰੀ ਸੱਚਿਆਰੀ ਸਵਾਰੀ ਸਤਿਕਾਰੀ ਗੁਰੂ ਖ਼ਾਲਸਾ ਸਾਧਸੰਗਤਜੀਓ!ਵਾਹਿਗੁਰੂ ਗੁਰੂ ਪ੍ਰਮੇਸਰਜੀ ਨੇ ਇੱਕੋ ਚੌਂਕੜੇ ਸੰਪੂਰਨ ਸ੍ਰੀ ਸੁਖਮਨੀ ਸਾਹਿਬਜੀ ਉਚਾਰੇ ਹਨਜੀ।ਹੁਣ ਸਰਗੁਨ ਸਰੂਪ ਗੁਰਤਾ ਬਿਰਾਜਮਾਨ ਹੋ ਰਹੇ ਹਨ,ਹੁਣ ਨਿਰਗੁਨ ਨਿਰੰਕਾਰ ਸਰੂਪ,ਸਭ ਦੇ ਅੰਦਰ ਬਾਹਰ ਅਨੰਤ ਅਸੰਖ ਵਿਸਮਾਦ ਪ੍ਰਕਾਸ਼,ਨੂਰੋ ਨੂਰ ਨੂਰੋ ਨੂਰ,ਨੂਰ ਹੀ ਨੂਰ ਵਿਆਪਕ ਪ੍ਰਕਾਸ਼ਕ ਹੋ ਕੇ ਅਜਪਾ ਜਾਪ ਕਰ ਰਹੇ ਹਨ।ਤੁਮ ਪੂਰਨ.ਪੂਰਿ ਰਹੇ ਸੰਪੂਰਨ;ਹਮ ਭੀ ਸੰਗਿ ਅਘਾਏ॥ਹੇ ਮਨ !ਤੁਮ ਦਾਤੇ ਠਾਕੁਰ ਪ੍ਰਤਿਪਾਲਕ;ਨਾਇਕ ਖਸਮ ਹਮਾਰੇ॥ਅਨੁਸਾਰ ਗੁਰੂ ਪ੍ਰਮੇਸਰਜੀ ਨੂੰ,ਆਪਣੇ ਪ੍ਰੀਤਮ ਪਿਆਰੇ ਖਸਮ ਕਰਤੇ ਰਾਮ ਭਗਵਾਨ ਵਾਹਿਗੁਰੂਜੀ ਮੰਨ ਕੇ,ਨਿੰਦਾ ਤਿਆਗ ਕੇ ਨਿਮਖ ੨ ਨਮਸਕਾਰ ਕਰਕੇ ਨਿਹਾਲ ਹੋ। ਕੀ ਸਤਾਰਵੀਂ ਅਸਟਪਦੀ ਦਾ ਸਲੋਕੁ ਬਾਬੇ ਸ੍ਰੀ ਚੰਦ ਜੀ ਨੇ ਉਚਾਰਿਆ? ਨਹੀਂ ਜੀ। ਸਿੰਘਾਂ ਦੇ ਸਿਰਾਂ ਦੇ ਮੁੱਲ ਪਏ, ਬੇਅੰਤ ਸਿੰਘ ਸ਼ਹੀਦ ਹੋਏ। ਐਸੇ ਜੋਰ ਜ਼ੁਲਮ ਦੇ ਸਮੇਂ ਸਤਿਗੁਰੂ ਸਾਹਿਬਾਨ ਜੀ ਦੇ ਪਿਆਰੇ ਲਾਡਲੇ ਜੰਗਲ਼ਾਂ 'ਚ ਰਹਿਣ ਲੱਗੇ, ਤਦੋਂ ਗੁਰੂ ਇਤਿਹਾਸ 'ਚ ਮਿਲਾਵਟ ਹੋ ਗਈ। ਧੰਨ ਗੁਰੂ ਧੰਨ ਗੁਰਬਾਣੀ। ਜਿਹੜਾ ਗੁਰੂ ਇਤਿਹਾਸ ਗੁਰਬਾਣੀ ਦੀ ਕਸੌਟੀ 'ਤੇ ਨਹੀਂ ਟਿਕਦਾ, ਉਸ ਨੂੰ ਮੱਖੀ ਸਮਝ ਕੇ ਕੱਢ ਦੇਣਾ ਚਾਹੀਦਾ ਹੈ। ਸੱਚੇ ਪਾਤਿਸਾਹ ਜੀ ਦੇ ਨਿੰਦਕ ਇਹ ਕਹਿੰਦੇ ਹਨ ਕਿ ਸੱਚੇ ਪਾਤਿਸਾਹ ਜੀ ਨੂੰ ਸੋਲ਼ਵੀਂ ਅਸਟਪਦੀ ਤੋਂ ਮਗਰੋਂ ਬਾਣੀ ਨਾ ਫੁਰੀ, ਫੇਰ ਬਾਸਠ ਨੱਗਰ ਸ੍ਰੀ ਚੰਦ ਜੀ ਪਾਸ ਗਏ। ਸ੍ਰੀ ਚੰਦ ਜੀ ਨੇ ਸਤਾਰਵੀਂ ਅਸਟਪਦੀ ਦਾ ਸਲੋਕੁ ਉਚਾਰਿਆ। ਸਤਿਗੁਰੁ ਦਇਆ ਨਿਧਿ. ਮਹਿਮਾ ਅਗਾਧਿ ਬੋਧਿ; ਨਮੋ ਨਮੋ ਨਮੋ ਨਮੋ. ਨੇਤਿ ਨੇਤਿ ਨੇਤਿ ਹੈ॥(ਕਬਿੱਤ ੧੧੧) ਅਨੁਸਾਰ ਸੱਚੇ ਪਾਤਿਸਾਹ ਜੀ ਦੀ ਮਹਿਮਾ ਅਗਾਧ ਬੋਧ ਹੈ। ਜਿਵੇਂ ਬਰੜਾਉਣ

ਵਾਲਾ ਨਿਰਯਤਨ ਬੋਲਦਾ ਹੈ, ਤਿਵੇਂ ਪਰਮਪੂਜਨੀਕ ਬ੍ਰਹਮ ਸਰੂਪ

ਸੱਚੇ ਪਾਤਿਸਾਹ ਜੀ ਨੇ ਕਲਜੁਗੀ ਜੀਆਂ 'ਤੇ ਅਪਾਰ ਅਥਾਹ ਕ੍ਰਿਪਾ ਕਰਕੇ, ਸਹਜ ਸੁਭਾਇ ਹੀ ਗੁਰਬਾਣੀ ਉਚਾਰੀ ਹੈ। ਯਥਾ:- ਹਰਿ ਕਾ ਨਾਮੁ ਜਪਤ; ਦੁਖੁ ਜਾਇ॥ ਨਾਨਕ ਬੋਲੈ; ਸਹਜਿ ਸੁਭਾਇ॥ ਹੇਠ ਲਿਖੇ ਅਨੁਸਾਰ ਸੰਪੂਰਨ ਸ੍ਰੀ ਸੁਖਮਨੀ ਸਾਹਿਬ ਜੀ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਇੱਕੇ ਚੌਂਕੜੇ ਸ੍ਰੀ ਰਾਮਸਰ ਸਾਹਿਬ ਜੀ ਵਿਖੇ, ਸ੍ਰੀ ਬੇਰ ਸਾਹਿਬ ਜੀ ਹੇਠਾਂ ਉਚਾਰੇ। ਇਤਿਹਾਸਕ ਅਸਥਾਨ ਦੀ ਪ੍ਰਤੱਖ ਗਵਾਹੀ ਹੈ। ਕਲਜੁਗਿ ਜਹਾਜੁ ਅਰਜੁਨੁ ਗੁਰੂ;) ਪਰਤਛਿ ਰਿਦੈ. ਗੁਰ ਅਰਜੁਨ ਕੈ; ਹਰਿ ਪੂਰਨ ਬ੍ਰਹਮਿ. ਨਿਵਾਸੁ ਲੀਅਉ॥ਵਾਹਿਗੁਰੂ ਸਰੂਪ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੂੰ, ਪਰਮਪੂਜਨੀਕ ਨਾਨੇ ਸਤਿਗੁਰੂ ਤੀਜੇ ਪਾਤਿਸਾਹ ਜੀ ਤੋਂ ਵਰ ਮਿਲਿਆ ਹੈ। ਦੋਹਿਥਾ ਬਾਣੀ ਕਾ ਬੋਹਿਥਾ॥) ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ. ਪਰਤਖੵ ਹਰਿ॥ਜੀ ਨੇ ਖੰਡਾਂ ਬ੍ਰਹਮੰਡਾਂ ਦੀ ਸਾਰੀ ਬਾਣੀ ਤੇ ਰਚਨਾ ਰਚੀ ਹੈ। ਜਿਹੜਾ ਇਹ ਕਹਿਣਾ ਹੈ ਕਿ ਸੋਲ਼ਾਂ ਅਸਟਪਦੀਆਂ ਤੋਂ ਮਗਰੋਂ ਸਤਿਗੁਰੂ ਸਾਹਿਬ ਜੀ ਨੂੰ ਗੁਰਬਾਣੀ ਨਾ ਫੁਰੀ, ਇਹ ਨਿੰਦਾ ਹੈ, ਉਪ੍ਰੋਕਤ ਵਰ ਦੇ ਉਲਟ ਹੈ। ਸੋ ਸੰਪੂਰਨ ਸ੍ਰੀ ਸੁਖਮਨੀ ਸਾਹਿਬ ਜੀ, ਸਤਿਗੁਰੂ ਪੰਜਵੇ ਪਾਤਿਸਾਹ ਜੀ ਨੇ ਇੱਕੇ ਹੀ ਚੌਂਕੜੇ ਸ੍ਰੀ ਰਾਮਸਰ ਸਾਹਿਬ ਜੀ ਵਿਖੇ ਉਚਾਰੇ ਅਤੇ ਭਾਈ ਗੁਰਦਾਸ ਸਾਹਿਬ ਜੀ ਨੇ ਲਿਖੇ। ਸਤਾਰਵੀਂ ਅਸਟਪਦੀ ਦਾ ਸਲੋਕੁ ਸ੍ਰੀ ਚੰਦ ਜੀ ਨੇ ਉਚਾਰਿਆ ਕਹਿ ਕੇ, ਸ੍ਰੀ ਚੰਦ ਜੀ ਦੀ ਉਸਤਤ ਨਹੀਂ ਕਰ ਰਹੇ, ਨਿੰਦਾ ਕਰ ਰਹੇ ਹੋਂ।

੬੧.ਸ੍ਰੀ ਮੂਲਮੰਤ੍ਰ ਸਾਹਿਬ ਜੀ ਬਾਰੇ ਪ੍ਰੇਮ ਬੇਨਤੀ:- ਸੀਸ ਤਲੀ 'ਤੇ ਰੱਖਣ ਵਾਲੇ ਪਰਮਪੂਜਨੀਕ ਬਾਬਾ ਦੀਪ ਸਿੰਘ ਸਾਹਿਬ ਜੀ ਦਾ ਚੱਕ੍ਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਹੈ, ਉਸ 'ਤੇ ਅਤੇ ਪਰਮਪਵਿੱਤ੍ਰ ਹਰੀਰੂਪ ਸ੍ਰੀ ਦਰਬਾਰ ਸਾਹਿਬ ਜੀ ਦੇ ਅੱਗੇ ਭੀ, ;ਨਾਨਕ ਹੋਸੀ ਭੀ ਸਚੁ॥੧॥ ਤੱਕ ਸੰਪੂਰਨ ਸ੍ਰੀ ਮੂਲਮੰਤ੍ਰ ਸਾਹਿਬ ਜੀ ਲਿਖੇ ਹਨ। ਜਪੁ ਜੀ ਸਾਹਿਬ ਬਾਣੀ 'ਚ ਸ੍ਰੀ ਮੂਲਮੰਤ੍ਰ ਸਾਹਿਬ ਜੀ ਅਤੇ ਸਲੋਕ ਸਮੇਤ ਚਾਲ਼ੀ ਪਉੜੀਆਂ ਹਨ। ਲੋਕ ਪ੍ਰਲੋਕ ਚ, ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਨਾਮ ਹੀ ਸਹਾਇਕ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਸੱਚਾ ਨਾਮ ਜਪਣੇ ਕਰਕੇ, ਸੱਚਖੰਡ ਦਾ ਬੂਹਾ ਖੁੱਲ੍ਹਾ ਮਿਲਦਾ ਹੈ, ਇਕਾਗ੍ਰਤਾ ਸ਼ਾਂਤੀ ਅਤੇ ਨਿਰਗੁਨ ਸਰਗੁਨ ਦੀ ਏਕਤਾ ਪ੍ਰਾਪਤ ਹੁੰਦੀ ਹੈ। ਇਸ ਕਰਕੇ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਪਰਮਪਵਿੱਤ੍ਰ ਨਾਮ ਤੱਕ ਸ੍ਰੀ ਮੂਲਮੰਤ੍ਰ ਸਾਹਿਬ ਜੀ ਪੜ੍ਹੋ। ਸੱਚੇ ਸਤਿਗੁਰੂ ਸਾਹਿਬਾਨ ਜੀ ਨੂੰ ਵਿਚੋਲੇ ਰੱਖ ਕੇ ਅਕਾਲ ਪੁਰਖੁ ਜੀ ਨੂੰ ਧਿਆਈਦਾ ਹੈ। ਯਥਾ:- ;ਗੁਰ ਵਿਚੁ ਦੇ ਤੁਝਹਿ ਧਿਆਈ॥ਅਤੇ ਅੰਗ ਅੰਗ ਸੁਖਦਾਈ.ਪੂਰਨ ਬ੍ਰਹਮਾਈ;ਵਾਹਿਗੁਰੂ ਜੀ ਦੇ ਅਵਤਾਰ ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦਾ ਨਾਮ ਕਿਉਂ ਛੱਡਦੇ ਹੋਂ? ਜੋ ਐਸੇ ਦਾਤੇ ਸਤਿਗੁਰੂ ਸਾਹਿਬਾਨ ਜੀ ਆਪਾਂ ਨੂੰ ਪਰਮਪਵਿੱਤ੍ਰ ਗੁਰਬਾਣੀ ਬਖ਼ਸ਼ ਰਹੇ ਹਨ। ਜਿਵੇਂ ਗਹਿਣੇ 'ਚ ਨਗ ਜੜਿਆ ਅਤਿਅੰਤ

ਸਜਦਾ ਹੈ, ਤਿਵੇਂ ਸੱਚੇ ਪਾਤਿਸਾਹ ਜੀ ਦਾ ਪਰਮਪਵਿੱਤ੍ਰ ਸੱਚਾ ਨਾਮ, ਮੂਲਮੰਤ੍ਰ ਰੂਪੀ ਗਹਿਣੇ 'ਚ ਨਗ ਵਾਂਗ ਸੋਹਣਾ ਅਮੋਲਕ ਸਜ ਰਿਹਾ ਹੈ। ਜੇਕਰ ਕਿਸੇ ਨੂੰ ਅਮੋਲਕ ਹੀਰਾ ਦਿਤਾ ਜਾਵੇ ਤੇ ਉਹ ਸੁੱਟ ਦੇਵੇ, ਮੂਲਮੰਤ੍ਰ ਪੜ੍ਹਨ ਵੇਲੇ,

ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਰਮਪਵਿੱਤ੍ਰ ਨਾਮ ਛੱਡਣ ਵਾਲਿਆਂ ਨੂੰ ਇਉਂ ਸਮਝ ਲਵੋ।ਰੇਤੁ ਅਕੁ ਆਹਾਰੁ ਕਰਿ,ਰੋੜਾ ਕੀ ਗੁਰ ਕਰੀ ਵਿਛਾਈ।ਭਾਰੀ ਕਰੀ ਤਪਸਿਆ;ਵਡੇਭਾਗੁ ਹਰਿ ਸਿਉ ਬਣਿ ਆਈ।(ਵਾਰ ੧) ਅਨੁਸਾਰ ਸੱਚੇ ਪਾਤਿਸਾਹ ਜੀ ਦੀ ਕਮਾਈ ਨੂੰ ਭੁੱਲ ਕੇ,ਜੀਵ ਘੱਟ ਬਾਣੀ ਪੜ੍ਹਨ 'ਚ ਹੀ ਸੌਖ ਮੰਨਦਾ ਹੈ,ਸੱਚੇ ਪਾਤਿਸਾਹ ਜੀ ਦੀ ਪ੍ਰਸੰਨਤਾ ਕਿਵੇਂ ਹੋਵੇ? ਸ੍ਰੀ ਮੂਲਮੰਤ੍ਰ ਸਾਹਿਬ ਜੀ ਚੱਕ੍ਰਵਰਤੀ ਪਾਤਿਸਾਹ ਜੀ ਵਾਂਗ ਹਨ, ਸਤਿਗੁਰੂ ਸਾਹਿਬ ਜੀ ਦਾ ਪਰਮਪਵਿੱਤ੍ਰ ਅਮੋਲਕ ਨਾਮ ਮੁਕਟ ਵਾਂਗ ਹੈ। ਬਹੁਤ ਅਮੋਲਕ ਬੇਨਤੀ ਹੈ, ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਤੋਂ ਮਗਰੋਂ ਸਤਿਗੁਰੂ ਸਾਹਿਬਾਨਾਂ ਜੀ ਨੇ ਭਾਵੇਂ ਗੁਰਬਾਣੀ ਆਪ ਰਚੀ ਹੈ,ਪਰ ਨਾਮ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਹੀ ਲਿਖਿਆ ਹੈ। ਸ਼ਬਦਾਂ ਦੀ ਸੰਪੂਰਨਤਾ, ਸਤਿਗੁਰੂ ਨਾਨਕ ਦੇਵ ਸਾਹਿਬ ਸੱਚੇ ਪਾਤਿਸਾਹ ਜੀ ਦੇ ਨਾਮ 'ਤੇ ਹੀ ਹੁੰਦੀ ਹੈ, ਸੰਪੂਰਨਤਾ 'ਤੇ ਅੰਕ ਭੀ ਹੁੰਦਾ ਹੈ, ਇਸ ਕਰਕੇ ਇੱਥੇ ਏਕੇ 'ਤੇ ਸੰਪੂਰਨਤਾ ਹੈ। ਇਸ ਕਰਕੇ ਮੂਲਮੰਤ੍ਰ ਸਾਹਿਬ ਜੀ,;ਨਾਨਕ ਹੋਸੀ ਭੀ ਸਚੁ॥੧॥ਤੱਕ ਸ਼ੁੱਧ ਛਾਪ ਕੇ ਹਰੇਕ ਘਰੇ ਸਜਾਏ ਜਾਣ। ਇੱਕਓਅੰਕਾਰ ਸ਼ੁੱਧ ਬੋਲਿਆ ਅਤੇ ਲਿਖਿਆ ਜਾਵੇ ਜੀ।

ਮਾਰਿਆ ਸਿਕਾ ਜਗਤ੍ਰਿ ਵਿਚਿ;ਨਾਨਕ ਨਿਰਮਲ ਪੰਥ ਚਲਾਇਆ।(ਵਾਰ ੧)ਅਨੁਸਾਰ ਸਤਿਨਾਮੁ ਰੂਪੀ ਸਿੱਕੇ 'ਤੇ ਪਾਤਿਸਾਹਾਂ ਦੇ ਸ਼੍ਰੋਮਣੀ ਪਾਤਿਸਾਹ ਜੀ ਦਾ ਪਰਮਪਵਿੱਤ੍ਰ ਪਰਮਪੂਜਨੀਕ ਨਾਮ ਮੋਹਰ ਹੈ। ਇਸ ਕਰਕੇ ਸੱਚੇ ਪਾਤਿਸਾਹ ਜੀ ਦਾ ਨਾਮ ਜ਼ਰੂਰ ਹੀ ਚਾਹੀਏ ਜੀ।

ਵਾਹਿਗੁਰੂ॥ਇਹ ਖ਼ਾਸ ਕੀਮਤੀ ਪ੍ਰੇਮ ਬੇਨਤੀ ਹੈ, ਰੋਮ ੨ ਕਰਕੇ ਸ਼ਰਧਾ ਨਮਸਕਾਰ ਸਹਿਤ ਪੜ੍ਹਨੀ ਜੀ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਪਰਮਪਵਿੱਤ੍ਰ ਨਾਮ ਨਾਲ ਹੀ ਅਰਥ ਦੀ ਸਿੱਧੀ ਹੁੰਦੀ ਹੈ। ਜਦੋਂ ਮੂਲਮੰਤ੍ਰ ਪੜ੍ਹੀਏ, ਉਸ ਨੂੰ ਪਰਮਪੂਜਨੀਕ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦਸਾਂ ਸਤਿਗੁਰੂ ਸਾਹਿਬ ਦੀ ਮਹਿਮਾ ਜਾਣ ਕੇ ਪੜ੍ਹੀਏ, ਇਸ ਤਰ੍ਹਾਂ ਗੁਰਬਾਣੀ ਪੜ੍ਹਨ ਸਮੇਂ ਧਿਆਨ ਧਾਰਨਾ, ਸੋ ਸਤਿਗੁਰੂ ਸਾਹਿਬਾਨ ਜੀ 'ਤੇ ਘਟਾ ਕੇ ਅਰਥ ਕਰਨੇ ਚਾਹੀਦੇ ਹਨ। ਯਥਾ:-(੧ਓ)ਇੱਕ ਅਦ੍ਵੈਤ ਰੂਪ ਓਅੰਕਾਰ ਸ੍ਵਬ ਪ੍ਰਕਾਸ਼ਕ ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸਾਂ ਹੀ ਪਾਤਸ਼ਾਹਾਂ ਜੀ ਦੇ ਬਖ਼ਸ਼ੇ,ਵਾਹਿਗੁਰੂ ਜੀ ਦੇ। (ਸਤਿ+ਨਾਮੁ)(ਸਤਿ)ਸੱਚੇ ਨਾਮੁ ਜੀ ਹਨ। ਅਕਾਲ ਪੁਰਖੁ ਜੀ ਕੋਟਿ ਬ੍ਰਹਮੰਡ ਦੀ ਰਚਨਾ ਨੂੰ(ਕਰਤਾ)ਕਰਨ ਵਾਲੇ ਭਾਵ ਰਚਨ ਵਾਲੇ ਆਪਣੀ ਹੀ ਰਚੀ ਰਚਨਾ 'ਚ(ਪੁਰਖੁ)ਪੂਰਨ ਹਨ। ਦਸੇ ਪਾਤਿਸਾਹ ਜੀ ਆਪ ਕਰਤਾ ਪੁਰਖੁ ਜੀ ਦੇ ਅਵਤਾਰ ਹਨ। ਇਸ ਕਰਕੇ ਮੂਲਮੰਤ੍ਰ ਦੇ ਅਭਿਆਸੀ ਨੂੰ ਤਾਂ ਟਿਕਾਅ ਅਨੰਦ ਬਣਦਾ ਹੈ, ਜੇ ਉਹ ਦਸਾਂ ਪਾਤਿਸਾਹਾਂ ਜੀ ਦੀ ਮਹਿਮਾ

ਜਾਣ ਕੇ ਮੂਲਮੰਤ੍ਰ ਦਾ ਅਭਿਆਸ ਕਰੇ। (ਨਿਰਭਉ) ਭੈ ਤੋਂ ਰਹਿਤ, ਵਾਹਿਗੁਰੂ ਜੀ ਪਰਮਪੂਜਨੀਕ ਪੰਜਵੇਂ ਗੁਰੂ ਨਾਨਕ ਸਰੂਪ 'ਚ ਉੱਬਲਦੀ ਦੇਗ਼ 'ਚ ਬੈਠ ਕੇ ਭੀ ਨਿਰਭਉ ਰਹੇ। (ਨਿਰਵੈਰੁ) ਵੈਰ ਤੋਂ ਰਹਿਤ, ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਪਰਮਪੂਜਨੀਕ ਦਸਵੇਂ ਜਾਮੇ ਅੰਦਰ,

ਬਾਬੇ ਘਨੱਈਏ ਜੀ ਨੂੰ ਮੱਲ੍ਹਮ ਪੱਟੀ ਤੇ ਕਟੋਰਾ ਬਖ਼ਸ਼ਿਆ, ਤਾਂ ਜੋ ਦੁਸ਼ਮਣਾਂ ਨੂੰ ਭੀ ਪਾਣੀ ਪਿਆਵੇ ਤੇ ਮੱਲ੍ਹਮ ਪੱਟੀ ਭੀ ਕਰੇ। (ਅਕਾਲ) ਕਾਲ ਤੋਂ ਰਹਿਤ (ਮੂਰਤਿ) ਸਰੂਪ, ਧੰਨ ਸਤਿਗੁਰੂ ਦਸੇ ਪਾਤਿਸਾਹ ਜੀ ਆਪਣੇ ਪਿਆਰਿਆਂ ਨੂੰ ਕਾਲ ਰਹਿਤ ਪਦਵੀ ਬਖ਼ਸ਼ ਰਹੇ ਹਨ। (ਅਜੂਨੀ) ਜੂਨਾਂ ਰਹਿਤ ਬ੍ਰਹਮ ਸਰੂਪ ਦਸਾਂ ਸਤਿਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ,ਜੂਨਾਂ ਤੋਂ ਰਹਿਤ ਅਚੱਲ ਪਦਵੀ ਬਖ਼ਸ਼ੀ ਹੈ। (ਸੈਭੰ) ਸੁਤੇ ਪ੍ਰਕਾਸ਼ ਭਾਵ ਆਪਣੇ ਆਪ ਨੂੰ ਆਪ ਹੀ ਪ੍ਰਕਾਸ਼ਣ ਵਾਲੇ, ਸਤਿਗੁਰੂ ਨਾਨਕ ਦੇਵ ਸਾਹਿਬ ਜੀ ਆਪ ਸੁਤੇ ਪ੍ਰਕਾਸ਼ ਹੁੰਦਿਆਂ ਹੋਇਆਂ, ਹੁਣ ਕੋਟਾਨ ਕੋਟਿ ਬ੍ਰਹਮੰਡਾਂ ਅੰਦਰ ਕੋਟਾਨ ਕੋਟਿ ਸੂਰਜਾਂ ਚੰਦ੍ਰਮਿਆਂ ਤਾਰਿਆਂ ਅਗਨੀਆਂ ਟਿਟਿਆਣਿਆਂ ਨੂੰ ਪ੍ਰਕਾਸ਼ ਰਹੇ ਹਨ। (ਗੁਰਪ੍ਰਸਾਦਿ॥) ਪਰਮਪੂਜਨੀਕ (ਗੁਰ) ਗੁਰੂ ਨਾਨਕ ਅਵਤਾਰ ਧਾਰ ਕੇ (ਪ੍ਰਸਾਦਿ) ਕ੍ਰਿਪਾ ਕਰਕੇ, ਜੀਆਂ ਨੂੰ ਗੁਰਮਤਿ ਗੁਰਬਾਣੀ ਬਖ਼ਸ਼ੀ ਅਤੇ ਬਖ਼ਸ਼ ਰਹੇ ਹਨ। (ਜਪੁ॥) ਧੰਨ ਗੁਰੂ ਨਾਨਕ ਦੇਵ ਸਾਹਿਬ ਜੀ, ਦਸਾਂ ਸਤਿਗੁਰੂ ਸਾਹਿਬ ਨੂੰ ਅਕਾਲ ਪੁਰਖੁ ਨਿਰਭਉ ਨਿਰਵੈਰੁ ਸੰਪੂਰਨ ਮੂਲਮੰਤ੍ਰ ਸਰੂਪ ਕਰਕੇ (ਜਪੁ॥) ਜਪਣਾ ਕਰੋ ਜੀ। (ਆਦਿ ਸਚੁ; ਜੁਗਾਦਿ ਸਚੁ॥) ਧੰਨ ਵਾਹਿਗੁਰੂ ਪਰਮਪੂਜਨੀਕ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਸਾਰੀ ਰਚਨਾ ਦੇ ਆਦਿ 'ਚ ਸਚੁ ਸਰੂਪ ਸਨ, (ਜੁਗਾਦਿ) ਜੁੱਗਾਂ ਆਦਿਕਾਂ 'ਚ ਭੀ ਸਚੁ ਸਰੂਪ ਸਨ। (ਹੈ ਭੀ ਸਚੁ; ਨਾਨਕ ਹੋਸੀ ਭੀ ਸਚੁ॥੧॥) ਧੰਨ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਸੇ ਪਾਤਿਸਾਹ ਜੀ ਹੁਣ ਭੀ ਸਚੁ ਸਰੂਪ (ਹੈ) ਹਨ, ;ਨਾਨਕ ਹੋਸੀ ਭੀ ਸਚੁ॥੧॥ ਵਾਹਿਗੁਰੂ (ਨਾਨਕ) ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹੋਸੀ) ਆਉਣ ਵਾਲੇ ਸਮੇਂ ਨੂੰ ਭੀ ਸਚੁ ਸਰੂਪ ਹੋਣਗੇ॥੧॥ ਸੋ ਪੂਰਨ ਪ੍ਰਪੱਕ ਨਿਸ਼ਚੇ ਸਹਿਤ ਸ੍ਰੀ ਮੂਲਮੰਤ੍ਰ ਸਾਹਿਬ ਜੀ, ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਨਾਮ ਤੱਕ ਸਹੀ ਹਨ ਜੀ। ਆਪਣੇ ਗੁਰੂ ਨੂੰ ਗੁਪਤ ਕਰਨ ਵਾਲੇ ਨੂੰ ਡੰਡ ਮਿਲਦਾ ਹੈ। ਯਥਾ:- ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ; ਓਨਿ ਲਾਹਾ ਮੂਲੁ ਸਭੁ ਗਵਾਇਆ॥ਜਿਵੇਂ ਸ੍ਰੀ ਮੁਖਵਾਕ ਲੈਣ ਸਮੇਂ ਸ਼ਬਦ ਦੀ ਗਿਣਤੀ ਦੇ ਅੰਕ ਤੱਕ ਸ਼ਬਦ ਪੂਰਾ ਪੜ੍ਹੀਦਾ ਹੈ। ਇਸੇ ਤਰ੍ਹਾਂ ਏਕੇ ਤੱਕ ਸੰਪੂਰਨ ਮੂਲਮੰਤ੍ਰ ਸਾਹਿਬ ਜੀ ਨਿਸਚੇ ਕਰਕੇ ਪੂਰਨ ਸ਼ੁੱਧ ਪੜ੍ਹਨੇ ਚਾਹੀਦੇ ਹਨ।ਆਦਿ ਸਚੁ;ਜੁਗਾਦਿ ਸਚੁ॥ਹੈ ਭੀ ਸਚੁ;ਨਾਨਕ ਹੋਸੀ ਭੀ ਸਚੁ॥੧॥ਦੀ ਟੇਕ 'ਤੇ ਮੂਲਮੰਤ੍ਰ ਦਾ ਕੀਤਰਨ ਬਹੁਤ ਹੀ ਸੁੰਦਰ ਮਿੱਠਾ ਪਿਆਰਾ ਸਜਦਾ ਹੈ। ਜਦੋਂ ਰਾਗੀ ਸਿੰਘ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਪਰਮਪਵਿੱਤ੍ਰ ਨਾਮ ਗਾਉਂਦੇ ਹਨ, ਧੰਨ ਧੰਨ ਹੋ ਜਾਂਦੀ ਹੈ।

ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਤੋਂ ਲੈ ਕੇ,ਸ੍ਰੀ ਦਮਦਮੀ ਟਕਸਾਲ

ਤੇ ਹੋਰ ਸੰਪ੍ਰਦਾਵਾਂ ਚ,;ਨਾਨਕ ਹੋਸੀ ਭੀ ਸਚੁ॥੧॥ ਤੱਕ ਹੀ ਮੂਲਮੰਤ੍ਰ ਪੜ੍ਹੇ ਜਾਂਦੇ ਹਨ।

੬੨.ਕੀ ਗੁਰਬਾਣੀ ਨੂੰ ਆਮ ਸਾਹਿਤ ਜਾਂ ਗੁਰੂ ਮੰਨ ਕੇ ਪੜ੍ਹਨਾ ਚਾਹੀਦਾ ਹੈ? ਪਰਮਪੂਜਨੀਕ ਪਰਮਪਵਿੱਤ੍ਰ ਸੱਚੇ ਗੁਰੂ,ਅਜਪਾ ਜਾਪ ਬਖ਼ਸ਼ਣ ਵਾਲੇ ਧੁਰ ਦੇ ਗੁਰਬਾਣੀ ਜੀ,ਖਸਮ ਸੱਚੇ ਬ੍ਰਹਮ ਜੀ ਦੇ ਗੁਰਬਾਣੀ ਜੀ,ਨਿਰਗੁਨ ਸਰਗੁਨ ਜੀ ਦੀ ਏਕਤਾ ਕਰਾਉਣ ਵਾਲੇ ਸੱਚੇ ਗੁਰਬਾਣੀ ਜੀ,

ਜਨਮ ੨ ਦੇ ਵਿੱਛੜੇ ਨੂੰ ਵਾਹਿਗੁਰੂ ਜੀ ਨਾਲ ਮੇਲਣ ਵਾਲੇ,ਕੋਟਿ ਨੂਰ ਚਾਨਣ ਬਖ਼ਸ਼ਣ ਵਾਲੇ, ਕੋਹੜ ਮੇਟਣ ਵਾਲੇ ਨਿਰਮਲ ਨੂਰੀ ਗੁਰਬਾਣੀ ਜੀ,ਅੰਮ੍ਰਿਤ ਬ੍ਰਹਮਾਨੰਦ ਰਸ ਬਖ਼ਸ਼ਣ ਵਾਲੇ ਗੁਰਬਾਣੀ ਜੀ,ਜੀਵਨ ਮੁਕਤੀ,ਸਹਿਜ ਸ਼ਾਂਤੀ ਖਿਮਾ ਧੀਰਜ ਬਖ਼ਸ਼ਣ ਵਾਲੇ ਪਰਮਪੂਜਨੀਕ ਸੱਚੇ ਗੁਰਬਾਣੀ ਜੀ,ਹਰਖ ਸੋਗ, ਦੁਸ਼ਮਣ ਮਿੱਤ੍ਰ, ਦੁੱਖ ਸੁਖ, ਮਾਨ ਅਪਮਾਨ ਤੋਂ ਨਿਰਲੇਪਤਾ ਬਖ਼ਸ਼ਣ ਵਾਲੇ ਅਚਰਜ ਵਿਸਮਾਦ ;ਬਾਣੀਆ ਸਿਰਿ ਬਾਣੀ॥ਗੁਰਬਾਣੀ ਜੀ।ਕੌੜੇ ਰੀਠੇ ਮਿੱਠੇ ਕਰਨ ਵਾਲੇ ਉੱਚੇ ਨਿਰਵੈਰ ਨਿਰਭਉ ਗੁਰਬਾਣੀ ਜੀ,ਉੱਬਲਦੀ ਦੇਗ,ਮੱਚਦੀ ਲੋਹ ’ਤੇ ਗਾਏ ਜਾਣ ਵਾਲੇ, ਪੂਰੇ ਗੁਰੂ ਜੀ ਦੇ ਗੁਰਬਾਣੀ ਜੀ,ਬੰਦ ੨ ਕਟਾਉਣ ਵੇਲੇ ਪੜ੍ਹੇ ਜਾਣ ਵਾਲੇ ਪਾਰਬ੍ਰਹਮ ਮਨਿ ਭਾਣੀ॥ਗੁਰਬਾਣੀ ਜੀ,ਆਰੇ ਨਾਲ ਤਨ ਚੀਰੇ ਜਾਣ ਸਮੇਂ ਪੜ੍ਹੇ ਜਾਣ ਵਾਲੇ ਉੂਤਮ ਮਾਤਾ ਪਿਤਾ ਗੁਰਬਾਣੀ ਜੀ,ਪ੍ਰਲੋਕ ਦੇ ਕਸ਼ਟਾਂ ਜਮਾਂ ਵਿਕਾਰਾਂ ਔਗੁਣਾਂ ਦੀ ਮਾਰ ਤੋਂ ਬਚਾਉਣ ਵਾਲੇ ਪੂਰਨ ਗੁਰੂ ਗੁਰਬਾਣੀ ਜੀ,ਅਗਨਿ ਸਾਗਰ ’ਚ ਸੜਨ ਤੋਂ ਬਚਾਉਣ ਵਾਲੇ,ਅਨੰਤ ਸ਼ੁਭ ਗੁਣਾਂ ਦੇ ਸਾਗਰ ਸਤਿਗੁਰੂ ਸੱਜਣ ਜੀ ਦੇ ਗੁਰਬਾਣੀ ਜੀ,ਪੰਜਾਂ ਵਿਕਾਰਾਂ ਤੋਂ ਛੁਡਾਉਣ ਵਾਲੇ ਨਿਰੰਕਾਰ ਸਰੂਪ ਗੁਰਬਾਣੀ ਜੀ,ਰੰਕਾਂ ਮੰਗਤਿਆਂ ਨੂੰ ਮਹਾਰਾਜੇ ਦਾਤੇ ਬਨਾਉਣ ਵਾਲੇ ਸਦ ਨਵਤਨ ਗੁਰਬਾਣੀ ਜੀ,ਸੱਚ ’ਚ ਲੀਨਤਾ ਬਖ਼ਸ਼ਣ ਵਾਲੇ ਸ੍ਰਬ ਸੁਖ ਦੇਣ ਵਾਲੇ ਗੁਰਬਾਣੀ ਜੀ,ਸਤਿ ਸੰਤੋਖ ਗ੍ਰੀਬੀ ਖਿਮਾ ਆਦਿ ਅਸੰਖ ਗੁਣਾਂ ਭਰੇ ਸਤਿਨਾਮੁ ਗੁਰਬਾਣੀ ਜੀ ਦੇ ਪਰਮਪਵਿੱਤ੍ਰ ਅੱਖਰ ੨ ’ਤੇ ਗੁਰੂ ਭਾਵਨਾ ਧਾਰ ਕੇ, ਪੂਰਨ ਸ਼ਰਧਾ ਪ੍ਰੇਮ ਸਹਿਤ ਸ਼ੁੱਧ ਪੜ੍ਹਨੇ ਪੜ੍ਹਾਉਣੇ ਮੰਨਣੇ ਮੰਨਾਉਣੇ ਪੂਜਣੇ ਪੂਜਾਉਣੇ ਧਿਆਉਣੇ ਕਮਾਉਣੇ ਚਾਹੀਦੇ ਹਨ। ਯਥਾ:-ਸਭ ਸਿੱਖਨਿ ਕੋ ਹੁਕਮ ਹੈ; ਗੁਰੂ ਮਾਨਿਓ ਗ੍ਰੰਥ॥ ਗੁਰਬਾਣੀ ਬਿਨਾ ਸਾਡਾ ਮੁੱਲ ਇੱਕ ਕੌਡੀ ਭੀ ਨਹੀਂ। ਸਤਿਗੁਰੂ ਸਾਹਿਬਾਨ ਜੀ ਪਰਮਪੂਜਨੀਕ ਗੁਰਬਾਣੀ ਨੂੰ ਆਪ ਆਪਣਾ ਗੁਰੂ ਮੰਨ ਕੇ ਪੂਜਦੇ ਤੇ ਪੂਜਾਉਂਦੇ ਹਨ। ਯਥਾ:- ਬਾਣੀ ਗੁਰੂ. ਗੁਰੂ ਹੈ ਬਾਣੀ; ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ; ਪਰਤਖਿ ਗੁਰੂ ਨਿਸਤਾਰੇ॥) ਜੇਹਾ ਸਤਿਗੁਰੁ ਕਰਿ ਜਾਣਿਆ;ਤੇਹੋ ਜੇਹਾ ਸੁਖੁ ਹੋਇ॥ਏਹੁ ਸਹਸਾ ਮੂਲੇ ਨਾਹੀ;ਭਾਉ ਲਾਏ ਜਨੁ ਕੋਇ॥)ਜਿਨੀ ਡਿਠਾ.ਮੇਰਾ ਸਤਿਗੁਰੁ ਭਾਉ ਕਰਿ;ਤਿਨ ਕੇ. ਸਭਿ ਪਾਪ ਗਵਾਈ॥ ਹਰਿ ਦਰਗਹ ਤੇ ਮੁਖ ਉਜਲੇ; ਬਹੁ ਸੋਭਾ ਪਾਈ॥ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦਾ ਜੀਵਨ ਅਧਾਰ ਗੁਰਬਾਣੀ ਹੈ। ਯਥਾ:- ਮੈ ਗੁਰਬਾਣੀ ਆਧਾਰੁ ਹੈ;ਗੁਰਬਾਣੀ ਲਾਗਿ ਰਹਾਉ॥ਸੱਚੇ ਸਤਿਗੁਰੂ ਸਾਹਿਬ ਨੇ ਗੁਰਬਾਣੀ ਦੇ ਪਰਮਪਵਿੱਤ੍ਰ ਪ੍ਰਕਾਸ਼ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਆਦਿ ਬੇਅੰਤ

ਗੁਰਦੁਆਰੇ ਸਾਜੇ ਹਨ। ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਗੁਰਤਾ ਬਖ਼ਸ਼ੀ ਹੈ, ਅਨੰਤ ਬ੍ਰਹਮੰਡ ਗੁਰਬਾਣੀ ਜੀ ਦੀ ਪੂਜਾ ਕਰਨ ਲਈ ਹੀ ਰਚੇ ਹਨ ਜੀ।ਹੇ ਪਰਮ ਪਿਆਰੇ ਜੀ! ਆਮ ਸਾਹਿਤ 'ਚ ਜੀਵ ਦੀ ਕਰਣੀ ਕਮਾਈ ਅਤੇ ਸਤਿਗੁਰੁ ਪਰਮੇਸਰੁ ਮੇਰਾ॥ਜੀ ਦੀ ਪ੍ਰਮੇਸਰ ਵਾਲੀ ਸੱਚੀ ਕਰਣੀ ਕਮਾਈ ਚ,ਜ਼ਮੀਨ ਅਸਮਾਨ ਦਾ ਫ਼ਰਕ ਹੈ। ਸੋ ਜਮਾਂ ਜੂਨਾਂ ਦੇ ਕਸ਼ਟਾਂ ਤੋਂ ਬਚਣ ਲਈ, ਅੱਖਰ ੨ 'ਤੇ ਗੁਰੂ ਭਾਵਨਾ ਧਾਰ ਕੇ,

ਪਰਮਪੂਜਨੀਕ ਗੁਰਬਾਣੀ ਜੀ ਪੜ੍ਹ ਮੰਨ ਕਮਾ ਧਿਆ ਕੇ ਪੂਰਨ ਸਤਿਕਾਰ ਪੂਜਨ ਕਰਕੇ ਨਿਹਾਲ ਹੋਣਾ ਚਾਹੀਦਾ ਹੈ।

੬੩.ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਚੋਂ ਜ਼ਾਤੀ ਨਫ਼ਰਤ ਕੱਢਦੇ ਨਹੀਂ ਜਾਪਦੇ, ਅੱਜ ਸਿੱਖ ਕੌਮ ਜ਼ਾਤ ਪਾਤ ਨਾਲ ਜੁੜੀ ਹੈ? ਪਰਮਪੂਜਨੀਕ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਜੇਠ ਦੀ ਗਰਮੀ 'ਚ ਉੱਬਲਦੀ ਦੇਗ ਅੰਦਰ ਬੈਠਣਾ,ਸਤਿਗੁਰੂ ਨੌਵੇਂ ਪਾਤਿਸਾਹ ਜੀ ਨੇ ਆਪਣਾ ਸੀਸ ਤਿਲਕ ਜੰਞੂ ਦੀ ਰੱਖਿਆ ਲਈ ਕੁਰਬਾਨ ਕਰਨਾ, ਜੇ ਓਪਰੇ ਸਮਝਦੇ ਤਾਂ ਆਪਣਾ ਸੀਸ ਕਿਉਂ ਕੁਰਬਾਨ ਕਰਦੇ,ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਸਰਵੰਸ ਕੁਰਬਾਨ ਕਰਨਾ, ਵੱਡੇ ਸਾਹਿਬਜ਼ਾਦਿਆਂ ਨੇ ਸ੍ਰੀ ਚਮਕੌਰ ਸਾਹਿਬ ਅਤੇ ਛੋਟਿਆਂ ਨੇ ਸਰਹਿੰਦ 'ਚ ਸ਼ਹੀਦ ਹੋਣਾ,ਗੁਰਮੁਖਾਂ ਨੇ ਬੰਦ ੨ ਕਟਵਾਉਣੇ, ਚਰਖ਼ੜੀਆਂ 'ਤੇ ਚੜ੍ਹਨਾ, ਖੋਪਰੇ ਲੁਹਾਉਣੇ, ਦੇਗਾਂ 'ਚ ਉਬਾਲ਼ੇ ਖਾਣੇ, ਬੱਚਿਆਂ ਦੇ ਟੋਟੇ ੨ ਕਰਵਾ ਕੇ ਝੋਲ਼ੀਆਂ 'ਚ ਪੁਆਉਣੇ, ਗੋਲ਼ੀਆਂ ਡਾਂਗਾਂ ਖਾਣੀਆਂ ਆਦਿ ਬੇਅੰਤ ਹੀ ਕੁਰਬਾਨੀਆਂ ਸਮੂੰਹ ਜ਼ਾਤੀਆਂ ਦੀਆਂ ਬਹੂ ਬੇਟੀਆਂ ਦੀ ਰੱਖਿਆ ਲਈ ਹੀ ਹੋਈਆਂ ਹਨ। ਸਤਿਗੁਰੂ ਸਾਹਿਬਾਨ ਜੀ ਅਤੇ ਸਿੱਖਾਂ ਨੇ ਨਫ਼ਰਤ ਤੋਂ ਉੱਚੇ ਉੱਠ ਕੇ ਕੁਰਬਾਨੀ ਦਿਤੀ ਹੈ। ਇਨ੍ਹਾਂ ਕੁਰਬਾਨੀਆਂ ਦਾ ਸਦਕਾ ਹੀ ਸਾਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਾਪਤ ਹਨ, ਜਿਨ੍ਹਾਂ ਦੇ ਆਰੰਭ 'ਚ ਏਕਾ ਲਿਖਿਆ ਹੈ, ਜੋ ਸਾਰੀਆਂ ਜਾਤਾਂ ਨੂੰ ਸਾਂਝਾ ਉਪਦੇਸ਼ ਬਖ਼ਸ਼ਦੇ ਹਨ।ਯਥਾ:-ਖਤ੍ਰੀ ਬ੍ਰਾਹਮਣ ਸੂਦ ਵੈਸ;ਉਪਦੇਸੁ ਚਹੁ ਵਰਨਾ ਕਉ ਸਾਝਾ॥)ਤੇਰਾ ਏਕੁ ਨਾਮੁ ਤਾਰੇ ਸੰਸਾਰੁ॥)ਸਤਿਗੁਰੁ ਸਭਨਾ ਦਾ ਭਲਾ ਮਨਾਇਦਾ;ਅਨੁਸਾਰ ਸ੍ਰਬੱਤ ਦਾ ਭਲਾ ਕਰ ਰਹੇ ਹਨ।ਕੁਰਬਾਨੀਆਂ ਦੇ ਕੇ ਇਹ ਹੁਕਮ ਕਮਾਇਆ ਹੈ, ਸਭੇ ਸਾਝੀਵਾਲ ਸਦਾਇਨਿ; ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥)ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ; ਮਾਨਸ ਸਭੈ ਏਕ, ਪੈ ਅਨੇਕ ਕੋ ਭ੍ਰਮਾਉ ਹੈ॥ ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ; ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥(ਸ੍ਰੀ ਦਸਮ ੧੯) ਅਵਲਿ ਅਲਹ ਨੂਰੁ ਉਪਾਇਆ; ਕੁਦਰਤਿ ਕੇ ਸਭ ਬੰਦੇ॥

ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਤੀਜੇ ਪਾਤਿਸਾਹ ਜੀ ਦੇ ਗੋਤੀਆਂ ਨੇ ਬੜੇ ਹੀ ਮਾਣ ਨਾਲ ਕਿਹਾ, "ਭੱਲੇ ਖੱਤ੍ਰੀ ਆਪਣੀ ਇੱਕੋ ਜ਼ਾਤੀ ਹੈ।" ਸੱਚੇ ਪਾਤਿਸਾਹ ਜੀ ਨੇ ਫ਼ੁਰਮਾਇਆ,

"ਜਾਤ ਪਾਤ ਗੁਰ ਕੀ ਨਹਿ ਕੋਇ।" ੧੯੪੭ 'ਚ ਹਿੰਦੂ ਮੁਸਲਮਾਨ ਦੰਗੇ ਸਮੇਂ ਅਨੇਕਾਂ ਐਸੇ ਸਿੱਖ ਹੋਏ ਹਨ, ਜਿਨ੍ਹਾਂ ਨੇ ਮੁਸਲਮਾਨਾਂ ਦੀ ਰੱਖਿਆ ਕੀਤੀ।ਪਰਮਪੂਜਨੀਕ ਸੱਚੇ ਪਾਤਿਸਾਹ ਜੀ ਦੇ ੧੪੩੦ ਅੰਗ,ਜ਼ਾਤੀ ਨਫ਼ਰਤ ਨੂੰ ਮੇਟਦੇ ਹਨ। ਸਤਿਗੁਰੂ ਸਾਹਿਬਾਨ ਜੀ ਨੇ ਆਪ ਜ਼ਾਤੀ ਨਫ਼ਰਤ ਮੇਟੀ ਹੈ।ਯਥਾ:- ਜਾਤਿ ਕਾ ਗਰਬੁ;ਨ ਕਰੀਅਹੁ ਕੋਈ॥)ਜਾਤਿ ਕਾ ਗਰਬੁ;ਨ ਕਰਿ ਮੂਰਖ ਗਵਾਰਾ॥ਇਸੁ ਗਰਬ ਤੇ;ਚਲਹਿ ਬਹੁਤੁ ਵਿਕਾਰਾ॥ਦੀਵਾਨ 'ਚ ਸਭ ਨੇ ਸਮਾਨ ਬੈਠਣਾ,ਲੰਗਰ 'ਚ ਸਭ ਨੇ ਸਤਿਸੰਗਤ ਸਰੂਪ 'ਚ ਬੈਠਣਾ ਸ਼ੁਭ ਸੱਚੀ ਗੁਰ ਮਰਯਾਦਾ ਬਣਾਈ ਹੈ।ਯਥਾ:- ਜਾਤ ਨਜਾਤਿ ਦੇਖਿ ਮਤ ਭਰਮਹੁ;ਸੁਕ ਜਨਕ ਪਗੀਂ ਲਗਿ ਧਿਆਵੈਗੋ॥)
ਚਕ੍ਰ ਚਿਹਨ ਅਰੁ ਬਰਨ ਜਾਤਿ;ਅਰੁ ਪਾਤਿ ਨਹਿਨ ਜਿਹ॥)ਰਾਣਾ ਰੰਕ ਬਰਾਬਰੀ;ਪੈਰੀ ਪਵਣਾ ਜਗਿ ਵਰਤਾਇਆ॥(ਵਾਰ ੧) ਤੁਮ ਕਤ ਬ੍ਰਾਹਮਣ; ਹਮ ਕਤ ਸੂਦ॥ ਹਮ ਕਤ ਲੋਹੂ; ਤੁਮ ਕਤ ਦੂਧ॥੩॥ ਪਰਮਪੂਜਨੀਕ ਦਸਵੇਂ ਪਾਤਿਸਾਹ ਜੀ ਨੇ, ਛੱਤ੍ਰੀ ਜੱਟ ਝਿਉਰ ਨਾਈ ਛੀਂਬੇ ਤਰਖਾਣ ਮਜ਼ਹਬੀ ਸਿੱਖ ਚਮਿਆਰ ਆਦਿ ਸਾਰੀਆਂ ਜ਼ਾਤਾਂ ਨੂੰ ਅੰਮ੍ਰਿਤ ਛਕਾਇਆ ਹੈ। ਰੰਗਰੇਟੇ ਗੁਰੂ ਕੇ ਬੇਟੇ। ਬਣਾਏ ਹਨ, ਸਿੱਖੀ ਜ਼ਾਤ ਪਾਤ ਤੋਂ ਮੁਕਤ ਹੈ।

ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਜੁਲਾਹੇ ਨਾਈ ਛੀਂਬੇ ਚਮਿਆਰ ਜੱਟ ਮੁਸਲਮਾਨ ਪੰਡਿਤ ਜਾਤਾਂ ਦੇ ਪਰਮਪੂਜਨੀਕ ਭਗਤਾਂ ਦੇ ਗੁਰਬਾਣੀ ਜੀ ਨੂੰ ਆਪਣੀ ਪਰਮਪਵਿੱਤ੍ਰ ਸੱਚੇ ਗੁਰਬਾਣੀ ਜੀ ਦੀ ਬਰਾਬਰੀ ਬਖ਼ਸ਼ੀ ਹੈ। ਵਾਹਿਗੁਰੂ॥ਬ੍ਰਹਮਗਿਆਨੀ ਪੂਰਨ ਸੰਤ ਮਹਾਂਪੁਰਸ਼ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਨੇ ਦਾਸਨ ਦਾਸ ਨੂੰ, ਮੁਸਲਮਾਨ ਤੋਂ ਸਿੰਘ ਸਜੇ,ਸਿੰਘਾਂ ਦੇ ਨਾਮ ਦੱਸੇ ਤੇ ਕਿਹਾ,"ਇਹ ਗੁਰਮੁਖਿ ਸਦਾ ਜੱਥੇ 'ਚ ਦਾਸਨਦਾਸ ਨਾਲ ਰਹਿੰਦੇ ਹਨ, ਇਨ੍ਹਾਂ ਨਾਲ ਆਪਣੀ ਪੂਰਨ ਏਕਤਾ ਪ੍ਰੇਮ ਹੈ।" ਯਥਾ:-ਹਿੰਦੂ ਤੁਰਕ ਕੋਊ.ਰਾਫਜੀ ਇਮਾਮਸਾਫੀ;ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਅਤੀ ਨੀਚ ਤੋਂ ਨੀਚ ਜਾਤੀ ਵਾਲਿਆਂ ਨੂੰ ਅੰਮ੍ਰਿਤ ਛਕਾ ਕੇ, ਉਨ੍ਹਾਂ ਨੂੰ ਆਪਣੇ ਸਾਹਿਬ ਮਾਤਾ ਪਿਤਾ ਸੱਜਣ, ਸਤਿਗੁਰੂ, ਜੀਅ ਪ੍ਰਾਣ, ਆਪਣਾ ਖਾਸ ਸਰੂਪ ਆਦਿ ਅਨੇਕਾਂ ਹੀ ਨਿਮ੍ਰਤਾ ਦੇ ਬਚਨ ਕਹੇ ਹਨ, ਗੱਲ ਕੀ ਆਪਣੇ ਸੀਸ 'ਤੇ ਬਿਠਾਇਆ ਹੈ। ਪੰਜਾਂ ਜ਼ਾਤੀਆਂ ਚੋਂ ਪੰਜ ਪਿਆਰੇ ਚੁਣ ਕੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਹਾਂ ਜੀ! ਜਾਤੀ ਨਫ਼ਰਤ ਮੇਟਣ ਵਾਲੇ ਸ਼ਬਦ ਹਰੇਕ ਬੰਦੇ ਨੂੰ ਜ਼ਬਾਨੀ ਚੇਤੇ ਕਰਵਾਏ ਜਾਣ, ਉਨ੍ਹਾਂ ਗੁਰਸ਼ਬਦਾਂ ਦੇ ਅਭਿਆਸ ਨਾਲ ਜਾਤੀ ਨਫ਼ਰਤ ਮਿਟੇ। ਸਕੂਲਾਂ ਕਾਲਜਾਂ 'ਚ ਇਹ ਵਿਸ਼ੇਸ਼ ਸਿੱਖਿਆ ਹੋਵੇ ਜੀ। ਨੀਵੀਆਂ ਜਾਤੀਆਂ ਨੂੰ ਭੀ ਗੁਰਬਾਣੀ ਦਾ ਪ੍ਰਚਾਰ ਵਿਸ਼ੇਸ਼ ਹੋਵੇ, ਜਿਸ ਕਰਕੇ ਉਹ ਤਮਾਕੂ ਤੇ ਹੋਰ ਨਸ਼ਿਆਂ ਤੋਂ ਬਚਣ, ਆਪਣੇ ਸ਼ਰੀਰ ਅਤੇ ਵਾਤਾਵਰਨ ਦੀ ਪੂਰਨ ਸਫ਼ਾਈ ਰੱਖਣ।ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥)ਅਗੈ ਜਾਤਿ ਨ ਪੁਛੀਐ; ਕਰਣੀ ਸਬਦੁ ਹੈ ਸਾਰੁ॥ਧੰਨ ਸਤਿਗੁਰੂ ਧੰਨ ਨਿਮ੍ਰਤਾ,ਜ਼ਾਤੀ ਨਫ਼ਰਤ ਮੇਟੀ ਹੈ।ਪਰਮਪੂਜਨੀਕ

ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਨੀਚ ਜਾਤੀ ਵਾਲਿਆਂ ਨੂੰ ਉੱਚੇ ਬਨਾਉਣ, ਜਾਤੀ ਹੰਕਾਰ ਮੇਟਣ ਲਈ ਹੀ ਪਰਮਪਵਿੱਤ੍ਰ ਅਵਤਾਰ ਧਾਰਿਆ ਹੈ। ਜੇ ਸਾਰੀਆਂ ਜਾਤਾਂ ਵਾਲੇ ਇੱਕ ਗੁਰੂ ਨਾਨਕ ਦੇਵ ਸਾਹਿਬ ਜੀ ਦੀ ਭਗਤੀ ਕਰਨ, ਧਿਆਨ ਧਾਰਨ, ਹੁਕਮ ਮੰਨਣ ਤਾਂ ਜਾਤੀ ਨਫ਼ਰਤ ਆਪੇ ਹੀ ਮਿਟ ਜਾਵੇ ਜੀ। ਪਰਮਪੂਜਨੀਕ ਬਾਬੇ ਘਨੱਈਏ ਜੀ ਦਾ ਦ੍ਰਿਸ਼ਟਾਂਤ ਵੀਚਾਰ ਲਵੋ। ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਸ਼ੰਕੇ ਕਰਨੇ ਛੱਡ ਕੇ ਸਤਿਗੁਰੂ ਸਾਹਿਬ ਦੇ ਦਾਸਨ ਦਾਸ ਗੋਲੇ ਬਣ ਕੇ ਨਿਹਾਲ ਹੋਣਾ ਚਾਹੀਦਾ ਹੈ ਜੀ।

ਅੰਮ੍ਰਿਤ ਛਕਣ ਵੇਲੇ,ਜ਼ਾਤੀ ਬਾਰੇ ਸ਼ੰਕੇ ਦੀ ਨਿਵਿਰਤੀ:-ਜਾ ਤੇ ਛੂਟਿ ਗਯੋ;ਭ੍ਰਮ ਉਰ ਕਾ॥ਤਿਹ ਆਗੈ;ਹਿੰਦੂ ਕਿਆ ਤੁਰਕਾ॥੧੯॥(ਸ੍ਰੀ ਦਸਮ ੧੫੭)ਗੁਰ ਮਰਯਾਦਾ ਅਨੁਸਾਰ ਜ਼ਾਤੀ ਨਫ਼ਰਤ ਨਹੀਂ ਹੈ, ਏਕੁ ਪਿਤਾ ਏਕਸ ਕੇ ਹਮ ਬਾਰਿਕ;ਅਨੁਸਾਰ ਸਾਰੇ ਇੱਕੋ ਹੀ ਬਾਟੇ 'ਚ ਛਕਦੇ ਹਨ।ਜਿਨ੍ਹਾਂ ਨੂੰ ਛੂਤ ਦੀ ਭਿਆਨਕ ਬਿਮਾਰੀ ਹੋਵੇ,ਜਾਂ ਜਿਨ੍ਹਾਂ ਦੀ ਕਿਰਿਆ ਅਤੀ ਮਲੀਣ ਤਮਾਕੂ ਜਾਂ ਮੁਰਦੇ ਪਸ਼ੂ ਖਾਣ ਵਾਲੀ ਹੋਵੇ,ਭਾਵੇਂ ਉਹ ਉੱਚੀ ਜ਼ਾਤੀ 'ਚੋਂ ਹੋਣ,ਉਨ੍ਹਾਂ ਨੂੰ ਅੱਡ ਛਕਾਇਆ ਜਾਵੇ,ਕਿਉਂਕਿ ਅਜਿਹੇ ਬੰਦਿਆਂ ਦੇ ਇਕੱਠੇ ਛਕਣ ਕਰਕੇ ਛੂਤ ਦੀ ਬਿਮਾਰੀ ਲੱਗ ਸਕਦੀ ਹੈ।ਸੋ ਜਿਨ੍ਹਾਂ ਦੀ ਕਿਰਿਆ ਮਲੀਣ ਹੈ ਜਾਂ ਜਿਨ੍ਹਾਂ ਨੂੰ ਛੂਤ ਦੀ ਬਿਮਾਰੀ ਹੈ,ਉਹ ਭੀ ਆਪਣੀ ਗ਼ਲਤੀ ਸਮਝ ਕੇ ਗੁੱਸਾ ਨ ਕਰਨ,ਆਪਣੀ ਸੋਧ ਕਰਨ। ਹਿੰਦੂ ਮੁਸਲਮਾਨ ਭਾਈ ਕੋਈ ਭੀ ਜ਼ਾਤੀ ਧਰਮ ਹੋਵੇ,ਆਗਿਆਕਾਰੀ ਗੁਰਸੇਵਕ ਬਣ ਕੇ ਅੰਮ੍ਰਿਤ ਛਕ ਸਕਦਾ ਹੈ,ਪਹਿਲਾਂ ਨਸ਼ੇ ਵੈਲ ਤਿਆਗੇ,ਇਹ ਨ ਹੋਵੇ ਅੰਮ੍ਰਿਤ ਛਕਣ ਵੇਲੇ ਮੂੰਹ 'ਚੋਂ ਸ਼ਰਾਬ ਤਮਾਕੂ ਨਸ਼ਿਆਂ ਦੀ ਬਦਬੋ ਆਉਂਦੀ ਹੋਵੇ।

ਵਾਹਿਗੁਰੂ॥ਪੂਰਨ ਬ੍ਰਹਮਗਿਆਨੀ ਪਰਮਪੂਜਨੀਕ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਸਾਰਿਆਂ ਨੂੰ ਇਕੱਠਾ ਅੰਮ੍ਰਿਤ ਛਕਾਉਂਦੇ,ਨੀਵੀਂ ਜ਼ਾਤੀ ਤੋਂ,ਮਹਾਂਪੁਰਸ਼ਾਂ ਜੀ ਦੇ ਅੰਦਰ ਨਫ਼ਰਤ ਨਹੀਂ ਸੀ।ਆਮ ਲੋਕ ਅੰਮ੍ਰਿਤ ਘਟ ਛਕਣ ਲੱਗ ਗਏ।ਇਸ ਘਾਟ ਨੂੰ ਸੰਭਾਲਣ ਲਈ ਪਰਉਪਕਾਰੀ ਮਹਾਂਪੁਰਖ,ਦੋਹਾਂ ਨੂੰ ਅੱਡ ਛਕਾ ਦਿੰਦੇ।ਜਿੱਥੇ ਨਫ਼ਰਤ ਨ ਹੋਵੇ,ਉੱਥੇ ਇਕੱਠਾ ਛਕਾਉਂਦੇ।ਇਸ ਤਰ੍ਹਾਂ ਪੰਥ 'ਚ ਅੰਮ੍ਰਿਤ ਛਕਣ ਵਾਲਿਆਂ ਦਾ ਵਾਧਾ ਹੋਇਆ।ਸੋ ਉੱਚੀ ਨੀਵੀਂ ਜ਼ਾਤੀ ਵਾਲੇ ਇੱਕ ਵਾਹਿਗੁਰੂ ਪਿਤਾ ਜੀ ਦੇ ਸਪੁੱਤ੍ਰ ਹਨ,ਭੈੜੇ ਨਸ਼ੇ ਤੇ ਮਲੀਣ ਖਾਣੇ ਤਿਆਗਣੇ ਚਾਹੀਦੇ ਹਨ।

੬੪. ਪੰਜ ਕਕਾਰ ਤਿਆਗ ਕੇ,ਜੇ ਅੰਤ੍ਰੀਵ ਸ਼ੁਭ ਗੁਣਾਂ ਰੂਪੀ ਪੰਜ ਕਕਾਰ ਧਾਰੇ ਜਾਣ ਤਾਂ ਠੀਕ ਹੈ ਜਾਂ ਨਹੀਂ? (ਅੰਤ੍ਰੀਵ ਕਕਾਰ, ਕ੍ਰਿਪਾ ਰੂਪੀ ਕ੍ਰਿਪਾਨ, ਕਿਰਤ ਦੇ ਕੇਸ, ਦਇਆ ਦੀ ਦਾੜ੍ਹੀ, ਮਨ ਨੂੰ ਕੜਨ ਰੂਪੀ ਕੜਾ, ਵੀਚਾਰ ਰੂਪੀ ਕੰਘਾ) ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਸਰਵੰਸ ਕੁਰਬਾਨ ਕਰਕੇ ਪਰਮਪਵਿੱਤ੍ਰ ਪਰਮਪੂਜਨੀਕ ਗੁਰਬਾਣੀ ਅਤੇ ਸ਼ੇਰ ਦਾ ਬਾਣਾ ਬਖ਼ਸ਼ਿਆ ਹੈ।ਬਾਹਰਲੇ ਕਕਾਰ ਨਿਸਚੇ ਨਾਲ ਪਹਿਨਣੇ ਕਰਕੇ, ਸ਼ੁਭ ਗੁਣਾਂ ਰੂਪੀ ਕਕਾਰ ਧਾਰਨੇ ਸੌਖੇ ਹਨ। ਸੋ ਪੰਜ ਕਕਾਰ ਸਤਿਗੁਰੂ ਸਾਹਿਬ ਜੀ ਦੀ

ਬਖ਼ਸ਼ਿਸ਼ ਤੇ ਹੁਕਮ ਸਮਝ ਕੇ ਨਹੀਂ ਤਿਆਗਣੇ ਜੀ।

੬੫. ਕੀ ਅੱਜ ਦੇ ਸਮੇਂ 'ਚ ਪੰਜ ਕਕਾਰਾਂ 'ਚ ਤਬਦੀਲੀ ਕਰਨ ਦੀ ਲੋੜ ਹੈ? ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਐਸੀ ਅਮੋਲਕ ਦਾਤਿ ਬਖ਼ਸ਼ੀ ਹੈ, ਜੋ ਜੀਆਂ ਦੇ ਲੋਕ ਪ੍ਰਲੋਕ ਅੰਦਰ ਸਹਾਈ ਹੁੰਦੀ ਹੈ। ਯਥਾ:-ਜੋ ਗੁਰਿ ਦੀਆ ਸੁ ਮਨ ਕੈ ਕਾਮਿ॥ਸਤਿਗੁਰੂ ਸਾਹਿਬਾਨ ਜੀ ਨੇ ਪਰਮਪਵਿੱਤ ਸ਼ੁਭ ਸੱਚਾ ਜੋ ਉਪਦੇਸ਼ ਦਿਤਾ ਹੈ, ਸਿੱਖ ਨੇ ਉਸ ਨੂੰ ਕਮਾਉਣਾ ਹੈ। ਯਥਾ:-ਗੁਰਿ ਕਹਿਆ ਸਾ ਕਾਰ ਕਮਾਵਹੁ॥ ਗੁਰ ਕੀ ਕਰਣੀ ਕਾਹੇ ਧਾਵਹੁ॥ਪਾਰਬ੍ਰਹਮ ਸਰਵੰਸ ਦਾਨੀ, ਆਤਮ ਦਾਨ ਨਾਮ ਪ੍ਰੇਮ ਆਦਿ ਅਸੰਖ ਗੁਣਾਂ ਦੇ ਦਾਤੇ ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਜਾਣ ਕੇ, ਸਤਿਕਾਰ ਸਹਿਤ ਕਕਾਰ ਰੱਖਣੇ ਹਨ। ਕਕਾਰ ਬਦਲੀ ਕਰਨ ਵਾਲੀ ਸੋਚਣੀ, ਨਾ ਸੋਹਾਗਨਿ ਨਾ ਓਹਿ ਰੰਡ॥

ਦੁਨੀਚੰਦ ਤੇ ਮਸੰਦਾਂ ਦੇ ਵਿਦਾਵਾ ਦੇਣ ਵਾਲੀ ਸੋਚਣੀ ਹੈ। ਭਾਰੀ ਸੂਰਬੀਰ ਬਹਾਦਰ ਅਤੀਰਥ ਯੋਧੇ ਭਾਈ ਬਚਿੱਤ੍ਰ ਸਿੰਘ ਸਾਹਿਬ ਜੀ, ਭਾਈ ਉਦੇ ਸਿੰਘ ਸਾਹਿਬ ਜੀ, ਪੰਜ ਪਿਆਰੇ ਸਾਹਿਬਾਨ ਜੀ ਆਦਿ ਅਨੇਕ ਪ੍ਰੇਮੀਆਂ ਨੇ ਸੀਸ ਦੇ ਕੇ ਭੀ ਹਾਏ ਸੀ ਨਹੀਂ ਉਚਾਰੀ।ਸਤਿਗੁਰੂ ਸਾਹਿਬਾਨ ਤੇ ਸਤਿਗੁਰੂ ਸਾਹਿਬਾਨ ਜੀ ਦੇ ਸ਼ਹੀਦਾਂ ਦਾ ਬੀਜਿਆ ਬੀਜ,ਸਦਾ ਹਰਾ ਭਰਾ ਅਮਰ ਅਟੱਲ ਰਹੇਗਾ। ਵਾਹਿਗੁਰੂ ਸਰੂਪ ਸੱਚੇ ਸਤਿਗੁਰੂ ਸਾਹਿਬਾਨ ਜੀ ਮੇਹਰ ਕਰਨ, ਪੰਜ ਕਕਾਰਾਂ ਦਾ ਅਥਾਹ ਪਿਆਰ ਬਖ਼ਸ਼ਣ।

੬੬. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਪਤੀ ਤੇ ਪਤਨੀ ਦੇ ਰਿਸ਼ਤੇ ਨੂੰ, ਮਾਲਕ ਤੇ ਦਾਸੀ ਦੇ ਰਿਸ਼ਤੇ 'ਚ ਕਥਨ ਕੀਤਾ ਹੈ, ਜਿਸ 'ਚ ਮਰਦ ਅਜ਼ਾਦ ਹੈ ਤੇ ਔਰਤ ਦੀ ਸਥਿਤੀ ਗੁਲਾਮ ਨਾਲੋਂ ਭੀ ਭੈੜੀ ਹੈ? ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਗੁਰਬਾਣੀ 'ਚ ਇਸਤ੍ਰੀ ਜਾਤੀ ਨੂੰ ਲੱਖਾਂ ਮਣਾਂ ਆਦਰ ਦਿਤਾ ਹੈ। ਸਤੀ ਹੋਣੋ ਹਟਾਈਆਂ, ਦਾਜ ਦੀ ਮਰਯਾਦਾ ਬੰਦ ਕੀਤੀ, ਅਨੰਦ ਕਾਰਜ ਦੀ ਮਰਯਾਦਾ ਤੋਰੀ, ਅੰਮ੍ਰਿਤ ਦੀ ਦਾਤ, ਸੇਵਾ ਤੇ ਨਾਮ ਬਖ਼ਸ਼ਿਆ। ਮੁਸਲਿਮ ਧਰਮ 'ਚ ਮਰਦ ਦੀ ਤਾਂ ਸੁੰਨਤ ਕਰਦੇ ਹਨ, ਪਰ ਇਸਤ੍ਰੀ ਦੀ ਕੋਈ ਮਰਯਾਦਾ ਨਹੀਂ ਕਰਦੇ। ਗੁਰੂਘਰ 'ਚ ਮਾਤਾ ਭਾਗ ਕੌਰ, ਮਾਤਾ ਸੁੰਦਰ ਕੌਰ, ਬੀਬੀ ਹਰਿਸ਼ਰਨ ਕੌਰ, ਬੀਬੀ ਸਤਵੰਤ ਕੌਰ ਆਦਿ ਸੂਰਬੀਰ ਬਹਾਦਰ ਸਿੰਘਣੀਆਂ ਹੋਈਆਂ ਹਨ। ਜੋ ਨਾਮ ਜਪ ਕੇ ਬੇਅੰਤ ਮਾਈਆਂ ਬ੍ਰਹਮਗਿਆਨ ਨੂੰ ਪ੍ਰਾਪਤ ਹੋਈਆਂ ਹਨ। ਸਤਿਗੁਰੂ ਨੌਵੇਂ ਪਾਤਿਸਾਹ ਜੀ ਨੇ ਮਾਈਆਂ ਰੱਬ ਰਜਾਈਆਂ ਵਰ ਬਖ਼ਸ਼ਿਆ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਇਸਤ੍ਰੀ ਜਾਤੀ ਨੂੰ ਗ਼ੁਲਾਮੀ ਤੋਂ ਛੁਡਾਇਆ ਤੇ ਮੰਦਾ ਕਹਿਣ ਤੋਂ ਭੀ ਵਰਜਿਆ ਹੈ।ਯਥਾ:-ਸੋ ਕਿਉ ਮੰਦਾ ਆਖੀਐ;ਜਿਤੁ ਜੰਮਹਿ ਰਾਜਾਨ॥ਜਿਹੜੀ ਬੀਬੀ ਦਾ ਪਤੀ ਚੜ੍ਹਾਈ ਕਰ ਜਾਵੇ ਜਾਂ ਪਤੀ ਛੱਡ ਦੇਵੇ, ਉਹ ਗੁਰਬਾਣੀ 'ਚ ਲੀਨ ਹੋ ਕੇ ਨਿਹਾਲ ਹੋਵੇ, ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਸਭ ਨੂੰ ਗੁਰਬਾਣੀ ਦਾ ਆਸਰਾ ਬਖ਼ਸ਼ਿਆ ਹੈ।

ਸਿੱਖ ਸਿੱਖਣੀ ਜਦੋਂ ਸਤਿਗੁਰੂ ਸਾਹਿਬਾਨ ਜੀ ਦੇ ਧਿਆਨ 'ਚ ਲੀਨ ਹੋਣਗੇ, ਪ੍ਰਵਾਰ ਸਮੇਤ ਮਿਲ ਕੇ ਕਥਾ ਕੀਰਤਨ ਨਿੱਤਨੇਮ ਭਜਨ ਸਿਮਰਨ ਕਰਨਗੇ, ਤਾਂ ਲੱਖ ਨਿਆਮਤਾਂ ਬਖ਼ਸ਼ਿਸ਼ਾਂ ਖ਼ੁਸ਼ੀਆਂ ਨੂੰ ਪ੍ਰਾਪਤ ਹੋਣਗੇ। ਸਤਿਗੁਰੂ ਸਾਹਿਬਾਨ ਜੀ ਦੇ ਪ੍ਰਤੀ ਬੰਦਗੀ ਕਰਕੇ,ਬੀਬੀ ਨਾਨਕੀ ਜੀ,ਮਾਤਾ ਖੀਵੀ ਜੀ, ਬੀਬੀ ਅਮਰੋ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਸਤਿਗੁਰੂ ਨੌਵੇਂ ਪਾਤਿਸਾਹ ਜੀ ਦੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਕੌਰ ਜੀ,ਮਾਤਾ ਅਜੀਤ ਕੌਰ ਜੀ,ਮਾਤਾ ਸਾਹਿਬਦੇਵ ਕੌਰ ਜੀ ਕੈਸੇ ਊਚ ਪਦ ਨੂੰ ਪ੍ਰਾਪਤ ਹੋਏ ਹਨ। ਜਿਵੇਂ ਰਾਜ ਪੁੱਤ੍ਰ ਨੂੰ ਕਵਰ ਕਹਿ ਕੇ ਸਨਮਾਨਦੇ ਹਨ, ਤਿਵੇਂ ਤੁਮ ਹੋ ਸਭ ਰਾਜਨ ਕੇ ਰਾਜਾ॥) ਰਾਜਾਨ ਰਾਜ॥ਵਾਹਿਗੁਰੂ ਜੀ ਦੇ ਸਾਰੇ ਹੀ ਸਪੁੱਤ੍ਰ ਸਪੁੱਤ੍ਰੀਆਂ ਹਨ।ਯਥਾ:-ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ;ਇਸ ਲਈ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਅੰਮ੍ਰਿਤਧਾਰੀ ਬੀਬੀ ਨੂੰ (ਕੌਰ) ਵਾਹਿਗੁਰੂ ਜੀ ਦੀ ਸਪੁੱਤ੍ਰੀ ਦੀ ਪਦਵੀ ਬਖ਼ਸ਼ ਕੇ ਸਨਮਾਨਿਆ ਹੈ। ਜਿਵੇਂ ਰਾਜਪੁੱਤ੍ਰ, ਰਾਜ ਤਖ਼ਤ ਦਾ ਅਧਿਕਾਰੀ ਹੈ,

ਤਿਵੇਂ ਕੌਰ ਨੂੰ ਭੀ ਵਾਹਿਗੁਰੂ ਸਰੂਪ ਸੱਚੇ ਤਖ਼ਤ ਦੀ ਪ੍ਰਾਪਤੀ ਦਾ ਪੂਰਨ ਅਧਿਕਾਰ ਹੈ। ਸੋ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਇਸਤ੍ਰੀ ਜਾਤੀ ਨੂੰ ਗੁਲਾਮੀ ਤੋਂ ਛੁਡਾ ਕੇ, ਗੁਰੂ ਪ੍ਰੇਮਾ-ਭਗਤੀ ਬ੍ਰਹਮਗਿਆਨ ਗੁਰਬਾਣੀ ਬਖ਼ਸ਼ ਕੇ ਨਿਹਾਲ ਕੀਤਾ ਹੈ।

੬੭.ਨਿੱਤਨੇਮ ਦੀਆਂ ਪੰਜ ਬਾਣੀਆਂ ਚੋਂ,ਤਿੰਨ ਬਾਣੀਆਂ ਪਰਮਪੂਜਨੀਕ ਪਰਮਪਵਿੱਤ੍ਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਹਨ,ਇਨ੍ਹਾਂ ਦਾ ਨਿੱਤਨੇਮ ਕਰਨ ਨੂੰ ਕਿਉਂ ਕਿਹਾ ਹੈ?ਸਤਿਗੁਰੂ ਦਸੇ ਪਾਤਿਸਾਹ ਜੀ ਇੱਕ ਜੋਤਿ ਹਨ। ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਪਰਮਪਵਿੱਤ੍ਰ ਮੁਖਾਰਬਿੰਦ ਤੋਂ ਉਚਾਰੇ ਹਨ।ਬੇਦੁ ਬਡਾ;ਕਿ ਜਹਾਂ ਤੇ ਆਇਆ॥ਅਨੁਸਾਰ ਸਤਿਗੁਰੂ ਸਾਹਿਬ ਵੱਡੇ ਹਨ, ਜਿਨ੍ਹਾਂ ਨੇ ਸਾਡੇ ਲਈ ਸਰਵੰਸ ਕੁਰਬਾਨ ਕੀਤਾ ਹੈ।ਤਿਸੁ ਗੁਰ ਕਉ ਸਦ ਕਰੀ ਨਮਸਕਾਰ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ॥ਅਨੁਸਾਰ ਪਰਮਪੂਜਨੀਕ ਦਸੇ ਪਾਤਿਸਾਹ ਜੀ ਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਇੱਕ ਜੋਤਿ ਮੰਨ ਕੇ, ਸਤਿਗੁਰੂ ਸਾਹਿਬ ਦੇ ਕੀਤੇ ਨੂੰ ਨਮਸਕਾਰ ਕਰਨੀ ਹੈ। ਸਤਿਗੁਰੂ ਸਾਹਿਬਾਨ ਜੀ ਦਾਤੇ ਹਨ, ਉਨ੍ਹਾਂ ਨੇ ਹੀ ਪੰਜ ਬਾਣੀਆਂ ਦੀ ਦਾਤਿ ਬਖ਼ਸ਼ੀ ਹੈ, ਪ੍ਰਾਪਤ ਕਰਕੇ ਜਮਾਂ ਜੂਨਾਂ ਤੋਂ ਬਚਣਾ ਚਾਹੀਦਾ ਹੈ। ਸ੍ਰੀ ਦਸਮ ਬਾਣੀ ਤੋਂ ਮੁਨਕਰ ਹੋਣਾ ਇਉਂ ਹੈ ਜਿਵੇਂ ਕਿਸੇ ਰੰਕ ਨੂੰ ਹੀਰਾ ਮਿਲੇ, ਉਸ ਨੂੰ ਕਦਰ ਨਾ ਹੋਵੇ। ਆਪਣਾ ਪੁਰਜਾ ੨ ਕਟਾ ਕੇ ਸਤਿਗੁਰੂ ਸਾਹਿਬਾਨ ਜੀ ਤੋਂ ਕੁਰਬਾਨ ਹੋਣ ਵਾਲੇ ਪ੍ਰੇਮੀ, ਸਤਿਗੁਰੂ ਸਾਹਿਬਾਨ ਜੀ ਦੀ ਬਖ਼ਸ਼ੇ ਗੁਰਬਾਣੀ ਜੀ ਨੂੰ ਪ੍ਰਾਪਤ ਕਰਕੇ,ਨਿਹਾਲ ੩ ਹੋ ਚੁੱਕੇ ਹਨ। ਸਤਿਗੁਰੂ ਦਸਵੇਂ ਪਾਤਿਸਾਹ ਜੀ ਅਨੰਤ ਬ੍ਰਹਮੰਡਾਂ ਨੂੰ ਰਚ,ਲੈਅ ਕਰ ਰਹੇ ਹਨ, ਅਨੰਤ ਬ੍ਰਹਮੰਡਾਂ 'ਚ ਅਨੰਤ ਬ੍ਰਹਮੇ ਸੂਰਜ ਚੰਦ੍ਰਮੇ ਤਾਰੇ ਮੰਡਲ ਸਤਿਗੁਰੂ ਸਾਹਿਬਾਨ ਜੀ ਨੂੰ ਜਪ ਰਹੇ ਹਨ। ਸੋ ਗੁਮਾਨ ਮਾਨ ਸ਼ੰਕੇ ਤਿਆਗ ਕੇ, ਸਤਿਗੁਰੂ ਸਾਹਿਬਾਨ ਜੀ ਦੀ ਚਰਨ-ਧੂੜ ਬਣ ਕੇ, ਸੱਚੇ

ਸਤਿਗੁਰੂ ਸਾਹਿਬਾਨ ਜੀ ਦੀ ਬਖ਼ਸ਼ੀ ਗੁਰਬਾਣੀ ਪ੍ਰਾਪਤ ਕਰਕੇ ਨਿਹਾਲ ਹੋਣਾ ਚਾਹੀਦਾ ਹੈ।

੬੮.ਕੇਤੇ;ਲੈ ਲੈ ਮੁਕਰੁ ਪਾਹਿ॥ਕੇਤੇ ਮੂਰਖ;ਖਾਹੀ ਖਾਹਿ॥(ਕੇਤੇ)ਬਿਅੰਤ ਹੀ ਲੈ ਲੈ ਕੇ ਮੁਕਰੁ(ਪਾਹਿ)ਪੈਂਦੇ ਹਨ,ਐਸੇ(ਕੇਤੇ)ਬਿਅੰਤ ਮੂਰਖ ਮਾਰ(ਖਾਹੀ) ਖਾਂਦੇ ਹੀ(ਖਾਹਿ)ਖਾਂਦੇ ਹਨ।ਲੈ ਕੇ ਮੁੱਕਰਨ ਵਾਲਾ,ਕੇਤੇ;ਲੈ ਲੈ ਮੁਕਰੁ ਪਾਹਿ॥ਤੁਕ ਪੜ੍ਹ ਕੇ,ਆਪਣੇ ਆਪ ਨੂੰ ਸੱਚਾ ਸਿੱਧ ਨਾ ਕਰੇ।

੬੯.ਕੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸਮਾਜਿਕ,ਆਰਥਿਕ,ਰਾਜਨੀਤਕ ਸਭਿਆਚਾਰਕ ਨੈਤਿਕ ਸਮੱਸਿਆਵਾਂ ਦੇ ਹੱਲ ਕੀਤੇ ਗਏ ਹਨ? ਜੀ ਹਾਂ!ਸਾਰੀਆਂ ਸਮੱਸਿਆਵਾਂ ਦੇ ਹੱਲ ਕੀਤੇ ਗਏ ਹਨ। ਜਿਵੇਂ, ਨਸਵਾਰ, ਜ਼ਰਦਾ,ਸ਼ਰਾਬ,ਤਮਾਕੂ ਚਾਹ ਕੌਫ਼ੀ ਆਦਿ ਸਭ ਨਸ਼ਿਆਂ ਦੇ ਤਿਆਗ ਤੇ ਅਹੰਕਾਰ ਵਿਕਾਰ ਨਿੰਦਾ ਚੁਗਲੀ ਪਾਪ ਕਰਮ,ਤਾਸ਼ ਜੂਏ ਦੇ ਤਿਆਗ ਦਾ ਉਪਦੇਸ਼ ਹੈ।ਸੱਚ ਦ੍ਰਿੜ ਕਰਵਾਇਆ ਹੈ।ਔਗੁਣ ਤਿਆਗ ਕੇ ਸੱਚ ਨੂੰ ਦ੍ਰਿੜ ਕਰਨੇ ਕਰਕੇ,ਸਾਰੇ ਮਸਲੇ ਹੱਲ ਹੋ ਜਾਂਦੇ ਹਨ। ਕੁਰੀਤੀਆਂ, ਕਲੇਸ਼ ਔਗੁਣਾਂ ਦੇ ਤਿਆਗ ਕਰਕੇ ਹੀ ਸਾਰੇ ਸੁਧਾਰ ਹੁੰਦੇ ਹਨ।

ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਜੀਵ ਦੇ ਅਣਗਿਣਤ ਔਗੁਣ ਮੇਟ ਕੇ, ਅਣਗਿਣਤ ਸ਼ੁਭ ਗੁਣ ਪ੍ਰਗਾਸਦੇ ਹਨ। ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨ ਕਮਲਾਂ 'ਚ ਜੁੜਨੇ ਕਰਕੇ, ਸਤਿਸੰਗਤ ਜੀ 'ਚ ਭਜਨ ਸਿਮਰਨ ਨਿੱਤਨੇਮ ਲੰਗਰ ਸੇਵਾ ਪੁੰਨ ਦਾਨ ਪਰਉਪਕਾਰ ਕਰਕੇ, ਅਤੀਤ ਗ੍ਰਿਸਤੀ ਸਾਰੇ ਹੀ ਨਿਹਾਲ ਹੁੰਦੇ ਹਨ। ਪਸ਼ੂ ਪ੍ਰੇਤ ਵਿਕਰਾਲ ਮਾਣਸ ਨੂੰ ਸਤਿਗੁਰੂ ਸਾਹਿਬਾਨ ਜੀ ਨੇ ਰੱਬ ਰੂਪ ਬਣਾ ਦਿਤਾ ਹੈ।ਯਥਾ:-ਬਲਿਹਾਰੀ ਗੁਰ ਆਪਣੇ;ਦਿਉਹਾੜੀ ਸਦ ਵਾਰ॥ਜਿਨਿ ਮਾਣਸ ਤੇ ਦੇਵਤੇ ਕੀਏ;ਕਰਤ ਨ ਲਾਗੀ ਵਾਰ॥੧॥)ਪਸੂ ਪਰੇਤ ਮੁਗਧ ਕਉ ਤਾਰੇ; ਪਾਹਨ ਪਾਰਿ ਉਤਾਰੈ॥)ਪਸੂ ਪਰੇਤਹੁ ਦੇਵ ਕਰਿ;ਪੂਰੇ ਸਤਿਗੁਰੁ ਦੀ ਵਡਿਆਈ।(ਵਾਰ ੧੦) ਹੇ ਪਿਆਰੇ ਜੀ! ਗੁਰਬਾਣੀ ਗੁਰੂ ਜੀ ਤੋਂ ਬਿਨਾ ਜੀਵ ਨੱਕ ਵੱਢਾ ਸੱਪ ਠੂੰਹੇਂ ਕੋਹੜ ਕਿਰਲੇ ਖੋਤੇ ਵੇਸਵਾ ਦੇ ਪੁੱਤ੍ਰ ਵਾਂਗ ਹੈ। ਸਤਿਗੁਰੂ ਸਾਹਿਬ ਜੀ ਹਰ ਇੱਕ ਜੀਵ ਦੀ ਹਰ ਪ੍ਰਕਾਰ ਦੀ ਲੋੜ ਪੂਰੀ ਕਰਦੇ ਹਨ, ਪ੍ਰੇਮੀ ਦੇ ਹਰੇਕ ਸੁਆਸ ਨੂੰ ਸੁਖਦਾਇਕ ਬਣਾਉਂਦੇ ਹਨ।

੭੦. ਕੀ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਮਨੁੱਖ ਨੂੰ ਥਾਂ ੨ 'ਤੇ ਨੀਵਾਂ ਨਿਤਾਣਾ ਆਖ ਕੇ, ਪੂਰੀ ਤਰ੍ਹਾਂ ਗੁਲਾਮ ਰਹਿਣ ਲਈ ਕਿਹਾ ਗਿਆ ਹੈ? ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ॥ਅਨੁਸਾਰ ਜੀਵ ਪੰਜਾਂ ਵਿਕਾਰਾਂ ਦਾ ਗ਼ੁਲਾਮ ਬਣ ਕੇ ਜਨਮਾਂ ੨ 'ਚ ਜੰਮਣ ਮਰਨ, ਧਰਮ ਰਾਜੇ ਦੇ ਦਿਤੇ ਕਸ਼ਟ ਭੋਗ ਰਿਹਾ ਹੈ।ਨਿਵਣੁ ਸੁ ਅਖਰੁ ਖਵਣੁ ਗੁਣੁ; ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ; ਤਾਂ ਵਸਿ ਆਵੀ ਕੰਤੁ॥)ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਖਿਮਾ ਆਦਿ ਸ਼ੁਭ ਗੁਣ ਬਖ਼ਸ਼ਣ ਲਈ, ਵਿਆਪਕ 'ਚ ਜੋੜਨ ਲਈ, ਹੰਕਾਰ 'ਚ ਸੜ ਰਹੇ ਨੂੰ ਸ਼ਾਂਤ ਕਰਨ ਲਈ ਸਤਿਗੁਰੂ

ਸਾਹਿਬਾਨ ਜੀ ਨੇ ਸ਼ਬਦ ਫ਼ੁਰਮਾਏ ਹਨ। ਜਦੋਂ ਮਨ ਉੱਬਲਦਾ ਹੈ, ਇਸ ਨੂੰ ਸ਼ਾਂਤ ਕਰਨ ਵਾਲੇ ਗ੍ਰੀਬੀ ਨਿਮ੍ਰਤਾ ਦੇ ਸ਼ਬਦ ਹਨ। ਜੀਵ ਨੂੰ ਗੁਰਸ਼ਬਦਾਂ ਦੁਆਰਾ ਸੱਚੇ ਵਾਹਿਗੁਰੂ ਜੀ 'ਚ ਅਭੇਦ ਕੀਤਾ ਹੈ। ਦਾਸਨਿ ਦਾਸੁ ਕਹੈ ਜਨੁ ਨਾਨਕੁ; ਜੇਹਾ ਤੂੰ ਕਰਾਇਹਿ, ਤੇਹਾ ਹਉ ਕਰੀ ਵਖਿਆਨੁ॥ਆਦਿ ਦਾਸਨ ਦਾਸ ਭਾਵ ਦੇ ਅਨੇਕਾਂ ਅਮੋਲਕ ਬਚਨ ਕਹਿ ਕੇ, ਖੰਡਾਂ ਬ੍ਰਹਮੰਡਾਂ ਨੂੰ ਜਿੱਤ ਲਿਆ ਹੈ। ਸਤਿਗੁਰੂ ਸਾਹਿਬਾਨ ਜੀ ਨੇ ਭਾਉ ਭਗਤੀ ਦ੍ਰਿੜ ਕਰਾਈ ਹੈ, ਜਿਸ ਕਰਕੇ ਸਿੱਖ, ਕੋਟਿ ਬ੍ਰਹਮੰਡ ਦੇ ਰਚਨਹਾਰ ਸਤਿਗੁਰੂ ਸਾਹਿਬਾਨ ਜੀ ਦੇ ਗ਼ੁਲਾਮ ਬਣੇ ਰਹਿੰਦੇ ਹਨ। ਜਨ ਨਾਨਕ. ਹਾਟਿ ਵਿਹਾਝਿਆ; ਹਰਿ ਗੁਲਮ ਗੁਲਾਮੀ॥ਅਨੁਸਾਰ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਗ਼ੁਲਾਮ ਬਨਣ ਦਾ ਅਨੰਤ ਮਣਾਂ ਅਨੰਦ ਹੈ। ਸਤਿਗੁਰੂ ਸਾਹਿਬਾਨ ਜੀ ਦੇ ਗ਼ੁਲਾਮ ਬਣ ਕੇ, ਸਿੱਖ ਰਾਜੇ ਮਹਾਰਾਜੇ ਦੀ ਭੀ ਪ੍ਰਵਾਹ ਨਹੀਂ ਕਰਦੇ। ਜਿਤਨਾ ਚਿਰ ਜੀਵ ਸਤਿਗੁਰੂ ਸਾਹਿਬਾਨ ਜੀ ਦਾ ਗ਼ੁਲਾਮ ਨਹੀਂ ਬਣਦਾ, ਉਤਨਾ ਚਿਰ ਔਗੁਣਾਂ ਤੋਂ ਨਹੀਂ ਬਚ ਸਕਦਾ,ਪੂਰਨ ਗੁਰੂ ਜੀ ਦਾ ਗ਼ੁਲਾਮ ਬਣ ਕੇ ਸੁਭਾਗਾ ਬਣਦਾ ਹੈ। ਯਥਾ:- ਮੁਲ ਖਰੀਦੀ ਲਾਲਾ ਗੋਲਾ; ਮੇਰਾ ਨਾਉ ਸਭਾਗਾ॥ ਨਿਮ੍ਰਤਾ ਹਲੀਮੀ ਵਾਲੇ ਸ਼ਬਦ ਪਦ ਗਾਉਣੇ ਕਰਕੇ ਹਿਰਦੇ ਚੋਂ ਅੰਮ੍ਰਿਤ ਉੱਠ ਕੇ ਮੁੱਖ 'ਚ ਆਉਂਦਾ ਹੈ, ਮਨ ਸ਼ਾਂਤ ਤੇ ਇੰਦ੍ਰੇ ਇਕਾਗ੍ਰ ਹੁੰਦੇ ਹਨ। ਨਿਰਗੁਨ ਸਰਗੁਨ ਦੀ ਏਕਤਾ, ਭਾਉ ਭਗਤੀ ਵਾਲੇ ਪਦਾਂ ਦਾ ਬਾਰ ੨ ਅਭਿਆਸ ਕਰਨ ਨਾਲ ਹੁੰਦੀ ਹੈ। ਸੋ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਨਿਮ੍ਰਤਾ ਹਲੀਮੀ ਗ੍ਰੀਬੀ ਵਾਲੇ ਅਮੋਲਕ ਸ਼ਬਦ ਬਖ਼ਸ਼ ਕੇ, ਮਨੁੱਖਤਾ ਦੀ ਗ਼ੁਲਾਮੀ ਚੁੱਕੀ ਹੈ। ਸੋ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਵਾਹਿਗੁਰੂ ਧੰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗ਼ੁਲਾਮ ਬਣਨ ਨੂੰ ਕਿਹਾ ਹੈ ਜੀ, ਕਿਸੇ ਰਾਜੇ ਦੇਵਤੇ ਮਨੁੱਖ ਪੀਰ ਫਕੀਰ ਦੇ ਗ਼ੁਲਾਮ ਬਣਨ ਨੂੰ ਨਹੀਂ ਕਿਹਾ।

੭੧. ਕੀ ਪਰਮਪੂਜਨੀਕ ਪਰਮਪਵਿੱਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੇਵਲ ਪਿਛਲੇ ਸਮੇਂ ਲਈ ਹੀ ਸੀ ਕਿ ਮਾਡਰਨ ਅਜੋਕੇ ਜਾਂ ਆਉਣ ਵਾਲੇ ਸਮੇਂ ਨੂੰ ਭੀ ਵਰਤੀ ਜਾ ਸਕਦੀ ਹੈ? ਜੁਗ ਚਾਰੇ; ਨਾਮੁ ਉਤਮੁ ਸਬਦੁ ਬੀਚਾਰਿ॥)ਸਚੁ ਪੁਰਾਣਾ ਹੋਵੈ ਨਾਹੀ;ਸੀਤਾ ਕਦੇ ਨ ਪਾਟੈ॥)ਨਾਨਕ ਜੁਗਿ ਜੁਗਿ; ਗੁਰ ਗੋਪਾਲਾ॥)ਸਚੁ.ਪੁਰਾਣਾ ਨਾ ਥੀਐ;ਨਾਮੁ ਨ ਮੈਲਾ ਹੋਇ॥)ਸਚਾ ਨਾਮੁ ਸਦਾ ਹੈ ਨਿਰਮਲੁ;ਗੁਰ ਸਬਦੀ ਮੰਨਿ ਵਸਾਵਣਿਆ॥)ਹਰਿ ਜੁਗਹ ਜੁਗੋ. ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ ਚਲੰਦੀ॥ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ;ਜਿਨੀ ਗੁਰਮੁਖਿ ਨਾਮੁ ਧਿਆਇਆ॥)ਸਤਿਗੁਰੁ ਮੇਰਾ ਸਦਾ ਸਦਾ;ਨਾ ਆਵੈ ਨਾ ਜਾਇ॥ਓਹੁ ਅਬਿਨਾਸੀ ਪੁਰਖੁ ਹੈ;ਸਭ ਮਹਿ ਰਹਿਆ ਸਮਾਇ॥ ਜਿਵੇਂ ਵਰਖਾ ਸੁਖਦਾਇਕ ਹੈ,ਤਿਵੇਂ ਗੁਰਬਾਣੀ ਸਾਰਿਆਂ ਸਮਿਆਂ ਸਾਰਿਆਂ ਥਾਵਾਂ ਚ, ਸਾਰਿਆਂ ਜੀਆਂ ਜਾਤੀਆਂ ਲਈ ਸੁਖਦਾਇਕ ਹੈ। ਚੌਰਾਸੀ ਲੱਖ ਜੂਨ, ਤ੍ਰਿਸ਼ਨਾਂ ਦੀ ਅੱਗ 'ਚ ਸੜ ਰਹੀ ਹੈ, ਇਸ ਨੂੰ ਸ਼ਾਂਤ ਕਰਨ ਲਈ, ਸਾਹਿਬੁ ਮੇਰਾ ਨੀਤ ਨਵਾ;ਸਦਾ ਸਦਾ ਦਾਤਾਰੁ॥ਪਰਮਪੂਜਨੀਕ ਗੁਰਬਾਣੀ ਜੀ ਦੀ ਸਦਾ ਹੀ ਲੋੜ ਹੈ। ਯਥਾ:- ਤ੍ਰਿਸਨਾ ਦਾਧੀ ਜਲਿ ਮੁਈ; ਜਲਿ ਜਲਿ ਕਰੇ ਪੁਕਾਰ॥ ਸਤਿਗੁਰ ਸੀਤਲ ਜੇ ਮਿਲੈ; ਫਿਰਿ ਜਲੈ ਨ ਦੂਜੀ ਵਾਰ॥

੭੨. ਅੱਜ ਦੇ ਮਾਡਰਨ ਸਮੇਂ 'ਚ ਗੁਰਮਤਿ ਦੀ ਕੀ ਲੋੜ ਹੈ? ਇਹ ਤਾਂ ਪੁਰਾਤਨ ਮਰਯਾਦਾ ਸੀ? ਅਨੰਤ ਬ੍ਰਹਮੰਡਾਂ ਦੇ ਰਚਨਹਾਰ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਵਿਸਮਾਦ ਗੁਰਮਤਿ ਮਰਯਾਦਾ ਬਣਾਈ ਹੈ। ਜਿਸ 'ਚ ਧਰਮ-ਕ੍ਰਿਤ ਕਰਨ ਕਰਾਉਣ ਵੰਡ ਛਕਣ ਛਕਾਉਣ, ਸੁਆਸ ੨ ਨਾਮ ਜਪਣ ਜਪਾਉਣ, ਸੇਵਾ ਪਰਉਪਕਾਰ ਨੇਕੀ ਕਰਨ ਕਰਾਉਣ, ਨਾਮ ਅਕਾਲ ਪੁਰਖੁ ਤੇ ਸ਼ਸਤ੍ਰਾਂ ਦੀ ਪੂਜਾ,ਸ਼ਸਤ੍ਰ ਅਭਿਆਸ ਕਰਨ ਕਰਾਉਣ, ਬਹੂ ਬੇਟੀਆਂ ਦੀ ਰੱਖਿਆ ਕਰਨ ਕਰਾਉਣ,ਧਰਮ ਯੁੱਧ ਜਿੱਤਣ ਜਿੱਤਣ ਜਿੱਤਾਉਣ, ਭਾਉ ਭਗਤੀ ਪ੍ਰੇਮ ਨਿਮ੍ਰਤਾ ਖਿਮਾ ਆਦਿ ਅਨੰਤ ਗੁਣ ਧਾਰਨ ਕਰਨ ਕਰਾਉਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਨਾਮ,ਸ਼ਸਤ੍ਰ ਦੀ ਪੂਜਾ ਹੋਣੇ ਕਰਕੇ ਗੁਰਮਤਿ ਮਰਯਾਦਾ ਸਦਾ ਹੀ ਮਾਡਰਨ ਨਵੀਂ ਹੈ। ਜੇ ਕੋਈ ਆਪਣੇ ਆਪ ਨੂੰ ਮਾਡਰਨ ਕਹਿ ਕੇ ਫੈਸ਼ਨ ਪ੍ਰਸਤੀ ਕਰੇ, ਵੇਸਵਾ ਦੇ ਜਾਵੇ, ਸ਼ਰਾਬ ਮਾਸ ਤਮਾਕੂ ਵਰਤੇ, ਕਲੱਬਾਂ 'ਚ ਜਾ ਕੇ ਨਾਚ ਕਰੇ, ਤਾਂ ਕੁਕਰਮ ਕਰਨੇ ਕਰਕੇ, ਏਡਜ਼ ਆਤਸ਼ਕ ਆਦਿ ਭੈੜੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ।

ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਮਤਿ 'ਚ ਸ੍ਰਬੱਤ ਦੇ ਭਲੇ ਦੇ ਸਮੂੰਹ ਸੁਨਿਹਰੀ ਅਸੂਲ ਹਨ, ਜਿਨ੍ਹਾਂ ਦੀ ਸਦੀਵ ਕਾਲ ਅਤਿਅੰਤ ਹੀ ਲੋੜ ਹੈ। ਸੱਚੇ ਪਾਤਿਸਾਹ ਜੀ ਨੇ ਸ਼ੁਭ ਕਾਰਜ ਕਰਨ ਕਰਾਉਣ,ਸੁਆਸ ੨ ਨਾਮ ਜਪਣ ਜਪਾਉਣ ਦਾ ਸ਼ੁਭ ਸੱਚਾ ਧਰਮ ਉਪਦੇਸ਼ ਬਖ਼ਸ਼ਿਆ ਹੈ, ਜਿਸ ਕਰਕੇ ਜੀਵ, ਜੀਵਨ ਮੁਕਤਿ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਮਾਡਰਨ ਬੰਦਾ ਭਾਵੇਂ ਅਤਿ ਸੁੰਦਰ ਕੁਲੀਨ ਧਨਵੰਤ ਚਤਰ ਭੀ ਕਿਉਂ ਨਾ ਹੋਵੇ, ਉਸ ਬਾਰੇ ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ:-ਅਤਿ ਸੁੰਦਰ ਕੁਲੀਨ ਚਤੁਰ;ਮੁਖਿ ਙਿਆਨੀ ਧਨਵੰਤ॥ਮਿਰਤਕ ਕਹੀਅਹਿ ਨਾਨਕਾ;ਜਿਹ ਪ੍ਰੀਤਿ ਨਹੀ ਭਗਵੰਤ॥ ਆਪਣੇ ਆਪ ਨੂੰ ਮਾਡਰਨ ਬੰਦੇ ਕਹਿ ਕੇ,ਹੰਕਾਰੀ ਜੀਵ ਗੁਰਪੁਰਬਾਂ 'ਤੇ ਸ਼ਰਾਬ ਦੀ ਛਬੀਲ ਤੇ ਆਂਡਿਆਂ ਦਾ ਲੰਗਰ ਲਾਉਂਦੇ ਹਨ।ਐਸੇ ਲੋਗਨ ਸਿਉ ਕਿਆ ਕਹੀਐ॥ਜੋ ਪ੍ਰਭ ਕੀਏ ਭਗਤਿ ਤੇ ਬਾਹਜ;ਤਿਨ ਤੇ ਸਦਾ ਡਰਾਨੇ ਰਹੀਐ॥੧॥ਸੋ ਗੁਰਮਤਿ ਮਰਯਾਦਾ ਸਦਾ ਮਾਡਰਨ ਹੈ, ਭਾਵੇਂ ਅਨੰਤ ਜੁੱਗ ਪਲਟ ਜਾਣ ਤਾਂ ਭੀ ਇਹ ਮਾਡਰਨ ਹੀ ਰਹੇਗੀ, ਇਸ ਦੀ ਸਦਾ ੨ ਅਤਿਅੰਤ ਹੀ ਲੋੜ ਹੈ।ਯਥਾ:-ਸਾਹਿਬੁ ਮੇਰਾ ਨੀਤ ਨਵਾ;ਸਦਾ ਸਦਾ ਦਾਤਾਰੁ॥ਗੁਰੂ ਮਰਯਾਦਾ 'ਚ ਚੱਲਣ ਦੇ ਕੋਟਾਨ ਕੋਟਿ ਫ਼ਲ ਪੁੰਨ ਅਤੇ ਸ੍ਰਬੱਤ ਦਾ ਭਲਾ ਹੈ, ਇਸ ਕਰਕੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਸਦਾ ਗੁਰ ਮਰਯਾਦਾ 'ਚ ਚੱਲਣ ਦਾ ਹੁਕਮ ਕਰਦੇ ਹਨ। ਯਥਾ:- ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ;ਹਰਿ ਹਰਿ ਕਥਾ ਨਿਰਾਲੀ॥ਨਮਸਕਾਰ॥

੭੩.ਗੁਰਦੁਆਰੇ ਸਾਹਿਬ ਜੀ ਜਾਣ ਦੀ ਕੀ ਲੋੜ ਹੈ? ਸ੍ਰਬ ਵਿਆਪੀ ਬ੍ਰਹਮ ਜੀ ਨੇ, ਪਰਮਪੂਜਨੀਕ ਦਸਾਂ ਸੱਚੇ ਸਤਿਗੁਰੂ ਸਾਹਿਬ, ਭਗਤਾਂ ਗੁਰਮੁਖਾਂ ਮਹਾਂਪੁਰਸ਼ਾਂ ਸ਼ਹੀਦਾਂ ਦੇ ਸਰੂਪ ਧਾਰੇ ਹਨ, ਉਨ੍ਹਾਂ ਦੀਆਂ ਕੁਰਬਾਨੀਆਂ ਦਾ ਸਦਕਾ ਗੁਰੂ ਤੀਰਥ ਗੁਰਦੁਆਰੇ ਸਾਹਿਬ ਜੀ ਬਣੇ। ਯਥਾ:- ਸਾ ਧਰਤੀ ਭਈ

ਹਰੀਆਵਲੀ;ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ਗੁਰੂ ਅਸਥਾਨਾਂ 'ਤੇ ਜਾ ਕੇ ਪ੍ਰੇਮੀ ਪੁੰਨ ਦਾਨ ਭਜਨ ਸਿਮਰਨ ਕਥਾ ਕੀਰਤਨ, ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਪਰਉਪਕਾਰ ਚੇਤੇ ਕਰਕੇ ਹਰੇ ਭਰੇ ਹੋ ਜਾਂਦੇ ਹਨ। ਯਥਾ:-ਸੇ ਜੰਤ ਭਏ ਹਰੀਆਵਲੇ;ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥ਪ੍ਰੇਮੀ,ਗੁਰੂ ਅਸਥਾਨਾਂ ਦੀ ਚਰਨ-ਧੂੜ ਆਪਣੇ ਮੱਥੇ ਨੂੰ ਲਾ ਕੇ ਨਿਹਾਲ ਹੁੰਦੇ ਹਨ। ਯਥਾ:-ਗੁਰਸਿਖੀ ਸੋ ਥਾਨੁ ਭਾਲਿਆ;ਲੈ ਧੂਰਿ ਮੁਖਿ ਲਾਵਾ॥ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਤੇ ਮਹਾਂਪੁਰਸ਼ਾਂ ਨੇ ਆਪ ਗੁਰੂ ਅਸਥਾਨ ਬਣਾਏ ਹਨ ਅਤੇ ਅੱਗੇ ਬਨਾਉਣ ਦਾ ਹੁਕਮ ਕੀਤਾ ਹੈ। ਗੁਰਸਿੱਖ ਨੂੰ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ, ਨਿੱਤ ਸ੍ਰੀ ਗੁਰਦੁਆਰੇ ਸਾਹਿਬ ਜੀ ਜਾਣ ਦਾ ਹੁਕਮ ਹੈ। ਸਾਰੀ ਦੁਨੀਆਂ 'ਤੇ ਬੇਅੰਤ ਹੀ ਗੁਰਦੁਆਰੇ ਸਾਹਿਬਾਨ ਜੀ ਹਨ, ਜਿੱਥੇ ਕਥਾ ਕੀਰਤਨ ਭਜਨ ਦੇ ਪ੍ਰਵਾਹ ਚੱਲ ਰਹੇ ਹਨ। ਅਨੇਕਾਂ ਹੀ ਰਾਹੀ, ਗ੍ਰੀਬ, ਭੁੱਖੇ, ਲੰਗਰ ਛਕ ਕੇ ਇਸ਼ਨਾਨ ਵਿਸ਼ਰਾਮ ਕਰਦੇ ਹਨ। ਅਨੇਕਾਂ ਸਕੂਲ ਕਾਲਜ ਹਸਪਤਾਲ ਧਰਮ ਪ੍ਰਚਾਰਕ ਜੱਥੇਬੰਦੀਆਂ, ਗੁਰਦੁਆਰਿਆਂ ਦੇ ਆਸਰੇ ਹੀ ਚੱਲ ਰਹੀਆਂ ਹਨ।

ਬੇਅੰਤ ਦੁਖੀ ਉਦਾਸ ਰੂਹਾਂ, ਗੁਰੂ ਘਰ ਜਾ ਕੇ ਸੇਵਾ ਸਿਮਰਨ ਕਰਕੇ ਨਿਹਾਲ ਹੁੰਦੀਆਂ ਹਨ। ਗੁਰਸਿੱਖ ਧਾਰਮਿਕ ਸਮਾਗਮਾਂ 'ਤੇ ਪ੍ਰੇਮ ਨਾਲ ਮਿਲ ਕੇ ਗੁਰਬਾਣੀ ਬਾਰੇ ਵਿਚਾਰਾਂ ਕਰਕੇ ਨਿਹਾਲ ਹੁੰਦੇ ਹਨ। ਪਰਮਪੂਜਨੀਕ ਸੱਚੇ ਪਾਤਿਸਾਹ ਜੀ ਨੇ ਅਮੋਲਕ ਦਾਤਿ ਗੁਰਬਾਣੀ ਬਖ਼ਸ਼ੀ ਹੈ, ਗੁਰਬਾਣੀ ਦੇ ਸਤਿਕਾਰ ਤੇ ਪੂਜਣ ਲਈ ਗੁਰਦੁਆਰੇ ਸਾਹਿਬ ਜੀ ਭੀ ਜ਼ਰੂਰੀ ਹਨ। ਸਤਿਗੁਰੂ ਸਾਹਿਬਾਨ ਜੀ ਨੇ ਪ੍ਰਗਟ ਹੀ ਸ੍ਰੀ ਹਰਿਮੰਦਰ ਸਾਹਿਬ ਜੀ ਰਚੇ ਹਨ, ਜਿੱਥੋਂ ਦੂਰ ੨ ਤੱਕ ਅੰਮ੍ਰਿਤ ਰੂਪ ਕੀਰਤਨ ਸੁਣਦਾ ਹੈ। ਕਥਾ ਕੀਰਤਨ, ਗੁਰੂ ਘਰਾਂ 'ਚ ਹੀ ਸਿਖਾਏ ਜਾਂਦੇ ਹਨ।ਗੁਰਸਿੱਖਾਂ ਨੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦਾ ਪੂਜਨ ਕਰਨ ਗੁਰੂ ਘਰ ਜਾਣਾ ਹੀ ਹੈ। ਸ੍ਰੀ ਗੁਰਦੁਆਰੇ ਸਾਹਿਬ ਜੀ ਜਾਣ ਦੇ ਕੋਟਾਨ ਕੋਟਿ ਪੁੰਨ ਹਨ। ਵਰਖਾ ਝੱਖੜ ਹਨ੍ਹੇਰੀ ਦੇ ਵਗਦਿਆਂ ਭੀ ਗੁਰਸਿੱਖ ਸਤਿਗੁਰੂ ਸਾਹਿਬਾਨ ਜੀ ਦੇ ਦਰਸ਼ਨ ਕਰਨ ਜਾਂਦੇ ਹਨ। ਯਥਾ:- ਝਖੜੁ ਝਾਗੀ ਮੀਹੁ ਵਰਸੈ; ਭੀ ਗੁਰੁ ਦੇਖਣ ਜਾਈ॥੧੩॥ਅਤਿ ਖਾਰਾ ਸਮੁੰਦ੍ਰ ਲੰਘ ਕੇ ਭੀ ਸਿੱਖ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਦਰਸ਼ਨਾਂ ਨੂੰ ਜਾਂਦੇ ਹਨ। ਯਥਾ:- ਸਮੁੰਦੁ ਸਾਗਰੁ ਹੋਵੈ ਬਹੁ ਖਾਰਾ; ਗੁਰਸਿਖੁ ਲੰਘਿ ਗੁਰ ਪਹਿ ਜਾਈ॥੧੪॥ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਗੁਰਦੁਆਰੇ ਸਾਜ ਕੇ, ਸਾਰੇ ਜਗਤ 'ਤੇ ਭਜਨ ਸਿਮਰਨ ਕਥਾ ਕੀਰਤਨ ਪਰਉਪਕਾਰ ਦਾ ਪ੍ਰਵਾਹ ਚਲਾਇਆ ਹੈ।ਜਿਵੇਂ ਮੱਛੀ ਦਾ ਜੀਵਨ ਪਾਣੀ ਹੈ,ਤਿਵੇਂ ਹੀ ਗੁਰਸਿੱਖ ਦਾ ਜੀਵਨ ਗੁਰਦੁਆਰਾ ਸਾਹਿਬ ਜੀ ਹਨ।ਯਥਾ:-;ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥ਸੋ ਸ਼ਰਧਾ ਪ੍ਰੇਮ ਸਹਿਤ ਗੁਰਦੁਆਰੇ ਸਾਹਿਬ ਜੀ ਜਾਣ ਦੇ ਅਸੰਖ ਪੁੰਨ ਲਾਹੇ ਹਨ ਜੀ।ਯਥਾ:-ਜਿਨੀ ਡਿਠਾ.ਮੇਰਾ ਸਤਿਗੁਰੁ ਭਾਉ ਕਰਿ;ਤਿਨ ਕੇ.ਸਭਿ ਪਾਪ

ਗਵਾਈ॥ ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ॥

੭੪.ਕੀ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਰਚਿਤ,ਵਾਹਿਗੁਰੂ ਜੀ ਦੀ ਸ਼ੁੱਧ ਸ਼ਕਤੀ ਸ਼੍ਰੀ ਚੰਡੀ ਜੀ ਦੀ ਵਾਰ ਦਾ ਪਾਠ ਕਰਨ ਵਾਲਾ ਕਮਲ਼ਾ ਹੋ ਜਾਂਦਾ ਹੈ?ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਅਤਿ ਪਿਆਰੇ ਸਵਾਰੇ ਢਾਡੀ ਸਿੰਘਾਂ ਦੇ ਚਰਨਾਂ 'ਤੇ ਮੱਥਾ ਰੱਖ ਕੇ ਪ੍ਰੇਮੀ ਬੇਨਤੀ ਹੈ, ਕਿ ਇਸ ਪਰਮਪਵਿੱਤ੍ਰ ਵਾਰ ਨੂੰ ਅਤੇ ਸੱਚੇ ਸਤਿਗੁਰੂ ਸਾਹਿਬਾਨ ਜੀ ਦੀ ਬਾਣੀ ਰੀਕਾਰਡ ਕਰਕੇ ਪਰਮਪੂਜਨੀਕ ਸਤਿਗੁਰੂ ਸਾਹਿਬਾਨ ਤੇ ਗੁਰੂ ਪਿਆਰੀ ਸਤਿਸੰਗਤ ਜੀ ਦੀ ਖ਼ੁਸ਼ੀ ਪ੍ਰਾਪਤ ਕਰਨ ਜੀ। ਅਸੰਖ ਬ੍ਰਹਮੰਡਾਂ ਦੇ ਰਚਨਹਾਰ ਵਾਹਿਗੁਰੂ ਜੀ ਨੇ ਗ਼ੁਲਾਮ ਦੁਖੀ ਜੀਆਂ ਦੀ ਮੁਰਦਿਆਂ ਸਮਾਨ ਦੁਰਦਸ਼ਾ ਹੁੰਦੀ ਦੇਖ ਕੇ, ਆਪ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਸਾਹਿਬ ਜੀ ਦਾ ਪਰਮਪਵਿੱਤ੍ਰ ਸ਼ੁਭ ਅਵਤਾਰ ਧਾਰਿਆ। ਧਰਤੀ ਦੇ ਭਾਰ ਉਤਾਰਨ, ਗ਼ੁਲਾਮੀ ਚੁੱਕਣ ਲਈ ਇਹ ਬੀਰ-ਰਸੀ ਵਾਰ ਅਤੇ ਹੋਰ ਬੀਰ-ਰਸੀ ਬਾਣੀ ਦੁਆਰਾ, ਪੰਥ ਰਤਨ ਅਤੇ ਅਤਰਥੀ ਯੋਧੇ ਸਾਜੇ। ਪੂਰਨ ਵਾਹਿਗੁਰੂ ਜੀ ਦੇ ਸੱਚੇ ਅਵਤਾਰ ਸਤਿਗੁਰੂ ਸਾਹਿਬ ਜੀ ਦੇ ਮੁਖਾਰਬਿੰਦ ਚੋਂ ਪ੍ਰਗਟ ਹੋਈ ਜਾਣ ਕੇ, ਇਹ ਵਾਰ ਪ੍ਰੇਮ ਸ਼ਰਧਾ ਸ਼ੁੱਧੀ ਨਮਸਕਾਰ ਸਹਿਤ ਪੜ੍ਹਨੀ ਚਾਹੀਦੀ ਹੈ। ਇਸ ਨਾਲ ਮਨ ਕਾਇਰਤਾਈ ਛੱਡ ਕੇ ਸੱਚੇ ਪਾਤਿਸਾਹ ਜੀ ਤੋਂ ਕੁਰਬਾਨ ਹੋ ਜਾਂਦਾ ਹੈ।

ਬੀਰ-ਰਸੀ ਬਾਣੀ ਪੜ੍ਹ ਕੇ, ਆਪਣੇ ਨਿੱਜੀ ਸੁਆਰਥ ਲਈ ਜ਼ਮੀਨ ਧਨ ਆਦਿ ਦੇ ਲਾਲਚ ਕਰਕੇ ਕਤਲ ਨਹੀਂ ਕਰਨੇ ਜੀ। ਨਿਰਦੋਸ਼ ਦਾ ਕਤਲ ਵੱਡਾ ਗੁਨਾਹ ਹੈ। ਕਸਰਤ ਦਾਨ ਧਰਮ ਕਾਰਜ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਭਜਨ, ਕੁਰਬਾਨੀ ਦੇਣ ਹਰ ਪ੍ਰਕਾਰ ਦੇ ਸ਼ੁਭ ਕਾਰਜ ਕਰਨ ਨੂੰ ਜੇਕਰ ਮਨ ਆਲਸ ਕਰੇ, ਤਾਂ ਇਸ ਵਾਰ ਤੋਂ ਬੀਰ-ਰਸੀ ਗੁਣ ਪ੍ਰਾਪਤ ਕਰਕੇ, ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਅਨੁਸਾਰ ਤੁਰੰਤ ਸ਼ੁਭ ਕਾਰਜ ਕਰਨਾ ਚਾਹੀਦਾ ਹੈ। ਸਨੇਹੀ ਦੇ ਮਰਨ ਤੋਂ, ਮਨ ਨੂੰ ਸੱਟ ਵੱਜਣੀ, ਧਨ ਨਾਸ ਹੋ ਜਾਣਾ ਆਦਿ ਅਨੇਕ ਪ੍ਰਕਾਰ ਦੀਆਂ ਸੱਟਾਂ 'ਚ ਇਹ ਪਰਮਪਵਿੱਤ੍ਰ ਬਾਣੀ ਜੀ ਮਨ ਨੂੰ ਨਵਾਂ ਨਿਰੋਆ ਤਕੜਾ ਕਰਕੇ, ਸੱਚੇ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਚਰਨ-ਕਮਲਾਂ ਨਾਲ ਜੋੜਦੇ ਹਨ। ਵਾਹ ਵਿਸਮਾਦ ਸਰੂਪ ਸੱਚੇ ਪਾਤਿਸਾਹ ਜੀ ਨੇ ਇਸ ਵਾਰ ਦੀ ਪਹਿਲੀ ਪੌੜੀ 'ਚ,ਪਰਮਪੂਜਨੀਕ ਨੌਂਆਂ ਸਤਿਗੁਰੂ ਸਾਹਿਬ ਜੀ ਨੂੰ ਪਰਮ ਪਿਆਰ ਅਤੀ ਸਤਿਕਾਰ ਨਾਲ ਸਿਮਰਿਆ ਆਰਾਧਿਆ ਪੂਜਿਆ ਧਿਆਇਆ ਹੈ। ਇਸ ਕਰਕੇ ਇਸ ਵਾਰ ਦੀ ਇਤਨੀ ਵੱਡੀ ਅਕਥ ਮਹਾਨਤਾ ਹੈ। ਪਉੜੀ॥ ਖੰਡਾ ਪ੍ਰਿਥਮੈ ਸਾਜਿ ਕੈ; ਜਿਨ ਸਭ ਸੈਸਾਰੁ ਉਪਾਇਆ॥ ਸੱਚੇ ਪਾਤਿਸਾਹ ਜੀ ਦੂਜੀ ਪਉੜੀ 'ਚ ਫ਼ੁਰਮਾਉਂਦੇ ਹਨ, ਕਿ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਹਨ, (ਜਿਨ) ਜਿਨ੍ਹਾਂ ਨੇ ਆਪਣੇ ਨਿਰਗੁਨ ਸਰੂਪ ਦੁਆਰਾ (ਪ੍ਰਿਥਮੈ) ਸਭ ਤੋਂ ਪਹਿਲਾਂ, ਸਭ ਨੂੰ ਖੰਡਣ ਵਾਲਾ (ਖੰਡਾ) ਕਾਲ ਸਾਜਿ (ਕੈ) ਕੇ, ਵਾ ਸੰਤ ਦੋਖੀਆਂ ਅਹੰਕਾਰੀਆਂ ਨੂੰ ਖੰਡਣ ਵਾਲਾ ਖੰਡਾ ਸਾਜਿ (ਕੈ) ਕੇ, ਫੇਰ ਸਭ (ਸੈਸਾਰੁ) ਸੰਸਾਰ (ਉਪਾਇਆ) ਪੈਦਾ ਕੀਤਾ ਹੈ। ਬ੍ਰਹਮਾ ਬਿਸਨ ਮਹੇਸ ਸਾਜਿ; ਕੁਦਰਤੀ

ਦਾ ਖੇਲੁ ਰਚਾਇ ਬਣਾਇਆ॥ ਵਾਹਿਗੁਰੂ ਪਹਿਲੇ ਪਾਤਿਸਾਹ ਜੀ ਦੀ ਅਪਾਰ ਸ਼ਕਤੀ ਦੱਸ ਰਹੇ ਹਨ, ਬ੍ਰਹਮਾ ਜੀ (ਬਿਸਨ) ਵਿਸ਼ਨੂੰ ਜੀ (ਮਹੇਸ) ਸ਼ਿਵ ਜੀ ਨੂੰ (ਸਾਜਿ) ਰਚ ਕੇ, ਆਪਣੀ (ਕੁਦਰਤੀ) ਸ਼ਕਤੀ ਦਾ ਖੇਲੁ (ਰਚਾਇ) ਰਚ ਕੇ, ਅਨੰਤ ਬ੍ਰਹਮੰਡਾਂ ਨੂੰ ਬਣਾਇਆ ਹੈ। ਸਿੰਧ ਪਰਬਤ ਮੇਦਨੀ; ਬਿਨੁ ਥੰਮ੍ਹਾ ਗਗਨਿ ਰਹਾਇਆ॥ (ਸਿੰਧ) ਸਮੁੰਦ੍ਰ (ਪਰਬਤ) ਪਹਾੜ (ਮੇਦਨੀ) ਧਰਤੀ (ਗਗਨਿ) ਅਕਾਸ਼ ਨੂੰ ਬਿਨੁ ਥੰਮ੍ਹਾ ਦੇ ਆਪਣੇ ਨਿਰਗੁਨ ਸਰੂਪ 'ਚ (ਰਹਾਇਆ) ਟਿਕਾਇਆ ਹੈ। ਸਿਰਜੇ ਦਾਨੋ ਦੇਵਤੇ; ਤਿਨ ਅੰਦਰਿ ਬਾਦੁ ਰਚਾਇਆ॥ ਆਪ ਜੀ ਨੇ (ਦਾਨੋ) ਦੈਂਤ ਦੇਵਤੇ (ਸਿਰਜੇ) ਰਚੇ, (ਤਿਨ) ਤਿਨ੍ਹਾਂ ਨੇ ਆਪਣੇ ਅੰਦਰਿ (ਬਾਦੁ) ਝਗੜਾ (ਰਚਾਇਆ) ਰਚਾਉਣਾ ਕੀਤਾ। ਤੈ ਹੀ ਦੁਰਗਾ ਸਾਜਿ ਕੈ; ਦੈਤਾ ਦਾ ਨਾਸੁ ਕਰਾਇਆ॥ ਧਰਮ ਦਾ ਪੱਖ ਰੱਖਦਿਆਂ ਸਨਮੁਖ ਕਹਿ ਰਹੇ ਹਨ:- ਹੇ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ! (ਤੈ) ਆਪ ਜੀ ਨੇ ਹੀ ਦੁਰਗਾ ਜੀ ਨੂੰ ਸਾਜਿ ਕੈ, ਦੈਤਾ ਦਾ ਨਾਸੁ ਕਰਾਇਆ ਹੈ। ਤੈਥੋ ਹੀ ਬਲੁ ਰਾਮੁ ਲੈ; ਨਾਲ ਬਾਣਾ ਦਹਸਿਰੁ ਘਾਇਆ॥ (ਤੈਥੋ) ਆਪ ਜੀ ਤੋਂ ਹੀ ਬਲੁ ਲੈ ਕੇ, ਸ੍ਰੀ ਰਾਮੁ ਚੰਦ੍ਰ ਜੀ ਨੇ ਹੰਕਾਰੀ (ਦਹਸਿਰੁ) ਰਾਵਣ ਨੂੰ (ਬਾਣਾ) ਤੀਰਾਂ ਨਾਲ (ਘਾਇਆ) ਨਾਸ ਕੀਤਾ। ਇਕੱਠੇ ਵੀਹ ਤੀਰ ਨਾਭੀ 'ਚ ਇੱਕੋ ਵਾਰੀਂ ਮਾਰੇ, ਡਿੱਗਿਆ ਵਾਂਗ ਮੁਨਾਰੇ। ਹਾਏ ਰਾਮ! ਹਾਏ ਰਾਮ! ਪੁਕਾਰੇ। ਤੈਥੋ ਹੀ ਬਲੁ ਕ੍ਰਿਸਨ ਲੈ; ਕੰਸੁ ਕੇਸੀ ਪਕੜਿ ਗਿਰਾਇਆ॥ ਹੇ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ!

(ਤੈਥੋ) ਆਪ ਜੀ ਤੋਂ ਹੀ ਸ੍ਰੀ ਕ੍ਰਿਸਨ ਜੀ ਨੇ ਬਲੁ ਲੈ ਕੇ, ਜ਼ਾਲਮ ਕੰਸੁ ਨੂੰ (ਕੇਸੀ) ਕੇਸਾਂ ਤੋਂ ਪਕੜਿ ਕੇ (ਗਿਰਾਇਆ) ਪਟਕਾਇਆ। ਬਡੇ ਬਡੇ ਮੁਨਿ ਦੇਵਤੇ; ਕਈ ਜੁਗ ਤਿਨੀ ਤਨੁ ਤਾਇਆ॥ ਬਡੇ ਬਡੇ (ਮੁਨਿ) ਮੁਨੀ ਦੇਵਤੇ ਹੋਏ, (ਤਿਨੀ) ਤਿਨ੍ਹਾਂ ਨੇ ਆਪਣੇ (ਤਨ) ਸ੍ਰੀਰ ਨੂੰ ਕਈ ਜੁਗ ਤਪ 'ਚ (ਤਾਇਆ) ਤਪਾਉਣਾ ਕੀਤਾ, ਪਰ ਫਿਰ ਭੀ, ਕਿਨੀ; ਤੇਰਾ ਅੰਤੁ ਨ ਪਾਇਆ॥ (ਕਿਨੀ) ਕਿਸੇ ਨੇ ਭੀ (ਤੇਰਾ) ਆਪ ਜੀ ਦਾ ਅੰਤੁ (ਨ) ਨਹੀਂ ਪਾਇਆ। ਇਸ ਪਉੜੀ 'ਚ ਸੰਸਾਰ ਨੂੰ ਰਚਣ, ਆਪਣੇ ਨਿਰਗੁਨ ਸਰੂਪ 'ਚ ਟਿਕਾਉਣ, ਦੈਂਤਾਂ ਰਾਵਣ ਕੰਸ ਨੂੰ ਮਾਰਨ ਦੀ, ਸੱਚੇ ਵਾਹਿਗੁਰੂ ਜੀ ਦੀ ਵਿਸਮਾਦ ਵਿਸ਼ਾਲ ਅਥਾਹ ਸ਼ਕਤੀ ਦੱਸੀ ਹੈ, ਜਿਸ ਦਾ ਅੰਤ, ਬੇਅੰਤ ਸਮਾਂ ਤਪ ਕਰਨ ਵਾਲੇ ਤਪੀ ਮੁਨੀ ਭੀ ਨਹੀਂ ਪਾ ਸਕੇ। ਅੱਖਰ ੨ ਚੋਂ, ਗਹਿਰ ਗੰਭੀਰ ਭਾਰੀ ਬੀਰ ਰਸ ਡੁਲ੍ਹ ੨ ਪੈਂਦਾ ਹੈ। ਸੱਚੇ ਪਾਤਿਸਾਹ ਜੀ ਨੇ ਫ਼ੁਰਮਾਇਆ, ਦੇਵਤਿਆਂ ਦਾ ਹੰਕਾਰ ਮੇਟਣ ਲਈ ਮਹਿਖਾਸੁਰ ਦੈਂਤ (ਸੁੰਡ) ਸੂਰਮਾ ਪੈਦਾ ਕੀਤਾ। ਤਿਸ ਨੇ ਦੇਵਤੇ ਜਿੱਤ ਲਏ, ਭਾਰੀ ਹੰਕਾਰ ਨਾਲ ਹਿੱਕ ਥਾਪੜ ਕੇ ਕੁੰਡੀਆਂ ਮੁੱਛਾਂ ਕਰਕੇ ਵੱਡਾ ਬੀਰ ਅਖਵਾ ਕੇ ਆਪਣੇ ਸਿਰ 'ਤੇ ਛਤ੍ਰ ਫਿਰਾਇਆ। ਤਿੰਨਾਂ ਲੋਕਾਂ 'ਤੇ ਆਪਣਾ ਰਾਜ ਕਾਇਮ ਕੀਤਾ। ਇਸ ਨੇ ਇੰਦ੍ਰ ਨੂੰ ਸੁਰਗ ਚੋਂ ਭਜਾ ਦਿਤਾ। ਦੈਂਤਾਂ ਤੋਂ ਹਾਰ ਕੇ, ਡਰਾਕਲ ਇੰਦ੍ਰ ਨੇ ਕੰਬਦਿਆਂ ੨ ਸ੍ਰੀ ਚੰਡੀ ਜੀ ਪਾਸ ਜਾ ਕੇ ਪ੍ਰੇਮ ਬੇਨਤੀ ਕੀਤੀ, ਤੇਰੀ ਸਾਮ ਤਕਾਈ ਦੇਵੀ ਦੁਰਗਸਾਹ॥(ਸ੍ਰੀ ਦਸਮ ੧੨੦) ਅਨੁਸਾਰ "ਮੈਂ ਆਪ ਜੀ ਦੀ ਸ਼ਰਨ

ਲਈ ਹੈ।" ਇਹ ਸੁਣ ਕੇ ਦੇਵੀ ਜੀ ਭਾਰੀ ਬੀਰ-ਰਸ ਧਾਰ ਕੇ ਪੂਰਨ ਧੀਰਜ ਨਿਰਭੈਤਾ ਨਾਲ ਹੜ-ਹੜਾ ਕੇ ਹੱਸੇ, ਆਪਣੀ ਅਸਵਾਰੀ ਲਈ ਰਾਖਸ਼ ਭੱਖਣਾ ਸ਼ੇਰ ਮੰਗਾਇਆ। ਯਥਾ:- ਓਹੀ ਸੀਹੁ ਮੰਗਾਇਆ ਰਾਖਸ ਭੱਖਣਾ॥ ਦੇਵਤਿਆਂ ਨੂੰ ਧੀਰਜ ਦਿਤਾ ਤੇ ਕਿਹਾ, "ਤੁਸੀਂ ਕੋਈ ਚਿੰਤਾ ਨਾ ਕਰੋ।" ਯਥਾ:- ਚਿੰਤਾ ਕਰਹੁ ਨ ਕਾਈ; ਦੇਵਾ ਨੂ ਆਖਿਆ॥ ਰਾਕਸ਼ਾਂ ਨੂੰ ਮਾਰਨ ਲਈ ਮਹਾਂ ਮਾਈ (ਰੋਹ) ਬੀਰ ਰਸ ਨਾਲ ਭਰ ਗਈ। ਯਥਾ:- ਰੋਹ ਹੋਈ ਮਹਾ ਮਾਈ; ਰਾਕਸਿ ਮਾਰਣੇ॥

ਸੋਲਵੀਂ ਪਉੜੀ 'ਚ ਮਹਿਖਾਸੁਰ ਦੈਂਤ ਦੇ ਬੀਰ-ਰਸ ਬਾਰੇ ਇਉਂ ਲਿਖਦੇ ਹਨ। ਪਉੜੀ॥ ਉਮਲ ਲਥੇ ਜੋਧੇ; ਮਾਰੂ ਬੱਜਿਆ॥ ਬੱਦਲ ਜਿਉ ਮਹਿਖਾਸੁਰ; ਰਣ ਵਿਚਿ ਗੱਜਿਆ॥ ਇੰਦ੍ਰ ਜੇਹਾ ਜੋਧਾ; ਮੈਥਉ ਭੱਜਿਆ॥ ਕਉਣੁ ਵਿਚਾਰੀ ਦੁਰਗਾ; ਜਿਨ ਰਣੁ ਸੱਜਿਆ॥੧੬॥ ਹੰਕਾਰੀ ਮਹਿਖਾਸੁਰ ਨੇ ਬੱਦਲ ਵਾਂਗ ਗੱਰਜ ਕੇ ਕਿਹਾ, "ਦੁਰਗਾ ਮੇਰੇ ਅੱਗੇ ਕੌਣ ਵਿਚਾਰੀ ਹੈ? ਮੇਰੇ ਨਾਲ ਲੜਨ ਲਈ ਜਿਸ ਦਾ (ਰਣੁ) ਮੈਦਾਨੇ ਜੰਗ ਸੱਜਿਆ ਹੈ।" ੫੫ ਪਉੜੀਆਂ ਚੋਂ ਪਹਿਲੀ ਪਉੜੀ 'ਚ ਅਰਦਾਸ,ਦੂਜੀ ਪਉੜੀ 'ਚ ਅਜਪਾ ਜਾਪ ਵਾਹਿਗੁਰੂ ਪ੍ਰੀਤਮ ਜੀ ਨੂੰ ਬੇਅੰਤ ੩ ਬੇਅੰਤ ਹੀ ਫ਼ੁਰਮਾਇਆ ਹੈ।ਅੱਗੇ ਆਹਮੋਂ ਸਾਹਮਣੇ ਕਟਾ ਵੱਢੀ ਬੀਰ-ਰਸੀ ਜੰਗ ਹੀ ਜੰਗ ਦਾ ਵਰਨਣ ਹੈ, ਜਿਸ 'ਚ ਸੱਚ ਧਰਮ ਦੀ ਜਿੱਤ, ਝੂਠ ਪਾਪ ਹੰਕਾਰ ਦੀ ਹਾਰ ਦਾ ਜ਼ਿਕਰ ਹੈ। ਮਹਾਨ ਯੋਧਾ ਮਹਿਖਾਸੁਰ ਦੈਂਤ, ਦੇਵੀ ਜੀ 'ਤੇ ਟੁੱਟ ਕੇ ਪੈ ਗਿਆ, ਦੇਵੀ ਜੀ ਬਿਜਲੀ ਵਾਂਗ ਕੜਕ ਕੇ, ਦੈਂਤ 'ਤੇ ਟੁੱਟ ਕੇ ਪਏ, ਐਸੀ ਕ੍ਰਿਪਾਨ ਵਾਹੀ, ਉਸ ਦੀ ਖੋਪਰੀ ਮੂੰਹ, ਪਿੰਜਰੇ ਕਾਠੀ ਤਾਹਰੂ ਘੋੜੇ ਨੂੰ ਵੱਢ ਕੇ ਅਗਾਂਹ ਧਉਲ ਦਿਆਂ ਸਿੰਙਾਂ 'ਚ ਜਾ ਵੱਜੀ।

ਧੂਮਰਲੋਚਨ ਗੁਮਾਨੀ ਸੂਰਮੇਂ ਨੇ ਆਪਣੀ ਫ਼ੌਜ ਦੇ ਨਗਾਰਿਆਂ 'ਤੇ ਚੋਟ ਮਾਰੀ, ਹੰਕਾਰ ਨਾਲ ਉੱਚੀ ੨ ਗੱਜਿਆ, "ਮੈਂ ਦੁਰਗਾ ਵਿਆਹ ਕੇ ਲਿਆਉਣੀ ਹੈ।" ਸੱਟ ਪਈ ਖਰਚਾਮੀ; ਦੁਰਗਾ ਲਿਆਵਣੀ॥੨੬॥ ਆਹਮੋ ਸਾਹਮਣੇ ਜੰਗ ਕਰਦਿਆਂ ਸ੍ਰੀ ਦੁਰਗਾ ਜੀ ਨੇ ਧੂਮਰਲੋਚਨ ਦੇ ਕ੍ਰਿਪਾਨ ਮਾਰ ਕੇ ਜਮਪੁਰੀ ਨੂੰ ਭੇਜ ਦਿਤਾ। ਦੈਂਤਾਂ ਨੇ ਇਕੱਠੇ ਹੋ ਕੇ ਇਹ ਮਤਾ ਪਕਾਇਆ। ਬੈਠੇ ਮਤਾ ਪਕਾਈ; ਦੁਰਗਾ ਲਿਆਵਣੀ॥ ਫੇਰ ਚੰਡ ਅਤੇ ਮੁੰਡ ਦੋਵੇਂ ਦੈਂਤ ਫ਼ੌਜ ਸਮੇਤ ਖਪਾ ਦਿਤੇ। ਯਥਾ:- ਚੰਡ ਅਰੁ ਮੁੰਡ ਖਪਾਏ ਦੋਨੋ [1]ਦੇਵਤਾ॥ [1]ਸ੍ਰੀ ਚੰਡੀ ਜੀ। ਸ੍ਰਣਵਤਬੀਜ ਦੇ ਖ਼ੂਨ ਦੀ ਜਿੱਥੇ ੨ ਬੂੰਦ ਡਿੱਗਦੀ, ਓਥੇ ੨ ਦੈਂਤ ਪੈਦਾ ਹੋ ਜਾਂਦੇ, ਇਹ ਵੱਡਾ ਨਾਮੀ ਦੈਂਤ ਅਤਿ ਅਹੰਕਾਰੀ, ਦੇਵੀ ਨੂੰ ਮਾਰਨ ਲਈ ਫ਼ੌਜ ਸਮੇਤ ਚੜ੍ਹਿਆ। ਆਹਮੋ ਸਾਹਮਣੇ ਜੰਗ 'ਚ ਇਸ ਦੇ ਖ਼ੂਨ ਦੀਆਂ ਬੂੰਦਾਂ ਤੋਂ ਬਿਅੰਤ ਦੈਂਤ ਪੈਦਾ ਹੋ ਗਏ। ਚੰਡੀ ਨੇ ਕਾਲੀ ਜੀ ਨੂੰ ਚੇਤੇ ਕੀਤਾ, ਚੰਡੀ ਦਾ ਮੱਥਾ ਫੋੜ ਕੇ ਨਿੱਕਲੀ, ਦੈਂਤਾਂ ਦਾ ਖ਼ੂਨ ਪੀਣ ਲੱਗੀ, ਜਿਸ ਨੇ ਦੈਂਤਾਂ ਨੂੰ ਖਪਾਉਣਾ ਕੀਤਾ। ਸ੍ਰਣਵਤਬੀਜ ਦਾ ਖ਼ੂਨ ਪੀ ਗਈ, ਇੱਕ ਬੂੰਦ ਭੀ ਧਰਤੀ 'ਤੇ ਨਾ ਡਿੱਗਣ ਦਿਤੀ। ਦੇਵੀ ਜੀ ਨੇ ਸ੍ਰਣਵਤਬੀਜ ਦੇ ਸਿਰ 'ਚ ਤੇਗ਼ ਮਾਰ ਕੇ ਸਿਰ ਵੱਢ ਦਿਤਾ। ਯਥਾ:- ਸਿਰਿ ਵਿਚਿ ਤੇਗ ਵਗਾਈ; ਸ੍ਰਣਵਤਬੀਜ ਦੇ॥ ਉਸ ਤੋਂ ਮਗਰੋਂ ਨਸੁੰਭ ਤੇ ਫੇਰ ਸੁੰਭ ਨੂੰ ਭੀ ਮਾਰ ਦਿਤਾ।

ਭਾਈ ਬਚਿੱਤ੍ਰ ਸਿੰਘ ਬਾਬਾ ਉਦੇ ਸਿੰਘ ਬਾਬਾ ਆਲਮ ਸਿੰਘ ਬਾਬਾ ਸੰਤ ਸਿੰਘ ਸਾਹਿਬ ਜੀ ਆਦਿ ਯੋਧਿਆਂ ਦੇ ਬੀਰ-ਰਸੀ ਪ੍ਰਕਾਸ਼ਮਈ ਕਾਰਨਾਮਿਆਂ ਦਾ ਅੰਤ ਨਹੀਂ,ਜਿਹੜੇ ਇਸ ਬਾਣੀ ਦੇ ਕਈ ੨ ਪਾਠ ਨਿਤਾਪ੍ਰਤੀ ਕਰਦੇ ਸਨ।ਸ੍ਰੀ ਦਮਦਮੀ ਟਕਸਾਲ ਤੇ ਹੋਰ ਨਿਹੰਗ ਸਿੰਘ ਜੱਥੇਬੰਦੀਆਂ 'ਚ ਭੀ ਇਸ ਬਾਣੀ ਦਾ ਬਾਰ ੨ ਅਭਿਆਸ ਕਰਦੇ ਹਨ। ਭਲਾ ਜੇ ਕੋਈ ਕਿਸੇ ਹੋਰ ਕਾਰਣ ਕਰਕੇ ਪਾਗਲ ਹੋ ਜਾਵੇ ਤਾਂ ਉਸ ਦਾ ਕਾਰਨ ਇਹ ਬਾਣੀ ਨਹੀਂ ਹੈ।ਸਭਨਾ ਮਰਣਾ ਆਇਆ; ਅਨੁਸਾਰ ਸਭ ਨੇ ਮਰਨਾ ਹੈ, ਸੋ ਬਾਰ ੨ ਇਸ ਬਾਣੀ ਦੇ ਪਾਠ ਕਰਕੇ, ਸ਼ਰਧਾ ਦ੍ਰਿੜਤਾ ਪ੍ਰਾਪਤ ਕੀਤੀ ਜਾਵੇ ਤਾਂ ਮਰਨ ਤੋਂ ਨਿਰਭੈ ਹੋ ਜਾਵੇ। ਕਮਜ਼ੋਰ ਦਿਲ ਗੱਲ ੨ 'ਤੇ ਮਰਿਆ ਰਹਿੰਦਾ ਹੈ। ਸੱਚੇ ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਜਾਣ ਕੇ, ਪ੍ਰੇਮੀ ਅਤਿਅੰਤ ਸ਼ਰਧਾ ਪ੍ਰੇਮ ਨਮਸਕਾਰ ਸਹਿਤ ਬਾਰ ੨ ਅਭਿਆਸ ਕਰਦੇ ਹਨ। ਇੱਕ ਤਾਂ ਸਤਿਗੁਰੂ ਸਾਹਿਬਾਨ ਜੀ ਦੀ ਰਚੀ ਬਾਣੀ ਹੈ, ਦੂਜਾ ਇੱਕ ਜਤ ਸਤ ਵਾਲੀ ਦੇਵੀ ਨੇ ਐਨੀ ਬਹਾਦਰੀ ਦਲੇਰੀ ਨਿਰਭੈਤਾ, ਕਮਾਲ ਦੀ ਬੀਰਤਾ ਨਾਲ ਦੈਂਤਾਂ ਨੂੰ ਨਾਸ ਕਰਕੇ ਜੰਗ ਜਿੱਤਣਾ, ਜਤ ਸਤ ਕਮਾਉਣ ਦਾ ਵੱਡਾ ਅਮੁੱਲ ਗੁਣ ਦ੍ਰਿੜ ਕਰਾਉਂਦਾ ਹੈ। ਵਾਹਿਗੁਰੂ ਗੁਰੂ ਪ੍ਰਮੇਸਰ ਜੀ ਨੇ ਇਹ ਬਾਣੀ ਰੂਪੀ ਬੀਰ-ਰਸੀ ਤੀਰ ਚਲਾ ਕੇ ਆਪਣੇ ਸਿੱਖਾਂ ਦੇ ਦਿਲਾਂ 'ਚ ਗੁਰੂ ਜੀ ਤੋਂ ਕੁਰਬਾਨ ਹੋਣ ਰੂਪ ਛੇਕ ਪਾ ਕੇ ਅਤੀਰਥ ਯੋਧੇ ਬਣਾ ਦਿਤੇ। ਯਥਾ:- ਕਬੀਰ.ਸਤਿਗੁਰ ਸੂਰਮੇ;ਬਾਹਿਆ ਬਾਨੁ ਜੁ ਏਕੁ॥ਲਾਗਤ ਹੀ.ਭੁਇ ਗਿਰਿ ਪਰਿਆ;ਪਰਾ ਕਰੇਜੇ ਛੇਕੁ॥)ਦੁਰਗਾ ਪਾਠ ਬਣਾਇਆ;ਸਭੇ ਪਉੜੀਆਂ॥ ਫੇਰ ਨ ਜੂਨੀ ਆਇਆ;ਜਿਨ ਇਹ ਗਾਇਆ॥ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-

ਦਾਸਨਦਾਸ ਨੇ ਇਸ ਬੀਰ-ਰਸੀ ਵਾਰ 'ਚ ਸਾਰੀਆਂ ਬੀਰ-ਰਸੀ ਪਉੜੀਆਂ ਰਚੀਆਂ ਹਨ। ਜਿਨ੍ਹਾਂ ਨੇ ਇਹ ਬੀਰ-ਰਸੀ ਰਹੱਸ ਨੂੰ ਸ਼ਰਧਾ ਪ੍ਰੇਮ ਇਕਾਗ੍ਰਤਾ ਸਹਿਤ ਚਾਅ ਉਤਸ਼ਾਹ ਨਾਲ ਗਾਇਆ, ਉਹ ਫੇਰ ਚੌਰਾਸੀ ਲੱਖ ਜੂਨਾਂ 'ਚ ਨਹੀਂ ਆਏ।ਕਮਲ਼ੇ ਹੋਣ ਦੀ ਬਜਾਏ ਕਮਲ਼ ਦੂਰ ਹੁੰਦਾ ਹੈ ਜੀ।

੭੫.ਆਵਨਿ ਅਠਤਰੈ ਜਾਨਿ ਸਤਾਨਵੈ;ਹੋਰੁ ਭੀ ਉਠਸੀ ਮਰਦ ਕਾ ਚੇਲਾ॥?ਵੱਡਭਾਗੇ ਸਾਊ ਨੇਕ ਗੁਰਮੁਖਿ ਭਗਤ ਭਾਈ ਲਾਲੋ ਜੀ, ਏਮਨਾਬਾਦ ਗੁਰਦੁਆਰਾ ਰੋੜੀ ਸਾਹਿਬ ਜੀ ਵਿਖੇ, ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਦਰਸ਼ਨ ਕਰਕੇ, ਗੁਰੂ ਸਾਹਿਬ ਜੀ 'ਚ ਲੀਨ ਵਿਸਮਾਦ ਹੋ ਰਹੇ ਸਨ। ਕਾਇਆ ਕਪੜੁ ਟੁਕੁ ਟੁਕੁ ਹੋਸੀ; ਹਿਦੁਸਤਾਨੁ ਸਮਾਲਸੀ ਬੋਲਾ॥ ਆਵਨਿ ਅਠਤਰੈ ਜਾਨਿ ਸਤਾਨਵੈ; ਹੋਰੁ ਭੀ ਉਠਸੀ ਮਰਦ ਕਾ ਚੇਲਾ॥ ਸਚ ਕੀ ਬਾਣੀ ਨਾਨਕੁ ਆਖੈ; ਸਚੁ ਸੁਣਾਇਸੀ ਸਚ ਕੀ ਬੇਲਾ॥ਅਨੁਸਾਰ ਇਹ ਭਵਿਖਤ ਬਚਨ ਭਾਈ ਲਾਲੋ ਜੀ ਨੂੰ ਅਤਿਅੰਤ ਪਿਆਰ ਨਾਲ ਸੰਬੋਧਨ ਕਰਕੇ, (ਖ਼ਾਲਸਾ ਤਾਰੀਖ ਅਨੁਸਾਰ) ੧੫੬੯ ਬਿ: ਨੂੰ ਫ਼ੁਰਮਾਏ, ਜਿਨ੍ਹਾਂ 'ਚ ਪਾਪੀ ਬਾਬਰ ਨੂੰ ਪਾਪ ਦੀ ਜੰਞ ਦਾ ਲਾੜਾ ਭਾਵ ਅਤਿਅੰਤ ਨਿਰਦਈ ਜ਼ਾਲਮ, ਘੋਰ ਭਿਆਨਕ ਜ਼ੁਲਮ ਕਰਨ ਵਾਲਾ ਕਿਹਾ ਹੈ। ਸ਼ਰਮ ਧਰਮ ਦਾ ਡੇਰਾ

ਦੂਰ ਕਰਕੇ, ਪੰਡਤਾਂ ਕਾਜ਼ੀਆਂ ਦੀ ਮਰਯਾਦਾ ਭੰਗ ਕਰਕੇ, ਹਿੰਦਵਾਣੀਆਂ ਮੁਸਲਮਾਨੀਆਂ,ਨੀਚ ਜਾਤੀ ਵਾਲੀਆਂ ਦੀ (ਜੋਰੀ) ਜ਼ਬਰਦਸਤੀ ਪਤਿ ਲੁੱਟਣਗੇ ਤੇ ਧਨ ਦਾ (ਦਾਨੁ) ਡੰਨ ਮੰਗਣਗੇ। ਫੜ ਲਉ, ਵੱਢ ਕੇ ਡੱਕਰੇ ਕਰ ਦਿਉ, ਸਾੜ ਦਿਉ ਆਦਿ ਸਖ਼ਤ ਹੁਕਮ ਕਰਨ ਰੂਪ ਖ਼ੂਨ ਦੇ ਸੋਹਿਲੇ ਗਾਉਣਗੇ। ਲਹੂ ਮਿੱਝ ਦੀ ਘਾਣੀ 'ਚ, ਲੋਥਾਂ ਲਹੂ ਨਾਲ ਲੇਥੂ ਪੇਥੂ ਹੋ ਜਾਣਗੀਆਂ। ਸਾਰੇ ਖ਼ੂਨ ਨਾਲ ਲਿੱਬੜ ਕੇ ਭਿਆਨਕ ਹੋ ਜਾਣਗੇ, ਇਹ ਰੱਤ ਦਾ ਕੇਸਰ ਪਾਉਣਗੇ। ਐਸਾ ਘੋਰ ਪਾਪੀ ਬਾਬਰ ਜ਼ਾਬਰ ਕਾਬਲ ਤੋਂ ਏਮਨਾਬਾਦ 'ਤੇ (ਧਾਇਆ) ਧਾਵਾ ਕਰੇਗਾ। ਯਥਾ:- ਆਵਨਿ ਅਠਤਰੈ ਜਾਨਿ ਸਤਾਨਵੈ; ਹੋਰੁ ਭੀ ਉਠਸੀ ਮਰਦ ਕਾ ਚੇਲਾ॥ ੧੫੭੮ ਬਿ: 'ਚ ਮੁਗਲ (ਆਵਨਿ) ਆਉਣਗੇ, ਬਾਬਰ ੧੫੮੮ ਬਿ: ਨੂੰ ਆਗਰੇ ਮਰਿਆ, ਹਮਾਯੂੰ ਰਾਜ ਗੱਦੀ 'ਤੇ ਬੈਠਾ। ੧੫੯੭ ਚ, ਜੌਨਪੁਰੀਏ ਪਠਾਣ ਸ਼ੇਰਸ਼ਾਹ ਸੂਰੀ ਨੇ, ਜੰਗ ਕਰਕੇ ਹਮਾਯੂੰ ਨੂੰ ਭਜਾ ਕੇ ਰਾਜ ਖੋਹਿਆ, ਜਿਸ ਕਰਕੇ ੧੫੯੭ 'ਚ ਇੱਕ ਵਾਰ ਮੁਗਲ ਚਲੇ ਗਏ, ਪਰ ਫੇਰ ੧੬੧੩ ਬਿ: ਨੂੰ, ਹਮਾਯੂੰ ਨੇ ਸਿਕੰਦਰਸ਼ਾਹ ਸੂਰੀ ਪਾਸੋਂ ਦਿੱਲੀ ਖੋਹੀ। ਦੁਬਾਰਾ ਈਰਾਨੀ ਨਾਦਰਸ਼ਾਹ ਨੇ, ੧੭੯੭ 'ਚ ਮੁਗਲ ਮੁਹੰਮਦਸ਼ਾਹ ਤੋਂ ਰਾਜ ਖੋਹਿਆ, ਭਾਵ ਮੁਗਲ ਰਾਜ ਖ਼ਤਮ ਹੋ ਗਿਆ ਅਤੇ ੧੭੯੭ 'ਚ ਪਰਮਪੂਜਨੀਕ ਬਾਬੇ ਬਘੇਲ ਸਿੰਘ ਜੀ ਨੇ ਭੀ ਦਿੱਲੀ ਮਾਰੀ, ਦਿੱਲੀ ਦੇ ਸਮੂੰਹ ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਕੀਤੀ। ੨੧੯ ਸਾਲ ਪਿੱਛੋਂ ੧੭੯੭ ਸੰਮਤ 'ਚ ਮੁਗਲ ਚਲੇ ਗਏ। ਜਿਵੇਂ ਦੂਜੀ ਤੁਕ, ਪਾਪ ਕੀ ਜੰਞ ਲੈ ਕਾਬਲਹੁ ਧਾਇਆ;ਬਾਬਰ ਬਾਰੇ ਹੈ, ਤਿਵੇਂ ਬਾਰਵੀਂ ਤੁਕ ਆਵਨਿ ਅਠਤਰੈ ਭੀ ਇਸੇ ਬਾਰੇ ਹੀ ਹੈ ਜੀ। ਗੁਰਸ਼ਬਦ 'ਚ ਕੇਵਲ ੭੮, ੯੭ ਹੈ। ਇਸ ਨਾਲ ਕੇਵਲ ੧੫੭੮-੧੫੯੭ ਜੁੜਦੇ ਹਨ, ਹੋਰ ਉੱਪਰੋਂ ੧੬੭੮, ੧੬੯੭ ਨਹੀਂ ਕਲਪਣੇ ਚਾਹੀਦੇ ਜੀ। ਸ਼ਬਦ 'ਚ ਸੰਮਤ ਬਾਰੇ ਕਿਹਾ ਹੈ ਪਰ ਸੰਨ ੧੯੯੭ ਜਾਂ ੨੦੯੭ ਆਦਿ ਜੇ ਕੋਈ ਗੜਬੜ ਹੋਵੇ ਜਾਂ ਨਾ ਹੋਵੇ,
ਉਸ ਦਾ ਇਸ ਸ਼ਬਦ ਨਾਲ ਕੋਈ ਭੀ ਸਬੰਧ ਨਹੀਂ। ਇਹ ਗ਼ਲਤ ਪ੍ਰਚਾਰ ਖ਼ਤਰਨਾਕ ਹੈ, ਬਈ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਆਉਣ ਵਾਲੇ ਹਰੇਕ ਅਠੱਤਰ ਸਤਾਨਵੇਂ 'ਚ ਗੜਬੜ ਬਾਰੇ ਕਿਹਾ ਹੈ, ਇਸ ਨਿਸ਼ਚੇ ਵਾਲੇ ਜੰਗ ਦੀ ਤਿਆਰੀ ਕਰਨਗੇ, ਆਪੋ ਵਿੱਚੀਂ ਮੁਲਕਾਂ, ਸੂਬਿਆਂ, ਮਜ਼ਹਬਾਂ ਦਾ ਝਗੜਾ, ਜਾਤੀ ਨਫ਼ਰਤ ਬਹੁਤ ਹੈ, ਜਿਸ ਕਰਕੇ ਆਉਣ ਵਾਲੇ ਹਰੇਕ ੭੮,੯੭ 'ਚ ਅੱਗ ਭੜਕਦੀ ਰਹੇਗੀ। ਗੁਰਸ਼ਬਦ ਜੀ ਦੇ ਗ਼ਲਤ ਅਰਥ ਕਰਕੇ, ਜਾਣ ਬੁੱਝ ਕੇ ਭੜਕਾਊ ਪ੍ਰਚਾਰ ਕਰਨਾ ਵੱਡਾ ਭਾਰੀ ਖ਼ਤਰਨਾਕ ਪਾਪ ਹੈ।

ਸਤਿਗੁਰੂ ਸੱਚੇ ਪਾਤਿਸਾਹ ਜੀ ਕੋਟਾਨ ਕੋਟਿ ਖੰਡਾਂ ਬ੍ਰਹਮੰਡਾਂ ਦੇ ਮਾਲਕ ਹਨ,ਹੁਣ ਆਪ ਜੀ ਅਸੰਖ ਬ੍ਰਹਮੰਡਾਂ ਦੀ ਉਤਪਤੀ ਪਾਲਣਾ ਲੈਤਾ ਕਰਦਿਆਂ ਨਿਰਲੇਪ ਸ੍ਰਬ ਵਿਆਪਕ ਸ੍ਰਬ ਪ੍ਰਕਾਸ਼ਕ ਹੋ ਰਹੇ ਹਨ।ਯਥਾ:-ਓਪਤਿ ਪਰਲਉ;ਖਿਨ ਮਹਿ ਕਰਤਾ॥ਆਪਿ ਅਲੇਪਾ;ਨਿਰਗੁਨੁ ਰਹਤਾ॥ਕਰਤਾ ਪੁਰਖ ਜੀ ਦੇ ਸੱਚੇ ਅਵਤਾਰ ਨੇ ਇਹ ਭਵਿੱਖ ਵਾਕ,ਨਿਰਯਤਨ ਸਹਿਜੇ ਹੀ ਉਚਾਰੇ ਹਨ,ਜੋ ਸੱਚੇ ਹੋ ਚੁੱਕੇ ਹਨ।ਸੋ ਗੁਰਸ਼ਬਦ 'ਚ ਮੁਗਲਾਂ ਦੇ ਆਉਣ ਜਾਣ ਬਾਰੇ ਸੰਮਤ ਹਨ।;ਹੋਰੁ ਭੀ ਉਠਸੀ ਮਰਦ ਕਾ

ਚੇਲਾ॥(ਮਰਦ)ਬਹਾਦਰ,ਸੂਰਾ,ਅਕਾਲ ਪੁਰਖ ਜੀ ਨੂੰ ਹੀ ਕਿਹਾ ਹੈ।ਯਥਾ:-ਸੂਰਨ ਮਹਿ ਸੂਰਾ ਤੂੰ ਕਹੀਅਹਿ;ਸੋ ਮਰਦ ਵਾਹਿਗੁਰੂ ਜੀ ਦਾ ਚੇਲਾ ਉਹ ਹੈ,ਜੋ ਜ਼ੁਲਮ ਦਾ ਨਾਸ ਕਰਕੇ ਧਰਮ ਦਾ ਪ੍ਰਕਾਸ਼ ਕਰੇ।ਇਸ ਲਈ ਸ਼ੇਰਸ਼ਾਹ ਸੂਰੀ ਨੂੰ ਮਰਦ ਦਾ ਚੇਲਾ ਨਹੀਂ ਕਿਹਾ।ਹੋਰੁ ਭੀ;ਤੋਂ ਭਾਵ ਕਿ ਬਹਾਦਰ ਮਰਦ ਵਾਹਿਗੁਰੂ ਜੀ ਦੇ ਚੇਲੇ ਸਤਿਗੁਰੂ ਦੂਜੇ ਪਾਤਿਸਾਹ ਜੀ ਭੀ ਉੱਠਣਗੇ।ਹੁਣ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾ ਰਹੇ ਹਨ:-ਮਰਦ ਪਹਿਲੇ ਪਾਤਿਸਾਹ ਜੀ,ਚੇਲੇ ਦੂਜੇ ਪਾਤਿਸਾਹ ਜੀ,ਮਰਦ ਦੂਜੇ ਪਾਤਿਸਾਹ ਜੀ,ਚੇਲੇ ਤੀਜੇ ਪਾਤਿਸਾਹ ਜੀ,ਇਉਂ ਦਸੇ ਪਾਤਿਸ਼ਾਹਾਂ ਜੀ ਵੱਲ ਲਾਉਣਾ।ਭਾਵੇਂ ਮੁਗਲਾਂ ਦੇ ਜ਼ੁਲਮ,ਦੁੱਖ ਭੁੱਖ ਮਾਰ ਕਰਕੇ ਗ਼ੀਬ ਪ੍ਰਜਾ ਅਤਿਅੰਤ ਦੁਖੀ ਮਰਿਆਂ ਸਮਾਨ ਸਹਿਮ ਜਾਵੇਗੀ,ਪਰ ਫੇਰ ਭੀ ਮਰਦ ਅਕਾਲ ਪੁਰਖ ਜੀ ਦੇ ਚੇਲੇ ਦਸੇ ਪਾਤਿਸਾਹ ਜੀ,ਇੱਕ ਰਸ ਰਾਤ ਦਿਨੇ ਕੁਰਬਾਨੀਆਂ ਕਰਨਗੇ,ਦੁਖੀਆਂ ਨੂੰ ਨਾਮ ਜਪਾ ਕੇ ਸੂਰਬੀਰ ਬਹਾਦਰ ਯੋਧੇ ਬ੍ਰਹਮਗਿਆਨੀ ਸਗਲ ਕੀ ਰੀਨਾ॥ਬਣਾ ਦੇਣਗੇ।ਮਰਦ ਦੇ ਚੇਲੇ ਸਤਿਗੁਰੂ ਸਾਹਿਬਾਨ ਜੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚਣਗੇ।ਮਰਦ ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਦੇ ਚੇਲੇ ਛੇਵੇਂ ਪਾਤਿਸਾਹ ਜੀ ਧਰਮ ਯੁੱਧ ਜਿੱਤਣਗੇ।(ਮਰਦ)ਨੌਂਵੇ ਪਾਤਿਸਾਹ ਜੀ ਦੇ ਚੇਲੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਸ੍ਰਵੰਸ ਕੁਰਬਾਨ ਕਰਨਗੇ।ਵਹ ਪ੍ਰਗਟਿਓ ਮਰਦ ਅਗੰਮੜਾ;ਵਰੀਆਮ ਇਕੇਲਾ।ਅਨੁਸਾਰ ਸੱਜਣ ਸੂਰੇ ਸਰਵੰਸ ਦਾਨੀ(ਮਰਦ)ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦਾ ਚੇਲਾ,ਖ਼ਾਲਸਾ ਪੰਥ ਜੀ,ਸਦਾ ਲਈ ਧਰਮ ਹਿਤ ਉੱਠਦਾ ਭਾਵ ਕੁਰਬਾਨ ਹੁੰਦਾ ਰਹੇਗਾ।ਜਿਵੇਂ ਸ਼ੇਰ ਬਹਾਦਰ ਬਾਬਾ ਬੰਦਾ ਸਿੰਘ ਸਾਹਿਬ ਜੀ ਨੇ,ਸੰਤ ਦੋਖੀ ਅਹੰਕਾਰੀ ਵਜੀਦੇ ਨੂੰ ਮਾਰਨਾ,ਜ਼ਾਲਮ ਹਾਕਮਾਂ ਨੂੰ ਡੰਨ ਦੇਣਾ।

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਸਤਲੁਜ ਤੋਂ ਪੇਸ਼ਾਵਰ ਅਤੇ ਤਿੱਬਤ ਦੀ ਹੱਦ ਤੋਂ ਸਿੰਧ ਦੀ ਹੱਦ ਤੱਕ ਰਾਜ ਕਾਇਮ ਕਰਕੇ, ਗੁਰੂ ਨਾਨਕ ਸ਼ਾਹੀ ਸਿੱਕਾ ਚਲਾ ਦੇਣਾ,ਜਿਸ ’ਤੇ ਆਪਣਾ ਨਾਮ ਭੀ ਨ ਲਿਖਣਾ।ਦਿੱਲੀ ਦੇ ਗੁਰਦੁਆਰਿਆਂ ਦੇ ਪੁਜਾਰੀ ਆਪ ਜੀ ਪਾਸ ਲਹੌਰ ਪਹੁੰਚੇ,ਆਪ ਜੀ ਨੇ ਭਰੇ ਦਰਬਾਰ ’ਚ ਆਪਣੇ ਦਾੜ੍ਹੇ ਨਾਲ ਉਨ੍ਹਾਂ ਦੇ ਚਰਨ ਝਾੜ੍ਹੇ।ਸੋ ਸਰਵੰਸ ਦਾਨੀ ਮਰਦ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਚੇਲੇ, ਖ਼ਾਲਸਾ ਪੰਥ ਜੀ ਨੇ ਦੁੱਖ ਭੁੱਖ ਮਾਰਾਂ ਸਹਾਰ ਕੇ ਸਿਰ ਵਾਰ ਕੇ, ਦੇਸ਼ ’ਚ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਦਿਤੇ। ਪਰਮਪੂਜਨੀਕ ਇਸ ਸ਼ਬਦ ’ਚ ਆਏ ਸੰਮਤ ਬਾਬਰ ਬਾਰੇ ਹੀ ਸਹੀ ਹਨ ਜੀ। ਜਿਉ ਜਿਉ ਤੇਰਾ ਹੁਕਮੁ;ਤਿਵੈ ਤਿਉ ਹੋਵਣਾ॥ਅਨੁਸਾਰ ਹੁਕਮ ਮੰਨ ਕੇ, ਅਨੁਸਾਰੀ ਹੋ ਕੇ ਚੱਲੀਏ ਭਾਵ ਬਾਦ ਬਿਬਾਦ ਤਿਆਗੀਏ ਜੀ।

੭੬. ਪਰਮਪੂਜਨੀਕ ਪੂਰਨ ਧਰਮੀ ਸੂਰਬੀਰ ਨਿਰਭੈ ਯੋਧੋ ਬਾਬੇ ਮਹਾਂ ਸਿੰਘ ਸਾਹਿਬ ਜੀ ਨੇ

ਬਿਦਾਵਾ ਦਿਤਾ?ਨਹੀਂ ਸਗੋਂ ਪੜਵਾਇਆ ਹੈ:- ੧੭੬੧ ਬਿ: ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਧਰਮ ਯੁੱਧ ਸਮੇਂ, ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਲੰਗਰ 'ਚ ਚਰਨ ਪਾਏ। ਲਾਂਗਰੀ ਜੱਥੇਦਾਰ ਜੀ ਨੇ ਪੂਰਨ ਅਦਬ ਪ੍ਰੇਮ ਸਹਿਤ ਪ੍ਰੇਮ ਬੇਨਤੀ ਕੀਤੀ, "ਹੇ ਸੱਚੇ ਪਾਤਿਸਾਹ ਜੀ! ਲੰਗਰ ਮਸਤਾਨੇ ਹਨ, ਆਹ ਵੇਖੋ ਜੀ! ਭੁੱਖ ਦੇ ਸਤਾਏ ਸਿੰਘ ਬ੍ਰਿਛਾਂ ਦੀਆਂ ਛਿੱਲਾਂ ਰਗੜ ਕੇ ਪੀਂਦੇ ਹਨ।" ਸੱਚੇ ਸਤਿਗੁਰੂ ਸਾਹਿਬ ਕਿਹਾ, "ਭਾਈ! ਸਿੰਘਾਂ ਨੂੰ ਸੰਤੋਖ ਰੱਖਣਾ ਚਾਹੀਦਾ ਹੈ, ਇਸ ਕੌੜੀ ਛਿੱਲ ਦੇ ਪੀਣੇ ਕਰਕੇ ਰੋਗ ਲੱਗਦਾ ਹੈ।" ਫੇਰ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਤਬੇਲੇ 'ਚ ਚਰਨ ਪਾਏ, ਭੁੱਖ ਕਰਕੇ ਬਹੁਤ ਡੰਗਰ ਚੜ੍ਹਾਈ ਕਰ ਗਏ, ਬਚੇ ਹੱਡੀਆਂ ਦੀ ਮੁੱਠ ਭੁੱਖੇ ਰੋ ਰਹੇ ਸਨ। ਸੱਚੇ ਪਾਤਿਸਾਹ ਜੀ ਦੇ ਜਾਣ ਤੋਂ ਘੋੜੇ ਪੌੜ ਧਰਤੀ 'ਤੇ ਮਾਰ ਕੇ ਹਿਣਕੇ ਖ਼ੁਰਾਕ ਮੰਗੀ। ਮੁਖੀ ਸੇਵਾਦਾਰ ਜੀ ਨੇ ਦੋਵੇਂ ਹੱਥ ਜੋੜ ਕੇ ਪ੍ਰੇਮ ਬੇਨਤੀ ਕੀਤੀ, "ਹੇ ਗ੍ਰੀਬ ਨਿਵਾਜ ਸੱਚੇ ਪਾਤਿਸਾਹ ਜੀਓ! ਜਾਂ ਤਾਂ ਇਨ੍ਹਾਂ ਦੀ ਮੁਕਤੀ ਕਰੋ, ਜਾਂ ਇਨ੍ਹਾਂ ਨੂੰ ਖੁਲ੍ਹਾ ਚਾਰਾ ਬਖ਼ਸ਼ੋ ਜੀ।" ਸੱਚੇ ਸਤਿਗੁਰੂ ਸਾਹਿਬ ਕਿਹਾ, "ਪ੍ਰੇਮੀਆਂ, ਤੇਰਾ ਕੀਆ; ਮੀਠਾ ਲਾਗੈ॥ ਦਾ ਅਭਿਆਸ ਕਰੋ, ਭਾਣਾ ਮੰਨੋ, ਵਾਹਿਗੁਰੂ ਅਕਾਲ ਪੁਰਖੁ ਜੀ ਇਨ੍ਹਾਂ ਸਾਰਿਆਂ ਦੀ ਕਲਿਆਣ ਕਰਨਗੇ। ਭੁੱਖ ਕਰਕੇ ਸਾਰਿਆਂ ਨੂੰ ਅਤੀ ਦੁਖੀ ਦੇਖ ਕੇ, ਫੇਰ ਮਾਤਾ ਗੁਜਰੀ ਕੌਰ ਜੀ ਨੇ ਆਪਣੇ ਲਾਡਲੇ ਲਾਲ ਜੀ ਨੂੰ ਕਿਹਾ, "ਅਸੀਂ ਹੁਣ ਕਿਲੇ 'ਚ ਨਹੀਂ ਰਹਿਣਾ, ਤੂੰ ਮੇਰਾ ਪੁੱਤ ਨਹੀਂ, ਮੈਂ ਤੇਰੀ ਮਾਂ ਨਹੀਂ, ਜੇ ਤੂੰ ਸਿੰਘਾਂ ਨੂੰ ਲੜਾਉਂਦਾ ਮਰਵਾਉਂਦਾ ਹੈਂ, ਤਾਂ ਇਨ੍ਹਾਂ ਨੂੰ ਰੱਜਵਾਂ ਪਦਾਰਥ ਭੀ ਦੇ।" ਪਰਮਪੂਜਨੀਕ ਸੱਚੇ ਗੁਰਾਂ ਕਿਹਾ, "ਮਾਤਾ ਜੀ! ਕੀ ਤੁਸੀਂ ਮੈਨੂੰ ਜ਼ਹਿਰ ਦੇਵੋਂਗੇ? ਭਾਵ ਪੂਜਾ ਦਾ ਧਾਨ ਜ਼ਹਿਰ ਹੈ, ਇਨ੍ਹਾਂ ਨੂੰ ਕਸੌਟੀ 'ਤੇ ਲਾ ਕੇ ਪਰਖਦਾ ਹਾਂ, ਕ੍ਰੋੜਾਂ ਜੁੱਗ ਤਪ ਕਰਨ ਨਾਲ ਜਿਹੜੀ ਇਕਾਗ੍ਰਤਾ ਮੁਕਤੀ ਨਹੀਂ ਸੀ ਮਿਲਦੀ, ਉਹ ਇਨ੍ਹਾਂ ਨੂੰ ਪ੍ਰਾਪਤ ਹੈ।" ਸਾਢੇ ਸੱਤ ਮਹੀਨੇ ਭੁੱਖੇ ਰਹਿ ਕੇ ਵੈਰੀ ਨਾਲ ਲੜਨਾ, ਸ੍ਰੀਰ 'ਤੇ ਫੱਟ ਸਹਾਰਨੇ, ਐਸੇ ਕਸ਼ਟਾਂ ਦੇ ਸਮੇਂ, ਮਾਝੇ ਦੇ ਸਿੰਘਾਂ ਨੇ ਸੱਚੇ ਸਤਿਗੁਰੂ ਸਾਹਿਬ ਨੂੰ ਬਿਦਾਵਾ ਲਿਖ ਦਿਤਾ,

"ਅਸੀਂ ਤੁਹਾਡੇ ਸਿੱਖ ਨਹੀਂ ਹਾਂ।" ਸ੍ਰੀ ਗੁਰੂ ਸਾਹਿਬ ਜੀ, ਸਿੱਖਾਂ ਦੇ ਸ਼ਹੀਦ ਹੋਣ ਤੋਂ ਉਦਾਸ ਨਹੀਂ ਹੁੰਦੇ ਸਨ, ਪਰ ਬਿਦਾਵਾ ਦੇਣ ਤੋਂ ਉਦਾਸ ਹੋ ਗਏ। ਜਿਵੇਂ ਪੁੱਤ ਨਲਾਇਕ ਹੋਵੇ, ਤਾਂ ਮਾਤਾ ਪਿਤਾ ਜੀ ਉਦਾਸ ਹੋ ਜਾਂਦੇ ਹਨ। ੧੭੬੧ 'ਚ ਵੱਡੇ ਜੰਗ ਸਮੇਂ, ਬਿਦਾਵਾ ਦੇਣ ਵਾਲਿਆਂ 'ਚ ਬਾਬਾ ਮਹਾਂ ਸਿੰਘ ਜੀ ਨਹੀਂ ਸਨ। ਸੱਚੇ ਸਤਿਗੁਰੂ ਸਾਹਿਬ ਜੀ ਦੀ ਜਿੰਦ ਜਾਨ, ਪੂਰਨ ਪ੍ਰੇਮੀ ਲਾਡਲੇ ਗੁਰਮੁਖਿ ਪੰਜ ਪਿਆਰੇ ਪੰਜ ਮੁਕਤੇ ਚਾਰ ਸਾਹਿਬਜ਼ਾਦੇ, ਬਾਬਾ ਆਲਮ ਸਿੰਘ ਜੀ ਭਾਈ ਉਦੇ ਸਿੰਘ ਜੀ ਭਾਈ ਬਚਿੱਤ੍ਰ ਸਿੰਘ ਜੀ ਭਾਈ ਸੰਤ ਸਿੰਘ ਜੀ ਭਾਈ ਸੰਗਤ ਸਿੰਘ ਜੀ ਬਾਬਾ ਮਦਨ ਸਿੰਘ ਜੀ ਭਾਈ ਕੋਠਾ ਸਿੰਘ ਸਾਹਿਬ ਜੀ ਆਦਿ ਸਿੰਘ ਬੇਅੰਤ ਦੁੱਖ ਭੁੱਖ ਮਾਰ ਕਸ਼ਟ ਸ੍ਰੀਰਕ ਫੱਟ ਸਹਾਰ ਕੇ ਭੀ ਸੱਚੇ ਪਾਤਿਸਾਹ ਜੀ ਦੇ ਸਨਮੁੱਖ ਰਹੇ।ਐਨੀ ਕਰੜੀ ਕਸ਼ਟਾਂ ਦੁੱਖਾਂ ਭਰੀ ਕਹਾਣੀ ਸੀ,ਭੁੱਖੇ ਰਹਿ ਕੇ ਦੁਸ਼ਮਣ ਨਾਲ ਲੜਨਾ,ਸਾਬਰੁ ਸਿਦਕਿ

ਸਹੀਦੁ;ਭਰਮ ਭਉ ਖੋਵਣਾ।(ਵਾਰ.੩)ਵਾਲੀ ਉੱਚ ਕਰਣੀ ਕੀਤੀ। ਇਨ੍ਹਾਂ ਗੁਰਮੁਖਾਂ ਪਰਉਪਕਾਰੀ ਸ਼ਹੀਦਾਂ ਨੇ ਸੱਚੇ ਸਤਿਗੁਰੂ ਸਾਹਿਬ ਜੀ ਨਾਲ ਅਥਾਹ ਪ੍ਰੇਮ ਕੀਤਾ ਤੇ ਹਿੱਕ ਥਾਪੜ ਕੇ ਕਿਹਾ, "ਸੱਚੇ ਸਤਿਗੁਰੂ ਸਾਹਿਬ ਜੀ ਜੇ ਕਹਿਣਗੇ ਕਿਲੇ 'ਚ ਰਹਿ ਕੇ ਹੀ ਸ਼ਹੀਦੀ ਦੇਣੀ ਹੈ, ਤਾਂ ਇੱਥੇ ਹੀ ਦੇਵਾਂਗੇ, ਜੇ ਹੁਕਮ ਕਰਨਗੇ ਕਿਲੇ ਚੋਂ ਬਾਹਰ ਜਾ ਕੇ ਸ਼ਹੀਦ ਹੋ ਜਾਵੋ, ਤਾਂ ਭੀ ਸ਼ਹੀਦੀ ਪਾਵਾਂਗੇ।" ਧੰਨ ਸੱਚੇ ਪਾਤਿਸਾਹ ਜੀ, ਧੰਨ ਹੈ ਆਪ ਜੀ ਦੀ ਕਮਾਈ, ਧੰਨ ਸਿੱਖ ਸਿੱਖਣੀਆਂ, ਸਖ਼ਤ ਕਸੌਟੀ ਸਹਾਰੀ, ਭੁੱਖੇ ਰਹਿ ਕੇ ਅੰਗ ੨ ਕਟਵਾਏ। ਇਨ੍ਹਾਂ ਸ਼ਹੀਦਾਂ ਨੇ ਬੜੀ ਕਰੜੀ ਕਸੌਟੀ ਸਹਾਰ ਕੇ ਸਿੱਖੀ ਦਾ ਬੀਜ ਰੱਖ ਲਿਆ। ਸੋ ਇਨ੍ਹਾਂ ਗੁਰਮੁਖਾਂ ਮਹਾਂਪੁਰਸ਼ਾਂ ਨੇ, ਸ੍ਰੀ ਅਨੰਦਗੜ੍ਹ ਸਾਹਿਬ ਕਿਲੇ 'ਚ ਪੂਰਨ ਸਿਦਕ ਭਰੋਸੇ ਗੁਰੂ ਪ੍ਰੇਮ 'ਚ ਲੀਨ, ਸੱਚੇ ਸਤਿਗੁਰੂ ਸਾਹਿਬ ਜੀ ਤੋਂ ਦ੍ਰਿੜਤਾ ਸਹਿਤ ਕੁਰਬਾਨ ਹੋਣ ਦੇ ਜੋ ਬੀਰਤਾ ਭਰੇ ਬਚਨ ਕਹੇ, ਉਹ ਸਹੀ ੨ ਸ੍ਰੀ ਚਮਕੌਰ ਸਾਹਿਬ ਜੀ ਵਿਖੇ, ਵੈਰੀ ਦਾ ਪੁਰਜਾ ੨ ਕੱਟ ਕੇ, ਸ਼ਹੀਦ ਹੋ ਕੇ ਕਮਾਏ।

ਖ਼ਾਲਸਾ ਪੰਥ ਜੀ ਨੂੰ ਸ਼ੁੱਧ ਰੱਖਣ,ਖ਼ਰਾ ਉੱਚਾ ਲਿਜਾਣ ਲਈ, ਗੁਰੂ ਜੀ ਤੋਂ ਅੰਗ ੨ ਕਟਾਉਣ ਦਾ ਜ਼ਜ਼ਬਾ ਭਰਨ ਲਈ, ਪੂਜਾ ਦੇ ਧਾਨ 'ਚ ਗਲ਼ਦਿਆਂ ਨੂੰ ਉਬਾਰਨ ਲਈ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਅਤੇ ਸਤਿਗੁਰੂ ਸਾਹਿਬ ਦੇ ਪਿਆਰਿਆਂ ਦੇ ਇਹ ਉੱਚੇ ਸੁੱਚੇ ਕਾਰਨਾਮੇ ਹਨ ਜੀ।

ਦੁਨੀਚੰਦ ਆਪਣੇ ਸੇਵਕ ਮਸੰਦਾਂ ਨੂੰ ਨਾਲ ਲੈ ਕੇ, ਪਹਾੜੀਆਂ ਨਾਲ ਹੋਏ ਵੱਡੇ ਜੰਗ ਤੋਂ ਪਹਿਲੇ ਜੰਗ ਚੋਂ ਨੱਠਿਆ ਸੀ, ਪਹਿਲੇ ਜੰਗ 'ਚ ਹੀ ਭਾਈ ਬਚਿੱਤ੍ਰ ਸਿੰਘ ਸਾਹਿਬ ਜੀ ਨੇ ਮਸਤ ਹਾਥੀ ਦੀਆਂ ਤਵੀਆਂ ਵਿੰਨ੍ਹੀਆਂ ਸਨ, ਸ਼ਹੀਦ ਬਾਬਾ ਉਦੇ ਸਿੰਘ ਸਾਹਿਬ ਜੀ ਨੇ ਹੰਕਾਰੀ ਕੇਸਰੀਚੰਦ ਦਾ ਸਿਰ ਵੱਢਿਆ ਸੀ। ਸੱਚੇ ਸਤਿਗੁਰੂ ਸਾਹਿਬ ਜੀ ਨੇ ੧੭੬੨ ਬਿ: ੨੪ ਜੇਠ ਨੂੰ ਸ੍ਰੀ ਮੁਕਤਸਰ ਸਾਹਿਬ ਜੀ ਦਾ ਧਰਮਯੁੱਧ ਜਿੱਤਿਆ, ਇਸ ਧਰਮਯੁੱਧ ਤੋਂ ਪਹਿਲਾਂ ਮਾਝੇ ਦੀਆਂ ਪੰਚਾਇਤਾਂ, ਸੱਚੇ ਸਤਿਗੁਰੂ ਸਾਹਿਬ ਜੀ ਨੂੰ ਰਾਮੇਆਣੇ ਮਿਲੀਆਂ ਤੇ ਲਿੱਸੇ ਬਚਨ ਕਹੇ, "ਸਾਥੋਂ ਨਿੱਤ ਨਹੀਂ ਲੜਿਆ ਜਾਂਦਾ, ਅਸੀਂ 'ਚ ਪੈ ਕੇ ਪਾਪੀ ਔਰੰਗੇ ਨਾਲ ਮੇਲ ਕਰਵਾ ਦਿੰਦੇ ਹਾਂ।"

ਇਹ ਸੁਣਦਿਆਂ ਹੀ ਸੱਚੇ ਪਾਤਿਸਾਹ ਜੀ ਦਾ ਨਿਰੰਕਾਰੀ ਚਿਹਰਾ ਲਾਲੋ ਲਾਲ ਹੋ ਗਿਆ, ਭਾਰੀ ਬੀਰ-ਰਸ ਧਾਰ ਕੇ ਬੱਦਲ ਵਾਂਗ ਗਰਜ ਕੇ ਬੋਲੇ, "ਜਦੋਂ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਅਤੇ ਨੌਵੇਂ ਪਾਤਿਸਾਹ ਜੀ ਨੇ ਸ਼ਹੀਦੀ ਦਿਤੀ ਸੀ, ਤਦੋਂ ਤੁਹਾਡੇ ਵਡੇਰੇ ਕਿੱਥੇ ਸਨ? ਸ਼ਹੀਦੀਆਂ ਤੋਂ ਪਹਿਲਾਂ ਮੇਲ ਕਰਾਉਂਦੇ। ਸਾਢੇ ਸੱਤ ਮਹੀਨੇ ਅਨੰਦਗੜ੍ਹ ਕਿਲੇ ਨੂੰ ਘੇਰਾ ਰਿਹਾ,ਚਮਕੌਰ ਗੜ੍ਹੀ ਦਾ ਧਰਮ ਯੁੱਧ ਹੋਇਆ,ਅਣਗਿਣਤ ਸੂਰਵੀਰ ਸਿੰਘ ਸਿੰਘਣੀਆਂ, ਮਾਤਾ ਜੀ, ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ, ਤਦੋਂ ਤੁਸੀਂ ਕਿੱਥੇ ਗਏ ਸੀ? ਤੁਹਾਡੇ ਜੈਸੇ ਕਾਇਰ ਖ਼ੁਦਗਰਜਾਂ ਦੀ ਲੋੜ ਨਹੀਂ,ਤੁਸੀਂ ਉਲਟ ਕੇ ਉਪਦੇਸ਼ ਦਿੰਦੇ ਹੋਂ, ਪਹਿਲਾਂ ਅਨੰਦਪੁਰ ਸਾਹਿਬ ਜੀ ਤੋਂ ਬਿਦਾਵਾ ਦੇ ਕੇ ਭੱਜ ਆਏ ਹੋਂ।"ਹਮ ਕੋ ਚਾਹ ਨਹੀਂ ਤੁਮ ਕੇਰੀ॥ਪੂਰਬ ਭਾਜ ਗਏ [1]ਬਿਨ

[2]ਹੇਰੀ॥ਗਏ ਸੁ ਗਏ ਰਹੋ ਸਭਿ ਭਾਗੇ॥ ਅਬਿ ਕੋ ਤੁਮੈਂ ਬੁਲਾਵਨ ਲਾਗੇ॥੪੨॥(ਸ੍ਰੀ ਗੁ:ਪ੍ਰ:ਸੂ:੬੦੨੭)[1]ਬਿਨਾ ਦੇਖੇ ਤੋਂ ਭਾਵ [2]ਚੋਰੀ।ਸੋ ਗੁਰੂ ਪ੍ਰਮੇਸਰ ਜੀ ਦੀ ਕਸੌਟੀ ਨਾ ਸਹਾਰਦਿਆਂ,ਮਾਝੇ ਦੀਆਂ ਪੰਚਾਇਤਾਂ ਨੇ ਪਿੰਡ ਰਾਮੇਆਣੇ ਵਿਖੇ ਦੁਬਾਰਾ ਬਿਦਾਵਾ ਲਿਖ ਦਿਤਾ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਦੁਆਰ 'ਤੇ ਮਰਨ ਵਾਲੇ, ਟੁੱਟੀ ਗੰਢਾਉਣ ਵਾਲੇ, ਗੁਰੂ ਲਈ ਸਿਰ ਧੜ ਦੀ ਬਾਜੀ ਲਾਉਣ ਵਾਲੇ, ਦੇਸ਼ ਦੀ ਸੁੱਤੀ ਅਣਖ ਨੂੰ ਜਗਾਉਣ ਵਾਲੇ, ਗੁਰੂ ੨ ਜਪਣ ਤੇ ਜਪਾਉਣ ਵਾਲੇ, ਗੁਰ ਕਉ; ਕੁਰਬਾਨੁ ਜਾਉ ਹਾਂ॥ਅਨੁਸਾਰ ਸੱਚੇ ਸਤਿਗੁਰੂ ਸਾਹਿਬ ਜੀ ਤੋਂ ਅੰਗ ੨ ਕਟਾਉਣ ਵਾਲੇ ਸਿਰ ਲੱਥ ਯੋਧੇ ਬਾਬੇ ਮਹਾਂ ਸਿੰਘ ਸਾਹਿਬ ਜੀ ਸ਼ਹੀਦ ਅਤੇ ਮਾਤਾ ਭਾਗ ਕੌਰ ਜੀ ਆਦਿਕਾਂ ਨੂੰ ਪਤਾ ਲੱਗਾ ਤਾਂ ਇਨ੍ਹਾਂ ਨੇ ਤਰਕਾਂ ਮਾਰੀਆਂ, ਲਾਹਨਤਾਂ ਦਿਤੀਆਂ, "ਤੁਸੀਂ ਸਾਰੇ ਦੇਸ਼ ਨੂੰ ਲਹੂ ਪਾਕ ਦੀ ਨਦੀ 'ਚ ਡੁਬੋ ਆਏ ਹੋਂ।" ਇਹ ਗੁਰਮੁਖਿ, ਸਤਿਗੁਰੂ ਸਾਹਿਬ ਜੀ ਤੋਂ ਆਪਣੇ ਲਹੂ ਦਾ ਕਤਰਾ ੨ ਕੁਰਬਾਨ ਕਰਨ ਵਾਲੇ ਸਨ। ਹਮੇਸ਼ਾ ਦੋ ਪੱਖ ਹੁੰਦੇ ਹਨ, ਇੱਕ ਸ਼ੇਰ ਕੇਵਲ ਕੁਰਬਾਨੀ ਵਾਲਾ, ਦੂਜਾ ਕੁਰਸੀ ਦਾ ਲਾਲਚੀ ਗਿੱਦੜ ਭੱਜਣ ਵਾਲਾ, ਇੱਕ ਫੱਟ ਲੱਗਣ ਤੋਂ ਸ੍ਰੀਰ ਡਿੱਗ ਪੈਂਦਾ ਹੈ, ਪਰ ਬਾਬੇ ਜੀ ਦੇ ਬੇਅੰਤ ਫੱਟ ਲੱਗੇ ਤਾਂ ਭੀ ਲੜਦੇ ਰਹੇ, ਜਿਨ੍ਹਾਂ ਫੱਟਾਂ ਨੂੰ ਵੇਖ ਕੇ ਸਤਿਗੁਰੂ ਸਾਹਿਬ ਜੀ ਨੇ ਅਤਿ ਵੈਰਾਗ ਕਰਦਿਆਂ, ਹਰਿ ਅੰਮ੍ਰਿਤ ਭਿੰਨੇ ਲੋਇਣਾ;ਚੋਂ ਅਮੋਲਕ ਮੁਤੀਆਂ ਨਾਲੋਂ ਕੀਮਤੀ ਹੰਝੂ ਸੁੱਟੇ। ਸੋ ਨਿਮ੍ਰਤਾ ਪ੍ਰੇਮ ਸਹਿਤ ਪ੍ਰੇਮ ਬੇਨਤੀ ਹੈ ਕਿ ਬਾਬੇ ਮਹਾਂ ਸਿੰਘ ਸਾਹਿਬ ਜੀ ਨੇ ਬਿਦਾਵਾ ਨਹੀਂ ਦਿਤਾ, ਸਗੋਂ ਬਿਦਾਵਾ ਪੜਵਾ ਕੇ ਦੇਸ਼ ਨੂੰ ਬਖ਼ਸ਼ਾ ਕੇ, ਟੁੱਟੀ ਗੰਢਾ ਕੇ ਬੜਾ ਭਾਰੀ ਪਰਉਪਕਾਰ ਕੀਤਾ। ਇਨ੍ਹਾਂ ਦੀ ਸੋਚਣੀ ਕਰਣੀ ਸ੍ਰਬੱਤ ਦੇ ਭਲੇ ਦੀ ਸੀ। ਬਿਦਾਵੇ 'ਤੇ ਤਰਕ ਨਾ ਕਰੋ, ਇਲਾਕੇ ਦੇ ਖ਼ਿਆਲ ਨਾਲ ਇੱਕ ਦੂਜੇ 'ਤੇ ਤਰਕ ਕਰਕੇ ਹੰਗਤਾ ਕਰਨੀ, ਪੁੱਜ ਕੇ ਮਾੜੀ ਹੈ।

ਮਾਣ ਦੇ ਤਿਆਗ ਲਈ ਰਸਮਈ ਸ਼ੁਭ ਸਿਖਿਆ:- ਭਾਈ ਗੁਰਦਾਸ ਸਾਹਿਬ ਜੀ ਨੇ ਵਾਰਾਂ 'ਚ ਇਹ ਤੁਕ ਫ਼ੁਰਮਾਈ ਹੈ:- ਜੇ ਗੁਰ ਸਾਂਗਿ ਵਰਤਦਾ; ਸਿਖੁ ਸਿਦਕੁ ਨ ਹਾਰੇ॥੨੦॥(ਵਾਰ ੩੫) ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦੀ ਪਰਮਪਵਿੱਤ੍ਰ ਆਗਿਆ ਪਾ ਕੇ, ਆਪ ਜੀ ਘੋੜੇ ਖ਼੍ਰੀਦਣ ਕਾਬਲ ਪਹੁੰਚੇ, ਸੌਦਾ ਹੋਣ ਤੋਂ, ਤੰਬੂ 'ਚ ਪੈਸੇ ਲੈਣ ਗਏ, ਪਰਖ ਕਰਨ ਲਈ ਸੱਚੇ ਸਤਿਗੁਰੂ ਸਾਹਿਬ ਜੀ ਨੇ ਰੁਪਈਆਂ ਦੀ ਥਾਂ ਠੀਕਰੀਆਂ ਦਿਖਾ ਦਿਤੀਆਂ, ਤੰਬੂ ਪਾੜ ਕੇ ਭੱਜੇ, ਕਾਂਸੀ ਜਾ ਪਹੁੰਚੇ। ਸੱਚੇ ਪਾਤਿਸਾਹ ਜੀ ਨੇ ਕਾਂਸੀ ਤੋਂ ਭਾਈ ਸਾਹਿਬ ਜੀ ਮੰਗਵਾਏ, ਤਾਂ ਭਾਈ ਸਾਹਿਬ ਜੀ ਨੇ ਆਪਣੀ ਗ਼ਲਤੀ ਮੰਨੀ, ਸਨਮੁਖ ਇਹ ਪਉੜੀ ਉਚਾਰੀ:- ਜੇ ਗੁਰ ਭਰਮਾਏ ਸਾਂਗੁ ਕਰਿ; ਕਿਆ ਸਿਖੁ ਵਿਚਾਰਾ॥੨੨॥) ਬ੍ਰਹਮਗਿਆਨੀ ਸਗਲ ਕੀ ਰੀਨਾ॥ ਭਾਈ ਸਾਹਿਬ ਜੀ, ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ, ਸਾਰੀ ਜ਼ਿੰਦਗੀ ਨਿਸ਼ਕਾਮ ਗੁਰੂ ਸੇਵਾ ਪੂਰਨ ਪ੍ਰੇਮਾ-ਭਗਤੀ ਕਰਕੇ ਸਫਲੀ ਕੀਤੀ, ਜਿਨ੍ਹਾਂ ਦੀ ਬਾਣੀ ਨੂੰ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਵਰ ਬਖ਼ਸ਼ਿਆ, "ਗੁਰਬਾਣੀ ਦੇ ਅਰਥ ਸਮਝਣ ਲਈ ਆਪ ਜੀ ਦੀ ਬਾਣੀ ਕੁੰਜੀ ਹੈ।" ਜਿਸ 'ਚ ਗੁਰੂ

ਸਾਹਿਬਾਨ ਜੀ 'ਤੇ ਅਗਮ ਅਪਾਰ ਅਥਾਹ ਸ਼ਰਧਾ ਪੂਰਨ ਸਿਦਕ ਭਰੋਸਾ ਪ੍ਰੇਮ ਹੀ ਪ੍ਰੇਮ ਹੈ। ਆਪ ਜੀ ਦੀ ਅਵਸਥਾ ਗੁਰੂ ਸਿਖੁ. ਸਿਖੁ ਗੁਰੂ ਹੈ; ਏਕੋ ਗੁਰ ਉਪਦੇਸੁ ਚਲਾਏ॥ਵਾਲੀ ਹੈ। ਸਤਿਗੁਰੂ ਸਾਹਿਬ ਜੀ ਦੇ ਨਾਲ ਇੱਕ ਜੋਤਿ ਹਨ, ਗੁਰੂ ਪ੍ਰਮੇਸਰ ਜੀ ਨੇ ਆਪਣੇ ਪ੍ਰੇਮੀਆਂ ਲਈ ਸ਼ੁਭ ਸਿੱਖਿਆਦਾਇਕ ਇਤਿਹਾਸ ਬਨਾਉਣ ਲਈ ਆਪ ਹੀ ਪ੍ਰੇਰਕ ਪ੍ਰਕਾਸ਼ਕ ਹੋ ਕੇ ਕੌਤਕ ਵਰਤਾਇਆ ਹੈ। ਭਾਈ ਸਾਹਿਬ ਜੀ ਨੇ ਕੀ ਭੁੱਲਣਾ ਸੀ? ਜੇ ਗੁਰ ਸਾਂਗਿ ਵਰਤਦਾ; ਸਿਖੁ ਸਿਦਕੁ ਨ ਹਾਰੇ॥੨੦॥(ਵਾਰ ੩੫) ਬਚਨ ਭੀ ਸਹੀ ਹਨ, ਸਿੱਖ ਨੂੰ ਅੰਦਰੋਂ, ਜਾ ਕੈ ਮਨਿ; ਗੁਰ ਕੀ ਪਰਤੀਤਿ॥ ਅਨੁਸਾਰ ਪੂਰਨ ਸਿਦਕ ਦ੍ਰਿੜਤਾ ਭਰੋਸਾ ਰੱਖਣਾ ਚਾਹੀਦਾ ਹੈ, ਗੁਰੂ ਜੀ ਦੇ ਇਮਧਿਆਨ ਲੈਣ ਤੋਂ, ਪਾਸ ਹੋ ਕੇ ਭੀ ਮਾਣ ਨਾ ਕਰੇ, ਦ੍ਰਿੜਤਾ ਭਰੋਸੇ ਪ੍ਰਪੱਕਤਾ ਪ੍ਰਾਪਤੀ ਲਈ, ਜੇ ਗੁਰ ਸਾਂਗਿ ਵਰਤਦਾ; ਸਿਖੁ ਸਿਦਕੁ ਨ ਹਾਰੇ॥੨੦॥(ਵਾਰ ੩੫) ਅਭਿਆਸ ਕਰੇ। ਇਮਤਿਹਾਨ 'ਚ ਪਾਸ ਹੋਣ ਤੋਂ ਬਾਦ ਮਾਣ ਦੀ ਨਿਵਿਰਤੀ ਲਈ ਜੇ ਗੁਰ ਭਰਮਾਏ ਸਾਂਗੁ ਕਰਿ; ਕਿਆ ਸਿਖੁ ਵਿਚਾਰਾ॥੨੨॥ ਅਭਿਆਸ ਕਰੇ। ਜਿਸਹਿ ਦਿਖਾਲਾ [੧]ਵਾਟੜੀ; ਤਿਸਹਿ ਭੁਲਾਵੈ ਕਉਣੁ॥ ਜਿਸਹਿ ਭੁਲਾਈ ਪੰਧ ਸਿਰਿ; ਤਿਸਹਿ ਦਿਖਾਵੈ ਕਉਣੁ॥([੧]ਮੰਜ਼ਲ) ਅਨੁਸਾਰ ਸਭ ਕਲਾ ਸਤਿਗੁਰੂ ਸਾਹਿਬਾਨ ਜੀ ਦੇ ਹੱਥ ਵੱਸ ਸਮਝੇ। ਸੋ ਉਪ੍ਰੋਕਤ ਪ੍ਰਸੰਗ ਸੁਣਾ ਕੇ, ਜੇ ਗੁਰ ਸਾਂਗਿ ਵਰਤਦਾ; ਸਿਖੁ ਸਿਦਕੁ ਨ ਹਾਰੇ॥੨੦॥(ਵਾਰ ੩੫) ਤੁਕ ਨੂੰ ਝੁਠਲਾਉਣਾ ਨਹੀਂ, ਪੜ੍ਹ ਕੇ ਗੁਰੂ ਸਾਹਿਬ ਜੀ 'ਤੇ ਪ੍ਰਪਕ ਨਿਸਚਾ ਕਰਨਾ ਹੈ।ਸਾਧੋ;ਮਨ ਕਾ ਮਾਨੁ ਤਿਆਗਉ॥ਅਨੁਸਾਰ ਮਾਣ ਤਿਆਗਣਾ।ਸਤਿਗੁਰੂ ਸਾਹਿਬ ਜੀ ਸਿੱਖ ਦੇ ਰਿਦੇ ਰੋਮ ੨ 'ਚ ਹਰ ਸਮੇਂ ਗੁਰਬਾਣੀ ਭੇਜ ਕੇ ਆਪ ਹੀ ਰੋਮ ੨ 'ਚ ਵਸ ਕੇ ਇਮਤਿਹਾਨ 'ਚ ਪਾਸ ਕਰਾਉਂਦੇ ਹਨ ਜੀ।

੭੭.ਕੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ,ਧਰਮੀ ਰਾਜੇ ਜਨਕ ਦੇ ਅਵਤਾਰ ਹਨ?ਤੂ ਤਾ ਜਨਿਕ ਰਾਜਾ ਅਉਤਾਰੁ.ਸਬਦੁ ਸੰਸਾਰਿ ਸਾਰੁ;ਰਹਹਿ ਜਗਤ੍ਰ ਜਲ ਪਦਮ ਬੀਚਾਰ॥ਪੜ੍ਹ ਕੇ ਪਹਿਲੇ ਪਾਤਿਸਾਹ ਜੀ ਨੂੰ ਜਨਕ ਰਾਜੇ ਦਾ ਅਵਤਾਰ ਨ ਕਹੋ,ਇਹ ਤੁਕ ਸਤਿਗੁਰੂ ਦੂਜੇ ਪਾਤਿਸਾਹ ਜੀ ਦੀ ਮਹਿਮਾ ਬਾਰੇ ਹੈ,ਗੁਰਮੁਖਿ ਕਲਸਹਾਰ ਭੱਟ ਜੀ ਫ਼ੁਰਮਾਉਂਦੇ ਹਨ:-ਹੇ ਸਤਿਗੁਰੂ ਦੂਜੇ ਪਾਤਿਸਾਹ ਜੀ!ਆਪ ਜੀ ਤਾ ਕੋਟਿ ਬ੍ਰਹਮੰਡ ਨੂੰ(ਜਨਿਕ)ਉਤਪੰਨ ਕਰਨ ਵਾਲੇ,ਸਭ ਰਚਨਾ ਦੇ (ਜਨਿਕ)ਪਿਤਾ ਜੀ,(ਰਾਜਾ)ਅਗਮ ਅਪਾਰ ਅਸੰਖ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ ਜੀ,
ਵਾ(ਜਨਿਕ)ਗਿਆਨ ਦੇ(ਰਾਜਾ)ਰਾਜੇ,ਵਾ(ਜਨਿਕ)ਜਾਨਣ ਵਾਲੇ ਭਾਵ ਅੰਤਰਜਾਮੀ (ਜਨਿਕ)ਪਤਾ ਵਾਹਿਗੁਰੂ ਪਹਿਲੇ ਪਾਤਿਸਾਹ ਜੀ ਦੇ ਅਵਤਾਰ ਹੋਂ ਜੀ।ਪ੍ਰਗਟੁ ਸਗਲ ਹਰਿ ਭਵਨ ਮਹਿ;ਜਨੁ ਨਾਨਕੁ ਗੁਰ ਪਾਰਬ੍ਰਹਮ॥)ਨਾਨਕ ਜੁਗਿ ਜੁਗਿ;ਗੁਰ ਗੋਪਾਲਾ॥)ਰਾਮ;ਹਮ.ਸਤਿਗੁਰ ਪਾਰਬ੍ਰਹਮ ਕਰਿ ਮਾਨੇ॥ਅਨੁਸਾਰ ਸਾਰੀ ਗੁਰਬਾਣੀ ਸਤਿਗੁਰੂ ਸਾਹਿਬਾਨ ਜੀ ਨੂੰ ਵਾਹਿਗੁਰੂ ਸਰੂਪ ਫ਼ੁਰਮਾ ਰਹੀ ਹੈ।

੭੮. ਗੁਰਸਿੱਖੀ ਗੁਰਤਾ ਦੇ ਅਧੀਨ ਹੈ,ਕਿ ਗੁਰਤਾ,ਸਿੱਖੀ ਦੇ ਅਧੀਨ ਹੈ?ਪਰਮਪੂਜਨੀਕ ਸੱਚੇ

ਸਤਿਗੁਰੂ ਸਾਹਿਬ ਦੀ ਉੱਚ ਕਰਨੀ ਕਮਾਈ,ਅਕਾਲ ਪੁਰਖੁ ਜੀ ਦੀ ਪ੍ਰੇਮਾ-ਭਗਤੀ ਗੁਰਬਾਣੀ ਗੁਰੂ ਮਰਯਾਦਾ ਪਰਮ ਉੱਚੀ ਸ਼ਹੀਦੀ ’ਤੇ ਮੋਹਿਤ ਹੋ ਕੇ, ਬੇਅੰਤ ਪ੍ਰੇਮੀਆਂ ਨੇ ਸਿੱਖੀ ਪ੍ਰਾਪਤ ਕੀਤੀ ਅਤੇ ਕੁਰਬਾਨੀਆਂ ਦੇ ਕੇ ਸਿੱਖੀ ਕਮਾਈ ਹੈ।ਪਰਮਹੰਸ ਭਾਈ ਪਾਰੋ ਜੁਲਕਾ ਜੀ,ਭਾਈ ਮੰਝ ਜੀ,ਭਾਈ ਬਿਧੀਚੰਦ ਜੀ,ਚਮਕੌਰ ਗੜ੍ਹੀ ਦੇ ਸ਼ਹੀਦ ਆਦਿ ਬੇਅੰਤ ਪ੍ਰੇਮੀਆਂ ਨੂੰ ਵਰ ਬਖ਼ਸ਼ੇ ਹਨ ਅਤੇ ਉਨ੍ਹਾਂ ਦੀ ਚਰਨ-ਧੂੜ ਭੀ ਮੰਗ ਰਹੇ ਹਨ।ਯਥਾ:-ਗੁਰਸਿਖਾਂ ਕੀ ਹਰਿ ਧੂੜਿ ਦੇਹਿ;ਹਮ ਪਾਪੀ ਭੀ ਗਤਿ ਪਾਂਹਿ॥)ਜਨੁ ਨਾਨਕੁ.ਧੂੜਿ ਮੰਗੈ ਤਿਸੁ ਗੁਰਸਿਖ ਕੀ;ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥੨॥)ਜਨੁ ਨਾਨਕੁ ਮਾਗੈ ਧੂੜਿ ਤਿਨ;ਜੋ ਗੁਰਸਿਖ ਮਿਤ ਪਿਆਰੇ॥)ਜਨੁ ਨਾਨਕੁ ਮੰਗੈ ਧੂੜਿ ਤਿਨ;ਜੋ ਗੁਰ ਕੇ ਸਿਖ ਮੇਰੇ ਭਾਈ॥)ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ;ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਬਾਰ ੨ ਗੁਰਸਿੱਖਾਂ ਦੀ ਚਰਨ ਧੂੜ ਮੰਗੀ ਹੈ। ਉਪ੍ਰੋਕਤ ਬਚਨਾਂ ਅਨੁਸਾਰ ਸੱਚੇ ਸਤਿਗੁਰੂ ਸਾਹਿਬ ਦੇ ਅੰਦਰ ਨਿਮ੍ਰਤਾ ਗ੍ਰੀਬੀ ਸ਼ਹਿਨਸ਼ੀਲਤਾ ਖਿਮਾ ਆਦਿ ਬੇਅੰਤ ਸ਼ੁਭ ਗੁਣ ਹਨ। ਗੁਰਤਾ ਅਤੇ ਸਿੱਖੀ ਦੀ ਮਹਿਮਾ  ਖੰਡਾਂ ਬ੍ਰਹਮੰਡਾਂ ਅੰਦਰ ਫੈਲਾਉਣ ਲਈ, ਗ੍ਰੀਬ ਦੇ ਸੀਸ ’ਤੇ ਛਤ੍ਰ ਧਰ ਕੇ ਗ੍ਰੀਬ ਨਿਵਾਜ ਕਹਾਉਣ ਲਈ, ਪਰਮਪੂਜਨੀਕ ਪਹਿਲੇ ਪਾਤਿਸਾਹ ਜੀ ਨੇ ਸਿੱਖੀ ’ਚੋਂ ਪਰਖ ਕੇ,ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਨੂੰ ਗੁਰਤਾ ਬਖ਼ਸ਼ ਕੇ, ਆਪ ਉਨ੍ਹਾਂ ਦੀਆਂ ਪ੍ਰਕਰਮਾਂ ਕਰਕੇ ਮੱਥਾ ਟੇਕਿਆ, ਜਿਸ ਤੋਂ ਇਹ ਪ੍ਰਤੱਖ ਹੈ ਕਿ ਸੱਚੇ ਸਤਿਗੁਰੂ ਸਾਹਿਬ ਦੇ ਅੰਦਰ ਗੁਰੂਪੁਣੇ ਦੀ ਹੰਗਤਾ ਹੀ ਨਹੀਂ ਹੈ, ਇਸ ਕਰਕੇ ਗੁਰੂ ਹੁੰਦਿਆਂ ਮੱਥਾ ਟੇਕ ਕੇ, ਆਪ ਚੇਲੇ ਬਣ ਗਏ। ਗੁਰੂ ਚੇਲੇ ਦੀ ਏਕਤਾ ਅਭੇਦਤਾ ਕੀਤੀ।ਯਥਾ:-ਜਹ ਆਪਨ ਊਚ;ਆਪਨ ਆਪਿ ਨੇਰਾ॥ਤਹ ਕਉਨ ਠਾਕੁਰੁ;ਕਉਨੁ ਕਹੀਐ ਚੇਰਾ॥)ਤਹ ਸਾਚ ਨਿਆਇ ਨਿਬੇਰਾ॥ਊਹਾ ਸਮ ਠਾਕੁਰੁ;ਸਮ ਚੇਰਾ॥

ਮੁਲ ਖਰੀਦੀ ਲਾਲਾ ਗੋਲਾ;ਮੇਰਾ ਨਾਉ ਸਭਾਗਾ॥)ਬੈ ਖਰੀਦੁ;ਹਉ ਦਾਸਰੋ ਤੇਰਾ॥ਅਨੁਸਾਰ ਸੱਚੇ ਪਾਤਿਸਾਹ ਜੀ ਦੇ ਅਧੀਨ ਰਹਿ ਕੇ ਲਾਲੇ ਗੋਲੇ ਬਣਨ ਅਤੇ ਸੱਚੇ ਸਤਿਗੁਰੂ ਸਾਹਿਬ ਦੇ ਚਰਨ ਚੱਟਣ ਦੇ ਬੇਅੰਤ ਹੀ ਗੁਣ ਹਨ। ਜਿਵੇਂ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ, ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਲਾਲੇ ਗੋਲੇ ਗੁਲਾਮ ਦਾਸਰੇ ਬਣ ਕੇ, ਉਪ੍ਰੋਕਤ ਬਚਨਾਂ ਅਨੁਸਾਰ, ਪੰਜਾਂ ਪਿਆਰਿਆਂ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ,

ਅਧੀਨ ਦਾਸਨ ਦਾਸ ਬਣੇ ਰਹਿੰਦੇ, ਸਿੰਘਾਂ ਨੂੰ ਸਿੱਖਿਆ ਦੇਣ ਲਈ ਨਿੱਕੀ ੨ ਗੱਲ ’ਤੇ,ਪੰਜਾਂ ਪਿਆਰਿਆਂ ਦੇ ਸਨਮੁਖ ਹੱਥ ਜੋੜ ਕੇ ਖੜ੍ਹ ਜਾਂਦੇ, ਮੁਆਫ਼ੀ ਮੰਗਦੇ, ਤਨਖ਼ਾਹ ਲੁਆਉਂਦੇ। ਸਾਰੀ ਜ਼ਿੰਦਗੀ ਆਪ ਕੁੱਝ ਭੀ ਨਹੀਂ ਬਣੇ। ਇੱਕ ਵਾਰੀ ਸੰਤਾਂ ਮਹਾਂਪੁਰਖਾਂ ਜੀ ਪਾਸ ਇੱਕ ਮਾਤਾ ਜੀ ਨੇ ਪ੍ਰੇਮ ਬੇਨਤੀ ਕੀਤੀ, “ਹੇ ਮਹਾਂਪੁਰਖੋ, ਗੁਰਮੁਖਿ.ਕੋਟਿ ਉਧਾਰਦਾ ਭਾਈ;ਦੇ ਨਾਵੈ ਏਕ ਕਣੀ॥ਅਨੁਸਾਰ ਕ੍ਰਿਪਾ ਕਰਕੇ ਨਾਮ ਬਖ਼ਸ਼ੋ

ਜੀ।" ਤਾਂ ਕਿਹਾ, "ਹੇ ਮਾਈ! ਦਾਸ ਅਜੇ ਤੱਕ ਸਿੱਖ ਭੀ ਨਹੀਂ ਬਣ ਸਕਿਆ। ਇਹ ਅਮੋਲਕ ਦਾਤਿ ਆਪ ਜੀ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਹੀ ਬਖ਼ਸ਼ ਰਹੇ ਹਨ।" ਸੋ ਅਧੀਨਗੀ ਵਾਲੀ ਗੱਲ ਨਹੀਂ, ਉਤਸ਼ਾਹ ਨਾਲ ਸੀਸ ਵਾਰਨ ਵਾਲੀ ਪ੍ਰੇਮ ਦੀ ਖੇਲ ਹੈ। ਜਗਤ ਨੂੰ ਤਾਰਨ ਵਾਲੀ ਏਕਤਾ ਪ੍ਰੇਮ ਦੀ ਅਕਥ ਕਹਾਣੀ ਹੈ।

ਲਾਖ ਕਰੋਰੀ; [1]ਬੰਧੁਨ ਪਰੈ॥ ਲੱਖਾਂ ਕ੍ਰੋੜਾਂ ਬੰਧਨ ਪਏ ਹੋਣ, ਅਰਥ ਅਨੁਸਾਰ (ਬੰਧੁਨ) ਪਾਠ ਇਕੱਠਾ ਹੀ ਸਹੀ ਹੈ।

੭੯. ਕੀ ਸਿੱਖ ਹਿੰਦੂਆਂ ਚੋਂ ਪੈਦਾ ਹੋਏ ਹਨ?ਸਾਰੀ ਰਚਨਾ ਵਾਹਿਗੁਰੂ ਜੀ ਨੇ ਹੀ ਰਚੀ ਹੈ। ਯਥਾ:- ਨਾਨਕ ਰਚਨਾ ਪ੍ਰਭਿ ਰਚੀ; ਬਹੁ ਬਿਧਿ ਅਨਿਕ ਪ੍ਰਕਾਰ॥) ਗੁਰਦੇਵ ਮਾਤਾ. ਗੁਰਦੇਵ ਪਿਤਾ; ਸਰੂਪ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਪਰਮਪਵਿੱਤ੍ਰ ਉਪਦੇਸ਼ ਲੈ ਕੇ ਪੈਦਾ ਹੋਏ ਸਿੱਖ ਹਨ, ਚਾਹੇ ਸੰਧੂ ਗੋਤ ਜੱਟ ਪੂਰਨ ਸੰਤ ਭਾਈ ਬਾਲਾ ਸਾਹਿਬ ਜੀ, ਮਿਰਾਸੀ ਭਾਈ ਮਰਦਾਨਾ ਸਾਹਿਬ ਜੀ, ਗੁਰਮੁਖਿ ਹੰਗਤਾ ਦੇ ਤਿਆਗੀ ਸਤਿਗੁਰੂ ਸਾਹਿਬ ਦੇ ਖ਼ਾਸ ਪ੍ਰੇਮੀ, ਮੁਸਲਮਾਨ ਰਾਏ ਬੁਲਾਰ ਜੀ, ਹਰਿਦਿਆਲ ਪ੍ਰੋਹਤ ਜੀ, ਮੁੱਲਾਂ ਨੂਰਦੀਨ ਜੀ ਲਾਜਵਰਦ, ਦੇਵਲੂਤ ਰਾਕਸ਼, ਰਾਜਾ ਸ਼ਿਵਨਾਭ ਜੀ ਆਦਿ ਅਨੇਕਾਂ ਪ੍ਰੇਮੀ ਵੱਖ ੨ ਦੇਸ਼ਾਂ ਜ਼ਾਤੀਆਂ ਚੋਂ ਸਿੱਖ ਬਣੇ। ਕਿਸੇ ਖ਼ਾਸ ਪ੍ਰੇਮੀ ਨੇ ਕਿਹਾ, "ਹੇ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ! ਤਾਰੇ ਗਨੇ ਜਾਤ ਤੇਰੇ ਤਾਰੇ ਨਾ ਗਿਨਾਤ ਹੈ।" ਸੋ ਹੇ ਪਿਆਰੇ ਜੀ! ਆਪ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਹੜਾ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਉਪਦੇਸ਼ ਕਮਾਉਂਦਾ ਹੈ, ਉਹ ਹੀ ਪੂਰਨ ਗੁਰਸਿੱਖ ਬਣਦਾ ਹੈ, ਕਿਸੇ ਇੱਕ ਜਾਤੀ 'ਚੋਂ ਨਹੀਂ ਅਤੇ ਨਾ ਹੀ ਕਿਸੇ ਜ਼ਾਤੀ ਨਾਲ ਨਫ਼ਰਤ ਹੈ।

੮੦. ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ੭੨ ਜਾਮਿਆਂ 'ਚ ਆਉਣਾ ਕਹਿ ਕੇ ਬੱਜਰ ਪਾਪ ਨ ਕਰੋ? ਜੈਸਾ ਤੂ ਤੈਸਾ ਤੁਹੀ; ਕਿਆ ਉਪਮਾ ਦੀਜੈ॥)ਅਨਤ ਕਲਾ ਹੋਇ;ਠਾਕੁਰੁ ਚੜਿਆ॥ਅਨੁਸਾਰ ਸੱਚੇ ਸਤਿਗੁਰੂ ਸਾਹਿਬ ਦੀ ਉਪਮਾ ਵਾਹਿਗੁਰੂ ਜੀ ਨਾਲ ਦੇਣੀ ਠੀਕ ਹੈ। ਅਨਤ ਕਲਾ ਹੋਇ;ਠਾਕੁਰੁ ਚੜਿਆ॥)ਕੋਟਿ ਬ੍ਰਹਮੰਡ ਕੋ.ਠਾਕੁਰੁ ਸੁਆਮੀ;ਸਰਬ ਜੀਆ ਕਾ ਦਾਤਾ ਰੇ॥ਵਾਹਿਗੁਰੂ ਸਰੂਪ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਕਿਸੇ ਭੀ ਮਹਾਂਪੁਰਸ਼ ਦੇ ਰੂਪ 'ਚ ਆਏ ਨ ਕਹੋ। ਸੱਚੇ ਸਤਿਗੁਰੂ ਸਾਹਿਬ ਜੀ ਤੋਂ ਆਪਣੇ ਸਿਰ ਕੁਰਬਾਨ ਕਰਨ ਵਾਲੇ ਅਨੇਕਾਂ ਪ੍ਰੇਮੀ ਹੋਏ ਹਨ,ਜਿਨ੍ਹਾਂ ਅਪਣੀ ਕੁਰਬਾਨੀ ਦੇ ਕੇ ਸਿੱਧ ਕਰ ਦਿਤਾ ਕਿ ਪੂਰਨ ਗੁਰੂ ਜੀ ਪਾਰਬ੍ਰਹਮ ਸਰੂਪ ਹਨ।ਜਿਨ੍ਹਾਂ ਮਹਾਂਪੁਰਸ਼ਾਂ ਬਾਰੇ ਤੁਸੀਂ ਇਹ ਗ਼ਲਤ ਬਚਨ ਕਰੋਂਗੇ, ਉਹ ਭੀ ਨਰਾਜ਼ ਹੋਣਗੇ ਜੀ।

੮੧.ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਨੇ ਉਚਾਰੇ? ਵਾਹਿਗੁਰੂ ਸਰੂਪ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਉਚਾਰੇ ਹਨ। ਯਥਾ:- ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।(ਵਾਰ ੧) ਜੀਤੀ

ਨਉਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।(ਵਾਰ ੧) ਕਲਿਜੁਗੁ ਬਾਬੇ ਤਾਰਿਆ, ਸਤਿਨਾਮੁ ਪੜਿ ਮੰਤ੍ਰੁ ਸੁਣਾਇਆ।) ਮਾਰਿਆ ਸਿਕਾ ਜਗਤ੍ਰਿ ਵਿਚਿ; ਨਾਨਕ ਨਿਰਮਲ ਪੰਥ ਚਲਾਇਆ।(ਵਾਰ ੧) ਜਿਵੇਂ ਰਾਜ ਮਿਸਤ੍ਰੀ ਮਕਾਨ ਨੂੰ ਬਣਾਉਂਦਾ ਹੈ, ਪਰ ਉਹ ਮਕਾਨ ਤੋਂ ਵੱਖਰਾ ਹੁੰਦਾ ਹੈ, ਪਰ ਸੱਚੇ ਸਤਿਗੁਰੂ ਸਾਹਿਬ ਜੀ, ਵਾਹਿਗੁਰੂ ਮੰਤ੍ਰ ਜੀ ਉਚਾਰ ਕੇ, ਆਪ ਭੀ ਵਾਹਿਗੁਰੂ ਜੀ 'ਚ ਅਭੇਦ ਹਨ। ਕੇਵਲ ਉਚਾਰਨ ਮਾਤ੍ਰ ਹੀ ਨਹੀਂ ਉਚਾਰੇ, ਬਲਕਿ ਕਮਾਏ ਭੀ ਹਨ। ਸਤਿਗੁਰੂ ਸਾਹਿਬਾਨ ਜੀ ਦੇ ਸਾਰੇ ਜੀਵਨ ਦੇ ਕੌਤਕ, ਵਿਸਮਾਦ ਵਾਹਿਗੁਰੂ ਸਰੂਪ ਹੀ ਹਨ। ਵਾਹਿਗੁਰੂ ਸਰੂਪ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਸਰੂਪ, ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦਾ ਲਈ ਵਾਹਿਗੁਰੂ ਮੰਤ੍ਰ ਜੀ ਬਖ਼ਸ਼ ਰਹੇ ਹਨ। ਜੋ ਪ੍ਰੇਮੀ ਗੁਰਬਾਣੀ ਦਾ ਅਭਿਆਸ ਕਰਦਾ ਹੈ, ਉਸ ਨੂੰ ਅੰਦਰੋਂ ਅਜਪਾ ਜਾਪ ਬਖ਼ਸ਼ਦੇ ਹਨ। ਉਚਾਰਨ ਦਾ ਫ਼ਲ ਦੱਸ ਕੇ, ਹੁਕਮ ਕਰਕੇ ਉਚਰਾਉਂਦੇ ਹਨ। ਯਥਾ:- ਉਚਰਹੁ; ਰਾਮ ਨਾਮੁ ਲਖ ਬਾਰੀ॥)ਗੁਰਸਿਖ;ਹਰਿ ਬੋਲਹੁ ਮੇਰੇ ਭਾਈ॥ਹਰਿ ਬੋਲਤ;ਸਭ ਪਾਪ ਲਹਿ ਜਾਈ॥)ਕਈ ਕੋਟਿਕ ਜਗ ਫਲਾ;ਸੁਣਿ ਗਾਵਨਹਾਰੇ ਰਾਮ॥ ਹਰਿ ਹਰਿ ਨਾਮੁ ਜਪਤ; ਕੁਲ ਸਗਲੇ ਤਾਰੇ ਰਾਮ॥ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ੨ 'ਚ ਕੋਟਿ ਪ੍ਰਕਾਸ਼ ਹਨ। ਸਤਿਗੁਰੂ ਸਾਹਿਬਾਨ ਜੀ ਦਾ ਬਖ਼ਸ਼ਿਆ ਵਾਹਿਗੁਰੂ ਮੰਤ੍ਰ ਜਪਣ ਨਾਲ, ਕੋਟਿ ਸੂਰਜਾਂ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ।ਯਥਾ:-ਨਾਮੁ ਜਪਤ ਕੋਟਿ ਸੂਰ ਉਜਾਰਾ;ਬਿਨਸੈ ਭਰਮੁ ਅੰਧੇਰਾ॥ਸਤਿਗੁਰੂ ਸਾਹਿਬਾਨ ਜੀ ਨੇ ਵਾਹਿਗੁਰੂ ਮੰਤ੍ਰ ਦੇ ਅਰਥ ਸੰਪੂਰਨ ਗੁਰਬਾਣੀ ਉਚਾਰੀ ਹੈ। ਆਪੋ ਆਪਣੇ ਦੇ ਬਣੌਟੀ ਮੰਤ੍ਰ ਬਹੁਤੇ ਬੰਦਿਆਂ ਨੇ ਦਿਤੇ, ਪਰ ਉਨ੍ਹਾਂ ਦੇ ਅਰਥ ਨਹੀਂ ਦੇ ਸਕੇ।

੮੨.ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਪਰਥਾਇ, ਕਿੱਥੇ ਉਚਾਰੇ? ਪਹਿਲੇ ਪਾਤਿਸਾਹ ਜੀ ਨੇ ਸਭ ਤੋਂ ਪਹਿਲਾਂ ਬੀਬੀ ਨਾਨਕੀ ਜੀ, ਮਗਰੋਂ ਗੋਪਾਲ ਪਾਂਧੇ, ਮੁੱਲਾਂ ਨੂਰਦੀਨ, ਹਰਿਦਿਆਲ, ਰਾਏ ਬੁਲਾਰ, ਭਾਈ ਬਾਲਾ ਜੀ, ਭਾਈ ਮਰਦਾਨਾ ਜੀ, ਪਰਮਪੂਜਨੀਕ ਦੂਜੇ ਪਾਤਿਸਾਹ ਜੀ ਆਦਿ ਬੇਅੰਤ ਸਿੱਖਾਂ ਨੂੰ ਵਾਹਿਗੁਰੂ ਮੰਤ੍ਰ ਜੀ ਦੀ ਬਖ਼ਸ਼ਿਸ਼ ਕੀਤੀ। ਵਾਹਿਗੁਰੂ ਸਰੂਪ ਦਸਾਂ ਸਤਿਗੁਰੂ ਸਾਹਿਬ ਜੀ ਨੇ ਸਾਰੇ ਜਹਾਨ ਦੇ ਭਲੇ ਲਈ,ਵਾਹਿਗੁਰੂ ਮੰਤ੍ਰ ਜੀ ਬਖ਼ਸ਼ੇ ਹਨ।ਯਥਾ:-ਪਰਥਾਇ ਸਾਖੀ ਮਹਾਪੁਰਖ ਬੋਲਦੇ;ਸਾਝੀ ਸਗਲ ਜਹਾਨੈ॥

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ॥ਅਨੁਸਾਰ ਮੰਤ੍ਰ ਤਾਂ ਬਹੁਤ ਦੇਣ ਵਾਲੇ ਹਨ।ਵਾਹਿਗੁਰੂ ਸਰੂਪ ਸੱਚੇ ਪਾਤਿਸਾਹ ਜੀ,ਸਿੱਖ ਨੂੰ ਵਾਹਿਗੁਰੂ ਕਹਾ ਕੇ, ਉਸ ਦੇ ਅੰਦਰ ਬਾਹਰ ਵਿਆਪਕ ਵਾਹਿਗੁਰੂ ਜੀ ਦੇ ਦਰਸ਼ਨ ਕਰਵਾ ਕੇ ਅਜਪਾ ਜਾਪ ਚਲਾ ਦਿੰਦੇ ਹਨ,ਜਿਵੇਂ ਹੁਣ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਵਾਹਿਗੁਰੂ ਜੀ ਦੇ ਦਰਸ਼ਨ ਕਰਾਉਂਦੇ ਹਨ।

ਯਥਾ:-ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ॥੫੨॥

੮੩.ਪਰਮਪੂਜਨੀਕ ਮਹੱਲੇ ਪਹਿਲੇ ਜੀ ਨੇ ਆਪਣੇ ਭੈਣ ਜੀ 'ਤੇ ਅਜਪਾ ਜਾਪ ਵਾਹਿਗੁਰੂ ਜੀ ਦੀ

ਅਮੋਲਕ ਬਖ਼ਸ਼ਿਸ਼ ਕਰਨੀ:-ਸ੍ਰੀ ਨਨਕਾਣਾ ਸਾਹਿਬ ਜੀ ਵਿਖੇ,ਪਰਮਪੂਜਨੀਕ ਮਾਤਾ ਤ੍ਰਿਪਤਾ ਜੀ ਨੇ ਆਪਣੀ ਪਿਆਰੀ ਬੱਚੀ,ਪ੍ਰੇਮਾ-ਭਗਤੀ ਦੇ ਅਵਤਾਰ ਪਰਮਪੂਜਨੀਕ ਬੀਬੀ ਨਾਨਕੀ ਜੀ ਨੂੰ ਕਿਹਾ,"ਕਾਕੀ! ਠੰਢ ਹੈ,ਆਪਣੇ ਭਰਾਤਾ ਜੀ ਨੂੰ ਬੁਲਾ ਕੇ ਲਿਆ।ਗਰਮ ੨ ਪ੍ਰਛਾਦਾ ਛਕਣ।" ਪਰਮਪੂਜਨੀਕ ਬੀਬੀ ਜੀ ਬੁਲਾਉਣ ਗਏ, ਗੁਰੂ ਪ੍ਰਮੇਸਰ ਜੀ ਅਗਮ ਅਗਾਧ ਵਿਸਮਾਦ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ ਜੀ 'ਚ ਲੀਨ ਅਵਸਥਾ 'ਚ ਬੈਠੇ, ਸੱਚੇ ਵਾਹਿਗੁਰੂ ਜੀ ਦਾ ਸਿਮਰਨ ਕਰ ਰਹੇ ਸਨ, ਬੀਬੀ ਜੀ ਨੇ ਹੌਲ਼ੀ ੨ ਬੂਹਾ ਖੋਲ੍ਹਿਆ, ਤਾਂ ਕੀ ਅਸਚਰਜ ਵਿਸਮਾਦ ਕੌਤਕ ਦੇਖਿਆ? ਆਪਣੇ ਛੋਟੇ ਭਰਾਤਾ ਜੀ ਦੇ ਰੋਮ ੨ 'ਤੇ,ਉਨ੍ਹਾਂ ਦੇ ਸੁੰਦਰ ਮੁਖ-ਕਮਲ ਸਿਮਰਨ ਕਰ ਰਹੇ ਹਨ। ਯਥਾ:- ਗੁਰਮੁਖਿ ਰੋਮਿ ਰੋਮਿ; ਹਰਿ ਧਿਆਵੈ॥) ਇਕ ਦੂ ਜੀਭੌ ਲਖ ਹੋਹਿ; ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ॥)ਜਿਹਵਾ ਏਕ. ਹੋਇ ਲਖ ਕੋਟੀ; ਲਖ ਕੋਟੀ ਕੋਟਿ ਧਿਆਵੈਗੋ॥ਭਾਵੇਂ ਕਮਰੇ 'ਚ ਦੀਵਾ ਨਹੀਂ ਸੀ, ਪਰ ਫੇਰ ਭੀ ਇੱਕ ਰਸ ਬੱਝਵਾਂ ਪ੍ਰਕਾਸ਼ ਹੋ ਰਿਹਾ ਸੀ, ਇੱਕ ਰਸ ਲਗਾਤਾਰ ਜਾਪ ਹੋ ਰਿਹਾ ਸੀ। ਯਥਾ:- ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥) ਨਿਰਗੁਣੁ ਸਰਗੁਣੁ; ਆਪੇ ਸੋਈ॥ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨਿਰਗੁਨ ਸਰਗੁਨ ਦੀ ਏਕਤਾ ਵਾਲੀ ਅਤਿਅੰਤ ਉੱਚੀ ਸੁੱਚੀ ਅਵਸਥਾ 'ਚ ਮਸਤ ਵਿਸਮਾਦ ਲੀਨ ਬੈਠੇ ਵੇਖੇ।ਯਥਾ:-ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ;ਸੂਧ ਨ.ਸਿਮਰਤ ਅੰਗ॥)ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ; ਹੁਕਮੁ ਅਪਾਰਾ॥) ਛਤੀਹ ਜੁਗ ਗੁਬਾਰੁ ਸਾ; ਆਪੇ ਗਣਤ ਕੀਨੀ॥)ਕੇਤੇ ਜੁਗ;ਵਰਤੇ ਗੁਬਾਰੈ॥ ਤਾੜੀ ਲਾਈ;ਅਪਰ ਅਪਾਰੈ॥ ਧੁੰਧੂਕਾਰਿ ਨਿਰਾਲਮੁ ਬੈਠਾ; ਨਾ ਤਦਿ ਧੰਧੁ ਪਸਾਰਾ ਹੇ॥੧॥ਪਰਮਪੂਜਨੀਕ ਬੀਬੀ ਜੀ ਵਾਹਿਗੁਰੂ ਜੀ ਦੇ ਪਰਮਪਵਿੱਤ੍ਰ ਨੂਰੀ ਸੱਚੇ ਸੁੰਦਰ ਵਿਸਮਾਦ ਦਰਸ਼ਨ ਕਰਕੇ ਵਿਸਮਾਦ ਹੋ ਗਏ। ਧਰਤੀ 'ਤੇ ਮੱਥਾ ਰੱਖ ਕੇ ਵਾਪਿਸ ਆ ਗਏ। ਲੱਖਾਂ ਮਣਾਂ ਸ਼ਰਧਾ ਵਧੀ।ਯਥਾ:-ਰਾਮ;ਹਮ.ਸਤਿਗੁਰ ਪਾਰਬ੍ਰਹਮ ਕਰਿ ਮਾਨੇ॥ਬੀਬੀ ਜੀ ਭੀ ਪ੍ਰੇਮਾ-ਭਗਤੀ 'ਚ ਲੀਨ ਹੋ ਗਏ। ਸੋ ਸਭ ਤੋਂ ਪਹਿਲਾਂ ਵਾਹਿਗੁਰੂ ਮੰਤ੍ਰ ਜੀ ਪਰਮਪੂਜਨੀਕ ਬੀਬੀ ਨਾਨਕੀ ਜੀ ਪਰਥਾਇ ਸ੍ਰੀ ਨਨਕਾਣਾ ਸਾਹਿਬ ਜੀ ਵਿਖੇ ਉਚਾਰੇ।

੮੪. ਵਾਹਿਗੁਰੂ ਮੰਤ੍ਰ ਜੀ ਦੇ ਸੁਖੈਨ ਅਰਥ ਅਤੇ ਸ਼ੁੱਭ ਸਿੱਖਿਆ:- ਵਾਹਿਗੁਰੂ ਮੰਤ੍ਰ ਕਮਾਉਣ ਬਾਰੇ ਇਨ੍ਹਾਂ ਅਰਥਾਂ 'ਚੋਂ ਸਮਝ ਲੈਣਾ ਜੀ। ਹੇ ਗੁਰਮੁਖਿ ਪਿਆਰੇ ਜੀਓ! ਪਰਮਪੂਜਨੀਕ ਦਸਾਂ ਹੀ ਸੱਚੇ ਸਤਿਗੁਰੂ ਸਾਹਿਬ ਜੀ ਅੰਦਰ,ਵਾਹਿਗੁਰੂ ਜੀ ਦੀ ਇੱਕੋ ਇੱਕ ਜੋਤਿ ਵਰਤੀ ਹੈ ਜੀ। ਯਥਾ:- ਸ੍ਰੀ ਨਾਨਕ; ਅੰਗਦਿ ਕਰਿ ਮਾਨਾ॥ ਅਮਰਦਾਸ; ਅੰਗਦ ਪਹਿਚਾਨਾ॥ ਅਮਰਦਾਸ; ਰਾਮਦਾਸ ਕਹਾਯੋ॥ ਸਾਧਨਿ ਲਖਾ; ਮੂੜ ਨਹਿ ਪਾਯੋ॥੯॥ ਭਿੰਨ ਭਿੰਨ; ਸਭਹੂੰ ਕਰਿ ਜਾਨਾ॥ ਏਕ ਰੂਪ; ਕਿਨਹੂੰ ਪਹਿਚਾਨਾ॥ ਜਿਨ ਜਾਨਾ; ਤਿਨ ਹੀ ਸਿਧ ਪਾਈ॥ ਬਿਨ ਸਮਝੇ; ਸਿਧ ਹਾਥ ਨ ਆਈ॥(ਸ੍ਰੀ ਦਸਮ ੫੪)

ਨਾਮ ਜਪਣਾ ਔਖਾ ਹੈ, ਇਸ ਨੂੰ ਸੌਖਾ ਬਨਾਉਣ ਲਈ ਵਾਹਿਗੁਰੂ ਸਰੂਪ ਸੱਚੇ ਪਾਤਿਸਾਹ ਜੀ ਨੇ ਬਹੁਤ

ਭਾਰੀ ਕਮਾਈ ਕੀਤੀ ਹੈ, ਪਰਮਪੂਜਨੀਕ ਦਸਾਂ ਸਰੂਪਾਂ ਅੰਦਰ ਇੱਕ ਜੋਤਿ ਹੋ ਕੇ ਵਰਤੇ, ਆਪਣੇ ਸਿੱਖ ਸਿੱਖਣੀਆਂ ਸਮੇਤ ਬੇਹੱਦ ਕੁਰਬਾਨੀਆਂ ਦਿਤੀਆਂ। ਜਿਵੇਂ ਉੱਬਲਦੀ ਦੇਗ ਅੰਦਰ ਬੈਠਣਾ, ਸੀਸ ਕੁਰਬਾਨ ਕਰਨਾ, ਸਰਵੰਸ ਕੁਰਬਾਨ ਕਰਨਾ, ਗੁਰਬਾਣੀ ਗੁਰਮਤਿ ਮਰਯਾਦਾ ਬਖ਼ਸ਼ਣੀ ਅਤੇ ਆਪ ਕਮਾਉਣੀ। ਗੁਰਾਂ ਦੇ ਕੌਤਕ ਸੁਣਦਿਆਂ ਸੁਣਾਉਂਦਿਆਂ ਗੁਰਬਾਣੀ ਦੀ ਸੰਥਾ ਪੜ੍ਹਦਿਆਂ ਪੜ੍ਹਾਉਂਦਿਆਂ, ਪ੍ਰੇਮੀ ਵਿਸਮਾਦ ਅਵਸਥਾ 'ਚ ਲੀਨ ਹੋ ਜਾਂਦੇ ਹਨ। ਸੱਚੇ ਸਤਿਗੁਰੂ ਸਾਹਿਬ ਦੇ ਸਿੱਖ ਕੂਕਰ ਗ਼ੁਲਾਮ ਬਣ ਕੇ ਹੀ ਅਜਪਾ ਜਾਪ ਪ੍ਰਪਤਿ ਹੋ ਸਕਦਾ ਹੈ, ਸੱਚੇ ਸਤਿਗੁਰੂ ਸਾਹਿਬ ਦੁਆਰਾ ਹੀ ਹੰਗਤਾ ਦਾ ਤਿਆਗ ਤੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੈ।

ਅਕਥ ਕਹਾਣੀ ਪ੍ਰੇਮ ਕੀ; ਕੋ ਪ੍ਰੀਤਮੁ ਆਖੈ ਆਇ॥ ਅਨੁਸਾਰ ਪਹਿਲਾਂ ਵਾਹਿਗੁਰੂ ਜੀ ਦਾ ਸੌਖਾ ਅਰਥ ਸਮਝਣਾ ਜ਼ਰੂਰੀ ਹੈ, (ਵਾਹਿ+ਗੁਰੂ) (ਵਾਹਿ) ਅਸਚਰਜ (ਗੁਰੂ) ਸਤਿਗੁਰੂ ਸਾਹਿਬਾਨ ਜੀ। ਗੁਰੂ ਜੀ ਕ੍ਰਿਪਾ ਕਰਕੇ ਵਾਹਿਗੁਰੂ ੨ ਕਹਾਉਂਦੇ ਹਨ। ਵਾਹਿਗੁਰੂ ੨ ਕਹਿਣ ਨਾਲ ਇਹ ਧਿਆਨ ਦਿਲ 'ਚ ਆਉਣ ਕਿ ਹੁਣ ਪਹਿਲੇ ਪਾਤਿਸਾਹ ਜੀ ਰੋਮ ੨ ਕਰਕੇ ਸਿਮਰਨ ਕਰਦਿਆਂ ਸਤਿ ਕਰਤਾਰ ਕਹਿ ਕੇ ਪਰਬੱਤ ਨੂੰ ਪੰਜਾ ਲਾ ਰਹੇ ਹਨ, ਵਾਹਿਗੁਰੂ ਜੀ ਹੁਣ ਨਿਗ੍ਹਾ ਪਾ ਕੇ ਕੌਡੇ ਰਾਕਸ਼ ਦਾ ਤਪਦਾ ਕੜਾਹਾ ਠਾਰ ਰਹੇ ਹਨ, ਵਾਹਿਗੁਰੂ ੨ ਕਰਦਿਆਂ ਹਲ਼ ਵਾਹ ਰਹੇ ਹਨ। ਵਾਹਿਗੁਰੂ ਜੀ ਹੁਣ ਪਰਮਪੂਜਨੀਕ ਦੂਜੇ ਸਰੂਪ ਅੰਦਰ ਛੇ ਮਹੀਨੇ ਸਮਾਧੀ ਲਾ ਕੇ ਰੋਮ ੨ ਕਰਕੇ ਸਿਮਰਨ ਕਰ ਰਹੇ ਹਨ, ਵਾਹਿਗੁਰੂ ਜੀ ਹੁਣ ਮੱਲ ਅਖਾੜੇ ਸਾਹਿਬ ਜੀ ਵਿਖੇ ਬੱਚਿਆਂ ਨੂੰ ਗੁਰਬਾਣੀ ਜੀ ਸ਼ੱਧ ਸੰਥਾ ਪੜ੍ਹਾ ਰਹੇ ਹਨ। ਵਾਹਿਗੁਰੂ ਜੀ ਹੁਣ ਅੰਮ੍ਰਿਤ ਨਿਗ੍ਹਾ ਪਾ ਕੇ ਰੋਗੀਆਂ ਦੇ ਰੋਗ ਖੰਡ ਰਹੇ ਹਨ ਜੀ। ਵਾਹਿਗੁਰੂ ਜੀ ਹੁਣ ਸ੍ਰੀ ਖਡੂਰ ਸਾਹਿਬ ਜੀ ਵਿਖੇ, ਗੁਰਸ਼ਬਦ ਅਤੇ ਲੰਗਰ ਵੰਡ ਰਹੇ ਹਨ। ਯਥਾ:- ਲੰਗਰਿ ਦਉਲਤਿ ਵੰਡੀਐ; ਰਸੁ ਅੰਮ੍ਰਿਤੁ ਖੀਰਿ ਘਿਆਲੀ॥ਵਾਹਿਗੁਰੂ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਭਾਈ ਬਾਲੇ ਜੀ ਤੋਂ ਪਹਿਲੇ ਪਾਤਿਸਾਹ ਜੀ ਦੀ ਅਵਤਾਰ ਕਥਾ ਸੁਣ ਕੇ, ਹੁਣ ਅਨਹਦ ਝੁਨਕਾਰ ਸੁਣਦਿਆਂ, ਸਮਾਧੀ ਲਾ ਰਹੇ ਹਨ। ਵਾਹਿਗੁਰੂ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ, ਬਿਆਸ 'ਚੋਂ ਜਲ ਲਿਆਉਂਦਿਆਂ, ਜੁਲਾਹੇ ਦੀ ਕੁੰਬਲ 'ਚ ਡਿੱਗ ਕੇ ਗਾਗਰ ਡੁਲ੍ਹਣੋਂ ਬਚਾਅ ਰਹੇ ਹਨ, ਵਾਹਿਗੁਰੂ ਜੀ ਦਾ ਧਿਆਨ ਧਾਰ ਕੇ, ਰੋਮ ੨ ਕਰਕੇ ਵਾਹਿਗੁਰੂ ੨ ਜੀ ਜਪ ਰਹੇ ਹਨ। ਸਤਗੁਰ ਕੀ ਸੇਵਾ ਗਾਖੜੀ;ਸਿਰੁ ਦੀਜੈ ਆਪੁ ਗਵਾਇ॥੧੨ ਸਾਲ ਸੇਵਾ ਕੀਤੀ। ਵਾਹਿਗੁਰੂ ਚੌਥੇ ਸਰੂਪ 'ਚ ਸ੍ਰੀ ਬਾਉਲੀ ਜੀ ਦੀ ਸੱਚੀ ਸੇਵਾ ਕਰਦਿਆਂ,ਆਪ ਜੀ ਆਪਣੇ ਹਾਣੀਆਂ ਦਾ ਲਤੜ ੨ ਕੇ ਭਰਿਆ ਟੋਕਰਾ ਚੁੱਕ ਕੇ ਬਾਹਰ ਸੁੱਟ ਰਹੇ ਹਨ। ਭਾਵੇਂ ਸਤਿਗੁਰੂ ਸਾਹਿਬ ਦੇ ਜਵਾਈ ਬਣੇ ਪਰ ਫੇਰ ਭੀ ਟੋਕਰਾ,ਪਾਣੀ ਢੋਣ,ਚੱਕੀ ਪੀਸਣ ਝਾੜੂ ਦੇਣ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਬਸਤ੍ਰ ਧੋਣ, ਸਤਿਗੁਰੂ ਸਾਹਿਬ ਤੇ ਸਤਿਸੰਗਤ ਜੀ ਨੂੰ ਪੱਖਾ ਕਰਨ ਆਦਿ ਅਨੇਕ ਪ੍ਰਕਾਰ ਦੀ ਸ਼ੁਭ ਸੇਵਾ ਸੱਚਾ ਇਸ਼ਨਾਨ ਸਮਝ ਕੇ,ਹੁਣ ਕਰ ਰਹੇ ਹਨ।

ਯਥਾ:- ਸਾਚਾ ਨਾਵਣੁ; ਗੁਰ ਕੀ ਸੇਵਾ॥ਵਾਹਿਗੁਰੂ ਜੀ ਹੁਣ ਪਰਮਪੂਜਨੀਕ ਪੰਜਵੇਂ ਸਰੂਪ 'ਚ ਰੋਮ ੨ ਕਰਕੇ,ਨਾਮ ਜਪਦਿਆਂ, ਉੱਬਲਦੀ ਦੇਗ 'ਚ ਬੈਠ ਰਹੇ ਹਨ, ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ, ਧੀਰਜ ਧਰ ਅਜਰ ਜਰ ਰਹੇ ਹਨ, ਭਾਣਾ ਮੰਨਣ ਗੁਰੂ ਜੀ ਤੋਂ ਕੁਰਬਾਨ ਹੋਣ ਦਾ ਸਬਕ ਸਿਖਾਅ ਰਹੇ ਹਨ। ਵਾਹਿਗੁਰੂ ਜੀ ਹੁਣ ਪਰਮਪੂਜਨੀਕ ਪਰਮ ਪਾਕ ਛੇਵੇਂ ਜਾਮੇ ਅੰਦਰ ਰੋਮ ੨ ਕਰਕੇ ਨਾਮ ਜਪਦਿਆਂ, ਆਪਣੇ ਸਿੱਖਾਂ ਲਈ ਅੱਗੇ ਵਧ ਕੇ,ਧਰਮ ਯੁੱਧ ਕਰ ਰਹੇ ਹਨ। ਵਾਹਿਗੁਰੂ ਜੀ ਹੁਣ ਪਰਮਪੂਜਨੀਕ ਸੱਤਵੇਂ ਜਾਮੇ ਅੰਦਰ ਗੁਰਬਾਣੀ ਦਾ ਅਥਾਹ ਸਤਿਕਾਰ ਕਰਦਿਆਂ, ਕਾਹਲੀ ਨਾਲ ਪਲੰਘੇ ਤੋਂ ਉੱਠ ਕੇ, ਆਪਣੇ ਗੋਡੇ 'ਤੇ ਚੋਟ ਖਾ ਰਹੇ ਹਨ। ਵਾਹਿਗੁਰੂ ਜੀ ਹੁਣ ਪਰਮਪੂਜਨੀਕ ਅੱਠਵੇਂ ਸਰੂਪ ਚ, ਮੰਜੀ ਸਾਹਿਬ ਜੀ 'ਤੇ ਸੁਭਾਇਮਾਨ ਹੋ ਕੇ, ਨਦਰਿ ਕਰੇ;ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ;ਰਹੈ ਲਿਵ ਲਾਇ॥ਅਨੁਸਾਰ ਵਿਸਮਾਦ ਪ੍ਰੇਮ 'ਚ ਢਲ ਕੇ,ਪਰਮਪਵਿੱਤ੍ਰ ਨਿੱਤਨੇਮ ਸਿਮਰਨ ਕਰ ਰਹੇ ਹਨ, ਉਸ ਦੇ ਪਾਵੇ ਮੋਮ ਵਾਂਗ ਢਲ ਰਹੇ ਹਨ, ਜਿਨ੍ਹਾਂ 'ਚ ਸਿੱਖ ਦੀ ਖੁਭੋਈ ਸੂਈ ਅਲੋਪ ਹੋ ਰਹੀ ਹੈ। ਪਰਮਪੂਜਨੀਕ ਨੌਵੇਂ ਸਰੂਪ 'ਚ ਵਾਹਿਗੁਰੂ ਜੀ ਹੁਣ ਦਿੱਲੀ ਚਾਂਦਨੀ ਚੌਂਕ ਵਿਖੇ, ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਅਜਪਾ ਜਾਪ ਕਰ ਰਹੇ ਹਨ। ਵਾਹਿਗੁਰੂ ਜੀ ਹੁਣ ਪਰਮਪੂਜਨੀਕ ਦਸਵੇਂ ਜਾਮੇ ਅੰਦਰ ਧਰਮ ਯੁੱਧ ਲੜਦਿਆਂ, ਸਿੱਖ ਸਿੱਖਣੀਆਂ ਮਾਤਾ ਪਿਤਾ ਚਾਰੇ ਸਾਹਿਬਜ਼ਾਦੇ ਹਾਥੀ ਘੋੜੇ ਫ਼ੌਜਾਂ ਸਭ ਕੁੱਝ ਕੁਰਬਾਨ ਕਰਦਿਆਂ, ਨਿਮਖ ੨ ਵਾਹਿਗੁਰੂ ੩ ਜਪ ਜਪਾ ਧਿਆ ਕਮਾ ਰਹੇ ਹਨ।

੮੫. ਵਾਹਿਗੁਰੂ ਮੰਤ੍ਰ ਜੀ ਕਿਨ੍ਹਾਂ ਨੇ ਕਮਾਏ? ਉਪ੍ਰੋਕਤ ਅਰਥਾਂ 'ਚ ਕਮਾਉਣ ਬਾਰੇ ਭੀ ਜ਼ਿਕਰ ਆ ਚੁੱਕਾ ਹੈ। ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਕਮਾਉਣ ਬਾਰੇ। ਯਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥) ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ; ਤਨੁ ਮਨੁ ਧਨੁ ਗੋਬਿੰਦ ਦੀਅਉ॥)ਰੇਤੁ ਅਕੁ ਆਹਾਰੁ ਕਰਿ,ਰੋੜਾ ਕੀ ਗੁਰ ਕਰੀ ਵਿਛਾਈ।ਭਾਰੀ ਕਰੀ ਤਪਸਿਆ;ਵਡੇਭਾਗੁ ਹਰਿ ਸਿਉ ਬਣਿ ਆਈ।(ਵਾਰ ੧) ਸੋ ਵਾਹਿਗੁਰੂ ਸਰੂਪ ਦਸਾਂ ਸਤਿਗੁਰੂ ਸਾਹਿਬ ਅਤੇ ਸਮੂੰਹ ਗੁਰੂ ਪ੍ਰੇਮੀ ਭਗਤਾਂ ਸਿੱਖਾਂ ਸ਼ਹੀਦਾਂ ਸੂਰਬੀਰਾਂ ਯੋਧਿਆਂ ਨੇ ਵਾਹਿਗੁਰੂ ਮੰਤ੍ਰ ਜੀ ਕਮਾਏ।

੮੬. ਵਾਹਿਗੁਰੂ ਮੰਤ੍ਰ ਜੀ ਕਦੋਂ ਉਚਾਰੇ? ਅਜਪਾ ਜਪ ਹੈਂ॥ ਅਨੁਸਾਰ ਵਾਹਿਗੁਰੂ ਸਰੂਪ ਸਤਿਗੁਰੂ ਸਾਹਿਬਾਨ ਜੀ ਦੇ ਅੰਦਰ ਹਰ ਸਮੇਂ ਹਰ ਥਾਂ ਜਾਪ ਹੁੰਦਾ ਰਹਿੰਦਾ ਹੈ। ਜਿਥੈ ਜਾਇ ਬਹੈ. ਮੇਰਾ ਸਤਿਗੁਰੂ; ਸੋ ਥਾਨੁ ਸੁਹਾਵਾ. ਰਾਮ ਰਾਜੇ॥ਅਨਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਜਿੱਥੇ ਬਹਿੰਦੇ, ਰੋਮ ੨ ਕਰਕੇ ਸਿਮਰਨ 'ਚ ਲੀਨ ਹੋ ਜਾਂਦੇ, ਵਾਹਿਗੁਰੂ ਜੀ ਦੇ ਸੱਚੇ ਚਰਨ ਕਮਲਾਂ 'ਚ ਸੁਰਤੀ ਐਸੀ ਲੀਨ ਹੁੰਦੀ, ਸ੍ਰੀਰ ਦਾ ਭੀ ਚੇਤਾ ਨਾ ਰਹਿੰਦਾ। ਯਥਾ:- ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ; ਸੂਧ ਨ. ਸਿਮਰਤ ਅੰਗ॥ਜਿਹੜੇ ਪ੍ਰੇਮੀ ਸੱਚੇ ਚਰਨ ਕਮਲਾਂ 'ਚ ਬੈਠੇ ਹੁੰਦੇ, ਉਹ ਪਰਮਪਵਿੱਤ੍ਰ ਨੂਰੀ ਸੁੰਦਰ ਅਨੰਦੀ ਵਿਸਮਾਦੀ ਦਰਸ਼ਨ ਕਰਕੇ ਸਿਮਰਨ 'ਚ ਲੀਨ ਹੋ ਜਾਂਦੇ।

ਜਿਹੜੇ ਦਰਸ਼ਨ ਕਰਨ ਜਾਂਦੇ ਉਹ ਭੀ ਮੱਥਾ ਟੇਕ ਕੇ ਚਰਨਾਂ 'ਚ ਬੈਠ ਕੇ,ਸਿਮਰਨ ਕਰਨ ਲੱਗ ਜਾਂਦੇ। ਸੱਚੇ ਸਤਿਗੁਰੂ ਸਾਹਿਬ ਦੇ ਸੁੰਦਰ ਦਰਸ਼ਨਾਂ ਦਾ ਐਸਾ ਪ੍ਰਭਾਵ ਸਭ ਦੇ ਮਨਾਂ 'ਤੇ ਪੈਂਦਾ, ਸਤਿਗੁਰੂ ਸਾਹਿਬ ਦੇ ਪ੍ਰਤਾਪ ਕਰਕੇ, ਸਤਿਗੁਰੂ ਸਾਹਿਬ ਦੇ ਪੂਰਨ ਪ੍ਰੇਮੀਆਂ ਦੀ ਖੰਡਾਂ ਬ੍ਰਹਮੰਡਾਂ 'ਚ ਵਿਆਪਕ ਬ੍ਰਹਮ 'ਚ ਲਿਵ ਲੱਗ ਜਾਂਦੀ।ਯਥਾ:-ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ;ਤ੍ਰਿਭਵਣ ਤਾੜੀ ਲਾਈ ਹੇ॥੧੦॥)ਖੰਡ ਬ੍ਰਹਮੰਡ ਰਹਿਆ ਲਿਵ ਲਾਏ॥੧੮॥ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਨੇ ਹਰ ਥਾਂ ਹਰ ਸੁਆਸ 'ਚ ਮਾਨ ਅਪਮਾਨ,ਮਿੱਤ੍ਰ ਸੱਤ੍ਰ,ਦੁੱਖ ਸੁਖ 'ਚ ਸਮਾਨ ਬ੍ਰਿਤੀ ਕਰਕੇ ਸਿਮਰਨ ਕੀਤਾ ਜੀ।ਰਚਨਾ ਦੇ ਰਚਨਹਾਰ ਨਿਰਗੁਨ ਬ੍ਰਹਮ ਜੀ ਰਚਨਾ ਰਚਨ ਤੋਂ ਪਹਿਲਾਂ,ਅਜਪਾ ਜਪ ਹੈਂ॥)ਆਪੈ ਜਪਹੁ ਆਪਨਾ ਜਾਪੁ॥ਅਨੁਸਾਰ ਆਪਣਾ ਜਾਪ ਲਗਾਤਾਰ ਆਪ ਕਰ ਰਹੇ ਸਨ।ਵਾਹਿਗੁਰੂ ਵਿਸਮਾਦ ਜਾਪ ਦੁਆਰਾ ਰਚਨਾ ਪ੍ਰਗਟ ਕੀਤੀ ਹੈ,ਇਸ ਖੰਡ ਬ੍ਰਹਮੰਡ ਦੀ ਰਚਨਾ 'ਚ ਭਰਪੂਰ ਵਿਆਪਕ ਹੋ ਕੇ ਆਪਣੇ ਅਸੰਖ ਬ੍ਰਹਮੰਡ ਦੀ ਰਚਨਾ ਸਮੇਤ, ਸਦਾ ਅਜਪਾ ਜਾਪ ਕਰ ਰਹੇ ਹਨ।ਯਥਾ:-ਸਭੈ ਘਟ ਰਾਮੁ ਬੋਲੈ;ਰਾਮਾ ਬੋਲੈ॥ਰਾਮ ਬਿਨਾ;ਕੋ ਬੋਲੈ ਰੇ॥)ਸਿਮਰੈ;ਧਰਤੀ ਅਰੁ ਆਕਾਸਾ॥ਸਿਮਰਹਿ;ਚੰਦ ਸੂਰਜ ਗੁਣਤਾਸਾ॥

੮੬. ਊੜਾ. ਵਾਹਿਗੁਰੂ ਮੰਤ੍ਰ ਜੀ ਕਿਉਂ ਉਚਾਰੇ? ਸ੍ਰਬੱਤ ਦੇ ਭਲੇ, ਜੀਆਂ ਦੇ ਔਗੁਣ ਵਿਕਾਰ ਹੰਗਤਾ ਚੌਰਾਸੀ ਦਾ ਗੇੜਾ ਜਮਾਂ ਦਾ ਡਰ ਮੇਟ ਕੇ, ਪ੍ਰੇਮਾ-ਭਗਤੀ ਸਹਿਤ ਨਿਰਗੁਨ ਸਰਗੁਨ ਜੀ ਦੀ ਏਕਤਾ ਬਖ਼ਸ਼ਣ ਲਈ ਉਚਾਰੇ।

੮੭. ਵਾਹਿਗੁਰੂ ਮੰਤ੍ਰ ਪ੍ਰਾਪਤ ਕਰਨ ਵਾਲਿਆਂ 'ਤੇ ਕੀ ਅਸਰ ਪਿਆ? ਵਾਹਿਗੁਰੂ ਸਰੂਪ ਸਤਿਗੁਰੂ ਪਹਿਲੇ ਪਾਤਿਸਾਹ ਜੀ ਤੋਂ ਵਾਹਿਗੁਰੂ ਮੰਤ੍ਰ ਪ੍ਰਾਪਤ ਕਰਕੇ, ਸਤਿਗੁਰੂ ਦੂਜੇ ਪਾਤਿਸਾਹ ਜੀ ਖੰਡਾਂ ਬ੍ਰਹਮੰਡਾਂ ਦੇ ਗੁਰੂ ਬਣੇ। ਯਥਾ:- ਨਾਨਕ ਗੁਰ ਤੇ ਗੁਰੁ ਹੋਇਆ; ਵੇਖਹੁ ਤਿਸ ਕੀ ਰਜਾਇ॥ ਸੱਚੇ ਸਤਿਗੁਰੂ ਸਾਹਿਬ ਜੀ ਤੋਂ ਵਾਹਿਗੁਰੂ ਮੰਤ੍ਰ ਪ੍ਰਾਪਤ ਕਰਨ ਵਾਲੇ ਬੇਅੰਤ ਬ੍ਰਹਮਗਿਆਨੀ ਮਹਾਂਪੁਰਸ਼ ਬਣੇ। ਪਰਮਪੂਜਨੀਕ ਵਾਹਿਗੁਰੂ ਸਰੂਪ ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਚਰਨੀਂ ਲੱਗਣੇ ਕਰਕੇ, ਵਾਹਿਗੁਰੂ ਮੰਤ੍ਰ ਦੇ ਅਨਹਦ ਵਾਜੇ ਪ੍ਰੇਮੀਆਂ ਦੇ ਅੰਦਰ ਵੱਜਣ ਲੱਗ ਜਾਂਦੇ। ਯਥਾ:- ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥ ਪ੍ਰੇਮੀਆਂ ਨੇ ਪੂਰਨ ਸਤਿਗੁਰੂ ਸਾਹਿਬ ਤੋਂ ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ਪਾ ਕੇ,ਅਪਣਾ ਸਭ ਕੁੱਝ ਗੁਰੂ ਜੀ ਤੋਂ ਕੁਰਬਾਨ ਕਰ ਦਿਤਾ। ਜਿਵੇਂ ਸੀਸ ਤਲੀ 'ਤੇ ਧਰ ਕੇ ਖੰਡਾ ਵਾਹੁਣਾ, ਸਾਢੇ ਸੱਤ ਮਹੀਨੇ ਦੀ ਕਰੜੀ ਭੁੱਖ ਸਹਾਰ ਕੇ, ਸੱਚੇ ਪਾਤਿਸਾਹ ਜੀ ਦੀ ਆਗਿਆ ਮੰਨਣੀ, ਵੈਰੀ ਦਾ ਪੁਰਜਾ ੨ ਕੱਟ ਕੇ ਸ਼ਹੀਦ ਹੋ ਜਾਣਾ, ਬੰਦ ੨ ਕਟਾਉਣੇ, ਚਰਖ਼ੜੀਆਂ 'ਤੇ ਚੜ੍ਹ ਜਾਣਾ, ਬੱਚਿਆਂ ਦਾ ਕਾਲ਼ਜੇ ਮੂੰਹ 'ਚ ਦੇਣ ਤੋਂ,ਸਬਰ ਸ਼ੁਕਰ 'ਚ ਰਹਿਣਾ, ਗੱਡੀਆਂ

ਦੇ ਸਾਹਮਣੇ ਪੈ ਜਾਣਾ, ਜੰਡਾਂ ਨਾਲ ਬੰਨ੍ਹ ਕੇ ਸਾੜੇ ਜਾਣਾ, ਦੇਗ ’ਚ ਉਬਾਲੇ ਜਾਣਾ, ਖੋਪਰੇ ਲੁਹਾਉਣੇ ਆਦਿ ਬੇਅੰਤ ਹੀ ਕੁਰਬਾਨੀਆਂ ਹੋਈਆਂ ਹਨ।

ਕਾਬਲ ਕੰਧਾਰ ਆਦਿ ਤੋਂ ਚੜ੍ਹ ਕੇ ਆਏ ਜ਼ਾਲਮਾਂ ਨਾਲ,ਵਾਹਿਗੁਰੂ ੨ ਜਪ ਕੇ ਧਰਮ-ਯੁੱਧ ਲੜ ਕੇ,ਉਨ੍ਹਾਂ ਤੋਂ ਨੌਜਵਾਨ ਬੱਚੀਆਂ ਨੂੰ ਛੁਡਾਉਣਾ,ਹਮਲਾਵਰਾਂ ਦਾ ਮੂੰਹ ਭੰਨਣਾ,ਸ਼ੇਰੇ ਪੰਜਾਬ, ਹਰੀ ਸਿੰਘ ਨਲੂਆ,ਅਕਾਲੀ ਫੂਲਾ ਸਿੰਘ ਜੀ ਬਾਬਾ ਸ਼ਾਮ ਸਿੰਘ ਜੀ ਅਟਾਰੀ ਵਾਲੇ, ਬਾਬਾ ਸਾਹਿਬ ਸਿੰਘ ਜੀ ਬੇਦੀ ਬ੍ਰਹਮਗਿਆਨੀ, ਸਤਿਗੁਰੂ ਸਾਹਿਬਾਨ ਜੀ ਦੇ ਦੂਲਿਆਂ ਸੂਰਬੀਰ ਬਹਾਦਰਾਂ ਨੇ ਕਾਬਲ ਪਸ਼ੌਰ ਨੂੰ ਜਿੱਤਣਾ ਬਹੁਤ ਵੱਡੀ ਬਹਾਦਰੀ ਹੈ। ਸੋ ਵਾਹਿਗੁਰੂ ਮੰਤ੍ਰ ਜੀ ਦਾ ਜੋ ਅਸਰ ਪਿਆ, ਉਸ ਬਾਰੇ ਕਾਗਦਿ ਕਲਮ ਨ ਲਿਖਣਹਾਰੁ॥ ਅਨੁਸਾਰ ਲਿਖਿਆ ਹੀ ਨਹੀਂ ਜਾ ਸਕਦਾ ਜੀ।

੮੮.ਸ਼ੰਕਾ:-ਜੇਕਰ ਅਰਦਾਸਿ ਪੂਰੀ ਨਾ ਹੋਵੇ ਤਾਂ ਬਿਰਥੀ ਕਦੇ ਨ ਹੋਵਈ;ਜਨ ਕੀ ਅਰਦਾਸਿ॥ਪੜ੍ਹ ਕੇ ਸ਼ੰਕਾ ਕਰਦੇ ਹਨ ਕਿ ਅਰਦਾਸਿ ਪੂਰੀ ਕਿਉਂ ਨ ਹੋਈ?ਉੱਤ੍ਰ:-ਅਗਲੀ ਤੁਕ ਨਾਲ ਜੋੜ ਕੇ ਸਹੀ ਅਰਥ ਕਰਨੇ।ਕਈ ਵਾਰੀ ਇੱਕ ਤੁਕ ਦੇ ਅਰਥ ਪੜ੍ਹ ਕੇ,ਅਸੀਂ ਗ਼ਲਤ ਸੋਚਦੇ ਹਾਂ।ਨਾਨਕ ਜੋਰੁ ਗੋਬਿੰਦ ਕਾ;ਪੂਰਨ ਗੁਣਤਾਸਿ॥ ਜਿਨ੍ਹਾਂ(ਜਨ)ਪਿਆਰਿਆਂ ਅੰਦਰ,(ਗੁਣ+ਤਾਸਿ)ਸਤ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਭਾਉ-ਭਗਤੀ ਸਹਿਨਸ਼ੀਲਤਾ,ਖਿਮਾ ਧੀਰਜ ਜਤ ਬ੍ਰਹਮ ਵਿੱਦਿਆ, ਨਿਰਗੁਨ ਸਰਗੁਨ ਜੀ ਦੀ ਏਕਤਾ ਸਹਿਤ,ਪੂਰਨ ਬ੍ਰਹਮਗਿਆਨ ਗੁਰਸ਼ਬਦ ਆਦਿ,ਸ੍ਰਬ ਵਿਆਪਕ ਵਿਸਮਾਦ ਅਨੰਤ ਸ਼ੁਭ ਗੁਣ ਦੇ(ਤਾਸਿ)ਖਜ਼ਾਨੇ ਪੂਰਨ (ਗੋਬਿੰਦ) ਅਕਾਲ ਪੁਰਖ ਜੀ ਦਾ (ਜੋਰੁ) ਬਲ ਹੈ,(ਜੋਰੁ)ਗਿਆਨ ਹੈ(ਜੋਰੁ)ਜੋੜ ਹੈ ਭਾਵ ਜੁੜੇ ਹੋਏ ਹਨ,ਉਨ੍ਹਾਂ ਦੀ ਅਰਦਾਸਿ ਕਦੇ ਭੀ ਰਜ਼ਾ ਤੋਂ ਉਲਟ(ਬਿਰਥੀ)ਨਿਕੰਮੀ ਨਹੀਂ ਹੁੰਦੀ।ਬਈ ਮੈਨੂੰ ਚੋਰੀ ਕਤਲ ਆਦਿ ਪਾਪ ਕਰਮ ’ਚ ਕਾਮਯਾਬੀ ਹੋਵੇ। ਉਹ ਤਾਂ ਰਜ਼ਾ ’ਚ ਰਹਿਣ ਦੀ ਸ੍ਰਬੱਤ ਦੇ ਭਲੇ ਦੀ ਹੀ ਮੰਗ ਕਰਦੇ ਹਨ। ਜਿਵੇਂ ਮਹਾਨ ਪਰਉਪਕਾਰੀ ਬਾਬੇ ਮਹਾਂ ਸਿੰਘ ਜੀ ਨੇ ਮਾਝੇ ਦੀ ਟੁੱਟੀ ਗੰਢਾਈ, ਬਾਬੇ ਦਾਨ ਸਿੰਘ ਜੀ ਨੇ ਮਾਲਵੇ ਦੀ ਟੁੱਟੀ ਗੰਢਾਈ, ਆਪਣੇ ਲਈ ਕੁੱਝ ਨਹੀਂ ਮੰਗਿਆ। ਸੋ ਹਰੀ ਦੇ ਜਨ ਕਾਮਨਾ ਦੇ ਤਿਆਗੀ ਹੋਣੇ ਕਰਕੇ,ਨਿੱਜੀ ਕਾਮਨਾ ਦੀ ਪੂਰਤੀ ਲਈ ਅਰਦਾਸਿ ਨਹੀਂ ਕਰਦੇ।ਜਿਵੇਂ ਧੰਨ ਬਾਬਾ ਕਿਦਾਰੀ ਜੀ।ਦੂਜਾ ਅਰਥ:-ਪਰਮਪੂਜਨੀਕ ਸ੍ਰੀ ਗੁਰਬਾਣੀ ਜੀ ਅੰਦਰ,ਜਨ ਸੱਚੇ ਸਤਿਗੁਰਾਂ ਨੂੰ ਭੀ ਕਿਹਾ ਹੈ।ਹਰਿ ਕੇ ਜਨ ਸਤਿਗੁਰ ਸਤ ਪੁਰਖਾ;(ਸਤ) ਸੱਚੇ ਅਕਾਲ(ਪੁਰਖਾ) ਪੁਰਖ ਜੀ ਦੇ ਜਨ,ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਕਰਕੇ ਸੱਚੇ ਸਤਿਗੁਰਾਂ ਦੀ ਅਰਦਾਸਿ ਜੋ ਅੰਮ੍ਰਿਤ ਗੁਰਬਾਣੀ ਹੈ,ਇਹ ਕਦੇ ਭੀ ਬਿਰਥੀ ਨਹੀਂ ਹੁੰਦੀ, ਸਾਰਿਆਂ ਸਮਿਆਂ ’ਚ ਸਾਰਿਆਂ ਥਾਵਾਂ ’ਤੇ,ਸ੍ਰਬੱਤ ਦਾ ਭਲਾ ਹਰ ਸਮੇਂ ਕਰ ਰਹੀ ਹੈ।ਖੰਡ ਬ੍ਰਹਮੰਡ ਅੰਦਰ ਅਨੇਕ ਪ੍ਰੇਮੀਂ

ਪਰਮਪੂਜਨੀਕ ਸ੍ਰੀ ਗੁਰਬਾਣੀ ਜੀ ਪੜ੍ਹ ਸੁਣ ਕੇ ਨਿਹਾਲ ਹੋ ਰਹੇ ਹਨ। ਤੀਜਾ ਅਰਥ:-ਹਰੀ ਦੇ(ਜਨ)ਭਗਤ ਕਬੀਰ ਸਾਹਿਬ ਜੀ, ਭਗਤ ਨਾਮਦੇਵ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਆਦਿ ਮਹਾਂਪੁਰਖਾਂ ਜੀ ਦੀ ਕੀਤੀ ਹੋਈ ਅਰਦਾਸਿ ਕਦੇ ਭੀ ਬਿਰਥੀ ਨਹੀਂ ਹੁੰਦੀ, ਜੋ ਵਾਹਿਗੁਰੂ ਜੀ ਦੇ ਅੱਗੇ ਅਰਦਾਸਿ ਕਰਨ ਉਹੋ ਹੀ ਪੂਰੀ ਹੋ ਜਾਂਦੀ ਹੈ। ਕੀਤਾ ਲੋੜਨਿ ਸੋਈ ਕਰਾਇਨਿ;ਦਰਿ ਫੇਰੁ ਨ ਕੋਈ ਪਾਇਦਾ॥

੮੯.ਜਤ ਕਤ ਦੇਖਉ.ਤਤ ਤਤ ਤੁਮ ਹੀ;ਮੋਹਿ ਇਹੁ ਬਿਸੁਆਸੁ ਹੋਇ ਆਇਓ॥ਕੈ ਪਹਿ ਕਰਉ ਅਰਦਾਸਿ ਬੇਨਤੀ;ਜਉ ਸੁਨਤੋ ਹੈ ਰਘੁਰਾਇਓ॥੧॥ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:-(ਮੋਹਿ) ਦਾਸਨ ਦਾਸ(ਜਤ)ਜਿੱਥੇ(ਕਤ)ਕਿੱਥੇ ਦੇਖਦਾ ਹੈ, (ਤਤ ਤਤ)ਤਿੱਥੇ ੨(ਤੁਮ)ਆਪ ਜੀ ਹੀ ਸ੍ਰਬ ਵਿਆਪੀ ਮਹਾਂ ਵਿਸਮਾਦ ਭਰਪੂਰ ਹੋਂ ਰਹੇ ਹੋਂ ਜੀ। ਆਪ ਜੀ ਦੀ ਕ੍ਰਿਪਾ ਦੁਆਰਾ ਇਹ(ਬਿਸੁਆਸੁ)ਭਰੋਸਾ (ਹੋਇ) ਹੋ(ਆਇਓ) ਆਇਆ ਹੈ। ਇਸ ਲਈ ਅਨਤ ਕਲਾਵਾਨ ਸ੍ਰਬ ਵਿਆਪੀ ਮਹਾਂ ਵਿਸਮਾਦ ਭਰਪੂਰ ਵਿਆਪਕ ਸੱਚ ਸਰੂਪ ਆਪਜੀ ਨੂੰ ਛੱਡ ਕੇ,ਹੋਰ (ਕੈ) ਕਿਸ ਦੇ (ਪਹਿ) ਪਾਸ ਅਰਦਾਸਿ ਬੇਨਤੀ ਕਰਾਂ? (ਜਉ) ਜਦੋਂ ਹੇ ਵਿਆਪਕ (ਰਘੁਰਾਇਓ) ਸੱਚੇ ਵਾਹਿਗੁਰੂ ਜੀ! ਆਪ ਜੀ ਦਾਸਨ ਦਾਸ ਦੀ ਬੇਨਤੀ ਸੁਣਦੇ ਹੋਂ ਜੀ,ਭਾਵ ਜਦੋਂ ਵਿਆਪਕ ਵਾਹਿਗੁਰੂ ਜੀ ਅਰਦਾਸਿ ਸੁਣ ਰਹੇ ਹਨ,ਤਦੋਂ ਵਿਆਪਕ ਨੂੰ ਛੱਡ ਕੇ ਹੋਰ ਕਿਸ ਦੰਭੀ ਗੁਰੂ ਦੇ ਪਾਸ ਅਰਦਾਸਿ ਬੇਨਤੀ ਕਰੀਏ? ਅੰਤਰਜਾਮੀ ਵਿਆਪਕ ਅੱਗੇ ਤਾਂ ਅਰਦਾਸਿ ਨਮਸਕਾਰ ਹਮੇਸ਼ਾ ਹੀ ਕਰਦੇ ਰਹਿਣਾ ਚਾਹੀਦਾ ਹੈ।

੯੦.ਵਿਣੁ ਬੋਲਿਆ ਸਭੁ ਕਿਛੁ ਜਾਣਦਾ; ਕਿਸੁ ਆਗੈ ਕੀਚੈ ਅਰਦਾਸਿ॥ਸੱਚੇ ਸਤਿਗੁਰੂ ਪ੍ਰਭੂ ਸ੍ਰੀ ਗੁਰੂ ਤੀਜੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-ਦਾਸਨਦਾਸ ਦੇ ਸਤਿਗੁਰੂ ਪ੍ਰਭੂ ਸ੍ਰੀ ਗੁਰੂ ਦੂਜੇ ਪਾਤਿਸਾਹ ਜੀ,(ਵਿਣੁ)ਬਿਨਾ(ਬੋਲਿਆ)ਬੋਲਣ ਦੇ ਸਭੁ ਕਿਛੁ(ਜਾਣਦਾ)ਜਾਣਦੇ ਹਨ। ਐਸੇ ਅੰਤਰਜਾਮੀ ਅਨਤ ਕਲਾਵਾਨ ਮੇਹਰਵਾਨ ਪੂਰਨ ਸੱਚੇ ਸਤਿਗੁਰਾਂ ਨੂੰ ਛੱਡ ਕੇ,ਹੋਰ ਕਿਸੁ ਆਗੈ ਅਰਦਾਸਿ(ਕੀਚੈ)ਕਰਨਾ ਕਰੇ? ਪੂਰਨ ਪ੍ਰਪੱਕ ਨਿਸ਼ਚਾ ਜਣਾਇਆ ਹੈ, ਕਿ ਮੇਰੇ ਸਤਿਗੁਰੂ ਜੀ ਅੰਤਰਜਾਮੀ ਹਨ। ਸੱਚੇ ਸਤਿਗੁਰਾਂ ਦੇ ਅੱਗੇ ਅਰਦਾਸਿ ਨਮਸਾਕਾਰ ਹਰ ਸੁਆਸ ਕਰਨੀ ਹੀ ਹੈ। ਯਥਾ:-ਜੀਅ ਕੀ ਬਿਰਥਾ ਹੋਇ;ਸੁ ਗੁਰ ਪਹਿ ਅਰਦਾਸਿ ਕਰਿ॥ਸੱਚੇ ਸਤਿਗੁਰਾਂ ਤੋਂ ਬਿਨਾ ਹੋਰ ਕਿਸੇ ਅੱਗੇ ਅਰਦਾਸਿ ਨਹੀਂ ਕਰਨੀ। ਅਰਦਾਸਿ ਤੋਂ ਮਨਾਹੀ ਦੇ ਅਰਥ ਨਹੀਂ ਕਰਨੇ। ੧.ਅਰਦਾਸਿ ਮਗਰੋਂ ਹੁਕਮਨਾਮਾ ਲੈਣਾ ਅਤੀ ਹੀ ਜ਼ਰੂਰੀ ਹੈ। ਪਰ ਜੇ ਕਿਸੇ ਦੇ ਦਿਲ ਦੀ ਰੀਝ ਪ੍ਰੇਮ ਹੋਵੇ ਤਾਂ ਪਹਿਲਾਂ ਭੀ ਲੈ ਸਕਦਾ ਹੈ। ਅਰਦਾਸਿ ਤੋਂ ਮਗਰੋਂ ਲੈਣਾ ਤਾਂ ਅਤੀ ਹੀ ਜ਼ਰੂਰੀ ਹੈ।

ਸ੍ਰਬੱਤ ਸਚਿਆਰੇ ਪ੍ਰੇਮੀਆਂ ਦੇ ਚਰਨਾਂ 'ਤੇ ਮੱਥਾ ਰੱਖ ਕੇ ਖ਼ਾਸ ਨਿਮ੍ਰਤਾ ਸਹਿਤ ਪ੍ਰੇਮ ਬੇਨਤੀ ਹੈ ਆਪ ਅਰਦਾਸਿ ਚੇਤੇ ਕਰਨ ਆਪਣੇ ਬੱਚਿਆਂ ਨੂੰ ਕਰਾਉਣ।

੯੧.ਕਈ ਸ਼ੰਕਾ ਕਰਦੇ ਹਨ,ਕਿ ਇਹ ਸ਼ੁਭ ਬਚਨ,ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਲਿਖੇ?ਰਾਜਾਨ ਰਾਜ॥ਸ੍ਰੀ ਗੁਰੂ ਦਸਵੇਂ ਪਾਹਿਤਾਹ ਜੀ ਨੇ ਚਵਰ ਤਖ਼ਤ ਦੇ ਮਾਲਕ,ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇ ਕੇ,ਆਗਿਆ ਭਈ ਅਕਾਲ ਕੀ;ਤੋਂ ਬਚੈ ਸ਼ਰਨ ਜੋ ਹੋਇ॥ਤੱਕ।ਸ੍ਰੀ ਮੁਖਵਾਕ ਫ਼ੁਰਮਾਏ ਹਨ।ਜਿਵੇਂ ਦਸਾਂ ਪਾਤਿਸਾਹਾਂ ਨੇ ਗੁਰਤਾ-ਗੱਦੀ ਦੇਣ ਤੋਂ ਬਾਅਦ,ਸ਼ੁਭ ਸਿੱਖਿਆ ਰੂਪ ਅਮੋਲਕ ਬਚਨ,ਜਿਨ੍ਹਾਂ ਸੱਚੇ ਸਤਿਗੁਰਾਂ ਨੂੰ ਗੁਰਤਾ ਦਿੰਦੇ ਰਹੇ,ਉਨ੍ਹਾਂ ਨੂੰ ਸ਼ੁਭ ਉਪਦੇਸ਼ ਅਤੇ ਸਤਿਸੰਗਤ ਨੂੰ ਉਨ੍ਹਾਂ ਦੀ ਸੇਵਾ ਪੂਜਨ ਮੰਨਣ ਬਾਰੇ ਕਹੇ ਹਨ।ਐਸੇ ਬੇਅੰਤ ਹੀ ਅਮੋਲਕ ਬਚਨ ਹਨ,ਜੋ ਲਿਖਤ ਰੂਪ ਜਾਂ ਸੀਨੇ ਬਸੀਨੇ ਚਲੇ ਆਉਂਦੇ ਹਨ। ਸ਼ਰਧਾਵਾਨ ਪ੍ਰੇਮੀ ਸ਼ਰਧਾ ਸਹਿਤ ਮੰਨਦੇ ਹਨ।ਬੇਅੰਤ ਹੀ ਰਹਿਤਨਾਮਿਆਂ 'ਚ ਬਚਨ ਆਏ ਹਨ।ਇਸ 'ਚ ਅਕਾਲ ਪੁਰਖ ਜੀ ਦੀ ਆਗਿਆ ਤੇ ਸ਼ਬਦ ਨੂੰ ਗੁਰੂ ਮੰਨ ਕੇ,ਸ਼ਰਧਾ ਪ੍ਰੇਮ ਸਹਿਤ ਖੋਜ ਕਰਕੇ,ਪ੍ਰਭੂ ਜੀ ਨਾਲ ਮਿਲਣ ਦਾ ਸ਼ੁਭ ਸੱਚਾ ਉਪਦੇਸ਼ ਹੈ।ਕਿਤਨੀ ਨਿਮ੍ਰਤਾ ਹੈ, ਜੋ,ਆਗਿਆ ਭਈ ਅਕਾਲ ਕੀ;ਕਿਹਾ ਹੈ।ਗੁਰਬਾਣੀ 'ਚ ਭੀ ਸ਼ਬਦ ਨੂੰ ਗੁਰੂ ਪੀਰ ਮੰਨਣ ਦਾ ਉਪਦੇਸ਼ ਹੈ।ਸਬਦੁ ਗੁਰ ਪੀਰਾ ਗਹਿਰ ਗੰਭੀਰਾ;ਬਿਨੁ ਸਬਦੈ ਜਗੁ ਬਉਰਾਨੰ॥ਪਰਮ ਪੂਜਨੀਕ ਗੁਰਬਾਣੀ ਦੇ ਆਸ਼ੇ ਅਨੁਸਾਰ,ਕਹੇ ਹੀਰੇ ਲਾਲ ਅਮੋਲਕ ਸ਼ੁਭ ਬਚਨਾਂ ਨੂੰ ਰੋਮ ੨ ਕਰਕੇ ਕੋਟਾਨ ਕੋਟਿ ਸਦਾ ੨ ਨਮਸਕਾਰ ਹੈ ਜੀ।ਸ਼ੰਕਾ ਪਾਉਣ ਵਾਲਿਆਂ ਨੂੰ,ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਆਪਣਾ ਪ੍ਰੇਮ ਬਖ਼ਸ਼ਣ।

ਆਗਿਆ ਭਈ ਅਕਾਲ ਕੀ;ਤੋਂ ਬਚੈ ਸ਼ਰਨ ਜੋ ਹੋਇ॥ਤੱਕ।ਰਾਜਾਨ ਰਾਜ॥ਸ੍ਰੀ ਗੁਰੂ ਦਸਵੇਂ ਪਾਤਿਸਾਹ ਜੀ ਨੇ ਚਵਰ ਤਖ਼ਤ ਦੇ ਮਾਲਕ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇ ਕੇ,ਇਹ ਅਮੋਲਕ ਸ਼ੁਭ ਬਚਨ ਫ਼ੁਰਮਾਏ ਹਨ। ਜੇ ਕੋਈ ਸ਼ੰਕਾ ਕਰੇ ਕਿ ਇਹ ਬਚਨ ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਲਿਖੇ?ਜਿਵੇਂ ਦਸਾਂ ਪਾਤਿਸਾਹਾਂ ਨੇ ਗੁਰਤਾ-ਗੱਦੀ ਦੇਣ ਤੋਂ ਬਾਅਦ ਸ਼ੁਭ ਸਿੱਖਿਆ ਰੂਪ ਅਮੋਲਕ ਬਚਨ,ਜਿਨ੍ਹਾਂ ਸੱਚੇ ਸਤਿਗੁਰਾਂ ਨੂੰ ਗੁਰਤਾ ਦਿੰਦੇ ਰਹੇ,ਉਨ੍ਹਾਂ ਨੂੰ ਸ਼ੁਭ ਉਪਦੇਸ਼ ਅਤੇ ਸਤਿਸੰਗਤ ਜੀ ਨੂੰ ਉਨ੍ਹਾਂ ਦੀ ਸ਼ੁਭ ਸੱਚੀ ਸੇਵਾ ਪੂਜਨ ਮੰਨਣ ਬਾਰੇ ਕਹੇ ਹਨ। ਐਸੇ ਬੇਅੰਤ ਹੀ ਅਮੋਲਕ ਬਚਨ ਹਨ, ਜੋ ਲਿਖਤ ਰੂਪ ਜਾਂ ਸੀਨੇ ਬਸੀਨੇ ਚਲੇ ਆਉਂਦੇ ਹਨ। ਸ਼ਰਧਾਵਾਨ ਪ੍ਰੇਮੀ ਸ਼ਰਧਾ ਸਹਿਤ ਮੰਨਦੇ ਹਨ।ਬੇਅੰਤ ਹੀ ਰਹਿਤਨਾਮਿਆਂ 'ਚ ਬਚਨ ਆਏ ਹਨ। ਇਸ 'ਚ ਅਕਾਲ ਪੁਰਖ ਜੀ ਦੀ ਆਗਿਆ ਤੇ ਸ਼ਬਦ ਨੂੰ ਗੁਰੂ ਮੰਨ ਕੇ ਸ਼ਰਧਾ ਪ੍ਰੇਮ ਸਹਿਤ ਖੋਜ ਕਰਕੇ ਪ੍ਰਭੂ ਨਾਲ ਮਿਲਣ ਦਾ ਉਪਦੇਸ਼ ਹੈ।ਕਿਤਨੀ ਨਿਮ੍ਰਤਾ ਹੈ, ਜੋ,ਆਗਿਆ ਭਈ ਅਕਾਲ ਕੀ;ਕਿਹਾ ਹੈ।ਗੁਰਬਾਣੀ 'ਚ ਭੀ ਸ਼ਬਦ ਨੂੰ ਗੁਰੂ ਪੀਰ ਮੰਨਣ ਦਾ ਉਪਦੇਸ਼ ਹੈ।ਯਥਾ:-ਸਬਦੁ ਗੁਰ ਪੀਰਾ ਗਹਿਰ ਗੰਭੀਰਾ;ਬਿਨੁ ਸਬਦੈ ਜਗੁ ਬਉਰਾਨੰ॥ਪਰਮਪੂਜਨੀਕ ਗੁਰਬਾਣੀ ਦੇ ਆਸ਼ੇ ਅਨੁਸਾਰ ਕਹੇ ਬਚਨਾਂ ਨੂੰ,ਦਾਸਨ ਦਾਸ ਰੋਮ ੨ ਕਰਕੇ ਕੋਟਾਨ ਕੋਟਿ ਸਦਾ ੨ ਨਮਸਕਾਰ ਕਰਦਾ ਹੈ।ਸ਼ੰਕਾ ਪਾਉਣ ਵਾਲਿਆਂ ਨੂੰ ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਆਪਣਾ ਪ੍ਰੇਮ ਬਖ਼ਸ਼ਣ।ਆਗਿਆ ਅਕਾਲ ਇਹੋ ਗੁਰੂ ਗ੍ਰੰਥ ਬਾਣੀ ਮੰਨੋ; ਖਾਲਸੇ ਦੀ ਸੰਗਤਿ ਤੇ ਨਾਮੁ ਰੰਗ ਮਾਣੀਏ॥ ਹੇ ਪਿਆਰੇ ਖ਼ਾਲਸਾ

ਜੀ! ਇਹੋ ਹੀ ਅਕਾਲ ਪੁਰਖੁ ਜੀ ਦੀ ਪਰਮਪਵਿੱਤ੍ਰ ਆਗਿਆ ਹੈ, ਕਿ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਪਰਮਪਵਿੱਤ੍ਰ ਅੰਮ੍ਰਿਤ ਬਾਣੀ ਜੀ ਦੇ ਅੱਖਰ ੨ 'ਤੇ ਗੁਰੂ ਭਾਵਨਾ ਧਾਰ ਕੇ,ਪੂਰਨ ਸੱਚੇ ਗੁਰੂ ਜੀ ਮੰਨੋ।ਗੁਰੂ ਖ਼ਾਲਸੇ ਜੀ ਦੀ ਸੰਗਤਿ ਦਾ ਅਤੇ ਨਾਮੁ ਦਾ (ਰੰਗ) ਅਨੰਦ (ਮਾਣੀਏ)ਮਾਨਣਾ ਕਰੋ।ਸ੍ਰੀ ਮੁਖਵਾਕ ਪਾਤਸ਼ਾਹੀ ੧੦॥ਆਗਿਆ ਭਈ ਅਕਾਲ ਕੀ;ਤਬੀ ਚਲਾਇਓ ਪੰਥ॥ਪ੍ਰਭੂ ਸਤਿਗੁਰੂ (੧੦) ਦਸਵੀਂ ਪਾਤਸ਼ਾਹੀ ਜੀ ਆਪਣੇ (ਸ੍ਰੀ) ਸੋਭਾ ਵਾਲੇ ਸੁਭਾਇਮਾਨ,ਸ਼੍ਰੋਮਣੀ ਮੁਖ 'ਚੋਂ (ਮੁਖਵਾਕ)ਹੁਕਮ ਉਚਾਰਦੇ ਹਨ:- ਹੇ ਪਿਆਰਿਓ!ਦਾਸਨਦਾਸ ਨੂੰ,ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥
ਅਨੁਸਾਰ ਜਦੋਂ(ਅਕਾਲ) ਕਾਲ ਰਹਿਤ,ਅਕਾਲ ਪੁਰਖੁ ਜੀ ਕੀ ਆਗਿਆ (ਭਈ)ਹੋਈ,(ਤਬੀ) ਤਦੋਂ ੧੭੫੬ ਬਿੱਕ੍ਰਮੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ,ਖ਼ਾਲਸਾ ਸਾਜ ਕੇ,ਖ਼ਾਲਸਾ ਪੰਥ ਜੀ (ਚਲਾਇਓ)ਚਲਾਏ।{ਧੰਨ ੩ ਸਤਿਗੁਰੂ ਕਿਤਨੀ ਨਿਮ੍ਰਤਾ ਹੈ।}ਸਭ ਸਿਖਨ ਕੋ ਹੁਕਮ ਹੈ;ਗੁਰੂ ਮਾਨੀਓ ਗ੍ਰੰਥ॥੧॥ ਸਭ ਸਿਖਨ (ਕੋ)ਨੂੰ ਅਕਾਲ ਪੁਰਖੁ ਜੀ ਦਾ ਸ੍ਰਬੱਤ ਦੇ ਭਲੇ ਦਾ ਪਰਮਪਵਿੱਤ੍ਰ ਸੱਚਾ ਹੁਕਮ ਹੈ,ਕਿ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ,ਅੱਖਰ ੨ 'ਤੇ ਗੁਰੂ ਭਾਵਨਾ ਧਾਰ ਕੇ,ਪੂਰਨ ਗੁਰੂ ਪੂਰਨ ਬ੍ਰਹਮ ਸਰੂਪ ਜੀ ਸਮਝ ਕੇ,ਨਿਸਚੇ ਸਿਦਕ ਭਰੋਸੇ ਨਾਲ (ਮਾਨੀਓ)ਮੰਨਣੇ ਮੰਨਾਉਣੇ ਪੂਜਣੇ ਪੂਜਾਉਣੇ।ਗੁਰੂ ਗ੍ਰੰਥ ਜੀ ਮਾਨੀਯੋ;ਪ੍ਰਗਟ ਗੁਰਾਂ ਕੀ ਦੇਹ॥ ਸ੍ਰੇਸ਼ਟ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਜੀ ਦੀ ਹਾਜ਼ਰ ਨਾਜ਼ਰ ਪ੍ਰਗਟ ਦੇਹ ਕਰਕੇ (ਮਾਨੀਯੋ)ਮੰਨਣੇ ਪੂਜਣੇ ਨਮਸਕਾਰਨੇ। ਜੋ ਪ੍ਰਭੁ ਕੋ ਮਿਲਬੋ ਚਹੈ;ਖੋਜ ਸ਼ਬਦ ਮੈ ਲੇਹ॥੨॥ ਜੋ ਪ੍ਰੇਮੀ (ਪ੍ਰਭੁ) ਸਮਰੱਥ ਵਾਹਿਗੁਰੂ ਜੀ (ਕੋ)ਨੂੰ (ਮਿਲਬੋ)ਮਿਲਣਾ (ਚਹੈ)ਚਾਹੇ, ਉਹ ਗੁਰਸ਼ਬਦ (ਮੈ) ਵਿੱਚ ਖੋਜ ਕਰਕੇ ਮਿਲ (ਲੇਹ)ਲਵੇ।ਰਾਜ ਕਰੇਗਾ ਖ਼ਾਲਸਾ;ਆਕੀ ਰਹੈ ਨ ਕੋਇ॥(ਖ਼ਾਲਸਾ)ਸੱਚੇ ਸਤਿਗੁਰੂ ਗ੍ਰੰਥ ਸਾਹਿਬ ਅਜਪਾ ਜਾਪ ਵਾਹਿਗੁਰੂ ਜੀ,ਸਭ ਬ੍ਰਹਮੰਡਾਂ ਧਰਮਾਂ ਮਨਾਂ ਜੀਆਂ ਇੰਦ੍ਰਿਆਂ ਦੇਵਤਿਆਂ ਦੈਂਤਾਂ ਚੱਕ੍ਰਵਰਤੀ ਪਾਤਿਸਾਹਾਂ ਤੱਤਾਂ ਖਾਣੀਆਂ ਬਾਣੀਆਂ 'ਤੇ ਜੁੱਗੋ ਜੁੱਗ ਅਟੱਲ ਰਾਜ (ਕਰੇਗਾ)ਕਰਨਗੇ।ਅਥਵਾ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਅਜਪਾ ਜਾਪ ਵਾਹਿਗੁਰੂ ਜੀ ਦੇ ਸੱਚੇ ਚਰਨ-ਕਮਲਾਂ 'ਚ ਲੀਣ, ਗੁਰੂ ਜੀ ਦੇ ਆਗਿਆਕਾਰੀ ਅਨੁਸਾਰੀ ਸ਼ੁੱਧ ਖ਼ਾਲਸਾ ਪੰਥ ਜੀ ਸਦਾ ਰਾਜ ਕਰਨਗੇ।ਕੋਇ ਭੀ ਆਕੀ ਨ (ਰਹੈ) ਰਹੇਗਾ।

੬੨.ਅੰਮ੍ਰਿਤ ਛਕਣ ਤੋਂ ਪਹਿਲਾਂ ਭੀ ਦੁਨੀਆਂ ਤਰਦੀ ਸੀ,ਹੁਣ ਅੰਮ੍ਰਿਤ ਛਕਣ ਦੀ ਕੀ ਲੋੜ ਹੈ?ਵਾਹਿਗੁਰੂ ਵਿਆਪਕ ਬ੍ਰਹਮ ਜੀ ਜਿਨ੍ਹਾਂ ਨੇ ਕੋਟਾਨ ਕੋਟਿ ਖੰਡ ਬ੍ਰਹਮੰਡ ਰਚੇ ਹਨ,ਹੁਣ ਸਾਰੀ ਰਚਨਾ ਨੂੰ ਮਰਯਾਦਾ 'ਚ ਚਲਾ ਰਹੇ ਹਨ,ਅਨੰਤ ਬ੍ਰਹਮੰਡ ਜਿਨ੍ਹਾਂ ਨੂੰ ਨਮਸਕਾਰ ਕਰ ਰਹੇ ਹਨ,ਤਿਨ੍ਹਾਂ ਨੇ ਵਾਹਿਗੁਰੂ ਦਸਵੇਂ ਸਤਿਗੁਰੂ ਨਾਨਕ ਸਾਹਿਬ ਸਰੂਪ 'ਚ ਬਖ਼ਸ਼ਿਸ਼ ਕਰਦਿਆਂ ਖੰਡੇ ਬਾਟੇ ਦਾ ਅੰਮ੍ਰਿਤ ਬਖ਼ਸ਼ਿਆ ਹੈ,ਵਾਧਾ ਇਹ ਹੈ ਕਿ ਆਪ ਸੱਚੇ ਗੁਰੂ ਸੱਚ ਸਰੂਪ ਪੂਰਨ ਬ੍ਰਹਮ ਜੀ ਦੇ ਅਵਤਾਰ ਹੁੰਦਿਆਂ,ਆਪ ਚੇਲੇ ਬਣੇ,ਦਾਤੇ ਹੁੰਦਿਆਂ ਮੰਗਤੇ ਬਣੇ।ਯਥਾ:- ਰਹਿਣੀ ਰਹੈ ਸੋਈ ਸਿਖ ਮੇਰਾ।ਓਹੁ ਠਾਕੁਰੁ ਮੈ ਉਸ ਕਾ

ਚੇਰਾ॥)ਹਰਿ ਗੁਰੁ ਗੋਬਿੰਦ ਧਿਆਈਐ;ਸਚਿ ਅੰਮ੍ਰਿਤ ਵੇਲਾ॥ਵਾਹੁ ਵਾਹੁ ਗੁਰ ਗੋਬਿੰਦ ਸਿੰਘ;ਆਪੇ ਗੁਰੁ ਚੇਲਾ।)ਪੀਵਹੁ ਪਾਹੁਲ ਖੰਡੇਧਾਰ;ਹੁਇ ਜਨਮ ਸੁਹੇਲਾ।ਗੁਰ ਸੰਗਤਿ ਕੀਨੀ ਖ਼ਾਲਸਾ;ਮਨਮੁਖੀ ਦੁਹੇਲਾ।ਵਾਹੁ ਵਾਹੁ ਗੁਰ ਗੋਬਿੰਦ ਸਿੰਘ;ਆਪੇ ਗੁਰੁ ਚੇਲਾ।) ਰਹਿਣੀ ਰਹੈ;ਸੋਈ ਸਿਖ ਮੇਰਾ।ਓਹੁ ਠਾਕੁਰੁ;ਮੈ ਉਸ ਕਾ ਚੇਰਾ।)

ਬਹੁ ਗਿਣਤੀ 'ਚ ਭੇਖੀ ਪਖੰਡੀ ਲੋਕ ਆਪਣਾ ਜੂਠਾ ਲੰਗਰ 'ਚ ਮਿਲਾ ਕੇ,ਆਪ ਹੀ ਭੋਗ ਲਾ ਕੇ ਲੋਕਾਂ ਨੂੰ ਛਕਾਉਂਦੇ ਸਨ।ਹੁਣ ਭੀ ਛਕਾਉਂਦੇ ਹਨ,ਜਿਸ ਤੋਂ ਬਿਅੰਤ ਹੀ ਬਿਮਾਰੀਆਂ ਪੈਦਾ ਹੁੰਦੀਆਂ ਹਨ। ਇਸ ਦੋਸ਼ ਦੀ ਨਿਵਿਰਤੀ ਲਈ ਪੂਰਨ ਸੱਚੇ ਸਤਿਗੁਰੂ ਸਾਹਿਬ ਜੀ ਨੇ ਕ੍ਰਿਪਾਨ ਭੇਟ ਕਰਕੇ ਪ੍ਰਸ਼ਾਦਿ ਵਰਤਾਉਣ ਦੀ ਸ਼ੁਭ ਸੱਚੀ ਮਰਯਾਦਾ ਬਖ਼ਸੀ।ਪਖੰਡੀ ਜਤ ਸਤ ਦੇ ਕੱਚੇ ਲੋਕ,ਪਰਜਾ ਨੂੰ ਭੂਤਾਂ ਵਾਂਗ ਦੁੱਖ ਦੇ ਰਹੇ ਸਨ,ਆਪੋ ਆਪਣੇ ਕੱਚੇ ਮੰਤ੍ਰ ਬਣਾ ਕੇ,ਕੱਚੇ ਗੁਰੂ ਬਣਦੇ ਸਨ।ਸੱਚੇ ਸਤਿਗੁਰੂ ਸਾਹਿਬ ਜੀ ਨੇ ਸਭ ਪਖੰਡੀਆਂ ਦੇ ਅਧਿਕਾਰ ਖੋਹ ਲਏ।ਪ੍ਰਜਾ ਨੂੰ ਗੁੰਮਰਾਹ ਕਰਕੇ ਲੁੱਟਣ ਖਾਣ ਵਾਲੇ,ਸੱਚੇ ਸਤਿਗੁਰੂ ਸਾਹਿਬ ਜੀ ਤੋਂ ਨਿਸ਼ਰਧਕ ਕਰਨ ਲਈ ਇਹ ਕਹਿੰਦੇ ਹਨ।"ਪਹਿਲਾਂ ਪੈਦਲ ਸਫ਼ਰ ਕਰੀਦਾ ਸੀ,ਹੁਣ ਹਵਾਈ ਜਹਾਜ਼ ਰਾਕਟ ਬਣ ਗਏ ਹਨ।ਸਤਿਗੁਰਾਂ ਦੀ ਮਰਯਾਦਾ ਪੁਰਾਤਨ ਹੈ,ਹੁਣ ਇਸ ਦੀ ਕੀ ਲੋੜ ਹੈ?"ਐਸੀਆਂ ਕੂੜੀਆਂ ਗੱਲਾਂ ਕਰਕੇ ਸਤਿਗੁਰਾਂ ਦੀ ਕਮਾਈ ਨੂੰ ਲੁਕੋਂਦੇ ਹਨ।ਦਸਾਂ ਜਾਮਿਆਂ ਅੰਦਰ ਘਾਲ ਕਮਾਈ ਕਰਕੇ ਫੇਰ ਐਡੀ ਵੱਡੀ ਦਾਤ ਬਖ਼ਸ਼ੀ ਹੈ।

ਧੰਨ ਅਜਪਾ ਜਾਪ ਵਾਹਿਗੁਰੂ ਪੰਜਵੇਂ ਪਾਤਿਸ਼ਾਹ ਜੀ ਉੱਬਲਦੀ ਦੇਗ 'ਚ ਬੈਠੇ,ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਨੇ ਸੀਸ ਕੁਰਬਾਨ ਕੀਤਾ,ਆਪਣਾ ਸ੍ਰਵੰਸ ਕੁਰਬਾਨ ਕਰਨ ਵਾਲੇ,ਧੰਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਅਮੋਲਕ ਦਾਤ ਬਖ਼ਸ਼ੀ ਹੈ।ਸਤਿਗੁਰਾਂ ਦੀ ਸ਼ਹੀਦੀ ਜਪ ੨ ਕੇ,ਸ਼ੰਕੇ ਛੱਡ ਕੇ ਨਿਹਾਲ ਹੋਣਾ ਚਾਹੀਦਾ ਹੈ।ਸੰਤ ਭੇਖ 'ਚ ਭੀ,ਜੇ ਕੋਈ ਨਿੰਦਕ ਨਿਸ਼ਰਧਕ ਸ਼ੰਕੇ ਪਾਵੇ,ਗੁਮਰਾਹ ਕਰੇ,ਉਸ ਦੇ ਮਗਰ ਲੱਗ ਕੇ ਸਤਿਗੁਰਾਂ ਦੀ ਕਰਣੀ ਕਮਾਈ ਕੁਰਬਾਨੀ ਨਹੀਂ ਭੁੱਲਣੀ ਚਾਹੀਦੀ।ਹੇ ਪਖੰਡੀਓ!ਸਤਿਗੁਰਾਂ ਨਾਲ ਈਰਖ਼ਾ ਕਰਕੇ ਐਸੇ ਸ਼ੰਕੇ ਨ ਪਾਵੋ।ਸ੍ਰਵੰਸ ਦਾਨੀ ਸਤਿਗੁਰੂ ਸਾਹਿਬਾਨ ਜੀ ਦਾ ਬਖ਼ਸ਼ਿਆ ਅੰਮ੍ਰਿਤ ਛਕ ਕੇ ਨਿਹਾਲ ਹੋਵੋ।

੯੩.ਕੀ ਪੰਜ ਪਉੜੀਆਂ ਨਾਲ ਹੀ ਸਰ ਸਕਦਾ ਹੈ?ਪੰਜ ਬਾਣੀਆਂ ਸੰਪੂਰਨ ਪੜ੍ਹਨੀਆਂ।ਸਤਿਗੁਰੂ ਸਾਹਿਬ ਜੀ ਨੇ ਆਪ ਅੰਮ੍ਰਿਤ ਤਿਆਰ ਕਰਨ ਸਮੇਂ,ਪੰਜੇ ਬਾਣੀਆਂ ਸੰਪੂਰਨ ਪੜ੍ਹੀਆਂ।ਜਦੋਂ ਆਪ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕਿਆ,ਤਾਂ ਪੰਜਾਂ ਪਿਆਰਿਆਂ ਨੇ ਭੀ ਪੰਜੇ ਬਾਣੀਆਂ ਸੰਪੂਰਨ ਪੜ੍ਹੀਆਂ।ਜਿਨ੍ਹਾਂ ਗੁਰਮੁਖਾਂ ਨੂੰ ਸ੍ਰੀ ਗੁਰੂ ਸਾਹਿਬ ਜੀ ਗੁਰਬਾਣੀ ਪੜ੍ਹਨ ਦਾ ਅਨੰਦ ਬਖ਼ਸ਼ਦੇ ਹਨ,ਉਹ ਮਰਯਾਦਾ ਨੂੰ ਮੰਨਣ ਵਾਲੇ ਪ੍ਰੇਮੀ,ਹਰ ਵੇਲੇ ਚੌਵੀ ਘੰਟੇ ਗੁਰਬਾਣੀ ਹੀ ਗੁਰਬਾਣੀ ਪੜ੍ਹਦੇ ਰਹਿੰਦੇ ਹਨ।ਸਤਿਗੁਰਾਂ ਦਾ ਆਪਣਾ ਜੀਵਨ ਹੀ ਗੁਰਬਾਣੀ ਹੈ।ਯਥਾ:-ਮੈ ਗੁਰਬਾਣੀ ਆਧਾਰੁ ਹੈ;ਗੁਰਬਾਣੀ ਲਾਗਿ ਰਹਾਉ॥ਜਿਵੇਂ ਮੱਛੀ ਪਾਣੀ

ਤੋਂ ਬਿਨ ਨਹੀਂ ਰਹਿੰਦੀ,ਇਉਂ ਸਤਿਗੁਰਾਂ ਦੇ ਪਿਆਰੇ ਪ੍ਰੇਮੀ,ਸਤਿਗੁਰੂ ਸਾਹਿਬ ਜੀ ਭੀ ਗੁਰਬਾਣੀ ਤੋਂ ਬਿਨ,ਜਿਉਂ ਨਹੀਂ ਸਕਦੇ।ਅੰਮ੍ਰਿਤ ਤਿਆਰ ਕਰਨ ਸਮੇਂ ਸਤਿਗੁਰੂ ਸਾਹਿਬ ਜੀ ਆਪ ਗੁਰਬਾਣੀ ਸੁਣਦੇ ਹਨ।ਅੰਮ੍ਰਿਤ ਛਕਣ ਵਾਲੇ ਭੀ ਗੁਰਬਾਣੀ ਸੁਣਦਿਆਂ,ਆਪਣੇ ਮੁਖਿ 'ਚ ਜ਼ਬਾਨ ਹਿਲਾ ਕੇ ਪੂਰੇ ਅੱਖਰ ਲਗਾਂ ਲਾ ਕੇ ਸੁਣਦੇ ਹਨ।ਮਿਲਤ 'ਚ ਪੜ੍ਹਨ ਸੁਣਨ ਵਾਲਿਆਂ ਦਾ ਮਨ ਇਕਾਗ੍ਰ ਹੁੰਦਾ ਹੈ।ਇੱਕ ਅੱਖਰ ਭੀ ਛੱਡਣਾ,ਸੱਚੇ ਸਤਿਗੁਰੂ ਸਾਹਿਬ ਜੀ ਦੀ ਰਜ਼ਾ ਉਲਟ ਹੈ।ਸੋ ਪੰਜੇ ਬਾਣੀਆਂ ਸੰਪੂਰਨ ਪੜ੍ਹ ਕੇ,ਸਤਿਗੁਰਾਂ ਦੀ ਖ਼ੁਸ਼ੀ ਪ੍ਰਾਪਤ ਕਰਨੀ ਚਾਹੀਦੀ ਹੈ।ਨਿਸ਼ਕਾਮ ਸੇਵਾ ਕਰਨ ਵਾਲੇ ਪ੍ਰੇਮੀ,ਪੰਜੇ ਬਾਣੀਆਂ ਸੰਪੂਰਨ ਹੀ ਪੜ੍ਹਦੇ ਰਹੇ ਹਨ।

ਆਲਸੀ ਦਲਿੱਦ੍ਰੀ ਨਿਸ਼ਰਧਕ ਬੱਧਾ ਚੱਟੀ ਭਰਨ ਵਾਲੇ,ਘੱਟ ਬਾਣੀ ਪੜ੍ਹਨ ਲੱਗ ਗਏ।ਪੰਚ ਪਰਵਾਣ ਪੰਚ ਪਰਧਾਨੁ॥)ਸਿੱਖ ਪੰਚਨ ਮਹਿ ਮੇਰੋ ਵਾਸਾ॥ਅਨੁਸਾਰ ਸੱਚੇ ਸਤਿਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ:-"ਪੰਜਾਂ ਸਿੰਘਾਂ 'ਚ ਦਾਸਨ ਦਾਸ ਦਾ ਵਾਸਾ ਹੈ।ਅੰਮ੍ਰਿਤ ਤਿਆਰ ਕਰਨ ਸਮੇਂ ਦਾਸਨ ਦਾਸ ਪੰਜਾਂ ਪਿਆਰਿਆਂ 'ਚ ਪ੍ਰਵੇਸ਼ ਹੁੰਦਾ ਹੈ"।ਐਡੀ ਵੱਡੀ ਅਮੋਲਕ ਦਾਤ ਨੂੰ ਆਪਣੇ ਲੂੰ ੨ 'ਚ ਸੰਭਾਲਣ ਲਈ,ਪੰਜ ਬਾਣੀਆਂ ਸੰਪੂਰਨ ਪੜ੍ਹ ਕੇ,ਪਏ ਕਬੂਲੁ.ਖਸੰਮ ਨਾਲਿ;ਜਾਂ ਘਾਲ ਮਰਦੀ ਘਾਲੀ॥ਅਨੁਸਾਰ ਸੂਰਬੀਰਾਂ ਵਾਲੀ ਘਾਲ ਘਾਲ ਕੇ,ਸੱਚੇ ਸਤਿਗੁਰੂ ਸਾਹਿਬ ਜੀ ਨੂੰ ਕਬੂਲ ਹੋਣਾ ਚਾਹੀਦਾ ਹੈ।ਜਿਵੇਂ ਬੀਜ ਘੱਟ ਬੀਜਿਆ ਜਾਵੇ ਤਾਂ ਫ਼ਸਲ ਪੂਰਾ ਝਾੜ ਕਿਵੇਂ ਦੇਵੇਗੀ?ਕੜਾਹ ਪ੍ਰਸ਼ਾਦਿ 'ਚ ਖੰਡ ਘਿਉ ਘੱਟ ਹੋਣ,ਤਾਂ ਤਿੰਨ ਮੇਲ ਦਾ ਸੁਆਦ ਨਹੀਂ ਬਣਦਾ।ਧੰਨ ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੇ ਸੱਚੇ ਚਰਨ-ਕਮਲਾਂ ਦਾ ਗੁਰਪ੍ਰਸਾਦਿ ਗਾੜ੍ਹਾ ਪ੍ਰੇਮ,ਸੰਪੂਰਨ ਪੰਜ ਬਾਣੀਆਂ ਪੜ੍ਹਨ ਦਾ ਬਲ ਬਖ਼ਸ਼ਣ ਜੀ।

੯੪.ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅਰੰਭ ਦੀ ਅਰਦਾਸ ਮਗਰੋਂ ਕਈ ਪੁੱਛਦੇ ਹਨ,"ਸਾਧਸੰਗਤ ਜੀ! ਅਰੰਭ ਕਰਨ ਦੀ ਆਗਿਆ ਹੈ?" ਭਾਵ ਆਗਿਆ ਲੈ ਕੇ ਅਰੰਭ ਕਰਦੇ ਹਨ।ਉਨ੍ਹਾਂ ਨੂੰ ਜੇ ਇਹ ਕਹੀਏ ਕਿ ਅਰਦਾਸ ਮਗਰੋਂ ਸਤਿਸੰਗਤ ਜੀ ਤੋਂ ਪੁੱਛਣ ਦੀ ਕੀ ਲੋੜ ਹੈ?ਤਾਂ ਇਹ ਸ਼ੰਕਾ ਕਰਦੇ ਹਨ,ਕਿ ਅੰਮ੍ਰਿਤ ਤਿਆਰ ਕਰਨ ਸਮੇਂ,ਪੰਜ ਪਿਆਰੇ ਗ੍ਰੰਥੀ ਸਿੰਘ ਜੀ ਦੀ ਆਗਿਆ ਕਿਉਂ ਮੰਗਦੇ ਹਨ?ਉੱਤ੍ਰ:-ਪਰਮ ਸਤਿਕਾਰ ਯੋਗ ਪੰਜ ਪਿਆਰੇ ਸਾਹਿਬਾਨ ਗ੍ਰੰਥੀ ਸਿੰਘ ਸਾਹਿਬ ਜੀ ਅੰਮ੍ਰਿਤ ਤਿਆਰ ਕਰਨ 'ਚ ਮਿਲਵਾਂ ਸੰਪਰਕ ਰੱਖਦੇ ਹਨ।ਛੇ ਸਿੰਘ ਪਹਿਲਾਂ ਆਪਣੀ ਸ਼ੁੱਧਾਈ ਕਰਕੇ ਅਰਦਾਸ ਕਰਦੇ ਹਨ।ਅਰੰਭ ਦੀ ਅਰਦਾਸ ਮਗਰੋਂ ਬਾਟੇ ਉਦਾਲ਼ੇ ਬੀਰ ਆਸਣ ਬੈਠ ਕੇ,ਗ੍ਰੰਥੀ ਸਿੰਘ ਜੀ ਤੋਂ ਪੁੱਛਣ ਦਾ ਭਾਵ ਹੈ ਕਿ ਹੁਣ ਤੱਕ ਜੋ ੨ ਭੀ ਸ਼ੁੱਧਾਈ ਹੋਈ ਹੈ,ਕੀ ਇਹ ਠੀਕ ਹੈ?ਜੇ ਕੋਈ ਸਮੱਗ੍ਰੀ ਆਦਿ ਜਾਂ ਹੋਰ ਕੋਈ ਭੀ ਤਰੁੱਟੀ ਹੋਵੇ,ਤਾਂ ਗ੍ਰੰਥੀ ਸਿੰਘ ਜੀ ਦੱਸ ਸਕਦੇ ਹਨ ਕਿ ਫਲਾਨੇ ਨੂੰ ਤਨਖ਼ਾਹ ਨਹੀਂ ਲਾਈ।ਪੁੱਛਣ ਦਾ ਭਾਵ ਸਤਿਕਾਰ ਸਹਿਤ ਗਵਾਹੀ ਪੁਆਉਂਦੇ ਹਨ।ਗ੍ਰੰਥੀ ਸਿੰਘ ਜੀ ਉੱਤ੍ਰ ਦਿੰਦੇ ਹਨ,"ਗੁਰੂ ਸਾਹਿਬ ਜੀ ਦੀ ਆਗਿਆ।"ਅੱਗੋਂ ਪੰਜ ਪਿਆਰਿਆਂ 'ਚੋਂ ਇੱਕ ਪ੍ਰੇਮੀ ਜੀ ਕਹਿੰਦੇ ਹਨ,"ਗ੍ਰੰਥੀ ਸਿੰਘ ਜੀ!ਅੰਮ੍ਰਿਤ ਦੇ

ਬਾਟੇ ਵੱਲ ਨਿਗ੍ਹਾ ਰੱਖਣੀ,ਜ਼ਬਾਨ ਹਿਲਾ ਕੇ ਪੂਰੇ ੨ ਅੱਖਰ ਬੋਲ ਕੇ,ਪੰਜ ਬਾਣੀਆਂ ਮੁਖ 'ਚ ਪੜ੍ਹਨੀਆਂ ਜੀ।"ਇਹ ਬੇਨਤੀ ਕਹਿ ਕੇ ਗ੍ਰੰਥੀ ਸਿੰਘ ਜੀ ਨੂੰ ਸਾਵਧਾਨ ਕੀਤਾ ਜਾਂਦਾ ਹੈ।ਲੋੜ ਹੈ ਪੁੱਛ ਦੱਸ ਕੇ ਸਾਵਧਾਨ ਹੋਣ ਦੀ,ਭਾਵ ਗ੍ਰੰਥੀ ਸਿੰਘ ਜੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜ਼ੀਰ ਹਨ,ਵਜ਼ੀਰ ਦਾ ਸਤਿਕਾਰ ਭੀ ਹੈ।ਪਰ ਵਜ਼ੀਰ ਨੂੰ ਹੋਰ ਕਿਸੇ ਤੋਂ ਪੁੱਛਣ ਦੀ ਲੋੜ ਨਹੀਂ?ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਆਰੰਭ 'ਚ ਪੁੱਛਣਾ ਇਸ ਲਈ ਗ਼ਲਤ ਹੈ,ਜੇ ਕੋਈ ਨਾਸਤਕ ਬੈਠਾ ਹੋਵੇ ਤਾਂ ਉਹ ਕਹੇਗਾ,"ਨਹੀਂ!"ਸਾਧਸੰਗਤ 'ਚ ਬੇਰਸੀ ਹੋ ਜਾਵੇਗੀ।ਸੋ ਜੇਕਰ ਪੰਜ ਪਿਆਰੇ,ਗ੍ਰੰਥੀ ਸਿੰਘ ਜੀ ਤੋਂ ਪੁੱਛਦੇ ਹਨ,ਉਹ ਕਦੇ ਭੀ ਨਹੀਂ ਕਹਿ ਸਕਦਾ ਕਿ ਆਗਿਆ ਨਹੀਂ,ਇਸ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਅਰਦਾਸ ਮਗਰੋਂ ਗ੍ਰੰਥੀ ਨੂੰ ਸਤਿਸੰਗਤ ਜੀ ਤੋਂ ਪੁੱਛਣ ਦੀ ਲੋੜ ਨਹੀਂ।ਜਦੋਂ ਆਰੰਭ ਅਰਦਾਸ ਹੋ ਗਈ,ਤਦੋਂ ਬੋਲਣਾ ਮਨ੍ਹਾ ਹੈ।

੯੫.ਕੀ ਬੀਬੀਆਂ ਪੰਜਾਂ ਪਿਆਰਿਆਂ 'ਚ ਲੱਗ ਸਕਦੀਆਂ ਹਨ?ਉੱਤ੍ਰ:-ਹਮਾਰੀ ਪਿਆਰੀ ਅੰਮ੍ਰਿਤ ਧਾਰੀ;ਗੁਰਿ.ਨਿਮਖ ਨ ਮਨ ਤੇ ਟਾਰੀ ਰੇ॥੧॥ਉੱਬਲਦੀ ਦੇਗ 'ਚ ਬੈਠ ਕੇ,ਤੱਤੇ ਰੇਤੇ 'ਤੇ ਬੈਠ ਕੇ,ਤੱਤਾ ਰੇਤ ਆਪਣੇ ਸੀਸ 'ਤੇ ਪੈਣ ਸਮੇਂ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਨ ਸਮੇਂ,ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਨਿਮਖ ੨ ਸੁਆਸ ੨ ਬਾਣੀ ਪੜ੍ਹੀ।ਐਸੇ ਕਸ਼ਟਾਂ ਸਮੇਂ ਕਿਹਾ,(ਰੇ)ਹੇ ਭਾਈ!(ਹਮਾਰੀ)ਤਮਾਮ ਸਮੂੰਹ ਜੁੱਗਾਂ ਖੰਡਾਂ ਬ੍ਰਹਮੰਡਾਂ ਦੀਆਂ ਸੰਗਤਾਂ ਗੁਰਮੁਖਾਂ ਗੁਰੂ ਪੀਰਾਂ ਰਿਸ਼ੀਆਂ ਮੁਨੀਆਂ ਵਾਹਿਗੁਰੂ ਜੀ ਦੇ ਪਿਆਰਿਆਂ ਦੀ ਅਤਿਅੰਤ ਪਿਆਰੀ ਅੰਮ੍ਰਿਤ ਦੀ(ਧਾਰੀ) ਧਾਰ ਬਖ਼ਸ਼ਣ ਵਾਲੀ,ਅੰਮ੍ਰਿਤ ਨੂੰ(ਧਾਰੀ)ਧਾਰਨ ਵਾਲੀ,ਅੰਮ੍ਰਿਤ ਦੀ(ਧਾਰੀ)ਧਾਰ ਪ੍ਰਵਾਹ ਅੰਮ੍ਰਿਤ ਗੁਰਬਾਣੀ ਜੀ,(ਗੁਰਿ)ਸਤਿਗੁਰੂ ਸਾਹਿਬਾਨ ਜੀ ਨੇ ਕ੍ਰਿਪਾ ਕਰਕੇ ਨਿਮਖ ਮਾਤ੍ਰ ਭੀ ਦਾਸਨ ਦਾਸ ਦੇ ਮਨ(ਤੇ)ਤੋਂ(ਨ)ਨਹੀਂ(ਟਾਰੀ)ਟਾਲੇ।;ਮਨਮੁਖਿ ਹੋਰੇ ਗਲਾ॥ਅਨੁਸਾਰ ਇਸ ਦੇ ਗ਼ਲਤ ਅਰਥ ਸੋਚਣੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨਾ ਹੈ।ਸੱਚੇ ਸਤਿਗੁਰੂ ਸਾਹਿਬ ਜੀ ਨੇ ਸੀਸ ਮੰਗੇ ਤਾਂ ਪੰਜਾਂ ਸੂਰਬੀਰ ਬਹਾਦਰਾਂ ਸ਼੍ਰੋਮਣੀ ਯੋਧਿਆਂ ਮਰਦਾਂ ਜੁਝਾਰੂਆਂ ਨੇ ਹੀ ਦਿਤੇ।ਜਾ ਕਉ;ਮਿਹਰ ਮਿਹਰ ਮਿਹਰਵਾਨਾ॥ਸੋਈ;ਮਰਦੁ ਮਰਦੁ ਮਰਦਾਨਾ॥ਅਨੁਸਾਰ ਸਤਿਗੁਰਾਂ ਨੇ ਪਰਮਪਵਿੱਤ੍ਰ ਦਸ ਅਵਤਾਰ ਮਰਦ ਦੇ ਹੀ ਧਾਰੇ ਹਨ।ਇਸ ਲਈ ਸ਼ੋਭਨੀਕ ਮਰਦ ਪੰਜ ਪਿਆਰੇ ਸਿੰਘ ਹੀ ਚੁਣੇ ਹਨ।ਸਤਿਗੁਰੂ ਸਾਹਿਬ ਜੀ ਨੇ ਆਪ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਹੀ ਛਕਿਆ।ਆਪ ਪੰਜਾਂ ਪਿਆਰਿਆਂ 'ਚ ਲੱਗ ਕੇ ਛਕਾਉਂਦੇ ਰਹੇ,ਪੰਜਾਂ ਤੋਂ ਹੀ ਛਕਣ ਦਾ ਹੁਕਮ ਦਿਤਾ,ਆਪ ਸਾਰਾ ਜੀਵਨ ਪੰਜਾਂ ਪਿਆਰਿਆਂ ਦੇ ਅਧੀਨ ਰਹੇ,ਆਪ ਪ੍ਰਤੱਖ ਹੁੰਦਿਆਂ,ਉੱਚੇ ਰੁੱਤਬੇ ਖ਼ਾਲਸੇ ਜੀ ਦੇ ਮਾਤਾ ਸਾਹਿਬਦੇਵ ਕੌਰ ਜੀ ਨੂੰ ਆਪਣੇ ਨਾਲ ਪੰਜਾਂ ਪਿਆਰਿਆਂ 'ਚ ਨਹੀਂ ਲਾਇਆ। ਸਤਿਗੁਰੂ ਸਾਹਿਬ ਜੀ ਸਮੇਂ ਬੇਅੰਤ ਹੀ ਬ੍ਰਹਮਗਿਆਨ ਨੂੰ ਪ੍ਰਾਪਤ ਮਾਈਆਂ ਸਨ,ਕਿਸੇ ਨੂੰ ਭੀ ਪੰਜਾਂ ਪਿਆਰਿਆਂ 'ਚ ਲੱਗਣ ਦਾ ਹੁਕਮ ਨਹੀਂ ਦਿਤਾ।ਸਤਿਗੁਰੂ ਸਾਹਿਬ ਜੀ

ਤੋਂ ਸ੍ਰੀ ਦਮਦਮੀ ਟਕਸਾਲ,ਬੇਅੰਤ ਹੀ ਨਿਹੰਗ ਸਿੰਘਾਂ ਨਿਰਮਲਿਆਂ ਦੀਆਂ ਟਕਸਾਲਾਂ ਚਲੀਆਂ ਹਨ,ਇੱਕ ਭੀ ਮਹਾਂਪੁਰਸ਼ ਨੇ ਬੀਬੀਆਂ ਨੂੰ ਪੰਜਾਂ ਪਿਆਰਿਆਂ 'ਚ ਨਹੀਂ ਲਾਇਆ।ਪੰਜਾਂ ਪਿਆਰਿਆਂ 'ਚ ਬੀਬੀ ਨੂੰ ਲਾਉਣਾ ਸਤਿਗੁਰਾਂ ਦੇ ਹੁਕਮ ਦੀ ਅਦੂਲੀ ਹੈ।ਨੌਜੁਆਨ ਬੀਬੀ ਦੂਰ ਦੁਰਾਡੇ ਅੰਮ੍ਰਿਤ ਛਕਾਉਣ ਜਾਵੇ ਤਾਂ ਉਸ ਦੀ ਰਾਖੀ ਦੀ ਭੀ ਲੋੜ ਹੈ। ਸਿੰਘਾਂ 'ਚ ਬੀਬੀਆਂ ਲੱਗਣ ਤੋਂ ਇਖ਼ਲਾਕ ਦੀ ਗਿਰਾਵਟ ਹੋ ਜਾਵੇਗੀ ਜੀ।ਪੂਰੇ ਕਾ ਕੀਆ ਸਭ ਕਿਛੁ ਪੂਰਾ;ਘਟਿ ਵਧਿ ਕਿਛੁ ਨਾਹੀ॥ਅਨੁਸਾਰ ਪੂਰੇ ਸਤਿਗੁਰਾਂ ਦਾ ਕੀਤਾ ਸਭ ਕੁੱਝ ਪੂਰਾ ਹੈ।

ਵਾਹਿਗੁਰੂ॥ਸਚਿਆਰ ਸਿੱਖ ਬੀਬੀਆਂ ਨੂੰ ਪੰਜਾਂ ਪਿਆਰਿਆਂ 'ਚ ਨ ਲਾਉਣ,ਸਚਿਆਰ ਬੀਬੀਆਂ ਗੁਰੂ ਹੁਕਮ ਮੰਨ ਕੇ ਪੰਜਾਂ ਪਿਆਰਿਆਂ 'ਚ ਨ ਲੱਗਣ ਜੀ।

ਪੰਜਾਂ ਬੀਬੀਆਂ ਨੂੰ ਪੰਜ ਪਿਆਰੀਆਂ ਨਹੀਂ ਕਹਿਣਾ,ਕਿਉਂਕਿ ਉਹ ਅੰਮ੍ਰਿਤ ਤਿਆਰ ਨਹੀਂ ਕਰ ਸਕਦੀਆਂ।

ਅੰਮ੍ਰਿਤ ਛਕਣ ਵਾਲੇ ਪ੍ਰੇਮੀ ਨੂੰ ਪ੍ਰੇਮ ਬੇਨਤੀ:-ਜਿਨ੍ਹਾਂ ਨੇ ਪਰਮਪੂਜਨੀਕ ਸਤਿਗੁਰੂ ਦਸਵੇਂ ਪਾਤਿਸਾਹ ਜੀ,ਪਿਆਰੇ ਦਇਆ ਸਿੰਘ ਸਾਹਿਬ ਜੀ,ਬਾਬਾ ਦੀਪ ਸਿੰਘ ਸਾਹਿਬ ਜੀ,ਅਕਾਲੀ ਫੂਲਾ ਸਿੰਘ ਸਾਹਿਬ ਜੀ ਜੈਸੇ ਉੱਚ ਕਰਣੀ ਕਮਾਈ ਵਾਲੇ ਪੰਜਾਂ ਮਹਾਂਪੁਰਸ਼ਾਂ ਤੋਂ ਅੰਮ੍ਰਿਤ ਛਕਿਆ,ਉਹ ਅੰਮ੍ਰਿਤ ਛਕਣ ਵੇਲੇ ਵਿਸਮਾਦ ਇਕਾਗ੍ਰ ਹੋਏ।ਜੇ ਮੋਹਰ ਦੇ ਅੱਖਰ 'ਤੇ ਸਿਆਹੀ ਪੂਰੀ ਹੋਵੇ,ਤਾਂ ਹੀ ਸਹੀ ਮੋਹਰ ਲੱਗਦੀ ਹੈ।ਭਰੀ ਗੱਡੀ ਹੀ ਲੀਹ ਪਾਉਂਦੀ ਹੈ,ਪੱਕੀ ਗੋਲ਼ੀ ਹੀ ਮਾਰ ਕਰਦੀ ਹੈ।ਸੋ ਉੱਚ ਕਰਨੀ ਵਾਲੇ ਮਹਾਂਪੁਰਖਾਂ ਤੋਂ ਅੰਮ੍ਰਿਤ ਛਕਣ ਦੇ ਕੋਟਾਨ ਕੋਟਿ ਲਾਹੇ ਹਨ।ਕਈ ਇਕੱਲੇ ਹੀ ਖੁੱਲ੍ਹਾ ਮਿੱਠਾ ਪਾਣੀ ਅੰਮ੍ਰਿਤ ਕਹਿ ਕੇ ਪਿਆਈ ਜਾਂਦੇ ਹਨ,"ਚੰਗਾ ਭਾਈ ਘਰ ਜਾ ਕੇ ਕਛਹਿਰਾ ਪਾ ਲਵੀਂ।" ਉਨ੍ਹਾਂ ਨੂੰ ਬੇਨਤੀ ਹੈ ਕਿ ਇਹ ਗ਼ਲਤੀ ਨ ਕਰਨ।ਗੁਰੂ ਬਿਨਾ ਗਤਿ ਨਹੀਂ ਕਹਿ ਕੇ,ਕਹਿੰਦੇ ਹਨ ਕਿ ਸਾਨੂੰ ਗੁਰੂ ਧਾਰੋ।ਕਈ ਭੋਲੇ ਉਨ੍ਹਾਂ ਨੂੰ ਗੁਰੂ ਧਾਰ ਲੈਂਦੇ ਹਨ,ਉਨ੍ਹਾਂ ਨੂੰ ਜੇ ਕੋਈ ਪ੍ਰੇਮੀ ਅੰਮ੍ਰਿਤ ਛਕਣ ਨੂੰ ਕਹੇ,ਤਾਂ ਕਹਿੰਦੇ ਹਨ,"ਅਸੀਂ ਮੰਤ੍ਰ ਲੈ ਚੁੱਕੇ ਹਾਂ।"ਇਉਂ ਹੀਰਾ ਜਨਮ,ਗੁਰੂ ਜੀ ਤੋਂ ਬੇਮੁਖ ਹੋ ਕੇ ਬਿਅਰਥ ਹੀ ਗੁਆ ਲੈਂਦੇ ਹਨ।ਗੁਰਬਾਣੀ ਜੀ ਨੂੰ ਪੂਰਨ ਗੁਰੂ ਜੀ ਮੰਨ ਕੇ,ਨਿਹਾਲ ਹੋਣਾ ਚਾਹੀਦਾ ਹੈ।ਦੇਹਧਾਰੀ ਗੁਰੂ ਆਪਣਾ ਮੰਤ੍ਰ ਦੇ ਕੇ ਕਹਿੰਦੇ ਹਨ,"ਜੇ ਤੂੰ ਕਿਸੇ ਨੂੰ ਅੱਗੇ ਦੱਸੇਂਗਾ ਤਾਂ ਤੂੰ ਕੋੜ੍ਹਿਆ ਜਾਵੇਂਗਾ।"ਇਹ ਸਭ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਹੁਕਮ ਦੇ ਉਲਟ ਹੈ।ਸਤਿਗੁਰੂ ਸਾਹਿਬ ਜੀ ਹੀ ਵਾਹਿਗੁਰੂ ਮੰਤ੍ਰ ਦੇ ਦਾਤੇ ਹਨ,ਸਤਿਗੁਰਾਂ ਤੋਂ ਬਿਨ ਹੋਰ ਕੋਈ ਨਾਮ ਨਹੀਂ ਦੇ ਸਕਦਾ।ਯਥਾ:-ਸਤਿਗੁਰੁ ਦਾਤਾ ਰਾਮ ਨਾਮ ਕਾ;ਹੋਰੁ ਦਾਤਾ ਕੋਈ ਨਾਹੀ॥ਜੀਅ ਦਾਨੁ ਦੇਇ ਤ੍ਰਿਪਤਾਸੇ;ਸਚੈ ਨਾਮਿ ਸਮਾਹੀ॥ਸੋ ਜੇ ਕਿਸੇ ਨੇ ਕਿਸੇ ਤੋਂ ਮੰਤ੍ਰ ਲਿਆ ਹੋਵੇ,ਉਹ ਨਿਰਭੈ ਹੋ ਕੇ ਅੰਮ੍ਰਿਤ ਛਕ ਕੇ ਨਿਹਾਲ ਹੋਵੇ।ਚੌਰਾਸੀ ਦਾ ਗੇੜਾ ਮੇਟਣਾ,ਜਮਾਂ ਤੋਂ ਬਚਾਉਣਾ ਬੰਦੇ ਦਾ ਕੰਮ ਨਹੀਂ,ਜਿਹੜਾ ਆਪ ਜਮਾਂ ਦੇ ਵੱਸ ਹੈ,ਉਹ ਝੂਠੇ ਮੰਤ੍ਰ ਦੇ ਕੇ ਜੀਆਂ ਨੂੰ ਜਮਾਂ ਤੋਂ ਕਿਵੇਂ ਛੁਡਾਵੇਗਾ?ਅੰਮ੍ਰਿਤ ਧਾਰੀ ਹੋਰ

ਕਿਸੇ ਤੋਂ ਮੰਤ੍ਰ ਨਹੀਂ ਲੈ ਸਕਦਾ। ਬਨਾਉਟੀ ਗੁਰੂ ਪਰਮਪੂਜਨੀਕ ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿੱਖ ਬਣ ਕੇ ਨਿਹਾਲ ਹੋਵਣ,ਆਪ ਗੁਰੂ ਨਾ ਬਣਨ ਅਤੇ ਨ ਹੀ ਕਿਸੇ ਭੋਲ਼ੇ ਵਿਅਕਤੀ ਨੂੰ ਮੰਤ੍ਰ ਦੇਣ,ਇਹੋ ਹੀ ਭਲੀ ਬੇਨਤੀ ਹੈ।

ਵਾਹਿਗੁਰੂ॥ਪੁੱਛਣ ਤੋਂ ਇਹ ਉੱਤ੍ਰ ਦੇਣਾ ਚਾਹੀਦਾ ਹੈ ਕਿ ਦਾਸਨ ਦਾਸ ਨੇ ਪੰਜਾਂ ਪਿਆਰਿਆਂ ਦੁਆਰਾ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦਾ ਬਖ਼ਸ਼ਿਆ ਖੰਡੇ ਬਾਟੇ ਦਾ ਪਰਮਪਵਿੱਤ੍ਰ ਅੰਮ੍ਰਿਤ ਛਕਿਆ ਹੈ। ਵੱਖਰੇ ੨ ਨਾਮ ਲੈਣੇ,ਇਹ ਫ਼ਲਾਨੇ ਦਾ ਅੰਮ੍ਰਿਤ ਹੈ,ਕਹਿਣਾ ਗ਼ਲਤ ਹੈ। ਯਥਾ:- ਨਾਨਕ ਅੰਮ੍ਰਿਤੁ ਏਕੁ ਹੈ;ਦੂਜਾ ਅੰਮ੍ਰਿਤੁ ਨਾਹਿ॥ਕਰਣੀ ਵਾਲੇ ਪ੍ਰੇਮੀ ਗੁਰਸੇਵਕ ਜੀ,ਟਾਈਮ ਜਾਂ ਗਿਣਤੀ ਦੇ ਹਿਸਾਬ ਨਾਲ,ਵਾਹਿਗੁਰੂ ਮੰਤ੍ਰ ਜਾਂ ਮੂਲ ਮੰਤ੍ਰ ਜਾਂ ਗੁਰਸਬਦ ਸ਼ੁੱਧ ਸੰਥਾ ਕਰਾ ਕੇ,ਪੂਰੀਆਂ ਲਗਾਂ ਲੁਆ ਕੇ ਜਾਪ ਕਰਨ ਨੂੰ ਕਹਿਣ ਤਾਂ ਸਾਬਾਸ਼!

ਯਥਾ:-ਗੁਰੂ ਸਿਖੁ.ਸਿਖੁ ਗੁਰੂ ਹੈ;ਏਕੋ ਗੁਰ ਉਪਦੇਸੁ ਚਲਾਏ॥

੯੬.ਖੰਡ ਬ੍ਰਹਮੰਡ ਬੇਅੰਤ;ਉਧਾਰਣਹਾਰਿਆ॥ਧੰਨ ਅਜਪਾ ਜਾਪ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸੇ ਜੀ ਨੇ ਕੀ ਬੱਕਰੇ ਝਟਕਾਏ?:-ਪਰਮਪੂਜਨੀਕ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਸ਼੍ਰੀ ਹੇਮਕੁੰਟ ਸਾਹਿਬ ਜੀ ਵਿਖੇ,ਭਾਰੀ ਸਿਮਰਨ ਕਰਦਿਆਂ,ਅਕਾਲ ਪੁਰਖੁ ਜੀ ਤੋਂ ਇਹ ਸ਼ੁਭ ਵਰ ਪ੍ਰਾਪਤ ਕੀਤਾ,ਮੈ ਅਪਨਾ ਸੁਤ;ਤੋਹਿ ਨਿਵਾਜਾ॥ਪੰਥੁ ਪ੍ਰਚੁਰ;ਕਰਬੇ ਕਹੁ ਸਾਜਾ॥(ਸ੍ਰੀ ਦਸਮ ਪ੭)ਸੱਚੇ ਪਾਤਿਸਾਹ ਜੀ ਨੂੰ ਮਨੁੱਖ ਰੂਪ ਸਮਝਣਾ ਭਾਰੀ ਗ਼ਲਤੀ ਹੈ। ਸਤਿਗੁਰੂ ਸਾਹਿਬ ਜੀ ਅਨਤ ਕਲਾ ਹੋਇ ਠਾਕੁਰੁ ਚੜਿਆ॥ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਦਸਵੀਂ ਜੋਤਿ ਹਨ। ਕਰਨ ਕਰਾਵਨ ਸਗਲ ਬਿਧਿ;ਸੋ ਸਤਿਗੁਰੂ ਹਮਾਰਾ॥)ਸਤਿਗੁਰੁ ਪਰਮੇਸਰੁ ਮੇਰਾ॥)ਪ੍ਰਗਟੁ ਸਗਲ ਹਰਿ ਭਵਨ ਮਹਿ;ਜਨੁ ਨਾਨਕੁ ਗੁਰ ਪਾਰਬ੍ਰਹਮ॥)ਗੁਰ ਗੋਵਿੰਦੁ.ਗੋੁਵਿੰਦੁ ਗੁਰੂ ਹੈ;ਨਾਨਕ.ਭੇਦੁ ਨ ਭਾਈ॥)ਗੁਰੁ ਪਰਮੇਸਰੁ ਕਰਣੈਹਾਰੁ॥)ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ;ਗੁਰਦੇਵ ਨਾਨਕ ਹਰਿ ਨਮਸਕਰਾ॥ਸਤਿਗੁਰੂ ਸਾਹਿਬ ਜੀ ਦੇ ਪਾਰਬ੍ਰਹਮ ਹੋਣ ਦੇ ਅਨੇਕਾਂ ਹੀ ਪ੍ਰਮਾਣ ਹਨ। ਜਿਨ੍ਹਾਂ ਵਾਹਿਗੁਰੂ ਜੀ ਨੇ ਖਿਨ'ਚ ਕੋਟਾਨ ਕੋਟਿ ਖੰਡ ਬ੍ਰਹਮੰਡ ਰਚੇ ਹਨ,ਉਹ ਓਪਤਿ ਪਰਲਉ ਨਿਮਖ ਮਝਾਰ॥ਸ੍ਰਬ ਸ਼ਕਤੀਮਾਨ ਸ੍ਰੀ ਸਤਿਗੁਰੂ ਸਾਹਿਬ ਜੀ,ਕੋਟਾਨ ਕੋਟਿ ਸੂਰਜਾਂ ਤਾਰਿਆਂ ਬਿਜਲੀਆਂ ਅਗਨੀਆਂ ਨੂੰ,ਆਪਣੇ ਅਜਪਾ ਜਾਪ ਨਿਰਗੁਨ ਸਰੂਪ ਜੀ ਦੁਆਰਾ,ਹੁਣ ਪ੍ਰਕਾਸ਼ ਰਹੇ ਹਨ,ਹੁਣ ਕੋਟਾਨ ਕੋਟਿ ਬ੍ਰਹਮੰਡਾਂ ਨੂੰ ਰਚਦਿਆਂ,ਲੈ ਕਰਦਿਆਂ ਨਿਰਲੇਪ ਵਿਆਪਕ ਪ੍ਰਕਾਸ਼ਕ ਹੋ ਰਹੇ ਹਨ। ਯਥਾ:-ਓਪਤਿ ਪਰਲਉ;ਖਿਨ ਮਹਿ ਕਰਤਾ॥ਆਪਿ ਅਲੇਪਾ;ਨਿਰਗੁਨੁ ਰਹਤਾ॥)ਖਿਨ ਮਹਿ;ਥਾਪਿ ਉਥਾਪਨਹਾਰਾ॥ਅੰਤੁ ਨਹੀ ਕਿਛੁ;ਪਾਰਾਵਾਰਾ॥)ਖਿਨ ਮਹਿ ਥਾਪਿ ਉਥਾਪਨਹਾਰੇ; ਕੁਦਰਤਿ.ਕੀਮ ਨ ਪਹੀ॥) ਜਿਹਬਾ ਏਕ;ਉਸਤਤਿ ਅਨੇਕ॥ਸਤਿ ਪੁਰਖ;ਪੂਰਨ ਬਿਬੇਕ॥ਸਤਿਗੁਰਾਂ ਦੀ ਕਰਣੀ ਕਮਾਈ 'ਤੇ ਸ਼ੰਕਾ ਕਰਨਾ ਸਤਿਗੁਰਾਂ ਦੀ ਨਿੰਦਾ ਹੈ। ਸਤਿਗੁਰੂ ਸਾਹਿਬਾਨ

ਜੀ ਨੂੰ ਪਾਰਬ੍ਰਹਮ ਮੰਨ ਕੇ,ਆਪਣਾ ਤਨ ਮਨ ਧਨ ਸਿਰ ਪਰਿਵਾਰ ਸਤਿਗੁਰਾਂ ਤੋਂ ਵਾਰਨ ਵਾਲੇ ਅਮਰ ਸ਼ਹੀਦਾਂ ਮਹਾਂਪੁਰਖਾਂ ਦੀ ਕਮਾਈ ਨੂੰ ਭੀ ਲੁਕੋਣਾ ਹੈ।ਜਿੱਥੇ ਢਾਈ ਲੱਖ ਦਾ ਤੰਬੂ ਲੱਗਿਆ ਹੋਵੇ,ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਮਪਵਿੱਤ੍ਰ ਪ੍ਰਕਾਸ਼ ਹੋਵੇ,ਜਿੱਥੇ ਖ਼ਾਲਸਾ ਪੰਥ ਜੀ ਦੀ ਸਾਜਨਾ ਕਰਨੀ ਹੋਵੇ,ਜਿੱਥੇ ਸਤਿਸੰਗਤ ਜੀ ਹੋਣ,ਉੱਥੇ ਬੱਕਰੇ ਲਿਜਾਣੇ ਜੋ ਮੀਂਗਣਾ ਤੇ ਪਿਸ਼ਾਬ ਕਰਦੇ ਹਨ,ਜਿਨ੍ਹਾਂ ਤੋਂ ਬਦਬੋ ਭੀ ਆਉਂਦੀ ਹੈ।ਇਹ ਕੋਈ ਨਾਟਕਾਂ ਵਾਲਾ ਤਮਾਸ਼ਾ ਸੀ?ਜੇ ਅੰਦਰ ਬੱਕਰੇ ਵੱਢਣ ਵਾਲੀ ਗੱਲ ਹੁੰਦੀ ਤਾਂ ਪੰਜ ਪਿਆਰੇ ਤੇ ਅਨੇਕਾਂ ਪ੍ਰੇਮੀ ਸਤਿਗੁਰਾਂ ’ਤੇ ਅਥਾਹ ਸ਼ਰਧਾ ਕਰਕੇ,ਆਪਣੇ ਸਿਰ ਕਿਵੇਂ ਕੁਰਬਾਨ ਕਰਦੇ?ਪਿਆਰੇ ਮੋਹਕਮ ਸਿੰਘ ਜੀ ਪਿਆਰੇ ਹਿੰਮਤ ਸਿੰਘ ਜੀ ਪਿਆਰੇ ਸਾਹਿਬ ਸਿੰਘ ਜੀ ਆਦਿ ਸ੍ਰੀ ਚਮਕੌਰ ਸਾਹਿਬ ਜੀ ਵਿਖੇ,ਜ਼ਾਲਮਾਂ ਦਾ ਪੁਰਜਾ ੨ ਕੱਟ ਕੇ,ਸ਼ਹੀਦੀਆ ਕਿਵੇਂ ਪਾਉਂਦੇ?ਸਵਾ ੨ ਲੱਖ ਨਾਲ ਇੱਕ ੨ ਸਿੰਘ ਕਿਵੇਂ ਲੜਦਾ?ਸ੍ਰੀ ਸਤਿਗੁਰੂ ਸਾਹਿਬ ਜੀ ਸਿੰਘ ਸਿੰਘਣੀਆਂ ਫ਼ੌਜ ਖ਼ਜ਼ਾਨੇ ਹਾਥੀ ਘੋੜੇ ਸ੍ਰਬੰਸ ਕਿਵੇਂ ਕੁਰਬਾਨ ਕਰਦੇ?

ਸ੍ਰੀ ਚਮਕੌਰ ਸਾਹਿਬ ਜੀ ਦੇ ਧਰਮ ਯੁੱਧ ’ਚ ਆਪਣੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਤੋਂ,ਗੁਰ ਪ੍ਰਮੇਸਰ ਸਤਿਗੁਰੂ ਸਾਹਿਬ ਜੀ ਇਹ ਸਲੋਕ ਕਿਵੇ ਪੜ੍ਹਦੇ?ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ;ਜੋ ਕਿਛੁ ਹੈ ਸੋ ਤੇਰਾ॥ਤੇਰਾ ਤੁਝ ਕਉ ਸਉਪਤੇ;ਕਿਆ ਲਾਗੈ ਮੇਰਾ॥

ਪਰਮਪੂਜਨੀਕ ਸਤਿਗੁਰਾਂ ਦੇ ਸਮੂੰਹ ਜੀਵਨ,ਸ੍ਰੀ ਅਨੰਦਗੜ੍ਹ ਕਿਲੇ,ਸ੍ਰੀ ਚਮਕੌਰ ਸਾਹਿਬ ਜੀ,ਮੁਕਤਸਰ ਸਾਹਿਬ ਜੀ ਦੇ ਧਰਮ ਯੁੱਧਾਂ ਵੱਲ ਨਿਗ੍ਹਾ ਮਾਰੋ,ਸ੍ਰਵੰਸ ਕੁਰਬਾਨ ਕਰਨ ਵਾਲੇ ਸਤਿਗੁਰੂ ਸਾਹਿਬਾਨ ਜੀ,ਉਨ੍ਹਾਂ ਦੇ ਪਿਆਰਿਆਂ ਨੇ ਇਹ ਅਮੋਲਕ ਸ਼ੁਭ ਬਚਨ ਕਮਾਏ।ਯਥਾ:-ਜਉ ਤਉ;ਪ੍ਰੇਮ ਖੇਲਣ ਕਾ ਚਾਉ॥ਸਿਰੁ ਧਰਿ ਤਲੀ;ਗਲੀ ਮੇਰੀ ਆਉ॥ਇਤੁ ਮਾਰਗਿ;ਪੈਰੁ ਧਰੀਜੈ॥ਸਿਰੁ ਦੀਜੈ;ਕਾਣਿ ਨ ਕੀਜੈ॥ਵਾਹੁ ਵਾਹੁ ਸੱਚੇ ਪਾਤਿਸ਼ਾਹ ਜੀ ਨੇ,ਸ੍ਰੀ ਦਮਦਮੇ ਸਾਹਿਬ ਜੀ ਵਿਖੇ ਆ ਕੇ,ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੰਠੋਂ ਉਚਾਰੇ।ਬਾਬਾ ਉਦੇ ਸਿੰਘ ਸਾਹਿਬ ਜੀ,ਸਤਿਗੁਰਾਂ ਜੀ ਦੀ ਬਖ਼ਸ਼ੀ ਭਾਰੀ ਬੀਰਤਾ ਨਾਲ ਹਰੀਚੰਦ ਦੀ ਫੌਜ ’ਚੋਂ,ਉਸ ਦਾ ਸਿਰ ਵੱਢ ਲਿਆਏ।ਮਹਾਨ ਸੂਰਬੀਰ ਯੋਧੇ ਭਾਈ ਬਚਿੱਤ੍ਰ ਸਿੰਘ ਜੀ ਨੇ ਨਾਗਣੀ ਨਾਲ ਜਸਵਾਰੀਆਂ ਦੇ ਹਾਥੀ ਦੀਆਂ ਤਵੀਆਂ ਵਿੰਨ੍ਹੀਆਂ ਅਤੇ ਪਿਆਰੇ ਮੋਹਕਮ ਸਿੰਘ ਸਾਹਿਬ ਜੀ ਨੇ ਹਾਥੀ ਦਾ ਸੁੰਡ ਵੱਢਿਆ ਆਦਿ ਸ਼ਹੀਦ ਸਿੰਘਾਂ ਦੇ ਉੱਚੇ ਕਾਰਨਾਮਿਆਂ ਤੋਂ ਪੁੱਛੋ?ਸਦਾ ਲਈ ਗੁਰਤਾ ਬਿਰਾਜਮਾਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੁੱਛੋ?ਯਥਾ:-ਸਤਿਗੁਰੁ ਮੇਰਾ ਮਾਰਿ ਜੀਵਾਲੈ॥)ਮਾਰਿ ਆਪੇ ਜੀਵਾਲਦਾ; ਅੰਤਰਿ ਬਾਹਰਿ ਸਾਥਿ॥)ਪ੍ਰਭ ਭਾਵੈ;ਬਿਨੁ ਸਾਸ ਤੇ ਰਾਖੈ॥ਪਰਮ ਵੀਰ ਕਰਨੀ ਕਮਾਈ ਦੇ ਪੂਰੇ ਸੂਰੇ ਖ਼ਾਲਸੇ ਸ਼ਹੀਦ ਬਾਬਾ ਮਨੀ ਸਿੰਘ ਸਾਹਿਬ ਜੀ ਨੇ ਬੰਦ ੨ ਕਟਾਉਣੇ,ਬਾਬਾ ਦੀਪ ਸਿੰਘ ਸਾਹਿਬ ਜੀ ਨੇ ਸੀਸ ਤਲੀ ’ਤੇ ਰੱਖਣਾ,ਬਾਬੇ ਟੋਡਰ ਮੱਲ ਸਾਹਿਬ ਜੀ ਨੇ ਖੜ੍ਹੀਆਂ ਮੋਹਰਾਂ ਵਿਛਾ ਕੇ,ਪਰਮਪੂਜਨੀਕ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਜੀ ਦਾ ਸਸਕਾਰ,ਸਤਿਕਾਰ

ਅਤਿਅੰਤ ਪਿਆਰ ਨਾਲ ਕਰਨਾ।ਪੀਰ ਬੁੱਧੂਸ਼ਾਹ ਜੀ ਨੇ ਆਪਣੇ ਅਨੇਕ ਮੁਰੀਦ ਪਰਿਵਾਰ ਸਮੇਤ ਕੁਰਬਾਨ ਹੋਣਾ।ਬਾਬੇ ਨਗਾਹੀਏ ਜੀ ਨੇ ਆਪਣਾ ਪਰਿਵਾਰ ਕੁਰਬਾਨ ਕਰਨਾ।ਬਾਬੇ ਸੁੱਖਾ ਸਿੰਘ,ਮਹਿਤਾਬ ਸਿੰਘ ਜੀ ਨੇ ਹੰਕਾਰੀ ਮੱਸੇ ਰੰਘੜ ਦਾ ਸਿਰ ਵੱਢ ਕੇ,ਬੀਕਾਨੇਰ ਬੁੱਢੇ ਜੌਹੜ ਲੈ ਜਾਣਾ,ਬਾਬਾ ਬੰਦਾ ਸਿੰਘ ਜੀ ਬਹਾਦਰ ਜੀ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣੀ ਆਦਿ ਅਨੇਕਾਂ ਪ੍ਰਮਾਣਾਂ ਦੁਆਰਾ ਸੱਚ ੜ ਇਹੋ ਹੈ ਕਿ ਸੱਚੇ ਪਾਤਿਸਾਹ ਜੀ ਨੇ ਬੱਕਰੇ ਨਹੀਂ ਝਟਕਾਏ।ਆਪਣੀ ਦੀਰਘ ਛਾਤੀ ਨਾਲ ਲਾ ਕੇ, ਸੁਰਜੀਤ ਅਮਰ ਕਰਕੇ ਪਿਆਰੇ ਖ਼ਿਤਾਬ ਬਖ਼ਸ਼ਿਆ, ਜੋ ਹੋਰ ਕਿਸੇ ਨੇ ਨਹੀਂ ਬਖ਼ਸ਼ਿਆ। ਸ੍ਰੀ ਦਸਮ ਗ੍ਰੰਥ ਅੰਗ ੫੫ 'ਤੇ ਫ਼ੁਰਮਾ ਰਹੇ ਹਨ:-ਤੇ ਭੀ ਬਲ ਪੂਜਾ ਉਰਝਾਏ॥(ਸ੍ਰੀ ਦਸਮ ੫੫)(ਤੇ)ਦੇਵਤੇ ਭੀ ਬੱਕਰਿਆਂ ਛੱਤਰਿਆਂ ਦੀਆਂ (ਬਲ)ਬਲੀਆਂ ਲੈਣ 'ਚ,ਆਪਣੀ ਪੂਜਾ ਕਰਾਉਣ 'ਚ(ਉਰਝਾਏ)ਫਸ ਗਏ,ਸਭ ਨੇ ਆਪਣੇ ਆਪ ਨੂੰ ਪਰਮੇਸ਼ਰ ਕਹਾਇਆ। ਜੀਅ ਬਧਹੁ.ਸੁ ਧਰਮੁ ਕਰਿ ਥਾਪਹੁ;ਅਧਰਮੁ ਕਹਹੁ ਕਤ ਭਾਈ॥ਆਪਸ ਕਉ ਮੁਨਿਵਰ ਕਰਿ ਥਾਪਹੁ;ਕਾ ਕਉ ਕਹਹੁ ਕਸਾਈ॥)

ਜਉ ਸਭ ਮਹਿ ਏਕੁ ਖੁਦਾਇ ਕਹਤ ਹਉ;ਤਉ ਕਿਉ ਮੁਰਗੀ ਮਾਰੈ॥)ਕਬੀਰ.ਜੀਅ ਜੁ ਮਾਰਹਿ ਜੋਰੁ ਕਰਿ;ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿ ਹੈ;ਹੋਇਗਾ ਕਉਨੁ ਹਵਾਲੁ॥)ਗੁਰਬਾਣੀ ਜੀ 'ਚ ਅਨੇਕਾਂ ਹੀ ਪ੍ਰਮਾਣ ਹਨ, ਜਿਨ੍ਹਾਂ ਦੁਆਰਾ ਜੀਆਂ ਨੂੰ ਮਾਰਨਾ ਜ਼ੁਲਮ ਤੇ ਪਾਪ ਦੱਸਿਆ ਹੈ,ਸੋ ਅਨੇਕਾਂ ਗੁਰਬਾਣੀ ਦੇ ਪ੍ਰਮਾਣਾਂ ਅਨੁਸਾਰ,ਸਤਿਗੁਰੂ ਸਾਹਿਬਾਨ ਤੇ ਸਿੱਖਾਂ ਸਿੱਖਣੀਆਂ ਦੀ ਕੁਰਬਾਨੀ ਅਨੁਸਾਰ ਇਹ ਪੂਰਨ ਦ੍ਰਿੜ ਨਿਸਚਾ ਹੈ ਕਿ ਸਤਿਗੁਰਾਂ ਨੇ ਬੱਕਰੇ ਨਹੀਂ ਝਟਕਾਏ ਜੀ।ਨਮਸਕਾਰ.ਤਾ ਕਉ ਲਖ ਬਾਰ॥ਇਹੁ ਮਨੁ ਦੀਜੈ;ਤਾ ਕਉ ਵਾਰਿ॥ਅਨੁਸਾਰ ਐਸੇ ਸੱਚ ਸਰੂਪ ਵਿਆਪਕ ਬ੍ਰਹਮ ਦੇ ਅਵਤਾਰ ਸਤਿਗੁਰਾਂ ਨੂੰ ਰੋਮ ੨ ਕਰਕੇ ਨਿਮਖ ੨ ਨਮਸਕਾਰ ਪ੍ਰਵਾਨ ਹੋਵੇ ਜੀ।

ਖਲਾਸੇ ਦੀ ਜਗ੍ਹਾ ਖਾਲਸੇ,ਇੱਕ ਅੱਖਰ ਦਾ ਫਰਕ ਪਾਇਆ?ਵਾਹਿਗੁਰੂ ਜੀ॥ਕਹੁ ਕਬੀਰ ਜਨ ਭਏ ਖਾਲਸੇ; ਪ੍ਰੇਮ ਭਗਤਿ ਜਿਹ ਜਾਨੀ॥ ਕਈ ਨਿੰਦਕ ਕਹਿੰਦੇ ਹਨ ਕਿ ਸਤਿਗੁਰੂ ਸਾਹਿਬ ਜੀ ਨੇ ਖਲਾਸੇ ਦੀ ਜਗ੍ਹਾ ਖਾਲਸੇ, ਇੱਕ ਅੱਖਰ ਦਾ ਫਰਕ ਪਾਇਆ ਹੈ,ਪਰ ਸ੍ਰੀ ਗੁਰੂ ਸਾਹਿਬ ਜੀ ਨੇ ਇੱਕ ਅੱਖਰ ਦਾ ਭੀ ਫਰਕ ਨਹੀਂ ਪਾਇਆ।ਗੁ:ਬਿ:ਪਾ:੬ 'ਚ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੇ ਇਹ ਬਚਨ ਕਹੇ:-ਇਹ ਗੁਰੂ ਗ੍ਰੰਥ ਉਚਾਰਨ ਕਰੋਂ ਤਹਾਂ ਬੈਠ ਕੇ;ਜਗ ਮਾਹਿ ਸੋਊ ਗੁਰੂ ਬਿਥਾਰੋਂ॥ਇਹ ਪਰਮਪਵਿੱਤ੍ਰ ਪਰਮਪੂਜਨੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਤਹਾਂ) ਤਿੱਥੇ ਸ੍ਰੀ ਦਮਦਮੇ ਸਾਹਿਬ ਜੀ ਵਿਖੇ ਬੈਠ ਕੇ, ਦਸਵੇਂ ਜਾਮੇ ਅੰਦਰ ਉਚਾਰਾਂਗਾ, ਓਹੀ ਗੁਰੂ ਸਰੂਪ ਜੱਗ 'ਚ ਪ੍ਰਗਟ (ਬਿਥਾਰੋਂ) ਕਰਾਂਗਾ।

ਅੱਖਰ ਏਕ ਕੋ ਭੇਦ ਧਰੋਂ ਨਹਿੰ,ਮਮ ਦਾਸ ਗੁਰੂ ਸੰਮ੍ਰਥ ਬਿਚਾਰੋ॥ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੇ ਇਹ ਭਵਿਸ਼ ਬਚਨ ਕਹੇ:- (ਮਮ) ਦਾਸਨ ਦਾਸ ਦੇ ਗੁਰੂ ਵਾਹਿਗੁਰੂ ਮਹੱਲੇ ਪੰਜਵੇਂ ਜੀ (ਕੋ) ਨੂੰ ;ਸਰਬ

ਕਲਾ ਸਮਰਥ॥ ਗੁਰੂ ਵੀਚਾਰ ਲਵੋ, ਇਸ ਲਈ ਇਨ੍ਹਾਂ 'ਚ ਦਾਸਨਦਾਸ ਇੱਕ ਅੱਖਰ ਦਾ ਭੀ ਫ਼ਰਕ ਨਹੀਂ ਧਰਾਂਗਾ ਭਾਵ ਪਾਵਾਂਗਾ।

ਦੂਜਾ ਪ੍ਰਮਾਣ:- ਸਤਿਗੁਰੂ ਪੰਜਵੇਂ ਪਾਤਿਸਾਹ ਜੀ ਗੁ:ਪ੍ਰ:ਸੂ:'ਚ ਫ਼ੁਰਮਾ ਰਹੇ ਹਨ:-ਜੋ ਲਿਖਿ ਲੇਹਿ, ਭਲੇ ਤਬਿ ਸੋਧਹਿ;ਅਖਰ ਸੋਂ ਲਗ ਕੀ ਚੁਕਸਾਈ॥ ਪਾਠ ਸਮੱਸਤ ਕਰੈ ਬੁਧ ਸੋਂ; ਪਿਖ ਪੂਰਬ ਕੇ ਸਮ ਲੇਹਿ ਬਨਾਈ॥ ਆਪ ਤੇ ਘਟ ਨ ਵਾਧ ਕਰੈ; ਜਿ ਕਰੈ ਹੁਇ ਮੂਰਖ ਸੋ ਪਛੁਤਾਈ॥ ਸੋ ਪ੍ਰਭੂ ਸ੍ਰੀ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਦਾ ਹੁਕਮ ਹੈ ਕਿ ਅੱਖਰ ਲਗ ਮਾਤ੍ਰ ਵੱਧ ਘੱਟ ਨਹੀਂ ਕਰਨੀ, ਜੋ ਕਰੇਗਾ ਸੋ ਮੂਰਖ ਹੈ, ਉਹ ਪਛੁਤਾਵੇਗਾ। ਪਰਮਪੂਜਨੀਕ ਦਸੇ ਪਾਤਿਸਾਹ ਜੀ ਇੱਕ ਜੋਤਿ ਹਨ।ਯਥਾ:-ਸ੍ਰੀ ਨਾਨਕ;ਅੰਗਦਿ ਕਰਿ ਮਾਨਾ॥ਅਮਰਦਾਸ;ਅੰਗਦ ਪਹਿਚਾਨਾ॥ਅਮਰਦਾਸ;ਰਾਮਦਾਸ ਕਹਾਯੋ॥ਸਾਧਨਿ ਲਖਾ;ਮੂੜ ਨਹਿ ਪਾਯੋ॥੯॥ਭਿੰਨ ਭਿੰਨ;ਸਭਹੂੰ ਕਰਿ ਜਾਨਾ॥ਏਕ ਰੂਪ;ਕਿਨਹੂੰ ਪਹਿਚਾਨਾ॥ਜਿਨ ਜਾਨਾ;ਤਿਨ ਹੀ ਸਿਧ ਪਾਈ॥ਬਿਨ ਸਮਝੇ;ਸਿਧ ਹਾਥ ਨ ਆਈ॥੧੦॥(ਸ੍ਰੀ ਦਸਮ ਪ੪)ਅੰਮ੍ਰਿਤ ਗੁਰਬਾਣੀ ਦੇ ਆਦਿ 'ਚ ਏਕਾ ਲਾਇਆ, ਜੋ ਇੱਕ ਦਾ ਹੀ ਜਣਾਇਕ ਹੈ। ਯਥਾ:- ਮਃ ੩॥ ਇਕਾ ਬਾਣੀ ਇਕੁ ਗੁਰੁ; ਇਕੋ ਸਬਦੁ ਵੀਚਾਰਿ॥

ਉਪ੍ਰੋਕਤ ਪ੍ਰਮਾਣਾਂ ਅਨੁਸਾਰ ਦਸੇ ਪਾਤਿਸਾਹ ਇੱਕ ਜੋਤਿ ਹਨ, ਇਸ ਲਈ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਇੱਕ ਅੱਖਰ ਦਾ ਭੀ ਫ਼ਰਕ ਨਹੀਂ ਪਾਇਆ। ਫ਼ਰਕ ਪਾਇਆ ਕਹਿਣਾ ਨਿੰਦਾ ਹੈ। ਸਗੋਂ ਕੁਰਬਾਨੀਆਂ ਦੇ ਕੇ ਗੁਰਬਾਣੀ ਨੂੰ ਜੱਗ 'ਤੇ ਅਟੱਲ ਰੱਖਿਆ ਹੈ। ਜੋ ਪਾਠਾਂ ਦਾ ਫ਼ਰਕ ਹੈ, ਇਹ ਅਨਾੜੀ ਨਿਸ਼ਰਧਕ ਬੰਦਿਆਂ ਤੋਂ ਅਗਾਹਾਂ ਦੀ ਅਗਾਂਹ ਫ਼ਰਕ ਪੈਂਦਾ ਗਿਆ। ਵਿਰਲੇ ੨ ਮਹਾਂਪੁਰਖ ਹੋਏ ਹਨ, ਜੋ ਗੁਰਬਾਣੀ ਦੀ ਸੋਧ 'ਤੇ ਮਰ ਮਿਟੇ। ਹੁਣ ਜਿਵੇਂ ਗੁਰਬਾਣੀ 'ਚ ਛਾਪੇ ਦੀਆਂ ਅਨੇਕਾਂ ਗ਼ਲਤੀਆਂ ਪੈ ਰਹੀਆਂ ਹਨ, ਨਿਮ੍ਰਤਾ ਨਮਸਕਾਰ ਸਹਿਤ ਗੁਰੂ ਪੰਥ ਜੀ ਨੂੰ ਪ੍ਰੇਮ ਬੇਨੰਤੀ ਹੈ ਕਿ ਇਸ ਵੱਲ ਪੂਰਾ ੨ ਧਿਆਨ ਦੇਣ ਜੀ। ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ ਤੱਤੀ ਤਵੀ 'ਤੇ ਬੈਠ ਕੇ, ਕਸ਼ਟ ਸਹਾਰ ਕੇ, ਗੁਰਬਾਣੀ ਨੂੰ ਸ਼ੁੱਧ ਰੱਖਿਆ ਹੈ ਜੀ।

ਸ਼ੰਕੇ ਦੀ ਨਿਵਿਰਤੀ:- ਸੱਚੇ ਸਤਿਗੁਰੂ ਸਾਹਿਬ ਜੀ ਦੇ ਨਿੰਦਕਾਂ ਨੇ ਗੁਰੂ ਇਤਿਹਾਸ ਚ ਕੁੱਝ ਗ਼ਲਤ ਗੱਲਾਂ ਪਾ ਦਿਤੀਆਂ ਹਨ। ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੂੰ, ਆਪ ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਸੀਸ 'ਤੇ ਹੱਥ ਰੱਖ ਕੇ, ਗੁਰਤਾ ਬਖ਼ਸ਼ ਕੇ ਨਿਵਾਜਿਆ, ਬਾਬੇ ਬੁੱਢੇ ਸਾਹਿਬ ਜੀ ਨੇ ਗੁਰਤਾ ਤਿਲਕ ਲਾਇਆ, ਆਪ ਜੀ ਚੌਥੇ ਪਾਤਿਸਾਹ ਜੀ ਦੇ ਪਿਆਰੇ ਪੋਤ੍ਰੇ, ਸੱਚੇ ਸਤਿਗੁਰੂ ਸੱਤਵੇਂ ਪਾਤਿਸਾਹ ਜੀ ਦੇ ਦਾਦਾ ਜੀ ਸੱਚੇ ਸਤਿਗੁਰੂ ਅਠੱਵੇਂ ਪਾਤਿਸਾਹ ਜੀ ਦੇ ਪਰਮਪੂਜਨੀਕ ਪੜਦਾਦਾ ਜੀ, ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਦੇ ਪਰਮਪੂਜਨੀਕ ਪਿਤਾ ਜੀ, ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਪਰਮਪੂਜਨੀਕ ਬਾਬਾ ਜੀ, ਸ਼ਹੀਦ ਏ ਆਜ਼ਮ ਚੌਹਾਂ ਸਾਹਿਬਜ਼ਾਦਿਆਂ ਦੇ ਪਰਮਪੂਜਨੀਕ

ਪੜਦਾਦੇ ਜੀ। ਜਿਨ੍ਹਾਂ ਦੇ ਪਰਮਪਵਿੱਤ੍ਰ ਦਰਸ਼ਨਾਂ ਚੋਂ ਗੁਰੂ ਪ੍ਰਗਟ ਹੋਏ ਹੋਣ, ਜੋਧੇ ਸ਼ਹੀਦ ਬ੍ਰਹਮਗਿਆਨੀ ਪੈਦਾ ਹੋਏ ਹੋਣ, ਜਿਨ੍ਹਾਂ ਨੇ ਸੰਤ ਦੋਖੀ ਪਾਪੀ ਚੰਦੂ ਦੇ ਨੱਕ ਚ ਨੱਥ ਪਾਈ, ਉਨ੍ਹਾਂ ’ਤੇ ਸ਼ੰਕਾ ਨਾ ਕਰੋ ਜੀ, ਨਮਸਕਾਰ। ਸਤਿਗੁਰੂ ਸਾਹਿਬਾਨ ਜੀ ਦੇ ਨਿੰਦਕ, ਨਿੰਦਾ ਕਰਕੇ, ਸਿੱਖਾਂ ਦੇ ਮਨ ’ਤੇ ਸੱਟ ਮਾਰਦੇ ਹਨ, ਸ਼ਰਧਾ ਇਕਾਗ੍ਰਤਾ ਕਲਿਆਣ ’ਚ ਵਿਘਨ ਪਾਉਂਦੇ ਹਨ। ਗੁਰੂ ਜੀ ਦੇ, ਉੱਲੂ ਨਿੰਦਕਾਂ ਨੂੰ ਪਤਾ ਨਹੀਂ ਕਿ ਵਾਹਿਗੁਰੂ ਜੀ ਆਪ ਗੁਰੂ ਅਵਤਾਰ ’ਚ ਪ੍ਰਗਟ ਹੋ ਕੇ ਨਾਮ ਰੰਗਿ; ਸਰਬ ਸੁਖੁ ਹੋਇ॥ ਦੀ ਬਖ਼ਸ਼ਿਸ਼ ਕਰਕੇ ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਕੇਤੇ;ਖਪਿ ਤੁਟਹਿ ਵੇਕਾਰ॥ਅਨੁਸਾਰ ਵਿਕਾਰਾਂ ਦੀ ਅੱਗ ਤੋਂ ਬਚਾਉਂਦੇ ਹਨ ਜੀ।ਪ੍ਰਸ਼ਨ ਉੱਤ੍ਰ ਗੁਰਪ੍ਰਸਾਦਿ ਸੰਪੂਰਨੰ॥

੧੦੦.ਗੁਰਪ੍ਰਸਾਦਿ ਦੂਜਾ ਪ੍ਰਕਰਣ ਅਰੰਭ:- ਗੁਰਪ੍ਰਸਾਦਿ ਵਾਹਿਗੁਰੂ ਗੁਰਪੁਰਬਾਂ,ਅਨੇਕ ਪ੍ਰਕਾਰ ਦੇ ਕਾਰਜਾਂ ਦੀ ਸਿੱਧੀ ਅਤੇ ਘਰਾਂ ’ਚ ਮਾਟੋ ਲਿਖਣ ਲਈ ਸ੍ਰਬ ਵਿਆਪੀ ਮਹਾਂ ਵਿਸਮਾਦ ਗੁਰਸਬਦ ਪਦ,ਸਤਿਗੁਰੂ ਸਾਹਿਬਾਨ ਦਸਾਂ ਪਾਤਿਸਾਹਾਂ,ਪੂਰਨ ਸੰਤਾਂ ਮਹਾਂ ਪੁਰਖਾਂ ਜੀ ਦੇ ਅਮੋਲਕ ਬੋਲੇ,ਅਤੇ ਪਰਮ ਪੂਜਨੀਕ ਪਿਆਰੇ ਅਜਪਾ ਜਾਪ ਸੁੰਦਰ ਵਾਹਿਗੁਰੂ ਜੀ ਦੇ ਸ਼ੁਭ ਸੱਚੇ ਦਰਸ਼ਨਾਂ ਲਈ ਪੜ੍ਹਨੇ ਯੋਗ ਖ਼ਾਸ ੨ ਧਾਰਮਿਕ ਗ੍ਰੰਥ।

੧੦੧.ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਅਦੁਤੀ ਸ਼ਹੀਦੀ ਜਾਪ ਅਤੇ ਮਹਾਂ ਵਿਸਮਾਦ ਪ੍ਰੇਮ ਬੇਨਤੀਆਂ:- {ਧੰਨ ਹਨ ਧੰਨ ਹਨ ਧੰਨ ਹਨ,ਵਾਹਿਗੁਰੂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ,ਹੁਣ ਉੱਬਲਦੀ ਦੇਗ ਅੰਦਰ ਬੈਠ ਰਹੇ ਹਨ,ਹੁਣ ਮੱਚਦੇ ੨ ਰੇਤੇ ’ਤੇ ਬੈਠੇ ਮੱਚਦਾ ੨ ਰੇਤਾ ਆਪਣੇ ਪਰਮਪੂਜਨੀਕ ਪਰਮਪਵਿੱਤ੍ਰ ਸੀਸ ’ਤੇ ਪੁਆ ਰਹੇ ਹਨ।ਹੁਣ ਸੜਦੀ ਬਲਦੀ ਮੱਚਦੀ ਲੋਹ ’ਤੇ ਖੜ੍ਹ ਰਹੇ ਹਨ।ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਧੰਨ ਹਨ,ਹੁਣ ਸੀਸ ਕੁਰਬਾਨ ਕਰ ਰਹੇ ਹਨ।ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਗੋਵਿੰਦ ਸਿੰਘ ਸਾਹਿਬ ਜੀ ਧੰਨ ਹਨ,ਹੁਣ ਸਰਬੰਸ ਕੁਰਬਾਨ ਕਰ ਰਹੇ ਹਨ।}ਛਾਪੇ ਅਨੁਸਾਰ ਮਾਟੋ ਲਿਖ ਕੇ,ਸਤਿਸੰਗਤ ਜੀ ਦੀ ਮੁਫ਼ਤ ਸ਼ੁਭ ਸੇਵਾ ਕਰੋ।ਜੇ ਗ੍ਰੀਬੀ ਹੋਵੇ ਤਾਂ ਘੱਟ ਮਾਇਆ ਲੈ ਕੇ ਸੇਵਾ ਕਰੋ।ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਆਪ ਜੀ ਨੂੰ ਐਸਾ ਪ੍ਰੇਮ ਬਖ਼ਸ਼ਣ,ਜਿਸ ਕਰਕੇ ਸੁੰਦਰ ਸ਼ੁੱਧ ਪੋਥੀ ’ਚ ਲਿਖੇ ਸਾਰੇ ਮਾਟੋ ਲਿਖ ੨ ਕੇ,ਸ੍ਰੀ ਗੁਰਦੁਆਰੇ ਸਾਹਿਬ ਜੀ,ਆਪਣੇ ਘਰੇ ਲਾਵੋ।ਹਰੇਕ ਮਾਟੋ ਦਾ ਦਸ ਹਜ਼ਾਰ ਵਾਰੀ ਅਭਿਆਸ ਕਰਕੇ ਅਨੰਦ ਮਾਣੋ।ਜ਼ਿਆਦਾ ਅਭਿਆਸ ਕਰਕੇ ਉਨ੍ਹਾਂ ਨੂੰ ਗਾ ੨ ਕੇ ਅੰਮ੍ਰਿਤ ਪੀਤਾ ਜਾਵੇ।ਪਰਮਪਵਿੱਤ੍ਰ ਗੁਰਬਾਣੀ ਜੀ ਦੇ ਅਭਿਆਸ ਨਾਲ,ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਰਿਦੇ ਚੋਂ,ਮੁਖ ’ਚ ਅੰਮ੍ਰਿਤ ਭੇਜਦੇ ਹਨ।ਪ੍ਰੇਮੀ ਗੁਰਮੁਖਿ ਗੁਰਬਾਣੀ ਦਾ ਅਭਿਆਸ ਕਰਕੇ ਅੰਮ੍ਰਿਤ ਪੀ ੨ ਕੇ,ਪੂਰਨ ਤ੍ਰਿਪਤ ਰਹਿੰਦੇ ਹਨ।ਘਰੇ ਸਾਰੇ ਪਦ ਮਾਟੋ ਰੂਪ ’ਚ ਲਿਖੇ ਜਾਣ।ਜਿਨ੍ਹਾਂ ਨੂੰ ਹਰ ਵੇਲੇ ਨਮਸਕਾਰ ਕਰਕੇ,ਪੜ੍ਹ ੨ ਕੇ ਅਭਿਆਸ ਕੀਤਾ ਜਾਵੇ।ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਰੁਮਾਲਿਆਂ ’ਤੇ ਜਾਂ ਬਸਤ੍ਰਾਂ ’ਤੇ ਤੁਕਾਂ ਦੀ

ਸ਼ੋਧ ਕਰਕੇ ਤੁਕਾਂ ਦੀ ਕਢਾਈ ਕਰਕੇ,ਸ਼ੀਸ਼ਿਆਂ 'ਚ ਜੜਾ ਕੇ,ਆਪਣੇ ਘਰੀਂ ਗੁਰਦੁਆਰੇ ਸਾਹਿਬ ਜੀ ਸਜਾਉ॥ਜਿੱਥੇ ਤੁਕਾਂ ਲਿਖੀਆਂ ਦੇਖੋ,ਪੋਥੀ 'ਚੋਂ ਦੇਖ ਕੇ,ਉਨ੍ਹਾਂ ਨੂੰ ਸ਼ੁੱਧ ਕਰਨ ਲਈ ਪ੍ਰੇਮ ਬੇਨਤੀ ਕਰੋ।ਬੱਸਾਂ 'ਤੇ ਤੁਕਾਂ ਲਿਖਣ ਵਾਲੇ ਸ਼ੁੱਧ ਤੁਕਾਂ ਲਿਖਣ।ਸੱਚਿਆਰ ਸਿੱਖ ਗੁਰਸਬਦ ਸ਼ੀਸ਼ਿਆਂ 'ਚ ਜੜਾ ਕੇ,ਇੱਕ ਦੂਜੇ ਨੂੰ ਦੇਣ।ਸ਼ਾਦੀਆਂ 'ਚ ਭੀ ਦਿਤੇ ਜਾਣ,ਜਿਸ ਕਰਕੇ ਪ੍ਰੇਮੀਆਂ ਦਾ ਟਿਕਾਅ ਵਧੇ।ਹਰੇਕ ਘਰ 'ਚ ਬੇਅੰਤ ਹੀ ਸਬਦਾਂ ਦੇ ਮਾਟੋ ਹੋਣ,ਜਦੋਂ ਕਿਸੇ ਦੇ ਘਰ ਪ੍ਰੇਮੀ ਜਾਣ,ਤਦੋਂ ਗੁਰਸਬਦ ਪੜ੍ਹਨ ਜਾਂ ਵਿਚਾਰਨ,ਜਿਸ ਕਰਕੇ ਸਤਿਗੁਰਾਂ ਦੀ ਮਹਾਨ ਖੁਸ਼ੀ ਪ੍ਰਾਪਤ ਹੋਵੇ।

ਪ੍ਰੈਸ ਵਾਲੇ ਪ੍ਰੇਮੀ ਲੋੜੀਂਦੀਆਂ ਸ਼ੁੱਧ ਤੁਕਾਂ ਲਿਖ ਕੇ ਸ਼ੀਸ਼ੇ 'ਚ ਜੜਾ ਕੇ ਰੱਖਣ,ਜਿਸ ਕਰਕੇ ਗੁਰਬਾਣੀ ਗ਼ਲਤ ਛਾਪਣ ਦਾ ਪਾਪ ਨ ਲੱਗੇ।ਗੱਡੀ ਦੇ ਪਿਛਲੇ ਸ਼ੀਸ਼ੇ 'ਤੇ ਗੁਰਬਾਣੀ ਜੀ ਨ ਲਿਖੋ,ਮਗਰ ਗਰਦ,ਗੰਦੇ ਛਿੱਟੇ ਪੈਂਦੇ ਹਨ,ਪਿੱਛੇ ਪਉੜੀ 'ਤੇ ਚੜ੍ਹਨ ਨਾਲ ਭੀ ਬਿਅਦਬੀ ਹੁੰਦੀ ਹੈ।ਸੀਟ ਨਾਲੋਂ ਨੀਵੇਂ ਥਾਂ ਜਾਂ ਸੀਟ ਦੇ ਪਿਛੇ ਗੁਰਬਾਣੀ ਨ ਲਿਖੋ।

ਜੋਤਿ ਓਹਾ ਜੁਗਤਿ ਸਾਇ; ਸਹਿ ਕਾਇਆ ਫੇਰਿ ਪਲਟੀਐ॥ ਝੁਲੈ ਸੁ ਛਤੁ ਨਿਰੰਜਨੀ; ਮਲਿ ਤਖਤੁ ਬੈਠਾ ਗੁਰ ਹਟੀਐ॥(੯੬੬) ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥(੨੭੮) ਸੂਰਜ ਕਿਰਣਿ ਮਿਲੇ; ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ; ਸੰਪੂਰਨੁ ਥੀਆ ਰਾਮ॥(੮੪੬)

੧੦੨.ਗੁਰਪੁਰਬਾਂ ਬਾਰੇ ਮਾਟੋ ਲਿਖਣ ਲਈ,ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਅਵਤਾਰ ਸਬੰਧੀ ਅਤੇ ਉਨ੍ਹਾਂ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:- ਆਪਿ ਨਰਾਇਣੁ. ਕਲਾ ਧਾਰਿ; ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ; ਜਗ ਮੰਡਲਿ ਕਰਿਯਉ॥(੧੩੯੫) ਰੋਮ ਰੋਮ. ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ; ਮਾਨਸ ਅਉਤਾਰ ਧਾਰਿ. ਦਰਸੁ ਦਿਖਾਏ ਹੈ॥(ਕਬਿੱਤ ੩੫) ਕਲਿ ਵਿਚਿ ਧੂ ਅੰਧਾਰੁ ਸਾ; ਚੜਿਆ ਰੈ ਭਾਣੁ॥(੯੬੮) ਜਬ ਜਬ ਹੋਤ;ਅਰਿਸਟਿ ਅਪਾਰਾ॥ਤਬ ਤਬ;ਦੇਹ ਧਰਤ ਅਵਤਾਰਾ॥) ਸਤਿਗੁਰ ਨਾਨਕ ਪ੍ਰਗਟਿਆ; ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ; ਤਾਰੇ ਛਪਿ ਅੰਧੇਰੁ ਪਲੋਆ।(ਵਾਰ ੧) ਸਿਧਿ ਬੋਲਨਿ ਸੁਭ ਬਚਨ ;ਧਨੁ ਨਾਨਕ ਤੇਰੀ ਵਡੀ ਕਮਾਈ।(ਵਾਰ ੧) ਜਾਹਰ ਪੀਰ ਜਗਤੁ ਗੁਰੁ ਬਾਬਾ॥੩॥(ਵਾਰ ੨੪) ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥(ਵਾਰ ੧) ਜਿਥੈ ਬਾਬਾ ਪੈਰ ਧਰਿ;ਪੂਜਾ ਆਸਣੁ ਥਾਪਣਿ ਸੋਆ॥(ਵਾਰ ੧) ਮਾਰਿਆ ਸਿੱਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥ (ਵਾਰ ੧) ਗੁਰੁ ਨਾਨਕੁ ਜਿਨ ਸੁਣਿਆ ਪੇਖਿਆ; ਸੇ ਫਿਰਿ ਗਰਭਾਸਿ ਨ ਪਰਿਆ ਰੇ॥(੬੧੨) ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥(ਵਾਰ ੧) ਵਾਹਿਗੁਰੂ॥ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥) ਵਿਦਿਆ ਵੀਚਾਰੀ;ਤਾਂ ਪਰਉਪਕਾਰੀ॥) ਆਈ ਪੰਥੀ

ਸਗਲ ਜਮਾਤੀ;ਮਨਿ ਜੀਤੈ ਜਗੁ ਜੀਤੁ॥) ਪ੍ਰਾਣੀ ਤੂੰ ਆਇਆ ਲਾਹਾ ਲੈਣਿ॥ ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥੧॥)ਭੁਲਣ ਅੰਦਰਿ ਸਭੁ ਕੋ;ਅਭੁਲੁ ਗੁਰੂ ਕਰਤਾਰੁ॥)ਨਾਨਕ ਦੁਖੀਆ ਸਭੁ ਸੰਸਾਰੁ॥) ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥੩॥(੪੬੯) ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥੧॥(੪੬੬) ਤੂੰ ਲੈਣਾ ਮੈਂ ਦੇਣਾ,ਲਹਿਣੇਦਾਰ ਘੋੜੀਆਂ 'ਤੇ ਹੀ ਚੜ੍ ਕੇ ਆਉਂਦੇ ਹਨ।ਵਾਹਿਗੁਰੂ॥ਸਤਿ ਕਰਤਾਰ ਸਤਿ ਕਰਤਾਰ।ਵਾਹਿਗੁਰੂ॥ਤੇਰਾ ਤੇਰਾ ਤੇਰਾ।ਵਾਹਿਗੁਰੂ॥ਵੇਖ ਭਾਈ ਬਾਲਿਆ ਰੰਗ ਕਰਤਾਰ ਦੇ।ਵਾਹਿਗੁਰੂ॥ਮਰਦਾਨਿਆ ਰਬਾਬ ਵਜਾ ਬਾਣੀ ਆਈ ਹੈ।ਵਾਹਿਗੁਰੂ॥ਸਤਿ ਸ੍ਰੀ ਅਕਾਲ ਗੁਰ ਬਰ ਅਕਾਲ। ਵਾਹਿਗੁਰੂ॥ਧੰਨ ਨਿਰੰਕਾਰ ਧੰਨ ਨਿਰੰਕਾਰ॥ ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੂੰ ਕੋਈ ਨਮਸਕਾਰ ਕਰਦਾ ਤਾਂ ਇਹ ਅਮੋਲਕ ਵਰ ਦਿੰਦੇ:-ਕਰਤਾਰ ਚਿੱਤ ਆਵੇ।ਵਾਹਿਗੁਰੂ॥ਪਰਮਪੂਜਨੀਕ ਸ੍ਰੀ ਗੁਰਦੁਆਰਾ ਅੰਤਰਜਾਮਤਾ ਵਿਖੇ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ,ਦੌਲਤ ਖਾਂ ਨੂੰ ਕਿਹਾ, "ਹੇ ਭਾਈ!ਤੇਰਾ ਮਨ ਕਾਬਲ 'ਚ ਘੋੜੇ ਖ਼ਰੀਦ ਰਿਹਾ ਸੀ।ਅਸੰਤ ਅਨਾੜੀ ਕਾਜ਼ੀ ਨੇ ਕਿਹਾ, "ਜੀ ਮੇਰੇ ਨਾਲ ਨਿਵਾਜ਼ ਪੜ੍ ਲੈਂਦੇ।" ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਹਾ,
"ਭਾਈ! ਤੇਰਾ ਮਨ ਅਪਣੇ ਘਰ ਵਿਛੇਰੀ 'ਚ ਗਿਆ ਸੀ,ਬਈ ਕਿਤੇ ਟੋਏ 'ਚ ਹੀ ਨਾ ਡਿੱਗ ਪਵੇ।"ਵਾਹਿਗੁਰੂ॥ਭੂਮੀਏਂ ਦੀ ਚੋਰੀ ਛੁਡਾਉਣ ਲਈ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਇਹ ਬਚਨ ਫੁਰਮਾਏ:-"ਸੱਚ ਬੋਲੀਂ ਗਰੀਬ ਮਾਰ ਨ ਕਰੀਂ,ਲੂਣ ਖਾ ਕੇ ਹਰਾਮ ਨ ਕਰੀਂ।"ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਸੱਚਖੰਡ ਜਾਣ ਮਗਰੋਂ,ਪਠਾਣਾਂ ਤੇ ਸਿੱਖਾਂ ਨੇ ਦਾਅਵਾ ਕੀਤਾ,ਸਾਡੇ ਗੁਰੂ ਹਨ, ਸਾਡੇ ਗੁਰੂ ਹਨ,ਫ਼ੈਸਲਾ ਹੋਇਆ,ਤੰਬੂ 'ਚੋਂ ਅਵਾਜ਼ ਲਵੋ,ਤਾਂ ਸੱਚੇ ਸਤਿਗੁਰਾਂ ਅਵਾਜ਼ਾ ਦਿਤਾ:- "ਨ ਗੁਰੂ ਗੋਰ ਮੇਂ,ਨ ਮੱਠ ਮੇਂ,ਗੁਰੂ,ਗੁਰੂ ਅੰਗਦ ਕੇ ਹੀਅ ਮੇਂ।" ਵਾਹਿਗੁਰੂ॥ਖਰਾ ਸੌਦਾ,ਹੱਕ ਦੀ ਕਮਾਈ,ਦੁੱਧ ਹੈ,ਪਾਪ ਦੀ ਕਮਾਈ ਲਹੂ ਹੈ।ਵਾਹਿਗੁਰੂ॥ਪਰਮਪੂਜਨੀਕ ਸ੍ਰੀ ਗੁਰਦੁਆਰਾ ਅੰਤਰਜਾਮਤਾ ਵਿਖੇ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ,ਦੌਲਤ ਖਾਂ ਨੂੰ ਕਿਹਾ, "ਹੇ ਭਾਈ!ਤੇਰਾ ਮਨ ਕਾਬਲ 'ਚ ਘੋੜੇ ਖ਼ਰੀਦ ਰਿਹਾ ਸੀ।ਅਸੰਤ ਅਨਾੜੀ ਕਾਜ਼ੀ ਕਿਹਾ, "ਜੀ ਮੇਰੇ ਨਾਲ ਨਿਵਾਜ਼ ਪੜ੍ ਲੈਂਦੇ।" ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਹਾ, "ਭਾਈ! ਤੇਰਾ ਮਨ ਅਪਣੇ ਘਰ ਵਿਛੇਰੀ 'ਚ ਗਿਆ ਸੀ,ਬਈ ਕਿਤੇ ਟੋਏ 'ਚ ਹੀ ਨਾ ਡਿੱਗ ਪਵੇ।"

੧੦੩.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ,ਇੱਕ ਖ਼ਾਸ ਪ੍ਰੇਮੀ ਸਿੱਖ ਦੀ ਅਮੋਲਕ ਸਾਖੀ:- ਮਹੱਲੇ ੧ ਜੀ ਦਾ ਇੱਕ ਖ਼ਾਸ ਪ੍ਰੇਮੀ ਸਿੱਖ ਧਨੀ ਸੀ।ਇੱਕ ਚੋਰ ਸਿੱਖੀ ਲਿਬਾਸ ਪਾ ਕੇ,ਇਸ ਦੇ ਘਰ ਰਾਤ ਕੱਟਣ ਚਲਾ ਗਿਆ,ਇਸ ਨੇ ਪ੍ਰੇਮ ਨਾਲ ਸੇਵਾ ਕੀਤੀ।ਚੋਰ ਨੇ ਰਾਤ ਨੂੰ ਚਾਂਦੀ ਦੇ ਰੁਪਏ ਚੋਰੀ ਕਰ ਲਏ।ਸਿੱਖ ਨੂੰ ਉਠਾ ਕੇ ਕਿਹਾ, "ਮੇਰੇ ਪੇਟ 'ਚ ਦਰਦ ਹੁੰਦਾ ਹੈ,ਬੂਹਾ ਖੋਲ੍।"ਪ੍ਰੇਮੀ ਨੇ

ਕਿਹਾ, "ਭਾਈ ਤੁਸੀਂ ਵੇਹੜੇ 'ਚ ਕਿਰਿਆ ਕਰ ਲਵੋ,ਮੈਂ ਦਿਨੇ ਸੁੱਟ ਦੇਵਾਂਗਾ॥" ਚੋਰ ਨੇ ਕਿਹਾ, "ਮੈਨੂੰ ਲੱਜਿਆ ਆਉਂਦੀ ਹੈ।"ਪ੍ਰੇਮੀ ਸਿੱਖ ਬੂਹਾ ਖੋਲਣ ਹੀ ਲੱਗਾ ਸੀ,ਚੋਰ ਦੇ ਠੇਡਾ ਵੱਜਣ ਤੋਂ,ਕੱਛ 'ਚੋਂ ਰੁਪਏ ਡਿੱਗ ਪਏ,ਡਰ ਗਿਆ।ਪ੍ਰੇਮੀ ਸਿੱਖ ਜੀ ਨੇ ਧਨ ਚੁੱਕ ਕੇ ਉਸ ਨੂੰ ਦੇ ਦਿਤਾ,ਬੂਹਾ ਖੋਲ੍ਹ ਦਿਤਾ,ਕਿਹਾ,ਤੇਰਾ ਭਲਾ ਹੋਵੇ,ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਜਪਦਾ ਜਾ।ਇਸ ਪ੍ਰੇਮੀ ਦੇ ਰੋਮ ੨ 'ਚ,ਸੱਚੇ ਸਤਿਗੁਰਾਂ ਦਾ ਸੱਚਾ ਪ੍ਰੇਮ ਵਸਦਾ ਸੀ।ਇਸ ਨੇ ਬੂਹਾ ਖੁੱਲਾ ਛੱਡ ਦਿਤਾ।ਇਸ ਦੇ ਘਰ ਵਾਲੀ ਨੇ ਕਿਹਾ, "ਇਹ ਸਿੱਖ ਚੋਰ ਸੀ।"ਪ੍ਰੇਮੀ ਨੇ ਕਿਹਾ, "ਐਸਾ ਨਹੀਂ ਕਹਿਣਾ,ਸਿੱਖ ਚੋਰ ਨਹੀਂ ਹੁੰਦੇ,ਮੇਰੀ ਗ਼ਲਤੀ ਹੈ,ਮੈਂ ਬੂਹਾ ਬੰਦ ਨਹੀਂ ਸੀ ਕੀਤਾ।"ਚੋਰ ਚੋਰੀ ਕਰਕੇ ਲੈ ਗਏ,ਵਿਚਾਰਾ ਸਿੱਖ ਲੱਜਾ ਮੰਨ ਕੇ ਚਲਾ ਗਿਆ।" ਓਹੀ ਪ੍ਰੇਮੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਸ਼ੁਭ ਸੱਚੇ ਦਰਸ਼ਨਾਂ ਲਈ,ਸ੍ਰੀ ਕਰਤਾਰਪੁਰ ਸਾਹਿਬ ਜੀ ਆਇਆ।ਸਤਿਗੁਰੂ ਸਾਹਿਬ ਜੀ, ਸਿੱਖ ਨੂੰ ਦੇਖਦਿਆਂ ਹੀ ਗੁਰਤਾ ਸਿੰਘਾਸਣ ਤੋਂ ਉਠੇ,ਪ੍ਰੇਮੀ ਸਿੱਖ ਨੂੰ ਭੱਜ ਕੇ,ਆਪਣੀ ਛਾਤੀ ਨਾਲ ਲਾ ਕੇ ਕਿਹਾ, "ਸ਼ਾਬਾਸ਼!ਭਾਈ ਤੂੰ ਮੇਰਾ ਪੜਦਾ ਢਕਿਆ ਹੈ,ਕਰਤਾਰ ਜੀ ਤੇਰੇ ਲੋਕ ਪ੍ਰਲੋਕ ਦੇ ਪੜਦੇ ਢਕਣਗੇ।"ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ੧੫੭੮ ਸੰਮਤ ਨੂੰ,ਬਾਬਰ ਦੀ ਕੈਦ 'ਚੋਂ ਨੌਜੁਆਨ ਬੀਬੀਆਂ ਬੱਚੇ ਬਿਰਧ ਆਦਿਕਾਂ ਨੂੰ ਛੁਡਾਇਆ।ਜਿਸ ਕਰਕੇ ਨਾਮ ਬੰਦੀ ਛੋੜ ਦਾਤੇ ਪ੍ਰਸਿੱਧ ਹੋ ਗਿਆ।

੧੦੪.ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ :-ਆਪ ਜੀ ਨੇ ਇਹ ਤਿੰਨ ਭੱਬੇ ਕਮਾਏ:-ਭਾਣਾ ਜੀ, ਭਲਾ ਜੀ,ਭੁੱਲ ਗਏ ਜੀ।ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਨੇ,ਸਤਿਗੁਰੂ ਪ੍ਰਭੂ ਤੀਜੇ ਪਾਤਿਸਾਹ ਜੀ 'ਤੇ ਪਰਮ ਪ੍ਰਸੰਨ ਹੋ ਕੇ ਇਹ ਬਾਰਾਂ ਵਰ ਬਖ਼ਸ਼ੇ:- ਨਿਥਾਵਿਆਂ ਦੇ ਥਾਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਉਟਿਆਂ ਦੀ ਓਟ, ਨਿਧਿਰਿਆਂ ਦੀ ਧਿਰ, ਨਿਪਤਿਆਂ ਦੀ ਪਤਿ, ਨਿਗਤਿਆਂ ਦੀ ਗਤਿ, ਨਿਆਸਰਿਆਂ ਦੇ ਆਸਰੇ, ਅਧੀਰਜਾਂ ਨੂੰ ਧੀਰਜ ਦੇਣ ਵਾਲੇ, ਪੀਰ ਸ਼ਕਤੀਆਂ ਵਾਲਿਆਂ ਦੇ ਵੱਡੇ ਗੁਰ ਪੀਰ, ਨਰਕ 'ਚ ਗਈ ਰੂਹ ਨੂੰ ਵਿਸ਼ਿਆਂ ਪਾਪਾਂ 'ਚ ਖੱਚਤ ਜ਼ਿੰਦਗੀ ਬ੍ਰਿਤੀ ਨੂੰ, ਫੇਰ ਮੋੜ ਕੇ ਅਕਾਲ ਪੁਰਖੁ ਜੀ ਦੇ ਸੱਚੇ ਚਰਨ ਕਮਲਾਂ 'ਚ ਲਾਉਣ ਵਾਲੇ, ਹਉਮੈ ਬੰਧਨਾਂ 'ਚ ਬੱਝੇ ਜੀਵ ਨੂੰ ਛੁਡਾਉਣ ਵਾਲੇ ਉਤਪਤੀ ਪਾਲਣਾਂ ਲੈਤਾ ਕਰਦਿਆਂ ਸਦਾ ਨਿਰਲੇਪ, ਅਨਤ ਕਲਾਵਾਨ ਸਦ ਸਦਾ ਮੇਹਰਵਾਨ।

੧੦੫.ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:- ਜਲ ਢੋਇਓ ਸਤਿਗੁਰ ਕੇ ਦੁਆਰੇ।ਇਹ ਬਿਧ ਪਾਇਓ ਮੋਖ ਦੁਆਰੇ।ਸਤਿਗੁਰ ਬੈਠਾ ਅਮਰ ਸਰੂਪ ਹੋਏ;ਗੁਰਮੁਖਿ ਪਾਈ ਦਾਤਿ ਇਲਾਹੀ॥) ਭਲੇ ਅਮਰਦਾਸ ਗੁਣ ਤੇਰੇ;ਤੇਰੀ ਉਪਮਾ.ਤੋਹਿ ਬਨਿ ਆਵੈ॥) ਗੋਬਿੰਦਵਾਲੁ.ਗੋਬਿੰਦ ਪੁਰੀ ਸਮ;ਜਲੵਨ.ਤੀਰਿ ਬਿਪਾਸ ਬਨਾਯਉ॥)ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ,ਸ੍ਰੀ ਬਉਲੀ ਸਾਹਿਬ ਜੀ ਦੀ ਸੇਵਾ ਸਮੇਂ ਟੋਕਰੀ ਸੁੱਟ ਕੇ ਵਾਪਸ ਆ ਰਹੇ

ਸਨ। ਮਾਤਾ ਰਾਮ ਕੌਰ ਜੀ,ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਤੱਕ ਕੇ,ਪ੍ਰਸੰਨ ਹੋਏ। ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਤੀਜੇ ਪਾਤਿਸਾਹ ਜੀ ਨੂੰ ਪ੍ਰੇਮ ਬੇਨਤੀ ਕੀਤੀ, "ਪਰਮਪੂਜਨੀਕ ਪਤੀ ਸਤਿਗੁਰੂ ਸਾਹਿਬ ਜੀ! ਬੀਬੀ ਭਾਨੀ ਲਈ ਇਨ੍ਹਾਂ ਵਰਗਾ ਵਰ ਲੱਭੋ।" ਇਹ ਸੁਣ ਕੇ ਸੱਚੇ ਸਤਿਗੁਰਾਂ ਨੇ ਹੱਸ ਕੇ ਕਿਹਾ, "ਇਨ੍ਹਾਂ ਵਰਗੇ ਤਾਂ ਚੌਦਾਂ ਲੋਕਾਂ 'ਚ ਇਹ ਹੀ ਹਨ। ਵਾਹਿਗੁਰੂ॥ ਗੁਰਦੁਆਰਾ ਸ੍ਰੀ ਸੰਨ੍ਹ ਸਾਹਿਬ ਜੀ ਵਿਖੇ,ਅਗਾਧ ਸਮਾਧੀ 'ਚ ਬੈਠਣ ਤੋਂ ਪਹਿਲਾਂ,ਪਰਮਪੂਜਨੀਕ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਨੇ ਬਚਨ ਲਿਖੇ:-ਜਿਹੜਾ ਇਸ ਬੂਹੇ ਨੂੰ ਖੋਲੇਗਾ,ਉਹ ਮੇਰਾ ਸਿੱਖ ਨਹੀਂ,ਮੈਂ ਉਸ ਦਾ ਗੁਰੂ ਨਹੀਂ,ਮੈਂ ਉਸ ਦੀ ਪ੍ਰਲੋਕ 'ਚ ਬਾਂਹ ਨਹੀਂ ਫੜਨੀ। ਪਰਮਪੂਜਨੀਕ ਬਾਬੇ ਬੁੱਢੇ ਸਾਹਿਬ ਜੀ ਨੇ ਸੰਨ੍ਹ ਲਾਇਆ ਤਾਂ ਖੁਸ਼ ਹੋ ਕੇ ਵਰ ਦਿਤਾ,ਇਸ਼ਨਾਨ ਕਰਕੇ ਸ੍ਰੀ ਜਪੁ ਜੀ ਸਾ:ਜੀ ਦਾ,ਅੰਮ੍ਰਿਤ ਪਰਮਪਵਿੱਤ੍ਰ ਪਾਠ ਕਰਕੇ,ਜਿਹੜਾ ਪ੍ਰੇਮੀ ਸੰਨ੍ਹ ਵਿਚਦੀ ਲੰਘੇਗਾ,ਉਸ ਦੀ ਚੌਰਾਸੀ ਕੱਟੀ ਜਾਵੇਗੀ। ਵਾਹਿਗੁਰੂ॥ਹੇ ਭਾਈ ਮਹਿੰਗਾ ਜੀ! ਤੁਸੀਂ ਮਹਿੰਗੇ ਗੁਰ ਉਪਦੇਸ਼ ਨੂੰ ਕਮਾ ਕੇ,ਆਪਣਾ ਨਾਮ ਮਹਿੰਗਾ ਸਫਲਾ ਕਰ ਲਿਆ ਹੈ। ਵਾਹਿਗੁਰੂ॥ਦੋਹਿਤਾ ਬਾਣੀ ਕਾ ਬੋਹਿਥਾ। ਵਾਹਿਗੁਰੂ॥ਸੱਚਨ ਸੱਚ:-ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਦਾ ਖਾਸ ਪ੍ਰੇਮੀ ਸਿੱਖ,ਜਿਸ ਨੂੰ ਹਰੀਪੁਰੀਏ ਰਾਜੇ ਦੀ,ਪਾਗਲ ਰਾਣੀ ਨਾਲ ਵਿਆਹ ਕੇ ਗੁਰਮੁਖਤਾਈ ਦੀ ਮੰਜੀ ਬਖ਼ਸ਼ੀ। ਇਹ ਗੁਰਮੁਖ ਮਹਾਂਪੁਰਸ਼ ਹਰ ਵੇਲੇ ਗਾ ਕੇ,ਉੱਚੀ ੨ ਸੱਚਨ ਸੱਚ ਸੱਚਨ ਸੱਚ ਗੂੰਜਦੇ ਰਹਿੰਦੇ। ਜਿਸ ਕਰਕੇ ਇਨ੍ਹਾਂ ਦਾ ਨਾਮ ਭੀ ਸੱਚਨ ਸੱਚ ਹੀ ਪੈ ਗਿਆ।

ਸੱਚਨ ਸੱਚ ਦਾ ਅਰਥ ਹੈ,ਮੇਰੇ ਸਤਿਗੁਰੂ ਸੱਚਿਆਂ ਤੋਂ ਸੱਚੇ ਹਨ। ਇਹ ਅਰਥ ਦਿਲ 'ਚ ਰੱਖ ਕੇ,ਹਰ ਵੇਲੇ ਸੱਚਨ ਸੱਚ ਜਪਣਾ ਚਾਹੀਦਾ ਹੈ। ਵਾਹਿਗੁਰੂ॥ਮਥੋ ਮੁਰਾਰੀ:-ਪਰਮਪੂਜਨੀਕ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਨੇ ਖ਼ਾਈ ਪਿੰਡ (ਜ਼ਿਲਾ ਲਹੌਰ)ਦੇ ਪ੍ਰੇਮੇ ਕੋਹੜੀ ਨੂੰ ਅਰੋਗ ਕਰਕੇ,ਸੀਂਹੇ ਉਪਲ ਖੱਤਰੀ ਦੀ ਪਿਆਰੀ ਸਪੁੱਤਰੀ,ਇਸ ਨਾਲ ਵਿਆਹ ਦਿਤੀ। ਸੀਂਹੇ ਸਿੱਖ ਦੇ ਘਰ ਵਾਲੀ ਨੇ ਸਤਿਗੁਰਾਂ ਨੂੰ ਕਿਹਾ, "ਸੱਚੇ ਪਾਤਿਸਾਹ ਜੀ ਇਹ ਕੀ ਕੀਤਾ ਹੈ?" ਸੱਚੇ ਸਤਿਗੁਰਾਂ ਨੇ ਕਿਹਾ, "ਇਹ ਮੇਰੇ ਬੱਚਾ ਬੱਚੀ ਹਨ,ਗੁਰਮਤਿ ਅਨੁਸਾਰ ਇਸ ਦਾ ਨਾਮ ਮੁਰਾਰੀ ਰੱਖਦਾ ਹਾਂ,ਬੱਚੀ ਦਾ ਨਾਮ ਮਥੋ ਰੱਖਦਾ ਹਾਂ। ਜਿਹੜਾ ਮਥੋ ਮੁਰਾਰੀ ਦਾ ਨਾਮ ਜਪੇਗਾ,ਜਮ ਨਹੀਂ ਦੇਖੇਗਾ"। ਇਸ ਜੋੜੀ ਨੂੰ ਸਤਿਗੁਰਾਂ ਨੇ ਧਰਮ ਪ੍ਰਚਾਰਕ ਮੰਜੀ ਬਖ਼ਸ਼ੀ। ਇਨ੍ਹਾਂ ਨੇ ਬਹੁਤ ਭਾਰੀ ਧਰਮ ਪ੍ਰਚਾਰ ਕੀਤਾ। ਸਤਿਗੁਰਾਂ ਦਾ ਬਚਨ ਸਫਲਾ ਹੋਇਆ।

੧੦੬.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ ਦੇ ਗੁਰਪੁਰਬ ਲਈ ਅਤੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:- ਬੈਠਾ ਸੋਢੀ ਪਾਤਿਸਾਹੁ; ਰਾਮਦਾਸੁ ਸਤਿਗੁਰੂ ਕਹਾਵੈ॥(ਵਾਰ ੧) ਧੰਨੁ ਧੰਨੁ ਰਾਮਦਾਸ ਗੁਰੁ;ਜਿਨਿ ਸਿਰਿਆ.ਤਿਨੈ ਸਵਾਰਿਆ ॥ਪੂਰੀ ਹੋਈ ਕਰਾਮਾਤਿ;ਆਪਿ ਸਿਰਜਣਹਾਰੈ ਧਾਰਿਆ॥ ਸਿਖੀ ਅਤੈ ਸੰਗਤੀ;ਪਾਰਬ੍ਰਹਮੁ ਕਰਿ ਨਮਸਕਾਰਿਆ॥) ਰਾਮਦਾਸਿ ਗੁਰੂ ਜਗ ਤਾਰਨ ਕਉ;ਗੁਰ ਜੋਤਿ ਅਰਜੁਨ ਮਾਹਿ ਧਰੀ॥੪॥(੧੪੦੯) ਵਾਹਿਗੁਰੂ॥ ਪਾਰੋ ਜੁਲਕਾ ਪਰਮਹੰਸ,ਪੂਰੇ ਸਤਿਗੁਰ

ਕ੍ਰਿਪਾ ਧਾਰੀ।ਭਾਈ ਗੁਰਦਾਸ ਸਾਹਿਬ ਜੀ ਅਨੁਸਾਰ,ਡੱਲਾ(ਸੁਲਤਾਨਪੁਰ) ਨਿਵਾਸੀ ਭਾਈ ਪਾਰੋ ਜੀ,ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਦੀ ਅਗਮ ਅਪਾਰ ਕ੍ਰਿਪਾ ਦੁਆਰਾ,ਪਰਮਹੰਸ ਤੱਤ ਬੇਤੇ ਬਣੇ।ਇਨ੍ਹਾਂ ਦੀ ਸ਼ੁਭ ਵੰਸ 'ਚ,ਸਤਿਗੁਰੂ ਛੇਵੇਂ ਪਾਤਿਸਾਹ ਜੀ ਦੇ ਸਹੁਰਾ ਸਾਹਿਬ ਬਾਬਾ ਨਰਾਇਣ ਦਾਸ ਜੀ ਹੋਏ ਹਨ।ਪਰਮਹੰਸ ਪਾਰੋ ਜੁਲਕਾ ਜੀ ਨੇ,ਸੱਚੇ ਪਿਤਾ ਤੀਜੇ ਪਾਤਿਸਾਹ ਜੀ ਦੀ ਆਗਿਆ ਪਾ ਕੇ,ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ,ਵਿਸਾਖੀ ਦੇ ਜੋੜ ਮੇਲੇ ਦੀ ਮਰਯਾਦਾ ਅਰੰਭੀ।ਇਨ੍ਹਾਂ ਗੁਰਮੁਖਾਂ ਦੀ ਪਰਮਹੰਸ ਜੀਵਨੀ,ਪਰਉਪਕਾਰ ਕਰਨੀ 'ਤੇ ਸੱਚੇ ਸਤਿਗੁਰੂ ਤੀਜੇ ਪਾਤਿਸਾਹ ਜੀ ਨੇ ਪਰਮ ਪ੍ਰਸੰਨ ਹੋ ਕੇ ਕਿਹਾ, "ਹੇ ਭਾਈ ਜੀ!ਮੈਂ ਤੇਰੇ ਅੰਦਰ ਪ੍ਰਵੇਸ਼ ਹੋ ਕੇ ਜਗਤ ਨੂੰ ਤਾਰਨਾ ਚਾਹੁੰਦਾ ਹਾਂ,ਭਾਵ ਤੈਨੂੰ ਗੁਰਤਾ ਬਖ਼ਸ਼ਣਾ ਚਾਹੁੰਦਾ ਹਾਂ।" ਇਨ੍ਹਾਂ ਨੇ ਅਤਿਅੰਤ ਪ੍ਰੇਮ ਨਿਮ੍ਰਤਾ ਗਰੀਬੀ ਨਾਲ ਪ੍ਰੇਮ ਬੇਨਤੀ ਕੀਤੀ, "ਹੇ ਗਰੀਬ ਨਿਵਾਜ ਜੀ!ਇਉਂ ਨ ਕਹਿਓ ਕਿ ਹੁਕਮ ਮੋੜਦਾ ਹੈ,ਕ੍ਰਿਪਾ ਕਰਕੇ ਦਾਸਨ ਦਾਸ ਨੂੰ ਪਿਆਰੀ ਸਿਖੀ ਬਖ਼ਸ਼ੋ ਜੀ।" ਪ੍ਰੇਮ 'ਚ ਢਲ ਕੇ ਉੱਤਰ ਦਿਤਾ, "ਸ਼ਾਬਾਸ਼!ਭਾਈ ਗੁਰਤਾ ਭੀ ਸਿੱਖੀ ਦੇ ਅਧੀਨ ਰਹੇਗੀ"।ਇਸ ਤੋਂ ਪੂਰਨ ਹੰਗਤਾ ਮਾਣ ਵਡਿਆਈ ਦੇ ਤਿਆਗ ਦੀ ਸ਼ੁਭ ਸਿਖਿਆ ਮਿਲਦੀ ਹੈ।ਵੱਡੇ ਤੋਂ ਵੱਡਾ ਰੁਤਬਾ ਪਾ ਕੇ ਭੀ ਹੰਗਤਾ ਨਹੀਂ ਕਰਨੀ,ਸਤਿਗੁਰਾਂ ਦੇ ਸਿਖ ਬਣਨਾ ਹੈ।ਆਪਣੇ ੨ ਪੰਥ ਨਹੀਂ ਬਣਾਉਣੇ।

੧੦੭. ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਪੰਜਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:- ਵਾਹਿਗੁਰੂ॥ਤੱਤੀ ਤਵੀ 'ਤੇ ਬੈਠਿਆਂ,ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ,ਸਾਈਂ ਮੀਆਂ ਮੀਰ ਜੀ ਨੂੰ ਧੀਰਜ ਦੇਣ ਲਈ,ਇਹ ਬਚਨ ਕਹੇ, "ਮੀਆਂ ਛੋਡੋ ਪ੍ਰੀਤੀ ਚਾਮ ਸੇ।ਤਨ ਤਪ ਰਹਾ,ਤੋ ਕਿਆ ਹੂਆ,ਹਮ ਸ਼ਾਂਤ ਹੈ ਹਰਿ ਨਾਮ ਸੇ।" ਵਾਹਿਗੁਰੂ॥ਸੰਤ ਮਹਾਂਪੁਰਖ ਵਿਦਾਇਗੀ ਸਮੇਂ,ਇਹ ਪਦ ਪੜ੍ਹ ਕੇ ਪ੍ਰੇਮੀਆਂ ਨੂੰ ਤ੍ਰਿਪਤ ਕਰਦੇ।ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ [1]ਪਾਰਗਰਾਮੀ॥ ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ॥੪॥੬॥੧੬੪॥ (੨੧੬) [1]ਸੰਸਾਰ ਸਾਗਰ ਤੋਂ ਤਰ ਕੇ ਪਾਰ ਲੰਘਣ ਵਾਲਾ।ਛਾਡਿ ਮਨ;ਹਰਿ.ਬਿਮੁਖਨ ਕੋ ਸੰਗੁ॥) ਹਰਿ ਕੇ ਸੰਗ;ਬਸੇ ਹਰਿ ਲੋਕ॥ਤਨੁ ਮਨੁ ਅਰਪਿ.ਸਰਬਸੁ ਸਭੁ ਅਰਪਿਓ;ਅਨਦ ਸਹਜ ਧੁਨਿ ਝੋਕ॥੧॥) ਮਗਨੁ ਭਇਓ.ਪ੍ਰਿਅ ਪ੍ਰੇਮ ਸਿਉ;ਸੂਧ ਨ ਸਿਮਰਤ ਅੰਗ॥ਪ੍ਰਗਟਿ ਭਇਓ.ਸਭ ਲੋਅ ਮਹਿ;ਨਾਨਕ.ਅਧਮ ਪਤੰਗ॥) ਤੇਰਾ ਕੀਆ;ਮੀਠਾ ਲਾਗੈ॥ਹਰਿ ਨਾਮੁ ਪਦਾਰਥੁ;ਨਾਨਕੁ ਮਾਂਗੈ॥)ਨਾ ਕੋ ਮੇਰਾ ਦੁਸਮਨੁ ਰਹਿਆ;ਨਾ ਹਮ ਕਿਸ ਕੇ ਬੈਰਾਈ॥ਬ੍ਰਹਮੁ ਪਸਾਰੁ ਪਸਾਰਿਓ ਭਤਿਰਿ;ਸਤਿਗੁਰ ਤੇ ਸੋਝੀ ਪਾਈ॥)ਕਾਨੜਾ ਮਹਲਾ ੫॥ ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ॥ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥ਜੋਪ੍ਰਭਕੀਨੋਸੋਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕਬਿਗਸਾਈ॥੩॥੮॥ਭਾਈ ਮੰਝ ਜੀ ਖੂਹ 'ਚ

ਡਿੱਗੇ,ਲੱਕੜਾਂ ਸਿਰ 'ਤੇ ਚੁੱਕੀ ਖੜ੍ਹੇ,ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੂੰ ਅਰਾਧ ਰਹੇ ਸਨ।ਅੰਤਰਜਾਮੀ ਸੱਚੇ ਸਤਿਗੁਰਾਂ ਨੇ ਜਾ ਕੇ ਬਾਹਰ ਕੱਢੇ 'ਤੇ ਕਿਹਾ, "ਵਰ ਮੰਗ।" ਭਾਈ ਜੀ ਨੇ ਕਿਹਾ, "ਕਲਿਜੁੱਗ ਦਾ ਸਮਾਂ ਹੈ,ਸਿੱਖੀ ਦੀ ਐਨੀ ਕਰੜੀ ਪਰਖ ਨ ਕਰਿਓ ਜੀ।" ਇਹ ਸੁਣ ਕੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਬਹੁਤ ਹੀ ਪ੍ਰਸੰਨ ਹੋਏ,ਆਪਣੀ ਛਾਤੀ ਨਾਲ ਲਾ ਕੇ ਘੁੱਟ ਕੇ ਪਿਆਰ ਕੀਤਾ 'ਤੇ ਕਿਹਾ,ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ।ਮੰਝ ਗੁਰੂ ਕਾ ਬੋਹਿਥਾ ਜੱਗ ਲੰਘਣਹਾਰਾ।ਵਾਹਿਗੁਰੂ॥ਭਾਈ ਬਹਿਲੋ ਸਭ ਤੋਂ ਪਹਿਲੋਂ। ਵਾਹਿਗੁਰੂ॥ ਹਰਿਗੋਵਿੰਦ ਸੂਰਾ ਗੁਰੂ;ਸਾਈਂ ਦਾਸ ਰਾਮੋ ਪੂਰੇ ਸਿੱਖ,ਡੱਲੇ ਦੀ ਸਿੱਖੀ ਧੰਨ। ਵਾਹਿਗੁਰੂ॥ ਗੁਰਬਾਣੀ ਦੀ ਕੁੰਜੀ ਬਾਣੀ। ਜੋ ਭਾਈ ਗੁਰਦਾਸ ਵਖਾਣੀ॥ਵਾਹਿਗੁਰੂ॥ ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਵਾਹਿਗੁਰੂ॥ਧੰਨ ਬਾਬਾ ਬੁੱਢਾ ਜੀ:-ਗੁਰੂ ਕਿਆਂ ਨੂੰ ਕਿਧਰੋਂ ਭਾਜੜ ਪੈ ਗਈ?ਧੰਨ ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ ਇਨ੍ਹਾਂ ਬਚਨਾਂ ਨੂੰ ਸਿਰ ਮੱਥੇ 'ਤੇ ਮੰਨ ਕੇ ਸ੍ਰੀ ਵਿਡਾਲ਼ੀ ਸਾਹਿਬ ਜੀ ਆ ਗਏ।ਵਾਹਿਗੁਰੂ॥ਪਰਮਪੂਜਨੀਕ ਬਾਬੇ ਜੀ ਨੂੰ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਵਰ:-ਮੈਂ ਤੈਥੋਂ ਓਹਲੇ ਨ ਹੋਸਾਂ।ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਤੋਂ ਮਗਰੋਂ ਭੀ ਸਤਿਗੁਰਾਂ ਨੇ ਇਹ ਵਰ ਬਖ਼ਸ਼ੇ:-ਬਾਬਾ ਬੁੱਢਾ ਜੀ ਗੁਰਸਿਖੀ ਦੀ ਅਉਧੀ ਹਨ।ਬਾਬਾ ਜੀ ਨੇ ਬੇਹੱਦ ਸੇਵਾ ਕੀਤੀ ਹੈ।ਸੱਚੇ ਸਤਿਗੁਰੂ ਪ੍ਰਭੂ ਪੰਜਵੇਂ ਪਾਤਿਸਾਹ ਜੀ ਨੇ,ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਅਤੇ ਸਤਿਸੰਗਤ ਜੀ ਨੂੰ ਕਈ ਵਾਰ ਕਿਹਾ, "ਤੁਸੀਂ ਬਾਬੇ ਬੁੱਢੇ ਸਾਹਿਬ ਜੀ ਅਤੇ ਭਾਈ ਗੁਰਦਾਸ ਸਾਹਿਬ ਜੀ ਦੇ ਬਚਨ ਮੰਨਣੇ।

ਸਤਿਗੁਰੂ ਛੇਵੇਂ ਪਾਤਿਸਾਹ ਜੀ ਨੂੰ ਗੁਰਤਾ ਦੇਣ ਤੋਂ ਮਗਰੋਂ,ਸ਼ਹੀਦੀ ਦੇਣ ਲਈ,ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਤੁਰਨ ਸਮੇਂ ਅਤੇ ਚੰਦੂ ਦੇ ਘਰ ਪੰਜ ਦਿਨ ਅਕਹਿ 'ਤੇ ਅਸਹਿ ਕਸ਼ਟ ਸਹਾਰਨ ਤੋਂ ਮਗਰੋਂ,ਰਾਵੀ ਕਿਨਾਰੇ ਜੋਤੀ ਜੋਤ ਸਮਾਉਣ ਸਮੇਂ,ਬਾਬਾ ਬਿਧੀ ਚੰਦ ਜੀ ਆਦਿ ਪੰਜ ਸਿੱਖਾਂ ਨੂੰ ਉਪ੍ਰੋਕਤ ਬਚਨ ਕਹੇ ਕਿ ਮੇਰੇ ਵੱਲੋਂ ਸਤਿਗੁਰੂ ਛੇਵੇਂ ਪਾਤਿਸਾਹ ਜੀ ਨੂੰ ਕਹਿਣਾ।ਵਾਹਿਗੁਰੂ॥ਭਾਈ ਲੱਖੂ ਜੀ ਨੇ ਕਿਹਾ, "ਬੁੱਧੂ ਦਾ ਆਵਾ ਕੱਚਾ।"ਸੱਚਮੁੱਚ ਆਵਾ ਕੱਚਾ ਨਿੱਕਲਿਆ।ਭਾਈ ਬੁੱਧੂ ਜੀ ਨੇ ਆ ਕੇ ਪਰਮਪੂਜਨੀਕ ਸੱਚੇ ਸਤਿਗੁਰਾਂ ਪਾਸ ਕਿਹਾ, "ਆਪ ਜੀ ਨੇ ਸ਼ੁਭ ਬਚਨ ਕਹੇ ਸਨ, ਕਿ ਬੁੱਧੂ ਤੇਰਾ ਆਵਾ ਪੱਕ ਜਾਵੇ।"ਭਾਈ ਲੱਖੂ ਜੀ ਨੇ ਇਹ ਬਚਨ ਉਲੱਦ ਦਿਤੇ ਹਨ।ਸਹਿਨਸ਼ੀਲਤਾ ਨਿਮ੍ਰਤਾ ਹਲੀਮੀ ਗਰੀਬੀ ਖਿਮਾ ਆਦਿ ਅਨੰਤ ਗੁਣਾ ਦੇ ਦਾਤੇ ਸੱਚੇ ਸਤਿਗੁਰਾਂ ਨੇ ਕਿਹਾ, "ਮੇਰੀ ਮਾਰੀ ਨੂੰ ਸਿੱਖ ਹਰੀ ਕਰ ਸਕਦਾ ਹੈ,ਮੈਂ ਸਿੱਖ ਦੀ ਮਾਰੀ ਨੂੰ ਹਰੀ ਨਹੀਂ ਕਰ ਸਕਦਾ।ਚੰਗਾ ਭਾਈ,ਤੇਰਾ ਕੱਚਾ ਆਵਾ ਪੱਕੀਆਂ ਦੇ ਭਾਅ ਵਿਕ ਜਾਵੇਗਾ।ਵਾਹਿਗੁਰੂ॥ਧੰਨ ਬਾਬਾ ਲੱਧਾ ਜੀ ਪਰਉਪਕਾਰੀ।ਰਾਗੀ ਸੱਤਾ 'ਤੇ ਬਲਵੰਡ ਨੇ,ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੀ ਨਿੰਦਾ ਕੀਤੀ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਪੰਜਵੇਂ ਪਾਤਿਸਾਹ ਜੀ ਨੇ ਹੁਕਮ ਕੀਤਾ, "ਜਿਹੜਾ ਇਨ੍ਹਾਂ ਦੀ ਸਿਫ਼ਾਰਸ਼ ਕਰੇਗਾ,ਉਸ ਦਾ ਮੂੰਹ ਕਾਲਾ ਕਰਕੇ ਖੋਤੇ

’ਤੇ ਚੜ੍ਹਾਇਆ ਜਾਵੇਗਾ।ਮਹਾਨ ਪਰਉਪਕਾਰੀ ਧੀਰਜਧਾਰੀ ਲਹੌਰੀਏ ਪਰਮਪੂਜਨੀਕ ਬਾਬਾ ਲੱਧਾ ਜੀ,ਅਪਣਾ ਮੂੰਹ ਕਾਲਾ ਕਰਕੇ,ਖੋਤੇ ’ਤੇ ਚੜ੍ਹ ਕੇ ਲਹੌਰੋਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚੇ।{ਪਰਮਪੂਜਨੀਕ ਸੱਚੇ ਸਤਿਗੁਰਾਂ ਨੂੰ ਪਤਾ ਲੱਗਾ, ;ਛਡਿ ਸਿੰਘਾਸਣੁ ਹਰਿ ਜੀ ਆਏ। ਸਿੰਘਾਸਣ ਤੋਂ ਉੱਠ ਕੇ ਭੱਜੇ ਗਏ।ਡੌਲ਼ਿਓ ਫੜ ਕੇ ਖੋਤੇ ’ਤੋਂ ਉਤਾਰੇ,ਆਪਣੇ ਪਿਆਰੇ ਸਿੱਖ ਦੀ ਐਸੀ ਦਸ਼ਾ ਦੇਖ ਕੇ ਸਹਾਰ ਨ ਸਕੇ।ਵੈਰਾਗ ਦੇ ਜਲ ਨਾਲ ਨੇਤਰ ਭਰ ਗਏ।ਬਾਬਾ ਜੀ ਨੇ ਚਰਨ ਫੜਨੇ ਚਾਹੇ ਪਰ ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਅਪਣੀ ਛਾਤੀ ਨਾਲ ਲਾ ਲਏ।ਬਾਬੇ ਜੀ ਨੇ ਅਤਿਅੰਤ ਪ੍ਰੇਮ ਨਿਮ੍ਰਤਾ ਨਾਲ ਕਿਹਾ, “ਸੱਚੇ ਪਾਤਿਸਾਹ ਜੀ ਜੇ ਕੋਈ ਹੋਰ ਸਜ਼ਾ ਹੈ ਤਾਂ ਉਹ ਭੀ ਕ੍ਰਿਪਾ ਕਰਕੇ ਹੁਕਮ ਕਰੋ ਜੀ।ਫੇਰ ਦਾਸਨ ਦਾਸ ਬੇਨਤੀ ਕਰੇਗਾ।” ਸਤਿਗੁਰੂ ਸੱਚੇ ਪਾਤਿਸਾਹ ਜੀ ਨੇ ਕਿਹਾ, “ਭਾਈ ਲੱਧਾ ਜੀ!ਦਾਸਨ ਦਾਸ ਤੁਹਾਡੀ ਇਹ ਦਸ਼ਾ ਦੇਖ ਕੇ ਸਹਾਰ ਨਹੀਂ ਸਕਦਾ,ਜੇ ਤੁਸੀਂ ਲਹੌਰ ਬੈਠੇ ਦਾਸਨ ਦਾਸ ਨੂੰ ਹੁਕਮ ਕਰਦੇ ਤਾਂ ਦਾਸਨ ਦਾਸ ਨੇ ਅਪਣੇ ਬਚਨ ਵਾਪਸ ਲੈ ਲੈਣੇ ਸਨ।ਸਾਬਾਸ਼ ਭਾਈ!ਤੇਰਾ ਇਹ ਪਰਉਪਕਾਰ ਦੁਨੀਆਂ ਤੇ ਸਦਾ ਅਟੱਲ ਰਹੇਗਾ।”}ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਪੰਜਵੇਂ ਪਾਤਿਸਾਹ ਜੀ ਦੇ ਪ੍ਰੇਮੀ ਸਿੱਖ,ਭਾਈ ਬਹਿਲੋ ਜੀ ਨੂੰ ਸਤਿਸੰਗਤ ਜੀ ਨੇ ਆ ਕੇ ਨਮਸਕਾਰ ਕੀਤੀ।ਭਾਈ ਸਾਹਿਬ ਜੀ ਨੇ ਅਪਣੇ ਪ੍ਰੇਮੀ ਸੇਵਕ ਨੂੰ ਕਿਹਾ, “ਭਾਈ!ਦਾਸ ਦੇ ਘਰ ਜਾ ਕੇ ਵੱਡੀ ਪਰਾਂਤ ਲਿਆ,ਜਿਸ ਨਾਲ ਸਤਿਸੰਗਤ ਜੀ ਦੇ ਚਰਨ ਧੋਈਏ।” ਸੇਵਕ ਨੇ ਆ ਕੇ ਕਿਹਾ, “ਆਪ ਜੀ ਦੀ ਨੂੰਹ ਨੇ ਕਿਹਾ ਹੈ, ਕਿ ਪਰਾਂਤ ਵਿਹਲੀ ਨਹੀਂ,ਮੈਂ ਅਪਣੇ ਤਿੰਨ ਬੱਚੇ ਨੁਹਾ ਰਹੀ ਹਾਂ।”

ਇਹ ਸੁਣ ਕੇ ਭਾਈ ਸਾਹਿਬ ਜੀ ਨੇ ਕਿਹਾ, “ਬੇਮੁਖਤਾ ਗੁਰ ਤੇ ਇਨ ਧਾਰੀ। ਪੁੱਤ੍ਰਨਿ ਹਿਤ ਬੋਲਤ ਹੰਕਾਰੀ।ਤੌ ਬਾਲਕ ਮ੍ਰਿਤੁ ਪਾਇ ਸਿਧੰ ਹੈਂ।ਇਹਾਂ ਪਰਾਂਤ ਪਰੀ ਰਹਿ ਜੈ ਹੈ॥੧੨॥ਸਤਿਸੰਗਤਿ ਤੇ ਸੁਤ ਸ਼ੁਭ ਜਾਨੇ।ਤਿਨ ਕੀ ਹੋਇ ਆਰਬਲ ਹਾਨੇ॥” ਧੰਨ ਮਹਾਂਪੁਰਖ ਬਾਬਾ ਜੀ ਨੇ,ਸਤਿਸੰਗਤ ਜੀ ਦੇ ਸੱਚੇ ਦਿਲੀ ਪਿਆਰ ’ਚ ਅਪਣੇ ਪੋਤਰਿਆਂ ਦਾ ਲਿਹਾਜ਼ ਨਹੀਂ ਕੀਤਾ,ਸੱਚਮੁੱਚ ਪਰਾਂਤ ਵਿਲਹੀ ਹੋ ਗਈ।

੧੦੮.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:-{ ਵਾਹਿਗੁਰੂ॥ਸੰਤ ਮਹਾਂਪੁਰਖ ਰੋਮ ੨ ਕਰਕੇ,ਅਸਚਰਜ ਵਿਸਮਾਦ ਪ੍ਰੇਮ ’ਚ ਲੀਨ ਹੋ ਕੇ,ਇਹ ਅਮੋਲਕ ਬਚਨ ਫ਼ੁਰਮਾਉਂਦੇ:-ਜਿਹੜਾ ਪ੍ਰੇਮੀ ਪ੍ਰੇਮ ਨਾਲ ਕਹੇ,ਧੰਨ ਗੁਰੂ ਹਰਿਗੋਵਿੰਦ ਸਾਹਿਬ ਜੀ,ਮੈਂ ਤੇਰਾ ਹਾਂ,ਉਹ ਜਮਾਂ ਤੋਂ ਬਚ ਜਾਂਦਾ ਹੈ।} ਤਖਤ ਮੱਲ ਤਾਰਾ ਚੰਦ,ਕਾਬਲਾਦਿ ਪੱਛੋਂ ਦੀ ਸਤਿਸੰਗਤ ਜੀ ਨੂੰ ਬੀਬੀ ਵੀਰੋ ਜੀ ਦੀ ਸ਼ਾਦੀ ’ਤੇ ਲਿਆਏ।ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਸਤਿਸੰਗਤ ਜੀ ਨੂੰ ਮਠਿਆਈ ਛਕਾਉਣ ਦਾ ਹੁਕਮ ਕੀਤਾ।ਮਾਤਾ ਦਮੋਦਰੀ ਜੀ ਦੇ ਜਵਾਬ ਦੇਣ ਤੋਂ ਸੱਚੇ ਸਤਿਗੁਰਾਂ ਕਿਹਾ, “ਜੇ ਮੇਰੇ ਸਿੱਖਾਂ ਦਾ ਅਨਾਦਰ ਕਰਦੀ ਹੈ ਤਾਂ ਇਸ ਮਠਿਆਈ ਨੂੰ ਤੁਰਕ ਖਾਣਗੇ।” ਇਹ ਵਾਕ ਸੱਚੇ ਹੋਏ।ਧੰਨ ਸੱਚੇ ਸਤਿਗੁਰਾਂ ਦਾ,ਸਤਿਸੰਗਤ ਜੀ ਨਾਲ ਪਿਆਰ ਧੰਨ ਹੈ।ਵਾਹਿਗੁਰੂ॥ਬਾਬਾ ਬਿਧੀ ਚੰਦ ਜੀ

ਲਹੌਰੋਂ ਘੋੜੇ ਕਿਲੇ 'ਚੋਂ ਲਿਆਏ ਤਾਂ ਇਹ ਵਰ ਬਖ਼ਸ਼ਿਆ, "ਬਿਧੀ ਚੰਦ ਛੀਨਾ,ਗੁਰੂ ਕਾ ਸੀਨਾ। ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਸੱਤਵੇਂ ਪਾਤਿਸਾਹ ਜੀ ਦੇ ਪਰਮਪੂਜਨੀਕ ਪਿਤਾ,ਬਾਬੇ ਗੁਰਦਿਤੇ ਜੀ ਨੇ,ਸ੍ਰੀ ਕੀਰਤਪੁਰ ਸਾਹਿਬ ਜੀ ਵਿਖੇ ਮਰੀ ਗਊ ਜਿਉਂਦੀ ਕੀਤੀ।ਜਿਸ 'ਤੇ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਨਰਾਜ਼ ਹੋਏ 'ਤੇ ਕਿਹਾ, "ਇਹ ਰਜ਼ਾ ਦੇ ਉਲਟ ਕੀਤਾ ਹੈ,ਜਾਂ ਤੂੰ ਰਹਿ ਜਾਂ ਮੈਂ ਰਹਾਂਗਾ।" ਤਾਂ ਪਰਮਪੂਜਨੀਕ ਬਾਬੇ ਜੀ ਨੇ ਪਹਾੜੀ 'ਤੇ ਚੜ੍ਹ ਕੇ ਪਾਠ ਕਰਕੇ ਪ੍ਰਾਣ ਤਿਆਗ ਦਿਤੇ।ਸੱਚੇ ਸਤਿਗੁਰਾਂ ਨੇ ਵਰ ਦਿੱਤੇ, "ਇਨ੍ਹਾਂ ਦੀ ਸਦਾ ਪੂਜਾ ਹੋਵੇਗੀ,ਇਨ੍ਹਾਂ ਦੇ ਅਸਥਾਨ ਦਾ ਪੂਜਨ ਕਰਕੇ ਮਨੋ ਕਾਮਨਾ ਪੂਰੀਆਂ ਹੋਣਗੀਆਂ।"ਸਤਿਸੰਗਤਾਂ ਪਿਆਰ ਨਾਲ ਕਹਿੰਦੀਆਂ ਹਨ,ਧੰਨ ਬਾਬਾ ਗੁਰਦਿੱਤਾ,ਦੀਨ ਦੁਨੀ ਦਾ ਟਿੱਕਾ।ਜੋ ਵਰ ਦਿਤਾ ਸੋਈ ਲਿਤਾ। ਵਾਹਿਗੁਰੂ॥ਸ਼ਾਹਦੌਲਾ ਨੇ ਸਤਿਗੁਰੂ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਅੱਗੇ ਗਿਲਾ ਕੀਤਾ 'ਤੇ ਕਿਹਾ, "ਹਿੰਦੂ ਕੀ 'ਤੇ ਪੀਰੀ ਕੀ?ਔਰਤ ਕੀ 'ਤੇ ਫਕੀਰ ਕੀ?ਪੁੱਤਰ ਕੀ 'ਤੇ ਵੈਰਾਗ ਕੀ?ਦੌਲਤ ਕੀ 'ਤੇ ਤਿਆਗ ਕੀ? ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਉਤ੍ਰ ਦਿਤਾ, "ਔਰਤ ਈਮਾਨ,ਪੁੱਤ੍ਰ ਨਿਸ਼ਾਨ,ਦੌਲਤ ਗੁਜ਼ਰਾਨ,ਫਕੀਰ ਨ ਹਿੰਦੂ ਨ ਮੁਸਲਮਾਨ। ਵਾਹਿਗੁਰੂ॥ ਬਾਬੇ ਅਟੱਲ ਜੀ ਨੇ,ਗੁਰਮੁਖਿ ਸੁਇਨੀ ਖੱਤਰੀ ਦੇ ਲੜਕੇ,ਮੋਹਨ ਜੀ ਨੂੰ ਜਿਉਂਦਾ ਕੀਤਾ।ਕਰਤਾਰ ਜੀ ਦੀ ਰਜ਼ਾ ਦੇ ਉਲਟ ਕਰਨੇ ਕਰਕੇ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਨਰਾਜ਼ ਹੋ ਕੇ ਕਿਹਾ, "ਜਾਂ ਤੂੰ ਰਹਿ ਜਾਂ ਮੈ ਰਹਾਂਗਾ"।ਇਹ ਸੁਣ ਕੇ ਬਚਨ ਮੰਨ ਕੇ ਧੰਨ ਬਾਬੇ ਜੀ ਨੇ,ਅਪਣੇ ਪ੍ਰਾਣ ਤਿਆਗ ਦਿਤੇ।ਇਨ੍ਹਾਂ ਦੇ ਅਸਥਾਨ 'ਤੇ ਪੱਕਿਆ ਪਕਾਇਆ ਪ੍ਰਛਾਦਾ ਮਿਲਦਾ ਹੈ।

ਸਤਿਸੰਗਤ ਜੀ 'ਚ ਇਹ ਬਚਨ ਪ੍ਰਸਿੱਧ ਹਨ:-ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ।ਵਾਹਿਗੁਰੂ॥ਭਾਈ ਸਾਧੂ (ਸੱਧੂ) ਅਪਣੇ ਅਤਿਅੰਤ ਪਿਆਰੇ ਗੁਰਮੁਖਿ ਸਾਊ ਸਪੁੱਤ੍ਰ,ਰੂਪਚੰਦ ਜੀ ਨਾਲ ਲੱਕੜਾਂ ਵੱਢ ਰਹੇ ਸਨ,ਕਿਹਾ, "ਬੱਚਾ ਪਾਣੀ ਪਿਆ।"ਅੱਗੋਂ ਕਿਹਾ,"ਪਿਤਾ ਜੀ !ਆਪਾਂ ਗਰੀਬ ਮਜਦੂਰ ਹਾਂ,ਇਹ ਠੰਢਾ ਪਾਣੀ ਤਾਂ ਪਰਮਪੂਜਨੀਕ ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦੇ ਪੀਣ ਵਾਲਾ ਹੈ।"ਦੋਵੇਂ ਪਿਆਸੇ ਬੇਹੋਸ਼ ਪਏ,ਸਤਿਗੁਰੂ ਸਾਹਿਬ ਜੀ ਨੂੰ ਚੇਤੇ ਕਰਨ ਲੱਗੇ।ਅੰਤਰਜਾਮੀ ਸਤਿਗੁਰਾਂ ਦੇ ਦਿਲ 'ਚ ਪ੍ਰੇਮ ਦੀ ਖਿੱਚ ਪਈ।ਡਰੋਲੀ ਭਾਈ ਤੋਂ ਤਿੱਖੜ ਦੁਪਹਿਰੇ ਘੋੜੇ 'ਤੇ ਚੜ੍ਹ ਕੇ ਭੱਜੇ ਆਏ।ਅਪਣੇ ਪ੍ਰੇਮੀਆਂ ਦੇ ਪ੍ਰੇਮ ਦੇ ਵਸੀਕਾਰ ਹੋ ਕੇ,ਡੂਨੇ 'ਚ ਜਲ ਛਕ ਕੇ,ਇਹ ਵਰ ਬਖ਼ਸ਼ਿਆ, "ਹੁਣ ਤੁਸੀਂ ਗੁਰਸਿਖੀ ਦਾ ਪ੍ਰਚਾਰ ਕਰੋ,ਗੁਰੂ ਕਾ ਲੰਗਰ ਚਲਾਉ।ਹੱਥ ਤੁਹਾਡਾ ਖੀਸਾ ਮੇਰੇ।"ਯਥਾ:- ਅਖੁਟੁ ਖਜਾਨਾ.ਸਤਿਗੁਰਿ ਦੀਆ;ਤੋਟਿ ਨਹੀ ਰੇ ਮੂਕੇ॥ਪਰਮਪੂਜਨੀਕ ਸੱਚੇ ਸਤਿਗੁਰੂ ਛੇਵੇਂ ਗੁਰੂ ਨਾਨਕ ਦੇਵ ਜੀ ਨੇ ੧੬੭੪ ਸੰਮਤ 'ਚ ਬਵੰਜਾ ਉਮਰ ਕੈਦੀਆਂ ਨੂੰ ਗਵਾਲੀਅਰ ਦੇ ਕਿਲੇ 'ਚੋਂ ਛੁਡਾਇਆ।ਜਿਸ ਕਰਕੇ ਨਾਮ ਬੰਦੀ-ਛੋੜ ਦਾਤੇ ਪ੍ਰਸਿੱਧ ਹੋ ਗਿਆ।

੧੦੯.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸੱਤਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:-ਜਿਨ ਭੈ ਅਦਬ;ਨ ਬਾਨੀ ਧਾਰਾ।ਜਾਨਹੁ;ਸੋ ਸਿਖ ਨਹੀਂ ਹਮਾਰਾ॥)ਜੋ ਸਿੱਖ ਹੈ ਗੁਰਸ਼ਬਦ

ਕਮਾਵੈ।ਸ਼ਬਦ ਕਮਾਇ ਪਰਮਪਦ ਪਾਵੈ।)ਜੋ ਸਿਖ ਗੁਰਬਾਨੀ ਭੈ ਕਰੈ।ਬਿਨ ਪ੍ਰਯਾਸ ਭਵ ਸਾਗਰ ਤਰੈ।)ਬਿਨ ਭੈ ਭਗਤਿ ਨ ਪ੍ਰਾਪਤਿ ਹੋਇ।ਭਗਤਿ ਬਿਨਾ ਨ ਗਜਾਨ ਅਵਿਲੋਇ।ਗਯਾਨ ਬਿਨਾ ਮੁਕਤੀ ਕਿਮ ਪਾਇ।ਮੁਕਤਿ ਬਿਨਾ ਨ ਅਨੰਦ ਸਮਾਇ।)ਮਨ ਜਾਗੇ ਕੀ ਇਹੀ ਨਿਸ਼ਾਨੀ॥ਪ੍ਰਿਯ ਲਾਗਹਿ ਉਰ ਸਤਿਗੁਰ ਬਾਨੀ।

੧੧੦.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਅੱਠਵੇਂ ਪਾਤਿਸਾਹ ਜੀ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:-ਵਾਹਿਗੁਰੂ॥ਸ੍ਰੀ ਹਰਿ ਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥ਵਾਹਿਗੁਰੂ॥ਗੁਰਦੁਆਰਾ ਸ੍ਰੀ ਬਾਲਾ ਸਾਹਿਬ ਜੀ ਦਿਲੀ ਵਿਖੇ ਜੋਤੀ ਜੋਤ ਸਮਾਉਣ ਸਮੇਂ ਇਹ ਬਚਨ ਕਹੇ,ਬਾਬਾ ਬਸਹਿ ਬੀਚ ਬਕਾਲੇ।ਅਪਨੀ ਸੰਗਤ ਆਪ ਸੰਭਾਲੇ।

੧੧੧.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਨੌਵੇਂ ਪਾਤਿਸਾਹ ਜੀ ਦੀ ਮਹਿਮਾ ਅਤੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:-ਵਾਹਿਗੁਰੂ॥ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ॥ਸਭ ਥਾਈਂ ਹੋਇ ਸਹਾਇ॥) ਤਿਲਕ ਜੰਞੂ;ਰਾਖਾ ਪ੍ਰਭ ਤਾ ਕਾ॥ਕੀਨੋ ਬਡੋ;ਕਲੂ ਮਹਿ ਸਾਕਾ॥ਸਾਧਨਿ ਹੇਤਿ;ਇਤੀ ਜਿਨਿ ਕਰੀ॥ ਸੀਸੁ ਦੀਯਾ;ਪਰੁ ਸੀ ਨ ਉਚਰੀ॥੧੩॥ਧਰਮ ਹੇਤ;ਸਾਕਾ ਜਿਨਿ ਕੀਆ॥ਸੀਸੁ ਦੀਆ;ਪਰੁ.ਸਿਰਰੁ ਨ ਦੀਆ॥ਨਾਟਕ ਚੇਟਕ;ਕੀਏ ਕੁਕਾਜਾ॥ਪ੍ਰਭ ਲੋਗਨ ਕਹ;ਆਵਤ ਲਾਜਾ॥੧੪॥ਦੋਹਰਾ॥ਠੀਕਰਿ ਫੋਰਿ ਦਿਲੀਸਿ ਸਿਰਿ;ਪ੍ਰਭ ਪੁਰ ਕੀਯਾ ਪਯਾਨ॥ਤੇਗਬਹਾਦਰ ਸੀ ਕ੍ਰਿਆ;ਕਰੀ ਨ ਕਿਨਹੂੰ ਆਨ॥੧੫॥ਤੇਗਬਹਾਦਰ ਕੇ ਚਲਤ;ਭਯੋ ਜਗਤ ਕੋ ਸੋਕ॥ਹੈ ਹੈ ਹੈ ਸਭ ਜਗ ਭਯੋ;ਜੈ ਜੈ ਜੈ ਸੁਰਲੋਕ॥੧੬॥
ਵਾਹਿਗੁਰੂ॥ਗੁਰੂ ਘਰ ਨੂੰ ਮਾਇਆ ਦੀ ਘਾਟ ਨਹੀਂ,ਤੂੰ ਪੰਜ ਸੌ ਮੋਹਰ ਸੁੱਖ ਕੇ,ਦੋ ਟੇਕਦਾ ਹੈਂ।ਵਾਹਿਗੁਰੂ॥ਜਿਹੜਾ ਮੈਨੂੰ ਪਰਗਟ ਕਰੇਗਾ,ਮੈਂ ਉਸ ਦਾ ਮੂੰਹ ਕਾਲ਼ਾ ਕਰਾਂਗਾ।ਭਾਈ ਮੱਖਣ ਸ਼ਾਹ ਜੀ ਨੇ ਅਪਣਾ ਮੂੰਹ ਕਾਲ਼ਾ ਕਰਕੇ,ਕੋਠੇ ਚੜ੍ਹ ਕੇ ਪੱਲਾ ਫੇਰਿਆ ਅਤੇ ਕਿਹਾ,ਗੁਰੂ ਲਾਧੋ ਰੇ,ਗੁਰੂ ਲਾਧੋ ਰੇ।ਤਥਾ:-ਆਵੋ ਗੁਰਸਿੱਖੋ ਮੈਂ ਸਤਿਗੁਰ ਲਾਧਾ;ਜਾ ਕੀ ਮਹਿਮਾ ਅਗਮ ਅਗਾਧਾ॥ਵਾਹਿਗੁਰੂ॥ਸਤਿਗੁਰੂ ਨੌਵੇਂ ਪਾਤਿਸਾਹ ਜੀ ਦੇ ਸਕੇ ਭਤੀਜੇ ਖੋਟੇ ਧੀਰ ਮੱਲ ਨੇ ਆਪ ਜੀ ਤੇ ਗੋਲ਼ੀ ਚਲਾਈ ਤਾਂ ਕਿਹਾ, "ਭਲੇ ਧੀਰ ਮੱਲਾ ਭਲੇ ਧੀਰ ਮੱਲਾ।" ਵਾਹਿਗੁਰੂ॥ਨਹ ਮਸੰਦ ਇਹ ਅੰਮ੍ਰਿਤਸਰੀਏ।ਤ੍ਰਿਸ਼ਨਾ ਅਗਨੀ ਅੰਦਰ ਸੜੀਏ।ਵਾਹਿਗੁਰੂ॥ਸੱਚੇ ਸਤਿਗੁਰਾਂ ਨੇ ਵੱਲੇ ਪਿੰਡ 'ਚ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀਆਂ ਮਾਈਆਂ ਨੂੰ ਵਰ ਦਿਤਾ, "ਮਾਈਆਂ ਰੱਬ ਰਜਾਈਆਂ।"ਵਾਹਿਗੁਰੂ॥ਸਤਿਗੁਰੂ ਤੇਗਬਹਾਦਰ ਸਤਿ ਸਰੂਪਨਾ॥ਸੋ ਗੁਰੂ ਗੋਵਿੰਦ ਸਿੰਘ ਹਰਿ ਕਾ ਰੂਪਨਾ॥ਸਭ ਏਕੋ ਏਕੋ ਏਕਨਾ॥ਨਹੀਂ ਭੇਦ ਕਛੂ ਭੀ ਪੇਖਨਾ॥ਵਾਹਿਗੁਰੂ॥ਧੰਨ ਸਤਿਗੁਰੂ ਤੇਗ ਬਹਾਦਰ ਸਾਹਿਬ ਕਾਦਰ।ਹਿੰਦ ਦੀ ਚਾਦਰ॥ਵਾਹਿਗੁਰੂ॥ਆਜ ਤੱਕ ਯਹ ਤੋ ਹੂਆ,ਕਿ ਕਾਤਲ [1]ਮਕਤੂਲ ਕੇ ਪਾਸ ਜਾਏ।ਪਰ ਯਹ ਨਹੀ ਹੂਆ ਕਿ ਮਕਤੂਲ ਕਾਤਲ ਕੇ ਪਾਸ ਜਾਏ।[1]ਸ਼ਹੀਦੀ ਦੇਣ ਵਾਲੇ।ਵਾਹਿਗੁਰੂ॥ਸਤਿਗੁਰੂ ਨਾਵੇਂ ਪਾਤਿਸਾਹ ਜੀ:-ਆ ਸਿਤਮਗਰ,ਹਮ ਮਿਲ ਕੇ ਅਜ਼ਮਾਏਂ ਜੌਹਰ

ਆਪਨਾ;ਤੂੰ ਅਜਮਾ ਖੰਜਰ,ਹਮ ਜਿਗਰ ਆਪਨਾ।ਵਾਹਿਗੁਰੂ॥ ਚਿੱਤ ਚਰਨਕਮਲ ਕਾ ਆਸਰਾ;ਚਿੱਤ ਚਰਨਕਮਲ ਸੰਗ ਜੋੜੀਏ।ਮਨ ਲੋਚੇ ਬੁਰਿਆਈਆਂ;ਗੁਰਸ਼ਬਦੀਂ ਇਹੁ ਮਨ ਹੋੜੀਏ।ਗੁਰ ਤੇਗਬਹਾਦਰ ਬੋਲਿਆ;ਧਰ ਪਈਏ.ਧਰਮ ਨ ਛੋੜੀਏ।ਬਾਂਹ ਜਿਨ੍ਹਾਂ ਦੀ ਪਕੜੀਏ;ਸਿਰ ਦੀਜੀਏ.ਬਾਂਹ ਨ ਛੋੜੀਏ।

੧੧੨.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਅਵਤਾਰ ਪੁਰਬ ਬਾਰੇ ਅਤੇ ਉਨ੍ਹਾਂ ਦੇ ਅਮੋਲਕ ਲਾਲ ਰਤਨ ਅੰਮ੍ਰਿਤ ਬਚਨ:-ਧਰਮ-ਕਿਰਤ ਕਰਨੀ।੨.ਗੁਰੂ ਜੀ ਨੂੰ ਦਸਵੰਧ ਦੇਣਾ੩.ਗੁਰਬਾਣੀ ਜੀ ਕੰਠ ਕਰਨੇ।੪.ਅੰਮ੍ਰਿਤ ਵੇਲੇ ਜਾਗਣਾ (ਨਹਿੰ ਸਪੁਤਹਿੰ ਸਿੱਖ ਸੋਤ ਸਵੇਰੇ)੫.ਸੇਵਾ ਰੁਚਿ ਨਾਲ ਸਿੱਖ ਸੇਵਕ ਦੀ ਕਰਨੀ।੬.ਗੁਰਮੁਖਿ ਵਿੱਦਵਾਨ ਸਿੱਖਾਂ ਪਾਸੋਂ,ਗੁਰਬਾਣੀ ਸ਼ੁੱਧ ਸੰਥਾ ਕਰਨੀ ਅਰਥ ਪੜ੍ਹਨੇ ।੭.ਪੰਜ ਕਕਾਰਾਂ ਦੀ ਰਹਿਤ ਦ੍ਰਿੜ ਰੱਖਣੀ।੮.ਸਤਿਸੰਗ ਅਤੇ ਸ਼ਬਦ ਦਾ ਅਭਿਆਸ ਕਰਨਾ।੯.ਹਰ ਸਮੇਂ ਸਤਿ ਸਰੂਪ ਸਤਿਗੁਰੂ ਸਾਹਿਬ ਜੀ ਦਾ ਹੀ ਧਿਆਨ ਧਾਰਨਾ। ੧੦.ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਪੂਜਣਾ।੧੧.ਸਭ ਕਾਰਜਾਂ ਦੇ ਅਰੰਭ 'ਚ ਅਰਦਾਸਿ ਕਰਨੀ।੧੨.ਕੜ੍ਹਾਹ ਪ੍ਰਸ਼ਾਦਿ ਤਿਹਾਵਲ ਭਾਵ ਤਿੰਨ ਮੇਲ ਕਰਨਾ।੧੩.ਜਦੋਂ ਤੱਕ ਕੜ੍ਹਾਹ ਪ੍ਰਸ਼ਾਦਿ ਵਰਤਦਾ ਰਹੇ,ਸਾਰੀ ਸੰਗਤ ਅਡੋਲ ਬੈਠੀ ਜਾਪ ਕਰਦੀ ਰਹੇ।੧੪.ਵਿਆਹ ਅਨੰਦ ਬਿਨਾ ਗ੍ਰਿਹਿਸਤ ਨਹੀਂ ਕਰਨਾ।੧੫.ਪਰ ਇਸਤ੍ਰੀ ਮਾਂ ਭੈਣ ਧੀ ਕਰ ਜਾਣਨੀ।੧੬.ਮਰਦ ਇਸਤ੍ਰੀ ਦਾ ਮੂੰਹ ਨਹੀਂ ਫਿਟਕਾਰਨਾ।੧੭.ਜਗਤ ਜੂਠ ਤਮਾਕੂ ਭੁੱਲ ਕੇ ਭੀ ਨਹੀਂ ਵਰਤਣਾ।੧੮.ਰਹਿਤਵਾਨ ਤੇ ਨਾਮ ਜਪਣ ਵਾਲੇ ਗੁਰਸਿੱਖਾਂ ਦੀ ਸੇਵਾ ਸੁਸੰਗਤ ਚਾਅ ਨਾਲ ਕਰਨੀ।

੧੯.ਜਿਤਨੇ ਕੰਮ ਆਪਣੇ ਕਰਨ ਵਾਲੇ ਹੋਣ,ਉਨ੍ਹਾਂ ਨੂੰ ਕਰਨ 'ਚ ਦਲਿੱਦ੍ਰ ਨਹੀਂ ਕਰਨਾ।੨੦.ਗੁਰਬਾਣੀ ਕੀਰਤਨ ਕਥਾ ਰੋਜ਼ ਸਨੁਣਾ ਤੇ ਕਰਨਾ।੨੧.ਕਿਸੇ ਦੀ ਨਿੰਦਾ ਚੁਗਲੀ ਤੇ ਈਰਖਾ ਨਹੀਂ ਕਰਨੀ।੨੨.ਧਨ ਜੁਆਨੀ ਤੇ ਕੁਲ ਜਾਤ ਦਾ ਗਰਬ ਨਹੀਂ ਕਰਨਾ।੨੩.ਮਤਿ ਉੱਚੀ ਸੁੱਚੀ ਰੱਖਣੀ।੨੪.ਸ਼ੁਭ ਕਰਮਨ ਤੋਂ ਕਦੇ ਨਹੀਂ ਟਰਨਾ।੨੫.ਬੁੱਧ ਬਲ ਦਾਤੇ ਵਾਹਿਗੁਰੂ ਜੀ ਹਨ।੨੬.ਸਹੁੰ ਦੇ ਕੇ ਇਤਬਾਰ ਜਨਾਉਣ ਵਾਲੇ 'ਤੇ ਯਕੀਨ ਨਹੀਂ ਕਰਨਾ।੨੭.ਹੰਗਤਾ ਤਿਆਗ ਕੇ ਸੁਤੰਤ੍ਰ ਵਿਚਰਨਾ।ਸ਼ਤਰੂ ਨਾਲ ਸਾਮ ਦਾਮ ਭੇਦ ਡੰਡ ਆਦਿਕ ਉਪਾਉ ਵਰਤਣੇ।੨੮.ਸ਼ਸ਼ਤ੍ਰ ਵਿੱਦਿਆ ਤੇ ਘੋੜੇ ਦੀ ਅਸਵਾਰੀ ਦਾ ਅਭਿਆਸ ਕਰਨਾ।੨੯.ਕਰਮਾਂ 'ਚ ਖੱਚਤ ਕਰਮ ਕਾਂਡੀਆਂ ਦੇ ਉਪਦੇਸ਼ਾਂ ਵੱਲ ਧਿਆਨ ਉੱਕਾ ਹੀ ਨਹੀਂ ਦੇਣਾ।੩੦.ਰਹਰਾਸਿ ਦਾ ਪਾਠ ਕਰਕੇ,ਖੜ੍ਹੇ ਹੋ ਕਰ ਅਰਦਾਸਿ ਕਰਨੀ।੩੧.ਸੈਨ ਕਾਲ ਸੋਹਿਲਾ ਤੇ ਪਵਣੁ ਗੁਰੂ ਪਾਣੀ ਪਿਤਾ; ਸਲੋਕ ਪੜ੍ਹਨਾ।੩੨.ਦਸਤਾਰ ਬਿਨਾ ਨਹੀਂ ਰਹਿਣਾ।੩੩.ਸਿੰਘਾਂ ਦਾ ਅੱਧਾ ਨਾਮ ਨਹੀਂ ਬੁਲਾਉਣਾ।੩੪.ਸ਼ਰਾਬ ਨਹੀਂ ਸੇਵਨੀ।੩੫.ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਗੁਰਬਾਣੀ ਅਨੁਸਾਰ ਕਰਨੇ।੩੬.ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ।੩੭.ਬਚਨ ਕੌੜਾ ਨਹੀਂ ਕਹਿਣਾ,ਜਿਸ ਕਰਕੇ ਕਿਸੇ ਦਾ ਹਿਰਦਾ ਦੁਖੇ।੩੮.ਬਚਨ ਕਰਕੇ ਪਾਲਣਾ।੩੯.ਅਤਿਥੀ ਪ੍ਰਦੇਸੀ ਲੋੜਵੰਦ

ਦੁਖੀ ਅਪੰਗ ਮਨੁੱਖ ਮਾਤ੍ਰ ਦੀ ਯਥਾ ਸ਼ਕਤ ਸੇਵਾ ਕਰਨੀ।੪੦.ਸਪੁੱਤ੍ਰੀ ਦਾ ਧਨ ਬਿਖ ਜਾਣਨਾ।੪੧.ਸਵਾਂਗੀ ਦਿਖਾਵੇ ਦਾ ਸਿੱਖ ਨਹੀਂ ਬਣਨਾ।੪੨.ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣੀ।੪੩.ਚੋਰੀ ਯਾਰੀ ਠੱਗੀ ਧੋਖਾ ਦਗ਼ਾ ਨਹੀਂ ਕਰਨਾ।੪੪.ਝੂਠੀ ਗਵਾਹੀ ਨਹੀਂ ਦੇਣੀ।੪੫.ਦਰੇਗ ਨਹੀਂ ਕਰਨਾ।ਲੰਗਰ ਪ੍ਰਸ਼ਾਦਿ ਇੱਕੋ ਜਿਹਾ ਵਰਤਾਉਣਾ।੪੬.ਮੋਨੇ ਨੂੰ ਕੰਨਯਾ ਨਹੀਂ ਦੇਵਣੀ।ਵਾਹਿਗੁਰੂ॥ਤਹੀ ਪ੍ਰਕਾਸ ਹਮਾਰਾ ਭਯੋ॥ਪਟਨਾ ਸਹਰ ਬਿਖੈ ਭਵ ਲਯੋ॥(੫੯ ਸ੍ਰੀ ਦਸਮ) ਵਹ ਪ੍ਰਗਟਿਓ.ਮਰਦ ਅਗੰਮੜਾ;ਵਰੀਆਮ ਇਕੇਲਾ।ਵਾਹੁ ਵਾਹੁ ਗੁਰ ਗੋਬਿੰਦ ਸਿੰਘ;ਆਪੇ ਗੁਰੁ ਚੇਲਾ॥) ਮੈ ਹੋ;ਪਰਮ ਪੁਰਖ ਕੋ ਦਾਸਾ॥ਦੇਖਨਿ ਆਯੋ;ਜਗਤ ਤਮਾਸਾ॥) ਗੁਰ ਗੋਵਿੰਦ ਸਿੰਘ ਪ੍ਰਗਟਿਓ ਦਸਵਾਂ ਅਵਤਾਰਾ॥ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ॥(ਵਾਰ ੪੧) ਹਮ ਇਹ ਕਾਜ;ਜਗਤ ਮੋ ਆਏ॥ਧਰਮ ਹੇਤ;ਗੁਰਦੇਵ ਪਠਾਏ॥ ਵਾਹਿਗੁਰ॥ਬਾਬਾ ਉਦੇ ਸਿੰਘ ਸਾਹਿਬ ਜੀ ਖ਼ਾਲਸਾ ਨੂੰ ਆਪਣੀ ਛਾਤੀ ਨਾਲ ਲਾ ਕੇ ਇਹ ਵਰ ਬਖ਼ਸ਼ਿਆ:- "ਵਾਹ!ਮੇਰੇ ਬਹਾਦਰ ਸ਼ੇਰ,ਅੱਜ ਤੂੰ ਖ਼ਾਲਸਾ ਆਦਰਸ਼ ਪ੍ਰਗਟ ਕਰਕੇ ਦਿਖਾ ਦਿਤਾ।"ਵਾਹਿਗੁਰੂ॥ਸੰਮਤ ੧੭੬੧ ਨੂੰ ਸ੍ਰੀ ਅਨੰਦਪੁਰ ਸਾਹਿਬ ਜੀ ਤਿਆਗਣ ਸਮੇਂ,ਬਾਬਾ ਉਦੇ ਸਿੰਘ ਜੀ ਸਤਿਗੁਰਾਂ ਦੇ ਨਾਲ ਸਨ,ਰਸਤੇ 'ਚ ਇੱਕ ਪਹਿਰ ਧਰਮ ਯੁੱਧ ਕਰਕੇ,ਵੈਰੀਆਂ ਦਾ ਪੁਰਜਾ ੨ ਕੱਟ ਕੇ ਸ਼ਹੀਦ ਹੋਏ।ਯਥਾ:-ਪਹਰ ਏਕ ਲੌ ਰਨ ਪਰਯੋ;ਮਹਾਂ ਪ੍ਰਬਲ ਇਕ ਸਾਰ।ਉਦਯ ਸਿੰਘ ਜੂਝੇ ਤਬੈ ਸਤਿਗੁਰ ਸਰਨ ਵਿਚਾਰ।(ਗੁਰ ਸੋਭਾ)ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ,ਅਕਾਲ ਉਸਤਤਿ ਦੇ ਅਰੰਭ 'ਚ ਫ਼ੁਰਮਾਉਂਦੇ ਹਨ:-ਕਿ ਸਾਨੂੰ ਸਾਰਿਆਂ ਦੇ
(ਲੋਹ) ਪ੍ਰਕਾਸ਼ਕ ਦੀ ਰੱਖਿਆ ਹੈ।ਇਨ੍ਹਾਂ ਚੌਂਹ ਤੁਕਾਂ ਦਾ ਬਾਰ ੨ ਅਭਿਆਸ ਕਰਨ ਨਾਲ ਜੀਵ ਦੀ ਲੋਕ ਪ੍ਰਲੋਕ 'ਚ ਰੱਖਿਆ ਹੁੰਦੀ ਹੈ।ਅਕਾਲ ਪੁਰਖ ਕੀ ਰਛਾ ਹਮਨੈ।ਸਰਬ ਲੋਹ ਕੀ ਰਛਿਆ ਹਮਨੈ॥ਸਰਬ ਕਾਲ ਜੀ ਦੀ ਰਛਿਆ ਹਮਨੈ॥ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।(ਸ੍ਰੀ ਦਸਮ ੧੧)ਵਾਹਿਗੁਰੂ॥ਸਭ ਕੋ ਕਾਲ;ਸਭਨ ਕੋ ਕਰਤਾ॥ਰੋਗ ਸੋਗ ਦੋਖਨ ਕੋ ਹਰਤਾ॥ ਏਕ ਚਿੱਤ;ਜਿਹ ਇਕ ਛਿਨ ਧਿਆਇਓ॥ਕਾਲ ਫਾਸ ਕੇ;ਬੀਚ ਨ ਆਇਓ॥) ਰਹਿਣੀ ਰਹੈ;ਸੋਈ ਸਿਖ ਮੇਰਾ।ਓਹੁ ਠਾਕੁਰੁ;ਮੈ ਉਸ ਕਾ ਚੇਰਾ॥)ਵਾਹਿਗੁਰੂ॥ਅਸ ਕ੍ਰਿਪਾਨ ਖੰਡੋ ਖੜਗ;ਤੁਪਕ ਤਬਰ ਅਰੁ ਤੀਰ॥ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥(੭੧੭ ਸ੍ਰੀ ਦਸਮ) ਵਾਹਿਗੁਰੂ॥ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ॥)ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥(੬੨ ਸ੍ਰੀ ਦਸਮ)

{ਰਸਾਵਲ ਛੰਦ॥ਨ ਜਟਾ [1]ਮੂੰਡ ਧਾਰੌਂ॥ਨ ਮੁੰਦ੍ਰਕਾ ਸਵਾਰੌਂ॥ਜਪੋ ਤਾਸ ਨਾਮੰ॥ਸਰੈ ਸਰਬ ਕਾਮੰ॥੫੧॥ਨ ਨੈਨੰ ਮਿਚਾਊ॥ਨ [2]ਡਿੰਭੰ ਦਿਖਾਊ॥ਨ [3]ਕੁਕਰਮੰ ਕਮਾਊ॥ਨ [4]ਭੇਖੀ ਕਹਾਊ॥੫੨॥(ਸ੍ਰੀ ਦਸਮ ੫੮) [1]ਸਿਰ, [2]ਦੰਭ ਪਖੰਡ, [3]ਖੋਟੇ ਕਰਮ, [4]ਛਲਣ ਵਾਲਾ ਲਿਬਾਸ ਪਾ ਕੇ,ਦੁਨੀਆਂ ਨੂੰ ਛਲਣ ਵਾਲਾ ਪਖੰਡੀ।}ਕੋਟਾਨ ਕੋਟ ਬ੍ਰਹਮੰਡਾਂ ਦੇ ਮਾਲਕ ਸਤਿਗੁਰਾਂ ਨੇ,ਅਪਣੇ ਸਿੱਖਾਂ ਲਈ ਸਭ ਤੋਂ ਅੱਗੇ ਹੋ ਕੇ ਧਰਮ

ਯੁੱਧ ਲੜ ਕੇ ਜਿਤੇ,ਅਪਣੇ ਸਿੱਖਾਂ ਲਈ ਹਰ ਤਰਾਂ ਦੀ ਕੁਰਬਾਨੀ ਕੀਤੀ।ਆਪ ਜੀ ਧਰਮ ਯੁੱਧ 'ਚ ਸਭ ਤੋਂ ਅੱਗੇ ਹੋ ਕੇ ਲੜਦੇ,ਜਿਵੇਂ ਨਦੌਣ ਸ਼ਹਿਰ ਦੇ ਜੰਗ 'ਚ ਸਭ ਤੋਂ ਅੱਗੇ ਹੋ ਕੇ,ਸਤਿਗੁਰੂ ਸਾਹਿਬ ਜੀ ਨੇ ਬਿੱਝੜਵਾਲੀਏ ਦਿਆਲ ਦੇ ਗੋਲ਼ੀ ਮਾਰ ਕੇ ਉਸ ਨੂੰ ਮਾਰਿਆ,ਜੰਗ ਜਿਤਿਆ।ਪਰ ਅਪਣੇ ਆਪ ਨੂੰ ਕੀੜਾ ਲਿਖਿਆ,ਧੰਨ ਨਿਮ੍ਰਤਾ ਧੰਨ ਗਰੀਬੀ।ਯਥਾ:-ਤਵੰ ਕੀਟ ਤੌ ਲੌ ਤੁਫੰਗੰ ਸੰਭਾਰੋ॥ਹ੍ਰਿਦੇ ਏਕ ਰਾਵੰਤ ਕੇ ਤੱਕਿ ਮਾਰੋ॥(ਸ੍ਰੀ ਦਸਮ ੬੩)ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਹਰ ਵੇਲੇ ਤ੍ਵਪ੍ਰਸਾਦਿ॥ਬੋਲਦੇ, ਤ੍ਵ ਨੂੰ ਤੁਅ ਉਚਾਰੋ ਜੀ।(ਤ੍ਵ) ਤੇਰੀ (ਪ੍ਰਸਾਦਿ) ਕ੍ਰਿਪਾ।ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਆਦਿ ਬਾਣੀ ਅਤੇ ਸ੍ਰੀ ਦਸਮ ਬਾਣੀ ਮਿਲਾ ਕੇ ਇਹ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਮੰਗਲ ਕੀਤਾ ਹੈ:- ੧ੴ ਸਤਿਗੁਰ ਪ੍ਰਸਾਦਿ॥ਸ੍ਰੀ ਵਾਹਿਗੁਰੂ ਜੀ ਕੀ ਫਤਹ॥)੧ੴ ਵਾਹਗੁਰੂ ਜੀ ਕੀ ਫਤੇ ਹੈ॥ਜ਼ਫ਼ਰਨਾਮਹ ਦੇ ਅਰੰਭ 'ਚ ਇਹ ਮੰਗਲ ਹੈ:-੧ੴ ਹੁਕਮ ਸੱਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ॥ਵਾਹਿਗੁਰੂ॥ ਸ੍ਵੈਯਾ॥ਦੇਹ ਸਿਵਾ.ਬਰ ਮੋਹਿ ਇਹੈ;ਸੁਭ ਕਰਮਨ ਤੇ.ਕਬਹੂੰ ਨ ਟਰੋ॥ਨ ਡਰੋ ਅਰਿ ਸੋ.ਜਬ ਜਾਇ ਲਰੋ;ਨਿਸਚੈ ਕਰ.ਆਪਨੀ ਜੀਤ ਕਰੋ॥ਵਾਹਿਗੁਰੂ॥ਧੰਨ ਜੀਓ ਤਿਹ ਕੋ ਜਗ ਮੈ;ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥(ਸ੍ਰੀ ਦਸਮ ੫੭੦)ਵਾਹਿਗੁਰੂ॥ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥(੧੩੯੦ ਸ੍ਰੀ ਦਸਮ)ਭਾਵ ਅਰਥ:-ਜਦ ਕੋਈ ਜ਼ੁਲਮ ਸਾਰਿਆਂ ਹੀਲਿਆਂ ਤੋਂ ਨ ਰੁਕੇ,ਸ਼ਾਂਤੀ ਨਾਲ ਜ਼ੁਲਮ ਨੂੰ ਠੱਲ ਨ ਪਵੇ ਤਾਂ ਇਨਸਾਨ ਲਈ ਇਹ ਧਰਮ ਹੋ ਜਾਂਦਾ ਹੈ ਕਿ ਉਹ ਹੱਥ 'ਚ ਤਲਵਾਰ ਚੁੱਕੇ।

ਵਾਹਿਗੁਰੂ॥ਪਰਮਪੂਜਨੀਕ ਗੁਰਦੁਆਰਾ ਲੱਖੀ ਜੰਗਲ ਸਾਹਿਬ ਜੀ ਵਿਖੇ,ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਚਰਨ ਪਾਏ ਹਨ।ਦਸਵੇਂ ਸਤਿਗੁਰਾਂ ਕਿਹਾ, "ਇਥੇ ਲੱਖਾਂ ਦੀ ਪੈਦਾਵਾਰ ਹੋਵੇਗੀ,ਇਥੇ ਲੱਖਾਂ ਹੀ ਸੂਰਬੀਰ ਬਹਾਦਰ ਸਿੰਘ ਪੈਦਾ ਹੋਣਗੇ।"ਇਸ ਕਰਕੇ ਸੱਚੇ ਸਤਿਗੁਰਾਂ ਨੇ ਇਸ ਅਸਥਾਨ ਦਾ ਪਰਮਪਵਿੱਤ੍ਰ ਸ਼ੁਭ ਨਾਮ,ਗੁ: ਲੱਖੀ ਜੰਗਲ ਸਾਹਿਬ ਰੱਖਿਆ।ਗੋਨਿਆਣਾ ਮੰਡੀ ਤੋਂ ਦੋ ਮੀਲ ਪੱਛਮ 'ਚ ਪਿੰਡ ਮਹਿਮਾ ਸਰਜਾ ਦੇ ਪਾਸ ਹਨ।ਸੱਚੇ ਸਤਿਗੁਰੂ ਸਾਹਿਬ ਜੀ ਨੇ ਇਥੇ ਦੀਵਾਨ ਸਜਾਏ,ਸਜੇ ਦੀਵਾਨ 'ਚ ਖ਼ਾਲਸੇ ਜੀ ਦੇ ਸ਼ੁਭ ਦਰਸ਼ਨ ਕਰਕੇ,ਅਪਣੇ ਪਿਆਰੇ ਖ਼ਾਲਸੇ ਜੀ ਦੇ,ਅਥਾਹ ਪਿਆਰ ਸਤਿਕਾਰ 'ਚ,ਮਾਲਵੇ ਦੀ ਧਾਰਨਾ ਅਨੁਸਾਰ ਇਹ ਸੱਦ ਗਾ ਕੇ ਸੁਣਾਇਆ।ਸੱਦ ਪੇਂਡੂ ਲੋਕਾਂ ਦਾ ਪਿਆਰਾ ਗੀਤ ਹੈ,ਜੋ ਲੰਮੀ ਹੇਕ ਨਾਲ ਗਾਇਆ ਜਾਂਦਾ ਹੈ।ਵਾਹਿਗੁਰੂ॥ਮਾਝ ਸ੍ਰੀ ਮੁਖਵਾਕ ਪਾਤਸਾਹੀ ੧੦॥ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਮਾਝ ਰਾਗ 'ਚ ਅਪਣੇ ਮੁਖੋਂ(ਸ੍ਰੀ)ਸ਼੍ਰੋਮਣੀ ਸ਼ੋਭਾ ਵਾਲੇ ਵਾਕ ਫ਼ੁਰਮਾਉਂਦੇ ਹਨ:-ਲੱਖੀ ਜੰਗਲ ਖ਼ਾਲਸਾ ਆਇ ਦੀਦਾਰ ਲੱਗੋ ਨੇ॥)ਖ਼ਾਲਸਾ ਮੇਰੀ ਜਾਨ ਕੀ ਜਾਨ॥ਰੂਪ ਪਿਆਰੇ ਖ਼ਾਲਸਾ ਜੀ,ਇੱਥੇ ਆਏ ਹਨ,ਜਿਸ ਕਰਕੇ ਦਾਸਨ ਦਾਸ ਨੂੰ,ਹੁਣ ਖ਼ਾਲਸੇ ਜੀ ਦੇ ਦਰਸ਼ਨ ਹੋਣ ਲੱਗੇ ਹਨ।ਸੁਣ ਕੇ ਸੱਦ ਮਾਹੀ ਦਾ;ਮੇਂਹੀ ਪਾਣੀ ਘਾਹੁ ਮੁਤੋਨੇ॥ਹੇ ਪਿਆਰੇ ਖ਼ਾਲਸਾ ਜੀ!ਜਿਵੇਂ(ਮਾਹੀ) ਸੱਚੇ ਸਤਿਗੁਰੂ ਪਹਿਲੇ ਪਾਤਿਸਾਹ

ਜੀ ਦੀ(ਸੱਦ) ਹਾਕ ਸੁਣ ਕੇ ਮੱਝੀਆਂ ਪਾਣੀ ਪੀਣਾ 'ਤੇ ਘਾਹ ਖਾਣਾ (ਮੁਤੋਨੇ) ਛੱਡ ਦਿੰਦੀਆਂ ਸਨ। ਇਸ ਤਰ੍ਹਾਂ ਤੁਸੀਂ ਪਦਾਰਥਾਂ ਰੂਪੀ ਪਾਣੀ 'ਤੇ ਵਿਸ਼ੇ ਰੂਪੀ ਘਾਹ ਛੱਡ ਕੇ ਇਥੇ ਦਾਸਨ ਦਾਸ ਨੂੰ ਦਰਸ਼ਨ ਦੇਣ ਆਏ ਹੋਂ। ਕਿਸੇ ਨਾਲ ਨ ਰਲੀਆ ਕਾਈ;ਕੋਈ ਸਉਕ ਪਿਯੋ ਨੇ॥ਹੇ ਪਿਆਰੇ ਖ਼ਾਲਸਾ ਜੀ!ਤੁਹਾਡੀ ਦੁਨਿਆਵੀ ਸਾਕਾਂ ਅਤੇ ਅਮੀਰਾਂ,ਰਾਜਿਆਂ,ਕਿਸੇ ਨਾਲ ਭੀ ਕੋਈ (ਰਲੀਆ) ਰਲੌਟ ਨਹੀਂ,ਕਿਉਂਕਿ ਤੁਹਾਡੇ ਅੰਦਰ ਵਾਹਿਗੁਰੂ ਜੀ ਦੇ ਮਿਲਣ ਦਾ ਸ਼ੌਂਕ ਪੈ ਗਿਆ,ਭਾਵ ਹੋ ਗਿਆ ਹੈ। ਗਿਆ ਫਿਰਾਕ,ਮਿਲਿਆ ਮਿਤ ਮਾਹੀ;ਤਾਹੀ ਸ਼ੁਕਰ ਕੀਤੋਨੇ॥(ਉਚਾਰ ਖ਼ਾਲਸੇ ਲੱਖੀ ਜੰਗਲ) ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ,ਅਪਣੇ ਪਿਆਰੇ ਖ਼ਾਲਸੇ ਜੀ ਦੇ ਦਰਸ਼ਨਾਂ 'ਤੇ ਪ੍ਰਸੰਨ ਹੋ ਕੇ ਕਹਿੰਦੇ ਹਨ:- ਦਾਸਨ ਦਾਸ ਦਾ(ਮਾਹੀ) ਪਿਆਰਾ ਮਿਤ੍ਰ ਖ਼ਾਲਸਾ,ਦਾਸਨ ਦਾਸ ਨੂੰ ਇਥੇ ਆ ਕੇ ਮਿਲਿਆ ਹੈ। ਜਿਸ ਕਰਕੇ ਦਾਸਨ ਦਾਸ ਨੇ,ਅਕਾਲ ਪੁਰਖ ਜੀ ਦਾ ਸ਼ੁਕਰ ਕੀਤਾ ਹੈ।

ਵਾਹਿਗੁਰੂ॥ਅੱਲਾਹ ਪਾਕ ਜੀ ਦੇ ਅਤਿਅੰਤ ਪਿਆਰੇ ਨਬੀ ਖਾਂ ਗਨੀ ਖਾਂ ਜੀ, ਨੇ,ਸਤਿਗੁਰਾਂ ਤੋਂ ਆਪਣਾ ਸਭ ਕੁੱਝ ਕੁਰਬਾਨ ਕੀਤਾ। ਜਿਸ ਸਮੇਂ ਸਤਿਗੁਰਾਂ ਦਾ ਪੱਤਾ ੨ ਵੈਰੀ ਹੋ ਚੁੱਕਾ ਸੀ,ਉਸ ਸਮੇਂ ਇਹ ਗੁਰਸਿੱਖ,ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਸਨਮੁਖ ਰਹੇ। ਸੱਚ ਸਰੂਪ ਸੱਚੇ ਸਤਿਗੁਰਾਂ ਨੂੰ ਸੁੰਦਰ ਪਲੰਘੇ 'ਤੇ ਬਿਰਾਜਮਾਨ ਕਰਕੇ,ਮਾਛੀਵਾੜੇ ਤੋਂ ਹੇਰਾਂ ਪਿੰਡ(ਲੁਧਿਅਣਾ) ਤੱਕ ਲਿਆਏ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਹੁਕਮਨਾਮਾ ਤੇ ਦੋ ਸੁੰਦਰ ਸੁਨਹਿਰੀ ਕੰਗਣ ਬਖ਼ਸ਼ੇ। ਦਿਲੀ ਪਿਆਰ ਉਮਾਹ ਨਾਲ ਫ਼ੁਰਮਾਇਆ,
"ਨਬੀ ਖਾਂ ਗਨੀ ਖਾਂ,ਦਾਸਨ ਦਾਸ ਨੂੰ ਆਪਣੇ ਸਪੁੱਤ੍ਰਾਂ ਨਾਲੋਂ ਭੀ ਅਤਿਅੰਤ ਪਿਆਰੇ ਹਨ। "ਇਨ੍ਹਾਂ ਦੀ ਯਾਦ 'ਚ ਮਾਛੀਵਾੜੇ,ਸੁੰਦਰ ਸ੍ਰੀ ਦਰਬਾਰ ਸਾਹਿਬ ਜੀ ਸਜ ਗਏ ਹਨ। ਵਾਹਿਗੁਰੂ॥੧੭੬੧ ਬਿ: ਨੂੰ ਚਮਕੌਰ ਗੜੀ ਤਿਆਗਣ ਸਮੇਂ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਆਪਣੀ ਜ਼ਿੰਦ ਜਾਨ ਪਿਆਰੇ ਖ਼ਾਲਸੇ ਜੀ ਨੂੰ ਗੁਰਤਾ ਬਖ਼ਸ਼ ਕੇ ਇਹ ਅਮੋਲਕ ਵਰ ਬਖ਼ਸ਼ਿਆ। ਖ਼ਾਲਸਾ ਗੁਰੂ ਗੁਰੂ ਖ਼ਾਲਸਾ॥ਵਾਹਿਗੁਰੂ॥ਆਓ ਲੱਖੀ ਸ਼ਾਹ ਵਣਜਾਰੇ;ਗੁਰੂ ਤੇਗ ਬਹਾਦਰ ਕੇ ਪਿਆਰੇ। ਵਾਹਿਗੁਰੂ॥ ਚਿੜੀਆਂ ਤੋਂ ਮੈਂ ਬਾਜ ਤੜਾਊਂ;ਗਿੱਦੜਾਂ ਤੋਂ ਸ਼ੇਰ ਬਣਾਊਂ॥ਸਵਾ ਲਾਖ ਸੇ ਏਕ ਲੜਾਊਂ॥ਤਬਹਿ ਗੁਰੂ ਗੋਵਿੰਦ ਸਿੰਘ ਨਾਮ ਕਹਾਊਂ॥ਵਾਹਿਗੁਰੂ॥ਰੰਗਰੇਟੇ ਗੁਰੂ ਕੇ ਬੇਟੇ॥ਵਾਹਿਗੁਰੂ॥ਜੋੜਾ ਕਿਸੇ ਪਾਸੇ ਜੋੜਾ ਕਿਸੇ ਪਾਸੇ॥ਸ੍ਰੀ ਚਮਕੌਰ ਸਾਹਿਬ ਜੀ ਵਿਖੇ,ਪੂਰਨ ਬੀਰ-ਰਸੀ ਸਹਿਤ,ਧਰਮ-ਯੁੱਧ ਲੜ ਰਹੇ,ਪੂਰਨ ਸੱਚੇ ਧਰਮੀ ਸਤਿਗੁਰਾਂ ਨੂੰ,ਪ੍ਰੇਮੀ ਬਹਾਦਰ ਸਿੰਘਾਂ ਨੇ ਪ੍ਰੇਮ ਬੇਨਤੀ ਕੀਤੀ, "ਪਿਆਰੇ ਸਾਹਿਬਜ਼ਾਦਿਆਂ ਨੂੰ ਲੈ ਕੇ ਨਿਕਲ ਜਾਓ। "ਗੁਰ ਪ੍ਰਸਾਦਿ;ਨਾਨਕ ਸਮਦ੍ਰਿਸਟਾ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰਾਂ ਕਿਹਾ, "ਕਿਹੜੇ ਸਾਹਿਬਜ਼ਾਦੇ?ਤੁਸੀਂ ਸਾਰੇ ਸਾਹਿਬਜ਼ਾਦੇ ਹੋਂ। ਵਾਹਿਗੁਰੂ॥ਸ੍ਰੀ ਚਮਕੌਰ ਸਾਹਿਬ ਜੀ ਵਿਖੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੂੰ ਅਤੇ ਸਿੰਘਾਂ ਨੂੰ ਸਵਾ ੨ ਲੱਖ ਨਾਲ ਲੜਦਿਆਂ ਦੇਖ ਕੇ,ਸੱਚੇ ਸਤਿਗੁਰੂ ਦਸਵੇਂ

ਪਾਤਿਸਾਹ ਜੀ ਨੇ ਕਿਹਾ,ਆਜ ਖ਼ਾਲਸਾ ਖਾਸ ਭਯੋ ਸਤਿਗੁਰ ਕੇ ਦਰਬਾਰ॥ਵਾਹਿਗੁਰੂ॥ਬੱਸ ਹਿੰਦ ਮੇਂ ਏਕ ਤੀਰਥ ਹੈ;ਯਾਤਰਾ ਕੇ ਲੀਏ।ਕਟਾਏ ਬਾਪ ਨੇ ਬੱਚੇ ਜਹਾਂ;ਖ਼ੁਦਾ ਕੇ ਲੀਏ।ਵਾਹਿਗੁਰੂ॥ਚਮਕ ਹੈ ਮਿਹਰ ਕੀ; ਚਮਕੌਰ ਤੇਰੇ ਜ਼ੱਰਰੋਂ ਮੇਂ।(ਜੋਗੀ ਅਲਾਹਯਾਰ ਖਾਨ)ਵਾਹਿਗੁਰੂ॥ਅਜੀਤ ਸਿੰਘ ਜੁਝਾਰ ਸਿੰਘ ਯੁੱਧ ਕਰ ਜੂਝੇ ਚਮਕੌਰ; ਸਰਹੰਦ ਵਿਖੇ ਜੋਰਾਵਰ ਸਿੰਘ ਫ਼ਤੇਹ ਸਿੰਘ ਕੀ ਠਉਰ।ਵਾਹਿਗੁਰੂ॥ਧੰਨਿ ਧੰਨਿ ਗੁਰਦੇਵ ਸੁਤ;ਤਨ ਕੋ ਲੋਭ ਨ ਕੀਨ।ਧਰਮ ਰਾਖ ਕੁਲ ਸੋਂ ਗਏ;ਦਾਦੇ ਸੋ ਜਸ ਲੀਨ।ਵਾਹਿਗੁਰੂ॥ਸਾਹਿਬਜ਼ਾਦੋਂ ਕੀ ਸ਼ਹੀਦੀ ਕੋ; ਹੂਈ ਥੋੜ੍ਹੀ ਦੇਰ ਥੀ।ਯਹ ਬਸਤੀ ਸਰਹਿੰਦ ਕੀ;ਈਟੋਂ ਕਾ ਢੇਰ ਥੀ।ਵਾਹਿਗੁਰੂ॥ਜਿਸ ਕੁਲ ਕੌਮ ਜ਼ਾਤ ਕੇ ਬੱਚੇ;ਦੇ ਸਕਤੇ ਹੈਂ ਯੂੰ ਬਲੀਦਾਨ।ਉਸ ਕਾ ਵਰਤਮਾਨ ਕੁਛ ਭੀ ਹੋ;ਭਵਿੱਖ ਹੈ ਮਹਾਂ ਮਹਾਨ।(ਮੈਥਲੀ ਸ਼ਰਨ ਗੁਪਤਾ) ਵਾਹਿਗੁਰੂ॥ਯਾਕੂਬ ਕੋ;ਯੂਸਫ਼ ਕੇ ਵਿਛੁੜਨੇ ਨੇ ਰੁਲਾਯਾ।ਸਾਬਰ ਕੋਈ ਕੰਮ ਐਸਾ;ਰਸੂਲੋਂ ਮੇਂ ਹੈ ਆਯਾ।ਕਟਵਾ ਕੇ ਚਾਰ [1]ਪਿਸਰ;ਇੱਕ ਆਂਸੂ ਨ ਗਿਰਾਯਾ।[1]ਸਾਹਿਬਜ਼ਾਦੇ।ਸਾਬਰ ਜੀ ਕਹਿੰਦੇ ਹਨ:-ਪੁੱਤਰ ਯੂਸਫ਼ ਦੇ ਵਿਛੁੜਨੇ ਨੇ,ਯਾਕੂਬ ਜੀ ਨੂੰ ਰੁਲ਼ਾ ਦਿਤਾ।ਅੱਲਾ ਦੇ ਭੇਜੇ ਰਸੂਲਾਂ 'ਚ ਭੀ ਐਸਾ ਕੰਮ ਆਇਆ ਹੈ,ਜੋ ਅਪਣੇ ਪੁੱਤਾਂ ਦਾ ਵਿਛੋੜਾ ਨਹੀਂ ਸਹਾਰ ਸਕੇ।ਵਾਹਿਗੁਰੂ॥ਆਪਣੇ ਆਪ ਨੂੰ ਨੀਹਾਂ 'ਚ ਚਿਣਵਾ ਕੇ,ਸ਼ਹੀਦੀ ਦੇਣ ਸਮੇਂ ਛੋਟੇ ਸਾਹਿਬਜ਼ਾਦਿਆਂ ਕਿਹਾ:-ਹਮਰੇ ਬੰਸ ਰੀਤ ਇਮ ਆਈ,ਸੀਸ ਦੇਤ ਪਰ ਧਰਮ ਨ ਜਾਈ।ਵਾਹਿਗੁਰੂ॥ਜੋ ਹਮ ਨੇ ਸੱਚੇ ਪਾਤਿਸਾਹ ਕੋ ਸਲਾਮ ਕੀਆ ਹੈ,ਇਸ ਲੀਏ ਔਰ ਕੋ ਸਲਾਮ ਨਹੀਂ ਕਰਤੇ।ਵਾਹਿਗੁਰੂ॥ਸ਼ਹੀਦੀ ਦੇਣ ਲਈ ਤੁਰਨ ਸਮੇਂ,ਪਰਮਪੂਜਨੀਕ ਦਾਦੀ ਜੀ ਨੇ ਦ੍ਰਿੜਤਾ ਦਾ ਉਪਦੇਸ਼ ਦਿਤਾ,ਤਾਂ ਸਾਹਿਬਜ਼ਾਦਿਆਂ ਕਿਹਾ,
ਧੰਨ ਭਾਗ ਹਮਾਰੇ ਹੈਂ ਮਾਈ,ਧਰਮ ਹੇਤ ਤਨ ਜੇਕਰ ਜਾਈ।ਵਾਹਿਗੁਰੂ॥ਕਾਮਲ ਮਰਦ ਸੂਰਬੀਰ ਬਹਾਦਰ ਸ਼ੇਰ ਖਾਂ ਮਲੇਰਕੋਟਲੀਏ ਨੇ ਆਹ ਦਾ ਨਾਹਰਾ ਮਾਰਿਆ:-"ਇਨ੍ਹਾਂ (ਸ਼ੀਰਖੋਰ) ਦੁੱਧ ਦੰਦੀਆਂ ਵਾਲੇ ਬੱਚਿਆਂ ਨੇ ਤੁਹਾਡਾ ਕੀ ਵਿਗਾੜਿਆ ਹੈ?ਮੈਂ ਇੱਥੇ ਭੀ ਕਹਿੰਦਾ ਹਾਂ,ਬਾਹਰ ਜਾ ਕੇ ਭੀ ਇਹੋ ਹੀ ਅਵਾਜ਼ ਬੁਲੰਦ ਕਰਾਂਗਾ।ਇਹ ਤੁਸੀਂ ਘੋਰ ਭਿਆਨਕ ਜ਼ੁਲਮ ਕਰ ਰਹੇ ਹੋਂ,ਜੋ ਕੁਰਾਨ ਸਰੀਫ਼ ਜੀ,ਮੁਹੰਮਦ ਸਾਹਿਬ ਜੀ,ਸ਼ਰਾ,ਰਾਜਨੀਤੀ ਅਤੇ ਸੂਰਬੀਰ ਮਰਦਾਂ ਦੀ ਕਰਨੀ ਦੇ ਬਿਲਕੁਲ ਹੀ ਉਲਟ ਹੈ।ਇਨ੍ਹਾਂ ਨੂੰ ਖ਼ੁਦਾ ਜੀ ਦੇ ਬੱਚੇ ਸਮਝੋ,ਇਨ੍ਹਾਂ ਨੂੰ ਸ਼ਹੀਦ ਕਰੋਂਗੇ ਤਾਂ ਰਾਜ ਨਸ਼ਟ ਹੋ ਜਾਵੇਗਾ।ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਧੀਰਜਧਾਰੀ ਹਨ,ਸਬਰ ਕਰ ਲੈਣਗੇ,ਪਰ ਸਿੱਖਾਂ ਨੇ ਨਹੀਂ ਜਰਨਾ,ਸਰਹੰਦ ਤੇ ਚੜ੍ਹ ਕੇ ਆਉਣਗੇ,ਆਪਣੇ ਸਿਰ ਕੁਰਬਾਨ ਕਰਨਗੇ,ਗਿਣ ੨ ਕੇ ਬਦਲੇ ਲੈਣਗੇ,ਦੇਸ਼ 'ਚ ਵੱਡੇ ੨ ਜੰਗ ਹੋਣਗੇ,ਤੁਰਕ ਰਾਜ ਖ਼ਤਮ ਹੋ ਜਾਵੇਗਾ।"ਆਹ ਦਾ ਨਾਹਰਾ ਮਾਰਿਆ ਮਲੇਰਕੋਟਲੀਏ ਨੇ।ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਮਲੇਰੀਆਂ ਨੂੰ ਵਰ:-ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਪਿੰਡ ਲੰਮੇ ਜੱਟਪੁਰੇ ਗੁਰਦੁਆਰਾ ਸ੍ਰੀ ਪੰਜੂਆਣਾ ਸਾਹਿਬ ਜੀ ਵਿਖੇ,ਜੰਡ ਦੇ ਬ੍ਰਿਛ ਹੇਠਾਂ ਕਾਹੀ ਦਾ ਬੂਟਾ ਪੁੱਟ ਕੇ ਕਿਹਾ:-ਸਰਹਿੰਦ ਗੁਰੂ ਮਾਰੀ।ਤੁਰਕ ਰਾਜ ਦੀ ਜੜ ਗਈ,ਇਕ ਮਲੇਰੀਆਂ ਦੀ ਰਹੀ।ਵਾਹਿਗੁਰੂ॥ਨਿੱਕੀਆਂ ਜਿੰਦਾਂ

ਵੱਡੇ ਸਾਕੇ।ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਆਪਣੇ ਪਿਆਰੇ ਸਿੰਘਾਂ ਨੂੰ ਅਸ਼ੀਰਵਾਦ ਦਿੰਦਿਆਂ ਕਿਹਾ,ਸਿੱਖ ਨੂੰ ਚਾਰ ਓਟਾਂ ਹਨ,ਪਹਿਲੀ ਓਟ ਅਕਾਲ ਪੁਰਖ ਜੀ ਦੀ,ਦੂਜੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ,ਤੀਜੀ ਓਟ ਸਾਧਸੰਗਤ ਜੀ ਦੀ,ਚੌਥੀ ਅਪਣੀ।ਇਨ੍ਹਾਂ ਚੌਂਹ ਓਟਾਂ ਦੇ ਆਸਰੇ ਡਟੇ ਰਹਿਣਾ।ਰਣ ਭੂਮੀ 'ਚ ਪਿੱਠ ਨਹੀਂ ਦਿਖਾਉਣੀ,ਸਦਾ ਅਪਣੇ ਧਰਮ ਦੀ ਲਾਜ ਰੱਖਣੀ।ਵਾਹਿਗੁਰੂ॥ਖਿਦਰਾਣਾ ਕਰ ਮੁਕਤਸਰ,ਮੁਕਤ ਮੁਕਤ ਸਭ ਕੀਨ॥ਸਾਬਤ ਹੋਇ ਜੂਝਿਓ ਜਬੈ ਬਡੋ ਮਰਤਬੋ ਲੀਨ॥(ਸ੍ਰੀ ਗੁਰ ਪ੍ਰਤਾਪ)ਵਾਹਿਗੁਰੂ॥ਸ੍ਰੀ ਮੁਕਤਸਰ ਸਾਹਿਬ ਜੀ ਤੋਂ ਤਕਰੀਬਨ ਤੇਰਾਂ ਮੀਲ ਤੇ,ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਜੀ ਵਿਖੇ,ਬੈਰਾੜਾਂ ਨੇ ਤਨਖਾਹਾਂ ਮੰਗੀਆਂ,ਪਰਮਪੂਜਨੀਕ ਜੱਥੇਦਾਰ ਦਾਨ ਸਿੰਘ ਸਾਹਿਬ ਜੀ ਨੇ ਪੂਰਨ ਸੰਤੋਖ ਰੱਖਿਆ,ਸੁਮੇਰ ਪਰਬਤ ਵਾਂਗ ਅਡੋਲ ਰਹੇ।ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਪਰਮ ਪ੍ਰਸੰਨ ਹੋ ਕੇ ਵਰ ਬਖ਼ਸ਼ਿਆ।ਜਿਮ ਸਭਿ ਮਾਝੇ ਕੀ ਵਡਿਆਈ।ਮਹਾਂ ਸਿੰਘ ਨੇ ਰਾਖਿ ਦਿਖਾਈ।ਦੇਸ਼ ਮਾਲਵੇ ਕੀ ਅਬ ਤੂੰ ਰਾਖੀ।ਉਪਜਹਿਂ ਸਿਖੀ ਕੇ ਅਭਿਲਾਖੀ॥੩੦॥) ਵਾਹਿਗੁਰੂ॥ਇੱਕ ਦਿਨ ਬਾਜ਼ਾਂ ਵਾਲੇ ਪਾਸੋਂ, ਪ੍ਰੇਮ ਸੁਰਾਹੀ ਪੀਤੀ।ਪਿਛਲੀ ਉਮਰ ਗੁਨਾਹੀ ਬੀਤੀ;ਹਰਿ ਕੀ ਭਗਤ ਨ ਕੀਤੀ।ਆਗੇ ਸਮਝ ਚੱਲੋ ਨੰਦ ਲਾਲਾ;ਜੋ ਬੀਤੀ ਸੋ ਬੀਤੀ।ਵਾਹਿਗੁਰੂ॥ਗੁਰੂ ਦੀ ਜੇ ਲੋੜ ਹੋਵੇ;ਗੁਰੂ ਭੀ ਅਜੇਹਾ ਹੋਵੇ;ਜੈਸੇ ਦਸਮੇਸ਼ ਮਾਤਾ ਗੁਜਰ ਕੌਰ ਦੇ ਲਾਲ ਜੀ।ਵਾਰ ਪਰਿਵਾਰ ਚਾਰੇ ਬੱਚਿਆਂ ਕੁਹਾਏ ਦੇਵੇ;ਦੇਸ਼ ਕੌਮ ਪੰਥ 'ਤੋਂ ਕੁਰਬਾਨ ਬਾਲ਼ ੨ ਜੀ।ਅੰਮ੍ਰਿਤ ਦਾ ਸੋਮਾ ਹੋਵੇ,ਤਪਦਿਆਂ ਨੂੰ ਠਾਰ ਦੇਵੇ;ਸੰਤਾਂ ਦਾ ਸਹਾਈ ਤੇ ਪਿਆਰਿਆਂ ਦੀ ਢਾਲ਼ ਜੀ।

ਸਾਰੀ ਰਾਤ ਪਹਿਰਾ ਦੇਵੇ,ਆਪ ਚੌਂਕੀਦਾਰ ਹੋ ਕੇ;ਪਾਪ ਅੱਗ ਵਿੱਚੋਂ ਲਵੇ ਸਿੰਘ ਨੂੰ ਨਿਕਾਲ਼ ਜੀ।)ਵਾਹਿਗੁਰੂ॥ਨਾ ਬਾਤ ਕਹੂੰ ਅੱਬ ਕੀ;ਨਾ ਕਹੂੰ ਤਬ ਕੀ।ਅਗਰ ਨਾ ਹੋਤੇ ਗੁਰੂ ਗੋਵਿੰਦ ਸਿੰਘ ਜੀ;ਸੁੰਨਤ ਹੋਤੀ ਸਭ ਕੀ।ਵਾਹਿਗੁਰੂ॥ਸੁਨਤੇ ਆਏ ਹੈਂ ਕਿ ਤਕਦੀਰ ਬਦਲ ਦੇਤਾ ਹੈ ਜ਼ਮਾਨਾ।ਮਰਦ ਵੋਹ ਹੈ;ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।)ਵਾਹਿਗੁਰੂ॥ਸਤਿਗੁਰੂ ਕਹਿਯੋ; ਸੁਣਹੁ ਬੀਰ ਖ਼ਾਲਸਾ।ਤਿਜਾਗ ਦੇਹੁ;ਮਨੋ ਵਡਿਆਈ ਲਾਲਸਾ।ਹੋਇ ਨਿਸ਼ਕਾਮ;ਕਰੋ ਸੇਵਾ ਦੇਸ਼ ਕੀ।ਚਾਹਤ ਹੋ ਕ੍ਰਿਪਾ;ਸਦਿ ਜਗਤੇਸ਼ ਕੀ।ਵਾਹਿਗੁਰੂ॥ਸਿੱਖੀ ਧਾਰੋ;ਤਯਾਗੋ ਮਾਨੰ।ਕੀਜੈ ਸੇਵਾ;ਦੀਜੈ ਦਾਨੰ।ਮਿੱਠਾ ਬੋਲੋ;ਪਾਲੋ ਪ੍ਰੇਮੰ।ਹੋ ਸ਼ਰਧਾਲੂ;ਪਾਉ ਖੇਮੰ।ਵਾਹਿਗੁਰੂ ਆਪ ਜੀ ਦਾ ਸ਼ੁਕਰ ਹੈ।ਵਾਹਿਗੁਰੂ॥੧੭੬੫ ਬਿ: ਨੂੰ ਮਾਧੋਦਾਸ ਵੈਰਾਗੀ ਨੇ,ਵਾਹਿਗੁਰੂ ਦਸਵੇਂ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਨੂਰੀ ਦਰਸ਼ਨ ਕੀਤੇ।ਐਸੇ ਭਾਗ ਜਾਗੇ,ਸੱਚੇ ਸਤਿਗੁਰੂ ਸਾਹਿਬ ਜੀ ਦੇ ਚਰਨ-ਕਮਲਾਂ 'ਤੇ ਪੈ ਗਏ।ਐਸੀ ਬਖ਼ਸ਼ਿਸ਼ ਹੋਈ ਕਿਹਾ, "ਜੀ ਮੈਂ ਆਪ ਜੀ ਦਾ ਬੰਦਾ ਹਾਂ।"ਸੱਚੇ ਸਤਿਗੁਰੂ ਸਾਹਿਬ ਜੀ ਨੇ ਆਪ ਪੰਜਾਂ ਪਿਆਰਿਆਂ 'ਚ ਲੱਗ ਕੇ,ਇਹਨ੍ਹਾਂ ਨੂੰ ਅੰਮ੍ਰਿਤ ਬਖ਼ਸ਼ ਕੇ ਨਾਂ ਗੁਰਬਖਸ ਸਿੰਘ ਰੱਖਿਆ।ਜੈਕਾਰੁ ਕੀਓ ਧਰਮੀਆ ਕਾ;ਪਾਪੀ ਕਉ ਡੰਡੁ ਦੀਓਇ॥) ਦੁਸਟ ਦੋਖੀਯਨਿ;ਪਕਰਿ ਪਛਾਰੋ॥੪੨॥ਅਨੁਸਾਰ ਹੰਕਾਰੀਆਂ ਜ਼ਾਲਮਾਂ ਦੁਸ਼ਟਾਂ ਪਾਪੀਆਂ ਨੂੰ ਸੋਧਣ ਲਈ,ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਪੰਜ ਤੀਰ ਤੇ ਪੰਜ ਪਿਆਰੇ ਬਖ਼ਸ਼

ਕੇ ਪੰਜਾਬ ਭੇਜਿਆ।ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜੇ,ਤੁਸੀਂ ਭਾਈ ਗੁਰਬਖਸ ਸਿੰਘ ਸਾਹਿਬ ਜੀ ਦੀ ਸਹਾਇਤਾ ਕਰਨੀ।ਇਹਨ੍ਹਾਂ ਦੀ ਸਹਾਇਤਾ ਰੱਖਿਆ ਲਈ,ਇਹ ਪੰਜ ਸੂਰਬੀਰ ਬਹਾਦਰ ਯੋਧੇ,ਬਾਬਾ ਬਿਨੋਦ ਸਿੰਘ ਜੀ,ਬਾਬਾ ਬਾਜ਼ ਸਿੰਘ ਜੀ,ਬਾਬਾ ਕਾਨ੍ਹ ਸਿੰਘ ਜੀ,ਬਾਬਾ ਬਿਜੈ ਸਿੰਘ ਜੀ,ਬਾਬਾ ਰਾਮ ਸਿੰਘ ਜੀ ਨਾਲ ਭੇਜੇ ਤੇ ਇਹ ਉਪਦੇਸ਼ ਭੀ ਕੀਤਾ:- "ਜਤ ਰੱਖਣਾ,ਪਿਆਰੇ ਖ਼ਾਲਸੇ ਜੀ ਦੇ ਅਨੁਸਾਰੀ ਹੋ ਕੇ ਵਰਤਣਾ,ਆਪ ਗੁਰੂ ਨਹੀਂ ਬਣਨਾ,ਵਰਤਾਅ ਕੇ ਛਕਣਾ,ਅਨਾਥਾਂ ਦੀ ਸਹਾਇਤਾ ਕਰਨੀ ਆਦਿ।"

੧੧੩.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਮਾਟੋ:-ਆਗਿਆ ਭਈ ਅਕਾਲ ਕੀ;ਤਬੀ ਚਲਾਯੋ ਪੰਥ॥ਸਭ ਸਿੱਖਨਿ ਕੋ ਹੁਕਮ ਹੈ;ਗੁਰੂ ਮਾਨਿਓ ਗ੍ਰੰਥ॥)ਜਾਗਤ ਜੋਤ ਜਪੈ ਨਿਸ ਬਾਸੁਰ;ਏਕ ਬਿਨਾ ਮਨ ਨੈਕ ਨ ਆਨੈ॥ਪੂਰਨ ਪ੍ਰੇਮ ਪ੍ਰਤੀਤ ਸਜੈ;ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥(ਸ੍ਰੀ ਦਸਮ ੭੧੨) ਸੰਤ ਕਾ ਮਾਰਗੁ ਧਰਮ ਕੀ ਪਉੜੀ; ਕੋ ਵਡਭਾਗੀ ਪਾਏ॥(੬੨੨) ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ;ਨਾਹੀ ਤ ਕਰੁ ਬੈਰਾਗੁ॥ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥੨੪੩॥ (੧੩੭੭)ਵਾਹਿਗੁਰੂ॥ਸਦਾ ਸੱਚ ਬੋਲੋ ਪੂਰਾ ਤੋਲੋ।ਵਾਹਿਗੁਰੂ॥ਗ੍ਰੀਬ ਦਾ ਮੁਖ ਗੁਰੂ ਜੀ ਦੀ ਗੋਲਕ ਹੈ।ਵਾਹਿਗੁਰੂ॥ ਬ੍ਰਹਮਵਿੱਦਿਆ ਅਮੋਲਕ ਹੀਰਾ ਹੈ।ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੁੱਗੋ ਜੁੱਗ ਅਟੱਲ ਗੁਰਤਾ ਗੱਦੀ 'ਤੇ ਬਿਰਾਜਮਾਨ ਹਨ।ਵਾਹਿਗੁਰੂ॥ਸਤਿਗੁਰੂ ਗ੍ਰੰਥ ਸਾਹਿਬ ਜੀ ਸੱਚ ਦੇ ਦਾਤੇ ਹਨ।ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ-ਕਮਲਾਂ 'ਚ ਸਤਿਸੰਗਤ ਜੀ ਦੀ ਵਿਛਾਈ 'ਤੇ ਹੀ ਬੈਠੋ।ਵਾਹਿਗੁਰੂ॥ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ,ਹੋਰ ਕਿਸੇ ਨੂੰ ਗੁਰੂ ਨ ਮੰਨੋ।ਵਾਹਿਗੁਰੂ॥ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਢਾਈ ਘੰਟੇ ਨਿੱਤ ਆਪ ਸ਼ੁੱਧ ਪਾਠ ਕਰੋ,ਜੀਵਨ ਮੁਕਤੀ ਪਾਉ। ਵਾਹਿਗੁਰੂ॥ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਪ੍ਰਾਣ ਰਾਸ ਸੁਆਸ ਹਨ।}{(੪੬੯) ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥੨੧੭॥(੧੩੭੬) ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨ੍ਹਾਇ ਤੈਸਾ ਪੁੰਨ ਏਕ ਗੁਰਸਿਖ ਕਉ ਨ੍ਹਵਾਏ ਕਾ।ਸਿਖ ਕਉ ਪਿਲਾਇ ਪਾਨੀ ਭਾਉ ਕਰਿ ਕੁਰਖੇਤ ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ।ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ ਤੈਸਾ ਪੁੰਨ ਸਿਖ ਕਉ ਇਕ ਸ਼ਬਦ ਸਿਖਾਏ ਕਾ।(ਕਬਿੱਤ ੬੭੩)}

੧੧੪.ਖ਼ੁਸ਼ੀ ਸਮੇਂ:- ਲਖ ਖੁਸੀਆ ਪਾਤਿਸਾਹੀਆ;ਜੇ ਸਤਿਗੁਰੁ ਨਦਰਿ ਕਰੇਇ॥ਨਿਮਖ ਏਕ.ਹਰਿ ਨਾਮੁ ਦੇਇ;ਮੇਰਾ ਮਨੁ ਤਨੁ ਸੀਤਲੁ ਹੋਇ॥ ਪਰਮਪੂਜਨੀਕ ਸੱਚੇ ਸਤਿਗੁਰੁ ਸਾਹਿਬ ਜੀ(ਜੇ)ਜੇਕਰ(ਨਦਰਿ)ਮੇਹਰ (ਕਰੇਇ) ਕਰਦੇ ਹਨ ਤਾਂ ਹੀ(ਲਖ)ਲੱਖਾਂ ਖੁਸੀਆ ਦੀਆਂ ਪਾਤਿਸਾਹੀਆ ਪ੍ਰਾਪਤ ਹੁੰਦੀਆਂ ਹਨ।ਇਸ ਇੱਕ ਤੁਕ ਦੀਆਂ ਨੌਂ ਗ਼ਲਤੀਆਂ ਦੇਖੀਆਂ ਹਨ।ਨਾਨਕ ਸਤਿਗੁਰੁ ਤਿਨਾ ਮਿਲਾਇਆ;ਜਿਨਾ ਧੁਰੇ ਪਇਆ ਸੰਜੋਗੁ ॥੧॥(੯੫੭)ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ;ਆਪੇ

ਸੁਣੈ ਬੇਨੰਤੀ॥ਪੂਰਾ ਸਤਗੁਰੁ ਮੇਲਿ ਮਿਲਾਵੈ;ਸਭ ਚੂਕੈ ਮਨ ਕੀ ਚਿੰਤੀ॥(੬੨੫) ਹਮ ਘਰਿ;ਸਾਜਨ ਆਏ॥ ਸਾਚੈ ਮੇਲਿ ਮਿਲਾਏ॥)

੧੧੫. ਗ਼ਮੀ ਸਮੇਂ:-ਘਲੇ ਆਵਹਿ ਨਾਨਕਾ;ਸਦੇ ਉਠੀ ਜਾਹਿ॥ ਪਰਮਪੂਜਨੀਕ ਸੱਚੇ(ਨਾਨਕਾ)ਸਤਿਗੁਰੂ ਪਹਿਲੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-ਇਹ ਜੀਵ,ਵਾਹਿਗੁਰੂ ਜੀ ਦੇ ਘਲੇ,ਸੰਸਾਰ 'ਚ(ਆਵਹਿ) ਆਉਂਦੇ ਹਨ,ਵਾਹਿਗੁਰੂ ਜੀ ਦੇ (ਸਦੇ) ਸੱਦਣ ਤੋਂ ਭੌਰ ਸਰੀਰ ਚੋਂ (ਉਠੀ)ਉੱਠ ਕੇ ਚਲੇ(ਜਾਹਿ) ਜਾਂਦੇ ਹਨ।ਸੇਵਕ ਕੀ;ਓੜਕਿ ਨਿਬਹੀ ਪ੍ਰੀਤਿ॥ਜੀਵਤ ਸਾਹਿਬੁ ਸੇਵਿਓ ਅਪਨਾ; ਚਲਤੇ ਰਾਖਿਓ ਚੀਤਿ॥)ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥ ਸੱਚੀ ਦਰਗਹ ਜਾਇ ਸਚਾ ਪਿੜ ਮਲਿਆ॥(ਵਾਰ ੧੯) ਸਤਿਗੁਰਾਂ ਦੇ ਸਨਮੁਖ ਰਹਿ ਕੇ ਸੇਵਾ ਸਿਮਰਨ ਪਰਉਪਕਾਰ ਕਰਕੇ,ਅਪਣਾ ਜਨਮੁ ਸਵਾਰਿ ਕੇ,ਸਤਿਗੁਰਾਂ ਤੋਂ ਕੁਰਬਾਨ ਹੋ ਕੇ ਗੁਰਮੁਖਿ,ਵਾਹਿਗੁਰੂ ਜੀ ਦੀ ਸੱਚੀ ਦਰਗਹ,ਸੱਚਖੰਡ ਨੂੰ (ਚਲਿਆ)ਚਲੇ ਜਾਂਦੇ ਹਨ।ਸੱਚੀ ਦਰਗਾਹ 'ਚ ਜਾਇ ਕੇ ਸਚਾ(ਪਿੜ) ਟਿਕਾਣਾ(ਮਲਿਆ)ਮੱਲ ਲੈਂਦੇ ਹਨ।ਸੂਰਜ ਕਿਰਣਿ ਮਿਲੇ;ਜਲ ਕਾ ਜਲੁ ਹੂਆ ਰਾਮ॥ਜੋਤੀ ਜੋਤਿ ਰਲੀ;ਸੰਪੂਰਨੁ ਥੀਆ ਰਾਮ॥) ਜੋ ਆਇਆ ਸੋ ਚਲਸੀ;ਸਭੁ ਕੋਈ ਆਈ ਵਾਰੀਐ॥ ਜਿਸ ਕੇ ਜੀਅ ਪਰਾਣ ਹਹਿ;ਕਿਉ ਸਾਹਿਬੁ ਮਨਹੁ ਵਿਸਾਰੀਐ॥(੪੭੪) ਰਾਣਾ ਰਾਉ.ਨ ਕੋ ਰਹੈ;[1]ਰੰਗੁ ਨ [2]ਤੁੰਗੁ ਫਕੀਰੁ॥ਵਾਰੀ ਆਪੋ ਆਪਣੀ;ਕੋਇ ਨ ਬੰਧੈ ਧੀਰ॥ [1]ਰੰਕ, [2]ਉੱਚੇ ਪ੍ਰਧਾਨ।ਯਥਾ:-ਰਾਵਣ ਸੇ ਮਹਰਾਵਣ ਸੇ;ਘਟਕਾਨਹੁ ਸੇ,ਪਲ ਬੀਚ ਪਛਾਰੇ॥(ਸ੍ਰੀ ਦਸਮ ੪੫)

੧੧੬.{ਫਰੀਦਾ.ਦਰੀਆਵੈ ਕੰਨ੍ਹੈ ਬਗੁਲਾ;ਬੈਠਾ ਕੇਲ ਕਰੇ॥ਕੇਲ ਕਰੇਦੇ ਹੰਝ ਨੋ;ਅਚਿੰਤੇ ਬਾਜ ਪਏ॥ਬਾਜ ਪਏ ਤਿਸੁ ਰਬ ਦੇ;ਕੇਲਾਂ ਵਿਸਰੀਆਂ॥ਜੋ ਮਨਿ ਚਿਤਿ ਨ ਚੇਤੇ ਸਨਿ;ਸੋ ਗਾਲੀ ਰਬ ਕੀਆਂ॥੯੯॥ਇਨ੍ਹਾਂ ਤੁਕਾਂ ਨੂੰ ਮ੍ਰਿਤਕ ਨਮਿਤ ਪੜ੍ਹ ਕੇ,ਮ੍ਰਿਤਕ ਨੂੰ ਬਗ਼ਲਾ ਨ ਕਹੋ,ਇਹ ਤੁਕਾਂ ਮ੍ਰਿਤਕ ਸਬੰਧੀ ਕਾਰਡਾਂ 'ਤੇ ਨ ਛਾਪੋ।}

੧੧੭.ਨਿਮ੍ਰਤਾ ਗ੍ਰੀਬੀ ਵਾਲੇ ਸਬਦਾਂ ਪਦਾਂ ਦਾ ਬਾਰ ੨ ਅਭਿਆਸ ਕਰਨ ਲਈ ,ਕਿਹੜਾ ਸਬਦ ਕਦੋਂ ਪੜ੍ਹਨਾ ਹੈ,ਇਸ ਬਾਰੇ ਪ੍ਰੇਮ ਬੇਨਤੀ:- ਜਿਵੇਂ ਸਰੀਰ ਨੂੰ ਵਿਟਾਮਿਨਾਂ ਦੀ ਲੋੜ ਹੈ ਤਿਵੇਂ ਹੀ ਹਰ ਦਿਲ ਨੂੰ, ਇਸ ਤੋਂ ਭੀ ਵੱਧ ਗੁਰਸਬਦਾਂ ਦੀ ਖ਼ਾਸ ਅਤਿਅੰਤ ਹੀ ਲੋੜ ਹੈ।ਭਾਵੇਂ ਕੋਈ ਭੀ ਸਬਦ ਪਦ ਹੋਵੇ,ਉਸ ਦਾ ਚੌਵੀ ਘੰਟੇ ਖ਼ੂਬ ਅਭਿਆਸ ਕਰਨਾ ਚਾਹੀਦਾ ਹੈ।ਗੁਰਬਾਣੀ ਦੇ ਜਿਹੜੇ ਸਬਦ ਪਦ ਨੂੰ ਮਨ ਚਾਹੇ,ਉਸ ਨੂੰ ਬਾਰ ੨ ਜਪਣ ਨਾਲ ਜ਼ਿਆਦਾ ਟਿਕਾਅ ਹੁੰਦਾ ਹੈ।ਜਿਵੇਂ ਮੱਛੀ ਪਾਣੀ ਬਿਨਾ ਮਰਦੀ ਹੈ,ਤਿਵੇਂ ਗੁਰਸਿੱਖ ਗੁਰਬਾਣੀ ਗੁਰੂ ਜੀ ਬਿਨਾ ਮਰਦਾ ਹੈ।ਯਥਾ:- ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ; ਤਿਉ ਸਿਖੁ. ਗੁਰ ਬਿਨੁ ਮਰਿ ਜਾਈ॥੧੫॥(੭੫੭) ਰੋਗ ਅਨੁਸਾਰ ਦਵਾਈ ਵਰਤਣ ਵਾਂਗ,ਇਹ ਪਤਾ ਹੋਵੇ,ਕਿਹੜੇ ਸਬਦ ਪਦ

ਦਾ ਕਦੋਂ ਅਭਿਆਸ ਕਰਨਾ ਹੈ।ਜਦੋਂ ਮਨ 'ਚ ਖਿਲਾਰਾ ਉਦਾਸੀ ਆਵੇ ਤਦੋਂ ਅਭਿਆਸ ਕਰਨ ਨਾਲ ਠੀਕ ਹੋ ਜਾਂਦਾ ਹੈ।ਜਿਵੇਂ, ਕਬੀਰ.ਸਭ ਤੇ ਹਮ ਬੁਰੇ;ਹਮ ਤਜਿ.ਭਲੋ ਸਭੁ ਕੋਇ॥ਜਿਨਿ ਐਸਾ ਕਰਿ ਬੂਝਿਆ;ਮੀਤੁ ਹਮਾਰਾ ਸੋਇ॥) ਇਤ ਆਦਿ ਨਿਮ੍ਰਤਾ ਗਰੀਬੀ ਵਾਲੇ ਸਬਦਾਂ ਪਦਾਂ ਦਾ ਬਾਰ ੨ ਅਭਿਆਸ ਕਰਨਾ ਚਾਹੀਦਾ ਹੈ।ਇਸ ਪਰਮਪਵਿੱਤ੍ਰ ਗ੍ਰੰਥ 'ਚੋਂ,ਅਰਥਾਂ ਸਹਿਤ ਸਬਦ ਪਦ ਚੇਤੇ ਕਰੋ।ਲੋੜ ਅਨੁਸਾਰ ਇਕੱਲੇ ੨ ਸਬਦ ਪਦ ਦਾ ਬਾਰ ੨ ਅਭਿਆਸ ਕਰਦੇ ਰਹੋ ਜੀ।ਅਰਥ ਪੜ੍ਹ ਕੇ ਆਪ ਜੀ ਨੂੰ ਪਤਾ ਲੱਗ ਜਾਵੇਗਾ,ਕਿਹੜਾ ਸਬਦ ਕਦੋਂ ਪੜ੍ਹਨਾ ਹੈ।ਜਿਵੇਂ ਅੱਗ ਲੱਗਣ ਤੋਂ ਤੁਰੰਤ ਬੁਝਾਈ ਜਾਂਦੀ ਹੈ,ਤਿਵੇਂ ਸੱਚੇ ਸਤਿਗੁਰਾਂ ਦੇ ਬਖ਼ਸ਼ੇ ਨਾਮ ਜਲ ਨਾਲ,ਤ੍ਰਿਸ਼ਨਾ ਈਰਖਾ ਵਿਕਾਰਾਂ ਔਗੁਣਾਂ ਦੀ ਅੱਗ ਬੁਝਾਈ ਜਾਵੇ।

੧੧੮.{ਇਨ੍ਹਾਂ ਦੋਸ਼ਾਂ ਦੀ ਨਵਿਰਤੀ ਲਈ ਅੱਗੇ ਲਿਖੇ ਗੁਰਬਾਣੀ ਜੀ ਪੜ੍ਹੋ,ਘਰੇ ਮਾਟੋ ਲਿਖੋ:- ਚੋਰੀ ਦੀ ਨਵਿਰਤੀ ਲਈ,ਘੱਟ ਸੌਣ ਬਾਰੇ,ਜ਼ਿਆਦਾ ਖਾਣ ਤੋਂ ਮਨਾਹੀ,ਜ਼ਿਆਦਾ ਖਾ ੨ ਕੇ ਪੇਟ ਵਧਾਉਣ ਤੋਂ ਫਿਟਕਾਰ,ਫ਼ੈਸ਼ਨ ਤਿਆਗ ਲਈ,ਧਨ ਇੱਛਾ ਮੇਟਣ ਲਈ,ਗੁਰੂ ਸੇਵਾ ਧਰਮ-ਕ੍ਰਿਤ ਧਰਮ-ਕਰਮ ਕਰਨ ਨੂੰ ਢਿੱਲ ਕਰੇ, ਪੁੰਨ ਦਾਨ ਉਤਸ਼ਾਹ ਲਈ,ਜੇ ਭੁੱਖ ਸੰਤਾਵੇ,ਰੋਸ ਅਤੇ ਬਹੁਤਾ ਬੋਲਣ ਦੇ ਦੋਸ਼ ਦੀ ਨਵਿਰਤੀ ਲਈ,ਚਿੰਤਾ ਨਿਵਿਰਤੀ ਲਈ,ਧਨ ਨੁਕਸਾਨ ਜ਼ਰਨ ਲਈ। ਇਨ੍ਹਾਂ ਪਦਾਂ ਨੂੰ ਦ੍ਰਿੜ ਕੀਤੇ ਤੋਂ ਬਿਨਾ ਸੋਗ ਦਿਲ ਨੂੰ ਖਾ ਜਾਵੇਗਾ,ਧਰਮ-ਕ੍ਰਿਤ ਵਰਜ਼ਿਸ ਨੂੰ ਚਿੱਤ ਨ ਕਰੇ।ਧਨ ਜਾਣ ਤੋਂ ਨੁਕਸਾਨ ਜਰਨ ਲਈ। ਪਰਮਪੂਜਨੀਕ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬਚਨ।ਡਿੱਗੇ ਮਨ ਨੂੰ ਹੌਂਸਲਾ ਦੇਣ ਲਈ।ਜੋਬਨ ਦੇ ਅਹੰਕਾਰ ਨਿਵਿਰਤੀ ਲਈ।ਮਸ਼ੱਕਤਾਂ ਕਰਕੇ ਥਕਾਵਟ ਦੀ ਨਿਵਿਰਤੀ ਲਈ। ਗੁਰੂ ਹਿਤ ਸ਼ਹੀਦੀ ਕੁਰਬਾਨੀ ਦੇਣ ਅਤੇ ਮਨ ਦਾ ਸੋਗ ਧੋਣ ਲਈ,ਹੇਠ ਲਿਖੇ ਪਦਾਂ ਨੂੰ ਹਰੇਕ ਪ੍ਰੇਮੀਂ ਦਸ ਹਜ਼ਾਰ ਵਾਰ ਜਰੂਰ ਹੀ ਜਪੇ।

ਚੋਰੀ ਦੀ ਨਵਿਰਤੀ ਲਈ:- ੧੧੮.{ਇਨ੍ਹਾਂ ਦੋਸ਼ਾਂ ਦੀ ਨਵਿਰਤੀ ਲਈ ਅੱਗੇ ਲਿਖੇ ਗੁਰਬਾਣੀ ਜੀ ਪੜ੍ਹੋ,ਘਰੇ ਮਾਟੋ ਲਿਖੋ:- ਚੋਰੀ ਦੀ ਨਵਿਰਤੀ ਲਈ,ਘੱਟ ਸੌਣ ਬਾਰੇ,ਜ਼ਿਆਦਾ ਖਾਣ ਤੋਂ ਮਨਾਹੀ,ਜ਼ਿਆਦਾ ਖਾ ੨ ਕੇ ਪੇਟ ਵਧਾਉਣ ਤੋਂ ਫਿਟਕਾਰ,ਫ਼ੈਸਨ ਤਿਆਗ ਲਈ,ਧਨ ਇੱਛਾ ਮੇਟਣ ਲਈ,ਗੁਰੂ ਸੇਵਾ ਧਰਮ-ਕ੍ਰਿਤ ਧਰਮ-ਕਰਮ ਕਰਨ ਨੂੰ ਢਿੱਲ ਕਰੇ, ਪੁੰਨ ਦਾਨ ਉਤਸ਼ਾਹ ਲਈ,ਜੇ ਭੁੱਖ ਸੰਤਾਵੇ,ਰੋਸ ਅਤੇ ਬਹੁਤਾ ਬੋਲਣ ਦੇ ਦੋਸ਼ ਦੀ ਨਵਿਰਤੀ ਲਈ,ਚਿੰਤਾ ਨਿਵਿਰਤੀ ਲਈ,ਧਨ ਨੁਕਸਾਨ ਜ਼ਰਨ ਲਈ। ਇਨ੍ਹਾਂ ਪਦਾਂ ਨੂੰ ਦ੍ਰਿੜ ਕੀਤੇ ਤੋਂ ਬਿਨਾ ਸੋਗ ਦਿਲ ਨੂੰ ਖਾ ਜਾਵੇਗਾ,ਧਰਮ-ਕ੍ਰਿਤ ਵਰਜ਼ਿਸ ਨੂੰ ਚਿੱਤ ਨ ਕਰੇ।ਧਨ ਜਾਣ ਤੋਂ ਨੁਕਸਾਨ ਜਰਨ ਲਈ। ਪਰਮਪੂਜਨੀਕ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬਚਨ।ਡਿੱਗੇ ਮਨ ਨੂੰ ਹੌਂਸਲਾ ਦੇਣ ਲਈ।ਜੋਬਨ ਦੇ ਅਹੰਕਾਰ ਨਿਵਿਰਤੀ ਲਈ।ਮਸ਼ੱਕਤਾਂ ਕਰਕੇ ਥਕਾਵਟ ਦੀ ਨਿਵਿਰਤੀ ਲਈ।

ਚੋਰ ਕੀ ਹਾਮਾ;ਭਰੇ ਨ ਕੋਇ॥ਚੋਰੁ ਕੀਆ;ਚੰਗਾ ਕਿਉ ਹੋਇ॥੧॥ਦੇਵੀ-ਦੇਵਤਾ,ਪੀਰ-ਪੈਗੰਬਰ ਅਵਤਾਰ,ਹੋਰ ਕੋਇ ਭੀ, ਚੋਰ ਕੀ (ਹਾਮਾ) ਹਮਾਇਤ (ਨ)ਨਹੀਂ (ਭਰੇ) ਭਰਦਾ ਬਈ ਇਹ ਚੰਗਾ ਹੈ।ਚੋਰੁ

ਦਾ (ਕੀਆ) ਕੀਤਾ ਕੰਮ ਚੋਰੀ ਡਾਕਾ ਚੰਗਾ (ਕਿਉ) ਕਿਵੇਂ (ਹੋਇ) ਹੋਵੇ?ਭਾਵ ਚੰਗਾ ਨਹੀਂ ਹੁੰਦਾ,ਕਿਉਂਕਿ ਜਿਨ੍ਹਾਂ ੨ ਦੀਆਂ ਚੋਰੀਆਂ ਕਰਦਾ ਹੈ,ਜਿਨ੍ਹਾਂ ਨੂੰ ਮਾਰਦਾ ਵੱਢਦਾ ਹੈ,ਉਨ੍ਹਾਂ ਨੂੰ ਬੜਾ ਭਾਰੀ ਕਸ਼ਟ ਹੁੰਦਾ ਹੈ।ਦੂਜਾ ਅਰਥ:- (ਚੋਰ) ਪਖੰਡੀ ਗੁਰੂ ਦੀ ਕੋਇ ਭੀ(ਹਾਮਾ)ਹਮਾਇਤ (ਨ)ਨਹੀਂ (ਭਰੇ) ਭਰਦਾ ।(ਚੋਰੁ) ਦੇਹਧਾਰੀ ਗੁਰੂ ਦਾ (ਕੀਆ) ਕੀਤਾ ਕੰਮ,ਜੋ ਉਸ ਨੇ ਠੱਗੀਆਂ ਮਾਰੀਆਂ ਹਨ,ਚੰਗਾ (ਕਿਉ) ਕਿਵੇਂ ਹੋਇ ਸਕਦਾ ਹੈ,ਭਾਵ ਚੰਗਾ ਨਹੀਂ ਹੁੰਦਾ।

ਸੌਣ ਬਾਰੇ:- ਬਾਬਾ ਹੋਰੁ ਸਉਣਾ ਖੁਸੀ ਖੁਆਰੁ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥(੧੭) ਜ਼ਿਆਦਾ ਖਾਣ ਤੋਂ:- ਲਬੁ ਕੁਤਾ.ਕੂੜੁ ਚੂਹੜਾ;ਠਗਿ ਖਾਧਾ ਮੁਰਦਾਰੁ॥) (ਲਬੁ) ਜ਼ਿਆਦਾ ਖਾਣ ਦਾ ਲਾਲਚ ਲੱਬ ਹੈ।ਇਹ ਕੁੱਤਾ ਸੁਭਾਅ ਹੈ,ਕੁੱਤੇ ਦਾ ਜੂਠਾ ਖਾਣ ਦੇ ਤੁੱਲ ਹੈ।ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥(੧੬) ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥੧॥(੧੧੦੫) ਫਿਟੁ ਇਵੇਹਾ ਜੀਵਿਆ;ਜਿਤੁ ਖਾਇ ਵਧਾਇਆ ਪੇਟੁ॥ਨਾਨਕ ਸਚੇ ਨਾਮ ਵਿਣੁ;ਸਭੋ ਦੁਸਮਨੁ ਹੇਤੁ॥ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਬਖ਼ਸ਼ੇ ਸੱਚੇ ਨਾਮ ਤੋਂ ਬਿਨਾ,ਵਿਸ਼ੇ ਪਦਾਰਥ ਭੋਗਣ ਦੇ ਜਿਤਨੇ ਵੀ ਹਿਤ ਹਨ,ਇਹ ਸਾਰੇ ਹੀ ਵੈਰੀ ਹਨ।ਵਾਹਿਗੁਰੂ॥ ਫ਼ੈਸਨ ਦੇ ਤਿਆਗ ਲਈ:- ਹੰਸੁ ਹੇਤੁ ਲੋਭੁ ਕੋਪੁ;ਚਾਰੇ ਨਦੀਆ ਅਗਿ॥ਪਵਹਿ ਦਝਹਿ. ਨਾਨਕਾ;ਤਰੀਐ ਕਰਮੀ ਲਗਿ॥ ਧਨ ਦੀ ਇੱਛਾ ਸੰਤਾਵੇ:- ਮਾਈ.ਮੈ ਧਨੁ ਪਾਇਓ;ਹਰਿ ਨਾਮੁ॥ਮਨੁ ਮੇਰੋ. [1]ਧਾਵਨ ਤੇ ਛੂਟਿਓ;ਕਰਿ ਬੈਠੋ [2]ਬਿਸਰਾਮੁ॥) [1]ਭੱਜਣ [2]ਟਿਕਾਅ।ਕਾਚਾ ਧਨੁ [1]ਸੰਚਹਿ ਮੂਰਖ [2]ਗਾਵਾਰ॥(੬੬੫) [1]ਇਕੱਤ੍ਰ ਕਰਦਾ ਹੈ, [2]ਬੇਸਮਝ।[1]ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥ [1]ਹਜਾਰਾਂ ਜਮਾਂ ਕਰਦਾ ਹੈ।

ਭਜਨ ਸਿਮਰਨ ਗੁਰੂ ਸੇਵਾ ਧਰਮ-ਕ੍ਰਿਤ ਧਰਮ-ਕਰਮ ਕਰਨ ਨੂੰ ਢਿੱਲ ਕਰੇ ਤਾਂ ਇਹ ਪੜ੍ਹੋ:- ਕਬੀਰ ਕਾਲਿ ਕਰੰਤਾ ਅਬਹਿ ਕਰੁ; ਅਬ ਕਰਤਾ [1]ਸੁਇਤਾਲ॥ ਪਾਛੈ ਕਛੂ ਨ ਹੋਇਗਾ ਜਉ ਸਿਰ ਪਰ ਆਵੈ ਕਾਲੁ॥੧੩੮॥(੧੩੭੧) [1]ਛੇਤੀ।ਨਹ [1]ਬਿਲੰਬ ਧਰਮੰ ਬਿਲੰਬ ਪਾਪੰ॥(੧੩੫੪) [1]ਦੇਰੀ।ਦੁਖੁ ਦਾਰੂ ਸੁਖੁ ਰੋਗੁ ਭਇਆ; ਜਾ ਸੁਖੁ ਤਾਮਿ ਨ ਹੋਈ॥ ਜਿਸ ਸੁਖ 'ਚ ਵਾਹਿਗੁਰੂ ਜੀ ਨੂੰ ਮਿਲਣ ਦੀ (ਤਾਮਿ) ਤਮੰਨਾ,ਖਾਹਸ਼ ਨਹੀਂ ਹੁੰਦੀ,ਉਹ ਰਾਜ-ਲੀਲਾ ਸਪਰਸ਼ ਰਸਨਾ ਆਦਿ ਦਾ ਸੁਖ,ਰੋਗ ਹੋ ਜਾਂਦਾ ਹੈ।੧੨.ਪੁੰਨ ਦਾਨ ਉਤਸ਼ਾਹ ਲਈ:- ਪੁੰਨ ਦਾਨ ਕਾ ਕਰੇ ਸਰੀਰੁ॥ ਸੋ [1]ਗਿਰਹੀ; [2]ਗੰਗਾ ਕਾ ਨੀਰੁ॥(੯੫੨) [1]ਗ੍ਰਿਸਤੀ, [2]ਗੰਗਾ ਦਾ ਜਲ ਭਾਵ ਪਵਿੱਤ੍ਰ।} ਖਤ੍ਰੀ ਸੋ;ਜੁ ਕਰਮਾ ਕਾ ਸੂਰੁ॥ ਪੁੰਨ ਦਾਨ ਕਾ ਕਰੈ ਸਰੀਰੁ॥ਖੇਤੁ ਪਛਾਣੈ; ਬੀਜੈ ਦਾਨੁ॥ਸੋ ਖਤ੍ਰੀ ਦਰਗਹ ਪਰਵਾਣੁ॥)

ਜੇ ਭੁੱਖ ਸੰਤਾਵੇ:- ਜੇ ਭੁਖ ਦੇਹਿ.ਤ ਇਤ ਹੀ [1]ਰਾਜਾ;ਦੁਖ ਵਿਚਿ ਸੂਖ ਮਨਾਈ॥੩॥) [1]ਰੱਜਿਆ।ਇਕਿ ਨਿਰੰਕਾਰੀ;ਨਾਮ ਆਧਾਰਿ॥ਰੋਸ ਦੀ ਨਵਿਰਤੀ ਲਈ:- ਰੋਸੁ ਨ ਕਾਹੂ ਸੰਗ ਕਰਹੁ;

ਆਪਨ ਆਪੁ ਬੀਚਾਰਿ॥ ਹੋਇ ਨਿਮਾਨਾ ਜਗਿ ਰਹਹੁ; ਨਾਨਕ ਨਦਰੀ ਪਾਰਿ॥) ਰੋਸੁ ਨ ਕੀਜੈ;ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥(੯੩੧) ਦਦੈ.ਦੋਸੁ ਨ ਦੇਊ ਕਿਸੈ;ਦੋਸੁ.ਕਰੰਮਾ ਆਪਣਿਆ॥ਜੋ ਮੈ ਕੀਆ.ਸੋ ਮੈ ਪਾਇਆ;ਦੋਸੁ ਨ ਦੀਜੈ.ਅਵਰ ਜਨਾ॥੨੧॥

ਬਹੁਤਾ ਬੋਲਣ ਦੇ ਦੋਸ਼ ਦੀ ਨਵਿਰਤੀ ਲਈ:- ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥੨॥(੧੪੯) ਬਹੁਤਾ ਬੋਲਣੁ [1]ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥੧॥(੬੬੧) [1]ਵਿਅਰਥ ਬੋਲਣਾ।ਕਹੁ ਕਬੀਰ [1]ਛੂਛਾ [2]ਘਟੁ ਬੋਲੈ॥ਭਰਿਆ ਹੋਇ ਸੁ ਕਬਹੁ ਨ ਡੋਲੈ॥੪॥੧॥(੮੭੦)[1]ਖਾਲੀ, [2]ਘੜਾ।ਚਾਲਾ ਨਿਰਾਲੀ.ਭਗਤਾਹ ਕੇਰੀ;[1]ਬਿਖਮ ਮਾਰਗਿ ਚਲਣਾ॥ਲਬੁ ਲੋਭੁ ਅਹੰਕਾਰੁ.ਤਜਿ ਤ੍ਰਿਸਨਾ;ਬਹੁਤੁ ਨਾਹੀ ਬੋਲਣਾ॥ [1]ਕਠਨ।ਬੋਲਤ ਬੋਲਤ ਬਢਹਿ ਬਿਕਾਰਾ॥(੮੭੦)

ਚਿੰਤਾ ਨਿਵਿਰਤੀ:- ਨਾਨਕ.ਚਿੰਤਾ ਮਤਿ ਕਰਹੁ;ਚਿੰਤਾ ਤਿਸ ਹੀ ਹੇਇ॥ ਜਲ ਮਹਿ.ਜੰਤ ਉਪਾਇਅਨੁ;ਤਿਨਾ ਭਿ.ਰੋਜੀ ਦੇਇ॥) ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ [1]ਸਭਤੈ॥ ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ [2]ਪਾਥਰ [3]ਕੀਟ [4]ਪਖਾਣੀ ਹੇ॥੬॥(੧੦੭੦) [1]ਸਭਨਾ ਜੀਆਂ ਨੂੰ, [2]ਪੱਥਰਾਂ 'ਚ, [4]ਪੱਥਰਾਂ ਦੇ [3]ਕੀੜੇ ਨੂੰ।

ਨੁਕਸਾਨ ਹੋਣ ਤੋਂ ਜਰਨ ਲਈ:-ਇਨ੍ਹਾਂ ਪਦਾਂ ਨੂੰ ਦ੍ਰਿੜ ਕੀਤੇ ਤੋਂ ਬਿਨਾ ਸੋਗ ਦਿਲ ਨੂੰ ਖਾ ਜਾਵੇਗਾ।ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ;ਜੋ ਕਿਛੁ ਹੈ ਸੋ ਤੇਰਾ॥ਤੇਰਾ ਤੁਝ ਕਉ ਸਉਪਤੇ;ਕਿਆ ਲਾਗੈ ਮੇਰਾ॥)ਤਨੁ ਮਨੁ ਅਰਪੈ;ਹੈ ਇਹੁ ਜਿਸ ਕਾ॥ਅਨੁਸਾਰ ਤਨ ਮਨ ਭਾਵੇਂ ਵਾਹਿਗੁਰੂ ਜੀ ਦਾ ਹੀ ਹੈ,ਫੇਰ ਭੀ ਅਰਪਣੇ ਕਰਕੇ,ਪਰਮ ਪ੍ਰਸੰਨ ਹੋ ਕੇ,ਚਉਗਣਾਂ ਨਿਹਾਲ ਕਰ ਦਿੰਦੇ ਹਨ।ਜਿਸ ਕੀ ਬਸਤੁ;ਤਿਸੁ ਆਗੈ ਰਾਖੈ॥

ਪ੍ਰਭ ਕੀ ਆਗਿਆ;ਮਾਨੈ ਮਾਥੈ॥ਉਸ ਤੇ ਚਉਗੁਨ;ਕਰੈ ਨਿਹਾਲੁ॥ਨਾਨਕ ਸਾਹਿਬੁ;ਸਦਾ ਦਇਆਲੁ॥੨॥)

ਧਨ ਜਾਣ ਤੋਂ ਮਰ ਜਾਂਦਾ ਹੈ,ਜਰਨ ਲਈ:- ਇਹੁ ਧਨੁ ਕਰਤੇ ਕਾ ਖੇਲੁ ਹੈ;ਕਦੇ ਆਵੈ ਕਦੇ ਜਾਇ॥)

ਅੰਮ੍ਰਿਤ ਵੇਲੇ ਜਾਗਣਾ ਜਾਪ ਕਰਨਾ,ਸਖ਼ਤ ਧਰਮ-ਕ੍ਰਿਤ ਕਰਦਿਆਂ ਜਾਪ ਕਰਨ ਦਾ ਜੋ ਦੁੱਖ ਹੈ,ਇਹ ਸੁਖ ਸਰੂਪ 'ਚ ਲੀਣਤਾ ਬਖ਼ਸ਼ਦਾ ਹੈ।

ਡਿੱਗੇ ਮਨ ਨੂੰ ਹੌਂਸਲਾ ਦੇਣ ਲਈ:- ਨੀਕੀ ਕੀਰੀ ਮਹਿ; [1]ਕਲ ਰਾਖੈ॥ਭਸਮ ਕਰੈ;ਲਸਕਰ ਕੋਟਿ ਲਾਖੈ॥ [1]ਸ਼ਕਤੀ।ਕਾਹੇ ਮਨ ਤੂ ਡੋਲਤਾ ਹਰਿ [1]ਮਨਸਾ [2]ਪੂਰਣਹਾਰੁ॥ [1]ਵਾਸ਼ਨਾ, [2]ਪੂਰੀਆਂ ਭਾਵ ਮਾਰਨ,ਨਾਸ ਕਰਨ ਵਾਲੇ ਹਨ

।ਕਿਸ਼ੋਰ ਅਵਸਥਾ ਲਈ,ਜੋਬਨ ਦੇ ਅਹੰਕਾਰ ਦੀ ਨਿਵਿਰਤੀ ਲਈ:- ਜੋ ਜਾਨੈ;ਮੈ ਜੋਬਨਵੰਤੁ॥ਸੋ ਹੋਵਤ;ਬਿਸਟਾ ਕਾ [2]ਜੰਤੁ॥ [1]ਜੋਬਨ ਵਾਲਾ, ਸੁੰਦਰ।[2]ਕੀੜਾ।ਧਨੁ ਜੋਬਨੁ ਦੁਇ ਵੈਰੀ ਹੋਏ;ਜਿਨ੍ਹੀ ਰਖੇ ਰੰਗੁ ਲਾਇ॥ਦੂਤਾ ਨੋ ਫੁਰਮਾਇਆ;ਲੈ ਚਲੇ ਪਤਿ ਗਵਾਇ॥

ਵਾਹਿਗੁਰੂ॥ਜਿਨ੍ਹਾਂ ਨੇ ਮਸ਼ੱਕਤਾਂ ਘਾਲੀਆਂ ਹਨ,ਉਨ੍ਹਾਂ ਦੀ ਹੰਗਤਾ ਕੀਤੀ,ਅਤਿਅੰਤ ਦੁਖੀ ਰੋਗੀ ਸੋਗੀ ਹੋਏ,ਉਨ੍ਹਾਂ ਲਈ:- ਕੋਟਿ ਕਰਮ ਕਰੈ;ਹਉ ਧਾਰੇ॥[1]ਸ੍ਰਮੁ ਪਾਵੈ;ਸਗਲੇ [2]ਬਿਰਥਾਰੇ॥) [1]ਥਕਾਵਟ, [2]ਬਿਅਰਥ। ਮੈਂ ਚੰਗਾ ਹਾਂ,ਮੈਂ ਚੰਗਾ ਹਾਂ,ਅਭਿਆਸ ਕਰਕੇ ਜੀਵ,ਵਾਹਿਗੁਰੂ ਜੀ ਨਾਲੋਂ ਵਿਛੜ ਕੇ,ਅਤਿਅੰਤ ਦੁਖੀ ਰਹਿੰਦਾ ਹੈ। ਇਨ੍ਹਾਂ ਪਦਾਂ ਦਾ ਨਿਤਾ ਪ੍ਰਤੀ ਅਭਿਆਸ ਕਰਨ ਨਾਲ ਮਿਲਾਪ ’ਤੇ ਸੁਖ ਹੁੰਦਾ ਹੈ। ਕਬੀਰ,ਸਭ ਤੇ ਹਮ ਬੁਰੇ;ਹਮ ਤਜਿ.ਭਲੋ ਸਭੁ ਕੋਇ॥ਜਿਨਿ.ਐਸਾ ਕਰਿ ਬੂਝਿਆ;ਮੀਤੁ ਹਮਾਰਾ ਸੋਇ॥) ਸਾਨੂੰ ਛੱਡ ਕੇ ਸਭ ਕੋਈ ਚੰਗਾ ਹੈ। ਹਮ ਨਹੀ ਚੰਗੇ;ਬੁਰਾ ਨਹੀ ਕੋਇ॥ਪ੍ਰਣਵਤਿ ਨਾਨਕੁ;ਤਾਰੇ ਸੋਇ॥) ਅਸੀਂ ਚੰਗੇ ਨਹੀਂ ਹਾਂ,ਸਾਥੋਂ ਬਿਨਾ ਸੰਸਾਰ ’ਚ ਹੋਰ ਕੋਈ ਭੀ ਬੁਰਾ ਨਹੀਂ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ (ਪ੍ਰਣਵਤਿ) ਬੇਨਤੀ ਪੂਰਬਕ ਫੁਰਮਾਉਂਦੇ ਹਨ:-ਜਿਨ੍ਹਾਂ ਪ੍ਰੇਮੀਆਂ ਦਾ, ਸਭ ਤੇ ਜਾਨੈ;ਆਪਸ ਕਉ ਮੰਦਾ॥ ਖਿਆਲ ਪ੍ਰਪੱਕ ਹੋ ਗਿਆ ਹੈ,(ਸੋਇ) ਉਹ ਪ੍ਰੇਮੀ ਵਾਹਿਗੁਰੂ ਜੀ ਨੇ ਸੰਸਾਰ ਸਮੁੰਦਰ ਚੋਂ,ਜਮਾ ਜੂਨਾਂ ਤੋਂ ਤਾਰ ਲਏ ਹਨ। ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ;ਤੇਤੇ ਅਉਗਣ ਹਮਾਰੇ॥ਦਇਆ ਕਰਹੁ.ਕਿਛੁ ਮਿਹਰ ਉਪਾਵਹੁ;ਡੁਬਦੇ ਪਥਰ ਤਾਰੇ॥)(ਸਮੁੰਦੁ ਸਾਗਰੁ) ਸਮੁੰਦਰ ਹੀ ਸਮੁੰਦਰ,ਭਾਵ ਬੇਅੰਤ ਸਮੁੰਦਰ ਜਿਤਨੇ ਪਾਣੀ ਨਾਲ ਭਰੇ ਹੋਣ,ਸਾਡੇ ’ਚ ਉਤਨੇ ਔਗੁਣ ਹਨ,ਜਿਵੇਂ ਆਪ ਜੀ ਨੇ ਡੁੱਬਦੇ ਪੱਥਰ ਤਾਰੇ ਹਨ,ਤਿਵੇਂ ਔਗੁਣਾ ਰੂਪੀ ਜਲ ’ਚ ਡੁੱਬੇ,ਸਾਡੇ ਪੱਥਰਾਂ ’ਤੇ ਮਿਹਰ ਕਰੋ ਜੀ,ਸਾਨੂੰ(ਕਿਛੁ) ਤੁੱਛ ਮਾਤਰ ਜੀਵਾਂ ਨੂੰ (ਉਪਾਵਹੁ) ਕੱਢਣਾ ਕਰੋ ਜੀ। ਪਰਵਦਗਾਰ ਅਪਾਰ ਅਗਮ ਬੇਅੰਤ ਤੂ॥ ਜਿਨਾ ਪਛਾਤਾ ਸਚੁ; ਚੁੰਮਾ ਪੈਰ ਮੂੰ॥(੪੮੮) ਹੇ ਸੱਚ ਸਰੂਪ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ! ਜਿਨ੍ਹਾਂ ਗੁਰਮੁਖਾਂ ਨੇ ਆਪ ਜੀ ਨੂੰ ਪਛਾਣਿਆ ਹੈ,ਦਾਸਨ ਦਾਸ ਉਨ੍ਹਾਂ ਦੇ ਚਰਨ ਚੁੰਮਦਾ ਹੈ। ਆਪ ਜੀ ਉਨਾਂ ਦੇ (ਅਗਮ) ਗੰਮਤਾ ਰਹਿਤ (ਅਪਾਰ) ਪਾਰਾਵਾਰ ਰਹਿਤ ਬੇਅੰਤ ਬਖ਼ਸ਼ਿਸ਼ਾਂ ਸਹਿਤ (ਪਰਵਦਗਾਰ) ਪਾਲਣਹਾਰੇ ਹੋਂ। ਰੰਗਾਂ ੨ ਦੇ ਸਬਦ ਕੀਰਤਨ,ਸਬਦ ਅਰਥ ਸੁਣਾ ਕੇ,ਉਨਾਂ ਦੇ ਦਿਲ ਦਿਮਾਗ਼ ’ਚ ਗੁਰਬਾਣੀ ਜੀ ਭੇਜ ਕੇ ਉਨ੍ਹਾਂ ਦੀ ਰੱਛਿਆ ਸਹਿਤ ਪ੍ਰਤਿਪਾਲਣਾ ਕਰਦੇ ਹੋਂ ਜੀ। ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥ [1]ਪਤਿ [2]ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥੨॥(੪੬੯) [1]ਇੱਜਤ ਰੂਪੀ [2]ਵੱਟਾ। ਸਚੁ ਸਭਨਾ ਹੋਇ ਦਾਰੂ;ਪਾਪ ਕਢੈ ਧੋਇ॥ਨਾਨਕੁ.ਵਖਾਣੈ ਬੇਨਤੀ;ਜਿਨ ਸਚੁ [1]ਪਲੈ ਹੋਇ॥ [1]ਰਿਦੇ ਰੂਪੀ ਪੱਲੇ ’ਚ।

ਮਨੁ ਬੇਚੈ; ਸਤਿਗੁਰ ਕੈ ਪਾਸਿ॥ਤਿਸੁ ਸੇਵਕ ਕੇ;ਕਾਰਜ ਰਾਸਿ॥ਸੇਵਾ ਕਰਤ;ਹੋਇ [1]ਨਿਹਕਾਮੀ॥ਤਿਸ ਕਉ ਹੋਤ; ਪਰਾਪਤਿ ਸੁਆਮੀ॥ [1]ਕਾਮਨਾ ਰਹਿਤ। ਸਤਿਗੁਰੁ;ਸਿਖ ਕੇ ਬੰਧਨ ਕਾਟੈ॥ਗੁਰ ਕਾ ਸਿਖੁ;ਬਿਕਾਰ ਤੇ ਹਾਟੈ॥

੧੧੯.ਕਾਰਜ ਸਿੱਧੀ ਤੋਂ ਹੰਗਤ ਤਿਆਗ ਲਈ ਗੁਰਬਾਣੀ ਜੀ,ਵੈਰਾਗਮਈ ਕਵਿੱਤਾ।

"ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥"ਜਿਸ ਕਾ ਕਾਰਜੁ ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ ਰਾਮ॥(੭੮੪) ਤੁਮ੍ਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ ਆਪਿ ਕੀਓ॥(੩੮੨) ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥੬੨॥(੧੩੬੭) ਵਾਹਿਗੁਰੂ॥ਉੱਠ ਜਾਗ ਘੁਰਾੜੇ ਮਾਰ ਨਹੀਂ।ਤੂੰ ਏਸ ਜਹਾਨੋ ਜਾਵੇਗੀ,ਫੇਰ ਕਦਮ ਨ ਏਥੇ ਪਾਵੇਂਗੀ।ਇਹ ਜੋਬਨ ਰੂਪ ਲੁਟਾਵੇਂਗੀ।ਤੂੰ ਰਹਿਣਾ ਵਿਚ ਸੰਸਾਰ ਨਹੀਂ।ਮੂੰਹ ਆਈ ਬਾਤ ਨ ਰਹਿੰਦੀ ਹੈ।ਉਹ ਸ਼ੌਹ ਅਸਾਥੋਂ ਵੱਖ ਨਹੀਂ।ਬਿਨ ਸ਼ੌਹ ਤੋਂ ਦੂਜਾ ਕੱਖ ਨਹੀਂ,ਪਰ ਦੇਖਣ ਵਾਲੀ ਅੱਖ ਨਹੀਂ,ਇਹ ਜਾਨ ਪਈ ਦੁੱਖ ਸਹਿੰਦੀ ਹੈ।ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਨਦਰ ਦੁਆਰਾ ਅੰਮ੍ਰਿਤ ਰੂਪ ਗੁਰਬਾਣੀ ਦਾ ਖ਼ੂਬ ਅਭਿਆਸ ਕਰਨ ਤੋਂ,ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਸ਼ਹੀਦੀ ਦਾ ਧਿਆਨ ਪ੍ਰਾਪਤ ਹੁੰਦਾ ਹੈ,ਅਤੇ ਮਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਜੀ,ਆਪ ਆਪਣੇ ਸੱਚੇ ਚਰਨ-ਕਮਲਾਂ 'ਚ ਜੋੜ ਲੈਂਦੇ ਹਨ।

੧੨੦.ਮੰਗਲ, ਡੰਡਉਤ ਬਾਰੇ ਗੁਰਬਾਣੀ ਮਾਟੋ:-ਤੂੰ ਮੇਰੋ ਮੇਰੁ ਪਰਬਤੁ ਸੁਆਮੀ;ਓਟ ਗਹੀ ਮੈ ਤੇਰੀ॥)ਡੰਡਉਤਿ ਬੰਦਨ ਅਨਿਕਬਾਰ;ਸਰਬ ਕਲਾ ਸਮਰਥ॥ਡੋਲਨ ਤੇ.ਰਾਖਹੁ ਪ੍ਰਭੂ;ਨਾਨਕ.ਦੇ ਕਰਿ ਹਥ॥)ਕਰਿ ਸਾਧੂ ਅੰਜੁਲੀ;ਪੁਨੁ ਵਡਾ ਹੇ॥ਕਰਿ ਡੰਡਉਤ;ਪੁਨੁ ਵਡਾ ਹੇ॥) ਪ੍ਰਭ ਜੀ; ਤੂ ਮੇਰੇ ਪ੍ਰਾਨ ਅਧਾਰੈ॥ ਨਮਸਕਾਰ ਡੰਡਉਤਿ ਬੰਦਨਾ; ਅਨਿਕ ਬਾਰ ਜਾਉ ਬਾਰੈ॥(੮੨੦) ਅਮਿਅ ਦ੍ਰਿਸਟਿ.ਸੁਭ ਕਰੈ;ਹਰੈ ਅਘ ਪਾਪ ਸਕਲ ਮਲ॥ਕਾਮ ਕ੍ਰੋਧ ਅਰੁ ਲੋਭ ਮੋਹ;ਵਸਿ ਕਰੈ ਸਭੈ ਬਲ॥ਸਦਾ ਸੁਖੁ ਮਨਿ ਵਸੈ;ਦੁਖੁ ਸੰਸਾਰਹ ਖੋਵੈ॥ਗੁਰੁ ਨਵ ਨਿਧਿ ਦਰੀਆਉ;ਜਨਮ ਹਮ.ਕਾਲਖ ਧੋਵੈ॥ਸੁ ਕਹੁ ਟਲ.ਗੁਰੁ ਸੇਵੀਐ;ਅਹਿਨਿਸਿ ਸਹਜਿ ਸੁਭਾਇ॥ਦਰਸਨਿ ਪਰਸਿਐ ਗੁਰੂ ਕੈ;ਜਨਮ ਮਰਣ ਦੁਖੁ ਜਾਇ॥੧੦॥) ਹੋਵੈ ਸਿਫਤਿ ਖਸੰਮ ਦੀ; ਨੂਰੁ ਅਰਸਹੁ ਕੁਰਸਹੁ ਝਟੀਐ॥ ਤੁਧੁ ਡਿਠੇ ਸਚੇ ਪਾਤਿਸਾਹ; ਮਲੁ ਜਨਮ ਜਨਮ ਦੀ ਕਟੀਐ॥(੯੬੭) ਸਜਣੁ ਸਚਾ ਪਾਤਿਸਾਹੁ;ਸਿਰਿ ਸਾਂਹਾਂ ਦੈ ਸਾਹੁ॥ ਜਿਸੁ ਪਾਸਿ ਬਹਿਠਿਆ ਸੋਹੀਐ;ਸਭਨਾ ਦਾ ਵੇਸਾਹੁ॥(੧੪੨੬) ਦਰ ਮਾਦੇ; ਠਾਢੇ ਦਰਬਾਰਿ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ; ;ਦਰਸਨੁ ਦੀਜੈ; ਖੋਲ੍ਹਿ ਕਿਵਾਰ॥(੮੫੬) ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ; ਤੇਤੇ ਅਉਗਣ ਹਮਾਰੇ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ; ਡੁਬਦੇ ਪਥਰ ਤਾਰੇ॥(੧੫੬)

੧੨੧.ਪੂਰਨ ਗੁਰੂ ਗੁਰਬਾਣੀ ਜੀ ਬਾਰੇ ਮਾਟੋ:-ਬਾਣੀ ਗੁਰੂ.ਗੁਰੂ ਹੈ ਬਾਣੀ;ਵਿਚਿ ਬਾਣੀ ਅੰਮ੍ਰਿਤੁ ਸਾਰੇ॥ਗੁਰੁਬਾਣੀ ਕਹੈ.ਸੇਵਕੁ ਜਨੁ ਮਾਨੈ;ਪਰਤਖਿ ਗੁਰੂ ਨਿਸਤਾਰੇ॥)ਅੰਮ੍ਰਿਤ ਬਾਣੀ ਤਤੁ ਵਖਾਣੀ;ਗਿਆਨ ਧਿਆਨ ਵਿਚਿ ਆਈ॥ਗੁਰਮੁਖਿ ਆਖੀ ਗੁਰਮੁਖਿ ਜਾਤੀ;ਸੁਰਤੀ ਕਰਮਿ ਧਿਆਈ॥) ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮਗਤਿ ਮੇਰੀ॥(੧੦੩) ਕੋਟਿ ਪੁੰਨ; ਸੁਣਿ ਹਰਿ ਕੀ ਬਾਣੀ॥ ਕੋਟਿ ਫਲਾ; ਗੁਰ ਤੇ ਬਿਧਿ ਜਾਣੀ॥(੨੩੮) ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ; ਮਨੁ ਭੀਨਾ ਨਿਜ ਘਰਿ

ਆਵੈਗੋ॥(੧੩੦੮) ਬਿਨਵੰਤਿ ਨਾਨਕ ਸਦਾ ਗਾਈਐ; ਪਵਿਤ੍ਰ ਅੰਮ੍ਰਿਤ ਬਾਣੀ॥(੫੪੫) ਗੁਰਬਾਣੀ ਗਾਵਹ ਭਾਈ॥ਓਹ ਸਫਲ;ਸਦਾ ਸੁਖਦਾਈ॥)

੧੨੨.ਸਰਣਿ ਬਾਰੇ ਮਾਟੋ:- ਤੇਰੀ ਸਰਣਿ;ਮੇਰੇ ਦੀਨ ਦਇਆਲਾ॥ਸੁਖ ਸਾਗਰ;ਮੇਰੇ ਗੁਰ ਗੋਪਾਲਾ॥ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ॥)ਸਰਨਿ ਪਰੇ ਕੀ;ਰਾਖੁ ਦਇਆਲਾ॥ਨਾਨਕ;ਤੁਮਰੇ ਬਾਲ ਗੁਪਾਲਾ॥) ਜੋ ਜੋ ਸਰਣਿ ਪਰਿਓ ਗੁਰ ਨਾਨਕ;ਅਭੈ ਦਾਨੁ ਸੁਖ ਪਾਏ॥)ਸਰਬ ਸੁਖਾ ਕਾ ਦਾਤਾ ਸਤਿਗੁਰੁ;ਤਾ ਕੀ ਸਰਨੀ ਪਾਈਐ॥ਦਰਸਨੁ ਭੇਟਤ.ਹੋਤ ਅਨੰਦਾ;ਦੂਖੁ ਗਇਆ.ਹਰਿ ਗਾਈਐ॥)ਸਰਨਿ ਆਵੈ ਪਾਰਬ੍ਰਹਮ ਕੀ;ਤਾਂ ਫਿਰਿ ਕਾਹੇ ਝੂਰੇ॥)ਜੋ ਸਰਣਿ ਆਵੈ.ਤਿਸੁ ਕੰਠਿ ਲਾਵੈ;ਇਹੁ ਬਿਰਦੁ.ਸੁਆਮੀ ਸੰਦਾ॥)ਸਰਣਿ ਪਰੇ ਕੀ ਰਾਖਤਾ;ਨਾਹੀ ਸਹਸਾਇਆ॥)ਜੇ ਸਾਧੂ ਸਰਨੀ ਪਰੇ;ਤਿਨ ਕੇ ਕਵਣ ਬਿਚਾਰ॥ਦੰਤ ਜੀਭ ਜਿਮ ਰਾਖਿ ਹੈ;ਦੁਸਟ ਅਰਿਸਟ ਸੰਘਾਰ॥੨੫॥) ਢਾਕਨ ਢਾਕਿ.ਗੋਬਿਦ ਗੁਰ ਮੇਰੇ; ਮੋਹਿ ਅਪਰਾਧੀ.ਸਰਨ ਚਰਨ॥)ਦੀਨੁ ਦੁਆਰੈ ਆਇਓ.ਠਾਕੁਰ;ਸਰਨਿ ਪਰਿਓ ਸੰਤ.ਹਾਰੇ॥)ਅਬ ਹਮ ਚਲੀ;ਠਾਕੁਰ ਪਹਿ ਹਾਰਿ॥ ਜਬ ਹਮ.ਸਰਣਿ ਪ੍ਰਭੂ ਕੀ ਆਈ;ਰਾਖੁ ਪ੍ਰਭੂ.ਭਾਵੈ ਮਾਰਿ॥)ਸਰਨੀ ਆਇਓ;ਨਾਥ ਨਿਧਾਨ॥ਨਾਮ ਪ੍ਰੀਤਿ.ਲਾਗੀ ਮਨ ਭਤਿਰਿ; ਮਾਗਨ ਕਉ ਹਰਿ ਦਾਨ॥੧॥)ਹਰਿ ਚਰਨ ਸਰਨ,ਗੋਬਿੰਦ ਦੁਖ ਭੰਜਨਾ;ਦਾਸ ਅਪੁਨੇ ਕਉ ਨਾਮੁ ਦੇਵਹੁ॥ਦ੍ਰਿਸਟਿ ਪ੍ਰਭ ਧਾਰਹੁ. ਕ੍ਰਿਪਾ ਕਰਿ ਤਾਰਹੁ;ਭੁਜਾ ਗਹਿ.ਕੂਪ ਤੇ ਕਾਢਿ ਲੇਵਹੁ॥)ਰਾਖਹੁ ਅਪਨੀ ਸਰਣਿ ਪ੍ਰਭ;ਮੋਹਿ ਕਿਰਪਾ ਧਾਰੇ॥ਸੇਵਾ.ਕਛੂ ਨ ਜਾਨਊ; ਨੀਚੁ ਮੂਰਖਾਰੇ॥੧॥)

੧੨੩.ਬਿਰਾਜਮਾਨ ਅਸਥਾਨ 'ਤੇ ਲਿਖੋ:-ਸਚਖੰਡਿ ਵਸੈ ਨਿਰੰਕਾਰੁ॥) ਅਤਿ ਊਚਾ;ਤਾ ਕਾ ਦਰਬਾਰਾ॥ਅੰਤੁ ਨਾਹੀ ਕਿਛੁ;ਪਾਰਾਵਾਰਾ॥)ਕਹਿ ਕਬੀਰ.ਰਾਜਾ ਰਾਮ ਨ ਛੋਡਉ;ਸਗਲ ਊਚ ਤੇ ਊਚਾ॥ ਸ੍ਰੀ ਦਰਬਾਰ ਸਾਹਿਬ ਦੇ ਉੱਪਰ ਲਿਖੋ। ਡਿਠੇ ਸਭੇ ਥਾਵ;ਨਹੀ ਤੁਧੁ ਜੇਹਿਆ॥ਬਧੋਹੁ ਪੁਰਖਿ ਬਿਧਾਤੈ;ਤਾਂ ਤੂ ਸੋਹਿਆ॥)ਹਰਿ ਜਪੇ.ਹਰਿ ਮੰਦਰੁ ਸਾਜਿਆ;ਸੰਤ ਭਗਤ.ਗੁਣ ਗਾਵਹਿ ਰਾਮ॥) ਜੈਸਾ ਤੂ. ਤੈਸਾ ਤੁਹੀ; ਕਿਆ ਉਪਮਾ ਦੀਜੈ॥(੮੫੮)

੧੨੪. ਨਿਸ਼ਾਨ ਸਾਹਿਬ ਬਾਰੇ :-[੧]ਵਾਹਨ ਸ਼ਿੰਗਾਰੇ ਰਹੈਂ,ਬਾਜਤੇ ਨਗਾਰੇ ਰਹੈਂ,ਵੈਰੀ ਭੂਮਿ [੨]ਡਾਰੇ ਰਹੈਂ, [੩]ਮੂੰਡ [੪]ਯੁਤ ਤਾਜ ਕੇ। ਸੰਗਤੇਂ [੫]ਅਬਾਦ ਰਹੈਂ,ਆਵਤੇ ਪ੍ਰਸਾਦ ਰਹੈਂ, [੬]ਬਾਢੇ [੭]ਅਹਿਲਾਦ ਰਹੈਂ,ਧਰਮ [੮]ਸੁ ਕਾਜ ਕੇ।ਗਾਦੀਆਂ [੯]ਅਟੱਲ ਰਹੈਂ, [੧੦]ਚੌਕੀਆਂ ਅਚੱਲ ਰਹੈਂ, [੧੧]ਬੁੰਗੇ [੧੨]ਝਲਾ [੧੨]ਝਲ ਰਹੈਂ,ਸਹਿਤ [੧੩]ਸਮਾਜ ਕੇ।ਲਾਗਤੈ ਦੀਵਾਨ ਰਹੈਂ, ਗਾਵਤੇ [੧੪]ਸੁਜਾਨ ਰਹੈਂ,ਝੂਲਤੇ ਨਿਸ਼ਾਨ ਰਹੈਂ,ਪੰਥ ਮਹਾਰਾਜ ਕੇ। [੧]ਅਸਵਾਰੀਆਂ, [੨]ਸਿਟੇ, [੩]ਸਿਰ, [੪]ਸਮੇਤ, [੫]ਵਸਦੀਆਂ, [੬]ਵਧੇ, [੭]ਅਨੰਦ, [੮]ਸ਼੍ਰੇਸਟ, [੯]ਟਲਣ ਤੋਂ (ਅ) ਰਹਿਤ, [੧੦]ਸਿੱਖ ਰਾਜ ਦੀਆਂ ਚੌਂਕੀਆਂ ਜੋ ਪਾਪੀਆਂ ਨੂੰ ਸੋਧਣ, [੧੧]ਸਿੰਘਾਂ ਦੇ ਰਹਿਣ ਦੇ ਅਸਥਾਨ, [੧੨]ਬਹੁਤੇ ਸਿੰਘ ਬੁੰਗਿਆਂ 'ਚ ਜੈਕਾਰੇ ਗਜਾਉਂਦੇ ਹੋਏ, ਚੜ੍ਹਦੀ ਕਲਾ 'ਚ ਰਹਿਣ, [੧੩]ਸਾਜੋ ਸਮਾਨ, [੧੪]ਚਤਰ।

੧੨੫.ਮੱਥਾ ਟੇਕਣ ਬਾਰੇ:-ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ॥ ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥ (੧੩੭੯) ਸੇ ਦਾੜੀਆਂ ਸਚੀਆ; ਜਿ ਗੁਰ ਚਰਨੀ ਲਗੰਨ੍ਹਿ॥ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥(੧੪੧੯)ਸੀਸ ਨਿਵਾਇਐ ਗਿਰ ਪੜੈ ਬਹੁ ਪਾਪਨ ਕੀ ਪੋਟ।ਤਾਂ ਤੇ ਸੀਸ ਨਿਵਾਈਐ ਲੱਗੈ ਨ ਜਮ ਕੀ ਚੋਟ।)ਜਿਹ ਪ੍ਰਸਾਦਿ;ਬਸਹਿ ਸੁਖ ਮੰਦਰਿ॥ਤਿਸਹਿ ਧਿਆਇ;ਸਦਾ ਮਨ ਅੰਦਰਿ॥)

੧੨੬.ਰੈਣ ਸਬਾਈ ਕੀਰਤਨ ਸਤਿਸੰਗ ਮਹਿਮਾ:-ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥(ਵਾਰ ੧੦) ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥(੧੨੯੮) ਕੀਰਤਨੁ,ਨਿਰਮੋਲਕ ਹੀਰਾ॥ਆਨੰਦ,ਗੁਣੀ ਗਹੀਰਾ॥ਵਾਹਿਗੁਰੂ॥ ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥(੧੦੭੫)ਵਾਹਿਗੁਰੂ॥ ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥੪॥੧॥੧੫੮॥ (੨੧੪) ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ॥੨॥(੭੪੯) ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ॥ ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥੨॥(੧੯੦) ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ॥ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥੨॥੧॥੧੨॥(੧੩੦੦) ਸਤਸੰਗਤਿ.ਕੈਸੀ ਜਾਣੀਐ॥ ਜਿਥੈ.ਏਕੋ ਨਾਮੁ ਵਖਾਣੀਐ॥) ਸਾਧ ਸੰਗਤਿ ਅਸਥਾਨ;ਜਗਮਗ ਨੂਰ ਹੈ।ਲਖ ਲਖ ਸਸੀਅਰ ਭਾਨੁ;ਕਿਰਨ ਠਰੂਰ ਹੈ।)

੧੨੭.ਚਰਨ ਛੋਹ ਨੂੰ ਪ੍ਰਾਪਤ ਅਸਥਾਨਾਂ ’ਤੇ:-ਜਿਥੈ ਜਾਇ ਬਹੈ. ਮੇਰਾ ਸਤਿਗੁਰੂ; ਸੋ ਥਾਨੁ ਸੁਹਾਵਾ. ਰਾਮ ਰਾਜੇ॥ ਗੁਰਸਿਖੀਂ ਸੋ ਥਾਨੁ ਭਾਲਿਆ; ਲੈ ਧੂਰਿ ਮੁਖਿ ਲਾਵਾ॥) ਸਾ ਧਰਤੀ ਭਈ ਹਰੀਆਵਲੀ; ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ ਸੇ ਜੰਤ ਭਏ ਹਰੀਆਵਲੇ; ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥)

੧੩੦. ਅੰਮ੍ਰਿਤ ਛਕਣ ਬਾਰੇ ਮਾਟੋ ਲਿਖੋ:-ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ॥ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ ॥੧॥ (ਵਾਰ ੪੧)ਪ੍ਰਥਮ ਰਹਿਤ ਯਹਿ ਜਾਨ,ਖੰਡੇ ਕੀ ਪਾਹੁਲ ਛਕੇ।ਸੋਈ ਸਿੰਘ ਪ੍ਰਧਾਨ,ਅਵਰ ਨ ਪਾਹੁਲ ਜੋ ਲਏ।)ਵਾਹਿਗੁਰੂ ਗੁਰਮੰਤ੍ਰ ਹੈ;ਜਪਿ ਹਉਮੈ ਖੋਈ।ਆਪੁ ਗਵਾਏ ਆਪਿ ਹੈ;ਗੁਣ ਗੁਣੀ ਪਰੋਈ॥੨॥) ਗੁਰਮੰਤ੍ਰ ਹੀਣਸ੍ਹ ਜੋ ਪ੍ਰਾਣੀ; ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ; ਸਰਪਨਹ ਤੁਲਿ ਖਲਹ॥) ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ;ਹਰਿ ਸਿਮਰਤ ਅਨਦ ਅਨੰਤਾ॥ਰੰਗ ਤਮਾਸਾ ਪੂਰਨ ਆਸਾ;ਕਬਹਿ ਨ ਬਿਆਪੈ ਚਿੰਤਾ॥) ਠਾਕੇ ਬੋਹਿਥ ਦਰਗਹ ਮਾਰ॥ (੧੫੩) ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ॥

ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ॥੩॥(੭੨੪) ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ॥ ਕਰਿ ਕਿਰਪਾ ਪਾਰਿ ਉਤਾਰਿਆ॥੧੩॥(੪੭੦)ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥ ਆਠ ਪਹਰ ਗੁਣ ਗਾਇ ਸਾਧੂ ਸੰਗੀਐ॥੧॥(੩੯੮)

੧੩੧.ਸੰਤਾਂ ਮਹਾਂਪੁਰਖਾਂ ਦੀ ਮਹਿਮਾ:- ਨਾਮਿ ਰਤੇ ਪਰਮ ਹੰਸ ਬੈਰਾਗੀ;ਨਿਜ ਘਰਿ ਤਾੜੀ ਲਾਈ ਹੇ॥)ਆਠ ਪਹਰ;ਪ੍ਰਭ ਬਸਹਿ ਹਜੂਰੇ॥ਕਹੁ ਨਾਨਕ;ਸੇਈ ਜਨ ਪੂਰੇ॥)ਸਾਧ ਕੀ ਸੋਭਾ;ਅਤਿ ਮਸਕੀਨੀ॥ਸੰਤ ਵਡਾਈ;ਹਰਿ ਜਸੁ ਚੀਨੀ॥)ਖ਼ਾਲਸਾ ਮੇਰੋ;ਰੂਪ ਹੈ ਖ਼ਾਸ॥ਖ਼ਾਲਸੇ ਮਹਿ;ਹੌ ਕਰੌ ਨਿਵਾਸ॥)ਜਿਨ੍ਹਾ ਸਾਸਿ ਗਿਰਾਸਿ.ਨ ਵਿਸਰੈ;ਹਰਿ ਨਾਮਾਂ.ਮਨਿ ਮੰਤੁ॥ਧੰਨੁ ਸਿ ਸੇਈ ਨਾਨਕਾ;ਪੂਰਨੁ ਸੋਈ ਸੰਤੁ॥)ਜਿਨਾ ਸਾਸਿ ਗਿਰਾਸਿ.ਨ ਵਿਸਰੈ;ਸੇ ਹਰਿ ਜਨ ਪੂਰੇ.ਸਹੀ ਜਾਣਿ॥) ਨਾਨਕ. ਕਚੜਿਆ ਸਿਉ ਤੋੜਿ;ਢੂਢਿ ਸਜਣ ਸੰਤ ਪਕਿਆ॥ਓਇ ਜੀਵੰਦੇ ਵਿਛੁੜਹਿ;ਓਇ ਮੁਇਆ.ਨ ਜਾਹੀ ਛੋੜਿ॥)ਨਾਨਕ ਬ੍ਰਹਮਗਿਆਨੀ;ਆਪਿ ਪਰਮੇਸੁਰ॥)ਸੰਤ ਤੁਮਾਰੇ.ਤੁਮਰੇ ਪ੍ਰੀਤਮ;ਤਿਨ ਕਉ.ਕਾਲ ਨ ਖਾਤੇ॥ਰੰਗਿ ਤੁਮਾਰੈ. ਲਾਲ ਭਏ ਹੈ;ਰਾਮ ਨਾਮ ਰਸਿ ਮਾਤੇ॥)ਰਸਨਾ ਏਕ.ਅਨੇਕ ਗੁਣ ਪੂਰਨ;ਜਨ ਕੀ ਕੇਤਕ ਉਪਮਾ ਕਹੀਐ॥ਅਗਮ ਅਗੋਚਰ ਸਦ ਅਬਿਨਾਸੀ;ਸਰਣਿ ਸੰਤਨ ਕੀ ਲਹੀਐ॥)ਕੋਟਿ ਅਪ੍ਰਾਧੀ.ਸੰਤ ਸੰਗਿ ਉਧਰੈ;ਜਮੁ ਤਾ ਕੈ ਨੇੜਿ ਨ ਆਵੈ॥ਜਨਮ ਜਨਮ ਕਾ ਬਿਛੁੜਿਆ ਹੋਵੈ;ਤਿਨ੍ ਹਰਿ ਸਿਉ ਆਣਿ ਮਿਲਾਵੈ॥)ਸੰਤਨ ਪਹਿ;ਆਪਿ ਉਧਾਰਨ ਆਇਓ॥੧॥ਰਹਾਉ॥ਦਰਸਨ ਭੇਟਤ ਹੋਤ ਪੁਨੀਤਾ;ਹਰਿ ਹਰਿ ਮੰਤ੍ਰੁ ਦ੍ਰਿੜਾਇਓ॥)ਹਰਿ ਕੇ ਸੰਤ.ਸੰਤ ਭਲ ਨੀਕੇ;ਮਿਲਿ ਸੰਤ ਜਨਾ.ਮਲੁ ਲਹੀਆ॥ਹਉਮੈ ਦੁਰਤੁ.ਗਇਆ ਸਭੁ ਨੀਕਰਿ;ਜਿਉ ਸਾਬੁਨਿ ਕਾਪਰੁ ਕਰਿਆ॥)ਆਠ ਪਹਰ;ਨਿਕਟਿ ਕਰਿ ਜਾਨੈ॥ਪ੍ਰਭ ਕਾ ਕੀਆ;ਮੀਠਾ ਮਾਨੈ॥ਏਕੁ ਨਾਮੁ;ਸੰਤਨ ਆਧਾਰੁ॥ਹੋਇ ਰਹੇ;ਸਭ ਕੀ ਪਗ ਛਾਰੁ॥)ਸੇ ਸੰਤਨ ਹਰਿ ਕੇ;ਮੇਰੇ ਮੀਤ॥ਕੇਵਲ ਨਾਮੁ ਗਾਈਐ;ਜਾ ਕੈ ਨੀਤ॥)ਰੈਣਿ ਦਿਨਸੁ;ਰਹੈ ਇਕ ਰੰਗਾ॥ਪ੍ਰਭ ਕਉ ਜਾਣੈ;ਸਦ ਹੀ ਸੰਗਾ॥ਠਾਕੁਰ ਨਾਮੁ;ਕੀਓ ਉਨਿ ਵਰਤਨਿ॥ਤ੍ਰਿਪਤਿ ਅਘਾਵਨੁ;ਹਰਿ ਕੈ ਦਰਸਨਿ॥) ਜਹ;ਝਿਲਿਮਿਲਿਕਾਰੁ ਦਿਸੰਤਾ॥ਤਹ;ਅਨਹਦ ਸਬਦ ਬਜੰਤਾ॥) ਇਕ ਦੂ ਜੀਭੌ.ਲਖ ਹੋਹਿ;ਲਖ ਹੋਵਹਿ.ਲਖ ਵੀਸ॥ਲਖੁ ਲਖੁ ਗੇੜਾ.ਆਖੀਅਹਿ;ਏਕੁ ਨਾਮੁ ਜਗਦੀਸ॥)ਜਿਹਵਾ ਏਕ.ਹੋਇ ਲਖ ਕੋਟੀ;ਲਖ ਕੋਟੀ ਕੋਟਿ ਧਿਆਵੈਗੋ॥)ਸੰਤ ਸਹਾਈ ਰਾਮ ਕੇ;ਕਰਿ ਕਿਰਪਾ ਦੀਆ ਮਿਲਾਇ॥)ਸੰਤ ਸਹਾਈ ਜੀਅ ਕੇ;ਭਵਜਲ ਤਾਰਣਹਾਰ॥)ਸੰਤ ਸਹਾਈ ਪ੍ਰੇਮ ਕੇ;ਹਉ ਤਿਨ ਕੈ ਲਾਗਾ ਪਾਇ॥)ਚਾਰਿ ਪਦਾਰਥ;ਕਮਲ ਪ੍ਰਗਾਸ॥ਸਭ ਕੈ ਮਧਿ;ਸਗਲ ਤੇ ਉਦਾਸ॥ਸੁੰਦਰੁ ਚਤੁਰੁ;ਤਤ ਕਾ ਬੇਤਾ॥ਸਮਦਰਸੀ;ਏਕ ਦ੍ਰਿਸਟੇਤਾ॥ਸੰਤ ਮਹਾਂਪੁਰਖ ਪੂਰਨ ਬ੍ਰਹਮਗਿਆਨੀ ਤੱਤਬੇਤੇ,ਸਮਦ੍ਰਿਸ਼ਟ ਦਿੱਬਦ੍ਰਿਸ਼ਟ ਸਰਬ ਸ਼ੁਭ ਗੁਣਾਂ ਅਲੰਕ੍ਰਿਤ,ਮਾਨਨੀਕ ਆਦਰਨੀਯ ਬੰਦਨੀਯ ਅਰਚਨੀਯ ਸਰਬ ਸ੍ਰੇਸ਼ਟ ਸਰਬੋਤਮ ਵੈਰਾਗੀ,ਤਿਆਗ ਦੇ ਤਿਆਗੀ,ਅੱਠੇ ਪਹਿਰ ਲਿਵ ਲਾਗੀ,ਨਿਰਲੇਪ ਉੱਚੇ ਸੁੱਚੇ ਜੀਵਨ ਦੇ ਧਨੀ,ਬ੍ਰਹਮਵਿੱਦਿਆ ਦੇ ਦਾਤੇ,ਸੂਰਜਾਂ ਦੇ ਸੂਰਜ,ਪਦਮ ਭੂਸ਼ਨ ਪੰਥ

ਰਤਨ,ਬ੍ਰਹਮਬੇਤੇ,ਬ੍ਰਹਮਗਿਆਨੀ ਕੈ;ਗਰੀਬੀ ਸਮਾਹਾ॥ਬ੍ਰਹਮਗਿਆਨੀ;ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ;ਸਗਲ ਕੀ ਰੀਨਾ॥ਉਦਾਰ ਚਿੱਤ,ਨਰਮ ਚਿੱਤ,ਖਿਮਾ ਸ਼ਾਂਤੀ ਦੇ ਸਾਗਰ ਬ੍ਰਹਮ ਰਤਨਾਗਰ ਮਹਾਨ ਧੀਰਜਧਾਰੀ ਪੂਰਨ ਧਰਮੀ,ਸੱਚ ਜਪਣ ਜਪਾਉਣ ਵਾਲੇ,ਸੱਚ ਦ੍ਰਿੜ ਕਰਨ ਕਰਾਉਣ ਵਾਲੇ,ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ਗੁਰਮੁਖਿ,ਸ੍ਰੀ ਦਮਦਮੀ ਟਕਸਾਲ ਚਲਾਉਣ ਵਾਲੇ,ਮੰਡਲੀਸਰ ਜਗਦੀਸਰ ਰਖੀਸਰ ਮੁਨੀਸਰ ਤਪੀਸਰ ਪਰਮ ਈਸ਼ਰ ਭਗਤ ਗਿਆਨੀ,ਰਵਾਣੂ ਪਰਧਾਨ,ਚਉਥੇ ਸੁੰਨੈ.ਜੋ ਨਰੁ ਜਾਣੈ;ਤਾ ਕਉ.ਪਾਪੁ ਨ ਪੁੰਨੰ॥ਅਵਸਥਾ ਨੂੰ ਪ੍ਰਾਪਤ,ਸੁੰਨ ਮੰਡਲ;ਇਕੁ ਜੋਗੀ ਬੈਸੇ॥ਨਾਰਿ ਨ ਪੁਰਖੁ;ਕਹਹੁ ਕੋਊ ਕੈਸੇ॥)ਅਨਹਤ ਸੁੰਨਿ ਰਤੇ;ਸੇ ਕੈਸੇ॥ਜਿਸ ਤੇ ਉਪਜੇ;ਤਿਸ ਹੀ ਜੈਸੇ॥)ਹਰਿ ਕੇ ਸੇਵਕ.ਜੋ ਹਰਿ ਭਾਏ;ਤਿਨ੍ ਕੀ ਕਥਾ ਨਿਰਾਰੀ ਰੇ॥ਆਵਹਿ ਨ ਜਾਹਿ.ਨ ਕਬਹੂ ਮਰਤੇ;ਪਾਰਬ੍ਰਹਮ ਸੰਗਾਰੀ ਰੇ॥)ਜਨਮ ਮਰਣ ਦੁਹਹੂ ਮਹਿ ਨਾਹੀ;ਜਨ ਪਰਉਪਕਾਰੀ ਆਏ॥ਜੀਅ ਦਾਨੁ ਦੇ ਭਗਤੀ ਲਾਇਨਿ;ਹਰਿ ਸਿਉ ਲੈਨਿ ਮਿਲਾਏ॥)ਤੂੰ ਨਿਰਵੈਰੁ;ਸੰਤ ਤੇਰੇ ਨਿਰਮਲ॥ਜਿਨ ਦੇਖੇ;ਸਭ ਉਤਰਹਿ ਕਲਮਲ॥)ਹਰਿ ਹਰਿਜਨ ਦੁਈ.ਏਕ ਹੈ;ਬਿਬ ਬਿਚਾਰ ਕਛੁ ਨਾਹਿ॥ਜਲ ਤੇ ਉਪਜ ਤਰੰਗ ਜਿਉ;ਜਲ ਹੀ ਬਿਖੈ ਸਮਾਹਿ॥)ਰਾਮ ਸੰਤ ਮਹਿ,ਭੇਦੁ ਕਿਛੁ ਨਾਹੀ;ਏਕੁ ਜਨੁ,ਕਈ ਮਹਿ ਲਾਖ ਕਰੋਰੀ॥)ਕੋਟਨ ਮੈ ਨਾਨਕ ਕੋਊ;ਨਾਰਾਇਨ ਜਿਹ ਚੀਤਿ॥)ਜਿਨਿ ਜਾਤਾ;ਸੋ ਤਿਸ ਹੀ ਜੇਹਾ॥ਅਤਿ ਨਿਰਮਾਇਲੁ; ਸੀਝਸਿ ਦੇਹਾ॥)ਕੋਟਿ ਮਧੇ ਕੋ ਵਿਰਲਾ ਸੇਵਕੁ;ਹੋਰਿ ਸਗਲੇ ਬਿਉਹਾਰੀ॥)ਸਾਧ ਕੀ ਸੋਭਾ;ਸਾਧ ਬਨਿ ਆਈ॥ਨਾਨਕ ਸਾਧ ਪ੍ਰਭ;ਭੇਦੁ ਨ ਭਾਈ॥)ਬ੍ਰਹਮ ਮਹਿ ਜਨੁ;ਜਨ ਮਹਿ ਪਾਰਬ੍ਰਹਮੁ॥ਏਕਹਿ ਆਪਿ;ਨਹੀ ਕਛੁ ਭਰਮੁ॥)ਜਿਨ੍ਾ ਨ ਵਿਸਰੈ ਨਾਮੁ;ਸੇ ਕਿਨੇਹਿਆ॥ਭੇਦੁ ਨ ਜਾਣਹੁ ਮੂਲਿ;ਸਾਂਈ ਜੇਹਿਆ॥ਸੂਰਾ ਅਵਸਥਾ ਨੂੰ ਪ੍ਰਾਪਤ:-ਜਾ ਕਉ.ਹਰਿ ਰੰਗੁ ਲਾਗੋ ਇਸੁ ਜੁਗ ਮਹਿ;ਸੋ ਕਹੀਅਤ ਹੈ ਸੂਰਾ॥ਆਤਮ ਜਿਣੈ.ਸਗਲ ਵਸਿ ਤਾ ਕੈ;ਜਾ ਕਾ ਸਤਿਗੁਰੁ ਪੂਰਾ॥)ਚੌਥੇ ਪਦ'ਚ ਲੀਣ:- ਕਹਿ ਕਬੀਰ;ਹਮਰਾ ਗੋਬਿੰਦੁ॥ਚਉਥੇ ਪਦ ਮਹਿ;ਜਨ ਕੀ ਜਿੰਦੁ॥ਵਾਹਿਗੁਰੂਜੀ ਨਾਲ ਏਕਤਾ:-ਅਬ ਤਉ ਜਾਇ ਚਢੇ ਸਿੰਘਾਸਨਿ;ਮਿਲੇ ਹੈ ਸਾਰਿੰਗ ਪਾਨੀ॥ਰਾਮ ਕਬੀਰਾ.ਏਕ ਭਏ ਹੈ;ਕੋਇ ਨ ਸਕੈ ਪਛਾਨੀ॥ਹਿਰਦੇ ਰੋਮ ੨ ਕਰਕੇ ਅੱਠੇ ਪਹਰ ਨਾਮ ਜਪਦਿਆਂ,ਸੁਪਨੇ'ਚ ਬਾਣੀ ਬਰੜਾਉਣ ਵਾਲੇ,ਕਬੀਰ.ਸੁਪਨੈ ਹੂ ਬਰੜਾਇ ਕੈ;ਜਿਹ ਮੁਖ ਨਿਕਸੈ ਰਾਮੁ॥ਤਾ ਕੇ ਪਗ ਕੀ ਪਾਨਹੀ;ਮੇਰੇ ਤਨ ਕੋ ਚਾਮੁ॥)ਓਹੁ ਧਨਵੰਤੁ;ਕੁਲਵੰਤੁ ਪਤਿਵੰਤੁ॥

ਜੀਵਨ ਮੁਕਤਿ;ਜਿਸੁ ਰਿਦੈ ਭਗਵੰਤੁ॥ਅਨੁਸਾਰ ਜੀਵਨ ਮੁਕਤਿ ਨਾਮ ਬਾਣੀ ਦੇ ਰਸੀਏ ਪੂਰਨ ਨਿੱਤਨੇਮੀ ਪ੍ਰੇਮੀ,ਪਾਰਬ੍ਰਹਮੁ ਜਿਨਿ;ਸਚੁ ਕਰਿ ਜਾਤਾ॥ਨਾਨਕ ਸੋ ਜਨੁ;ਸਚਿ ਸਮਾਤਾ॥ਅਨੁਸਾਰ ਸੱਚ ਨੂੰ ਪਛਾਣ ਕੇ ਸੱਚ'ਚ ਸਦਾ ਦ੍ਰਿੜ ਸੱਚ'ਚ ਸਦਾ ਲੀਣ ਸੱਚ ਸਰੂਪ ਗੁਰੂ ਪੰਥ ਦੇ ਆਗਿਆਕਾਰੀ ਅਨੁਸਾਰੀ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨਜੀ ਦੇ ਅਨਿੰਨ ਭਗਤ,ਨ੍ਰਿਵਿਕਾਰ ਨਿਰਹੰਕਾਰ,ਐਸੇ

ਦਾਤੇ ਮਹਾਂਪੁਰਖਾਂ ਨੂੰ ਅਨਿਕ ਬਾਰ ਨਮੋ ੨ ਨਮਸਕਾਰ ਹੈ ਜੀ।ਧੰਨੁ ਧੰਨੁ;ਧੰਨੁ ਜਨੁ ਆਇਆ॥ਜਿਸੁ ਪ੍ਰਸਾਦਿ;ਸਭੁ ਜਗਤੁ ਤਰਾਇਆ॥)

੧੩੨.ਗੁਰੂ ਸੇਵਾ ਬਾਰੇ:-ਮੁਰਦਾ ਹੋਇ ਮੁਰੀਦ;ਨ ਗਲੀ ਹੋਵਣਾ।ਸਾਬਰੁ ਸਿਦਕਿ ਸਹੀਦੁ;ਭਰਮ ਭਉ ਖੋਵਣਾ।)ਸਤਿਗੁਰ ਕੀ ਸੇਵਾ ਸਫਲੁ ਹੈ; ਜੇ ਕੋ ਕਰੇ ਚਿਤੁ ਲਾਇ॥ ਮਨਿ ਚਿੰਦਿਆ ਫਲੁ ਪਾਵਣਾ; ਹਉਮੈ ਵਿਚਹੁ ਜਾਇ॥(੬੪੪) ਗੁਰ ਸੇਵਾ ਤੇ. ਸੁਖੁ ਊਪਜੈ; ਫਿਰਿ. ਦੁਖੁ ਨ ਲਗੈ ਆਇ॥) ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥) ਵਿਣੁ ਸੇਵਾ. [1]ਧ੍ਰਿਗ ਹਥ ਪੈਰ;ਹੋਰ ਨਿਹਫਲ ਕਰਣੀ।[2]ਪੀਰ [3]ਮੁਰੀਦਾਂ [4]ਪਿਰਹੜੀ;ਸੁਖ ਸਤਿਗੁਰ ਸਰਣੀ॥[1]ਸੌ ਵਾਰ ਫਿੱਟੇ ਮੂੰਹ ਕਹੀਏ ਤਾਂ ਇੱਕ ਲਾਹਨਤ,ਸੌ ਲਾਹਨਤ ਦਾ ਇੱਕ ਧ੍ਰਿਗ ਹੈ।[2]ਗੁਰੂ ਪੀਰਾਂ [3]ਸੇਵਕਾਂ [4]ਪ੍ਰੀਤੀ।ਵਡੈ ਭਾਗਿ;ਭੇਟੇ ਗੁਰਦੇਵਾ॥ਕੋਟਿ ਪਰਾਧ ਮਿਟੇ;ਹਰਿ ਸੇਵਾ॥)ਪੂਜਹੁ ਰਾਮੁ;ਏਕੁ ਹੀ [1]ਦੇਵਾ॥ਸਾਚਾ ਨਾਵਣੁ;ਗੁਰ ਕੀ ਸੇਵਾ॥[1]ਪਿਤਾ ਰੂਪ,ਪਰਮਪੂਜਨੀਕ,ਪ੍ਰਕਾਸ਼ ਸਰੂਪ ਵਾਹਿਗੁਰੂਜੀ।ਗੁਰ ਸੇਵਾ ਤੇ.ਹਰਿ ਪਾਈਐ;ਜਾ ਕਉ ਨਦਰਿ ਕਰੇਇ॥ਮਾਣਸ ਤੇ.ਦੇਵਤੇ ਭਏ;ਧਿਆਇਆ ਨਾਮੁ ਹਰੇ॥)ਸਤਿਗੁਰ ਕੀ ਸੇਵਾ [1]ਗਾਖੜੀ;ਸਿਰੁ ਦੀਜੈ.ਆਪੁ ਗਵਾਇ॥ਸਬਦਿ ਮਰਹਿ,ਫਿਰਿ ਨਾ ਮਰਹਿ;ਤਾ ਸੇਵਾ ਪਵੈ ਸਭ ਥਾਇ॥[1]ਕਠਿਨ।ਗੁਰ ਸੇਵਾ, ਤਪਾਂ ਸਿਰਿ ਤਪੁ ਸਾਰੁ॥ਹਰਿ ਜੀਉ ਮਨਿ ਵਸੈ;ਸਭ ਦੂਖ [1]ਵਿਸਾਰਣਹਾਰੁ॥[1]ਸਭ ਦੁੱਖਾਂ ਨੂੰ(ਵਿਸਾਰਣਹਾਰੁ)ਭੁਲਾਉਣ ਵਾਲੇ ਵਾਹਿਗੁਰੂ ਜੀ ਹਨ।ਗੁਰ ਪੀਰਾਂ ਕੀ ਚਾਕਰੀ;ਮਹਾਂ ਕਰੜੀ ਸੁਖ ਸਾਰੁ॥ਨਦਰਿ ਕਰੇ ਜਿਸੁ ਆਪਣੀ;ਤਿਸੁ ਲਾਏ ਹੇਤ ਪਿਆਰੁ॥)ਸਾ ਸੇਵਾ ਕੀਤੀ ਸਫਲ ਹੈ;ਜਿਤੁ ਸਤਿਗੁਰ ਕਾ ਮਨੁ ਮੰਨੇ॥ਜਾ ਸਤਿਗੁਰ ਕਾ ਮਨੁ ਮੰਨਿਆ;ਤਾ ਪਾਪ ਕਸੰਮਲ ਭੰਨੇ॥) ਆਪੁ ਗਵਾਇ.ਸੇਵਾ ਕਰੇ;ਤਾ ਕਿਛੁ ਪਾਏ ਮਾਨੁ॥

੧੩੩.ਵਾਹਿਗੁਰੂ॥ ਲੰਗਰ ’ਚ ਮਾਟੋ:-ਜਿਸ ਦਾ ਦਿਤਾ ਖਾਵਣਾ; ਤਿਸੁ ਕਹੀਐ ਸਾਬਾਸਿ॥ ਨਾਨਕ ਹੁਕਮੁ ਨ ਚਲਈ; ਨਾਲਿ ਖਸਮ ਚਲੈ ਅਰਦਾਸਿ॥੨੨॥(੪੭੪) ਛਤੀਹ ਅੰਮ੍ਰਿਤ;ਜਿਨਿ ਭੋਜਨ ਦੀਏ॥ਅੰਤਰਿ ਥਾਨ;ਠਹਰਾਵਨ ਕਉ ਕੀਏ॥) ਜਿਹ ਪ੍ਰਸਾਦਿ;ਛਤੀਹ ਅੰਮ੍ਰਿਤ ਖਾਹਿ॥ ਤਿਸੁ ਠਾਕੁਰ ਕਉ;ਰਖੁ ਮਨ ਮਾਹਿ॥) ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ॥ ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ॥(੮੦੭) ਸੁਚਿ ਹੋਵੈ ਤਾ ਸਚੁ ਪਾਈਐ॥੨॥(੪੭੨)

੧੩੪.ਸਉਣ ਸਮੇਂ ਪੜ੍ਹੋ:-ਬਾਬਾ ਹੋਰੁ ਸਉਣਾ ਖੁਸੀ ਖੁਆਰੁ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥(੧੭) ਸੋਇ ਰਹੀ ਪ੍ਰਭ ਖਬਰਿ ਨ ਜਾਨੀ॥ ਭੋਰੁ ਭਇਆ ਬਹੁਰਿ ਪਛੁਤਾਨੀ॥੧॥(੩੮੯)

ਵਾਹਿਗੁਰੂ॥ ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥੨॥(੧੪੯)ਵਾਹਿਗੁਰੂ॥ ਇਕੁ ਫਿਕਾ.ਨ ਗਾਲਾਇ;ਸਭਨਾ ਮੈ ਸਚਾ ਧਣੀ॥

੧੩੫. ਪਿਤਾ ਪੁੱਤ ਦੋਵੇਂ ਇਨ੍ਹਾਂ ਦੋਹਾਂ ਤੁਕਾਂ ਦਾ ਅਭਿਆਸ ਕਰਨ,ਘਰੇ ਲਿਖਣ,ਮਾਤਾ ਪਿਤਾ ਬੱਚੇ ਨੂੰ ਖਿਮਾ ਕਰਕੇ ਸਵਾਰ ਲੈਣ,ਬੱਚਾ ਪਿਤਾ ਦਾ ਸਤਿਕਾਰ ਕਰੇ।ਜੈਸਾ ਬਾਲਕੁ ਭਾਇ ਸੁਭਾਈ;ਲਖ ਅਪਰਾਧ ਕਮਾਵੈ॥ਕਰਿ ਉਪਦੇਸੁ.ਝਿੜਕੇ ਬਹੁ ਭਾਤੀ;ਬਹੁੜਿ ਪਿਤਾ ਗਲਿ ਲਾਵੈ॥) ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ॥੧॥(੪੭੮) ਵਾਹਿਗੁਰੂ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ (੧੨੦੦)ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥ ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥(੨੧੮)ਵਾਹਿਗੁਰੂ॥ਪਰ ਕਾ ਬੁਰਾ;ਨ ਰਾਖਹੁ ਚੀਤ॥ਤੁਮ ਕਉ ਦੁਖੁ ਨਹੀ;ਭਾਈ ਮੀਤ॥੩॥)ਆਤਮਘਾਤੀ ਹੈ ਜਗਤ ਕਸਾਈ॥(੧੧੮) ਵਾਹਿਗੁਰੂ॥ਮਿਟਾ ਦੇ ਅਪਨੀ ਹਸਤੀ ਕੋ;ਅਗਰ ਕੁਛ ਮਰਤਬਾ ਚਾਹੇਂ।ਦਾਨਾ ਖ਼ਾਕ ਮੇ ਮਿਲ ਕਰ ਗੁਲੋ ਗੁਲਜ਼ਾਰ ਹੋਤਾ ਹੈ।

ਪਰ ਧਨ ਪਰ ਦਾਰਾ ਪਰ ਨਿੰਦਾ;ਇਨ ਸਿਉ ਪ੍ਰੀਤਿ ਨਿਵਾਰਿ॥ ਚਰਨ ਕਮਲ ਸੇਵੀ ਰਿਦ ਅੰਤਰਿ;ਗੁਰ ਪੂਰੇ ਕੈ ਆਧਾਰਿ ॥੩॥ (੩੭੯) ਹੋ, ਪਰ ਧਨ ਪਾਹਨ ਤੁਲਿ; ਤ੍ਰਿਯਾ ਪਰ, ਮਾਤ ਹਮਾਰੈ॥(ਸ੍ਰੀ ਦਸਮ ੮੪੨) ਬਹੁ ਪਰਪੰਚ ਕਰਿ;ਪਰ ਧਨੁ ਲਿਆਵੈ॥ਸੁਤ ਦਾਰਾ ਪਹਿ;ਆਨਿ ਲੁਟਾਵੈ॥ਮਨ ਮੇਰੇ ਭੂਲੇ;ਕਪਟੁ ਨ ਕੀਜੈ॥ਅੰਤਿ ਨਿਬੇਰਾ;ਤੇਰੇ ਜੀਅ ਪਹਿ ਲੀਜੈ॥੧॥) ਅਖੀ ਸੂਤਕੁ ਵੇਖਣਾ;ਪਰ ਤ੍ਰਿਅ ਪਰ ਧਨ ਰੂਪੁ॥) ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥੧॥ ਜੋ ਨ ਭਜੰਤੇ ਨਾਰਾਇਣਾ॥ ਤਿਨ ਕਾ ਮੈ ਨ ਕਰਉ ਦਰਸਨਾ॥ ੧॥(੧੧੬੩) ਵਾਹਿਗੁਰੂ॥ ਤੁਧੁ ਆਗੈ.ਅਰਦਾਸਿ ਹਮਾਰੀ;ਜੀਉ ਪਿੰਡੁ ਸਭੁ ਤੇਰਾ॥ਕਹੁ ਨਾਨਕ.ਸਭ ਤੇਰੀ ਵਡਿਆਈ;ਕੋਈ ਨਾਉ ਨ ਜਾਣੈ ਮੇਰਾ॥ਵਾਹਿਗੁਰੂ॥ ਧੰਨ ਧੰਨ ਸਤਿਗੁਰੂ,ਨਾਨਕ ਨਾਮ ਚੜ੍ਹਦੀ ਕਲਾ!ਤੇਰੇ ਭਾਣੇ ਸਰਬੱਤ ਦਾ ਭਲਾ।ਵਾਹਿਗੁਰੂ॥ ਆਗਿਆ ਭਈ ਅਕਾਲ ਕੀ;ਤਬੀ ਚਲਾਯੋ ਪੰਥ॥ਸਭ ਸਿੱਖਨਿ ਕੋ ਹੁਕਮ ਹੈ;ਗੁਰੂ ਮਾਨਿਓ ਗ੍ਰੰਥ॥)

ਬੀਰਾ;ਆਪਨ ਬੁਰਾ ਮਿਟਾਵੈ॥ਤਾਹੂ;ਬੁਰਾ ਨਿਕਟਿ ਨਹੀ ਆਵੈ॥) ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ॥(੪੭੩) ਅਕਾਲ ਪੁਰਖ ਬਾਚ;ਇਸ ਕੀਟ ਪ੍ਰਤਿ॥) ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ; ਨਹੀ ਮੋ ਸੇ ਗਰੀਬ ਕਰੋਰ ਪਰੇ॥੨॥(ਸ੍ਰੀ ਦਸਮ੭੧੭) ਤਉ ਦੇਵਾਨਾ ਜਾਣੀਐ;ਜਾ ਸਾਹਿਬ ਧਰੇ ਪਿਆਰੁ॥ਮੰਦਾ ਜਾਣੈ ਆਪ ਕਉ;ਅਵਰੁ ਭਲਾ ਸੰਸਾਰੁ॥) ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ; ਗੁਰਮੁਖਿ ਬੈਸਹੁ ਸਫਾ ਵਿਛਾਇ॥੧॥(੧੧੮੫) ਮਾਘਿ.ਮਜਨੁ ਸੰਗਿ ਸਾਧੂਆ;ਧੂੜੀ ਕਰਿ ਇਸਨਾਨੁ॥ਹਰਿ ਕਾ ਨਾਮੁ.ਧਿਆਇ ਸੁਣਿ;ਸਭਨਾ ਨੋ ਕਰਿ ਦਾਨੁ॥)ਗੁਰ ਕੀ ਰੇਣੁ;ਨਿਤ ਮਜਨੁ ਕਰਉ॥ਜਨਮ ਜਨਮ ਕੀ;ਹਉਮੈ ਮਲੁ ਹਰਉ॥) ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥ ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥

(੬੧੧) ਹਰਿਹਾਂ. ਨਾਨਕ ਕਸਮਲ ਜਾਹਿ; ਨਾਇਐ ਰਾਮਦਾਸ ਸਰ॥੧੦॥) ਰਾਮਦਾਸ. ਸਰੋਵਰਿ ਨਾਤੇ॥ ਸਭਿ ਉਤਰੇ; ਪਾਪ ਕਮਾਤੇ॥) ਪ੍ਰਭ ਕਾ ਸਿਮਰਨੁ; ਸਭ ਤੇ ਊਚਾ॥) ਸਾਚੁ ਕਹੌਂ ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ. ਤਿਨ ਹੀ ਪ੍ਰਭੁ ਪਾਇਓ॥)ਵਾਹਿਗੁਰੂ॥ ਜਿਸ ਕੇ ਸਿਰ ਊਪਰਿ.ਤੂੰ ਸੁਆਮੀ;ਸੋ ਦੁਖੁ ਕੈਸਾ ਪਾਵੈ॥ ਵਾਹਿਗੁਰੂ॥ ਅਵਲਿ ਅਲਹ ਨੂਰੁ ਉਪਾਇਆ;ਕੁਦਰਤਿ ਕੇ ਸਭ ਬੰਦੇ॥ਏਕ ਨੂਰ ਤੇ.ਸਭੁ ਜਗੁ ਉਪਜਿਆ;ਕਉਨ ਭਲੇ.ਕੋ ਮੰਦੇ॥) ਵਾਹਿਗੁਰੂ॥ ਸਭੇ ਸਾਝੀਵਾਲ ਸਦਾਇਨਿ; ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥(੯੭) ਵਾਹਿਗੁਰੂ॥ਏਕੁ ਪਿਤਾ.ਏਕਸ ਕੇ ਹਮ ਬਾਰਿਕ;ਤੂ ਮੇਰਾ ਗੁਰ ਹਾਈ॥) ਹਿੰਦੂ ਤੁਰਕ ਕੋਊ.ਰਾਫਜੀ ਇਮਾਮਸਾਫੀ;ਮਾਨਸ ਕੀ ਜਾਤ ਸਭੈ.ਏਕੈ ਪਹਚਾਨਬੋ॥) ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥(੧੦੩) ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥(੧੦੯੬)

ਵਾਹਿਗੁਰੂ॥ਧੰਨ ਬਾਬਾ ਬੀਰ ਸਿੰਘ ਜੀ ਧੀਰ ਸਿੰਘ ਜੀ,ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੀ ਗੋਲ਼ੀ ਨੂੰ ਮਿੱਠੀ ਪਿਆਰੀ ਮੰਨ ਕੇ,ਛਾਤੀਆਂ ਤਾਣ ਕੇ,ਸਾਹਮਣੇ ਖੜ੍ਹ ਗਏ,ਉਨ੍ਹਾਂ ਦੇ ਦਿਲ ਦੀ ਭਾਵਨਾ ਇਹ ਸੀ,ਡੋਲ ਨ ਜਾਈਂ ਮਨਾ ਮੇਰਿਆ ਗੁਰੂ ਜੀ ਨਿਸ਼ਾਨਾ ਲਾਉਂਦੇ ਆ।)

ਵਾਹਿਗੁਰੂ॥ਕੇਸ ਗੁਰੂ ਜੀ ਦੀ ਮੋਹਰ ਹਨ।ਵਾਹਿਗੁਰੂ॥ਜਨਨੀ ਜਣੇ ਤਾਂ ਭਗਤ ਜਨ; ਕੈ ਦਾਤਾ ਕੈ ਸੂਰ॥ਨਹੀਂ ਤਾਂ ਜਨਨੀ ਬਾਂਝ ਰਹੇ;ਕਾਹੇ ਗਵਾਵੈ ਨੂਰ॥ਵਾਹਿਗੁਰੂ॥ਜਹ ਸੰਮਤ ਤਹ ਸੰਪਤ ਨ੍ਹਾਨ੍ਹਾਂ।ਜਹ ਅਸੰਮਤ ਤਹ ਬਿਪਤ ਨਿਧਾਨਾ।(ਤੁਲਸੀ ਦਾਸ) ਵਾਹਿਗੁਰੂ॥ ਜਿਸ ਦੇ ਗਲ ਕ੍ਰਿਪਾਨ ਹੈ ਹੁੰਦੀ;ਉਸ ਦੀ ਉਚੀ ਸ਼ਾਨ ਹੈ ਹੁੰਦੀ।ਵਾਹਿਗੁਰੂ॥ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ। ਵਾਹਿਗੁਰੂ॥ਅਕਾਲ ਸਹਾਇ॥ਸਤਿਗੁਰ ਤੇਰੀ ਓਟ॥

੧੩੬.ਵਾਹਿਗੁਰੂ॥ਕੁਰਬਾਨੀ ਸ਼ਹੀਦੀ ਦੀ ਪ੍ਰੇਰਨਾ ਜਾਂ ਸ਼ਹੀਦਾਂ ਦੀ ਯਾਦ ’ਚ ਮਾਟੋ।ਵਾਹਿਗੁਰੂ॥ਗੁਰੂ ਹਿਤ ਸ਼ਹੀਦੀ ਕੁਰਬਾਨੀ ਦੇਣ ਅਤੇ ਮਨ ਦਾ ਸੋਗ ਧੋਣ ਲਈ,ਇਨ੍ਹਾਂ ਪਦਾਂ ਦਾ ਅਭਿਆਸ ਕਰੋ ਜੀ।ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ॥ ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ॥੧॥(੯੩੮)ਆਪਣਾ (ਮਸਤਕੁ) ਸਿਰ ਕੱਟ ਕੇ,(ਤਿਸੁ) ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਸੱਚੇ ਪਾਤਿਸਾਹ ਜੀ ਦੇ ਅੱਗੇ ਅਰਪ ਕੇ,ਤਨ ਮਨ ਵੀ ਤਿਨ੍ਹਾਂ ਸੱਚੇ ਸਤਿਗੁਰਾਂ ਦੇ ਅੱਗੇ ਦੇਣਾ ਕਰਾਂ ਜੀ।[੧]ਦਾਗੇ ਹੋਹਿ ਸੁ ਰਨ ਮਹਿ ਜੂਝਹਿ;ਬਿਨੁ ਦਾਗੇ ਭਗਿ ਜਾਈ॥ [੧]ਜਿਨ੍ਹਾਂ ਸੂਰਬੀਰਾਂ ਦੇ ਦਿਲ ’ਤੇ ਗੁਰੂ ਤੋਂ ਕੁਰਬਾਨ ਹੋਣ ਦਾ (ਦਾਗੇ)ਨਿਸ਼ਾਨ ਚਿੰਨ੍ਹ ਹੈ।ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥ ਨੈਨ ਹਮਾਰੇ ਪ੍ਰਿਅ ਰੰਗ [੧]ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥(੭੦੩) [੧]ਰੰਗੇ ਹੋਏ ਹਨ।ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ,ਅਤਿਅੰਤ ਪ੍ਰੇਮ ਨਿਮ੍ਰਤਾ ਗਰੀਬੀ ਨਾਲ ਪ੍ਰੇਮ ਬੇਨਤੀ ਕਰਦੇ ਹਨ:-ਹੇ ਸਤਿਗੁਰੂ ਸੱਚੇ ਪਾਤਿਸਾਹ ਜੀ!ਤਿਸ ਪਰਮਪੂਜਨੀਕ ਪਿਆਰੇ ਸੱਚੇ ਵਾਹਿਗੁਰੂ ਜੀ ਨੂੰ

ਕ੍ਰਿਪਾ ਕਰਕੇ ਇਹ ਦੱਸ ਦੇਵੋ ਜੀ ਕਿ ਆਪ ਜੀ ਦੀ (ਭੋਰੀ) ਭੋਲ਼ੀ ਸੂਧੀ ਇਸਤ੍ਰੀ ਆਪ ਜੀ ਦੇ ਦਰਸ਼ਨ ਮੰਗਦੀ ਹੈ,ਦਰਸ਼ਨਾਂ ਵੱਟੇ ਆਪ ਜੀ ਦੇ ਅੱਗੇ ਸਿਰ ਉਤਾਰ ਕੇ ਧਰਦੀ ਹੈ।ਭਾਵੇਂ ਆਪ ਜੀ ਦੀਆਂ ਅਨੇਕਾਂ ਹੀ ਗੁਣਵਾਨ ਸਹੀਆਂ ਹਨ।ਇਸ ਇੱਕ ਭੋਲੀ ਨੂੰ ਆਪਣੇ ਪਰਮਪਵਿੱਤ੍ਰ ਮਨੋਹਰ ਸੁੰਦਰ ਵਿਸਮਾਦ ਦਰਸ਼ਨ ਬਖ਼ਸ਼ਣਾ ਕਰੋ ਜੀ।ਵਾਹਿਗੁਰੂ॥ਹਉ ਮਨੁ ਅਰਪੀ.ਸਭੁ ਤਨੁ ਅਰਪੀ;ਅਰਪੀ ਸਭਿ [1]ਦੇਸਾ॥ਹਉ ਸਿਰੁ ਅਰਪੀ.ਤਿਸੁ ਮੀਤ ਪਿਆਰੇ;ਜੋ ਪ੍ਰਭ ਦੇਇ ਸਦੇਸਾ॥ [1]ਸਭ ਦੇਸਾਂ ਨੂੰ ਅਰਪਦਾ ਹਾਂ,ਭਾਵ ਉਹਨ੍ਹਾਂ ਨੂੰ ਖੰਡਾਂ ਬ੍ਰਹਮੰਡਾਂ ਦੇ ਰਾਜੇ ਮੰਨਦਾ ਹਾਂ। [1]ਡਗਮਗ ਛਾਡਿ ਰੇ ਮਨ ਬਉਰਾ॥ ਅਬ ਤਉ [2]ਜਰੇ ਮਰੇ [3]ਸਿਧਿ ਪਾਈਐ ਲੀਨੋ ਹਾਥਿ [4]ਸੰਧਉਰਾ॥੧॥(੩੩੮) [1]ਮਰਨ ਤੋਂ ਡਰਦਿਆਂ ਕੰਬ ਕੇ,ਡਾਵਾਂ ਡੋਲ ਪੁਣਾ, [2]ਸੜ ਕੇ, [3]ਮੁਕਤੀ, [4]ਫੁੱਲ ਸੁਪਾਰੀ ਸੰਧੂਰ ਚੌਲ਼ ਨਾਰੀਅਲ ਥਾਲ਼ 'ਚ ਰੱਖ ਕੇ,ਆਪਣੇ ਹੱਥਾਂ 'ਚ ਲੈਣੇ। ਰਾਮ ਜਪਤ ਤਨੁ [1]ਜਰਿ ਕੀ ਨ ਜਾਇ॥ ਰਾਮ ਨਾਮ ਚਿਤੁ ਰਹਿਆ ਸਮਾਇ॥੧॥(੩੨੯) [1]ਸੜ।ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ॥੨੧੭॥(੧੩੭੬) (ਕਰਵੱਤੁ) ਆਸਾ॥ [1]ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ; ਤੁਮਰੀ ਪਰਤੀਤਿ ਨ ਹੋਈ॥ [1]ਆਰਾ।ਸੰਪੂਰਨ ਸਬਦ ਚੇਤੇ ਕਰੋ ਜੀ।ਇੱਥੋਂ ਤੱਕ ਕੁਰਬਾਨੀ ਦੇਣ ਨੂੰ ਉਤਸ਼ਾਹਤ ਕਰਨ ਵਾਲੇ ਪਦ ਹਨ।ਮਰਣੁ ਮੁਣਸਾ ਸੂਰਿਆ. ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥ ਸੂਰੇ ਸੇਈ ਆਗੈ ਆਖੀਅਹਿ; ਦਰਗਹ ਪਾਵਹਿ ਸਾਚੀ ਮਾਣੋ॥ਵਾਹਿਗੁਰੂ॥ ਣਾਣਾ ਰਣਿ ਰੂਤਉ ਨਰ ਨੇਹੀ ਕਰੈ॥ ਨਾ ਨਿਵੈ ਨਾ ਫੁਨਿ ਸੰਚਰੈ॥(੩੪੧) ਣਾਣੇ ਅੱਖਰ ਦੁਆਰਾ ਸੱਚ ਸਰੂਪ ਭਗਤ ਕਬੀਰ ਸਾਹਿਬ ਜੀ,ਜ਼ਾਲਮ ਵੈਰੀਆਂ,ਵਿਕਾਰਾਂ ਨੂੰ ਜਿੱਤਣ ਦਾ ਉਪਦੇਸ਼ ਬਖ਼ਸ਼ਦੇ ਹਨ:-ਜਿਸ ਵੇਲੇ ਸੂਰਬੀਰ ਬਹਾਦਰ ਸੂਰਮਾ ਰਣਿ ਤੱਤੇ 'ਚ ਜਾ ਕੇ ਵੈਰੀ ਨਾਲ (ਰੂਤਉ)ਰੁਕ ਜਾਵੇ,ਤਾਂ ਫਿਰ ਉਸ ਨੂੰ ਚਾਹੀਦਾ ਹੈ ਕਿ ਵੈਰੀ ਦਾ ਪੁਰਜਾ ੨ ਕੱਟਣ ਦਾ (ਨੇਹੀ) ਹਠ ਕਰੇ।ਵੈਰੀ ਅੱਗੇ ਨਾ (ਨਿਵੈ) ਝੁਕੇ,ਫੇਰ ਨਾ ਹੀ,ਕੁੱਤੇ ਦੇ ਚੱਡੇ 'ਚ ਪੂਛ ਦੇ ਕੇ ਸ੍ਰੀਰ ਇਕੱਠਾ ਕਰਕੇ ਪੈਰਾਂ ਤੇ ਡਿੱਗਣ ਵਾਂਗ,ਵੈਰੀ ਅੱਗੇ ਸ਼ਸ਼ਤ੍ਰ ਸੁੱਟਕੇ,ਅਧੀਨ ਹੋ ਕੇ ਡਰ ਨਾਲ ਆਪਣੇ ਸ੍ਰੀਰ ਨੂੰ (ਸੰਚਰੈ) ਇਕੱਠਾ ਕਰਕੇ,ਵੈਰੀ ਦੇ ਪੈਰਾਂ 'ਤੇ ਨਾ ਡਿੱਗੇ ਜਾਂ ਵੈਰੀ ਨਾਲ (ਸੰਚਰੈ) ਗੰਢ ਕੇ ਵੈਰੀ ਤੋਂ ਧਨ (ਸੰਚਰੈ) ਇਕੱਤ੍ਰ ਕਰਕੇ,ਆਪਣੇ ਗੁਰੂ ਨਾਲ ਗਦਾਰੀ ਨਾ ਕਰੇ।ਵਾਹਿਗੁਰੂ॥ ਧੰਨਿ ਜਨਮੁ; ਤਾਹੀ ਕੋ ਗਣੈ॥ ਮਾਰੈ ਏਕਹਿ;ਤਜਿ ਜਾਇ ਘਣੈ॥੨੧॥(੩੪੧)

(ਤਾਹੀ)ਤਿਸ ਪੁਰਖ ਦਾ ਜਨਮ ਧੰਨਤਾ ਯੋਗ ਧੰਨ ੨ ਗਿਣਿਆ ਜਾਂਦਾ ਹੈ,ਜੋ ਇੱਕ ਮੁਖੀ ਨੂੰ ਮਾਰੇ ਤਾਂ (ਘਣੇ)ਬਹੁਤੇ ਵੈਰੀ ਹਾਰ ਖਾ ਕੇ,ਰਣ ਭੂਮੀ ਨੂੰ ਛੱਡ ਕੇ ਭੱਜ ਜਾਂਦੇ ਹਨ,ਜਿਵੇਂ ਬਾਬਾ ਉਦੇ ਸਿੰਘ ਸਾਹਿਬ ਜੀ ਨੇ, ਰਾਜੇ ਹਰੀ ਚੰਦ ਦਾ ਸਿਰ ਵੱਡਿਆ,ਜਿਸ ਕਰਕੇ ਫ਼ੌਜ਼ ਨੂੰ ਭਾਜੜ ਪੈ ਗਈ।

ਕਬੀਰ.ਮੁਹਿ ਮਰਨੇ ਕਾ ਚਾਉ ਹੈ;ਮਰਉ ਤ ਹਰਿ ਕੈ ਦੁਆਰ॥ਮਤ.ਹਰਿ ਪੂਛੈ ਕਉਨੁ ਹੈ;ਪਰਾ ਹਮਾਰੈ ਬਾਰ॥) ਵਾਹਿਗੁਰੂ॥ ਕਬੀਰ.ਜਉ ਤੁਹਿ ਸਾਧ ਪਿਰੰਮ ਕੀ;ਸੀਸੁ ਕਾਟਿ ਕਰਿ ਗੋਇ॥ਖੇਲਤ ਖੇਲਤ ਹਾਲ ਕਰਿ;ਜੋ ਕਿਛੁ ਹੋਇ ਤ ਹੋਇ॥ ਹੇ ਕਬੀਰ!(ਜਉ)ਜੇਕਰ (ਤੁਹਿ)ਤੈਨੂੰ(ਪਿਰੰਮ)ਪਿਆਰੇ ਪਤੀ(ਸਾਧ)ਨਿਰਗੁਨ ਬ੍ਰਹਮ ਵਾਹਿਗੁਰੂਜੀ(ਕੀ)ਦੀ ਪ੍ਰਾਪਤੀ ਦੀ ਸ਼ੁਭ(ਸਾਧ)ਸਧਰ ਭਾਵ ਸ਼ੁਭ ਇੱਛਾ ਹੈ ਅਥਵਾ ਪਿਆਰੇ ਵਾਹਿਗੁਰੂਜੀ ਦਾ(ਸਾਧ)ਸ੍ਰੇਸ਼ਟ ਪੁਰਖ ਬਣਨ ਦੀ ਸ਼ੁਭ ਇੱਛਾ ਹੈ,ਤਾਂ ਆਪਣਾ ਪ੍ਰਤੱਖ ਸੀਸੁ(ਕਾਟਿ)ਵੱਢ(ਕਰਿ)ਕਰਕੇ,ਸੱਚੇ ਸਤਿਗੁਰੂ ਸਾਹਿਬ ਨੂੰ ਅਰਪਣ ਰੂਪ(ਗੋਇ)ਬਾਜ਼ੀ ਖੇਡਣਾ ਕਰ ਅਥਵਾ ਗੁਰੂ ਪ੍ਰੀਤਮਜੀ ਦੀ ਪ੍ਰੇਮਾ-ਭਗਤੀ ਰੂਪੀ ਤਲਵਾਰ ਦੀ ਨਿਮ੍ਰਤਾ ਰੂਪੀ ਧਾਰ ਨਾਲ,ਹੰਕਾਰ ਰੂਪੀ ਸਿਰ ਵੱਢਣ ਰੂਪੀ(ਗੋਇ)ਬਾਜ਼ੀ ਖੇਡਣਾ ਕਰ।ਖੇਲਤ ਖੇਲਤ ਹਾਲ ਕਰਿ;ਜੋ ਕਿਛੁ ਹੋਇ ਤ ਹੋਇ॥ਸਿਰ ਦੇਣ ਰੂਪ ਬਾਜ਼ੀ ਨੂੰ(ਖੇਲਤ)ਖੇਲਦਿਆਂ(ਖੇਲਤ)ਖੇਲਦਿਆਂ,ਸਿਰ ਕੁਰਬਾਨ ਕਰਨ ਰੂਪ(ਹਾਲ)ਮਸਤੀ ਚੜ੍ਹਾਉਣਾ ਕਰਿ,ਜੋ(ਕਿਛੁ)ਕੁੱਝ(ਹੋਇ)ਹੋਵੇ ਤ(ਹੋਇ)ਹੋਵੇ,ਭਾਵ ਭਾਵੇਂ ਆਪਣਾ ਅੰਗ ੨ ਵੱਢਿਆ ਜਾਵੇ,ਘਰ ਉੱਜੜ ਜਾਵੇ,ਬੱਚਾ ੨ ਸਭ ਪ੍ਰਵਾਰ ਕੁਰਬਾਨ ਹੋ ਜਾਵੇ,ਸਾਰਾ ਜੱਗ ਰੁੜ੍ਹ ਜਾਵੇ।

ਵਾਹਿਗੁਰੂ॥ ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ॥ ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥੧॥ ਡਗਮਗ ਛਾਡਿ ਰੇ ਮਨ ਬਉਰਾ॥ ਅਬ ਤਉ.ਜਰੇ ਮਰੇ ਸਿਧਿ ਪਾਈਐ;ਲੀਨੋ ਹਾਥਿ ਸੰਧਉਰਾ॥੧॥)(ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ;ਜੋ ਕਿਛੁ ਹੈ ਸੋ ਤੇਰਾ॥ਤੇਰਾ ਤੁਝ ਕਉ ਸਉਪਤੇ;ਕਿਆ ਲਾਗੈ ਮੇਰਾ॥)ਜੇ ਜੀਵੈ.ਪਤਿ ਲਥੀ ਜਾਇ॥ਸਭੁ ਹਰਾਮੁ.ਜੇਤਾ ਕਿਛੁ ਖਾਇ॥)ਕੋਊ ਕਿਸੀ ਕੋ ਰਾਜ ਨ ਦੈ ਹੈ॥ਜੋ ਲੈ ਹੈ ਨਿਜ ਬਲ ਸੇ ਲੈ ਹੈ॥)ਸ਼ਸ਼ਤ੍ਰਨ ਕੇ ਅਧੀਨ ਹੈ ਰਾਜ॥) ਸ਼ਸ਼ਤ੍ਰ ਗ੍ਰੀਬ ਕੀ ਰੱਖਿਆ;ਜਰਵਾਣੇ ਕੀ ਭੱਖਿਆ।)

ਵਾਹਿਗੁਰੂ॥ਕੇਸਰੀ ਪ੍ਰਣਾਮ ਸ਼ਹੀਦਾਂ ਨੂੰ ਦਾ ਭਾਵ ਸ਼ੇਰਾਂ ਵਾਲ਼ੀ ਪ੍ਰਣਾਮ।ਸ਼ਹੀਦਾਂ ਦੇ ਪਾਇਆਂ ਪੂਰਨਿਆਂ ਅਨੁਸਾਰ,ਆਪਣੀ ਕੁਰਬਾਨੀ ਦੇ ਦੇਣੀ ਜਿਵੇਂ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ ਪਰਮਪੂਜਨੀਕ ਪਿਤਾ ਨੌਵੇਂ ਪਾਤਿਸਾਹ ਜੀ ਦੇ ਪਾਇਆਂ ਪੂਰਨਿਆਂ ਅਨੁਸਾਰ ਆਪਣਾ ਸਰਬੰਸ ਕੁਰਬਾਨ ਕਰਕੇ ਆਪਣੀ ਭੀ ਕੁਰਬਾਨੀ ਦਿਤੀ। ਵਾਹਿਗੁਰੂ॥ ਨੀਚ ੨ ਆਖ ਕੇ ਅਛੂਤ ਦੁਰਕਾਰਿਆਂ ਨੂੰ,ਕੌਣ ਚੁੱਕ ਪੁੱਤਾਂ ਵਾਂਗ ਛਾਤੀ ਨਾਲ ਲਾਉਂਦਾ?ਇੱਕ ਘਰ ਹੋਣ,ਜਿਥੇ ਬਾਰਾਂ ਚੁੱਲੇ ਵੱਖ ੨,ਕੌਣ ਉਹਨਾਂ ਨੂੰ ਇੱਕ ਭਾਂਡੇ ਅੰਮ੍ਰਿਤ ਪਿਲਾਉਂਦਾ?ਬਿਨਾ ਘਰ ਦਾ ਜਿਹੜੇ ਫਿਰਨ ਵ੍ਰਿਜੇਸ ਹਰਿ,ਕੌਣ ਤਿਨ੍ਹਾਂ ਰਾਜ ਦੇ ਸਿੰਘਾਸਨ ਬਹਾਉਂਦਾ?ਹੁੰਦੇ ਕਿਵੇਂ ਚਿੜੇ ਬਾਜ,ਗਿੱਦੜ ਬੱਬਰ ਸ਼ੇਰ?ਚਿੱਟੇ ਬਾਜਾਂ ਵਾਲਾ ਜੇ ਨ ਧਰਮ-ਯੁੱਧ

ਮਚਾਉਂਦਾ।ਵਾਹਿਗੁਰੂ॥ਸ਼ਸ਼ਤ੍ਰ ਗਰੀਬ ਕੀ ਰੱਖਿਆ;ਜਰਵਾਣੇ ਕੀ ਭੱਖਿਆ। ਵਾਹਿਗੁਰੂ॥ਰਣ ਮੇਂ ਜਾਇ ਨ ਕਬਹੂੰ ਭਾਜੈ॥ਦ੍ਰਿੜ੍ਹ ਕਰਿ ਛੜ੍ਹੀ ਧਰਮ ਸੋ ਗਾਜੈ॥) ਗਗਨ ਦਮਾਮਾ ਬਾਜਿਓ;ਪਰਿਓ ਨੀਸਾਨੈ ਘਾਉ॥ਖੇਤੁ ਜੁ ਮਾਂਡਿਓ ਸੂਰਮਾ;ਅਬ ਜੂਝਨ ਕੋ ਦਾਉ॥੧॥ਸੂਰਾ ਸੋ ਪਹਿਚਾਨੀਐ;ਜੁ ਲਰੈ ਦੀਨ ਕੇ ਹੇਤ॥ਪੁਰਜਾ ਪੁਰਜਾ ਕਟਿ ਮਰੈ;ਕਬਹੂ ਨ ਛਾਡੈ ਖੇਤੁ॥)

ਜਉ ਤਉ;ਪ੍ਰੇਮ ਖੇਲਣ ਕਾ ਚਾਉ॥ਸਿਰੁ ਧਰਿ ਤਲੀ;ਗਲੀ ਮੇਰੀ ਆਉ॥ਇਤੁ ਮਾਰਗਿ;ਪੈਰੁ ਧਰੀਜੈ॥ਸਿਰੁ ਦੀਜੈ;ਕਾਣਿ ਨ ਕੀਜੈ॥) ਵਾਹਿਗੁਰੂ॥ਕਬੀਰ.ਮੁਹਿ ਮਰਨੇ ਕਾ ਚਾਉ ਹੈ;ਮਰਉ ਤ ਹਰਿ ਕੈ ਦੁਆਰ॥ਮਤ.ਹਰਿ ਪੂਛੈ ਕਉਨੁ ਹੈ;ਪਰਾ ਹਮਾਰੈ ਬਾਰ॥) ਵਾਹਿਗੁਰੂ॥ ਪਹਿਲਾ ਮਰਣੁ ਕਬੂਲਿ;ਜੀਵਣ ਕੀ ਛਡਿ ਆਸ॥ਹੋਹੁ ਸਭਨਾ ਕੀ ਰੇਣੁਕਾ;ਤਉ ਆਉ ਹਮਾਰੈ ਪਾਸਿ॥) ਵਾਹਿਗੁਰੂ॥ ਭੈ ਕਾਹੂ ਕਉ.ਦੇਤ ਨਹਿ;ਨਹਿ ਭੈ ਮਾਨਤ ਆਨਿ॥ਕਹੁ ਨਾਨਕ.ਸੁਨਿ ਰੇ ਮਨਾ;ਗਿਆਨੀ ਤਾਹਿ ਬਖਾਨਿ॥੧੬॥) ਵਾਹਿਗੁਰੂ॥ ਕਬੀਰ.ਜਿਸੁ ਮਰਨੇ ਤੇ ਜਗੁ ਡਰੈ;ਮੇਰੇ ਮਨ ਆਨੰਦੁ॥ਮਰਨੇ ਹੀ ਤੇ ਪਾਈਐ;ਪੂਰਨੁ ਪਰਮਾਨੰਦੁ॥੨੨॥ਵਾਹਿਗੁਰੂ॥ ਜੇ ਜੀਵੈ.ਪਤਿ ਲਥੀ ਜਾਇ॥ਸਭੁ ਹਰਾਮੁ.ਜੇਤਾ ਕਿਛੁ ਖਾਇ॥ਵਾਹਿਗੁਰੂ॥ਸ਼ਸ਼ਤ੍ਰਨ ਕੇ ਅਧੀਨ ਹੈ ਰਾਜ॥ਵਾਹਿਗੁਰੂ॥ ਖ਼ਾਲਸਾ;ਅਕਾਲ ਪੁਰਖ ਕੀ ਫ਼ੌਜ॥ਪ੍ਰਗਟਿਓ ਖ਼ਾਲਸਾ;ਪ੍ਰਮਾਤਮ ਕੀ ਮੌਜ॥(ਸਰਬ ਲੋਹ) ਵਾਹਿਗੁਰੂ॥ਸ਼ਹੀਦੋਂ ਕੀ ਚਿਤਾਓਂ ਪਰ ਲੱਗੇਂਗੇ ਹਰ ਵਰਸ਼ ਮੇਲੇ।ਵਤਨ ਪੇ ਮਰਨੇ ਵਾਲੋਂ ਕਾ;ਯਹੀ ਬਾਕੀ ਨਿਸ਼ਾਂ ਹੋਗਾ।ਵਾਹਿਗੁਰੂ॥ਮਨੂੰ ਅਸਾਡੀ ਦਾਤਰੀ;ਅਸੀਂ ਮਨੂੰ ਦੇ ਸੋਏ।ਜਿਉਂ ੨ ਸਾਨੂੰ ਵੱਢਦਾ;ਅਸੀਂ ਦੂਣ ਸਵਾਏ ਹੋਏ।

ਵਾਹਿਗੁਰੂ॥ਸ਼ਹੀਦਾਂ ਦਾ ਡੁੱਲਿਆ ਖ਼ੂਨ ਕਦੇ ਐਵੇਂ ਨਹੀਂ ਜਾ ਸਕਦਾ।ਸੱਚ ਸੁੱਚ ਇਹ ਹਕੀਕਤ ਹੈ,ਜੋ ਹਰ ਕੋਈ ਅਜਮਾ ਸਕਦਾ।ਵਾਹਿਗੁਰੂ॥ਤੇਰੇ ਖੰਡੇ ਨੇ ਜਿਨ੍ਹਾਂ ਦੇ ਮੂੰਹ ਮੋੜੇ,ਅੱਜ ਫਿਰ ਓਹ ਸਾਨੂੰ ਲਲਕਾਰਦੇ ਨੇ।ਬਾਜ਼ਾਂ ਵਾਲਿਆ ਬਾਜ਼ ਨੂੰ ਭੇਜ ਮੁੜ ਕੇ,ਤਿੱਤਰ ਫੇਰ ਉਡਾਰੀਆਂ ਮਾਰਦੇ ਨੇ।ਵਾਹਿਗੁਰੂ॥ਸੀਸ ਤਲੀ ਧਰ ਕੇ ਉਨ੍ਹਾਂ ਵਾਹੇ ਖੰਡੇ,ਤੇਰੇ ਖੰਡੇ ਦੀ ਜਿਨ੍ਹਾਂ ਨੂੰ ਪਾਣ ਆ ਗਈ।ਵਾਹਿਗੁਰੂ॥ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ,ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।ਵਾਹਿਗੁਰੂ॥ਜਾਂ ਡੁੱਲਦਾ ਖ਼ੂਨ ਸ਼ਹੀਦਾਂ ਦਾ,ਤਕਦੀਰ ਬਦਲਦੀ ਕੌਮਾਂ ਦੀ।ਰੰਬੀਆਂ ਨਾਲ ਖੋਪਰ ਲਹਿੰਦੇ ਜਾਂ,ਤਸਵੀਰ ਬਦਲਦੀ ਕੌਮਾਂ ਦੀ।ਵਾਹਿਗੁਰੂ॥

੧੩੭. ਪਰਮਪੂਜਨੀਕ ਸ਼ਹੀਦ ਬਾਬਾ ਤਾਰੂ ਸਿੰਘ ਸਾਹਿਬ ਜੀ:- ਧਰਮ ਕੇ ਹੇਤ ਸਰੀਰ ਮੇਰਾ,ਧਰਮ ਪਾਲ ਕੇ,ਖ਼ਾਕ ਕੇ ਸਾਥ ਮਿਲੇਗਾ।ਧਰਮ ਤੇ ਚਿੱਤ ਅਡੋਲ ਖੜ੍ਹਾ,ਬ੍ਰਹਮੰਡ ਹਿਲੇ ਪਰ ਇਹ ਨ ਹਿਲੇਗਾ।ਸਾਜੋ ਸਮਾਨ ਤ੍ਰਿਲੋਕੀ ਕੋ ਰਾਜ,ਕੁਬੇਰ ਕੀ ਮਾਇਆ ਕਾ ਦੁਆਰ ਖੁੱਲੇਗਾ।ਏਤੀ ਬਿਭੂਤੀ ਕੋ ਦੇਖ,ਕਦੰਚ ਨ,ਤਾਰੂ ਮ੍ਰਿਗਿੰਦ ਕਾ ਚਿੱਤ ਡੁੱਲੇਗਾ।ਵਾਹਿਗੁਰੂ॥ਸ਼ਹੀਦ ਕੀ ਜੋ ਮੌਤ ਹੈ,ਵੋਹ ਸਭ ਕੀ ਹਯਾਤ

ਹੈ।ਹਯਾਤ ਹੀ ਹਯਾਤ ਹੈ;ਔਰ ਮੌਤ ਵੀ ਹਯਾਤ ਹੈ।ਸੱਚ ਧਰਮ ਨੇਕੀ ਪਰਉਪਕਾਰ ਲਈ ਜੋ ਗੁਰੂ ਨੂੰ ਸਿਰ ਦੇਵੇ,ਜ਼ਾਲਮਾਂ ਦਾ ਪੁਰਜਾ ੨ ਕੱਟ ਕੇ ਸ਼ਹੀਦ ਹੋ ਜਾਵੇ,ਐਸੇ ਪਰਉਪਕਾਰੀ ਸ਼ਹੀਦ ਦੀ ਜੋ ਮੌਤ ਹੈ,ਉਹ ਸਭ ਦੀ ਜਿੰਦ ਜਾਨ ਹੈ ਭਾਵ ਆਪਣੀ ਸ਼ਹੀਦੀ ਦੇ ਕੇ,ਸਾਰਿਆਂ ਅੰਦਰ ਜਿੰਦ ਜਾਨ ਭਰ ਦਿੰਦਾ ਹੈ।

ਪਰਉਪਕਾਰੀ ਲਈ ਉਸ ਦੀ ਮੌਤ ਭਾਵ ਸ਼ਹੀਦੀ ਭੀ (ਹਯਾਤ) ਅਮਰ ਪਦਵੀ ਹੈ।ਭਾਵ ਜਿਸ ਦਿਨ ਤੋਂ ਸ਼ਹੀਦੀ ਦਿੰਦਾ ਹੈ,ਉਸ ਦਿਨ ਤੋਂ ਉਸ ਦੀ ਅਮਰ ਜਿੰਦਗੀ ਅਰੰਭ ਹੁੰਦੀ ਹੈ।ਉਸ ਦੀ ਸ਼ਹੀਦੀ ਤੋਂ ਹੋਰ ਸ਼ਹੀਦੀਆਂ ਹੁੰਦੀਆਂ ਹਨ।ਇਸ ਕਰਕੇ ਉਸ ਦੀ ਉਮਰ(ਹਯਾਤ) ਅਮਰ ਹੀ (ਹਯਾਤ) ਅਮਰ ਹੈ,ਜੋ ਹੋਰਨਾ ਨੂੰ ਅਮਰ ਕਰਦੀ ਹੈ।ਵਾਹਿਗੁਰੂ॥ ਸੀਸ ਤਲ਼ੀ ’ਤੇ ਧਰ ਕੇ,ਪਰਨ ਪੂਰਾ ਕਰਨ ਵਾਲੇ ਸੂਰਮੇ,ਧੰਨ ਬਾਬਾ ਦੀਪ ਸਿੰਘ ਸਾਹਿਬ ਜੀ:- ਉੱਠ ਖਲੋਤਾ ਧਰਤ ’ਤੋਂ ਛੱਡ ਕੇ ਜੈਕਾਰਾ,ਉਹ ਲੇਥੂ ਪੇਥੂ ਖ਼ੂਨ ਵਿੱਚ ਦਿਸੇ ਅੰਗਿਆਰਾ।ਉਸ ਇੱਕ ਹੱਥ ਫੜਿਆ ਸੀਸ ਨੂੰ,ਦੂਜੇ ਦੋਧਾਰਾ।ਸਿਰ ਦੀ ਭੇਟਾ ਦੇਣ ਲਈ,ਸਿੰਘ ਚੱਲਿਆ ਵੱਲ ਦਰਬਾਰਾ।ਵੱਡ ੨ ਲਾਈਆਂ ਢੇਰੀਆਂ,ਵਗੀ ਰੱਤ ਦੀ ਧਾਰਾ।ਉਸ ਦੇ ਇਕੱਲੇ ਧੜ ਨੇ ਖ਼ੂਬ ਖੰਡਾ ਖੜਕਾਇਆ।ਸਿਰ ਬਾਝੋਂ ਲੜਨਾ ਚਾਤਰਾ;ਸਿੱਖਾਂ ਨੂੰ ਆਇਆ।(ਧੰਨ ਬਾਬਾ ਦੀਪ ਸਿੰਘ ਸਾਹਿਬ ਜੀ) ਵਾਹਿਗੁਰੂ॥ਸ਼ਹੀਦ ਬਾਬਾ ਮਤੀ ਦਾਸ ਜੀ:-ਰੋਮ ੨ ‘ਚ ਮੈਂਕੜੇ ਵਸਿਆ ਪ੍ਰੀਤਮ ਆਪ।ਆਰਾ ਮੈਨੂੰ ਭਾਉਂਦਾ;ਧਰਮ ਛੱਡਣਾ ਪਾਪ।ਟੁੱਕੜੇ ਇਸ ਸਰੀਰ ਦੇ;ਕਰੋਂ ਜੇ ਲੱਖ ਕ੍ਰੋੜ।ਤਾਂ ਭੀ ਧਰਮ ਨ ਛੱਡਸਾਂ;ਦੀਨ ਤੇਰਾ ਨਹੀਂ ਲੋੜ।ਆਰਾ ਪਿਆਰਾ ਲਗਤ ਹੈ;ਕਾਰਾ ਕਰੋ ਬਨਾਇ।ਸਰੀਰ ਜਾਏ ਤਾਂ ਜਾਏ;ਮੇਰਾ ਸਿੱਖੀ ਸਿਦਕ ਨ ਜਾਏ।ਵਾਹਿਗੁਰੂ॥ਪਰਮਪੂਜੀਕ ਸ਼ਹੀਦ ਬਾਬਾ ਮਨੀ ਸਿੰਘ ਸਾਹਿਬ ਜੀ ਨੇ ਬੰਦ ੨ ਕਟਾਉਣ ਤੋਂ ਪਹਿਲਾਂ ਇਹ ਕਿਹਾ, “ਤਨ ਗੰਦਗੀ ਦੀ ਕੋਠੜੀ,ਹਰਿ ਹੀਰਿਆਂ ਦੀ ਖਾਣ।ਜੇ ਸਿਰ ਦਿਤਿਆਂ ਹਰਿ ਮਿਲੇ ਤਾਂ ਭੀ ਸਸਤਾ ਜਾਣ।ਵਾਹਿਗੁਰੂ॥ਸ਼ਹੀਦੋਂ ਕੀ ਚਿਤਾਓ ਪਰ ਲੱਗੇਂਗੇ ਹਰ ਵਰਸ਼ ਮੇਲੇ।ਵਤਨ ਪੇ ਮਰਨੇ ਵਾਲੋਂ ਕਾ;ਯਹੀ ਬਾਕੀ ਨਿਸ਼ਾ ਹੋਗਾ।ਵਾਹਿਗੁਰੂ॥ਮੰਨੂੰ ਅਸਾਡੀ ਦਾਤਰੀ;ਅਸੀਂ ਮੰਨੂੰ ਦੇ ਸੋਏ।ਜਿਉਂ ੨ ਸਾਨੂੰ ਵੱਢਦਾ;ਅਸੀਂ ਦੂਣ ਸਵਾਏ ਹੋਏ।ਵਾਹਿਗੁਰੂ॥ਸਰ ਫਰੋਸ਼ੀ ਕੀ ਤਮੰਨਾ,ਅਬ ਹਮਾਰੇ ਦਿਲ ਮੇਂ ਹੈ।ਦੇਖਨਾ ਹੈ ਜੋਰ ਕਿਤਨਾ,ਬਾਜੂਏ ਕਾਤਲ ਮੇਂ ਹੈ।(ਸ਼ਹੀਦ ਭਗਤ ਸਿੰਘ ਜੀ)ਹਰ ਵਕਤ ਇਹ ਸ਼ੇਅਰ ਪੜ੍ਹਦੇ,ਜਿਨ੍ਹਾਂ ਨੂੰ ਕਮਾਉਂਦਿਆਂ ਹੱਸ ਕੇ ਫਾਂਸੀ ਚੜ੍ਹ ਗਏ।ਮੇਰੇ ਦਿਲ ’ਚ (ਸਰ) ਸਿਰ(ਫਰੋਸ਼ੀ) ਭੇਟਾ ਕਰਨ ਦੀ ਤਮੰਨਾ ਹੈ।ਹੁਣ ਮੈਂ ਸਿਰ ਕਟਵਾ ਕੇ ਦੇਖਣਾ ਹੈ,ਕਿ ਮੈਨੂੰ ਕਤਲ ਕਰਨ ਵਾਲੇ,ਜ਼ਾਲਮ ਦੀਆਂ (ਬਾਜ਼ੂ) ਬਾਹਾਂ ’ਚ ਕਿਤਨਾ ਕੁ ਜੋਰ ਹੈ।ਵਾਹਿਗੁਰੂ॥ਫਾਂਸੀ ਦੀ ਸਜਾ ਸੁਣ ਕੇ,ਹੱਸਦਿਆਂ ੨ ਕਿਹਾ:-ਤੇਗ਼ੋਂ ਕੇ ਸਾਏ ਮੇਂ ਪਲ਼ ਕਰ ਜਵਾਂ ਹੂਏ ਹੈਂ।ਇੱਕ ਖੇਲ ਜਾਨਤੇ ਹੈਂ,ਫਾਂਸੀ ਪੈ ਝੂਲ ਜਾਨਾ।ਵਾਹਿਗੁਰੂ॥ਇੱਟ ਖੜੱਕੇ ਦੁੱਪੜ ਵੱਜੇ,ਤਪਦਾ ਰਹੇ ਚੁੱਲ੍ਹਾ।ਆਈ ਸੰਗਤ ਛਕ ੨ ਜਾਵੇ;ਰਾਜ਼ੀ ਰਹੇ ਬੁੱਲਾ।ਵਾਹਿਗੁਰੂ॥ਬੁੱਲਿਆ ਰੱਬ ਦਾ ਕੀ ਪਾਵਣਾ;ਇੱਧਰੋਂ ਪੁੱਟਣਾ ਤੇ ਇੱਧਰ ਲਾਵਣਾ।ਵਾਹਿਗੁਰੂ॥ਸਿਰ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ

ਨਾ ਜਾਏ। ਵਾਹਿਗੁਰੂ॥ਸਭ ਨਾਲੋਂ ਕੌੜੀ ਜ਼ਹਿਰ ਹੈ;ਜ਼ਹਿਰ ਨਾਲੋਂ ਕੌੜਾ ਪੂਜਾ ਦਾ ਧਾਨ ਹੈ। ਜਿਸ ਨੂੰ ਖਾ ਕੇ ਨੀਚ ਨਰੈਣੂ ਵਰਗੇ ਮਹੰਤ ਗਲ਼ੇ ਹਨ,ਇਸ ਨੂੰ ਗੁਰੂ ਸੇਵਾ 'ਚ ਲਾ ਕੇ ਅੰਮ੍ਰਿਤ ਬਣਾਉ ਜੀ। ਵਾਹਿਗੁਰੂ॥ਪਰਮਪੂਜਨੀਕ ਸ੍ਰੀ ਗੁਰਦੁਆਰਾ ਅੰਤਰਜਾਮਤਾ ਵਿਖੇ,ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ,ਦੌਲਤ ਖਾਂ ਨੂੰ ਕਿਹਾ, "ਹੇ ਭਾਈ!

ਤੇਰਾ ਮਨ ਕਾਬਲ 'ਚ ਘੋੜੇ ਖ਼ਰੀਦ ਰਿਹਾ ਸੀ। ਅਸੰਤ ਅਨਾੜੀ ਕਾਜ਼ੀ ਨੇ ਕਿਹਾ, "ਜੀ ਮੇਰੇ ਨਾਲ ਨਿਵਾਜ਼ ਪੜ੍ਹ ਲੈਂਦੇ।" ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਕਿਹਾ, "ਭਾਈ! ਤੇਰਾ ਮਨ ਅਪਣੇ ਘਰ ਵਿਛੇਰੀ 'ਚ ਗਿਆ ਸੀ,ਬਈ ਕਿਤੇ ਟੋਏ 'ਚ ਹੀ ਨਾ ਡਿੱਗ ਪਵੇ।"

੧੩੯.ਵਾਹਿਗੁਰੂ॥ਭਾਈ ਸਾਹਿਬ ਡਾ:ਵੀਰ ਸਿੰਘ ਜੀ,ਖ਼ਾਲਸੇ ਜੀ ਦਾ ਸਰੂਪ ਇਉਂ ਲਿਖਦੇ ਹਨ:- "ਨੂਰੀ ਚਿਹਰਾ,ਸੋਹਣੀ ਨੁਹਾਰ,ਅੰਗ ਨਕਸ਼ ਇੱਕੋ ਜਿਹੇ,ਸਰੀਰ ਸਡੌਲ। ਸਿਰ 'ਤੇ ਕੇਸ,ਤੇਜ਼ ਵਾਲੀ ਦਸਤਾਰ। ਮੱਥਾ ਲਿਸਕਦਾ,ਨੈਣ ਚਮਕਦੇ ਤੇ ਪਿਆਰ ਭਰੇ। ਗੱਲ੍ਹਾਂ ਸਿਉ ਵਰਗੀਆਂ ਸ਼ੋਖ ਪਰ ਮਿਠਾਸ ਵਾਲੀਆਂ। ਬੁੱਲ੍ਹ ਸੂਹੇ ਪਰ ਉਨਾਬਾਂ ਵਰਗੇ ਸ਼ੀਰੀਦਾਰ। ਪਿਆਰੀ ੨ ਦਾਹੜੀ,ਛਾਤੀ ਚੌੜੀ ਤਕੜੀ। ਡੌਲੇ ਭਰਵੇਂ ਤੇ ਜ਼ੋਰਦਾਰ,ਬਾਹਾਂ ਲੰਮੀਆਂ। ਲੱਕ ਸ਼ੇਰ ਵਾਂਗ ਕਸਿਆ ਹੋਇਆ। ਲੱਤਾਂ ਭਾਰੇ ਭਾਰ ਦੇ ਸਹਿਣ ਵਾਲੀਆਂ ਤੇ ਫੁਰਤੀ ਭਰੀਆਂ। ਦਿਲ 'ਚ ਬਹਾਦਰੀ ਦੀ ਚਮਕਾਰ,ਪਰ ਜ਼ੋਰ ਜ਼ੁਲਮ ਨਹੀਂ। ਉਤਸ਼ਾਹ ਦਾ ਉਛਾਲ਼ਾ ਪਰ ਗੁੱਸਾ ਨਹੀਂ। ਜਬ੍ਹਾ ਰੋਅਬ,ਪਰ ਨਿਆਉਂ ਦਾ ਤਕੜਾ,ਅਡੋਲ। ਪਿਆਰ ਪਰ ਖੱਚਤ ਨਹੀਂ। ਉਪਕਾਰ ਪਰ ਉਪਰਾਮਤਾ ਅੰਦਰ। ਗ੍ਰਿਹਸਤ ਪਰ ਉਦਾਸੀ ਦੀ ਲਹਿਰ। ਤਿਆਗ ਪਰ ਹੁਕਮ ਹਾਸਲ। ਫਕੀਰੀ ਪਰ ਦਿਲਗ਼ੀਰੀ ਨਹੀਂ। ਤਲਵਾਰ ਹੱਥ ਹੈ,ਪਰ ਢਾਲ਼ ਸੂਰਤ,ਨਾਲ ਕਲਮ ਭੀ ਹੱਥ ਹੈ,ਪਰ ਨਿਆਂ 'ਤੇ ਰਹਿਮ ਵਾਲੀ। ਗ਼ਲ਼ ਅੰਗਾਂ ਤੇ ਕਮਰਕਸਾ ਹੈ,ਤੇੜ ਕਛਿਹਰਾ ਹੈ,ਬਲ ਦੇ ਹੀਰਿਆਂ ਦਾ ਬਹੌਂਟਾ ਡੌਲ਼ੇ ਬੱਧਾ ਹੈ। ਪਰ ਸੀਨੇ 'ਚ ਨਾਮ ਦਮਕ ਜ਼ੋਰਦਾਰ ਹੈ। ਦਿਲ 'ਚ ਨਕਸ਼ਾ ਕੋਮਲਤਾਈ 'ਤੇ ਰਸਭਰੀ ਸੁੰਦਰਤਾ ਦਾ ਹੈ। ਪਰ ਦਿਮਾਗ਼ 'ਚ ਨਕਸ਼ਾ ਵਿਵੇਕ ਦਾ ਹੈ। ਜ਼ੋਰ ਹੈ,ਆਪੇ 'ਤੇ ਭਰੋਸਾ ਬੇਮੁਹਤਾਜੀ ਹੈ,ਮੱਥੇ 'ਤੇ ਰੇਖਾਂ ਹਨ,ਜਿਨ੍ਹਾਂ 'ਚ ਅਗੰਮੀ ਅੱਖਰ ਲਿਖੇ ਹਨ:-ਚੜ੍ਹਦੀਆਂ ਕਲਾਂ।"

ਵਾਹਿਗੁਰੂ॥ਸਤਿਗੁਰੂ ਕਹਿਯੋ; ਸੁਣਹੁ ਬੀਰ ਖ਼ਾਲਸਾ। ਤਿਜਾਗ ਦੇਹੁ;ਮਨੋ ਵਡਿਆਈ ਲਾਲਸਾ। ਹੋਇ ਨਿਸ਼ਕਾਮ;ਕਰੋ ਸੇਵਾ ਦੇਸ਼ ਕੀ। ਚਾਹਤ ਹੋ ਕ੍ਰਿਪਾ;ਸਦਿ ਜਗਤੇਸ਼ ਕੀ। ਵਾਹਿਗੁਰੂ॥ਸਿੱਖੀ ਧਾਰੋ;ਤਯਾਗੋ ਮਾਨੰ। ਕੀਜੈ ਸੇਵਾ;ਦੀਜੈ ਦਾਨੰ। ਮਿੱਠਾ ਬੋਲੋ;ਪਾਲੋ ਪ੍ਰੇਮੰ। ਹੋ ਸ਼ਰਧਾਲੂ;ਪਾਉ ਖੇਮੰ। ਵਾਹਿਗੁਰੂ ਆਪ ਜੀ ਦਾ ਸ਼ੁਕਰ ਹੈ। ਧੰਨ ਗੁਰੂ ਨਾਨਕ ਤੂੰਹੀ ਨਿਰੰਕਾਰ। ਭਗਤੀ ਮੇਂ ਸ਼ਕਤੀ। ਵਾਹਿਗੁਰੂ॥੧੭੬੫ ਬਿ: ਨੂੰ ਮਾਧੋਦਾਸ ਵੈਰਾਗੀ ਨੇ,ਵਾਹਿਗੁਰੂ ਦਸਵੇਂ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਨੂਰੀ ਦਰਸ਼ਨ ਕੀਤੇ। ਐਸੇ ਭਾਗ ਜਾਗੇ,ਸੱਚੇ ਸਤਿਗੁਰੂ ਸਾਹਿਬ ਜੀ ਦੇ ਚਰਨ-ਕਮਲਾਂ 'ਤੇ ਪੈ ਗਏ। ਐਸੀ ਬਖ਼ਸ਼ਿਸ਼ ਹੋਈ ਕਿਹਾ, "ਜੀ ਮੈਂ ਆਪ ਜੀ ਦਾ ਬੰਦਾ ਹਾਂ।"ਸੱਚੇ ਸਤਿਗੁਰੂ ਸਾਹਿਬ ਜੀ ਨੇ ਆਪ ਪੰਜਾਂ ਪਿਆਰਿਆਂ 'ਚ ਲੱਗ ਕੇ,ਇਹਨ੍ਹਾਂ ਨੂੰ ਅੰਮ੍ਰਿਤ

ਬਖ਼ਸ਼ ਕੇ ਨਾਂ ਗੁਰਬਖਸ ਸਿੰਘ ਰੱਖਿਆ।ਜੈਕਾਰੁ ਕੀਓ ਧਰਮੀਆ ਕਾ;ਪਾਪੀ ਕਉ ਡੰਡੁ ਦੀਓਇ॥) ਦੁਸਟ ਦੋਖੀਯਨਿ;ਪਕਰਿ ਪਛਾਰੋ॥੪੨॥ਅਨੁਸਾਰ ਹੰਕਾਰੀਆਂ ਜ਼ਾਲਮਾਂ ਦੁਸ਼ਟਾਂ ਪਾਪੀਆਂ ਨੂੰ ਸੋਧਣ ਲਈ,ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਪੰਜ ਤੀਰ ਤੇ ਪੰਜ ਪਿਆਰੇ ਬਖ਼ਸ਼ ਕੇ ਪੰਜਾਬ ਭੇਜਿਆ।ਆਪਣੇ ਸਿੱਖਾਂ ਨੂੰ ਹੁਕਮਨਾਮੇ ਭੇਜੇ,ਤੁਸੀਂ ਭਾਈ ਗੁਰਬਖਸ ਸਿੰਘ ਸਾਹਿਬ ਜੀ ਦੀ ਸਹਾਇਤਾ ਕਰਨੀ।

ਇਹਨ੍ਹਾਂ ਦੀ ਸਹਾਇਤਾ ਰੱਖਿਆ ਲਈ,ਇਹ ਪੰਜ ਸੂਰਬੀਰ ਬਹਾਦਰ ਯੋਧੇ,ਬਾਬਾ ਬਿਨੋਦ ਸਿੰਘ ਜੀ,ਬਾਬਾ ਬਾਜ਼ ਸਿੰਘ ਜੀ,ਬਾਬਾ ਕਾਨ੍ਹ ਸਿੰਘ ਜੀ,ਬਾਬਾ ਬਿਜੈ ਸਿੰਘ ਜੀ,ਬਾਬਾ ਰਾਮ ਸਿੰਘ ਜੀ ਨਾਲ ਭੇਜੇ ਤੇ ਇਹ ਉਪਦੇਸ਼ ਭੀ ਕੀਤਾ:- “ਜਤ ਰੱਖਣਾ,ਪਿਆਰੇ ਖ਼ਾਲਸੇ ਜੀ ਦੇ ਅਨੁਸਾਰੀ ਹੋ ਕੇ ਵਰਤਣਾ,ਆਪ ਗੁਰੂ ਨਹੀਂ ਬਣਨਾ,ਵਰਤਾਅ ਕੇ ਛਕਣਾ,ਅਨਾਥਾਂ ਦੀ ਸਹਾਇਤਾ ਕਰਨੀ ਆਦਿ।”ਵਾਹਿਗੁਰੂ॥ਤੱਤੀ ਤਵੀ ’ਤੇ ਬੈਠਿਆਂ,ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਨੇ,ਸਾਈਂ ਮੀਆਂ ਮੀਰ ਜੀ ਨੂੰ ਧੀਰਜ ਦੇਣ ਲਈ,ਇਹ ਬਚਨ ਕਹੇ, “ਮੀਆਂ ਛੋਡੋ ਪ੍ਰੀਤੀ ਚਾਮ ਸੇ।ਤਨ ਤਪ ਰਹਾ,ਤੋ ਕਿਆ ਹੂਆ,ਹਮ ਸ਼ਾਂਤ ਹੈ ਹਰਿ ਨਾਮ ਸੇ।”

੧੩੯.ਵਾਹਿਗੁਰੂ॥ਨਵਾਬ ਕਪੂਰ ਸਿੰਘ ਸਾਹਿਬ ਜੀ ਨੇ ਭਰੇ ਦੀਵਾਨ ’ਚ ਸਿੰਘਾਂ ਨੂੰ ਵੰਗਾਰ ਕੇ ਕਿਹਾ, “ਹੈ ਕੋਈ ਗੁਰੂ ਦਾ ਲਾਲ,ਜਿਹੜਾ ਸੰਤ ਦੋਖੀ ਮੋਮਨ ਖਾਂ ਦਾ ਸਿਰ ਵੱਡ ਕੇ ਲਿਆਵੇ।” ਇਹ ਵੰਗਾਰ ਸੁਣ ਕੇ:-ਅੱਘੜ ਸਿੰਘ ਸਰਦਾਰ ਨੇ ਉੱਠ ਫ਼ਤੇਹ ਬੁਲਾਈ।ਕੱਢ ਮਿਆਨੋ ਸ਼ੇਰ ਨੇ;ਬਿਜਲੀ ਚਮਕਾਈ।ਜਿਉਂ ਕਰ ਬਲਦੀ ਲਾਟ ਨੇ;ਕੀਤੀ ਰੁਸ਼ਨਾਈ।ਕਹਿੰਦਾ ਮੈਨੂੰ ਪੰਥ ਜੇ ਬਖ਼ਸ਼ੇ ਵਡਿਆਈ।ਜਾਵਾਂ ਵਿੱਚ ਲਹੌਰ ਦੇ;ਮੈਂ ਭੇਸ ਵਟਾਈ।ਮੋਮਨ ਦਾ ਸਿਰ ਵੱਢ ਕੇ; ਲੈ ਆਵਾਂ ਭਾਈ।

ਵਾਹਿਗੁਰੂ॥ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਨੇ ਮੱਸੇ ਰੰਘੜ ਦਾ ਸਿਰ ਵੱਢਣ ਲਈ,ਸ੍ਰੀ ਦਰਬਾਰ ਸਾਹਿਬ ਜੀ ਵੱਲ ਚਾਲੇ ਪਾਏ ਤਾਂ ਨਿਰਭੈਤਾ ਨਾਲ ਇਹ ਪੜ੍ਹ ਰਹੇ ਸਨ।ਗੁਰੂ ਮੇਹਰ ਸੇ,ਰੰਘੜ ਸਿਰ ਵੱਢ ਲਿਆਈਏ।ਨਹੀਂ ਤਾਂ ਗੁਰੂ ਅਰਥ;ਓੱਥੇ ਸ਼ਹੀਦੀ ਪਾਈਏ।)

੧੪੦.ਸ਼ੇਰੇ ਪੰਜਾਬ ਜੀ ਨੇ ਬੇਅੰਤ ਹੀ ਗੁਰਦੁਆਰਿਆਂ ਦੀ ਸ਼ੁਭ ਸੱਚੀ ਸੇਵਾ ਕੀਤੀ।ਆਪ ਜੀ ਅਪਣੀ ਵਡਿਆਈ ਦੀ ਬਜਾਏ,ਸੱਚੇ ਸਤਿਗੁਰਾਂ ਦੀ ਵਡਿਆਈ ਹੀ ਚਾਹੁੰਦੇ ਸਨ।ਇਸ ਕਰਕੇ ਉਨ੍ਹਾਂ ਨੇ ਜੋ ਸਿੱਕਾ ਚਲਾਇਆ,ਉਸ ’ਚ ਅਪਣੇ ਨਾਮ ਦੀ ਬਜਾਏ,ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸ਼ੁਭ ਸੱਚਾ ਨਾਮ ਹੀ ਲਿਖਾਇਆ:-ਅਕਾਲ ਪੁਰਖ ਜੀ ਸਹਾਯ,ਦੇਗ਼ੋ ਤੇਗ਼ੋ ਫ਼ਤੇਹ,ਨੁਸਰਤ ਬੇਦਰੰਗ।ਯਾਫ਼ਤਜ਼ ਨਾਨਕ ਗੁਰੂ ਗੋਵਿੰਦ ਸਿੰਘ।(ਯਾਫ਼ਤਜ਼ ਨਾਨਕ ਗੁਰੂ ਗੋਵਿੰਦ ਸਿੰਘ)ਸੱਚੇ ਸਤਿਗੁਰੂ ਪਹਿਲੇ ਅਤੇ ਦਸਵੇਂ ਪਾਤਿਸਾਹ ਜੀ(ਯਾਫ਼ਤਜ਼) (ਯਾਫ਼ਤ+ਅਜ਼)(ਅ+ਜ਼)(ਜ਼)ਜਨਮ(ਅ)ਰਹਿਤ,ਵਾਹਿਗੁਰੂ ਬ੍ਰਹਮ ਸਰੂਪ (ਯਾਫ਼ਤ)ਲੱਭੇ ਹਨ।ਐਸੇ ਦੀਨ ਦਇਆਲ ਅਕਾਲ ਪੁਰਖ ਸਰੂਪ ਸੱਚੇ ਸਤਿਗੁਰੂ ਸਾਹਿਬ ਜੀ(ਸਹਾਯ)ਸਹਾਇਤਾ

ਕਰਨ।(ਬੇਦਰੰਗ)ਛੇਤੀ ਹੀ(ਨੁਸਰਤ) ਸਹਾਇਤਾ ਹੋਵੇ,ਜਿਸ ਕਰਕੇ ਰਾਤ ਦਿਨ ਗੁਰੂ ਕਾ(ਦੇਗੋ)ਲੰਗਰ ਚੱਲੇ।ਤੇਗ਼ੋ ਆਦਿ ਸ਼ਸ਼ਤ੍ਰਾਂ ਕਰਕੇ,ਧਰਮ ਯੁੱਧ 'ਚ ਪਿਆਰੇ ਖ਼ਾਲਸੇ ਜੀ ਨੂੰ(ਫ਼ਤੇਹ)ਜਿੱਤ ਪ੍ਰਾਪਤ ਹੋਵੇ।

੧੪੧.ਵਾਹਿਗੁਰੂ॥ਪੂਰਨ ਬ੍ਰਹਮਗਿਆਨੀ,ਪੂਰਨਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਖ਼ਾਲਸਾ ਭਿੰਡਰਾਂਵਾਲੇ,ਅਤੀਤ ਬਿਰਕਤ ਬ੍ਰਹਮ ਵਿਦਿਆ ਦੇ ਦਾਤੇ ਮਹਾਂਪੁਰਖਾਂ ਨੇ,

ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਨੂੰ,ਟਕਸਾਲ ਚਲਾਉਣ ਦੀ,ਸ਼ੁਭ ਸੱਚੀ ਸੇਵਾ ਬਖ਼ਸ਼ਣ ਤੋਂ ਪਹਿਲਾਂ,ਇਹ ਅਮੋਲਕ ਬਚਨ ਕਹੇ:- ਇੱਕ ਕੰਮ ਕਰਨਾ ਹੈ ਕਿ ਸੌਂ?ਅੱਗੋਂ ਨਿਮ੍ਰਤਾ ਨਾਲ ਦੋਵੇਂ ਹੱਥ ਜੋੜ,ਸਿਰ ਝੁਕਾ ਕੇ ਕਿਹਾ, "ਆਪ ਜੀ ਜੋ ਕਰਾਉ।" ਪਰਮ ਪ੍ਰਸੰਨ ਹੋ ਕੇ ਕਿਹਾ, "੧.ਸਤਿਗੁਰਾਂ ਦਾ ਡੰਡਾ ਸਿਰ 'ਤੇ ਸਮਝ ਕੇ,ਦੋਵੇਂ ਵੇਲੇ ਕਥਾ ਕਰਨੀ।੨.ਆਪ ਕੁੱਝ ਨਹੀਂ ਬਨਣਾ।੩.ਪੰਥ ਦੇ ਮਗਰ ਰਹਿ ਕੇ ਨਿੱਗਰ ਸੇਵਾ ਕਰਨੀ।੪.ਪੰਥ ਦੇ ਆਗੂ ਨਹੀਂ ਬਨਣਾ।੫.ਬ੍ਰਹਮ-ਵਿਦਿਆ ਪੜ੍ਹਾਉਣ ਲੱਗਿਆਂ ਅਧਿਕਾਰ ਨਹੀਂ ਦੇਖਣਾ,ਸਭ ਨੂੰ ਪੜ੍ਹਾਈ ਹੀ ਜਾਣਾ।

੧੪੨. ਪਰਮ ਪੂਜਨੀਕ ਪੂਰਨ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਅਮੋਲਕ ਬਚਨ:-

੧. ਬ੍ਰਹਮਗਿਆਨੀ;ਸਗਲ ਕੀ ਰੀਨਾ॥ਸੰਤ ਬਾਬਾ ਗੁਰਬਚਨਸਿੰਘ ਸਾਹਿਬ ਖ਼ਾਲਸਾਜੀ ਨੇ ਦਾਸਨਦਾਸ ਕੂਕਰ ਨੂੰ ਇਹ ਸ਼ੁਭ ਬਚਨ ਫ਼ੁਰਮਾਏ,"ਬ੍ਰਹਮ-ਵਿੱਦਿਆ ਪੜ੍ਹਨ ਸਮੇਂ ਦਾਸਨਦਾਸ ਦਾ ਤੇਜ਼ ਪਰਤਾਪ ਦੇਖ ਕੇ,ਬਹੁ ਗਿਣਤੀ'ਚ ਵਿਦਿਆਰਥੀ ਈਰਖਾ ਕਰਨ ਲੱਗੇ,ਤਦੋਂ ਦਾਸਨ ਦਾਸ ਨੇ ਕਰਨ ਨ ਸੁਨੈ;ਕਾਹੂ ਕੀ ਨਿੰਦਾ॥ਸਭ ਤੇ ਜਾਨੈ;ਆਪਸ ਕਉ ਮੰਦਾ॥ਦਾ ਖ਼ੂਬ ਅਭਿਆਸ ਕੀਤਾ।"ਸਪੁੱਤ੍ਰ ਆਦਿ ਸ਼ੁਭ ਕਾਮਨਾ ਦੀ ਪੂਰਤੀ,ਮਨ ਦੀ ਸ਼ਾਂਤੀ,ਚੌਰਾਸੀ ਦਾ ਗੇੜਾ ਮੇਟਣ ਲਈ,ਗੁਰੂ ਪ੍ਰੇਮੀ ਬਣ ਕੇ ਪੂਰਨ ਪ੍ਰੇਮ ਨਾਲ ਇਨ੍ਹਾਂ ਤੁਕਾਂ ਦਾ ਘੱਟ ਤੋਂ ਘੱਟ ਸਵਾ ਲੱਖ ਵਾਰੀਂ ਜਾਪ ਕਰੋ,ਮੰਨਣ ਕਰਕੇ ਹਿਰਦੇ'ਚ ਵਸਾਵੋ,ਹਰ ਵੇਲੇ ਪੜ੍ਹੀ ਜਾਵੋ ਨਿਹਾਲ ਹੋਏ ਜਾਵੋ।

ਤਰਸ ਤੇ ਇਨਸਾਫ਼ ਦੀ ਸ਼ਕਤੀ ਤਲਵਾਰ ਨਾਲੋਂ ਉੱਤਮ ਹੈ।ਤਲਵਾਰ ਨਾਲ ਜ਼ੋਰ ਜ਼ੁਲਮ ਕਰਨ ਨਾਲ ਰਾਜ ਨਸ਼ਟ ਹੋ ਜਾਂਦਾ ਹੈ,ਤਰਸ ਨਿਆਂ ਕਰਨੇ ਕਰਕੇ ਰਾਜ ਤੇਜ਼ ਜਸ ਵਧਦਾ ਹੈ।੨.ਸੋਚ ਕੇ ਪੈਰ ਪੁੱਟਣਾ ਸਿਆਣਪ ਦੀ ਨਿਸ਼ਾਨੀ ਹੈ।੩.ਵੀਚਾਰ ਕੇ ਮੂੰਹੋਂ ਗੱਲ ਕੱਢਣੀ ਚੰਗੀ ਹੁੰਦੀ ਹੈ।੪.ਇਨਸਾਨ ਦੀ ਹਾਲਤ ਸਦਾ ਇੱਕੋ ਜਿਹੀ ਨਹੀਂ ਰਹਿੰਦੀ, ਭਾਵ ਦੁੱਖ 'ਚ ਘਬਰਾਉਣਾ ਨਹੀਂ ਚਾਹੀਦਾ।੫.ਵੈਰੀ ਨੂੰ ਮਿੱਤ੍ਰ ਬਣਾ ਕੇ ਜਿੱਤੀਦਾ ਹੈ,ਭਾਵ ਜਿਹੜੇ ਵੈਰੀ ਨਾਲ ਵੈਰ ਕਮਾਉਂਦੇ ਹਨ, ਉਹ ਵੈਰ 'ਚ ਫਸੇ ਹੀ ਮਰ ਜਾਂਦੇ ਹਨ, ਨਾਲੇ ਵੈਰ ਕਰਨ ਨਾਲ ਚੌਰਾਸੀ ਭੋਗਣੀ ਪੈਂਦੀ ਹੈ ਜੀ।੬.ਜੇ ਧਨ ਗਿਆ ਤਾਂ ਸਮਝੋ ਕੁੱਝ ਨਹੀਂ

ਗਿਆ,ਜੇ ਸਿਹਤ ਗਈ ਤਾਂ ਸਮਝੋ ਕੁੱਝ ਗਿਆ।ਜੇ ਚਾਲ ਚਲਣ ਗਿਆ ਤਾਂ ਸਮਝੋ ਸਭ ਕੁੱਝ ਗਿਆ।੭.ਨੌਕਰ ਨਾਲ ਇਨਸਾਨਾਂ ਵਾਲਾ ਸਲੂਕ ਰੱਖੋ।੮.ਜੇ ਸੱਚੇ ਪਾਤਿਸਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੁਹਾਨੂੰ ਅਦਾਲਤ ਬਖ਼ਸ਼ਣ ਤਾਂ ਸਹੀ ਇਨਸਾਫ ਕਰੋ।੯.ਦੁੱਖਾਂ ਤੋਂ ਛੁੱਟਣ ਲਈ ਸ਼ਰਾਬ ਤਮਾਕੂ ਚਾਹ ਨਸ਼ੇ ਸੋਨੇ ਫੈਸ਼ਨ ਵਿਕਾਰ ਔਗੁਣ ਆਦਿ ਤਿਆਗੋ।੧੦. ਸੁਖ ਇਸ 'ਚ ਹੈ ਕਿ ਤੁਹਾਡੇ ਘਰ ਦੇ ਸਾਰੇ ਜੀਅ, ਸ੍ਰੀ ਗੁਰਬਾਣੀ ਜੀ ਦੇ ਨਿੱਤਨੇਮੀ ਪ੍ਰੇਮੀ ਨੇਕ ਸਾਊ ਹੋਣ ਜੀ।੧੧.ਜ਼ਿੰਦਗੀ ਦਾ ਓਹੀ ਹਿੱਸਾ ਚੰਗਾ ਹੁੰਦਾ ਹੈ, ਜਿਸ 'ਚ ਨਾਮ ਧਨ, ਗੁਰੂ ਸੇਵਾ ਨੇਕੀ ਪ੍ਰਾਪਤ ਹੋਵੇ।੧੨.ਜਵਾਨੀ ਜਾ ਕੇ ਨਹੀਂ ਆਉਂਦੀ, ਬੁਢੇਪਾ ਆ ਕੇ ਨਹੀਂ ਜਾਂਦਾ। ਇਸ ਕਰਕੇ ਜੁਆਨੀ 'ਚ ਹੀ ਵਾਹਿਗੁਰੂ ਜੀ ਦੀ ਪ੍ਰਾਪਤੀ ਕਰੋ।

੧੩. ਦੂਜਿਆਂ ਦੇ ਦੁੱਖ ਨੂੰ ਨ ਦੇਖਣ ਵਾਲਾ ਪੱਥਰ ਤੋਂ ਭੀ ਭੈੜਾ ਹੈ।ਤਰਸ ਕਰਕੇ ਪੱਥਰ ਦਿਲੀ ਛੱਡੋ।੧੪.ਖ਼ਾਲਸਾ ਜੀ!ਹਰ ਸਮੇਂ ਵਾਹਿਗੁਰੂ ਜੀ ਦਾ ਜਾਪ ਕਰੋ,ਸਦਾ ਯਾਦ ਰੱਖੋ।੧੫.ਮਿੱਤ੍ਰ ਉਹ ਜੋ ਵੇਲੇ ਸਿਰ ਕੰਮ ਆਵੇ।੧੬.ਸ੍ਰੀ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ,ਗੁਰੂ ਸੇਵਾ ਪ੍ਰੇਮਾ-ਭਗਤੀ ਕਰਨੀ, ਜ਼ਿੰਦਗੀ ਦਾ ਸਹੀ ਨਿਸ਼ਾਨਾ ਹੈ।੧੬.ਨਸ਼ਿਆਂ ਦੀ ਆਦਤ ਪਾਉਣੀ ਗੁਰੂ ਸਾਹਿਬ ਜੀ ਤੋਂ ਵੇਮੁਖ ਹੋ ਕੇ ਕਸ਼ਟ ਭੋਗਣਾ ਹੈ।੧੭.ਭਲਾਈ ਕਰੋ,ਜੱਗ 'ਚ ਤੁਹਾਡਾ ਭਲਾ ਹੋਵੇਗਾ।੧੮.ਹਰ ਇੱਕ ਗੱਲ 'ਚ ਸ਼ੰਕਾ ਕਰਨਾ ਚੰਗਾ ਨਹੀਂ ਹੁੰਦਾ।੧੯.ਪੁਰਸ਼ ਸੂਰਤ ਤੋਂ ਨਹੀਂ, ਗੁਣਾਂ ਤੋਂ ਪਛਾਣਿਆਂ ਜਾਂਦਾ ਹੈ।੨੦.ਸੱਚੇ ਵਾਹਿਗੁਰੂ ਸਾਹਿਬ ਜੀ ਸ੍ਰਬ ਵਿਆਪਕ ਹਨ, ਲੁਕ ਕੇ ਐਬ ਨ ਕਰੋ।੨੧.ਭਗਤ ਪੁਰਸ਼ ਸੰਸਾਰ ਦੇ ਸੁੰਦਰ ਸੁਹਾਵਣੇ ਫੁੱਲ ਹਨ।੨੨.ਆਪਣਾ ਸੁਭਾਅ ਚੰਗਾ ਹੋਵੇ ਤਾਂ ਮਿੱਤ੍ਰ ਢੂੰਢਣ ਦੀ ਲੋੜ ਨਹੀਂ।੨੩.ਦੁੱਖ ਸੁਖ ਚ ਲਾਪ੍ਰਵਾਹੀ ਕਰਕੇ ਕਰਤਾਰ ਜੀ ਨੂੰ ਨਾ ਭੁੱਲੋ।੨੪.ਜਿੱਥੋਂ ਤੱਕ ਹੋ ਸਕੇ ਆਪਣੇ ਆਪ 'ਤੇ ਕਾਬੂ ਰੱਖੋ।੨੫.ਝੂਠ ਧਰਮ ਦਾ ਵੈਰੀ ਹੈ।੨੬.ਮਹਾਂਪੁਰਖਾਂ ਦੇ ਇਹ ਸ਼ੁਭ ਸੁਲੱਖਣ ਹਨ ਜੋ ਮਨ ਦੇ ਮੰਦੇ ਸੁਭਾਅ ਨੂੰ ਮਾਰ ਕੇ ਵਾਹਿਗੁਰੂ ਜੀ ਦਾ (ਅਜ਼ੀਜ਼) ਪਿਆਰਾ ਬਣਾ ਕੇ ਰੱਖਦੇ ਹਨ।੨੭.ਗੁੱਸੇ ਨੂੰ ਅਕਲ ਦਾ ਵੈਰੀ ਆਖਦੇ ਹਨ।੨੮.ਆਪਣੇ ਨਸੀਬ ਭਾਗ ਤੋਂ ਵੱਧ ਇੱਛਾ ਕਰਨੀ ਬੁਰੀ ਹੈ।੨੯.ਸੱਚੇ ਵਾਹਿਗੁਰੂ ਜੀ ਦੀ ਰਜ਼ਾ 'ਚ ਰਹਿਣਾ ਸਿਆਣਪ ਹੈ।੩੦.ਮਿੱਤ੍ਰ ਨਾਲ ਨਿੰਮ੍ਰਤਾ ਤੇ ਵੈਰੀ ਨਾਲ ਭਲਾਈ ਚੰਗੀ ਹੁੰਦੀ ਹੈ।੩੧.ਕ੍ਰੋਧ ਮਨ ਦੀ ਅੱਗ ਹੈ।

੩੨.ਮੌਤ ਰੱਬ ਦੇ ਪਰਉਪਕਾਰਾਂ ਨੂੰ ਚੇਤੇ ਰੱਖੋ।੩੩.ਆਪਣੀ ਅੱਖ ਅਤੇ ਜ਼ਬਾਨ 'ਤੇ ਕਾਬੂ ਰੱਖੋ।੩੪.ਅੱਜ ਦਾ ਕੰਮ ਕੱਲ੍ਹ 'ਤੇ ਨ ਛੱਡੋ।ਯਥਾ:-ਕਬੀਰ. ਕਾਲਿ ਕਰੰਤਾ ਅਬਹਿ ਕਰੁ;ਅਬ ਕਰਤਾ ਸੁਇਤਾਲ॥ਪਾਛੈ ਕਛੂ ਨ ਹੋਇਗਾ;ਜਉ ਸਿਰ ਪਰ ਆਵੈ ਕਾਲੁ॥੩੫.ਨਾਮ ਬਿਨ ਹੋਰ ਪਦਾਰਥਾਂ ਦਾ ਲਾਲਚ ਛੱਡੋ ਜੀ।ਯਥਾ:-ਏਕੁ ਚੀਜੁ ਮੁਝੈ ਦੇਹਿ;ਅਵਰ ਜਹਰ ਚੀਜ ਨ ਭਾਇਆ॥੩੬.ਬਜ਼ੁਰਗਾਂ ਨਾਲ ਮਖੌਲ ਨਾ ਕਰੋ,ਸਗੋਂ ਸੇਵਾ ਕਰਕੇ ਅਸੀਸ ਪ੍ਰਸੰਨਤਾ ਪ੍ਰਾਪਤ ਕਰੋ।੩੭.ਘੋੜੇ ਦੀ ਪਛਾੜੀ,ਹਾਕਮ ਦੀ ਅਗਾੜੀ ਨਾ ਲੰਘੋ।੩੮.ਰੱਬ ਜੀ ਨੂੰ ਪਛਾਣੋ,ਜਿਨ੍ਹਾਂ ਨੇ ਆਪ ਜੀ ਨੂੰ ਪੈਦਾ ਕੀਤਾ ਹੈ।੩੯.ਹਰ ਗੱਲ ਦੀ

ਤਹਿ ਤੱਕ ਪਹੁੰਚਣ ਦੀ ਆਦਤ ਚੰਗੀ ਹੁੰਦੀ ਹੈ ਜੀ।੪੦.ਜਿਤਨੀ ਲਿਆਕਤ ਦਾ ਆਦਮੀ ਹੋਵੇ ਉਸ ਦੀ ਉਤਨੀ ਕੁ ਇਜ਼ਤ ਕਰੋ।੪੧.ਕਬੀਰ.ਸਾਕਤ ਸੰਗੁ ਨ ਕੀਜੀਐ;ਦੂਰਹਿ ਜਾਈਐ ਭਾਗਿ॥ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ਸਾਕਤ ਕਮਲੇ ਦੀ ਕੁਸੰਗਤ ਨ ਕਰੋ।੪੨.ਸਚਿਆਰੇ ਸਾਧੂ ਸੰਤ ਗੁਰਮੁਖਿ ਗੁਰਸੇਵਕ ਭਗਤ ਦੀ ਸੁਸੰਗਤ,ਨਾਮ ਪ੍ਰੇਮ ਰੰਗ ਚ ਰੰਗ ਦਿੰਦੀ ਹੈ।ਯਥਾ:-ਸਤੀ ਪਹਰੀ ਸਤੁ ਭਲਾ;ਬਹੀਐ ਪੜਿਆ ਪਾਸਿ॥ਓਥੈ ਪਾਪੁ ਪੁੰਨੁ ਬੀਚਾਰੀਐ;ਕੂੜੈ ਘਟੈ ਰਾਸਿ॥੪੩.ਆਪਣੀ ਗ਼ਲਤੀ ਨੂੰ ਨ ਭੁੱਲੋ।ਨੇਕੀ ਕਰਕੇ ਨੀਚ ਸਦਾਵੋ।ਜੇ ਲੋੜਹਿ ਚੰਗਾ ਆਪਣਾ;ਕਰਿ ਪੁੰਨਹੁ ਨੀਚੁ ਸਦਾਈਐ॥

੪੪.ਜਵਾਨੀ 'ਚ ਨੇਕੀ ਕਰਨੀ ਬਹੁਤ ਵੱਡੀ ਬਹਾਦਰੀ ਹੈ।੪੫.ਜੇ ਕਿਸੇ ਦਾ ਭਲਾ ਹੁੰਦਾ ਹੋਵੇ ਭੁੱਲ ਕੇ ਭੀ ਭਾਨੀ ਨ ਮਾਰੋ ਜੀ।੪੬.ਵੈਰੀ ਦੀ ਭੀ ਬੁਰਿਆਈ ਨਾ ਕਰੋ।੪੭.ਕਿਸੇ ਨਾਲ ਨੇਕੀ ਕਰਨੀ ਉਸ ਨੂੰ ਵੱਸ ਕਰਨਾ ਹੈ।੪੮.ਕਿਸੇ ਦੀ ਭਲਾਈ ਕਰਕੇ ਉਸ ਨੂੰ ਜਨਾਉਣਾ ਮੂਰਖਤਾਈ ਹੈ।੪੯.ਦੋ ਆਦਮੀਆਂ ਦੀ ਗੱਲ 'ਚ ਬੋਲਣਾ ਮੂਰਖਤਾ ਹੈ।੫੦.ਬਿਨਾ ਬੁਲਾਏ ਬੋਲਣਾ ਮੂਰਖ ਦੀ ਨਿਸ਼ਾਨੀ ਹੈ।੫੧.ਜਿਸ ਨੇ ਤੁਹਾਡੇ ਨਾਲ ਨੇਕੀ ਕੀਤੀ ਹੈ,ਉਸ ਨੂੰ ਭੁੱਲਣਾ ਨਹੀਂ ਚਾਹੀਦਾ।੫੨.ਆਪਣੇ ਮਾਲ ਨੂੰ ਘਰਦਿਆਂ ਤੋਂ ਲੁਕਾ ਕੇ ਨ ਰੱਖੋ,ਭਾਵ ਵੱਖਰੀ-੨ ਗੁਹਜ ਰੱਖਣ ਨਾਲ ਘਰ ਫਟ ਜਾਂਦਾ ਹੈ।੫੩.ਹੰਕਾਰ ਕਰਨ ਵਾਲੇ ਨੂੰ ਕੋਈ ਚੰਗਾ ਨਹੀਂ ਸਮਝਦਾ।੫੪.ਭਲੀ ਆਦਤ ਚੰਗੀ ਹੁੰਦੀ ਹੈ।੫੫.ਦਲਿਦ੍ਰ ਬੀਮਾਰੀਆਂ ਦੀ ਜੜ੍ਹ ਹੈ,ਇਸ ਨੂੰ ਗੁਰੂ ਸੇਵਾ ਸਿਮਰਨ ਭਗਤੀ ਕਰਕੇ ਤਿਆਗੋ।੫੬.ਤਾਹਨੇ ਮਾਰਨੇ ਊਲ ਜਲੂਲ ਬੋਲਣਾ ਬੁਰਾ ਹੈ।੫੭.ਕਿਸੇ ਆਦਮੀ ਨੂੰ ਗੈਰ ਸਾਹਮਣੇ ਸ਼ਰਮਿੰਦਾ ਨ ਕਰੋ,ਵੱਖਰਾ ਕਰਕੇ ਸਮਝਾਉ।

੫੮.ਔਰਤਾਂ ਨਾਲ ਇੱਜ਼ਤ ਨਾਲ ਵਰਤੋ।੫੯.ਵਾਧੂ ਖ਼ੁਦਗ਼ਰਜ਼ੀ ਵਾਲੇ ਲੜਾਈ ਝਗੜੇ 'ਚ ਹਿੱਸਾ ਨ ਲਉ।੬੦.ਜਿਹੜਾ ਤੁਹਾਡੀ ਇਜ਼ਤ ਕਰੇ,ਉਸ ਦੀ ਵੱਧ ਤੋਂ ਵੱਧ ਇੱਜ਼ਤ ਕਰੋ ਜੀ।੬੧.ਗੁੱਸੇ ਵੇਲੇ ਜੋ ਗੱਲ ਕਰਨੀ ਹੋਵੇ ਸੋਚ ਕੇ ਕਰੋ।ਗੁੱਸੇ 'ਚ ਚੁੱਪ ਰਹਿਣ ਦਾ ਸੁਭਾਅ ਬਣਾਓ।੬੨.ਮਹਿਮਾਨ ਦੇ ਸਾਹਮਣੇ ਕਿਸੇ ਨੂੰ ਨ ਝਿੜਕੋ।੬੩.ਲੋਕਾਂ ਦੀਆਂ ਨਜ਼ਰਾਂ 'ਚ ਡਿੱਗ ਪੈਣ ਵਾਲੀਆਂ ਆਦਤਾਂ ਨ ਪਾਓ।੬੪.ਕਿਸੇ ਦਾ ਫਜ਼ੂਲ ਝਗੜਾ ਆਪਣੇ ਜ਼ੁੰਮੇ ਨ ਲਓ।

੬੫.ਸਾਰੀ ਗੱਲ ਸੁਨਣ ਅਤੇ ਸੋਚਣ ਪਹਿਲਾਂ ਉੱਤ੍ਰ ਦੇਣ ਵਾਲਾ ਵੱਡਾ ਬੇਵਕੂਫ ਹੈ।੬੬.ਧਨ ਸਿਆਣੇ ਦਾ ਨੌਕਰ ਅਤੇ ਕਮਲੇ ਦਾ ਮਾਲਕ ਹੁੰਦਾ ਹੈ।

੬੭.ਦੁੱਖ ਵੇਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਯਾਦ ਕਰਨ ਤੋਂ,ਗੁਰੂ ਜੀ ਸੁਖ ਬਖ਼ਸ਼ਦੇ ਹਨ।੬੮.ਘਰ ੨ ਮੰਗਣ ਵਾਲਾ ਫ਼ਕੀਰ ਨਹੀਂ ਹੈ।੬੯.ਬੁਰੇ ਨਾਲ ਨਫ਼ਰਤ ਨ ਕਰੋ,ਉਸ ਦੀ ਬੁਰਾਈ ਨਾਲ ਨਫ਼ਰਤ ਕਰੋ।੭੦.ਕੋਈ ਭੀ ਗੁਨਾਹ ਛੋਟਾ ਨਹੀਂ ਹੁੰਦਾ।੭੧..ਗੈਰ ਔਰਤ ਨਾਲ ਸ਼ੋਭਤ ਕਰਨਾ ਵੱਡਾ ਗੁਨਾਹ ਹੁੰਦਾ ਹੈ।ਯਥਾ:-ਪਰ ਤ੍ਰਿਅ ਰਾਵਣਿ ਜਾਹਿ;ਸੇਈ ਤਾ ਲਾਜੀਅਹਿ॥੭੨.ਬਦਚਲਣ ਔਰਤ ਅਤੇ

ਜ਼ਾਲਮ ਬੰਦੇ ਦਾ ਸਾਥ ਨ ਦੇਵੋ,ਸਾਥ ਦੇਣ ਵਾਲਾ ਮਾਰਿਆ ਜਾਂਦਾ ਹੈ। ਯਥਾ:-ਸੰਗਿ ਕੁਸੰਗੀ ਬੈਸਤੇ;ਤਬ ਪੂਛੈ ਧਰਮਰਾਇ॥੭੩.ਲੜਾਈ ਅਕਲ ਨੂੰ ਮਾਰ ਦਿੰਦੀ ਹੈ।ਯਥਾ:-ਅਕਲਿ ਏਹ ਨ ਆਖੀਐ;ਅਕਲਿ ਗਵਾਈਐ ਬਾਦਿ॥੭੪.ਬਿਮਾਰੀ,ਬੇਕਾਰੀ,ਬੁਢਾਪੇ ਅਤੇ ਗੁਰੂ ਸੇਵਾ ਲਈ ਕੁਝ ਬਚਾਉਣਾ ਚਾਹੀਦਾ ਹੈ।੭੫.ਝਗੜੇ ਵੇਲੇ ਚੁੱਪ ਹੋ ਜਾਣ ਨਾਲ ਝਗੜਾ ਮਿਟ ਜਾਂਦਾ ਹੈ।੭੬.ਲੁਕਾਉਣ ਵਾਲੀ ਗੱਲ ਆਪਣੇ ਮਿੱਤ੍ਰ ਨੂੰ ਭੀ ਨ ਦੱਸੋ,ਕਿਉਂਕਿ ਅੱਗੇ ਉਸਦੇ ਭੀ ਮਿੱਤ੍ਰ ਹੁੰਦੇ ਹਨ।੭੭.ਦਾਨ ਦੇ ਕੇ ਵਾਪਿਸ ਕਰ ਲੈਣਾ,ਚੰਗਾ ਨਹੀਂ।੭੮.ਈਰਖ਼ਾ,ਨੇਕੀ ਨੂੰ ਖਾ ਜਾਂਦੀ ਹੈ।੭੯.ਦੁਨੀਆਂ ਮਤਲਬ ਦੀ,ਕੋਇ ਨ ਕਿਸੇ ਦਾ ਬੇਲੀ।੮੦.ਦੁਨੀਆਂ ਸਰਾਂ 'ਚੋਂ,ਹਰ ਕੋਈ ਸਫ਼ਰ ਭੋਗ ਕੇ ਚਲਿਆ ਜਾਂਦਾ ਹੈ।੮੧.ਛੋਟੀ ਉਮਰ 'ਚ ਬੱਚੇ ਬੱਚੀ ਦੀ ਸ਼ਾਦੀ ਕਰਨੀ ਚੰਗੀ ਨਹੀਂ।੮੨.ਗ਼੍ਰੀਬੀ ਵੇਲੇ ਸੁੰਦਰ ਔਰਤ ਮਿਲਣੀ ਦੁੱਖ ਦੀ ਨਿਸ਼ਾਨੀ ਹੈ।

ਨਿੰਦਕ ਚੋਰ ਕੰਜਰੀ ਅਤੇ ਝੂਠ ਬੋਲਣ ਵਾਲੇ ਦੀ ਇੱਜ਼ਤ ਕਰਨ ਵਾਲੇ ਕਦੇ ਭੀ ਮਾਣ ਨਹੀਂ ਪਾਉਂਦੇ।੮੩.ਇੱਕ ਝੂਠ ਨੂੰ ਸੱਚ ਸਾਬਤ ਕਰਨ ਲਈ ਸੌ ਝੂਠ ਬੋਲਣੇ ਪੈਂਦੇ ਹਨ, ਫੇਰ ਭੀ ਝੂਠ, ਝੂਠ ਹੀ ਰਹਿੰਦਾ ਹੈ ਜੀ।੮੪.ਦਵਾ ਬਿਨਾ ਰੋਗ ਦੇ,ਰੋਟੀ ਬਿਨਾ ਭੁੱਖ ਦੇ ਨਹੀਂ ਖਾਣੀ ਚਾਹੀਦੀ।੮੫.ਝੂਠਿਆਂ 'ਤੇ ਇਤਬਾਰ ਨਾ ਕਰੋ।੮੬.ਇੱਜ਼ਤ ਦੀ ਮੌਤ ਬੇਇੱਜ਼ਤੀ ਦੇ ਜੀਵਨ ਨਾਲੋਂ ਕਿਤੇ ਚੰਗੀ ਹੈ।੮੭.ਮੇਹਨਤ ਦੌਲਤ ਦਾ ਸੱਜਾ ਹੱਥ ਹੈ।੮੮.ਐਸੇ ਇਕਰਾਰ ਨ ਕਰੋ ਜਿਹੜੇ ਤੁਸੀਂ ਪੂਰੇ ਨਹੀਂ ਕਰ ਸਕਦੇ।੮੯.ਬੇ ਹੌਂਸਲੇ ਦਾ ਕੋਈ ਸਾਥ ਨਹੀਂ ਦਿੰਦਾ,ਭਾਵ ਹੌਂਸਲਾ ਨ ਤਿਆਗੋ।"ਵਿਸਾਰੀਏ ਨਾ ਹਰਿ ਨਾਮੁ ਹਾਰੀਏ ਨਾ ਹਿੰਮਤ,ਜੈਸੀ ਬਿਧ ਰਾਮ ਰਾਖੇ ਤੈਸੀ ਬਿਧ ਰਹੀਏ।"੯੦.ਉਸ ਖ਼ੁਸ਼ੀ 'ਤੇ ਛੇਤੀ ਲੱਤ ਮਾਰੋ,ਜਿਸ ਦਾ ਸਿੱਟਾ ਕੱਲ੍ਹ ਨੂੰ ਬੁਰਾ ਹੋਵੇ।੯੧.ਅੱਧੀ ਛੱਡ ਸਾਰੀ ਨੂੰ ਜਾਏ,ਨ ਅੱਧੀ ਮਿਲੇ ਨ ਸਾਰੀ ਖਾਏ ਭਾਵ ਸੰਤੋਖ ਰੱਖੋ।੯੨.ਝੂਠ ਇੱਕ ਨ ਇੱਕ ਦਿਨ ਪ੍ਰਗਟ ਹੋ ਜਾਂਦਾ ਹੈ।੯੩.ਭੁੱਖ ਤੋਂ ਵਧ ਕੇ ਨਹੀਂ ਖਾਣਾ ਚਾਹੀਦਾ ਜੀ।੯੪.ਮੌਤ ਕਿਹੜੀ? ਆਪਣੇ ਆਪ ਬੇਇੱਜ਼ਤੀ।੯੫.ਗੁਰੂ ਕਿਹੜਾ? ਜਿਹੜਾ ਸਤਿ ਦਾ ਉਪਦੇਸ਼ ਦੇਵੇ ਭਾਵ ਜਗਤ ਗੁਰੂ ਨਾਨਕ ਦੇਵ ਸਾਹਿਬ ਜੀ।੯੬.ਵੱਡਾ ਅੰਨ੍ਹਾ ਕਿਹੜਾ?ਜਿਹੜਾ ਮਾਇਕੀ ਧੰਧੇ 'ਚ ਫਸਿਆ ਹੈ।੯੭.ਵੱਡਾ ਦੁੱਖ ਕਿਹੜਾ ਹੈ? ਵਾਹਿਗੁਰੂ ਜੀਓ ਦਾ ਵਿਛੋੜਾ,ਜੋ ਪ੍ਰੇਮਾ-ਭਗਤੀ ਕਰਕੇ ਮਿਟਦਾ ਹੈ।੯੮.ਦੁਨੀਆਂ 'ਚ ਪਸ਼ੂ ਕਿਹੜਾ ਹੈ? ਜੋ ਗਿਆਨ ਹੀਨ ਹੋਵੇ।੯੯.ਜਗਤ ਕਿਸ ਜਿੱਤਾ?ਜਿਸ ਮਨ ਜਿੱਤਾ:- ਆਈ ਪੰਥੀ ਸਗਲ ਜਮਾਤੀ;ਮਨਿ ਜੀਤੈ ਜਗੁ ਜੀਤੁ॥ ੧੦੦.ਸੰਸਾਰ 'ਚ ਕਿਹੜਾ ਧਨੀ ਹੈ?ਜਿਸ ਪਾਸ ਨਾਮ ਧਨ ਹੈ।੧੦੧.ਆਪਣੀ ਵਡਿਆਈ ਆਪ ਕਰਨੀ ਹੋਛਿਆਂ ਦਾ ਕੰਮ ਹੈ।੧੦੨.ਕੰਮ ਸ਼ੁਰੂ ਕਰਨ ਤੋਂ ਪਹਿਲਾਂ ਉਸ ਦੇ ਨਤੀਜੇ 'ਤੇ ਨਜ਼ਰ ਮਾਰੋ।੧੦੩.ਸਭ ਤੋਂ ਵੱਡੀ ਇੱਜ਼ਤ ਗੁਰੂ ਸੇਵਾ,ਕੁਰਬਾਨੀ ਅਤੇ ਪ੍ਰੇਮਾਂ ਭਗਤੀ ਕਰਕੇ ਮਿਲਦੀ ਹੈ।੧੦੪.ਗੁਰੂ ਭਗਤੀ ਕਰਕੇ ਆਪਣਾ ਜੀਵਨ ਖ਼ੁਸ਼ੀ ਨਾਲ ਬਤੀਤ ਕਰੋ।੧੦੫.ਜਿਨੀ ਚਾਦਰ ਹੋਵੇ,ਓਨੇ ਹੀ ਪੈਰ ਪਸਾਰੋ।੧੦੬.ਗੁਰੂ ਧਰਮ ਪਰ ਦ੍ਰਿੜ ਰਹੋ

ਗੁਰੂ ਜੀ ਤੁਹਾਡੀ ਰੱਖਿਆ ਕਰਨਗੇ।੧੦੭.ਕੰਮ 'ਚ ਗੁਰਸ਼ਬਦ ਪੜ੍ਹ,ਹਿੰਮਤ ਨ ਹਾਰ,ਫਿਰ ਹੋਵੇ ਬੇੜਾ ਪਾਰ।੧੦੮.ਚੀਜ਼ ਦੀ ਕਦਰ ਚਲੇ ਜਾਣ ਨਾਲ ਹੁੰਦੀ ਹੈ।

੧੦੯.ਸੱਚਾ ਪੁਰਸ਼ ਉਹ ਹੁੰਦਾ ਹੈ,ਜਿਹੜਾ ਇਕਰਾਰ 'ਤੇ ਕਾਇਮ ਰਹੇ।੧੧੦.ਵਾਹਿਗੁਰੂ ਦੀ ਸ਼ਰਨ 'ਚ ਸੁਖਾਂ ਸਿਰ ਸੁਖ ਹੈ।੧੧੦.ਸੱਚੀ ਗੱਲ ਹਰ ਇੱਕ ਨੂੰ ਕੌੜੀ ਲੱਗਦੀ ਹੈ।੧੧੧.ਹੰਕਾਰੀ,ਧਨ ਪਾ ਕੇ ਆਪੇ ਤੋਂ ਬਾਹਰ ਹੋ ਜਾਂਦੇ ਹਨ।੧੧੨.ਸ਼ੁਸ਼ੀਲ ਮਿੱਠ ਬੋਲੜਾ ਸੁਭਾਅ ਬਦਸੂਰਤੀ ਦਾ ਸ਼ਿੰਗਾਰ ਹੈ।ਇਸ ਲਈ ਦਿਲ ਦੀ ਸਫ਼ਾਈ ਹੀ ਸੁੰਦਰਤਾਈ ਹੈ।੧੧੩.ਆਪਣੀਆਂ ਵਾਸ਼ਨਾਂ 'ਤੇ ਕਾਬੂ ਪਾਉਣਾ,ਸੁਖ ਦੀ ਨੀਂਦ ਸੌਣਾ ਹੈ।੧੧੪.ਆਪਣੀ ਸ਼ਕਤੀ ਨੂੰ ਚੰਗੇ ਥਾਂ ਵਰਤੋ।੧੧੫.ਲਾਲ ਗੋਦੜੀ 'ਚ ਭੀ ਪਛਾਣੇ ਜਾਂਦੇ ਹਨ।੧੧੬.ਸਤਿਸੰਗਤ ਜੀ ਤੋਂ ਵਧੀਕ ਹੋਰ ਕੋਈ ਸੰਗ ਚੰਗਾ ਨਹੀਂ।੧੧੭.ਵਿੱਦਿਆ ਸਿਮਰਨ ਹਥਿਆਰ ਔਖੇ ਵੇਲੇ ਕੰਮ ਆਉਂਦੇ ਹਨ,ਪ੍ਰਾਪਤ ਕਰੋ।

੧੧੮.ਜੂਆ ਖੇਡਣਾ ਪਾਪ ਹੈ,ਸਹੁੰ ਖਾਣ ਦੀ ਆਦਤ ਨ ਪਾਉ।੧੧੯.ਹੰਕਾਰ ਕਰਨਾ ਮਹਾਂ ਪਾਪ ਹੈ।੧੨੦.ਹੇ ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀਓ !ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣਾਂ ਕੁਸੰਗਤ ਤੋਂ ਬਚਾਅ ਕੇ ਪਤਿ ਰਖੋ ਜੀ:-ਕਾਮ ਕ੍ਰੋਧ ਅਰੁ ਲੋਭ ਮੋਹ;ਬਿਨਸਿ ਜਾਇ ਅਹੰਮੇਵ॥ਨਾਨਕ ਪ੍ਰਭ ਸਰਣਾਗਤੀ;ਕਰਿ ਪ੍ਰਸਾਦੁ ਗੁਰਦੇਵ॥੧॥੧੨੧.ਬੁੱਧ ਹੀਨ ਮਨੁੱਖ ਪਸ਼ੂ ਤੋਂ ਭੀ ਭੈੜਾ ਹੈ।

੧੨੨.ਜੋ ਤੁਹਾਨੂੰ ਪਸੰਦ ਨਹੀਂ,ਹੋਰਨਾ ਲਈ ਪਸੰਦ ਨਾ ਕਰੋ।੧੨੩.ਮਾਤਾ ਪਿਤਾ ਦੀ ਸੇਵਾ ਨੇਕ ਗੁਰਮੁਖਿ ਹੀ ਕਰਦੇ ਹਨ:-ਹੋਵੇ ਸਰਵਣ ਵਿਰਲਾ ਕੋਈ।

ਵੇਲੇ ਦਾ ਕੰਮ ਕੁਵੇਲੇ ਦੀਆਂ ਟੱਕਰਾਂ।੧੨੪.ਧਰਮ ਦੇ ਮਾਰਗ 'ਤੇ ਚਲਣ ਵਾਲੇ ਦੇ ਚਰਨਾਂ ਨੂੰ ਪੂਜਣਾ ਚਾਹੀਦਾ ਹੈ।ਯਥਾ:- ਤਿਸੁ ਜਨ ਕੇ ਪਗ.ਨਿਤ ਪੂਜੀਅਹਿ,ਮੇਰੀ ਜਿੰਦੁੜੀਏ;ਜੋ ਮਾਰਗਿ ਧਰਮ ਚਲੇਸਹਿ ਰਾਮ॥)ਨਾਨਕ ਬੁਗੋਯਦ ਜਨੁ ਤੁਰਾ;ਤੇਰੇ ਚਾਕਰਾਂ ਪਾ ਖਾਕ॥)ਪਰਵਦਗਾਰ ਅਪਾਰ ਅਗਮ ਬੇਅੰਤ ਤੂ॥ਜਿਨਾ ਪਛਾਤਾ ਸਚੁ;ਚੁੰਮਾ ਪੈਰ ਮੂੰ॥੧੨੫.ਤੰਦਰੁਸਤੀ ਇੱਕ ਵੱਡੀ ਨਿਆਮਤ ਹੈ, ਜੋ ਗੁਰੂ ਸੇਵਾ ਸਿਮਰਨ ਗੁਰਬਾਣੀ ਪੜ੍ਹਦਿਆਂ ਸੁਣਦਿਆਂ ਖ਼ੂਬ ਕਸਰਤ ਧਰਮ-ਕ੍ਰਿਤ ਕਰਕੇ ਮਿਲਦੀ ਹੈ।੧੨੬.ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥ਅਨੁਸਾਰ ਰੋਮ ੨ ਕਰਕੇ ਦੁਨੀਆਂ 'ਚ ਗ੍ਰੀਬ ਬਣ ਕੇ ਰਹੋ।੧੨੭.ਰੱਬ ਜੀ ਨੂੰ ਹਾਜ਼ਨ ਨਾਜ਼ਰ ਜਾਣ ਕੇ ਡਰੋ,ਭੈੜੇ ਕਰਮ ਭੁੱਲ ਕੇ ਭੀ ਨਾ ਕਰੋ,ਰੱਬ ਜੀ ਵੱਲੋਂ ਸੱਚੇ ਰਹੋ।੧੨੮.ਜਿੱਥੇ ਪੈਸੇ ਨਾਲ ਕੰਮ ਨਿਕਲੇ, ਉੱਥੇ ਜਾਨ ਖ਼ਤਰੇ 'ਚ ਨ ਪਾਉ।੧੨੯.ਦੋਸਤ ਉਹ ਚੰਗਾ ਹੈ,ਜਿਸ ਨਾਲ ਇੱਜ਼ਤ ਬਣੇ।੧੩੦,ਮਿੱਤ੍ਰਾਂ ਨੂੰ ਧਰਮ ਦੀ ਸਿੱਖਿਆ ਦਿੰਦੇ ਰਹੋ।੧੩੧.ਹਕੀਮ ਦੀ ਪਰਖ ਗੁੱਸੇ 'ਚ ਤੇ ਬਹਾਦਰੀ ਜੰਗ 'ਚ ਪਰਖੀ ਜਾਂਦੀ ਹੈ।੧੩੧.ਦਾਨ ਇਸ ਤਰ੍ਹਾਂ ਕਰੋ ਕਿ ਸੱਜੇ ਹੱਥ ਦੀ ਖ਼ਬਰ ਖੱਬੇ ਨੂੰ ਨ ਹੋਵੇ।ਨੇਕੀ ਕਰ ਕੂੰਏਂ ਮੇਂ ਡਾਲ।੧੩੨.ਹੋਣੀ 'ਤੇ ਸਬਰ ਕਰੋ,ਵਾਹਿਗੁਰੂ ਜੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨੋ।ਯਥਾ:-ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

੧੩੩.ਰੋਮ-੨ ਕਰਕੇ ਨਾਮ ਜਪਣ ਵਾਲਾ ਗੁਰਮੁਖਿ ਹੈ।ਯਥਾ:-ਗੁਰਮੁਖਿ ਰੋਮਿ ਰੋਮਿ;ਹਰਿ ਧਿਆਵੈ॥੧੩੪.ਹੋ ਚੁੱਕੀ ਗੱਲ 'ਤੇ ਸੋਗ ਨ ਕਰੋ।

੧੩੫. ਬਹਾਦਰ ਉਹ ਹੈ ਜਿਹੜਾ ਔਖੇ ਵੇਲੇ ਧੀਰਜ ਸਬਰ ਸੰਤੋਖ ਤੋਂ ਕੰਮ ਲਵੇ।੧੩੬.ਰਾਤ ਨੂੰ ਜਲਦੀ ਸੌਣਾਂ,ਵੱਡੇ ਤੜਕੇ ਉੱਠ ਕੇ ਸਿਮਰਨ ਗੁਰਬਾਣੀ ਪੜ੍ਹਨੀ ਸੁਣਨੀ ਸਖ਼ਤ ਕਸਰਤ ਕਰਨੀ ਸਿਹਤ ਲਈ ਬਹੁਤ ਹੀ ਚੰਗੀ ਹੈ।੧੩੭.ਆਦਮੀ ਉਹ ਚੰਗਾ ਹੈ,ਜਿਸ ਪਾਸੋਂ ਲੋਕਾਂ ਨੂੰ ਫ਼ਾਇਦਾ ਮਿਲੇ।੧੩੮. ਆਦਤ ਬੜੀ ਮੁਸ਼ਕਲ ਨਾਲ ਬਦਲਦੀ ਹੈ।ਵਾਰੇਸ਼ਾਹ ਨ ਜਾਂਦੀਆਂ ਆਦਤਾਂ ਜੀ,ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ੧੩੯.ਕਾਹਲੀ ਕਰਨੀ ਭੂਤਨਾ ਪੁਣਾ ਹੈ,ਐਕਸੀਡਿੰਟ ਹੋ ਜਾਂਦਾ ਹੈ।੧੪੦.ਬਦੀ ਦਾ ਨਤੀਜਾ ਬਦੀ ਹੁੰਦਾ ਹੈ।੧੪੧.ਇਮਾਨਦਾਰੀ ਬੜੀ ਹਿਕਮਤ ਦਾਨਾਈ ਹੈ।ਫੁੱਟ ਬਰਬਾਦੀ ਦੀ ਜੜ ਹੈ।

੧੪੨.ਕਾਤਲ ਪਾਪੀ ਦਾ ਕੋਈ ਭੀ ਮਿੱਤ੍ਰ ਨਹੀਂ ਹੁੰਦਾ।੧੪੩.ਨਰਮੀ ਇੱਕ ਅਸਚਰਜ ਚੀਜ਼ ਹੈ।੧੪੪.ਜੋ ਮੁਸੀਬਤ ਝੱਲਦੇ ਹਨ ਉਹ ਅਰਾਮ ਪਾਉਂਦੇ ਹਨ।

੧੪੫.ਪੂਰੀ ਮੁਆਫ਼ੀ ਕਸੂਰ ਨੂੰ ਭੁਲਾ ਦਿੰਦੀ ਹੈ।ਇਸ ਕਰਕੇ ਜੇ ਭੁੱਲ ਹੋਵੇ,ਤਾਂ ਦਿਲੋਂ ਮੁਆਫ਼ੀ ਮੰਗੋ।੧੪੬.ਸੱਚੇ ਪ੍ਰਭੂ ਜੀ ਨਾਲ ਪ੍ਰੀਤ ਕਰਕੇ,ਝੂਠੇ ਜੱਗ ਦੀ ਪ੍ਰੀਤੀ ਛੱਡੋ।੧੪੭.ਜੈਸਾ ਕਰੋਂਗੇ ਵੈਸਾ ਭਰੋਂਗੇ। ਇੱਜ਼ਤ ਕਰੋਂਗੇ ਇਜ਼ਤ ਕਰਵਾਉਂਗੇ।੧੪੮.ਜਿੱਥੇ ਜ਼ੋਰ ਨਹੀਂ ਕੰਮ ਕਰਦਾ,ਉੱਥੇ ਅਕਲ ਕੰਮ ਕਰਦੀ ਹੈ।

੧੪੯.ਦੂਜੇ ਦੀ ਧੀਅ ਭੈਣ ਨੂੰ ਧੀਅ ਭੈਣ ਸਮਝਣ ਵਾਲਾ ਪੁਰਸ਼ ਗੁਰਸਿੱਖ ਹੈ।੧੫੦.ਬੇਵਕੂਫ ਬੇਯਕੀਨ ਨਿੰਦਕ ਵੈਰ ਕਰਨ ਵਾਲਾ ਪੁਰਸ਼ ਤਬਾਹ ਹੋ ਜਾਂਦਾ ਹੈ।੧੫੧.ਵਕਤ ਲੰਘ ਰਿਹਾ ਹੈ,ਜ਼ਿੰਦਗੀ ਘਟ ਰਹੀ ਹੈ।ਗਿਆ ਹੋਇਆ ਵਕਤ ਮੁੜ ਕੇ ਹੱਥ ਨਹੀਂ ਆਉਂਦਾ,ਛੇਤੀ ੨ ਧਰਮ ਕੰਮ ਕਰੋ।

੧੫੨.ਬਦੀ ਤੋਂ ਦੂਰ ਰਹਿ ਕੇ ਨੇਕੀ ਕਰੋ।੧੫੩.ਧਰਮ ਤੋਂ ਗਿਰ ਜਾਣ ਨਾਲੋਂ ਮਰ ਜਾਣਾ ਚੰਗਾ ਹੈ।੧੫੪.ਸੂਰਮਾ ਉਹ ਹੈ ਜੋ ਧਰਮ ਦੀ ਖ਼ਾਤਰ ਜਾਨ ਵਾਰ ਦੇਵੇ।੧੫੫.ਕਿਸੇ ਨੂੰ ਨਜਾਇਜ਼ ਦੁੱਖ ਦੇਣਾ,ਮਹਾਂ ਚੰਡਾਲ ਕਰਮ ਹੈ।੧੫੬.ਵਕਤ ਕਿਸੇ ਦੀ ਪ੍ਰਵਾਹ ਨਹੀਂ ਕਰਦਾ,ਇਸ ਨੂੰ ਅਜਾਈਂ ਨ ਗਵਾਉ।੧੫੭. ਜੇਕਰ ਜ਼ਾਲਮ ਜ਼ਖਮ ਸਿਉਣ 'ਚ ਬੇਦਰਦ ਹੈ ਤਾਂ ਪਰਮਪੂਜਨੀਕ ਵਾਹਿਗੁਰੂ ਜੀ ਜ਼ਖਮ ਭਰਨ ਦੀ ਸਮਰੱਥਾ ਰੱਖਦੇ ਹਨ।੧੫੮.ਧਨਵਾਨ ਹੋ ਕੇ ਅਭਿਮਾਨੀ ਨ ਬਣੋ।੧੫੯.ਅਗਿਆਨ ਦੁੱਖਾਂ ਦਾ ਘਰ ਹੈ,ਇਸ ਲਈ ਗੁਰੂ ਨਾਨਕ ਸਾਹਿਬ ਜੀ ਦੇ ਸੁੰਦਰ ਮਿੱਠੇ ਸੱਚੇ ਚਰਨ-ਕਮਲ ਦ੍ਰਿੜ ਕਰਕੇ ਪਕੜੋ ਜੀ।੧੬੦.ਧਰਮ ਹੀਣ ਪਸ਼ੂਆਂ ਤੋਂ ਭੀ ਭੈੜਾ ਹੈ।੧੬੧.ਨਿਰਧਨ ਕੰਗਾਲ ਨਹੀਂ,ਬ੍ਰਹਮਵਿੱਦਿਆ ਹੀਨ ਕੰਗਾਲ ਹੈ।੧੬੨.ਮਤਲਬ ਦਾ ਅੰਨ੍ਹਾਂ ਭਾਵ ਖ਼ੁਦਗਰਜ਼ ਸਭ ਅੰਨ੍ਹਿਆਂ ਨਾਲੋਂ ਵੱਡਾ ਅੰਨ੍ਹਾਂ ਹੈ।੧੬੩.ਆਪਣੇ ਪਿਆਰੇ ਵਾਹਿਗੁਰੂ ਜੀ ਦੀ ਹਰ ਚੀਜ਼ ਨਾਲ ਪਿਆਰ ਕਰੋ।੧੬੪.ਆਪਣੇ ਬੱਚੇ ਨੂੰ ਬ੍ਰਹਮਵਿੱਦਿਆ

ਪੜ੍ਹਾਉ।੧੬੫.ਆਪਣੀ ਭੁੱਲ ਮੰਨ ਲੈਣੀ,ਗੁਰਮੁਖਿ ਦਾ ਸ੍ਰੇਸ਼ਟ ਗੁਣ ਹੈ।੧੬੬.ਰੱਬ ਜੀ ਦੇ ਪ੍ਰੇਮ ਨਾਲ ਸੰਸਾਰ ਵਸਦਾ ਹੈ,ਪ੍ਰੇਮ ਹੀ ਸ਼ੁਭ ਸੱਚਾ ਧਰਮ ਹੈ।੧੬੭.ਕੇਵਲ ਆਪਣੇ ਐਬ ਵੇਖੋ,ਦੂਜੇ ਦੇ ਐਬ ਨਾ ਦੇਖੋ।"ਧੰਨ ਬਾਬਾ ਘਨੱਈਆ ਸਾਹਿਬ ਜੀ।"੧੬੮.ਜਿਸ ਘਰ 'ਚ ਏਕਤਾ ਗੁਰਸਿੱਖੀ ਗੁਰੂ ਭਗਤੀ ਹੈ,ਉਹ ਸੁਰਗ ਦੀ ਨਿਆਈਂ ਹੈ।੧੬੯.ਸਿਆਣਿਆਂ ਦਾ ਕਿਹਾ ਤੇ ਔਲ਼ੇ ਦਾ ਖਾਧਾ ਪਿੱਛੋਂ ਸੁਆਦ ਦਿੰਦਾ ਹੈ।੧੭੦.ਲੋਭੀ ਕਿਸੇ ਦੇ ਪ੍ਰੇਮ ਦੇ ਵਸੀਕਾਰ ਨਹੀਂ ਹੁੰਦਾ।ਲੋਭੀ ਦਾ ਵਿਸਾਹ ਨ ਕਰੋ।ਯਥਾ:-ਲੋਭੀ ਕਾ ਵੇਸਾਹੁ ਨ ਕੀਜੈ;ਜੇ ਕਾ ਪਾਰਿ ਵਸਾਇ॥ਅੰਤਿ ਕਾਲਿ ਤਿਥੈ;ਧੁਹੈ ਜਿਥੈ ਹਥੁ ਨ ਪਾਇ॥੧੭੧.ਬ੍ਰਹਮਵਿੱਦਿਆ ਉਹ ਹੈ ਜਿਸ ਨੂੰ ਪ੍ਰਾਪਤ ਕਰਕੇ ਪਰਉਪਕਾਰ ਕਰੇ।੧੭੨.ਗੁੱਸਾ ਅੱਗ ਹੈ।੧੭੩.ਸੱਚਾ ਆਦਮੀ ਧਰਮਾਤਮਾ ਹੁੰਦਾ ਹੈ।

੧੭੪.ਵੱਡਿਆਂ ਦੀ ਇੱਜ਼ਤ ਕਰਨੀ ਚੰਗੀ ਹੁੰਦੀ ਹੈ।੧੭੫.ਹਰ ਕੰਮ ਹਰ ਸੁਆਸ 'ਚ ਸੱਚੇ ਵਾਹਿਗੁਰੂ ਜੀ 'ਤੇ ਦ੍ਰਿੜ ਭਰੋਸਾ ਰੱਖੋ।ਪੂਰੀ ਮੇਹਨਤ ਧਰਮ-ਕ੍ਰਿਤ ਕਰੋ।੧੭੬.ਨਸ਼ੇ ਅਤਿਅੰਤ ਭੈੜੇ ਹਨ।ਨਸ਼ੇ ਵਰਤਣ ਵਾਲਿਆਂ ਤੇ ਨਸ਼ਿਆਂ ਤੋਂ ਦੂਰ ੨ ਦੂਰ ਹੀ ਰਹੋ।੧੭੭.ਮੌਤ ਨੂੰ ਭੁਲਾਉਣਾ ਵੱਡੀ ਬੇਅਕਲੀ ਹੈ।

੧੭੮.ਜੇ ਤੁਸੀਂ ਸਭ ਨੂੰ ਸੁਖ ਦੇਵੋਂ ਤਾਂ ਬੜੇ ਨੇਕ ਹੋਂ।੧੭੯,ਕੰਜੂਸੀ ਰਿਜ਼ਕ ਨੂੰ ਘਟਾਉਂਦੀ ਹੈ।੧੮੦.ਭਲੇ ਪੁਰਸ਼ ਕਿਸੇ ਦਾ ਹੱਕ ਨਹੀਂ ਰੱਖਦੇ।੧੮੧. ਦਾਨ ਦੇਣਾ ਦੁੱਖ ਨੂੰ ਘਟਾਉਣਾ ਹੈ।੧੮੨.ਉਹ ਨਾਮ ਧਨ ਵਾਲਾ ਧਨਵਾਨ ਗੁਰਮੁਖਿ ਹੈ ਜੋ ਵਾਹਿਗੁਰੂ ਦੇ ਭਾਣੇ 'ਚ ਸੰਤੁਸ਼ਟ ਰਹੇ।ਯਥਾ:- ਗੁਰਮੁਖਿ ਤੇਰਾ ਭਾਣਾ ਭਾਵੈ॥੧੮੩.ਆਪਣੇ ਬਸਤ੍ਰ ਸ੍ਰੀਰ ਮਨ ਵਾਤਾਵਰਣ ਸਾਫ਼ ਸੁਥਰਾ ਰੱਖੋ।੧੮੪.ਧਨ ਉਹ ਜਿਹੜਾ ਕੋਲ਼ ਹੋਵੇ।"ਨੌਂ ਨਗਦ ਨ ਤੇਰਾਂ ਉਧਾਰ।"

੧੮੫.ਲੋਕਾਂ ਨੂੰ ਖ਼ੁਸ਼ ਰੱਖਣ ਨਾਲ,ਵਿੱਦਿਆ ਨਾਸ ਹੋ ਜਾਂਦੀ ਹੈ।੧੮੬.ਭੈੜੇ ਖ਼ਿਆਲ ਤੋਂ ਵੱਧ,ਪੁਰਸ਼ ਦਾ ਹੋਰ ਕੋਈ ਦੁਸ਼ਮਣ ਨਹੀਂ।੧੮੭.ਹੱਥ 'ਤੇ ਹੱਥ ਰੱਖ ਕੇ ਬੈਠਣ ਵਾਲਿਆਂ ਦੀ ਆਦਤ ਅਤੀ ਹੀ ਬੁਰੀ ਹੈ।੧੮੮.ਛੋਟੇ ਬੱਚੇ ਰੱਬ ਦਾ ਰੂਪ ਹੁੰਦੇ ਹਨ।੧੮੯.ਬ੍ਰਹਮਵਿੱਦਿਆ ਅਨਮੋਲ ਧਨ ਹੈ,ਜੋ ਚੁਰਾਇਆ ਨਹੀਂ ਜਾ ਸਕਦਾ।੧੯੦.ਪ੍ਰਮਾਰਥ ਅਤੇ ਸ਼ੁਭ ਕਾਰਜ ਦੀ ਸਿੱਧੀ ਲਈ ਅਰਦਾਸ ਕਰਦੇ ਹੀ ਰਹੋ ਜੀ! ਅਰਦਾਸ ਕਰਨ ਨਾਲ ਸੱਚੇ ਸਤਿਗੁਰਾਂ ਜੀ, ਮਿਹਰ ਭਰਿਆ ਹੱਥ ਸਿਰ 'ਤੇ ਰੱਖਦੇ ਹਨ।੧੯੧.ਮਹਾਂਪੁਰਸ਼ਾਂ ਜੀ ਦੀ ਸ਼ੁਭ ਸੁਸੰਗਤ ਸ਼ੁਭ ਸੇਵਾ ਪੂਰਨ ਪ੍ਰੇਮ ਭਾਵਨੀ ਚਾਅ ਨਾਲ ਕਰੋ,ਉਨ੍ਹਾਂ ਦੇ ਅੰਮ੍ਰਿਤ ਬਚਨਾਂ ਦਾ ਮੰਨਣ ਕਰੋ ਜੀ।ਰਾਤ ਦਿਨੇ ਵਾਹਿਗੁਰੂ ਜੀ ਨੂੰ ਜਪੋ।ਯਥਾ:-ਦਿਨੁ ਰਾਤੀ ਆਰਾਧਹੁ ਪਿਆਰੋ;ਨਿਮਖ.ਨ ਕੀਜੈ ਢੀਲਾ॥ਸੰਤ ਸੇਵਾ ਕਰਿ.ਭਾਵਨੀ ਲਾਈਐ;ਤਿਆਗਿ ਮਾਨੁ ਹਾਠੀਲਾ॥)੧੯੨.ਜਨ ਨਾਨਕ;ਅੰਤਿ ਵਾਰ ਨਾਮੁ ਗਹਣਾ॥ਅਨੁਸਾਰ ਵੱਡਾ ਗਹਿਣਾ ਸੱਚੇ ਵਾਹਿਗੁਰੂ ਜੀ ਦੇ ਪਰਮ ਪਵਿੱਤ੍ਰ ਨਾਮ ਜੀ ਹਨ,ਇਸ ਲਈ ਸੋਨੇ ਆਦਿ ਗਹਿਣੇ ਪਹਿਨਣ ਤੋਂ ਸੱਚੇ ਸਤਿਗੁਰਾਂ ਜੀ ਨੇ ਮਨਾਹੀ ਕੀਤੀ ਹੈ।੧੯੩.ਜ਼ਮੀਨ ਆਦਿ ਲਾਲਚ

ਲਈ ਕਤਲ ਮਹਾਂ ਪਾਪ ਕਰਕੇ, ਜਮਾਂ ਦੇ ਵੱਸ ਨ ਪਵੋ।੧੯੪ਜਵਾਨੀ ਮਸਤਾਨੀ ਹੁੰਦੀ ਹੈ ਕਾਬੂ 'ਚ ਰੱਖੋ।੧੯੫.ਸਿਆਣੇ ਪੁਰਸ਼ ਬ੍ਰਹਮਵਿੱਦਿਆ,ਦੁਨਿਆਵੀ ਧਨ ਪਾ ਕੇ ਝੁਕ ਜਾਂਦੇ ਹਨ।੧੯੬.ਗੁਰਦੁਆਰੇ ਲਿਖ ਕੇ ਲਾਇਆ ਜਾਵੇ,ਗ਼ਲਤ ਬੀਬੀਆਂ ਤਾਗੇ ਤਵੀਤਾਂ 'ਚ ਪੈ ਕੇ,ਆਪਣਿਆਂ ਪਤੀਆਂ ਨੂੰ ਸੁਆਹ ਖੇਹ ਖੁਆ ਕੇ ਮਾਰ ਲੈਂਦੀਆਂ ਹਨ,ਬਾਅਦ 'ਚ ਰੰਡੀਆਂ ਹੋ ਕੇ ਪਛਤਾਉਂਦੀਆਂ ਹਨ।ਤਿਵੇਂ ਗ਼ਲਤ ਬੰਦੇ ਘਰ ਵਾਲ਼ੀਆਂ ਨੂੰ ਮਾਰ ਕੇ ਜਮ ਡੰਡੇ ਖਾਦੇ ਹਨ।੧੯੭.ਤਾਗੇ ਤਵੀਤ ਟੂਣੇ ਟਾਮਣ 'ਚ ਲੱਗ ਕੇ ਸੱਚੇ ਸਤਿਗੁਰਾਂ ਜੀ ਤੋਂ ਵੇਮੁਖ ਹੋ ਕੇ ਜਮਾਂ ਦੇ ਵੱਸ ਨਾ ਪਵੋ।੧੯੮.ਪਤੀਬ੍ਰਤਾ ਇਸਤ੍ਰੀ ਘਰ ਦਾ ਸ਼ਿੰਗਾਰ ਹੈ।੧੯੯. ਦੂਜੇ ਦੇ ਔਗੁਣ ਦੇਖਦਾ ਹੈਂ,ਕੇਵਲ ਆਪਣੇ ਹੀ ਔਗੁਣ ਦੇਖ।੨੦੦.ਇੱਕ ਅਕਾਲ ਦੇ ਬਣੋ,ਦੋ ਬੇੜੀਆਂ 'ਚ ਪੈਰ ਨ ਰੱਖੋ।੨੦੧.ਸੇਵਾ ਕਰਕੇ ਮੰਗੀਏ ਕੁੱਝ ਨ,ਗੁਰਪ੍ਰਸਾਦਿ ਪਿਆਰੇ ਰੱਬ ਜੀ ਮਿਲਦੇ ਹਨ।ਯਥਾ:-ਸੇਵਾ ਕਰਤ;ਹੋਇ ਨਿਹਕਾਮੀ॥ਤਿਸ ਕਉ ਹੋਤ;ਪਰਾਪਤਿ ਸੁਆਮੀ॥ਅਪਨੀ ਕ੍ਰਿਪਾ;ਜਿਸੁ ਆਪਿ ਕਰੇਇ॥ਨਾਨਕ ਸੋ ਸੇਵਕੁ;ਗੁਰ ਕੀ ਮਤਿ ਲੇਇ॥੨॥੨੦੨.(ਇਲਮ)ਵਿੱਦਿਆ ਦਾ ਦੁਸ਼ਮਣ ਅਹੰਕਾਰ ਹੈ।ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੱਚੇ ਚਰਨੀਂ ਲੱਗ ਕੇ ਇਸ ਨੂੰ ਤਿਆਗੋ।

੨੦੩.ਜਿਸ ਨੇ ਤੁਹਾਡੇ ਨਾਲ ਨੇਕੀ ਕੀਤੀ ਹੈ,ਉਸ ਨੂੰ ਭੁਲਾਉਣਾ ਨਹੀਂ ਚਾਹੀਦਾ।੨੦੪.ਦੁਖੀਆਂ ਦੇ ਜੋ ਦਰਦ ਵੰਡਾਏ ਸੁਖਾਂ ਦੀ ਓਹ ਮੰਜਲ ਪਾਏ।੨੦੫.ਗੁਨਾਹ ਕਦੇ ਭੀ ਛੁਪਿਆ ਨਹੀਂ ਰਹਿੰਦਾ,ਮੁਖ ਉੱਪਰ ਲਿਖਿਆ ਜਾਂਦਾ ਹੈ।੨੦੬.ਨਾਮ ਜਪੋ ਵੰਡ ਛਕੋ ਪਰਉਪਕਾਰ ਧਰਮ ਪ੍ਰਚਾਰ ਕਰੋ।੨੦੭ਹਰ ਇੱਕ ਪ੍ਰੇਮੀ ਦਸਾਂ ਪਾਤਿਸ਼ਾਹਾਂ ਜੀ ਦੇ ਨਾਮ ਚੇਤੇ ਕਰੇ ਜੀ।੨੦੮.ਗੁਰੂ ਸਾਹਿਬ ਜੀ ਦਾ ਹੁਕਮ ਮੰਨ ਕੇ,ਸਵੇਰੇ ਉੱਠ ਕੇ ਦਾਤਣ ਇਸ਼ਨਾਨ ਸਿਮਰਨ ਨਿੱਤਨੇਮ ਕਰੋ।੨੦੯.ਗੁਰੂ ਨਾਨਕ ਦੇਵ ਸਾਹਿਬ ਜੀ ਦੇ ਨਾਮ 'ਤੇ ਦਸਵੰਧ ਦੇਵੋ।੨੧੦.ਹਰ ਰੋਜ਼ ਢਾਈ ਘੰਟੇ ਸਿਮਰਨ ਕਰਕੇ ਗੁਰੂ ਨਾਨਕ ਸਾਹਿਬ ਜੀ ਨੂੰ ਅਰਪੋ ਜੀ।੨੧੧.ਸਭ ਦੇ ਪਿਆਰੇ ਪਿਤਾ ਰੱਬ ਜੀ ਨੇ,ਦੋ ਕੰਨ ਇੱਕ ਜ਼ਬਾਨ ਦਿਤੀ ਹੈ,ਇਸ ਲਈ ਘੱਟ ਬੋਲੋ ਜ਼ਿਆਦਾ ਸੁਣੋ। ੨੧੨. ੧੯੬੫ ਈ: ਨੂੰ ਆਪ ਜੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਿਸ਼ਾਹ ਜੀ ਦੀਆਂ ਪ੍ਰਕਰਮਾਂ ਕਰ ਰਹੇ ਸਨ।ਦਾਸਨਿ ਦਾਸੀ ਕੀ ਪਨਿਹਾਰਿ॥(੩੯੧)ਅਨੁਸਾਰ,ਦਾਸਨ ਦਾਸ ਨੇ ਕਿਸੇ ਪ੍ਰੇਮੀ ਵੱਲੋਂ ਅਖੰਡ ਪਾਠ ਕਰਾਉਣ ਬਾਰੇ ਪ੍ਰੇਮ ਬੇਨਤੀ ਕੀਤੀ।ਆਪ ਜੀ ਰਿਦੇ ਰੋਮਿ ੨ ਕਰਕੇ ਅਜਪਾ ਜਾਪ 'ਚ ਲੀਣ,ਦਾਸਨ ਦਾਸ ਨੂੰ ਘੂਰਨ ਲੱਗੇ।ਦਾਸਨ ਦਾਸ ਦਾ ਮਸਤਾਨੀ ਸੋਚਣੀ 'ਚ ਹਾਸਾ ਨਿਕਲਣਾ ਚਾਹੇ,ਪਰ ਆਪ ਜੀ ਨੇ ਪਹਿਲਾਂ ਕਿਹਾ ਸੀ, ਸੇਵਕ ਹੋਇ ਸੰਜੀਦੁ,ਨ ਹਸਣ ਰੋਵਣਾ।ਅਨੁਸਾਰ, ਸੰਤਾਂ ਮਹਾਂਪੁਰਖਾਂ ਦੇ ਪਾਸ ਹੱਸੀਦਾ ਨਹੀਂ।ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਚਰਨ-ਕਮਲਾਂ 'ਚ ਹੋਣ ਕਰਕੇ,ਦਾਸਨ ਦਾਸ ਚੁੱਪ ਰਿਹਾ,ਆਪ ਜੀ ਕਥਾ ਕਰਨ ਲਈ,ਸੱਚੇ ਸਤਿਗੁਰਾਂ ਦੀ ਤਾਬਿਆ ਬੈਠ ਗਏ । ਦਾਸਨ ਦਾਸ ਨੂੰ ਬੁਲਾ ਕੇ ਕਿਹਾ'"ਮੂੰਹ ਕਿਉਂ ਘੁੱਟਿਆ ਹੈ?""ਬੋਲਣ ਜੋਗਾ ਹੀ ਨਹੀਂ ਛੱਡਿਆ ਜੀ।"ਸ੍ਰਬ ਵਿਆਪੀ ਮਹਾਂ ਵਿਸਮਾਦ ਨਿਮ੍ਰਤਾ ਗਰੀਬੀ ਹਲੀਮੀ ਦੇ ਸਾਗਰ,ਰੋਮ ੨ ਕਰਕੇ ਪੂਰਨ

ਵਿਸਮਾਦ ਇਕਾਗ੍ਰ ਪਰਮਪੂਜਨੀਕ ਸੰਤ ਮਹਾਂਪੁਰਖ ਦੋਵੇਂ ਹੱਥ ਜੋੜ ਕੇ ਬੋਲੇ,"ਤੈਨੂੰ ਆਪਣਾ ਜਾਣ ਕੇ ਘੂਰਿਆ ਹੈ,ਮੈਂ ਬੱਚਾ ਹਾਂ ਭੁੱਲ ਜਾਂਦਾ ਹਾਂ, ਮੈਨੂੰ ਮੁਆਫ਼ੀ ਬਖਸ਼। "ਰਾਮ ਭਗਤਿ ਅਨੀਆਲੇ ਤੀਰ॥੧॥ (੩੨੭)ਹਰਿ ਪ੍ਰੇਮ ਬਾਣੀ ਮਨੁ ਮਾਰਿਆ;ਅਣੀਆਲੇ ਅਣੀਆ ਰਾਮ ਰਾਜੇ॥ਜਿਸੁ ਲਾਗੀ.ਪੀਰ ਪਿਰੰਮ ਕੀ;ਸੋ ਜਾਣੈ ਜਰੀਆ॥ਅਨੁਸਾਰ, ਆਪ ਜੀ ਨੇ ਨਿਮ੍ਰਤਾ ਹਲੀਮੀ ਦੇ ਤੀਰ ਮਾਰ ਕੇ,ਦਾਸਨ ਦਾਸ ਨੂੰ ਖਿਮਾ ਨਿਮ੍ਰਤਾ ਹਲੀਮੀ ਰੂਪੀ ਧਰਤੀ 'ਤੇ ਸੁੱਟ ਦਿਤਾ।

੨੧੩. ਅੰਮ੍ਰਿਤ ਕਥਾ ਕੀਰਤਨ ਸੁਣਦਿਆਂ ਬੁਲਾਰੇ ਦੇ ਔਗੁਣ ਨ ਦੇਖੋ ਅੰਮ੍ਰਿਤ ਗੁਰਬਾਣੀ ਸੁਣਾ ਕੇ ਸੱਚੇ ਸਤਿਗੁਰਾਂ ਨਾਲ ਜੋੜ ਰਿਹਾ ਹੈ। ੨੧੪. ਪਿੰਡ ਨਾਭੇ ਸਾਹਿਬ ਜੀ(ਚੰਡੀਗੜ੍ਹ)ਤੋਂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸ਼ੁਧਾਈ ਲਈ,ਪਰਮਪੂਜਨੀਕ ਸੰਤਾਂ ਮਹਾਂਪੁਰਖਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ,ਪੰਜ ਸਿੰਘ ਭੇਜਣ ਸਮੇਂ ਫ਼ੁਰਮਾਇਆ, "ਕਰਤਾਰ ਸਿੰਘਾ!ਇੱਕ ਨਿਮਖ ਨਹੀਂ ਸੀ ਵਿਛੋੜਦਾ,ਪਰ ਇਹ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮਪਵਿੱਤ੍ਰ ਸ਼ੁਭ ਸੱਚੀ ਸੇਵਾ ਹੈ।"੨੧੫. ਹੁਕਮ ਬਿਨਾ ਨ ਝੂਲੇ ਪਾਤਾ।

ਹੋਵੈ ਸੋ ਜੋ ਕਰੇ ਬਿਧਾਤਾ॥

੨੧੬. ਸੌ ਜੰਞ ਜਾਵੇ ਤਾਂ ਨਰਕ ਨੂੰ ਜਾਂਦਾ ਹੈ।੨੧੭.ਪਰਮਪੂਜਨੀਕ ਸੰਤ ਮਹਾਂਪੁਰਖ ਜੀ,ਕਹਿਣੀ ਨਾਲੋਂ ਕਰਨੀ 'ਤੇ ਜ਼ਿਆਦਾ ਜ਼ੋਰ ਦਿੰਦੇ। ੨੧੮.ਧਰਮ ਪ੍ਰਚਾਰ ਨੂੰ ਜ਼ਿਆਦਾ ਮਹਾਨਤਾ ਦਿੰਦੇ, "ਪੂਰਨ ਪ੍ਰੇਮ ਧਰਮ ਪ੍ਰਚਾਰ ਨਾਲ ਸਦਾ ਸ੍ਰਬੱਤ ਦਾ ਭਲਾ ਹੈ।"੨੧੯. ਜਦੋਂ ਅੰਮ੍ਰਿਤ ਸੰਚਾਰ ਕਰਕੇ ਸੰਤਾਂ ਮਹਾਂਪੁਰਸ਼ਾਂ ਪਾਸ ਜਾਣਾ,ਤਾਂ ਬੇਹੱਦ ਖੁਸ਼ੀ ਕਰਦੇ,ਬਹੁਤ ੩ ਹੀ ਜ਼ਿਆਦਾ ਪਿਆਰ ਦਿੰਦੇ।੨੨੦. ਕਹਿਣ ਮਾਤ੍ਰ ਗੁਰਮਤਿ ਗ੍ਰੀਬੀ ਹੈ,ਤਬੀਬੀ ਹੈ ਜਹਾਨ ਕੀ । ਜਹਾਨ ਦੇ ਰੋਗ ਚੁੱਕਣ ਨੂੰ (ਤਬੀਬੀ) ਹਕੀਮੀ ਹੈ। ੨੨੧. ਰੇਲ 'ਚ ਸਫ਼ਰ ਕਰਦਿਆਂ ਕਿਹਾ,"ਕਰਤਾਰ ਸਿੰਘ ਜੀ!ਪੋਥੀ ਲਿਆਉ,ਪ੍ਰਕਰਮਾਂ ਨਹੀਂ ਕੀਤੀਆਂ"। ਰੁਮਾਲ ਨਾਲ ਚੌਰ ਕੀਤਾ, ਅੰਤਰ ਧਿਆਨ ਹੋ ਕੇ ਸੁਰਤ ਨਾਲ ਪ੍ਰਕਰਮਾਂ ਕੀਤੀਆਂ । ੨੨੨.ਅਪਣੇ ਕੋਲ਼ ਰਹਿਣ ਵਾਲੇ ਨੂੰ ਘੂਰਦੇ, ਜੱਥੇ 'ਚੋਂ ਬਾਹਰ ਰਹਿਣ ਵਾਲੇ ਨੂੰ ਕੁੱਝ ਭੀ ਨ ਕਹਿੰਦੇ, ਭਾਵ ਕੋਲ਼ੇ ਰਹਿਣ ਵਾਲਾ ਸਿੰਘ ਡਰ ਭੈ 'ਚ ਰਹੇ । ੨੨੩. ਆਪ ਜੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਕਰਦਿਆਂ ਨਿਮ੍ਰਤਾ ਹਲੀਮੀ ਗਰੀਬੀ ਖਿਮਾ ਵਾਹਿਗੁਰੂ ਜੀ ਦੀ ਪ੍ਰਾਪਤੀ ਵਾਲੇ ਪਦਾਂ ਨੂੰ ਬਾਰ ੨ ਰਸ ੨ ਕੇ ਜਪਦੇ ਗਾਉਂਦੇ ਪ੍ਰੇਮ ਰੰਗ ਮਾਣਦੇ। ਯਥਾ:- ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥ (੬੮੦) ੨੨੪. ਸੰਤ ਬਾਬਾ ਫਤਹਿ ਸਿੰਘ ਜੀ ਨੇ ਅਗਨ ਕੁੰਡ ਢਾਹੁਣ ਲਈ ਦੇਸ਼ਾਂ ਪ੍ਰਦੇਸਾਂ ਤੋਂ ਸਤਿਸੰਗਤਾਂ ਨੂੰ ਬੁਲਾਇਆ। ਪਰਮਪੂਜਨੀਕ ਗੁਰੂ ਪੰਥ ਜੀ ਦਾ ਬਹੁਤ ਵੱਡਾ ਇਕੱਠ ਸੀ।ਸੰਤਾਂ ਮਹਾਂਪੁਰਸ਼ਾਂ ਜੀ ਨੇ ਹੱਥ ਜੋੜ ਕੇ,ਫ਼ਤੇਹ ਗਜਾਈ,ਸੁਣ ਕੇ ਸਭ ਨੂੰ ਵਾਹ ਵਾਹ ਮਹਾਂ

ਵਿਸਮਾਦਤਾਈ ਆਈ,ਸਾਰੇ ਰੋਮ ੨ ਕਰਕੇ ਧੰਨ ਮਹਾਂਪੁਰਸ਼ ਧੰਨ ਮਹਾਂਪੁਰਸ਼ ਗੂੰਜਣ ਲੱਗੇ ।ਸੰਤਾਂ ਮਹਾਂਪੁਰਸ਼ਾਂ ਦਾ ਵਿਸਮਾਦ ਪ੍ਰਕਾਸ਼ ਸਭ ਦੇ ਉੱਪਰ ਛਾ ਗਿਆ। ਆਪ ਜੀ ਨੇ ਦੋਵੇਂ ਹੱਥ ਜੋੜ,ਸਿਰ ਝੁਕਾ ਕੇ ਇਹ ਬਚਨ ਫ਼ੁਰਮਾਏ, "ਦਾਸਨ ਦਾਸ ਗੁਰੂ ਪੰਥ ਜੀ ਦਾ ਆਗਿਆਕਾਰੀ ਅਨੁਸਾਰੀ ਹੈ,ਚਾਹੇ ਕੁੰਡ ਛਾਹੋ ਚਾਹੇ ਰੱਖੋ"।ਇਹ ਕਹਿ ਕੇ ਗੁਰ ਫ਼ਤੇਹ ਗਜਾਈ।ਵਾਹੁ ਵਾਹੁ ਕੈਸੀ ਕਮਾਲ ਜਲਵਾ ਨੂਰ ਜਮਾਲ ਭਰੀ ਨਿਮ੍ਰਤਾ ਗ੍ਰੀਬੀ ਹੈ।

੨੨੫. ਬਾਬਾ ਗੁਰਮੁਖਿ ਸਿੰਘ ਜੀ ਸੁਧਾਰੀਏ ਦੀ ਨਿਗ੍ਹਾ ਬੰਦ ਹੋ ਗਈ, ਅਤੀ ਦੁਖੀ ਹੋ ਕੇ ਕਿਹਾ, "ਮੈਂ ਨਹਿਰ 'ਚ ਡੁੱਬ ਕੇ ਮਰਨਾ ਹੈ",ਸੰਤਾਂ ਮਹਾਂਪੁਰਸ਼ਾਂ ਕੋਲ਼ ਲਿਆਂਦੇ,ਮਹਾਂਪੁਰਸ਼ਾ ਨੇ,;ਹਰਿ ਮਿਲਿਓ ਲਾਇ ਝਪੀੜਾ॥(ਜੱਫੀ ਅਨੁਸਾਰ ਛਾਤੀ ਨਾਲ ਲਾ ਕੇ, ਥਾਪੜਾ ਦੇ ਕੇ ਕਿਹਾ, "ਭਾਈ ਗੁਰਮੁਖਿ ਸਿੰਘ ਜੀ! ਇਹ ਆਪ ਜੀ ਦੇ ਭਜਨ ਦਾ ਕਾਰਨ ਬਣਿਆਂ ਹੈ"। ਜਿਉ ਲੋਹਾ ਪਾਰਸੁ ਛੁਹੇ;ਚੰਦਨ ਵਾਸੁ ਨਿੰਮੁ ਮਹਿਕਾਈ॥(ਵਾਰ ੧੦)ਲੋਹੇ ਦੇ ਪਾਰਸ ਨਾਲ ਛੂਹਣ ਵਾਲੀ ਵਿਸਮਾਦਤਾਈ ਬਣੀ,ਐਸੀ ਪਾਰਸ ਕਲਾ ਵਰਤੀ,ਬਾਬਾ ਜੀ ਹਰ ਵੇਲੇ ਗੁਰਬਾਣੀ ਪੜ੍ਹਦੇ ਰਹਿੰਦੇ, ਨ ਅਕਦੇ ਨ ਹੀ ਥੱਕਦੇ ਨ ਰੁਕਦੇ। ੨੨੬. ਗੁਰਦੁਆਰਿਆਂ ਦੀ ਪਰਮਪਵਿੱਤ੍ਰ ਸ਼ੁਭ ਸੱਚੀ ਯਾਤ੍ਰਾ ਦੇ ਚਾਅ ਦਾ ਸਮੁੰਦ੍ਰ ਹਰ ਵੇਲੇ ਆਪ ਜੀ ਦੇ ਅੰਦਰ ਠਾਠਾਂ ਮਾਰਦਾ ਰਹਿੰਦਾ, ਆਪ ਜੀ ਨੇ ਦੋ ਵਾਰ ਸ੍ਰੀ ਹਜ਼ੂਰ ਸਾਹਿਬ ਜੀ ਜਾਣ ਆਉਣ ਦੀ ਪੈਦਲ ਯਾਤ੍ਰਾ ਕੀਤੀ ।ਪੂਰਨ ਸੰਤਾਂ ਮਹਾਂਪੁਰਸ਼ਾਂ ਨੇ ਦਾਸਨ ਦਾਸ ਨੂੰ ਦੱਸਿਆ, "ਪੈਦਲ ਸਫ਼ਰ ਕਰਦਿਆਂ, ਤੀਜੇ ਦਿਨ ਇੱਕ ਪ੍ਰੇਮੀ ਦੇ ਘਰੇ,ਮੱਕੀ ਦੇ ਮੋਟੇ ਪ੍ਰਸ਼ਾਦੇ ਦਾਸਨ ਦਾਸ ਨੇ ੧੧,ਗਿਆਨੀ ਗੁਰਦਿਆਲ ਸਿੰਘ ਜੀ ਨੇ ੧੪ ਛਕੇ।੨੨੭.ਸਿੰਘ ਨੂੰ ਤੋਰਨ ਸਮੇਂ ਕਿਰਾਇਆ ਦਿੰਦੇ, ਫੇਰ ਹੋਰ ਦਿੰਦੇ ਅਵਾਜ਼ ਮਾਰ ਕੇ, ਫੇਰ ਹੋਰ ਦੇ ਦਿੰਦੇ।੧੫.ਧੰਨ ਮਹਾਂਪੁਰਸ਼ ਜੀ ਸਾਰੀ ਜ਼ਿੰਦਗੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਸਤਸੰਗਤ ਜੀ,ਪੰਜਾਂ ਪਿਆਰਿਆਂ ਦੇ ਵਸੀਕਾਰ ਰਹੇ ।੨੨੮. "ਦਿਲੋਂ ਮੁਆਫ਼ੀ ਲੈਣ ਨਾਲ,ਮੁਆਫ਼ੀ ਦੇਣ ਵਾਲੇ ਦੇ ਸਿਰ 'ਤੇ,ਸੌ ਘੜਾ ਅੰਮ੍ਰਿਤ ਦਾ ਪੈ ਜਾਂਦਾ ਹੈ,ਭਾਵ ਗ਼ਲਤੀ ਹੋਣ ਤੋਂ ਦਿਲੋਂ ਮੁਆਫ਼ੀ ਲੈਣੀ ਚਾਹੀਦੀ ਹੈ,ਕਤਲ ਕਲੇਸ਼ ਤੋਂ ਬਚਾਅ ਹੁੰਦਾ ਹੈ।"੨੨੯. ਗੁਰਮੁਖਿ ਪਿਆਰੇ ਫ਼ੌਜੀ ਸ਼ਹੀਦ ਰਣਵੀਰ ਸਿੰਘ ਜੀ ਪਿੰਡ ਥਰਾਜ ਨੇ ਪ੍ਰੇਮ ਬੇਨਤੀ ਕੀਤੀ, "ਹੇ ਮਹਾਂਪੁਰਸ਼ੋ! ਬ੍ਰਹਮਗਿਆਨੀ;ਪਰਉਪਕਾਰ ਉਮਾਹਾ॥ਅਨੁਸਾਰ, ਆਪ ਜੀ ਦਾ ਮਹਾਨ ਪਰਉਪਕਾਰੀ ਗੁਰਮੁਖਿ ਸਨਮੁਖ ਅਮੋਲਕ ਹੀਰਾ ਵਿਸਮਾਦ ਗੁਰਮੁਖਿ ਜੀਵਨ ਹੈ,ਇਸ ਤਰ੍ਹਾਂ ਦਾ ਗੁਰਮੁਖਿ ਜੀਵਨ ਦਾਸਨ ਦਾਸ ਨੂੰ ਭੀ ਬਖਸ਼ੋ ਜੀ""ਹਰ ਵੇਲੇ ਆਪਣੇ ਆਪ ਨੂੰ ਚਿਖਾ 'ਤੇ ਪਿਆ ਸਮਝੇ, ਦੂਜਾ ਹਰ ਸੁਆਸ ਵਾਹਿਗੁਰੂ ਵਾਹਿਗੁਰੂ ਜੀ ਦਾ ਸਿਮਰਨ ਨ ਭੁੱਲੇ"।੨੩੦. "ਹੇ ਭਾਈ ! ਜੇ ਕੋਈ ਥੋੜ੍ਹਾ ੨ ਧਨ ਜੋੜੇ ਤਾਂ ਭੀ ਸਮਾਂ ਪਾ ਕੇ ਵੱਡੀ ਰਕਮ ਬਣ ਜਾਂਦੀ ਹੈ।ਇਉਂ ਗੁਰੂ ਸੇਵਾ ਨਿੱਤਨੇਮ ਭਜਨ ਸਿਮਰਨ ਕਰਨ ਵਾਲਾ ਪ੍ਰੇਮੀ,ਘਣਾ ਨਾਮ ਧਨ ਇਕੱਤ੍ਰ ਕਰ ਲੈਂਦਾ ਹੈ।" ੨੩੧. ਪਰਮਪੂਜਨੀਕ ਸੰਤ ਮਹਾਂਪੁਰਸ਼ ਖ਼ਾਸ ਬਚਨ ਫ਼ੁਰਮਾਉਂਦੇ, " ਹੇ ਭਾਈ ! ਸੂਰਜ ਵੱਲ ਮੂੰਹ ਕਰਕੇ ਤੁਰਨ

ਤੋਂ, ਛਾਂ ਪਿੱਛੇ ੨ ਆਉਂਦੀ ਹੈ, ਕੰਡ ਕਰਕੇ ਤੁਰਨ ਤੋਂ ਛਾਂ ਅੱਗੇ ੨ ਭੱਜਦੀ ਹੈ,ਇਸੇ ਤਰ੍ਹਾਂ ਪਾਰਬ੍ਰਹਮ ਪੂਰਨ ਬ੍ਰਹਮ ਵਾਹਿਗੁਰੂ ਸੱਚੇ ਸਤਿਗੁਰੂ ਸਾਹਿਬ ਪਹਿਲੇ ਪਾਤਿਸ਼ਾਹ ਜੀ ਦੇ ਸਨਮੁਖ ਰਹਿਣੇ ਕਰਕੇ,ਮਾਇਆ ਮਗਰ ੨ ਭੱਜੀ ੨ ਆਉਂਦੀ ਹੈ।ਯਥਾ:-ਪ੍ਰਭ ਕੈ ਸਿਮਰਨਿ;ਰਿਧਿ ਸਿਧਿ ਨਉ ਨਿਧਿ॥)ਕਰਤੈ ਪੁਰਖਿ;ਤਾਲੁ ਦਿਵਾਇਆ॥ਪਿਛੈ ਲਗਿ ਚਲੀ ਮਾਇਆ॥ਤੋਟਿ ਨ ਕਤਹੂ ਆਵੈ॥ਮੇਰੇ ਪੂਰੇ ਸਤਗੁਰ ਭਾਵੈ॥੨॥

੨੩੨.ਇੱਕ ਪ੍ਰੇਮੀ ਦੇ ਅੰਮ੍ਰਿਤ ਮੰਗਣ ਤੋਂ ਆਪ ਜੀ ਪੰਜਾਂ ਪਿਆਰਿਆਂ 'ਚ ਲੱਗ ਕੇ ਝੱਟ ਪੱਟ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਦਿੰਦੇ ।੨੩੩. ਸਿਰੋਪਾਉ ਮਿਲਣ ਤੋਂ ਅਤਿਅੰਤ ਨਿਮ੍ਰਤਾ ਗ੍ਰੀਬੀ ਪ੍ਰੇਮ ਨਾਲ ਇਹ ਪੜ੍ਹਦੇ:-ਨਿਰਗੁਣੁ ਰਾਖਿ ਲੀਆ;ਸੰਤਨ ਕਾ ਸਦਕਾ॥ਸਤਿਗੁਰਿ ਢਾਕਿ ਲੀਆ;ਮੋਹਿ ਪਾਪੀ ਪੜਦਾ॥ ੨੨. ਗੁਰਬਾਣੀ 'ਚ ਲਿਖੀ ਅਵਸਥਾ ਬਾਰੇ, ਸਹਿਜ ਸ਼ਾਂਤੀ ਨਾਲ ਵੀਚਾਰੋ, ਕੀ ਮੈਂ ਇਹ ਧਾਰ ਲਈ ਹੈ? ੨੩੪. "ਹੇ ਮਹਾਂਪੁਰਸ਼ੋ! ਗੁਰਮੁਖਿ ਕੋਟਿ ਉਧਾਰਦਾ ਭਾਈ;ਦੇ ਨਾਵੈ ਏਕ ਕਣੀ॥ ਅਨੁਸਾਰ, ਦਾਸਨ ਦਾਸੀ ਨੂੰ ਨਾਮ ਬਖ਼ਸ਼ੋ ਜੀ," ਦੋਵੇਂ ਹੱਥ ਜੋੜ ਕੇ "ਹੇ ਮਾਤਾ ਜੀ! ਦਾਸਨ ਦਾਸ ਤਾਂ ਅਜੇ ਸਿੱਖ ਭੀ ਨਹੀਂ ਬਣਿਆਂ"। ੨੩੫. ਕਲਕੱਤੇ ਸਤਸੰਗਤ ਜੀ ਨੇ, ਸੰਤਾਂ ਮਹਾਪੁਰਖਾਂ ਜੀ ਦੇ ਗਲ਼ 'ਚ ਬਹੁਤ ਸਾਰੇ ਹਾਰ ਪਾ ਕੇ,ਰੱਜ ਕੇ ਵੱਧ ਚੜ੍ਹ ਕੇ ਪੂਰਨ ਆਦਰ ਅਦਬ ਸਤਿਕਾਰ ਕੀਤਾ, ਸਤਿਕਾਰ ਹੋਣ ਤੋਂ, ਆਪ ਜੀ ਪੂਰਨ ਵੈਰਾਗ 'ਚ ਬੋਲੇ,"ਕਰੈ ਗੁਮਾਨੁ.ਚੁਭਹਿ ਤਿਸੁ ਸੂਲਾ;ਕੋ ਕਾਢਨ ਕਉ ਨਾਹੀ॥ਅਜੈ ਸੁ ਚੋਭ ਕਉ.ਬਿਲਲ ਬਿਲਾਤੇ;ਨਰਕੇ ਘੋਰ ਪਚਾਹੀ॥ਹੇ ਕਰਤਾਰ ਸਿੰਘ ਜੀ!ਇਹ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਐਨਾ ਵੱਧ ਸਤਿਕਾਰ ਕਰਵਾਇਆ ਹੈ, ਸਤਿਕਾਰ ਹੋਣ ਤੋਂ ਜੇ ਕੋਈ ਗੁਮਾਨ ਕਰੇ ਤਾਂ ਤਿਸ ਦੇ ਹੰਕਾਰ ਰੂਪੀ ਜਾਂ ਜਮਾਂ ਦਾ (ਸੂਲਾ) ਬਰਛਾ ਚੁਭਦਾ ਹੈ"ਭਾਵ ਹੰਕਾਰ ਹਰ ਸਮੇਂ ਬਰਛੇ ਵਾਂਗ ਅੰਦਰ ਚੁੱਭਦਾ ਰਹਿੰਦਾ ਹੈ, ਹੰਕਾਰ ਕਰਕੇ ਦੁਖੀ ਸੜਦਾ ਰਹਿੰਦਾ ਹੈ ।੨੩੬. ਬਿਹੰਗਮ ਮੂੰਗਫਲੀ ਤੋਂ ਪ੍ਰਹੇਜ਼ ਰੱਖੇ।

੨੩੭. ਗੁਰਦੁਆਰਾ ਸ੍ਰੀ ਅਖੰਡ ਪ੍ਰਕਾਸ਼ ਸਾਹਿਬ ਜੀ,ਪਿੰਡ ਭਿੰਡਰਾਂ ਵਿਖੇ, ਆਪ ਜੀ ਦੇ ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ ਬਰੜਾਉਣ ਤੋਂ ਪ੍ਰੇਮੀਆਂ ਨੇ ਪੋਥੀਆਂ ਪ੍ਰਕਾਸ਼ ਕੀਤੀਆਂ,ਸ੍ਰੀ ਅਖੰਡ ਪਾਠੀ ਵਾਂਗ ਲਗਾਤਾਰ ਗੁਰਬਾਣੀ ਉਚਾਰਦੇ ਰਹੇ। ਸੁਪਨੇ 'ਚ ਗੁਰਬਾਣੀ ਉਚਾਰਨ ਦੀ ਮਹਾਨ ਮਹਾਨਤਾ ਜਣਾਉਂਦਿਆਂ, ਰੱਬ ਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਇਉਂ ਫ਼ੁਰਮਾਉਂਦੇ ਹਨ:- ਕਬੀਰ.ਸੁਪਨੈ ਹੂ ਬਰੜਾਇ ਕੈ;ਜਿਹ ਮੁਖ ਨਿਕਸੈ ਰਾਮੁ॥ ਤਾ ਕੇ [੧]ਪਗ ਕੀ [੨]ਪਾਨਹੀ; ਮੇਰੇ ਤਨ ਕੋ ਚਾਮੁ॥ ੧.ਚਰਨ ।੨.ਜੁੱਤੀ ੨੩੮. ਸ੍ਰੀ ਦਮਦਮੀ ਟਕਸਾਲ ਅੰਦਰ ਪਹਿਲਾਂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਸੰਥਾ ਕਰਵਾਉਂਦੇ, ਫੇਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਰੌਲ਼ 'ਤੇ ਲਾਉਂਦੇ ਹਨ।ਅੰਮ੍ਰਿਤ ਕੀਰਤਨ ਸਿੱਖਣ ਤੋਂ ਪਹਿਲਾਂ ਸੰਥਾ ਕਰਨੀ ਬਹੁਤ ਹੀ ਜ਼ਰੂਰੀ ਹੈ।ਸ੍ਰੀ ਦਮਦਮੀ ਟਕਸਾਲ ਦੇ ਸਮੂਹ ਮਹਾਂਪੁਰਖ ਪੂਰਨ ਬ੍ਰਹਮਗਿਆਨੀ ਹੋਏ ਹਨ, ਜਿਨ੍ਹਾਂ ਨੇ ਅਨੇਕ ਕਥਾਕਾਰ ਕੀਰਤਨੀਏ ਧਰਮ ਪ੍ਰਚਾਰਕ

ਮਹਾਂਪੁਰਸ਼ ਪੈਦਾ ਕੀਤੇ,ਉਨ੍ਹਾਂ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ,ਨਮਸਕਾਰ ਬਲਿਹਾਰ।ਗੁਰਪ੍ਰਸਾਦਿ ਸੰਪੂਰਨੰ।

### ੧੪੨ ਊੜਾ. ਪੂਰਨ ਸੰਤ ਬਾਬਾ ਅਤਰ ਸਿੰਘ ਮਹਾਰਾਜ ਜੀ ਦੇ ਅਮੋਲਕ ਬਚਨ:-

੧.ਸਭ ਤੋਂ ਵੱਡਾ ਗੁਣ ਖਿਮਾ ਹੈ।੨.ਕਿਸੇ ਦੇ ਕੁਬੋਲ ਸਹਾਰਨੇ,ਗੁਣਾਂ ਸਿਰ ਗੁਣ,ਤਪਾਂ ਸਿਰ ਤਪ ਹੈ।੩.ਪ੍ਰੇਮੀਓ! ਫ਼ਕੀਰੀ ਬੜੀ ਦੂਰ ਹੈ।ਜਦ ਤੀਕਰ ਸਿਮਰਨ ਸੇਵਾ ਆਸਰੇ,ਦ੍ਰਿਸਟਮਾਨ ਅਕਾਰ ਅੰਦਰੋਂ ਖ਼ਤਮ ਕਰਕੇ,ਔਗੁਣਾਂ ਤੋਂ ਪਰੇ ਨ ਹੋ ਜਾਵੇ,ਫਕੀਰ ਨਹੀਂ ਬਣਦਾ।ਅਸੀਂ ਤਾਂ ਥੋੜ੍ਹੇ ਜਿਹੇ ਦੁੱਖ ਨੂੰ ਦੁੱਖ ਮੰਨ ਲੈਂਦੇ ਹਾਂ ਅਤੇ ਸ੍ਰੀਰ ਦੇ ਅਧੀਨ ਹੋ ਕੇ,ਸਤਿਗੁਰੂ ਜੀ ਦੇ ਹੁਕਮ ਨੂੰ ਭੁੱਲ ਜਾਂਦੇ ਹਾਂ।ਭਾਈ! ਫਕੀਰੀ ਬਾਣਾ ਧਾਰਨ ਦਾ ਤਾਂ ਇਹੀ ਗੁਣ ਹੈ ਕਿ ਘੱਟ ਤੋਂ ਘੱਟ ਭੇਖ ਦੀ ਲਾਜ ਕਰਕੇ ਹੀ,ਹਰ ਵੇਲੇ ਸਤਿਗੁਰੂ ਸਾਹਿਬ ਜੀ ਦਾ ਹੁਕਮ ਯਾਦ ਰਹੇ।ੴ ਸਤਿਗੁਰ ਪ੍ਰਸਾਦਿ॥ਰਾਮਕਲੀ ਪਾਤਸਾਹੀ ੧੦॥ਰੇ ਮਨ;ਐਸੋ ਕਰਿ ਸੰਨਿਆਸਾ॥ਬਨ ਸੇ ਸਦਨ ਸਭੈ ਕਰਿ ਸਮਝਹੁ;ਮਨ ਹੀ ਮਾਹਿ ਉਦਾਸਾ॥੧॥ਰਹਾਉ॥ ਜਤ ਕੀ ਜਟਾ,ਜੋਗ ਕੋ ਮੱਜਨੁ;ਨੇਮ ਕੇ ਨਖਨ ਬਢਾਓ॥ਗਿਆਨ ਗੁਰੂ,ਆਤਮ ਉਪਦੇਸਹੁ;ਨਾਮ ਬਿਭੂਤ ਲਗਾਓ॥੧॥ਅਲਪ ਅਹਾਰ.ਸੁਲਪ ਸੀ ਨਿੰਦ੍ਰਾ;ਦਯਾ ਛਿਮਾ ਤਨ ਪ੍ਰੀਤਿ॥ਸੀਲ ਸੰਤੋਖ ਸਦਾ ਨਿਰਬਾਹਿਬੋ;ਹ੍ਵੈਬੋ ਤ੍ਰਿਗੁਣ ਅਤੀਤਿ॥੨॥ਕਾਮ ਕ੍ਰੋਧ ਹੰਕਾਰ ਲੋਭ ਹਠ;ਮੋਹ ਨ ਮਨ ਸੋ ਲਯਾਵੈ॥ਤਬ ਹੀ ਆਤਮ ਤਤ ਕੋ ਦਰਸੇ;ਪਰਮ ਪੁਰਖ ਕਹ ਪਾਵੈ॥੩॥੧॥ ੪.ਸਭ 'ਚ ਵਾਹਿਗੁਰੂ ਜੀ ਪਰੀ ਪੂਰਨ ਹੋ ਰਹੇ ਹਨ। ਜਨ ਨਾਨਕ ਸਭ ਹੀ ਮੈ;ਪੂਰਨ ਏਕ ਪੁਰਖ ਭਗਵਾਨੋ॥ ਅੰਮ੍ਰਿਤੁ ਅਮੋਲਕ ਵਸਤੂ ਹੈ, ਇਹ ਸਿਰ ਦਿੱਤਿਆਂ ਮਿਲਦਾ ਹੈ। ਨੌਂ ਖੰਡ ਪ੍ਰਿਥਵੀ ਦਾ ਰਾਜ ਭੀ ਇਸ ਦਾ ਮੁੱਲ ਨਹੀਂ। ਆਪਣੀ ਸ਼ਰਧਾ ਨਾਲ ਭਾਵੇਂ ਕੋਈ ਤਨ ਮਨ ਤੇ ਧਨ ਗੁਰੂ ਜੀ ਨੂੰ ਅਰਪਣ ਕਰ ਦੇਵੇ, ਫਿਰ ਭੀ ਅੰਮ੍ਰਿਤ ਦਾ ਮੁੱਲ ਨਹੀਂ ਦੇ ਸਕਦਾ।੫.ਕਮਾਈ ਵਾਲੇ ਮਹਾਂਪੁਰਸ਼ਾਂ ਦੇ ਨਾਲ, ਜਿਨ੍ਹਾਂ ਨੇ ਮੈਂ ਮੇਰੀ ਤਿਆਗ ਦਿੱਤੀ ਹੋਵੇ ਅਤੇ ਤਨ ਮਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਪਨ ਕਰ ਦਿਤਾ ਹੋਵੇ, ਉਨ੍ਹਾਂ ਦੇ ਨਾਲ ਸ਼ਹੀਦ ਸਿੰਘਾਂ ਦਾ ਅਰਸ਼ੀ ਪਹਿਰਾ ਰਹਿੰਦਾ ਹੈ।੬.ਪ੍ਰੇਮੀਓ! ਹੀਰਾ ਜਨਮ ਨਹੀਂ ਜੇ ਥਿਆਉਣਾ ਕਰ ਲੌ ਪ੍ਰੇਮ ਬੇਨਤੀਆਂ।ਵੇਖਿਓ ਕਿਤੇ,ਪ੍ਰਸ਼ਾਦਿ ਖੀਰ ਪਦਾਰਥਾਂ ਵਿਕਾਰਾਂ 'ਚ ਹੀ ਅਟਕ ਨ ਜਾਇਓ! ਨਾਮ ਸਿਮਰਨ ਨੂੰ ਮੁਖ ਰੱਖ ਕੇ ਸੇਵਾ ਕਰ ਲੌ,ਤਾਂ ਅਮੋਲਕ ਜਨਮ ਸਫਲ ਹੋ ਜਾਵੇਗਾ।੭.ਇਹ ਸ੍ਰੀਰ ਲੁਹਾਰ ਦੀ ਖੱਲ ਵਾਂਗੂੰ ਹੈ,ਸਵਾਸ ਅੰਦਰੋਂ ਭਰ ਕੇ ਨਿਕਲਦੇ ਹਨ।ਜੇ ਵਾਹਿਗੁਰੂ ਜੀ ਦੇ ਨਾਮ ਨਾਲ ਮਿਲੇ ਹੋਏ ਆਉਣ,ਤਾਂ ਸਵਾਸ ਸ੍ਰੀਰ ਸਫ਼ਲ ਹਨ,ਨਹੀਂ ਤਾਂ,ਬਿਰਥਾ;ਨਾਮ ਬਿਨਾ ਤਨੁ ਅੰਧ॥ਮੁਖਿ ਆਵਤ;ਤਾ ਕੈ ਦੁਰਗੰਧ॥

੮.ਤਨ ਮਨ ਧਨ ਗੁਰੂ ਸਾਹਿਬ ਜੀ ਨੂੰ ਦੇਈਏ, ਤਾਂ ਗੁਰੂ ਸਾਹਿਬ ਜੀ ਦਾ ਬਣ ਜਾਈਦਾ ਹੈ।੯.ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਿਸ਼ਾਹੀਆਂ ਜੀ ਦੇ ਪ੍ਰਤੱਖ ਸਰੂਪ ਅਕਾਲ ਪੁਰਖ ਦੀ ਗੁਰ ਅੰਮ੍ਰਿਤ ਭਿੰਨੀ ਦੇਹੁਰੀ;ਹਨ।੧੦.ਨੀਚ ਕੀਟ ਗ੍ਰੀਬ ਹੋ ਕੇ ਸੇਵਾ ਕਰੀਏ,ਤਾਂ ਸੱਚੇ

ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਂ ਬਖ਼ਸ਼ੀਸ਼ ਕਰਦੇ ਹਨ।ਖਿਨ ਮਹਿ;ਨੀਚ ਕੀਟ ਕਉ ਰਾਜ॥ ਪਾਰਬ੍ਰਹਮ;ਗਰੀਬ ਨਿਵਾਜ॥ਅਨੁਸਾਰ ਜਿਵੇਂ ਆਪਣੇ ਆਗਿਆਕਾਰੀ ਨੀਚ ਕੀਟ ਸੇਵਕ ਨੂੰ ਬ੍ਰਹਮ ਸਰੂਪ ਬਣਾ ਦਿੰਦੇ ਹਨ।੧੧.ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਘਰ 'ਚ ਸੇਵਾ ਸਿਮਰਨ ਪਰਉਕਾਰ ਮੁਖ ਹਨ।

੧੨.ਸੇਵਾ ਸਿਮਰਨ ਪਰਉਪਕਾਰ ਤੋਂ ਬਗੈਰ ਗ੍ਰੀਬੀ ਨਹੀਂ ਆਉਂਦੀ,ਦੇਹ ਅਭਿਮਾਨ ਨਹੀਂ ਟੁੱਟਦਾ।ਆਤਮ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ।

੧੩.ਭਾਈ ਕਰਮ ਸਿੰਘ ਜੀ ਨੇ ਪ੍ਰੇਮ ਬੇਨਤੀ ਕੀਤੀ, "ਬਗੈਰ ਘਿਓ ਦੇ ਖੁਸ਼ਕੀ ਹੋ ਜਾਵੇਗੀ।" ਸੰਤ ਜੀ ਮਹਾਰਾਜ ਹੱਸ ਪਏ, ਆਖਿਆ "ਭਾਈ! ਖੁਸ਼ਕੀ ਨਹੀਂ ਹੋਵੇਗੀ, ਗੁਰੂ ਜੀ ਦੇ ਸੱਚੇ ਚਰਨ-ਕਮਲਾਂ ਦਾ ਧਿਆਨ ਧਾਰ ਕੇ,ਪੂਰਨ ਪ੍ਰੇਮ ਨਾਲ ਨਾਮ ਜਪਦੇ ਜਾਓ,ਸਭ ਤਰੀ ਹੀ ਤਰੀ ਰਹੇਗੀ।"

੧੪.ਭਾਈ! ਗੁਰੂ ਨਾਨਕ ਦੇਵ ਸਾਹਿਬ ਜੀ ਦੇ ਕੂਕਰਾਂ ਨੂੰ ਸੁਤੇ ਸਿੱਧ ਹੀ,ਸਤਿਗੁਰੂ ਅਕਾਲ ਪੁਰਖੁ ਜੀ ਦੀ ਬਖ਼ਸ਼ਿਸ਼ ਹੋ ਜਾਂਦੀ ਹੈ,ਭਾਵ ਪ੍ਰਾਪਤੀ ਹੋ ਜਾਂਦੀ ਹੈ।

੧੫.ਭਾਈ ਸਤਿਗੁਰੂ ਸਾਹਿਬ ਜੀ ਦੀਆਂ ਸ਼ਹੀਦੀ ਫ਼ੌਜਾਂ ਗ੍ਰੀਬ ਦਾਸਾਂ ਦੀ ਰਾਖੀ ਕਰਦੀਆਂ ਹਨ। ਜੇ ਕਦੀ ਕਿਸੇ ਪ੍ਰੇਮੀਂ ਨੂੰ ਇਹ ਕੌਤਕ ਨਜ਼ਰ ਆ ਜਾਵੇ ਤਾਂ ਚੁੱਪ ਕਰਕੇ ਦੇਖਣਾ ਚਾਹੀਦਾ ਹੈ,ਅੱਗੋਂ ਕੋਈ ਬਚਨ ਨਹੀਂ ਕਰਨਾ ਚਾਹੀਦਾ।੧੬.ਸੇਵਾ ਕਰਨ ਕਰਾਉਣ ਦੀ ਪੰਡ ਭਾਵੇਂ ਕਿੰਨੀ ਭੀ ਭਾਰੀ ਹੋਵੇ, ਜੇ ਸਿੱਖ ਇੱਕ ਵਾਰੀ ਚੁੱਕ ਲਵੇ,ਕਦੇ ਭੀ ਨਾ ਸੁੱਟੇ,ਸਤਿਗੁਰੂ ਸਾਹਿਬਾਨ ਜੀ ਆਪਣਾ ਕਾਰਜ,ਆਪ ਹੀ ਸੰਪੂਰਨ ਕਰ ਲੈਂਦੇ ਹਨ।੧੬.ਹੇ ਭਾਈ!ਚਤੁਰਾਈ ਨ ਚਤੁਰਭੁਜੁ ਪਾਈਐ॥) ਕਹੁ ਕਬੀਰ;ਭਗਤਿ ਕਰਿ ਪਾਇਆ॥ਭੋਲੇ ਭਾਇ;ਮਿਲੇ ਰਘੁਰਾਇਆ॥)ਭੋਲਾ ਭਾਉ ਗੋਬਿੰਦੁ ਮਿਲਾਵੈ॥(ਵਾਰ ੧੦) ੧੭.ਪੂਰੇ ਚਾਅ ਉਤਸ਼ਾਹ ਨਾਲ ਹਜ਼ੂਰੀ 'ਚ,ਨਾਮ ਅਭਿਆਸ ਕਰਨ ਨਾਲ ਇੱਕ ਅਦਭੁਤ ਅਖੰਡ ਜੋਤਿ ਪ੍ਰਗਟ ਹੁੰਦੀ ਹੈ, ਜਿਸ ਦੇ ਆਸਰੇ ਕੋਟਾਨ ਕੋਟਿ ਸੂਰਜ ਚੰਦ ਖੰਡ ਬ੍ਰਹਮੰਡ ਸਾਰੀ ਰਚਨਾ ਚੱਲ ਰਹੀ ਹੈ।੧੮.ਗੁਰਬਾਣੀ ਦੇ ਅੱਗੇ ਜੰਤ੍ਰ ਮੰਤ੍ਰ ਤੰਤ੍ਰ ਰਿੱਧੀਆਂ ਸਿੱਧੀਆਂ ਮਾਤ ਪੈ ਜਾਂਦੀਆਂ ਹਨ। ਏਸ ਲਈ ਸਿੱਖ ਦਾ ਧਰਮ ਹੈ ਕਿ ਹਰ ਵੇਲੇ ਗੁਰਬਾਣੀ ਦੇ ਰੰਗ ਚ ਮੱਤਾ ਰਹੇ। ਨਾਮਾ ਕਹੈ ਤਿਲੋਚਨਾ; ਮੁਖ ਤੇ ਰਾਮੁ ਸੰਮ੍ਹਾਲਿ॥ ਹਾਥ ਪਾਉ ਕਰਿ ਕਾਮੁ ਸਭੁ; ਚੀਤੁ ਨਿਰੰਜਨ ਨਾਲਿ॥ਫੇਰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦਾ ਰੱਖਿਆ ਕਰਦੇ ਹਨ, ਕੋਈ ਜੰਤ੍ਰ ਮੰਤ੍ਰ ਤੰਤ੍ਰ ਦੁਸ਼ਮਣ ਦੂਤ ਏਸ ਦੇ ਲਾਗੇ ਨਹੀਂ ਆ ਸਕਦਾ।

੧੯.ਭਾਈ! ਮਾਨ ਅਭਿਮਾਨ ਵਾਲਾ ਸੇਵਕ ਨਹੀਂ ਹੁੰਦਾ।ਯਥਾ:-ਮਾਨ ਅਭਿਮਾਨ ਮੰਧੇ;ਸੋ ਸੇਵਕੁ ਨਾਹੀ॥ਤਤ ਸਮਦਰਸੀ ਸੰਤਹੁ;ਕੋਈ ਕੋਟਿ ਮੰਧਾਹੀ॥ ੨੦.ਭਾਈ!ਪਰਮਪੂਜਨੀਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸ਼ਰਧਾਲੂਆਂ ਨੂੰ ਕਿਸੇ ਗੱਲ ਦਾ ਘਾਟਾ ਨਹੀਂ ਹੁੰਦਾ ਹੈ।੨੧.ਭਾਈ! ਨਾਮੁ ਜਪਣਾ, ਪ੍ਰਾਣੀ

ਮਾਤ੍ਰ ਦਾ ਮੁਖ ਧਰਮ ਹੈ। ਜਿਵੇਂ ਘੜੀ ਇੱਕ ਰਸ ਟਿਕ ੨ ਕਰਦੀ ਰਹਿੰਦੀ ਹੈ,ਏਸੇ ਤਰ੍ਹਾਂ ਹੀ ਹਰ ਇੱਕ ਸਿੱਖ,ਆਪਣੀ ਮਨ ਬ੍ਰਿਤੀ ਨੂੰ ਵਾਹਿਗੁਰੂ ਜੀ ਨਾਲ ਜੋੜ ਸੁਆਸ ੨ ਨਾਮੁ ਜਪੇ।

ਗੁਰਪ੍ਰਸਾਦਿ ਗੁਰੂ ਰੂਪ ਖ਼ਾਲਸੇ ਪੰਥ ਜੀ ਦੀ ਤਰੱਕੀ ਲਈ ਸੰਤਾਂ ਦੇ ਅਮੋਲਕ ਬਚਨ:-੧.ਸਾਧਸੰਗਤ ਜੀ, ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਖ਼ਾਲਸਾ ਪੰਥ ਦੀ ਦਿਨ ਦੂਣੀ ਰਾਤ ਚੌਣੀ ਤਰੱਕੀ ਹੋਵੇ। ਪਰ ਸਾਧਸੰਗਤ ਜੀ! ਇਹ ਤਰੱਕੀ ਉਸ ਦਿਨ ਹੀ ਹੋਵੇਗੀ, ਜਦ ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ (ਤਿੰਨ ਵਜੇ) ਪਿੰਡ ੨ ਸ਼ਹਿਰ ੨ ਦੀਆਂ ਖ਼ੂਹੀਆਂ 'ਤੇ ਸਾਧਸੰਗਤ ਜੀ ਦੇ ਡੋਲ ਖੜਕਣਗੇ ਅਤੇ ੧ੳੇਂ ਸਤਿਨਾਮੁ ਦੀ ਧੁਨੀ ਉੱਠੇਗੀ।

੨.ਜਿਸ ਦਿਨ ਸਾਰੇ ਗੁਰੂ ਖ਼ਾਲਸੇ ਜੀ ਦਾ ਇੱਕੋ ਖ਼ਜ਼ਾਨਾ ਹੋ ਜਾਵੇਗਾ ਅਤੇ ਗੁਰੂ ਜੀ ਦੀਆਂ ਸੰਗਤਾਂ ਆਪਣੀ ਦਸਵੰਧ ਅਤੇ ਕਾਰ ਭੇਟ ਇਸ ਖ਼ਜ਼ਾਨੇ 'ਚ ਮਹੀਨੇ ਦੇ ਮਹੀਨੇ ਜਮ੍ਹਾਂ ਕਰਾਉਣਗੀਆਂ। ਫੇਰ ਆਸ਼ਰਮਾਂ ਅਤੇ ਪੰਥਕ ਕਾਰਜਾਂ ਲਈ ਅਪੀਲ ਦੀ ਲੋੜ ਨਹੀਂ ਪਵੇਗੀ। ਮੰਗ ਕਰਨ ਨਾਲ ਖ਼ਾਲਸੇ ਜੀ ਦੇ ਨਿਰਭੈ ਅਤੇ ਬੇਪ੍ਰਵਾਹ ਹਿਰਦੇ 'ਚ ਕਮਜ਼ੋਰੀ ਆ ਜਾਂਦੀ ਹੈ। ਸਹਿਜ ਸੁਭਾਇ ਗੁਰ ਕੇ ਸਿੱਖ ਨਿਸ਼ਾਨ ਸਾਹਿਬ ਜੀ ਦੇ ਸਾਏ ਹੇਠ ਆਪਣੇ ਆਪ ਹੀ ਅਰਦਾਸੇ ਕਰਾਈ ਜਾਣ ਤੇ ਉੱਥੇ ਬੈਠੇ ਅਰਦਾਸਈਏ ਚੁਪੀਤੇ ਹੀ ਅਰਦਾਸੇ ਕਰੀ ਜਾਣ, ਬੋਲੋ ਜੀ ਵਾਹਿਗੁਰੂ, ਪ੍ਰੇਮੀ ਮਾਇਆ ਅਰਦਾਸ ਕਰਾਉਂਦਾ ਹੈ, ਨਾਮ ਚਿੱਤ ਆਵੇ।੩.ਪੰਥ ਦੇ ਸਾਰੇ ਪ੍ਰੇਮੀ ਨਾਮੁ ਜਪਣ ਅਤੇ ਕਥਾ ਕੀਰਤਨ ਨੂੰ ਮੁਖ ਕਾਰ ਸਮਝਣ ਅਤੇ ਆਪਣੇ ਸਾਰੇ ਕਾਰੋਬਾਰ ਗੁਰਮੁਖੀ ਅੱਖਰਾਂ ਦੁਆਰਾ ਚਲਾਉਣ।੪.ਜਿਸ ਦਿਨ ਗੁਰੂ ਖ਼ਾਲਸਾ ਆਪਣੇ ਪੰਜ ਆਗੂ ਤੇ ਇਨ੍ਹਾਂ ਦਾ ਇੱਕ ਸਾਖੀ ਚੁਣ ਲਵੇਗਾ ਅਤੇ ਇਨ੍ਹਾਂ ਦੀ ਆਗਿਆ ਚ ਚਲੇਗਾ, ਜਿਸ ਕੰਮ ਨੂੰ ਹੱਥ ਪਾਵੇਗਾ ਉਹ ਫ਼ਤੇਹ ਹੋ ਜਾਵੇਗਾ। ਚੁਣਨ ਵੇਲੇ ਕਿਸੇ ਦਾ ਲਿਹਾਜ਼ ਨਾ ਹੋਵੇ। ਸਿੱਧੀ ਸਪਸ਼ਟ ਗੱਲ ਜੋ ਦਿਲ 'ਚ ਹੋਵੇ ਆਖੀ ਜਾਵੇ। ਪਰ ਜਦ ਇੱਕ ਵਾਰੀ ਪੰਥ ਦੇ ਮੁਖੀ ਚੁਣੇ ਜਾਣ, ਫੇਰ ਭਾਵੇਂ ਉਹ ਮਿੱਟੀ ਦੇ ਮਾਧੋ ਭੀ ਹੋਣ, ਜਦ ਤੀਕਰ ਓਨ੍ਹਾਂ ਦਾ ਸ੍ਰੀਰ ਹੈ ਤੇ ਗੁਰੂ ਸਾਹਿਬ ਜੀ ਦੀ ਰਹਿਤ ਚ ਪ੍ਰਪੱਕ ਹਨ, ਉਨ੍ਹਾਂ ਦੀ ਆਗਿਆ ਮੰਨੀ ਜਾਵੇ। ਇਹ ਨਾ ਹੋਵੇ ਕਿ ਅਜ ਟੀਸੀ ਚਾੜ੍ਹ ਦਿਤਾ ਅਤੇ ਕਲ ਸਿਰ ਦੇ ਭਾਰ ਹੇਠਾਂ ਮਾਰਿਆ।

੫.ਖ਼ਾਲਸੇ ਦੇ ਜਥੇਦਾਰ 'ਚ ਤਿੰਨ ਗੁਣ ਹੋਣੇ ਚਾਹੀਦੇ ਹਨ। ਬੀਰਤਾ, ਧੀਰਤਾ ਅਤੇ ਗੰਭੀਰਤਾ। ਬੀਰਤਾ:- ਸੂਰਬੀਰ ਭੀ ਪੂਰਾ ਹੋਵੇ। ਗੱਲ ਮੂੰਹੋਂ ਉਹ ਕੱਢੇ, ਜਿਹੜੀ ਕਰਕੇ ਦਿਖਾ ਦੇਣੀ ਹੋਵੇ, ਨਹੀਂ ਤੇ ਚੁੱਪ ਰਹੇ। ਧੀਰਤਾ:- ਧੀਰਜ ਧਰਤੀ ਵਾਂਗ ਹੋਵੇ। ਧਰਤੀ ਨੂੰ ਭਾਵੇਂ ਕੋਈ ਪੁੱਟੇ ਭਾਵੇਂ ਚੰਦਨ ਲੇਪ ਕਰੇ, ਇੱਕ ਰਸ ਰਹਿੰਦੀ ਹੈ। ਗੰਭੀਰਤਾ:- ਉਸ ਦੇ ਮਨ ਦਾ ਪੂਰਾ ਭੇਦ ਕਿਸੇ ਨੂੰ ਨਾ ਪਤਾ ਹੋਵੇ।

੬."ਗੁਰੂ ਸੇਵਾ ਲੋਕ ਪ੍ਰਲੋਕ ਸਵਾਰਦੀ ਹੈ।ਤਨ ਮਨ ਨੂੰ ਤਕੜਾ ਕਰਦੀ ਹੈ।ਸੇਵਾ ਸਿਮਰਨ ਕਰਕੇ,ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ੭.ਗੁਰੂ ਪੰਥ ਜੀ ਦੇ ਸਾਰੇ ਗਿਆਨੀ ਸਿੰਘ ਸਾਹਿਬਾਨ ਜੀ, ਹੁਣ ਜ਼ੋਰ ਦਿੰਦੇ ਹਨ ਕਿ ਪੰਥ ਜਥੇਬੰਦ ਹੋਵੇ। ਜੇ ਪਹਿਲਾਂ ਸਾਰੀ ਜਥੇਬੰਦੀ ਸਿਮਰਨ ਭਜਨ ਦੇ ਆਸਰੇ

ਪੱਕੀ ਹੁੰਦੀ, ਤਾਂ ਕੋਈ ਤਾਕਤ ਇਸ ਨੂੰ ਪਾੜ ਨਹੀਂ ਸੀ ਸਕਦੀ ਅਤੇ ਇਨ੍ਹਾਂ ਦੇ ਕਾਰਜ 'ਚ ਵਿਘਨ ਨਹੀਂ ਸੀ ਪਾ ਸਕਦੀ। ੮.ਗੁਰੂ ਘਰ ਦੀ ਪੁਰਾਤਨ ਮਰਯਾਦਾ ਇਹ ਸੀ ਕਿ ਅਰਦਾਸੀਆ ਇੱਕ ਜਗ੍ਹਾ ਬੈਠ ਜਾਂਦਾ ਹੈ ਅਤੇ ਸਾਧਸੰਗਤ ਉੱਥੇ ਮਾਇਆ ਭੇਟਾ ਕਰੀ ਜਾਂਦੀ। ਕੋਈ ਕੌਡੀ ਦੇਵੇ ਭਾਵੇਂ ਲੱਖ, ਅਰਦਾਸਾ ਇਕੋ ਹੀ ਹੁੰਦਾ ਸੀ, "ਬੋਲੋ ਜੀ ਵਾਹਿਗੁਰੂ, ਪ੍ਰੇਮੀ ਸੇਵਾ ਲਈ ਭੇਟਾ ਹਾਜ਼ਰ ਕਰਦਾ ਹੈ ਨਾਮ ਚਿੱਤ ਆਵੇ।"

੯.ਸਤਿਗੁਰੂ ਨਾਨਕ ਦੇਵ ਸਾਹਿਬ ਜੀ ਗੁਰਸਬਦ ਨੂੰ ਆਪਣੇ ਗੁਰੂ ਜੀ ਮੰਨਦੇ ਹਨ, ਸਭ ਸਿੱਖਾਂ ਨੂੰ ਗੁਰਸਬਦ ਦੀ ਪੂਜਾ ਚ ਲਾਉਂਦੇ ਹਨ। ਯਥਾ:- ਸਬਦੁ ਗੁਰੂ;ਸੁਰਤਿ ਧੁਨਿ ਚੇਲਾ॥ਆਪਣੇ ਆਪ ਨੂੰ ਗੁਰੂ ਕਹਾਉਣ ਦੀ ਬਜਾਏ,ਸਗ ਨਾਨਕ ਦੀਬਾਨ ਮਸਤਾਨਾ;ਨਿਤ ਚੜੈ ਸਵਾਇਆ॥ਅਨੁਸਾਰ ਵਾਹਿਗੁਰੂ ਜੀ ਦਾ ਕੂਕਰ ਕਹਿ ਰਹੇ ਹਨ,ਇਸ ਲਈ ਦੇਹਧਾਰੀ ਗੁਰੂ ਨੂੰ ਨਹੀਂ ਮੰਨਣਾ।੧੦.ਦੂਜੇ ਬਣ ਬਹਿਣ 'ਚ ਘਾਟਾ ਹੀ ਘਾਟਾ ਹੈ। ਜਿਸ ਨੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਾਣ ਲਿਆ ਹੈ, ਉਸ ਕੋਲ ਸੁਤੇ ਸਹਿਜ ਜਗਿਆਸੂ ਖਿੱਚੇ ਚਲੇ ਆਉਂਦੇ ਹਨ। ਦੇਹ ਅਭਿਮਾਨ ਦਾ ਤਿਆਗਣਾ ਹੀ ਗੁਰਸਿੱਖੀ ਦੀ ਪ੍ਰਾਪਤੀ ਹੈ। ਜਿੱਥੇ ਸੰਕਲਪ ਬਨਾਵਟ ਮਾਤ੍ਰ ਭੀ ਹੈ, ਉੱਥੇ ਦੇਹ ਅਭਿਮਾਨ ਨਹੀਂ ਮੁੱਕਿਆ। ਜਿਸ ਦਾ ਆਪਣਾ ਅਭਿਮਾਨ ਨਹੀਂ ਮੁੱਕਿਆ, ਉਹ ਦੂਜਿਆਂ ਦਾ ਅਭਿਮਾਨ, ਜਿਹੜਾ ਸਾਰੇ ਪਾਪਾਂ ਦੀ ਜੜ ਹੈ, ਕਿਸ ਤਰ੍ਹਾਂ ਦੂਰ ਕਰ ਸਕਦਾ ਹੈ?੧੧. ਭਾਈ! ਪੰਥ ਦਾ ਅਰਥ ਹੈ ਰਸਤਾ,ਰਹਣੀ ਰਹੈ ਸੋਈ ਸਿੱਖ ਮੇਰਾ॥ ੧੨.ਹਿੰਦੁਸਤਾਨ ਕਦੋਂ ਸੁਖੀ ਵੱਸੇਗਾ? ਭਾਈ! ਜਿਸ ਦਿਨ ਸਾਰੇ ਨੱਗਰਾਂ ਅਤੇ ਸ਼ਹਿਰਾਂ ਚ ਪ੍ਰੇਮੀ ਆਪਣੀ ਧਰਮ ਕਮਾਈ ਕਰਕੇ ਇੱਕ ਲੰਗਰ ਚ ਪਾ ਦੇਣ, ਵਿਆਹ ਸ਼ਾਦੀ ਗਮੀ ਉੱਥੇ ਹੀ ਹੋਵੇ।੧੩.ਹਿੰਦੁਸਤਾਨ ਕਦੋਂ ਸੁਖੀ ਵੱਸੇਗਾ? ਭਾਈ! ਜਿਸ ਦਿਨ ਉਸਤ੍ਰੇ ਕੈਂਚੀਆਂ,

ਗੱਡੀ ਚ ਲੱਦ ਕੇ ਕਰਾਚੀ ਸਮੁੰਦ੍ਰ ਚ ਸੁੱਟ ਆਉਣਗੇ, ਉਸੇ ਦਿਨ ਸੁਖੀ ਹੋ ਜਾਣਗੇ, ਜੰਮਦਾ ਸਭ ਖ਼ਾਲਸਾ ਹੈ, ਫੇਰ ਨਾਈ ਕਿਸੇ ਦੀ ਸੁੰਨਤ ਕਰਕੇ ਮੁਸਲਮਾਨ ਬਣਾ ਦਿੰਦਾ ਹੈ ਅਤੇ ਕਿਸੇ ਦੀ ਬੋਦੀ ਰੱਖ ਕੇ ਹਿੰਦੂ। ਇਹ ਫ਼ੋਕਟ ਬਨਾਵਟ ਸਾਰੇ ਦੁੱਖ ਲੜਾਈ ਝਗੜੇ ਦੇ ਕਾਰਣ ਬਣ ਜਾਂਦੇ ਹਨ।੧੪.ਭਾਈ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਘਰ ਚ ਇਹ ਤਾਕਤ ਹੈ ਕਿ ਖੰਡ ਬ੍ਰਹਮੰਡ ਸੋਨੇ ਦੇ ਹੋ ਜਾਣ, ਪਰ ਗੁਰੂ ਸਾਹਿਬ ਜੀ ਨੇ ਸਾਡੇ ਤਨ ਮਨ ਧਨ ਆਪਣੀ ਸੇਵਾ ਚ ਲਾ ਕੇ ਸਾਡਾ ਜਨਮ ਸਫਲਾ ਕਰਨਾ ਹੈ। ਸੇਵਾ ਤੋਂ ਸੰਕੋਚ ਨਾ ਕਰੋ, ਆਪਣਾ ਸਭ ਕੁੱਝ ਗੁਰੂ ਕਲਗੀਆਂ ਵਾਲੇ ਸਾਹਿਬ ਜੀ ਤੋਂ ਵਾਰ ਦਿਓ। ਦਸ਼ਮੇਸ ਪਿਤਾ ਜੀ ਨੇ ਸਾਡੇ ਤੋਂ ਕੁੱਝ ਭੀ ਲੁਕਾ ਕੇ ਨਹੀਂ ਰੱਖਿਆ। ਯਥਾ:- ਮੋ ਗ੍ਰਹ ਮੈ ਤਨ ਤੇ ਮਨ ਤੇ; ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥

੧੫.ਸਾਧਸੰਗਤ ਜੀ!ਏਹ ਸ੍ਰੀਰ ਮਿਥਿਆਹੈ,ਜੋਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥ਸੋ ਤੁਸੀਂ ਸਾਰੇ ਅੰਮ੍ਰਿਤ ਪਾਨ ਕਰ ਲਓ, ਫੇਰ ਕਿਤੇ ਭਾਗਾਂ ਨਾਲ ਹੀ ਏਹ ਸਮਾਂ ਮਿਲੇਗਾ। ਇਸ

ਸਮੇਂ ਨੂੰ ਐਵੇਂ ਹੀ ਨਾ ਗਵਾਓ।੧੬.ਖੰਡੇ-ਬਾਟੇ ਦਾ ਅੰਮ੍ਰਿਤ ਤਾਂ ਨਾਮ-ਰਸ ਪ੍ਰੇਮ-ਰਸ ਅਤੇ ਬੀਰ-ਰਸ ਦਾ ਬੀਜ ਹੈ।੧੬.ਭਾਈ! ਜੋ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕਰ ਰਹੇ ਹਨ, ਉਹ ਠੀਕ ਹੈ। ਉਨ੍ਹਾਂ ਦੀ ਰਜ਼ਾ ਮੰਨਣ ਚ ਹੀ ਸੁਖ ਹੈ।

੧੭.ਭਾਈ! ਜਾਤ ਪਾਤ ਕੋਈ ਨਹੀਂ ਹੈ, ;ਮਾਨਸ ਕੀ ਜਾਤ ਸਭੈ. ਏਕੈ ਪਹਚਾਨਬੋ॥(ਸ੍ਰੀ ਦਸਮ ੧੯) ਨਾ ਗੁਰੂ ਸਾਹਿਬ ਜੀ ਨੇ ਜਾਤ ਪਾਤ ਮੰਨੀ ਹੈ ਅਤੇ ਨ ਹੀ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਹੈ ਕਿ ਮੰਨੋ।੧੮.ਮਹਾਂਪੁਰਸ਼ਾਂ ਦੇ ਦਰਸ਼ਨ ਕਰੀਏ, ਬਚਨ ਮੰਨੀਏ, ਤਾਂ ਦਰਸ਼ਨਾਂ ਦਾ ਪੂਰਨ ਲਾਭ ਹੈ।

੧੯.ਹਰ ਇੱਕ ਨੂੰ ਮੌਤ ਦਾ ਦਿਨ ਚੇਤੇ ਰੱਖਣਾ ਚਾਹੀਦਾ ਹੈ, ਆਪਾਂ ਭੀ ਇੱਕ ਦਿਨ ਚੱਲਣਾ ਹੈ। ਨਾਮੁ ਸਿਮਰਨ ਸੇਵਾ ਕਰ ਲਉ।੨੦.ਧਾਰਮਿਕ ਉਹ ਸ਼ੁਭ ਕੰਮ ਹੈ, ਜਿਸ ਨਾਲ ਆਤਮ ਪਦ ਦੀ ਪ੍ਰਾਪਤੀ ਹੁੰਦੀ ਹੈ।ਭਾਈ! ਸਤਿਸੰਗਤ ਜੀ 'ਚ ਮਿਲ ਕੇ,ਅਰਦਾਸਿ ਕਰਨ ਨਾਲ ਵਾਹਿਗੁਰੂ ਜੀ ਜ਼ਰੂਰ ਹੀ ਬੇਨਤੀ ਸੁਣਦੇ ਹਨ।ਯਥਾ:-ਮਿਲਿ ਸਤਸੰਗਤਿ ਖੋਜੁ ਦਸਾਈ;ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥੨੦.ਪਹਿਲੋਂ ਆਦਮੀ ਉੱਚੀ ਸਿਮਰਨ ਕਰਦਾ, ਗੁਰਬਾਣੀ ਪੜ੍ਹਦਾ ਹੈ। ਇਸ ਤਰ੍ਹਾਂ ਉਸ ਦੀ ਬ੍ਰਿਤੀ ਇਕਾਗ੍ਰ ਹੁੰਦੀ ਹੈ। ਉਸ ਪਿੱਛੋਂ ਹੌਲ਼ੀ ੨ ਸਿਮਰਨ ਨਾਲ ਭੀ ਇਕਾਗ੍ਰ ਅਵਸਥਾ ਰਹਿੰਦੀ ਹੈ। ਫੇਰ ਬੁੱਲ੍ਹ ਨਹੀਂ ਹਿਲਦੇ, ਇਕੱਲੀ ਜੀਭ ਹੀ ਨਾਮ ਅਭਿਆਸ ਕਰਦੀ ਰਹਿੰਦੀ ਹੈ। ਕੁੱਝ ਸਮਾਂ ਪਾ ਕੇ ਜੀਭ ਭੀ ਹਿਲਣੋਂ ਹੱਟ ਜਾਂਦੀ ਹੈ। ਫੇਰ ਕੰਠ ਭੀ ਹਟ ਜਾਂਦਾ ਹੈ ਅਤੇ ਸਦਾ ਤਾਰ ਲਿਵ ਅਕਾਲ ਪੁਰਖੁ ਨਾਲ ਜੁੜੀ ਰਹਿੰਦੀ ਹੈ। ਹਰ ਇੱਕ ਰੋਮ 'ਚੋਂ ਵਾਹਿਗੁਰੂ ੩ ਜੀ ਦੀ ਧੁਨੀ ਸੁਣਦੀ ਹੈ। ਇੱਥੋਂ ਤਕ ਕਿ ਸਾਰਾ ਸੰਸਾਰ ਹੀ ਤੇ ਹਰ ਸ਼ੈ ਵਾਹਿਗੁਰੂ ੩ ਅਲਾਪਦੀ ਸੁਣਦੀ ਹੈ। ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ, ਹਰਿ ਜਾਪਤ ਹੈ. ਨਹੀ ਹੋਰ॥

੨੧.ਗੁਰਸਿੱਖ ਲਈ ਇਸ ਰਹਿਤ ਦੀ ਲੋੜ ਹੈ, ਮੁਖ ਭਗਤੀ, ਵਰਤਨ ਵੈਰਾਗ, ਦ੍ਰਿੜ ਪੂਰਨ ਬ੍ਰਹਮਗਿਆਨ, ਮਨੋ ਨਾਸ ਵਾਸ਼ਨਾ ਖੈ। ਸਿੱਖ ਭਾਵੇਂ ਗੁਰੂ ਨਾਲ ਇੱਕ ਮਿਕ ਹੋ ਜਾਵੇ, ਫਿਰ ਭੀ ਆਪ ਨਾ ਕੁੱਝ ਬਣੇ,ਏਹਦੇ ਮੁਖੋਂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਹੀ ਨਿਕਲੇ,ਹਿਰਦੇ 'ਚ ਸਦਾ ਸਤਿਗੁਰੂ ਜੀ ਦੇ ਮਿੱਠੇ ਸੱਚੇ ਚਰਨ ਕੰਵਲਾਂ ਦਾ ਨਿਵਾਸ ਹੋਵੇ।੨੨.ਭਾਈ! ਨਿੱਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ ਇਸ ਨੂੰ ਛੱਡਣਾ ਨਹੀਂ, ਇਹ ਸਿੱਖੀ ਦੀ ਪੂੰਜੀ ਦੌਲਤ ਜਾਇਦਾਦ ਹੈ।੨੩.ਪੰਥ ਦੇ ਸਾਰਿਆਂ ਅੰਗਾਂ ਨਾਲ ਇੱਕ ਰਸ ਵਰਤਣਾ ਅਤੇ ਸਭ ਦਾ ਪ੍ਰੇਮ ਲੈਣਾ ਬੜਾ ਹੀ ਕਠਨ ਹੈ। ਸਤਿਗੁਰੂ ਕ੍ਰਿਪਾ ਕਰਨ ਅਤੇ ਆਪਣੀ ਤਾਕਤ ਬਖ਼ਸ਼ਣ ਤਾਂ ਹੀ ਕੰਮ ਸਿਰੇ ਚੜ੍ਹ ਸਕਦਾ ਹੈ। ਵੱਖਰਾ ਜਥਾ ਬਣਾ ਕੇ ਬਹਿ ਜਾਣਾ ਅਤੇ ਕੁੱਝ ਸੇਵਕ ਮਗਰ ਲਾ ਲੈਣੇ ਕੋਈ ਔਖੀ ਗੱਲ ਨਹੀਂ।੨੪.ਭਾਈ! ਜਿਵੇਂ ਖੜ੍ਹੇ ਪਾਣੀ ਚ ਧਿਆਨ ਮਾਰਨ ਨਾਲ ਅਕਾਸ ਅਤੇ ਹੋਰ ਕੁੱਝ ਦਿਖਦਾ ਹੈ, ਪਰ ਹੈ ਨਹੀਂ, ਇਸ ਤਰ੍ਹਾਂ ਹੀ ਮਹਾਂ ਅਕਾਸ਼ ਦੇ ਅਡੋਲ ਅਤੇ ਅਥਾਹ ਸਮੁੰਦ੍ਰ ਚ ਦੁਨੀਆਂ ਇੱਕ ਅਭਾਸ ਹੀ ਹੈ, ਵਾਸਤਵ ਚ ਇਹ ਹੈ ਨਹੀਂ।

੨੫.ਭਾਈ! ਮੋਹ ਤੋੜਿਆ ਹੀ ਲੋੜੀਏ। ਅੰਦਰਹੁ ਜਿਨ ਕਾ ਮੋਹੁ ਤੁਟਾ; ਤਿਨ ਕਾ ਸਬਦੁ ਸਚੈ ਸਵਾਰਿਆ॥੨੬.ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਭ ਸੱਚੀ ਉੱਚੀ ਸੇਵਾ ਚ,ਕਿਸੇ ਦੀ ਭੀ ਸ਼ਾਨ ਕੋਈ ਚੀਜ਼ ਨਹੀਂ।੨੭.ਸੰਤ ਰਸਤਾ ਹੀ ਦੱਸ ਸਕਦੇ ਹਨ, ਬਾਕੀ ਬਚਨ ਮੰਨ ਕੇ ਕਮਾਈ ਕਰਨਾ ਜਗਿਆਸੂ ਦਾ ਕੰਮ ਹੈ। ਦੁਹੁ ਮਿਲਿ ਕਾਰਜੁ ਊਪਜੈ; ਰਾਮ ਨਾਮ ਸੰਜੋਗੁ॥੨॥)ਜੇ ਕੋ ਬਚਨੁ ਕਮਾਵੈ ਸੰਤਨ ਕਾ; ਸੋ ਗੁਰ ਪਰਸਾਦੀ ਤਰੀਐ॥੨੮.ਬ੍ਰਹਮਵਿੱਦਿਆ ਦਾ ਇਮਤਿਹਾਨ ਉਸ ਦਿਨ ਗੁਰਪ੍ਰਸਾਦਿ ਪਾਸ ਹੁੰਦਾ ਹੈ, ਜਦ ਪਿੱਛੋਂ ਆ ਕੇ ਇਸ ਨੂੰ ਲੱਤ ਮਾਰੇ ਤਾਂ ਇਹ ਦੇਖੇ ਨਹੀਂ ਕਿ ਕਿਸ ਨੇ ਮਾਰੀ ਹੈ, ਜਾਂ ਘੱਟ ਤੋਂ ਘੱਟ ਕੋਈ ਆ ਕੇ ਆਖੇ, ਤੂੰ ਬੜਾ ਕੰਜਰ ਹੈਂ ਤੇ ਇਹ ਹੱਥ ਜੋੜ ਕੇ ਆਖੇ। ਭਾਈ, ਬੜਾ ਕੰਜਰ ਹਾਂ ਬੜੀ ਕ੍ਰਿਪਾ ਕੀਤੀ ਦੱਸ ਦਿਤਾ।੨੯.ਭਾਈ! ਜਿਹੜੇ ਪ੍ਰੇਮੀ ਆਪਣੇ ਮਨ ਦੇ ਮਗਰ ਲੱਗ ਕੇ ਕੂਕਦੇ ਹਨ, ਅਸੀਂ ਆਜ਼ਾਦ ਬਣ ਗਏ ਹਾਂ, ਉਹ ਭੁਲੇਖੇ ਚ ਹਨ। ਜਦ ਤੀਕਰ ਜੀਵ ਸੰਤੋਖ ਧਾਰਨ ਕਰਕੇ ਆਪਣੀਆਂ ਆਦਤਾਂ ਅਤੇ ਰਸਨਾ ਇੰਦ੍ਰੀ ਦੇ ਸੁਆਦਾਂ ਤੋਂ ਉੱਚਾ ਨਹੀਂ ਹੁੰਦਾ, ਤਦ ਤੀਕਰ ਉਹ ਗ਼ੁਲਾਮ ਹੈ।

੩੦.ਭਾਈ! ਮਨ ਫਿਟਕਾਰੇ, ਕੁੱਟੇ ਬਗੈਰ ਕਾਬੂ ਨਹੀਂ ਆਉਂਦਾ। ਕੂਟਨ ਸੋਇ; ਜੁ ਮਨ ਕਉ ਕੂਟੈ॥੩੧.ਜੀਵ ਆਪਣੀ ਵਾਸ਼ਨਾ ਅਤੇ ਆਦਤਾਂ ਦਾ ਬੱਧਾ ਹੋਇਆ ਗ਼ੁਲਾਮ ਬੰਦਾ ਹੈ।ਇਨ੍ਹਾਂ ਤੋਂ ਛੁੱਟਿਆ ਹੋਇਆ ਆਜ਼ਾਦ ਖੁਦ ਖੁਦਾ ਦਾ ਗ਼ੁਲਾਮ ਹੈ।੩੨.ਜਦ ਤੀਕਰ ਬੰਦਾ ਖੁਦਗਰਜ਼ੀ ਦਾ ਜਕੜਿਆ ਹੋਇਆ ਹੈ, ਆਪ ਭੀ ਗ਼ੁਲਾਮ ਹੈ ਅਤੇ ਦੂਜਿਆਂ ਨੂੰ ਭੀ ਗ਼ੁਲਾਮ ਬਣਾਉਂਦਾ ਹੈ। ਖੁਦਗਰਜ਼ੀ ਤੋਂ ਰਹਿਤ ਇਨਸਾਨ ਹੀ ਆਜ਼ਾਦ ਹੋ ਸਕਦਾ ਹੈ।

੩੩.ਭਾਈ! ਫ਼ਕੀਰੀ ਨਿਭਾਉਣੀ ਬੜੀ ਮੁਸ਼ਕਲ ਹੈ। ਫ਼ਕੀਰ ਕਦੀ ਭੀ ਕਿਸੇ ਦੇ ਘਰ ਅੰਨ ਬਸਤ੍ਰ ਗ੍ਰਹਿਣ ਨਾ ਕਰੇ।

ਇਸ ਤਰ੍ਹਾਂ ਕਰਨ ਨਾਲ ਫ਼ਕੀਰ ਚ ਸੇਵਾ ਕਰਨ ਵਾਲੇ ਨਾਲ ਮੋਹ ਜਾਗ ਪੈਂਦਾ ਹੈ ਅਤੇ ਉਸ ਦੀ ਬ੍ਰਿਤੀ ਚ ਪਕੜ ਜਾਗ ਪੈਂਦੀ ਹੈ।੩੪.ਭਾਈ! ਮਹਾਂਪੁਰਸ਼ਾਂ ਦੇ ਬਚਨ ਕੁਬਚਨ ਸਹਾਰ ਕੇ ਨਾਲ ੨ ਮਨ ਦੀ ਪ੍ਰੀਖਿਆ ਹੁੰਦੀ ਰਹਿੰਦੀ ਹੈ।੩੫.ਭਾਈ! ਜਿਵੇਂ ਜੇਲ੍ਹਖਾਨੇ ਅੰਦਰ ਡਾਕਟ੍ਰ ਭੀ ਜਾਂਦਾ ਹੈ ਅਤੇ ਦਰੋਗਾ ਭੀ। ਉਨ੍ਹਾਂ ਦੇ ਅੰਦਰ ਜਾਂ ਬਾਹਰ ਆਉਣ ਚ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਇਹ ਸੰਸਾਰ ਭੀ ਇੱਕ ਜੇਲ੍ਹਖਾਨੇ ਦੀ ਨਿਆਈ ਹੈ। ਪਵਿੱਤ੍ਰ ਰੂਹਾਂ ’ਤੇ ਧਰਮਰਾਜ ਦਾ ਕਾਨੂੰਨ ਲਾਗੂ ਨਹੀਂ ਹੁੰਦਾ।

੩੬.ਭਾਈ! ਦੋ ਪਿੰਡਾਂ ਦੇ ਪ੍ਰੇਮੀ ਰਸਤੇ ਚ ਜਾਂਦੇ ਇੱਕਠੇ ਹੋ ਜਾਣ ਤਾਂ ਕਹਿਣ ਕਿ ਅਸੀਂ ਇਕੱਠੇ ਰਹਿਣਾ ਹੈ, ਇਹ ਹੋ ਨਹੀਂ ਸਕਦਾ। ਇਸ ਤਰ੍ਹਾਂ ਸਭ ਨੇ ਸਮਾਂ ਪਾ ਕੇ ਅੱਡੋ ਅੱਡੀ ਸੰਸਾਰ ਤੋਂ ਤੁਰ ਜਾਣਾ ਹੈ, ਜੇ ਐਵੇਂ ਹੀ ਸੰਸਾਰ ਚ ਤੀਵੀਂ ਪੁੱਤ੍ਰਾਂ ਧੀਆਂ ਜ਼ਮੀਨ ਨਾਲ ਮੋਹ ਪਾ ਕੇ ਬੈਠ ਜਾਈਏ ਕਿ ਅਸਾਂ ਮਰਨਾ ਹੀ ਨਹੀਂ, ਇਹ ਗ਼ਲਤ ਹੈ।ਯਥਾ:- ਬਟਾਊ ਸਿਉ; ਜੋ ਲਾਵੈ ਨੇਹ॥ ਤਾ ਕਉ; ਹਾਥਿ ਨ ਆਵੈ ਕੇਹ॥

੩੭.ਸੰਸਾਰ ਤੋਂ ਤੁਰ ਜਾਣਾ ਹੈ, ਇਹ ਸੱਚ ਹੈ। ਸੰਸਾਰ ਚ ਜੋ ਕੁੱਝ ਮਿਲਿਆ ਹੈ ਇਹ ਗੁਰੂ ਜੀ ਦਾ ਹੈ, ਆਪਣਾ ਨਹੀਂ।੩੮.ਭਾਈ! ਰਿੱਧੀ ਸਿੱਧੀ ਸੁਭਾਇਮਾਨ ਨਹੀਂ ਹੈ। ;ਰਿਧਿ ਸਿਧਿ ਅਵਰਾ ਸਾਦ॥

੩੯.ਗੁਰੂ ਘਰ 'ਚ ਮਨ ਮਾਂਜਣ ਲਈ,ਨਿਸ਼ਕਾਮ ਸੇਵਾ ਸਭ ਤੋਂ ਸ਼੍ਰੋਮਣੀ ਸਾਧਨ ਹੈ।ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥) ਗੁਰ ਸੇਵਾ, ਤਪਾਂ ਸਿਰਿ ਤਪੁ ਸਾਰੁ॥੪੦.ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਮਿਲੇ ਉਨ੍ਹਾਂ ਨੂੰ ਸੰਤ ਕਿਹਾ ਜਾਂਦਾ ਹੈ।੪੧.ਭਾਈ! ਬੰਦੇ ਦਾ ਕਰਮ ਸੁਆਸ ੨ ਬਣਦਾ ਹੈ। ਜੇਕਰ ਸੁਆਸਾਂ ਨੂੰ ਸਿਮਰਨ ਵਾਲੇ ਪਾਸੇ ਲਾਈਏ ਤਾਂ ਚੰਗਾ ਕਰਮ ਬਣਦਾ ਹੈ, ਜੇਕਰ ਚੁਗਲੀ ਨਿੰਦਾ ਵਾਲੇ ਪਾਸੇ ਲਾਈਏ ਤਾਂ ਮਾੜਾ ਕਰਮ ਬਣਦਾ ਹੈ।੪੨.ਬਾਣੀ ਕਿਸੇ ਵੇਲੇ ਪੜ੍ਹ ਲਓ ਚੰਗੀ ਹੀ ਚੰਗੀ ਹੈ।ਜਿਸ ਸਮੇਂ ਗੁਰਬਾਣੀ ਪੜ੍ਹੀਏ ਵੀਚਾਰੀਏ,ਪੂਰਨ ਗੁਰੂ ਗ੍ਰੰਥ ਸਾਹਿਬ ਜੀ ਅਪਣੇ ਸੇਵਕ ਜੀ ਦੇ ਰਿਦੇ 'ਚੋਂ ਮੁਖ 'ਚ ਅੰਮ੍ਰਿਤ ਭੇਜਦੇ ਹਨ,ਉਹ ਹੀ ਅੰਮ੍ਰਿਤ ਵੇਲਾ ਸਭ ਤੋਂ ਉੱਤਮ ਬਣ ਜਾਂਦਾ ਹੈ।

## ੧੪੩.ਬਾਬਾ ਨੰਦ ਸਿੰਘ ਜੀ ਦੇ ਅਮੋਲਕ ਬਚਨ:-

ਗੁਰ ਸੇਵਾ, ਤਪਾਂ ਸਿਰਿ ਤਪੁ ਸਾਰੁ॥ ਅਨੁਸਾਰ ਗੁਰੂ ਘਰ ਦਾ ਤਪ ਸੇਵਾ ਹੈ, ਪਰ ਮਿਲਦੀ ਬਖ਼ਸ਼ਿਸ਼ ਨਾਲ ਹੈ।

੧.ਸੋ ਸਿਖੁ ਸਖਾ ਬੰਧਪੁ ਹੈ ਭਾਈ; ਜਿ ਗੁਰ ਕੇ ਭਾਣੇ ਵਿਚਿ ਆਵੈ॥ਸਿੱਖ ਉਹ ਜੋ ਗੁਰੂ ਜੀ ਦੀ ਸੇਵਾ ਕਰੇ ਰਜ਼ਾ 'ਚ ਰਹੇ।੨.ਸੇਵਾ ਕਰਤ;ਹੋਇ ਨਿਹਕਾਮੀ॥ ਤਿਸ ਕਉ;ਹੋਤ ਪਰਾਪਤਿ ਸੁਆਮੀ॥ਅਨੁਸਾਰ ਸੇਵਾ ਕਰਕੇ ਮੰਗੀਏ ਕੁੱਝ ਨਾ ਮਿਲਦਾ ਸਭ ਕੁੱਝ ਹੈ।੩.ਜੇਹਾ ਬੀਜੈ ਸੋ ਲੁਣੈ; ਕਰਮਾ ਸੰਦੜਾ ਖੇਤੁ॥ਅਨੁਸਾਰ ਭਲਾ ਕਰਕੇ ਦੇਖ ਲੈ, ਅੰਤ ਭਲੇ ਦਾ ਭਲਾ।੪.ਹਰਿ ਕਾ ਬਿਲੋਵਨਾ; ਬਿਲੋਵਹੁ ਮੇਰੇ ਭਾਈ॥ ਸਹਜਿ ਬਿਲੋਵਹੁ; ਜੈਸੇ ਤਤੁ ਨ ਜਾਈ॥ਅਨੁਸਾਰ ਗੁਰਸਿੱਖ ਕਾਹਲਾ ਨਾ ਪਵੇ।ਅਨੁਸਾਰ ਦਰ ਨਾ ਛੱਡੇ।ਯਥਾ:-ਕਬੀਰ ਜਿਹ ਦਰ ਆਵਤ ਜਾਤਿਅਹੁ;
ਹਟਕੈ ਨਾਹੀ ਕੋਇ॥ਸੋ ਦਰੁ ਕੈਸੇ ਛੋਡੀਐ;ਜੋ ਦਰੁ ਐਸਾ ਹੋਇ॥) ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ॥ ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ॥੨੧॥੧॥ ਸੁਧੁ ਕੀਚੇ (ਹੁਕਮਿ ਰਜਾਈ ਚਲਣਾ;ਨਾਨਕ ਲਿਖਿਆ ਨਾਲਿ॥ਅਨੁਸਾਰ ਰਜਾ 'ਚ ਪ੍ਰਸੰਨ ਰਹੇ।

## ੧੪੩.ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲਿਆਂ ਦੇ ਅਮੋਲਕ ਬਚਨ।

੧.ਹੇ ਭਾਈ!ਆਪ ਜੀ ਨੂੰ ਕਲਗੀਧਰ ਪਾਤਿਸ਼ਾਹ ਜੀ ਦਾ ਹੁਕਮ ਹੈ,"ਗੁਰੂ ਗਰੰਥ ਜੀ ਮਾਨਿਓ;ਪਰਗਟ ਗੁਰਾਂ ਕੀ ਦੇਹ।" ਜੇ ਆਪ ਜੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁਭ ਸੇਵਾ ਪੂਰਨ ਵਿਸ਼ਵਾਸ਼ ਨਾਲ ਕਰੋਂਗੇ,ਤਾਂ ਗੁਰੂ ਸਾਹਿਬ ਜੀ ਜ਼ਰੂਰ ਪ੍ਰਤੱਖ ਦਰਸ਼ਨ ਬਖ਼ਸ਼ਣਗੇ,ਮੰਗਣ ਦੀ ਇੱਛਾ ਹੀ ਨਹੀਂ

ਰਹੇਗੀ।੨.ਭਾਈ! ਉਨ੍ਹਾਂ ਗੁਰਮੁਖਾਂ ਦੀ ਸਤਿਸੰਗਤ ਕਰਨੀ ਚਾਹੀਦੀ ਹੈ,ਜਿਹੜੇ ਸਤਿਗੁਰੂ ਸਾਹਿਬ ਜੀ ਨਾਲ ਜੋੜਨ।ਜੋ ਗੁਰੂ ਜੀ ਤੋਂ ਤੋੜ ਕੇ,ਆਪਣੇ ਨਾਲ ਜੋੜਨ,ਉਨ੍ਹਾਂ ਦੀ ਕੁਸੰਗਤ ਨਹੀਂ ਕਰਨੀ ਚਾਹੀਦੀ,ਕੁਸੰਗਤ ਕੀਤਿਆਂ ਘਾਟਾ ਹੀ ਘਾਟਾ ਹੈ।ਕਬੀਰ.ਸਾਕਤ ਸੰਗੁ ਨ ਕੀਜੀਐ;ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ;ਤਉ ਕਛੁ ਲਾਗੈ ਦਾਗੁ॥੩.ਭਾਈ! ਜਿਵੇਂ ਚੱਕੀ ਦੇ ਪੁੜ 'ਚ ਦਾਣੇ ਪਾਏ ਜਾਂਦੇ ਹਨ,ਜਿਹੜੇ ਦਾਣੇ ਵਿਚਾਲੇ ਕਿੱਲੀ ਨਾਲ ਲੱਗ ਜਾਂਦੇ ਹਨ,ਉਹ ਸਾਬਤ ਰਹਿ ਜਾਂਦੇ ਹਨ,ਜੋ ਆਸੇ ਪਾਸੇ ਹੋ ਜਾਂਦੇ ਹਨ,ਉਹ ਪੀਸੇ ਜਾਂਦੇ ਹਨ।ਸੋ ਭਾਈ ਸਮਾਂ ਬੜਾ ਭਿਆਨਕ ਹੈ।ਜੋ ਗੁਰੂ ਸਾਹਿਬ ਜੀ ਦੇ ਸੱਚੇ ਚਰਨ-ਕਮਲਾਂ ਨਾਲ ਜੁੜਿਆ ਰਹੇਗਾ,ਉਸ ਦਾ ਵਾਲ ਭੀ ਵਿੰਗਾ ਨਹੀਂ ਹੋਵੇਗਾ।ਗੁਰੂ ਜੀ ਦੀ ਸ਼ਰਨ ਰੂਪੀ ਕਿੱਲੀ ਤੋਂ ਪਾਸੇ ਹੋਣ ਵਾਲਾ,ਕਾਲ਼ ਰੂਪੀ ਚੱਕੀ 'ਚ ਪੀਸਿਆ ਜਾਵੇਗਾ।

## ੧੪੪.ਸੁਆਮੀ ਰਾਮ ਤੀਰਥ ਦੰਡੀ ਸੰਨਿਆਸੀ ਜੀ ਦੇ ਅਮੋਲਕ ਬਚਨ।

੧.ਸ੍ਰੀ ਸੁਖਮਨੀ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਆਪਣੇ ਆਪ ਸੰਪੂਰਨ ਬਾਣੀ,ਪੂਰਨ ਨਿਰੰਕਾਰ ਸਰੂਪ ਹਨ।ਇਨ੍ਹਾਂ ਦਾ ਪਾਠ ਤੇ ਅਰਥ ਸਰਲ ਅਤੇ ਬਹੁਤ ਹੀ ਉੱਚੇ ਤੋਂ ਉੱਚੇ ਹਨ।ਇਹ ਮਨ ਨੂੰ ਪਰਮ ਸੁਖ ਦੇਣ ਵਾਲੇ ਬਾਣੀ ਜੀ ਹਨ।ਅੰਮ੍ਰਿਤ ਵੇਲੇ ਜਪੁਜੀ ਸਾਹਿਬ ਜੀ ਦੇ ਨਾਲ ੨ ਇਨ੍ਹਾਂ ਦਾ ਪੂਰਾ ਪਾਠ ਜ਼ਰੂਰ ਕਰ ਲਿਆ ਕਰੋ।੨.ਪਸ਼ੂ ਪੰਛੀ ਜੀਵਨ 'ਚ ਕਿਸੇ ਭੀ ਕਿਸਮ ਦੀ ਤਬਦੀਲੀ ਨਹੀਂ ਕਰ ਸਕਦੇ,ਪਰ ਮਨੁੱਖ ਜਾਤੀ 'ਚ ਕਰਮ ਪਰਧਾਨ ਹੈ। ਇਸ ਲਈ ਮਨੁੱਖ ਸਤਸੰਗ ਰਾਹੀਂ ਆਪਣੇ ਜੀਵਨ 'ਚ ਜਿੰਨਾ ਚਾਹੇ ਪ੍ਰੀਵਰਤਨ ਕਰ ਲੈਂਦਾ ਹੈ।

ਗੁਰਬਾਣੀ 'ਚ,ਮਨੁੱਖ ਜਾਂ ਇਸਤ੍ਰੀ ਵਿਚਾਰ,ਕੋਈ ਊਚਤਾ ਜਾਂ ਨੀਚਤਾ ਨਹੀਂ ਮੰਨੀ ਗਈ।ਸੋ,ਗੁਰਬਾਣੀ ਜੀ ਦੇ ਪੂਜਾਰੀਆਂ ਨੂੰ ਦੋਵਾਂ 'ਚ ਸਮਾਨਤਾ ਦੇ ਹਾਮੀ ਹੋਣਾ ਚਾਹੀਦਾ ਹੈ।੩.ਕਿਸੇ ਭੀ ਦੇਵੀ ਦੇਵਤਾ ਜਾਂ ਧਰਮ ਦੇ ਨਾ ਉੱਤੇ ਲਾਲਚ, ਠੱਗੀ ਮਾਰਨ ਵਾਲੇ ਨੂੰ ਗੁਰੂ ਜੀ ਨੇ ਚੋਰ ਤੇ ਹਰਾਮਖੋਰ ਮਸੰਦ ਕਿਹਾ ਹੈ,ਅਜਿਹੇ ਲੋਕਾਂ ਦਾ ਸੰਗ ਕਰਨਾ ਗੁਰੂ ਸ਼ਿਸ਼ਾਂ ਲਈ ਉੱਚਿਤ ਨਹੀਂ।ਹਰ ਕਿਸੇ ਨੂੰ ਆਪਣਾ ਜੀਵਨ ਨਿਰਬਾਹ,ਆਪਣੇ ਬਾਹੂ ਬਲ,ਤਪੋ ਬਲ ਜਾਂ ਵਿੱਦਿਆ ਬਲ ਰਾਹੀਂ ਕਰਨਾ ਚਾਹੀਦਾ ਹੈ।੪.ਗੁਰੂ ਸਿਖਸ਼ਾ ਹੈ,ਨੰਗੇ ਭੁੱਖੇ ਆਦਿ ਰਹਿਣਾ ਕੋਈ ਧਾਰਮਿਕ ਰਹਿਣੀ ਨਹੀਂ,ਸਗੋਂ ਪਖੰਡ ਹੈ।ਸਾਨੂੰ ਪਖੰਡੀ ਨਹੀਂ ਬਣਨਾ ਚਾਹੀਦਾ,ਨ ਹੀ ਅਜਿਹੇ ਪਖੰਡੀਆਂ ਦਾ ਮਾਨ ਮਹੱਤਵ ਕਰਨਾ ਚਾਹੀਦਾ ਹੈ।੫.ਗੁਰੂ ਭਗਤਾਂ ਨੂੰ ਤਾਮਸੀ ਭੋਜਨ ਚਾਹ ਕੌਫ਼ੀ ਸ਼ਰਾਬ ਤਮਾਕੂ ਚਰਸ ਆਦਿ ਨਸ਼ਿਆਂ ਦਾ ਨਿਸ਼ੇਧ ਕਰਨਾ ਚਾਹੀਦਾ ਹੈ।ਪੂਰਨ ਗੁਰੂ ਜੀ ਦੇ ਹੁਕਮ ਅਨੁਸਾਰ ਧਰਮ ਪ੍ਰਚਾਰਕਾਂ ਨੂੰ ਮਦਰਾ ਆਦਿ ਦੀ ਉੱਕਾ ਹੀ ਵਰਤੋਂ ਨਹੀਂ ਕਰਨੀ ਚਾਹੀਦੀ,ਕਿਉਂਕਿ ਉਹ ਤਾਂ ਪੂਰਨ ਗੁਰੂ ਜੀ ਦੇ ਉੱਤਮ ਸਿੱਖ ਹਨ।੬.ਦੂਜੇ ਧਰਮ ਗ੍ਰੰਥਾਂ ਦੀ ਯਥਾਰਥ ਤੇ ਕਲਿਆਣਕਾਰੀ ਬਾਣੀ ਦਾ ਗੁਰੂ ਸਾਹਿਬਾਨ ਜੀ ਨੇ,ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਿੱਘਾ ਆਦਰ ਕੀਤਾ

ਹੈ, ਗੁਰੂ ਆਸ਼ੇ ਅਨੁਸਾਰ,ਉਨ੍ਹਾਂ ਗ੍ਰੰਥਾਂ ਦੀ ਬਾਣੀ ਦਾ ਸਤਿਕਾਰ ਹੋਣਾ ਜ਼ਰੂਰੀ ਹੈ।ਗੁਰੂ ਦੇਵਾਂ ਨੇ ਸਾਨੂੰ ਰੂੜ੍ਹੀਗਤ ਪਰੰਪਰਾਵਾਂ ਦੇ ਪਿਛਲੱਗ ਹੋਣ ਦੀ ਥਾਂ,ਵਿਵੇਕਮਈ ਬ੍ਰਿਤੀ ਵਾਲੇ ਕਰਮਯੋਗੀ ਬਣਾਇਆ ਹੈ।

ਅੰਤ 'ਚ ਮੈਂ ਆਪ ਜੀ ਤੋਂ ਇਹੋ ਆਸ ਕਰਾਂਗਾ ਕਿ ਤੁਸੀਂ ਸਦਾ ਨਿਰਦੋਸ਼ ਤੇ ਪਰਮ ਸ਼ੁੱਧ ਗੁਰਬਾਣੀ ਜੀ ਦਾ ਨਿੱਤਨੇਮ ਨਾਲ ਪਾਠ ਕਰਿਆ ਕਰੋ ਤੇ ਉਸ 'ਤੇ ਅਮਲ ਸਹਿਤ ਜਿਊਣਾ ਸਿੱਖੋ:- ਗੁਰਬਾਣੀ ਗਾਵਹ ਭਾਈ॥ਓਹ ਸਫਲ ਸਦਾ ਸੁਖਦਾਈ॥

੧੪੫. ਦਾਸਨਦਾਸ ਸੇਵਕ:- ਜੋ ਜਨੁ ਭਾਉ ਭਗਤਿ ਕਛੁ ਜਾਨੈ;ਤਾ ਕਉ ਅਚਰਜੁ ਕਾਹੋ॥ਅਨੁਸਾਰ ਪਰਮਪੂਜਨੀਕ ਰਾਮ ਪਿਆਰੇ,ਜਦੋਂ ਆਪ ਜੀ ਨੂੰ ਪ੍ਰਮਾਰਥਕ ਸ਼ੁਭ ਅਮੋਲ ਬਚਨ ਸੁਨਾਉਣ,ਤਦੋਂ,ਨਹ ਬਿਲੰਬ ਧਰਮੰ ਬਿਲੰਬ ਪਾਪੰ॥ਅਨੁਸਾਰ ਉਨ੍ਹਾਂ ਨੂੰ ਸਿਰ ਝੁਕਾ ਕੇ,ਰੋਮ ੨ ਕਰਕੇ ਨਮਸਕਾਰ ਕਰਨੀ।;ਅਨਿਕ ਭਾਂਤਿ ਤਿਸੁ ਕਰਉ ਨਿਹੋਰਾ॥ਅਨੁਸਾਰ ਅਹਿਸਾਨ ਮੰਨਣਾ,ਝੱਟ ਪੱਟ ਸ਼ੁਭ ਬਚਨ ਅੰਦਰ ਪ੍ਰਵੇਸ਼ ਕਰਨਗੇ।ਇਸ ਲਈ ਗੁਰੂ ਜੀ ਨੇ ਫ਼ੁਰਮਾਇਆ ਹੈ:-ਤੈ ਸਾਹਿਬ ਕੀ.ਬਾਤ ਜਿ ਆਖੈ;ਕਹੁ ਨਾਨਕ.ਕਿਆ ਦੀਜੈ॥ਸੀਸੁ ਵਢੇ ਕਰਿ. ਬੈਸਣੁ ਦੀਜੈ;ਵਿਣੁ ਸਿਰ.ਸੇਵ ਕਰੀਜੈ॥ਕਿਉ ਨ ਮਰੀਜੈ.ਜੀਅੜਾ ਨ ਦੀਜੈ;ਜਾ.ਸਹੁ ਭਇਆ ਵਿਡਾਣਾ॥) ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ;ਸੋ ਭਾਈ ਸੋ ਮੇਰਾ ਬੀਰ॥੨॥(ਚੱਲੀ)ਹਰਿ ਕੇ ਸੰਤ ਬਤਾਵਹੁ ਮਾਰਗੁ;ਹਮ ਪੀਛੈ ਲਾਗਿ ਚਲੀ॥੨.ਬਹੁਤੇ ਸੁਆਦੀ ਤਲ਼ੇ ਪਦਾਰਥ ਫ਼ੈਸ਼ਨ ਚਾਹ ਕੌਫ਼ੀ ਤਮਾਕੂ ਜੂਆ ਕੁਸੰਗ ਕਤਲ ਨਸ਼ਿਆਂ ਔਗੁਣਾਂ ਅਧੀਨ ਆਦਮੀ ਰੋਗ ਵਿਕਾਰ ਨੀਂਦ ਦਲਿੱਦ੍ਰ ਗ਼ਰੀਬੀ ਕਰਜ਼ੇ ਕਲੇਸ਼ ਜਮ ਦੇ ਵਸੀਕਾਰ ਹੋ ਜਾਂਦਾ ਹੈ।੩.ਗੁਰੂ ਜੀ ਦੇ ਸਜੇ ਦੀਵਾਨ 'ਚ ਪ੍ਰੇਮੀਂ ਸਟੇਜ 'ਤੇ, ਸਿਹਾਰੀ ਔਂਕੜ ਪੂਰੀਆਂ ਲਗਾਂ ਲਾ ਕੇ,ਵਾਰੀ ੨ ਗੁਰ ਸ਼ਬਦ ਪੜ੍ਹਨ,ਜੋ ਪੂਰੀਆਂ ਲਗਾਂ ਲਾ ਸਕਦੇ ਹੋਣ,ਸਤਿਸੰਗਤਿ ਜੀ ਭੀ ਸ੍ਰੀ ਪੋਥੀ ਸਾਹਿਬਾਨ ਜੀ ਪ੍ਰਕਾਸ਼ ਕਰਨ, ਜਦੋਂ ਇੱਕ ਪ੍ਰੇਮੀਂ ਬੋਲਦਾ ਹੋਵੇ,ਬਾਕੀ ਪ੍ਰੇਮੀਂ ਕੰਨਾਂ ਨਾਲ ਸੁਣਨ,ਮੁਖ 'ਚ ਜ਼ਬਾਨ ਹਿਲਾਉਣ ਪੂਰੀਆਂ ਲਗਾ ਲਾਉਣ,ਇਉਂ ਬੱਚਿਆਂ ਨੂੰ ਗਿਝਾਇਆ ਜਾਵੇ,ਸ਼ੁੱਧ ਉਚਾਰਨ ਗੁਰੂ ਸਾਹਿਬ ਜੀ ਦਾ ਬਹੁਤ ਉੱਚਾ ਗੰਭੀਰ ਆਸ਼ਾ ਹੈ।੪.ਗੁਰ ਬਿਨੁ ਕਿਨਿ ਸਮਝਾਈਐ;ਮਨੁ ਰਾਜਾ ਸੁਲਤਾਨੁ॥ਅਨੁਸਾਰ ਮਨ ਚੱਕ੍ਰਵਰਤੀ ਪਾਤਿਸਾਹ ਬਣ ਕੇ,ਗੁਰੂ ਜੀ ਅਤੇ ਸਭ ਦੀ ਚਰਨ-ਧੂੜ ਬਨਣ ਦੀ ਬਜਾਏ,

ਗੁਰਸਿੱਖਾਂ ਨਾਲ ਲੜਾਈ ਕਰਕੇ,ਜੀਵ ਇਕੱਲਾ ਰਹਿੰਦਾ ਹੈ।ਇਕੱਲਾ ਇਕਾਂਤ ਚੋਰੀ ਜਾਰੀ ਕਤਲ ਮੰਦੇ ਤੋਂ ਮੰਦੇ ਨੀਵੇਂ ਤੋਂ ਨੀਵੇਂ ਨਕੰਮੇ ਵਿਕਾਰਾਲ ਭੂਤ ਕਰਮ ਕਰਦਾ ਹੈ।ਇਸ ਲਈ ਹਮੇਸਾਂ ਗੁਰਸਿੱਖਾਂ ਦੇ ਸੰਗਮ ਸਤਿਸੰਗਤਿ ਜੀ'ਚ ਗੁਰਬਾਣੀ ਦੀ ਧੁਨਿ ਸੁਣਦਿਆਂ ਰਹਿਣ ਨਾਲ,ਕ੍ਰੋੜਾਂ ਲਾਹੇ ਹਨ।ਹਾਅਦਾ ਨਾਹਰਾ ਮਾਰਿਆ,ਮਲੇਰਕੋਟਲੀਏ ਨੇ।ਘੋੜੇ ਚੜ੍ਹਿਓ ਗੁਰੂ ਜੀ ਮੇਰੇ,ਮੇਰਾ ਭਾਵੇਂ ਕੱਖ ਨ ਰਹੇ।

ਮਹੱਲੇ ਦਸਵੇਂ ਅਤੇ ਸਮੂੰਹ ਸੰਤਾਂ ਦੇ ਅਮੋਲਕ ਬਚਨ ਸੰਪੂਰਨੰ॥

੧੪੬.ਪਰਮ ਪੂਜਨੀਕ ਪਿਆਰੇ ਅਜਪਾ ਜਾਪ ਸੁੰਦਰ ਵਾਹਿਗੁਰੂ ਜੀ ਦੇ ਸ਼ੁਭ ਸੱਚੇ ਦਰਸ਼ਨਾਂ ਲਈ ਪੜ੍ਹਨੇ ਯੋਗ ਖ਼ਾਸ ੨ ਧਾਰਮਿਕ ਗ੍ਰੰਥ:-

ਪਰਮਪੂਜਨੀਕ ਪੂਰਨ ਬ੍ਰਹਮ ਗਿਆਨੀ ਪੂਰਨ ਸੰਤ ਮਹਾਂ ਪੁਰਖ ਬ੍ਰਹਮ ਵਿੱਦਿਆ ਦੇ ਦਾਤੇ,ਪਰਮੇਸਰ ਰੂਪ,ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ ਨੇ ਮਹਾਨ ਕ੍ਰਿਪਾ ਕਰਕੇ,ਦਾਸਨ ਦਾਸ ਨੂੰ ਅਮੋਲਕ ਬਚਨ ਕਹੇ, "ਧਾਰਮਿਕ ਗ੍ਰੰਥਾਂ 'ਚ ਸਭ ਕੁੱਝ ਹੈ।" ਸੰਤ ਬਾਬਾ ਕਰਤਾਰ ਸਿੰਘ ਸਾਹਿਬ ਜੀ ਖ਼ਾਲਸਾ ਜੀ ਦੇ ਪਿੰਡੋਂ ਵਾਪਸ ਆਉਣ ਸਮੇਂ,ਉਹਨਾਂ ਨੂੰ ਸੰਤਾਂ ਮਹਾਂਪੁਰਖਾਂ ਨੇ ਕਿਹਾ, "ਵੈਰਾਗ ਨ ਕਰ,ਮੈਂ ਤੇਰੇ ਨਾਲ ਹਾਂ,ਸ੍ਰੀ ਕਲਗੀਧਰ ਚਮਤਕਾਰ ਪੜ੍ਹਿਆ ਕਰ।"ਜੀਵ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਤਰਨ ਲਈ,ਧਾਰਮਿਕ ਗ੍ਰੰਥ ਅਤੇ ਸੰਤਾਂ ਮਹਾਂਪੁਰਖਾਂ ਦੀ ਸਤਿਸੰਗਤ ਕਰਨ ਦੀ ਖ਼ਾਸ ਲੋੜ ਹੈ।ਸਰਬੱਤ ਦੇ ਭਲੇ ਦੇ ਆਦਰਸ ਵਾਲੇ,ਮਹਾਂ ਪੁਰਖਾਂ ਦੇ ਰਚੇ ਗ੍ਰੰਥਾਂ ਦੇ ਨਾਮ,ਸਰਬੱਤ ਦੇ ਭਲੇ ਲਈ ਲਿਖੇ ਗਏ ਹਨ।

ਮਿਹਰਵਾਨੁ ਸਾਹਿਬੁ ਮਿਹਰਵਾਨੁ॥ਸਾਹਿਬੁ ਮੇਰਾ ਮਿਹਰਵਾਨੁ॥ਜੀਅ ਸਗਲ ਕਉ;ਦੇਇ ਦਾਨੁ॥ਅਨੁਸਾਰ ਸਮਰੱਥ ਵਾਹਿਗੁਰੂ ਜੀ ਦੇ ਅਵਤਾਰ,ਅਨਤਕਲਾਵਾਨ ਸਦਾ ੨ ਮਿਹਰਵਾਨ,ਸਾਰਿਆਂ ਨੂੰ ਜੀਅ ਦਾਨ ਦੇਣ ਵਾਲੇ,ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਜੀ ਦੇ ਦੋ ਭਾਗ।ਭਾਈ ਗੁਰਦਾਸ ਸਾਹਿਬ ਜੀ ਦੀਆਂ ੪੦ ਵਾਰਾਂ, ਕਬਿਤ ਸਵਯੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ।

ਵਾਹਿਗੁਰੂ॥ਸ੍ਰੀ ਦਸਮ ਗ੍ਰੰਥ ਸਾਹਿਬ ਜੀ:-ਪਰਮਪੂਜਨੀਕ ਸੱਚੇ ਸੰਤ ਮਹਾਂਪੁਰਖ ਫੁਰਮਾਉਂਦੇ, ਭਾਈ, ਪਰਮਪੂਜਨੀਕ ਸ੍ਰੀ ਦਸਮ ਦੀ ਬਾਣੀ ਦੇ,ਅੱਖਰ ੨ 'ਤੇ ਗੁਰੂ ਭਾਵਨਾ ਧਾਰ ਕੇ,ਪੜ੍ਹਨੀ ਸੁਣਨੀ ਲਿਖਣੀ ਵਿਚਾਰਨੀ ਚਾਹੀਦੀ ਹੈ।ਹਰੀ ਰੂਪ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ,ਇਸ ਬਾਣੀ ਦਾ ਕੀਰਤਨ ਕਰਨ ਦੀ ਆਗਿਆ ਹੈ।ਦੋ ਭਾਗ ਸ੍ਰੀ ਦਸਮ,ਦਸ ਗ੍ਰੰਥੀ,ਸ੍ਰੀ ਗੁਟਕੇ ਸਾਹਿਬ ਜੀ।

ਵਾਹਿਗੁਰੂ॥ਸ੍ਰੀ ਗੁਰਮੁਖਿ ਪ੍ਰਕਾਸ਼:-ਸ੍ਰੀ ਦਮਦਮੀ ਟਕਸਾਲ ਦੇ ਮੁਖੀ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ ਨੇ,ਦਾਸਨ ਦਾਸ ਗ੍ਰੀਬ ਨੂੰ ਇਹ ਸ਼ੁਭ ਬਚਨ ਕਹੇ, "ਦਾਸਨ ਦਾਸ ਨੇ,ਸ੍ਰੀ ਗੁਰਮੁਖਿ ਪ੍ਰਕਾਸ਼ ਗ੍ਰੰਥ 'ਚ ਇੱਕ ਸੌ ਗੁਰਮਤਿ ਦੇ ਗ੍ਰੰਥਾਂ ਦਾ ਸਾਰ ਦਿਤਾ ਹੈ।" ਇਹ ਸਾਰਾ ਗ੍ਰੰਥ ਦੋਹਰੇ ਛੰਦਾਂ ਕਵਿਤਾ 'ਚ ਹੈ।ਸਮੁੰਦ੍ਰ ਨੂੰ ਕੁੱਜੇ 'ਚ ਬੰਦ ਕਰਨ ਵਾਂਗ,
ਮਹਾਂਪੁਰਸ਼ਾਂ ਦੇ ਹੀਰੇ ਜਵਾਹਰਾਤ ਰੂਪ ਅਮੋਲਕ ਬਚਨ ਹਨ।ਵਾਹਿਗੁਰੂ॥ ਗੁਰੁ ਪਰਮੇਸੁਰੁ ਪੂਜੀਐ; ਮਨਿ ਤਨਿ ਲਾਇ ਪਿਆਰੁ॥ਸਿਖੀ ਦਾ ਵਿਧਾਨ (ਦਾਸਨ ਦਾਸ ਚਰਨ ਸਿੰਘ ਉਰਫ ਜਸਵੰਤ ਸਿੰਘ)

ਵਾਹਿਗੁਰੂ॥ਗੁਰਬਾਣੀ ਪਾਠ ਦਰਪਣ:-ਨਮਸਕਾਰ ਪੂਜਣੇ ਯੋਗ,ਇਸ ਅਮੋਲਕ ਗ੍ਰੰਥ 'ਚ ਪੂਰਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ,ਸ੍ਰੀ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ ਜੀ ਨੇ ਪਾਠਾਂ

ਦਾ ਨਿਰਣਾ ਦਿਤਾ ਹੈ।ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਅਤੇ ਧੁਰਾਂ ਦੀ ਸੱਚੀ ਗੁਰਬਾਣੀ ਜੀ ਦੀ ਸ਼ੁੱਧੀ ਲਈ,ਇਹ ਗ੍ਰੰਥ ਪੜ੍ਹਨਾ ਬਹੁਤ ਹੀ ਜਰੂਰੀ ਹੈ।ਸਮੂਹ ਪਾਠੀ ਸਿੰਘ ਜੀ ਇਹ ਪੋਥੀ ਜਰੂਰ ਹੀ ਪੜ੍ਹਨ।

ਵਾਹਿਗੁਰੂ॥ਪਰਮਪੂਜਨੀਕ ਸੰਤ ਬਾਬਾ ਕਰਤਾਰ ਸਿੰਘ ਸਾਹਿਬ ਜੀ ਖ਼ਾਲਸਾ ਜੀ ਨੇ ਗੁਰਮੁਖਿ ਸਿੰਘਾਂ ਦੇ ਸਹਿਯੋਗ ਨਾਲ ਬੜੀ ਘਾਲ ਕਮਾਈ,ਮਿਹਨਤ ਲਗਨ ਨਾਲ ਇਹ ਗ੍ਰੰਥ ਛਾਪੇ।ਸਟੀਕ ਸ੍ਰੀ ਜਪੁ ਜੀ ਰਹਿਰਾਸ ਕੀਰਤਨ ਸੋਹਿਲਾ ਸਾਹਿਬ ਜੀ।ਵਾਹਿਗੁਰੂ॥ਖ਼ਾਲਸਾ ਜੀਵਨ,ਗੁਰਮੁਖਿ ਦਰਸ਼ਨ:-ਪਰਮਪੂਜਨੀਕ ਪੂਰਨ ਸੰਤ ਪੂਰਨ ਬ੍ਰਹਮਗਿਆਨੀ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਦਾ ਜੀਵਨ ਹੈ।(ਲੇਖਕ ਗਿ: ਕ੍ਰਿਪਾਲ ਸਿੰਘ ਜੀ)

ਵਾਹਿਗੁਰੂ॥ਗੁਰ ਸਬਦ ਰਤਨ ਪ੍ਰਕਾਸ਼:-ਭਾਸ਼ਾ ਵਿਭਾਗ ਤੋਂ ਲਵੋ।ਇਸ ਗ੍ਰੰਥ ਦੁਆਰਾ ਜਿਹੜੀ ਤੁਕ,ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬ ਜੀ 'ਚੋਂ ਲੱਭਣੀ ਚਾਹੀਏ,ਉਹ ਹੀ ਲੱਭ ਸਕਦੇ ਹਾਂ।ਪਰਮਪਵਿੱਤ੍ਰ ਪਰਮਪੂਜਨੀਕ ਸੱਚੇ ਨਿਰੰਕਾਰ ਸਰੂਪ ਗੁਰਬਾਣੀ ਛਪਾਈ ਵਾਲਿਆਂ ਪਾਸ ਅਤੇ ਹਰੇਕ ਘਰੇ,ਇਹ ਗ੍ਰੰਥ ਹੋਣਾ ਬਹੁਤ ਹੀ ਜ਼ਰੂਰੀ ਹੈ।(ਲੇਖਕ ਅਕਾਲੀ ਕੌਰ ਸਿੰਘ ਜੀ) ਵਾਹਿਗੁਰੂ॥ਖ਼ਾਲਸਾ ਵਿਧਾਨ (ਰਹਿਤ ਮਰਯਾਦਾ)ਰਾਮ ਰਾਜ,ਠੋਸ ਏਕਤਾ:-ਇਹ ਗ੍ਰੰਥ ਦੇ ਕਰਤਾ ਭਾਈ ਕੌਰ ਸਿੰਘ ਜੀ।

ਵਾਹਿਗੁਰੂ॥ਸ੍ਰੀ ਗੁਰੂ ਨਾਨਕ ਸੂਰਜ ਉਦੈ ਅਵਤਾਰ,ਅਵਤਾਰ ਸਾਖੀ:-ਲੇਖਕ ਬਾਬਾ ਗਣੇਸਾ ਸਿੰਘ ਜੀ ਬੇਦੀ।

ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ,ਚਾਰ ਭਾਗਾਂ 'ਚ (ਫਰੀਦਕੋਟੀਆ,ਭਾਸ਼ਾ ਵਿਭਾਗ)

ਵਾਹਿਗੁਰੂ॥ਪੰਡਿਤ ਤਾਰਾ ਸਿੰਘ ਜੀ ਨਰੋਤਮ ਦੇ ਲਿਖੇ ਗ੍ਰੰਥ:-ਮੋਖਸ ਪੰਥ ਦਾ ਟੀਕਾ,ਸੁਰਤਰੁ ਕੋਸ਼,ਗੁਰਮਤਿ ਨਿਰਣਯ ਸਾਗਰ,ਜਪੁ ਜੀ,ਰਹਰਾਸਿ,ਸੋਹਿਲਾ ਅਤੇ ਸਬਦ ਹਜਾਰੇ ਦਾ ਟੀਕਾ,ਗੁਰ ਗਿਰਾਰਥ ਕੋਸ਼:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਕੋਸ਼ ਹੈ,ਗੁਰ ਤੀਰਥ ਸੰਗ੍ਰਹਿ,ਟੀਕਾ ਸ੍ਰੀ ਰਾਗ,ਭਗਤ ਬਾਣੀ ਸਟੀਕ।ਵਾਹਿਗੁਰੂ॥ਵਾਰ ਮਾਰੂ ਡਖਣੇ ਸਟੀਕ,(ਖ਼ਾਲਸਾ ਟ੍ਰੈਕਟ ਸੁਸਾਇਟੀ)ਸ਼ਹੀਦ ਡਾਕਟਰ ਚਰਨ ਸਿੰਘ ਜੀ।

ਵਾਹਿਗੁਰੂ॥ਮਹਿਮਾ ਪ੍ਰਕਾਸ਼:-ਸਤਿਗੁਰੂ ਪਹਿਲੇ ਪਾਤਿਸਾਹ ਜੀ ਦੀ ਸਾਖੀ,ਅਤੇ ਪਰਮਪੂਜਨੀਕ ਨੌਂ ਸਤਿਗੁਰਾਂ ਦਾ ਬੰਦੇ ਬਹਾਦਰ ਸਮੇਤ ਹਾਲ,ਭੱਲੇ ਸਾਹਿਬਜ਼ਾਦੇ ਸਰੂਪ ਚੰਦ ਜੀ ਦੀ ਕਵਿਤਾ ਦੋ ਭਾਗ ਹਨ।
ਵਾਹਿਗੁਰੂ॥ਮਹਿਮਾ ਪ੍ਰਕਾਸ਼ ਦੂਜਾ:-ਬਾਵਾ ਕ੍ਰਿਪਾਲ ਸਿੰਘ ਜੀ ਭੱਲੇ।

ਵਾਹਿਗੁਰੂ॥ਸ੍ਰੀ ਗੁਰ ਪੰਥ ਪ੍ਰਕਾਸ਼:-ਲੇਖਕ ਗਿਆਨੀ ਗਿਆਨ ਸਿੰਘ ਜੀ ਲੌਂਗੋਵਾਲ,ਗਿਆਨੀ ਕ੍ਰਿਪਾਲ ਸਿੰਘ ਜੀ ਨੇ ਪ੍ਰਯਾਵਾਂ 'ਤੇ ਟਿਪਣੀਆਂ ਸਮੇਤ ਮਿਹਨਤ ਕਰਕੇ ਛਪਵਾਇਆ ਹੈ।ਸ੍ਰੀ ਦਮਦਮੀ ਟਕਸਾਲ 'ਚ ਇਸ ਦੀ ਕਥਾ ਕੀਤੀ ਜਾਂਦੀ ਹੈ।

ਵਾਹਿਗੁਰੂ॥ਪਰਮਪੂਜਨੀਕ ਪੂਰਨ ਪ੍ਰੇਮੀ ਭਾਈ ਨੰਦ ਲਾਲ ਸਿੰਘ ਜੀ ਦੇ ਗ੍ਰੰਥ:-ਜ਼ਿੰਦਗੀ ਨਾਮਹ, ਤੋਸ਼ੀਫੋਸਨਾ, ਗੰਜਨਾਮਹ,ਜੋਤ ਵਿਗਾਸ, ਦੀਵਾਨ ਗੋਯਾ,ਇਨਸ਼ਾ ਦਸਤੂਰ,ਅਰਜ਼ੁਲ ਇਲਫ਼ਾਜ,ਖਾਤਮਹ,ਪ੍ਰੇਮ ਪਟਾਰੀ।

ਵਾਹਿਗੁਰੂ॥ਟੀਕਾਕਾਰ ਗਿਆਨੀ ਨਰੈਣ ਸਿੰਘ ਜੀ ਦੇ ਲਿਖੇ ਅਰਥ:-ਅਸੰਪੂਰਨ ਟੀਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਟੀਕਾ ਪ੍ਰਬੋਧ ਚੰਦਰ ਨਾਟਕ,ਟੀਕਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਸ ਭਾਗ।ਸ੍ਰੀ ਜਪੁ ਜੀ ਸਾਹਿਬ ਜੀ,ਸ੍ਰੀ ਸੁਖਮਨੀ ਸਾਹਿਬ ਜੀ,ਸ੍ਰੀ ਆਸਾ ਜੀ ਦੀ ਵਾਰ,ਸ੍ਰੀ ਬਾਵਨ ਅੱਖਰੀ,ਸ੍ਰੀ ਨਿੱਤਨੇਮ,ਸ੍ਰੀ ਸੁੰਦਰ ਗੁਟਕਾ,ਪੰਜ ਗ੍ਰੰਥੀ,ਭੱਟਾਂ ਦੇ ਸਵਯੇ, ਸਲੋਕ ਭਗਤ ਕਬੀਰ ਸਾਹਿਬ ਜੀ,ਸਲੋਕ ਬਾਬਾ ਫਰੀਦ ਸਾਹਿਬ ਜੀ,ਗਿਆਨ ਪ੍ਰਬੋਧ,ਵਾਰਾਂ ਤੇ ਕਬਿੱਤ ਸਵਯੇ ਭਾਈ ਗੁਰਦਾਸ ਜੀ,ਸ੍ਰੀ ਗੁਰ ਭਗਤ ਮਾਲ,ਭਗਤਾਂ ਦੀ ਬਾਣੀ,ਭਰਥਰੀ ਬੈਰਾਗ ਸ਼ੱਤਕ,ਦੱਖਣੀ ਓਅੰਕਾਰ,ਸਲੋਕ ਸਹਸਕ੍ਰਿਤੀ, ਬਾਈ ਵਾਰਾਂ,ਗੁਰ ਸਾਖੀ ਪ੍ਰਮਾਣ ਆਦਿ।

ਵਾਹਿਗੁਰੂ ਹੋਰ ਗ੍ਰੰਥ:-ਸਾਰਕੁਤਾਵਲੀ ਸਟੀਕ,ਅਧਿਆਤਮ ਪ੍ਰਕਾਸ਼ ਸਟੀਕ,ਦ੍ਰਿਸਟਾਂਤ ਸਾਗਰ,ਜੀਵਨ ਸਾਖੀ ਭਗਤ ਰਵਿਦਾਸ ਸਾਹਿਬ ਜੀ,ਜੀਵਨ ਸਾਖੀ ਭਗਤ ਕਬੀਰ ਸਾਹਿਬ ਜੀ,ਜੀਵਨ ਸਾਖੀ ਭਗਤ ਨਾਮਦੇਵ ਸਾਹਿਬ ਜੀ,ਸੰਤਾਂ ਮਹਾਤਮਾ ਦੇ ਬਚਨ,ਗੋਬਿੰਦ ਲੋਕਾਂ ਦੇ ਬਚਨ, ਸੰਖੇਪ ਬਿਬੇਕ,ਬਿਬੇਕ ਬਾਣ,ਕੁੰਡਲੀਏ ਗਿਰਧਰ ਰਾਏ,ਸਾਖੀਆਂ ਅੱਡਨ ਜੀ,ਮਹਾਤਮਾ ਰਜਬ ਜੀ।ਗਰੁੜ ਪੁਰਾਨ,ਸ੍ਰੀ ਵਿਸ਼ਨ ਪੁਰਾਨ,ਗ੍ਰੰਥ ਯੋਗ ਆਸਨ ਦੁਆਰਾ ਅਰੋਗਤਾ ਪ੍ਰਾਪਤੀ।

ਵਾਹਿਗੁਰੂ॥ਸ੍ਰੀ ਨਾਰਾਯਣ ਹਰੀ ਉਪਦੇਸ਼(ਪੰਡਿਤ ਹਰਦੇਵ ਸਿੰਘ ਜੀ)ਵਾਹਿਗੁਰੂ॥ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ:-ਭਾਈ ਠਾਕੁਰ ਸਿੰਘ ਜੀ।ਵਾਹਿਗੁਰੂ॥ਸਿੱਖ ਸ਼ਹੀਦ:-ਪਰਮਪੂਜਨੀਕ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਤੋਂ ਲੈ ਕੇ ਸ੍ਰੀ ਨਨਕਾਣਾ ਸਾਹਿਬ ਜੀ ਤੱਕ ਦੇ ਸ੍ਰੀ ਗੁਰੂ ਸਾਹਿਬਾਨ ਜੀ 'ਤੇ ਸਿੱਖ ਸ਼ਹੀਦਾਂ ਦੇ ਰੌਂਗਟੇ ਖੜ੍ਹੇ ਕਰ ਦੇਣ ਵਾਲੇ,ਦਰਦਨਾਕ ਹਾਲਤ(ਪਿਆਰਾ ਸਿੰਘ ਦਾਤਾ) ਵਾਹਿਗੁਰੂ॥ਸ੍ਰੀ ਦਸਮ ਗ੍ਰੰਥ ਤੁਕ ਤਤਕਰਾ:-ਭਗਵੰਤ ਸਿੰਘ ਜੀ(ਭਾਸ਼ਾ ਵਿਭਾਗ ਪੰਜਾਬ) ਵਾਹਿਗੁਰੂ॥ਸਾਖੀ ਪ੍ਰਮਾਣ:-ਰਚਿਤ ਗਿਆਨੀ ਆਤਮਾ ਸਿੰਘ ਜੀ।ਵਾਹਿਗੁਰੂ॥ਗੁਰਬਾਣੀ ਕੋਸ਼:-ਪਿਆਰਾ ਸਿੰਘ ਪਦਮ।ਵਾਹਿਗੁਰੂ॥ਅੰਮ੍ਰਿਤ ਕੀਰਤਨ ਪੋਥੀ:-੧੨੨ ਪ੍ਰਕਰਣਾਂ 'ਚ ਸਾਢੇ ਤਿੰਨ ਹਜਾਰ ਤੋਂ ਵੱਧ ਸਬਦਾਂ ਦਾ ਸੰਗ੍ਰਹਿ ਹੈ।ਵਾਹਿਗੁਰੂ॥ਸੁਧਰਮ ਮਾਰਗ ਗ੍ਰੰਥ:-'ਚ ਪਿਆਰੇ ਦਇਆ ਸਿੰਘ ਸਾਹਿਬ ਜੀ ਪਰਥਾਏ ਰਹਿਤਨਾਮਾ ਹੈ।

ਵਾਹਿਗੁਰੂ॥ਪੂਰਨ ਬ੍ਰਹਮਗਿਆਨੀ ਪਦਮ ਭੂਸ਼ਨ ਡਾ:ਭਾਈ ਵੀਰ ਸਿੰਘ ਜੀ ਦੀਆਂ ਅਮੋਲਕ ਰਚਨਾਵਾਂ:-ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੋਰਠਿ ਰਾਗ ਤੱਕ,ਸੱਤ ਪੋਥੀਆਂ 'ਚ ਬਹੁਤ ਹੀ ਕੀਮਤੀ ਮਿੱਠੇ ਅਰਥ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਸ਼,ਗੁਰੂ ਨਾਨਕ ਚਮਤਕਾਰ,ਪੁਰਬਾਰਧ 'ਤੇ ਉਤਰਾਰਧ ਦੋ ਭਾਗ,ਹਿੰਦੀ 'ਚ ਭੀ ਹਨ।ਸ੍ਰੀ ਗੁਰੂ ਕਲਗੀਧਰ ਚਮਤਕਾਰ,ਪੁਰਬਾਰਧ 'ਤੇ ਉਤਰਾਰਧ,ਦੋ ਭਾਗ।ਅਸਟ ਗੁਰ ਚਮਤਕਾਰ,ਭਾਗ ੧.੨।(ਦੂਜੇ ਤੀਜੇ ਚੌਥੇ ਪੰਜਵੇਂ ਪਾਤਿਸਾਹ ਜੀ ਦਾ ਜੀਵਨ)ਪੰਜ ਗ੍ਰੰਥੀ ਸਟੀਕ,੪੦ ਵਾਰਾਂ,ਕਬਿੱਤ ਭਾਈ ਗੁਰਦਾਸ ਜੀ ਸਟੀਕ,ਬਾਬਾ ਨੌਧ ਸਿੰਘ(ਸੁਭਾਗ ਜੀ) ਸੰਤ ਬਿਮਲਾ ਸਿੰਘ ਜੀ (ਦੋ ਭਾਗ)ਰਾਣਾ ਸੂਰਤ ਸਿੰਘ,ਪੁਰਾਤਨ ਅਵਤਾਰ ਸਾਖੀ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ,ਸਿੱਖਾਂ ਦੀ ਭਗਤ ਮਾਲ਼ਾ,ਸੁੰਦਰੀ,ਬਿਜੈ ਸਿੰਘ,ਸਤਵੰਤ ਕੌਰ,ਇਹ ਤਿੰਨੇ ਬਹੁਤ ਹੀ ਪ੍ਰਸਿੱਧ ਨਾਵਲ ਹਨ। ਗੁਰੂ ਬਾਲਮ ਸਾਖੀਆਂ,ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ।ਗੁਰੂ ਬਾਲਮ ਸਾਖੀਆਂ, ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ।ਮੇਰੇ ਸਾਂਈਆਂ ਜੀਓ,ਸਿੱਕਾਂ ਸੱਧਰਾਂ,ਬਿਰਹੇ 'ਤੇ ਜੋਦੜੀਆਂ, ਸਾਹਿਤਕ ਕਲੀਆਂ, ਅਵਾਜ਼ ਆਈ,ਕੰਬਦੀ ਕਲਾਈ,ਲਹਿਰਾਂ ਦੇ ਹਾਰ,ਬਿਜਲੀਆਂ ਦੇ ਹਾਰ,ਮਟਕ ਹੁਲਾਰੇ,ਲਹਿਰ ਹੁਲਾਰੇ,ਭਰਥਰੀ ਹਰੀ ਜੀਵਨ 'ਤੇ ਨੀਤੀ ਸੱਤਕ,ਦੇਵੀ ਪੂਜਨ ਪੜਤਾਲ,ਪ੍ਰੀਤ ਵੀਣਾ,ਕੰਤ ਮਹੇਲੀ ਦਾ ਬਾਰਾਂ ਮਾਹ,ਸੱਤ ਔਖੀਆਂ ਰਾਤਾਂ,ਸੰਤ ਗਾਥਾ ਪਹਿਲਾ ਭਾਗ,ਪ੍ਰਾਚੀਨ ਪੰਥ ਪ੍ਰਕਾਸ਼,ਰਤਨ ਸਿੰਘ ਭੰਗੂ(ਸੰਪਾਦਿਤ)ਗੰਜਨਾਮਾ ਅਨੁਵਾਦ ਸਹਿਤ(ਭਾਈ ਨੰਦ ਲਾਲ ਰਚਨਾ) ਅਮਰ ਲੇਖ।ਪਤਾ:-ਮੈਨੇਜਰ ਖ਼ਾਲਸਾ ਸਮਾਚਾਰ,ਹਾਲ ਬਜਾਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ(ਪੰਜਾਬ)

ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਸੱਤੋਵਾਲੀਆ(ਗਿ: ਕ੍ਰਿਪਾਲ ਸਿੰਘ ਅੰਮ੍ਰਿਤਸਰ) ਵਾਹਿਗੁਰੂ॥ਗੁਰੂ ਨਾਨਕ ਚੰਦ੍ਰੋਦਯ:-ਭਾਈ ਬਾਲੇ ਜੀ ਵਾਲੀ ਅਵਤਾਰ ਕਥਾ ਦਾ ਟੀਕਾ ਬ੍ਰਹਮਾਨੰਦ ਜੀ ਉਦਾਸੀਨ ਨੇ ਕੀਤਾ ਹੈ।ਵਾਹਿਗੁਰੂ॥ਗੁਰ ਪਦ ਪ੍ਰੇਮ ਪ੍ਰਕਾਸ਼:-ਸ੍ਰੀ ਪਟਨੇ ਸਾਹਿਬ ਜੀ ਦੇ ਮਹੰਤ ਬਾਬਾ ਸੁਮੇਰ ਸਿੰਘ ਜੀ ਕ੍ਰਿਤ,ਛੰਦ ਬੱਧ ਪਰਮਪੂਜਨੀਕ ਵਾਹਿਗੁਰੂ ਸਰੂਪ,ਦਸਾਂ ਸਤਿਗੁਰਾਂ ਦਾ ਇਤਹਾਸ।ਵਾਹਿਗੁਰੂ॥ਗੁਰ ਬਿਲਾਸ ਪਾਤਿਸਾਹੀ ਛੇਵੀਂ(ਲੇਖਕ ਭਾਈ ਭਗਤ ਸਿੰਘ ਜੀ) ਵਾਹਿਗੁਰੂ॥ਗੁਰ ਬਿਲਾਸ ਪਾਤਿਸਾਹੀ ਦਸਵੀਂ:-ਲਿਖਾਰੀ ਭਾਈ ਸੁੱਖਾ ਸਿੰਘ ਜੀ।ਵਾਹਿਗੁਰੂ॥ਸ੍ਰੀ ਗੁਰਪੁਰ ਪ੍ਰਕਾਸ਼ ਗ੍ਰੰਥ:-ਚਾਰ ਭਾਗਾਂ 'ਚ,ਪਰਮਪੂਜਨੀਕ ਦਸਾਂ ਸਤਿਗੁਰਾਂ ਦਾ ਪਰਮਪਵਿੱਤ੍ਰ ਇਤਹਾਸ,ਸਤਿਗੁਰੂ ਦੂਜੇ ਪਾਤਿਸਾਹ ਜੀ ਦੀ ਪਰਮਪੂਜਨੀਕ ਬੰਸ 'ਚੋਂ ਕਵਿ ਸੰਤਰੇਣ ਪ੍ਰੇਮ ਸਿੰਘ ਜੀ ਨੇ,ਛੰਦਾ ਬੰਦੀ 'ਚ ਗੁਰਮਤਿ ਅਨੁਸਾਰ ਬਹੁਤ ਸੁੰਦਰ ਢੰਗ ਨਾਲ ਲਿਖਿਆ ਹੈ।ਵਾਹਿਗੁਰੂ॥ਬਿਨੋਦ ਪ੍ਰਕਾਸ਼ ਗ੍ਰੰਥ:-ਬਾਬਾ ਬਿਨੋਦ ਸਿੰਘ ਜੀ ਤੇਹਣ ਬੰਸ,ਦਸਾਂ ਸਤਿਗੁਰਾਂ ਦੇ ਗੁਰਪੁਰਬਾਂ ਬਾਰੇ ਲਿਖਿਆ ਹੈ।ਵਾਹਿਗੁਰੂ॥ਗੁਰਬਾਣੀ ਪ੍ਰਬੋਧ ਵੱਡਾ ਸਾਖੀ ਪ੍ਰਮਾਣ।

ਵਾਹਿਗੁਰੂ॥ਅਵਤਾਰ ਸਾਖੀ ਭਾਈ ਬਾਲੇ ਜੀ ਵਾਲੀ।ਵਾਹਿਗੁਰੂ॥ਸ੍ਰੀ ਗੁਰੂ ਨਾਨਕ ਪ੍ਰਕਾਸ਼:-ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦਾ ਇਤਹਾਸ ਅਤੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ੧੪ ਭਾਗਾਂ 'ਚ,ਇਸ ਪਰਮਪਵਿਤ੍ਰ ਗ੍ਰੰਥ ਦੀ ਕਥਾ ਸਭ ਗੁਰੂ ਘਰਾਂ 'ਚ ਹੁੰਦੀ ਹੈ।(ਭਾਈ ਸੰਤੋਖ ਸਿੰਘ ਸਾਹਿਬ ਜੀ) ਵਾਹਿਗੁਰੂ॥ ਗਰਬ ਗੰਜਨੀ ਟੀਕਾ ਸ੍ਰੀ ਜਪੁ ਜੀ ਸਾਹਿਬ ਜੀ।)ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ ਗੁਰਬਾਣੀ ਜੀ ਦੀਆਂ ਤੁਕਾਂ ਲੱਭਣ ਲਈ,ਗ੍ਰੰਥ ਗੁਰਸਬਦ ਰਤਨਾਕਰ (ਅਕਾਲੀ ਕੌਰ ਸਿੰਘ) ।ਮਹਾਨ ਕੋਸ਼:-ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਐਸੇ ਮਹਾਂਪੁਰਸ਼ ਪੈਦਾ ਕੀਤੇ,ਜਿਨ੍ਹਾਂ ਨੇ ਐਸੇ ਕੀਮਤੀ ਗ੍ਰੰਥ ਲਿਖੇ।ਹਰੇਕ ਪ੍ਰੇਮੀ ਪਾਸ ਇਹ ਕੀਮਤੀ ਗ੍ਰੰਥ ਜਰੂਰੀ ਚਾਹੀਦਾ ਹੈ।ਬਹੁਤ ਹੀ ਕੀਮਤੀ ਬੇਨਤੀ ਹੈ, ਕਿ ਸਮੂੰਹ ਰੋਗਾਂ ਬਾਰੇ ਜਾਣਕਾਰੀ,ਕਿੰਨ੍ਹਾਂ ਕਾਰਨਾ ਕਰਕੇ ਰੋਗ ਲੱਗਦਾ ਹੈ।ਰੋਗਾਂ ਦੀਆਂ ਨਿਸ਼ਾਨੀਆਂ 'ਤੇ ਇਲਾਜ, ਇਸ ਮਹਾਨ ਕੀਮਤੀ ਗ੍ਰੰਥ 'ਚੋਂ ਪੜ੍ਹੋ।(ਭਾਈ ਕਾਹਨ ਸਿੰਘ ਜੀ ਨਾਭਾ)ਵਾਹਿਗੁਰੂ॥ਸ਼ਰਾਬ ਨਿਖੇਧ।ਵਾਹਿਗੁਰੂ॥ਪੰਜਾਬੀ ਵਿਸ਼ਵ ਕੋਸ਼:-ਭਾਸ਼ਾ ਵਿਭਾਗ ਵੱਲੋਂ।ਵਾਹਿਗੁਰੂ॥ਸਾਡੇ ਸ਼ਹੀਦ,ਜੀਵਨੀਆਂ 'ਤੇ ਇਤਹਾਸਕ ਨਾਵਲ,ਕਰਕ ਕਰੇਜੇ ਮਾਹੀ।ਇਹ ਦੋਵੇਂ ਗ੍ਰੰਥ ਸ਼ਰਧਾ ਪ੍ਰੇਮ ਨਾਲ ਪੜ੍ਹਨੇ ਯੋਗ ਹਨ।(ਗਿ: ਭਜਨ ਸਿੰਘ) ਵਾਹਿਗੁਰੂ॥ਗੁਰਬਾਣੀ ਦਾ ਸ਼ੁੱਧ ਉਚਾਰਨ:-ਗੁਰਮੁਖਿ ਪਿਆਰੇ ਡਾਕਟਰ ਹਰਕੀਰਤ ਸਿੰਘ, ਇੰਦਰ ਸਿੰਘ ਨੇ ਬਹੁਤ ਮਿਹਨਤ ਨਾਲ ਸਤਿਗੁਰਾਂ ਦੇ ਆਸ਼ੇ ਅਨੁਸਾਰ ਬਹੁਤ ਹੀ ਕੀਮਤੀ ਗ੍ਰੰਥ ਲਿਖਿਆ ਹੈ,ਆਪ ਪੜ੍ਹੋ ਅਤੇ ਹੋਰਨਾ ਨੂੰ ਭੀ ਪੜ੍ਹਾਉ।ਵਾਹਿਗੁਰੂ॥ਮੁਕਤ ਮਾਰਗ:-ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹ ਜੀ ਦੇ ਪਰਮਪਵਿੱਤ੍ਰ ਨਾਮ ਪਰ ਕਿਸੇ ਪ੍ਰੇਮੀ ਦਾ ਬਣਾਇਆ ਰਹਿਤਨਾਮਾ।ਵਾਹਿਗੁਰੂ॥ਗੁਰੂ ਕੀਆਂ ਸਾਖੀਆਂ:-ਭਾਈ ਪਿਆਰਾ ਸਿੰਘ ਜੀ ਪਦਮ।(ਤਉ ਕਿਉ ਮੁਰਗੀ ਮਾਰੈ॥੧॥ਮਾਸ ਦਾ ਖੰਡਨ,ਵਧੀਆ ਹੈ।ਜੋਗਿੰਦਰ ਸਿੰਘ ਜੀ ਤਲਵਾੜਾ)

ਵਾਹਿਗੁਰੂ॥ਦਸਮੇਸ਼ ਪ੍ਰਕਾਸ਼ ਬੰਦਾ ਬਹਾਦਰ ਰਾਜ ਖ਼ਾਲਸਾ,ਸਿਦਕ ਖ਼ਾਲਸਾ,ਤੇਗ ਖ਼ਾਲਸਾ,ਪ੍ਰਹਿਲਾਦ ਭਗਤ ਜੀ।(ਗਿ:ਕਰਤਾਰ ਸਿੰਘ ਜੀ ਕਲਾਸਵਾਲੀਏ ਦੀ ਕਵੀਸਰੀ) ਵਾਹਿਗੁਰੂ॥ਨਿਰਮਲ ਪੰਥ ਦੇ ਰਤਨ,ਮਹਾਨ ਕਵੀ ਨਿਹਾਲ ਸਿੰਘ ਦੇ ਰਚੇ ਉੱਤਮ ਗ੍ਰੰਥ:-ਅਕਾਲ ਨਾਟਕ,ਨਿਰਮਲ ਪ੍ਰਭਾਕਰ,ਸਿੱਖੀ ਪ੍ਰਭਾਕਰ ਆਦਿ। ਵਾਹਿਗੁਰੂ॥ ਸਬਾਜਪੁਰੇ ਪਿੰਡ ਤੋਂ,ਮਹਾਨ ਕਵੀ ਨਿਹਾਲ ਸਿੰਘ ਜੀ ਨੇ ਬਹੁਤ ਕੀਮਤੀ ਗ੍ਰੰਥ ਕਵੀਂਦ੍ਰ ਪ੍ਰਕਾਸ਼ ਰਚਿਆ,ਜੋ ਗੁਰੂ ਜਸ ਨਾਲ ਭਰਪੂਰ ਹੈ।ਵਾਹਿਗੁਰੂ॥ਬਿਬੇਕਵਾਰਧ:-ਪੰਡਤ ਭਗਵਾਨ ਸਿੰਘ ਜੀ ਨੇ ੩੭ ਰਹਿਤਨਾਮਿਆਂ ਦਾ ਸੰਗ੍ਰਹਿ ਕੀਤਾ ਹੈ,ਇਸ 'ਚ ਆਪਣੀ ਮਤਿ ਵਰਤੀ ਹੈ।ਵਾਹਿਗੁਰੂ॥ਸਰਬ ਲੋਹ ਗ੍ਰੰਥ:-ਗੁਰਗਾਦੀ ਪਾ: ੧੦॥ਖ਼ਾਲਸਾ ਪ੍ਰਕਾਸ਼॥ਬਖ਼ਸ਼ਿਸ਼ ਹਜ਼ੂਰ ਆਦਿ ਕੀਮਤੀ ਪ੍ਰਕਰਣ ਹਨ।ਪਰਮਪੂਜਨੀਕ ਸੱਚੇ ਸਤਿਗੁਰਾਂ ਨੇ, ਖ਼ਾਲਸੇ ਜੀ ਦੀ ਅਪਾਰ ਮਹਿਮਾ ਲਿਖੀ ਹੈ।ਵਾਹਿਗੁਰੂ॥ਸਾਖੀ ਰਹਿਤ ਦੀ:-ਖ਼ਾਲਸਾ ਸੱਤਕ,ਖ਼ਾਲਸਾ ਪੰ ਧਰਮ-ਕਿਰਤ ਕਰਨੀ ਚਾਸਾ,ਗੁਰ ਸੋਭਾ(ਸੈਨਾਪਤਿ) ਵਾਹਿਗੁਰੂ॥ਸੌ ਸਾਖੀ:-ਸੌ ਸਾਖੀ ਦਾ ਪਹਿਲਾ ਨਾਮ ਰਤਨ ਮਾਲ ਸੀ,ਮੁਕਤ ਨਾਮਾ ਇਸੇ

’ਚ ਹੈ।ਇੱਕ ਪੁਰਾਤਨ ਪੋਥੀ ’ਚ ਦਸਾਂ ਸਤਿਗੁਰਾਂ ਦਾ ਇਤਹਾਸ ਪੰਜ ਸੌ ਸਾਖੀ ਹੈ।ਵਾਹਿਗੁਰੂ ਤ੍ਰੂਪ੍ਰਸਾਦਿ॥ਸੰਪੂਰਨੰ॥

ਵਾਹਿਗੁਰੂ॥ਗੁਰ ਨਾਲਿ ਤੁਲਿ.ਨ ਲਗਈ;ਖੋਜਿ ਡਿਠਾ ਬ੍ਰਹਮੰਡੁ॥ਨਾਮੁ ਨਿਧਾਨੁ.ਸਤਿਗੁਰਿ ਦੀਆ;ਸੁਖੁ ਨਾਨਕ.ਮਨ ਮਹਿ ਮੰਡੁ॥)ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ;ਗੁਰਦੇਵ ਨਾਨਕ ਹਰਿ ਨਮਸਕਰਾ ॥)ਵਾਹੁ ਵਾਹੁ ਬਾਣੀ ਨਿਰੰਕਾਰ ਹੈ;ਤਿਸੁ ਜੇਵਡੁ, ਅਵਰੁ ਨ ਕੋਇ॥)ਬੇਸੁਮਾਰ ਅਥਾਹ,ਅਗਨਤ ਅਤੋਲੈ॥ ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਅਜਪਾ ਜਾਪ ਨਿਰੰਕਾਰ ਗੁਰਬਾਣੀ ਜੀ ਦੇ ਚਾਨਣ ਅੰਦਰ,ਦੇਹ ਅਰੋਗਤਾ, ਡਰਾਈਵਿੰਗ, ਮਸ਼ੀਨਰੀ ਦੀ ਦੇਖ ਰੇਖ ਬਾਰੇ ਮਹਾਂ ਵਿਸਮਾਦ ਸ਼ੁਭ ਸਿੱਖਿਆ:-

## ਅਜਪਾ ਜਾਪ ਨਿਰੰਕਾਰ ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਅਤੇ ਡਰਾਈਵਿੰਗ, ਮਸ਼ੀਨਰੀ ਦੀ ਦੇਖ ਰੇਖ ਬਾਰੇ ਸ਼ੁਭ ਸਿੱਖਿਆ

੧.ਵਾਹਿਗੁਰੂ॥ ਬਿਦੇਸ਼ਾਂ ’ਚੋਂ ਭਾਰਤ ਜਾਣ ਬਾਰੇ,ਕੁੱਝ ਪ੍ਰੇਮ ਬੇਨਤੀਆਂ ਨਮਸਕਾਰ:- ਵਾਟਰ ਵਰਕਸ ਦਾ ਪਾਣੀ ਪੀਉ ਜੇ ਨ ਮਿਲੇ ਤਾਂ ਉਬਾਲ਼ ਫਿਲਟ੍ਰ ਕਰਕੇ ਪੀਉ।ਪੱਖੇ ਦੀ ਹਵਾ ਗ਼ਲਤ ਹੈ ,ਮੱਛਰਦਾਨੀ ਲਾ ਕੇ ਖੁੱਲੇ ਅਸਮਾਨ ’ਚ ਸੌਣਾਂ ਚਾਹੀਦਾ ਹੈ।ਦਸੌਰੀ ਘੀ,ਵੈਜ਼ੀਟੇਬਲ ਤੇਲ ਆਦਿ ਅਤੇ ਉਸ ਦੀਆਂ ਬਣੀਆਂ ਮਠਿਆਈਆਂ ਨਹੀਂ ਖਾਣੀਆਂ, ਤੜਕਾ ਨਾ ਲਾਉ।ਸਾਰਾ ਮਿਰਚ ਮਸਾਲਾ ਇੱਕ ਵਾਰੀ ਹੀ ਦਾਲ਼ ਸਬਜ਼ੀ ’ਚ ਪਾ ਦਿਉ,ਲਾਲ ਮਿਰਚ ਨ ਵਰਤੋ, ਕਾਲੀ ਮਿਰਚ ਹੀ ਵਰਤੋ ਜੀ।ਸ਼ੁੱਧ ਉਚਾਰਣ ਗੁਰਬਾਣੀ ਹਰ ਸਮੇਂ ਹੀ ਸੁਣੋ ਜੀ ਆਪ ਪੜ੍ਹੋ ਜੀ।ਜ਼ਿਆਦਾ ਕਾਲੀ ਮਿਰਚ ਭੀ ਗਰਮ ਖ਼ੁਸ਼ਕ ਹੈ। ਸਕੂਟ੍ਰ ’ਤੇ ਅਸਵਾਰੀ ਨ ਕਰੋ।ਜਿਨ੍ਹਾਂ ਦੇਸ਼ਾਂ ’ਚ ਸੱਜੇ ਪਾਸੇ ਸਟੀਰਿੰਗ ਹੈ,ਸੜਕ ਦੇ ਸੱਜੇ ਪਾਸੇ ਚਲਦੇ ਹਨ,ਉਨ੍ਹਾਂ ਦੇਸਾਂ ਦੇ ਬੰਦੇ,ਖੱਬੇ ਪਾਸੇ ਸਟੀਰਿੰਗ, ਸੜਕ ਦੇ ਖੱਜੇ ਪਾਸੇ ਚਲਣ ਵਾਲ਼ੇ ਦੇਸ਼ਾਂ ’ਚ ਜਾ ਕੇ,ਗੱਡੀ ਚਲਾਉਂਣ ਤੋਂ ਐਕਸੀਡਿੰਟ ਹੋਏ ਹਨ।ਬਿਦੇਸ਼ਾਂ ਤੋਂ ਇੰਡੀਆ ਜਾਕੇ ਗੱਡੀ ਚਲਾਉਣ ਤੋਂ ਸੰਕੋਚ ਰੱਖੋ।ਜੁਆਨੀ ਢਲ਼ਣ ਤੋਂ ਸ੍ਰੀਰ ਨੂੰ ਠੀਕ ਰੱਖਣ ਲਈ,ਅਖ਼ੀਰਲੇ ਦਮ ਤੱਕ ਜ਼ੋਰਦਾਰ ਧਰਮ-ਕ੍ਰਿਤ ਵਰਜ਼ਿਸ਼ ਸਖ਼ਤ ਗੁਰੂ ਸੇਵਾ ਸਿਮਰਨ ਕਰਦੇ ਹੀ ਰਹਿਣਾ ਚਾਹੀਦਾ ਹੈ।

੨.ਵਾਹਿਗੁਰੂ॥ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਵਿਹਲੇ ਰਹਿਣ ਤੋਂ ਸਖ਼ਤ ਮਨਾਹੀ ।੧.ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਚਾਰ ਉਦਾਸੀਆਂ ਧਾਰ ਕੇ,ਸ੍ਰਿਸ਼ਟੀ ਤਾਰ ਕੇ,ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ,ਆਪ ਹਲ਼. ਵਾਹਿਆ, ਆਪਣੇ ਪਿਆਰੇ ਸਿੱਖਾਂ ਤੋਂ ਸੇਵਾ ਸਿਮਰਨ ਖੇਤੀ ਕਰਵਾਈ।

ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਅੰਗਦ ਦੇਵ ਸਾਹਿਬ ਜੀ,ਜਦੋਂ ਸ੍ਰੀ ਖਡੂਰ ਸਾਹਿਬ ਜੀ ਤੋਂ ਦੂਜੀ ਵਾਰ,ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ,

ਪਹਿਲੇ ਪਾਤਿਸ਼ਾਹ ਜੀ ਦੇ ਪਰਮਪੂਜਨੀਕ ਸੱਚੇ ਚਰਨ-ਕਮਲਾਂ 'ਚ ਆਏ,ਆਪਣੇ ਪਰਮਪਵਿੱਤ੍ਰ ਸੀਸ 'ਤੇ ਲੂਣ ਦੀ ਪੰਡ ਚੁੱਕ ਕੇ ਲਿਆਂਦੀ।ਪੰਡ ਲੰਗਰ 'ਚ ਰੱਖ ਕੇ,ਬਾਹਰ ਖੇਤ 'ਚੋਂ ਨਦੀਨ ਦੀ ਪੰਡ ਲਿਆਂਦੀ।ਮਨ ਬਾਣੀ ਸ੍ਰੀਰ ਕਰਕੇ ਰਾਤ ਦਿਨ,ਬੜੀ ਭਾਰੀ ਮਸੱਕਤ ਕਰਦਿਆਂ,ਸੁਆਸ ੨ ਸਿਮਰਨ ਭੀ ਕਰਦੇ ਰਹਿੰਦੇ।ਪਦਾਰਥ ਛਕ ਕੇ ਪੇਟ ਨਹੀਂ ਵਧਾਇਆ,ਸੇਵਾ 'ਚ ਆਲਸ ਨਹੀਂ ਕੀਤਾ।ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸੱਚਾ ਹੁਕਮ ਸਿਰ ਮੱਥੇ 'ਤੇ ਮੰਨ ਕੇ,ਬੜੇ ਭਾਰੀ ਚਾਅ ਨਾਲ ਭੱਜ ੨ ਕੇ ਸ਼ੁਭ ਸੱਚੀ ਸੇਵਾ ਕੀਤੀ।ਭਾਣਾ ਜੀ ਭਲਾ ਜੀ ਭੁੱਲ ਗਏ ਜੀ,ਤਿੰਨ ਭੱਬੇ ਤੇ ਬੇਅੰਤ ਸ਼ੁਭ ਗੁਣ ਕਮਾ ਕੇ,ਊਚ ਪਦ ਨੂੰ ਪ੍ਰਾਪਤ ਹੋਏ।ਪਏ ਕਬੂਲੁ.ਖਸੰਮ ਨਾਲਿ;ਜਾਂ ਘਾਲ ਮਰਦੀ ਘਾਲੀ ॥

੩.ਵਾਹਿਗੁਰੂ॥ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਨੇ ਬਾਰਾਂ ਸਾਲ ਦਿਨ ਰਾਤ ਸੇਵਾ ਕੀਤੀ,ਗੁਰੂ ਘਰ ਦਾ ਜਲ ਢੋਇਆ।ਯਥਾ:-ਜਲ ਢੋਇਓ ਸਤਿਗੁਰ ਕੇ ਦੁਆਰੇ ਇਹ ਬਿਧਿ ਪਾਇਓ ਮੋਖ ਦੁਆਰੇ॥ਸ੍ਰੀ ਖ਼ਡੂਰ ਸਾਹਿਬ ਜੀ ਵਿਖੇ,ਰਾਤ ਬਾਰਾਂ ਵਜੇ ਤੋਂ ਮਗਰੋਂ ਉੱਠਦੇ,ਬਿਆਸ 'ਚੋਂ ਜਲ ਦੀ ਇੱਕ ਗਾਗਰ ਲਿਆ ਕੇ,ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਦਾ ਪਰਮ ਪਵਿੱਤ੍ਰ ਇਸ਼ਨਾਨ ਕਰਾਉਂਦੇ,ਭਾਵੇਂ ਉਮਰ ਵਡੇਰੀ ਸੀ,ਐਨੀ ਜ਼ਿਆਦਾ ਮਸੱਕਤ ਕੀਤੀ,ਠੰਢ ਨਾਲ ਪਰਮਪਵਿੱਤ੍ਰ ਸੱਚੇ ਚਰਨ-ਕਮਲ,ਹਸਤ-ਕਮਲ ਫਟ ਜਾਂਦੇ।ਭਾਵੇਂ ਬਸਤ੍ਰ ਫਟੇ ਹੁੰਦੇ,ਫੇਰ ਭੀ ਪ੍ਰਵਾਹ ਨਾ ਕਰਦੇ।ਆਪਣੇ ਪੇਟ ਨੂੰ ਭੁੱਖਾ ਰੱਖ ਕੇ,ਸ਼ੁਭ ਸੱਚੀ ਸੇਵਾ ਕਰਦੇ,ਬਈ ਸੇਵਾ 'ਚ ਆਲਸ ਨਾ ਆਵੇ।ਤਰ ਤੀਬਰ ਤਰ ਤਮ ਵੈਰਾਗ ਦੀ ਦਸ਼ਾ ਦੇਖ ਕੇ,ਪ੍ਰੇਮੀ ਰੋ ਹੀ ਪੈਂਦੇ।ਸੌ ਸਾਲ ਤੋਂ ਵੱਡੀ ਉਮਰ 'ਚ,ਸ੍ਰੀ ਕਿੱਲੀ ਸਾਹਿਬ ਜੀ ਨੂੰ ਫੜ ਕੇ ਖੜ੍ਹੇ ਹੋ ਕੇ ੮੪ ਸ੍ਰੀ ਜਪੁ ਜੀ ਸਾਹਿਬ ਜੀ ਦੇ ਪਰਮਪਵਿੱਤਰ ਅੰਮ੍ਰਿਤ ਪਾਠ ਨਿੱਤ ਹੀ ਕਰਦੇ।ਸੋ ਆਪ ਜੀ ਨੇ ਜਿਉਂਦੇ ਮਰ ਕੇ,ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਸ਼ੁਭ ਸੱਚੀ ਸੇਵਾ ਸਿਮਰਨ ਪ੍ਰੇਮ-ਭਗਤੀ ਕਰਨ ਦਾ ਸਬਕ ਸਿਖਾਇਆ।

੪.ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਧੰਨ ਸੱਚੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਸੱਚੇ ਚਰਨ-ਕਮਲਾਂ 'ਚ,ਜਿਨੀ ਨਾਮੁ ਧਿਆਇਆ;ਗਏ ਮਸਕਤਿ ਘਾਲਿ॥ਵਾਲੀ ਅਵਸਥਾ ਨੂੰ ਕਮਾਇਆ। ਪਰਮਪੂਜਨੀਕ ਸ੍ਰੀ ਬਉਲੀ ਸਾਹਿਬ ਜੀ ਦੀ ਸੱਚੀ ਕਾਰ ਸੇਵਾ ਸਮੇਂ,ਸੱਚੇ ਸਤਿਗੁਰਾਂ ਦੇ ਹਾਣੀ ਲਾਡ ਨਾਲ ਟੋਕਰਾ ਲਤੜ ਕੇ ਭਰ ਦਿੰਦੇ,ਕਈ ਪ੍ਰੇਮੀ ਰਲ਼ ਕੇ ਚੁਕਾਉਂਦੇ।ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਚਾਅ ਨਾਲ,ਰੋਮ ੨ ਕਰਕੇ ਵਾਹਿਗੁਰੂ ਵਾਹਿਗੁਰੂ ਜਪਦਿਆਂ ਚਉਰਾਸੀ ਪਉੜੀਆਂ ਚੜ੍ਹ ਕੇ ਬਾਹਰ ਸੁੱਟ ਆਉਂਦੇ।ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਹੁਕਮ ਮੰਨ ਕੇ,ਸੱਚੇ ਸਤਿਗੁਰਾਂ ਦੇ ਦਾਮਾਦ ਬਣੇ,ਪਰ ਫੇਰ ਭੀ ਕਹੀ ਟੋਕਰੇ ਚੱਕੀ ਝਾੜੂ

ਬਰਤਨ ਮਾਂਜਣ ਆਦਿ ਸੇਵਾ ਨਹੀਂ ਛੱਡੀ।ਗੁਰੂ ਘਰ ਦੀ ਸਾਰੀ ਸੇਵਾ ਸੰਭਾਲ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਰਾਮਦਾਸ ਸਾਹਿਬ ਜੀ ਆਪ ਹੀ ਕਰਦੇ।ਅਨੇਕਾਂ ਪ੍ਰੇਮੀਆਂ ਨੂੰ ਗੁਰੂ ਸੇਵਾ ਭਗਤੀ 'ਚ ਲਾ ਕੇ ਉਧਾਰਿਆ।

੫.ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਰੋੜਿ ਹਸਤ ਤੇਰੀ ਟਹਲ ਕਮਾਵਹਿ;ਅਨੁਸਾਰ ਬਾਲਕ ਅਵਸਥਾ ਤੋਂ ਹੀ ਆਪਣੇ ਪਰਮਪੂਜਨੀਕ ਸੱਚੇ ਪਿਤਾ,ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਅਤੀ ਪਿਆਰੀ ਸਤਿਸੰਗਤ ਜੀ ਦੀ ਸੇਵਾ ਸੁਰੂ ਕਰ ਦਿਤੀ।ਜਿਸ ਤੇ ਭਾਰੀ ਪ੍ਰਸੰਨ ਹੋ ਕੇ ਗੁਰਤਾ ਬਖ਼ਸ਼ੀ।ਗੁਰਤਾ 'ਤੇ ਬੈਠ ਕੇ ਸ੍ਰੀ ਹਰਿਮੰਦਰ ਸਾਹਿਬ ਜੀ,ਸ੍ਰੀ ਸੰਤੋਖ ਸਰ ਸਾਹਿਬ ਜੀ,ਸ੍ਰੀ ਤਰਨ ਤਾਰਨ ਸਾਹਿਬ ਜੀ,ਸਤਿਗੁਰੂ ਚੌਥੇ ਪਾਤਿਸ਼ਾਹ ਜੀ ਦੇ ਅਵਤਾਰ ਅਸਥਾਨ ਅਤੇ ਸ੍ਰੀ ਨਨਕਾਣਾ ਸਾਹਿਬ ਜੀ ਵਿਖੇ,ਪਰਮਪੂਜਨੀਕ ਧੰਨ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਅਸਥਾਨ ਦੀ ਸ਼ੁਭ ਸੱਚੀ ਸੇਵਾ ਕੀਤੀ।ਦੁਆਬੇ 'ਚ ਸ੍ਰੀ ਕਰਤਾਰਪੁਰ ਸਾਹਿਬ ਜੀ ਵਸਾਏ।ਸਾਰੇ ਦੇਸ਼ 'ਚ ਸਿੱਖੀ ਦਾ ਬੜਾ ਭਾਰੀ ਪ੍ਰਚਾਰ ਕੀਤਾ।ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਚੇ।ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਗੁਣਾਂ ਦਾ ਅੰਤ ਕਿਵੇਂ ਪਾਇਆ ਜਾਵੇ?ਸਰਬੱਤ ਦੇ ਭਲੇ ਲਈ ਸ਼ਹੀਦੀ ਦਿਤੀ।

੬. ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ,ਗਿਆਰਾਂ ਵਰ੍ਹੇ ਦੀ ਆਯੂ 'ਚ ਗੁਰਤਾ ਗੱਦੀ 'ਤੇ ਸੁਭਾਇਮਾਨ ਹੋਏ।ਅਥਾਹ ਬੀਰ-ਰਸ ਧਾਰਿਆ,ਸ਼ਸ਼ਤ੍ਰ ਅਭਿਆਸ ਕੀਤਾ,ਸਿੱਖਾਂ ਤੋਂ ਕਰਵਾਇਆ।ਪਰਮਪੂਜਨੀਕ ਸ੍ਰੀ ਅਕਾਲ ਤਖਤ ਸਾਹਿਬ ਜੀ ਰਚੇ,ਪਿਆਰੀ ਗੁਰਸਿੱਖੀ ਫ਼ੈਲਾਈ,ਸਿੱਖ ਫ਼ੌਜ ਤਿਆਰ ਕੀਤੀ।ਆਪਣੀ ਸਿੱਖੀ ਲਈ ਸਭ ਤੋਂ ਅੱਗੇ ਹੋ ਕੇ ਚਾਰ ਵੱਡੇ ਧਰਮ-ਯੁੱਧ ਜਿੱਤੇ,ਗਰੀਬਾਂ ਦੀਆਂ ਬਹੂ-ਬੇਟੀਆਂ ਦੀ ਰੱਖਿਆ ਕੀਤੀ।ਆਪਣੇ ਸਮੇਂ 'ਚ ਰਾਤ ਦਿਨੇ ਬਹੁਤ ਭਾਰੀ ਉੱਦਮ ਪ੍ਰਾਕਰਮ ਨਾਲ ਭਜਨ ਸਿਮਰਨ ਸੇਵਾ ਕੀਤੀ ਕਰਵਾਈ,ਜਿਸ ਦਾ ਅੰਤ ਨਹੀਂ ਪਾਇਆ ਜਾਂਦਾ।

੭. ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ,ਆਪਣੇ ਪਿਆਰੇ ਪੋਤ੍ਰੇ ਸਤਿਗੁਰੂ ਹਰਿ ਰਾਏ ਸਾਹਿਬ ਜੀ ਨੂੰ,ਨਿੱਕੀ ਉਮਰ 'ਚ,ਵੱਡੀ ਸ਼ਰਧਾ ਇਕਾਗ੍ਰਤਾ ਪ੍ਰੇਮ ਭਾਵਨਾ ਅਥਾਹ ਪ੍ਰੇਮ ਸਤਿਕਾਰ ਨਾਲ ਸੇਵਾ ਕਰਦੇ ਦੇਖ ਕੇ,ਰੋਮ ੨ ਕਰਕੇ ਪਰਮ ਪ੍ਰਸੰਨ ਹੋ ਕੇ ਆਪਣੀ ਗੁਰਤਾ ਹੀ ਬਖ਼ਸ਼ ਦਿਤੀ।

੮. ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅੱਠਵੇਂ ਪਾਤਿਸ਼ਾਹ ਜੀ,ਬਾਲਕ ਲੀਲ ਅਨੂਪ ਅਵਸਥਾ 'ਚ ਹੀ,ਸੇਵਾ ਸਿਮਰਨ ਗੁਰਬਾਣੀ ਪੜ੍ਹਨ ਸੁਨਣ 'ਚ ਇਤਨੇ ਸਾਵਧਾਨ ਸਨ ਕਿ ਆਪ ਜੀ ਜਿਸ ਸ੍ਰੀ ਮੰਜੀ ਸਾਹਿਬ ਜੀ 'ਤੇ ਬੈਠ ਕੇ ਅੰਮ੍ਰਿਤ-ਰੂਪ ਨਿੱਤਨੇਮ ਕਰਦੇ,ਉਸ ਦੇ ਪਾਵੇ ਢਲ਼ ਕੇ ਮੋਮ ਹੋ

ਜਾਂਦੇ।ਦਿੱਲੀ ਜਾ ਕੇ ਮਹਾਂਮਾਰੀ ਦੀ ਬਿਮਾਰੀ ਚੁੱਕ ਦਿਤੀ।ਆਪਣੇ ਪਰਨ ਨੂੰ ਪੂਰਨ ਦ੍ਰਿੜਤਾ ਨਾਲ ਨਿਭਾਇਆ,ਪਾਪੀ ਨੌਰੰਗੇ ਨੂੰ ਦਰਸ਼ਨ ਨਹੀਂ ਦਿਤੇ।ਸ਼ਹੀਦੀ ਪਾਈ ਧੰਨ ਕਮਾਈ।

੯.ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਬਾਲਕ ਅਵਸਥਾ 'ਚ ਹੀ ਆਪਣੇ ਪਰਮਪੂਜਨੀਕ ਪਿਤਾ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ, ਸਤਿਸੰਗਤ ਜੀ ਦੀ ਸ਼ੁਭ ਸੱਚੀ ਸੇਵਾ ਕਰਕੇ ਸਤਿਗੁਰਾਂ ਅਤੇ ਸਤਿਸੰਗਤ ਜੀ ਦੀ ਪਰਮ ਪ੍ਰਸੰਨਤਾ ਲਈ।ਆਪ ਜੀ ਨੇ ਛੋਟੀ ਅਵਸਥਾ 'ਚ ਹੀ ਸਿਮਰਨ ਤੇ ਸ਼ਸ਼ਤ੍ਰ ਅਭਿਆਸ ਕੀਤਾ।ਛੱਬੀ ਸਾਲ ਨੌਂ ਮਹੀਨੇ ਤੇਰਾ ਦਿਨ,ਪਰਮਪੂਜਨੀਕ ਸ੍ਰੀ ਬਾਬੇ ਬਕਾਲੇ ਸਾਹਿਬ ਜੀ ਵਿਖੇ ਖ਼ੂਬ ਬੰਦਗੀ ਕੀਤੀ।੧੭੨੨ ਬਿਕ੍ਰਮੀ ਨੂੰ ਗੁਰਤਾ ਸਿੰਘਾਸਨ 'ਤੇ ਬਿਰਾਜੇ।ਹੰਕਾਰੀ ਧੀਰਮੱਲ ਨੇ ਆਪ ਜੀ 'ਤੇ ਦੋ ਵਾਰ ਗੋਲ਼ੀ ਚਲਾਈ,ਪੂਰਨ ਖਿਮਾ ਕਰਕੇ ਬਾਬਾ ਬਕਾਲ਼ਾ ਤਿਆਗ ਕੇ,ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆਏ।ਮਸੰਦ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬੂਹੇ ਬੰਦ ਕਰਕੇ ਚਲੇ ਗਏ।ਪ੍ਰੇਮੀ ਮੱਖਣਸ਼ਾਹ ਜੀ ਨੇ,ਉਨ੍ਹਾਂ ਨੂੰ ਡੰਡ ਦੇਣਾ ਚਾਹਿਆ ਤਾਂ ਪਰਮਪੂਜਨੀਕ ਸੱਚੇ ਸਤਿਗੁਰਾਂ ਕਿਹਾ,"ਖਿਮਾ ਖਿਮਾ ਖਿਮਾ!"ਸਤਲੁਜ ਕਿਨਾਰੇ ਪਹਾੜੀ ਰਾਜਿਆਂ ਤੋਂ,ਇੱਕ ਲੱਖ ਛਪੰਜਾ ਹਜ਼ਾਰ ਨੂੰ,ਚਾਰ ੨ ਕੋਹ ਜ਼ਮੀਨ ਖ਼ਰੀਦ ਕੇ,ਪਰਮਪੂਜਨੀਕ ਸ੍ਰੀ ਅਨੰਦਪੁਰ ਸਾਹਿਬ ਜੀ ਵਸਾਏ।ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੱਚੇ ਮਿਸ਼ਨ ਨੂੰ ਪ੍ਰਚਾਰਨ ਲਈ ਬਹੁਤ ਭਾਰੀ ਉੱਦਮ ਮਸੱਕਤ ਘਾਲ ਕਮਾਈ ਕੀਤੀ।ਮਾਲਵੇ ਪੁਆਧ ਬਾਂਗਰ ਪੂਰਬ ਬਿਹਾਰ ਬੰਗਾਲ 'ਚ ਵਿਚਰ ਕੇ ਸੱਚ ਧਰਮ ਦ੍ਰਿੜਾਇਆ,ਅਸਚਰਜ ਵੈਰਾਗਮਈ ਬਾਣੀ ਰਚੀ,ਖੰਡਾਂ ਬ੍ਰਹਮੰਡਾਂ ਦਾ ਉਧਾਰ ਕੀਤਾ।ਹੁਣ ਅਨੰਤ ਸੂਰਜ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਅਪਣੇ ਨਿਰਗੁਨ ਸਰੂਪ ਦੁਆਰਾ ਚਾੜ੍ਹੇ ਹੋਏ ਹਨ,ਜੋ ਜਪ ਰਹੇ ਹਨ,ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਧੰਨ ਹਨ,ਹੁਣ ਸੀਸ ਕੁਰਬਾਨ ਕਰ ਰਹੇ ਹਨ।

੧੦. ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ:-ਜ਼ਬਾਨ ਇੱਕ ਹੈ ਉਸਤਤ ਬਹੁਤ ਹੀ ਜ਼ਿਆਦਾ ਹੈ।ਜਿਹਬਾ ਏਕ;ਉਸਤਤਿ ਅਨੇਕ॥ਛੋਟੀ ਉਮਰ 'ਚ ਆਪਣੇ ਹਾਣੀਆਂ ਦੇ,ਦੋ ਜੱਥੇ ਬਣਾ ਕੇ ਆਪੋ ਵਿੱਚੀਂ ਜੰਗ ਲੜਾਉਂਦੇ।ਜਬ ਹਮ ਧਰਮ ਕਰਮ ਮੋ ਆਏ॥ਦੇਵ ਲੋਕ ਤਬ ਪਿਤਾ ਸਿਧਾਏ॥(ਸ੍ਰੀ ਦਸਮ ਪ੯)ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਦੀ ਅਦੁੱਤੀ ਕੁਰਬਾਨੀ ਦੇਣ ਤੋਂ,ਕੇਵਲ ਨੌਂ ਵਰ੍ਹੇ ਦੀ ਛੋਟੀ ਆਯੂ 'ਚ,ਗੁਰਤਾ ਤੇ ਬਿਰਾਜਮਾਨ ਹੋਏ।ਫ਼ੌਜਾਂ,ਤਖ਼ਤ ਸਾਹਿਬ ਜੀ ਰਚੇ,ਖ਼ਾਲਸਾ ਪੰਥ ਜੀ ਦੀ ਸਾਜਨਾ ਕੀਤੀ,ਛੱਤ੍ਰੀ ਧਰਮ ਪ੍ਰਗਟ ਕੀਤਾ।ਸਾਰੀ ਜ਼ਿੰਦਗੀ ਬੜੇ ਭਾਰੀ ਪਰਉਪਕਾਰ ਕੀਤੇ।ਸਵਾ ੨ ਲੱਖ ਜ਼ਾਲਮ ਨਾਲ ਇੱਕ ੨ ਸਿੰਘ ਲੜਾ ਕੇ,ਸਰਬੰਸ ਕੁਰਬਾਨ ਕੀਤਾ।ਮਾਤਾ ਪਿਤਾ ਵਾਰਿਆ,ਲਾਲ ਚਾਰੇ ਵਾਰੇ,ਜੀ ਹਿੰਦ ਤੇਰੀ ਸ਼ਾਨ ਬਦਲੇ।ਸੋ ਪਰਮਪੂਜਨੀਕ ਪਰਮਪਵਿੱਤ੍ਰ ਦਸਾਂ ਜਾਮਿਆਂ ਅੰਦਰ ਸੱਚੇ ਸਤਿਗੁਰਾਂ ਨੇ ਬਹੁਤ ਭਾਰੀ ਘਾਲਣਾ ਘਾਲੀ।ਆਪਣੇ ਪਿਆਰੇ ਸਿੱਖਾਂ ਨੂੰ ਭਜਨ-

ਸਿਮਰਨ,ਧਰਮ-ਕ੍ਰਿਤ ਮਸੱਕਤ ਕਰਨ ਦਾ ਸਬਕ ਸਿਖਾਇਆ।ਧਰਮ-ਕਿਰਤ ਤੋਂ ਵਿਹਲੇ ਰਹਿਣ ਦੀ ਬਿਮਾਰੀ ਬਹੁਤ ਜ਼ਿਆਦਾ ਫ਼ੈਲ ਚੁੱਕੀ ਹੈ।ਸੋ ਪਿਆਰੇ ਗੁਰਸਿੱਖਾਂ ਨੂੰ ਪਰਮਪੂਜਨੀਕ ਵਾਹਿਗੁਰੂ ਸਰੂਪ ਸੱਚੇ ਸਤਿਗੁਰਾਂ ਦਾ ਹੁਕਮ ਹੈ:-ਘਾਲਿ ਖਾਇ ਕਿਛੁ ਹਥਹੁ ਦੇਇ॥ਨਾਨਕ ਰਾਹੁ ਪਛਾਣਹਿ ਸੇਇ॥੧॥ਇਸ ਲਈ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਚਰਨ-ਕਮਲਾਂ 'ਚ,

ਅਤਿਅੰਤ ਗ੍ਰੀਬੀ ਨਾਲ ਹੱਥ ਜੋੜ ਸਿਰ ਝੁਕਾ ਕੇ ਅਰਦਾਸ ਹੈ!ਸਾਨੂੰ ਕਲਿਜੁੱਗੀ ਜੀਵਾਂ ਨੂੰ ਭਜਨ-ਸਿਮਰਨ ਧਰਮ-ਕ੍ਰਿਤ ਪੁੰਨ-ਦਾਨ,ਪਰਉਪਕਾਰ ਗੁਰੂ ਸੇਵਾ ਪ੍ਰੇਮਾ ਭਗਤੀ ਦਾ ਉਦਮ ਬਖ਼ਸ਼ੋ ਜੀ।

੧੧.ਭੈੜੀ ਕੂੜੀ ਚਾਹ ਕੌਫ਼ੀ ਢਿੱਡ ਫ਼ੂਕਣੀ ਦੀ ਥਾਂ ਇਹ ਵਧੀਆ ਨੁਸਖ਼ਾ ਨਿੱਤ ਵਰਤੋ:- ਕੋਟਿ ਬ੍ਰਹਮੰਡ ਦੇ ਮਾਲਕ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ,ਸੁੱਖੇ ਮੀਟ ਸ਼ਰਾਬ ਚਾਹ ਕੌਫ਼ੀ ਗੰਦੇ ਪਦਾਰਥ ਦਾ ਭੋਗ ਨਹੀਂ ਲੁਆਉਣਾ ਚਾਹੀਦਾ।ਗੁਰਮੁਖਿ ਪਿਆਰੇ ਨਿਹੰਗ ਸਿੰਘ ਚਾਹ ਕੌਫ਼ੀ ਨੂੰ ਢਿੱਡ ਫ਼ੂਕਣੀ ਕਹਿੰਦੇ ਹਨ।ਭੈੜੀ ਕੂੜੀ ਚਾਹ,ਗੁਰੂ ਜੀ ਦੇ ਲੰਗਰ ਦਾ ਪ੍ਰਸ਼ਾਦ ਸਮਝ ਕੇ,ਕਦੇ ਭੁੱਲ ਕੇ ਭੀ ਨਹੀਂ ਛਕਣੀ,ਨ ਹੀ ਕਿਸੇ ਨੂੰ ਧੱਕੇ ਨਾਲ ਪਿਆਉਣੀ ਹੈ। ਚਾਹ ਨੂੰ ਪ੍ਰਸ਼ਾਦ ਕਹਿਣਾ ਵੱਡੀ ਗ਼ਲਤੀ ਹੈ।ਦੋਵੇਂ ਨੁਸਖੇ ਅੱਡ ੨ ਹਨ।ਪੇਟ ਦੁਖੇ ਤਾਂ ਨਹੀਂ ਵਰਤਣਾ,ਠੰਢ 'ਚ ਜ਼ਿਆਦਾ ਗਰਮੀ 'ਚ ਘੱਟ।ਅਤੀ ਜ਼ਿਆਦਾ ਗਰਮੀ 'ਚ ਇਹ ਬੰਦ ਭੀ ਕਰ ਸਕਦੇ ਹੋਂ ਜੀ।ਖ਼ੂਬ ਬ੍ਰੀਕ ਰਗੜੋ,ਜ਼ਿਆਦਾ ਉਬਾਲ਼ੋ,ਘੱਟ ਉਬਾਲ਼ਣ ਨਾਲ਼ ਪੂਰਾ ਅਸਰ ਨਹੀਂ ਨਿਕਲ਼ਦਾ।ਇਹ ਨੁਸਖਾ ਵਾਈ,ਰੇਸ਼ੇ,ਸਾਹ ਲਈ ਬਹੁਤ ਹੀ ਗੁਣਕਾਰੀ ਹੈ।ਜਿਤਨਾ ਸ੍ਰੀਰ ਮੰਨੇ ਉਤਨਾ ਮਸਾਲਾ ਪਾਉ। ਗ਼ੁਲਾਬ ਦੇ ਫੁੱਲ,ਤੁਲਸੀ ਦੇ ਪੱਤੇ,ਗੋਰਖਪਾਨ ਬੂਟੀ,ਸੌਂਫ,ਮਲੱਠੀ ਕਾਣੀ ਨਾ ਹੋਵੇ,ਇਹ ਪੰਜਾਹ ੨ ਗ੍ਰਾਮ,ਕੁੱਲ ੨੫੦ ਗ੍ਰਾਮ)(ਬਾਦੀਆਂ ਕਤਾਈ, ਤੇਜਪੱਤ੍ਰ,ਬਨਫ਼ਸ਼ਾਂ,ਛੋਟੀ ਤੇ ਵੱਡੀ ਅਲੈਚੀ,ਅਰਜਨਸ਼ਾਲ ਇਹ ੭ ਚੀਜ਼ਾਂ ਪੱਚੀ ੨ ਗ੍ਰਾਮ ਕੁੱਲ ੧੭੫ ਗ੍ਰਾਮ)(ਦਾਰਚੀਨੀ,ਮਘਾਂ ਸੁੰਢ ਇਹ ਤਿੰਨੇ ਸਵਾ ਛੇ ੨ ਗ੍ਰਾਮ ਕੁੱਲ ਪੌਣੇ ੧੯ ਗ੍ਰਾਮ)(ਲੌਂਗ ਚਾਰ ਗ੍ਰਾਮ)ਕੁੱਲ ੪੦੦.ਪੌਣੇ ੪੮ ਗ੍ਰਾਮ।)ਇਹ ਨੁਸਖਾ ਭੀ ਵਰਤਿਆ ਜਾ ਸਕਦਾ ਹੈ:-੧.ਸੌਂਫ਼ ਇੱਕ ਪਾ,੨.ਮੋਟੀ ਅਲੈਚੀ ਦੋ ਛਟਾਂਕ ਕਾਣੀ ਨ ਹੋਵੇ,੩.ਦੇਸੀ ਅਜ਼ਵੈਣ ਦੋ ਛਟਾਂਕ ਸਾਫ਼ ਹੋਵੇ,੪.ਬਨੱਫ਼ਸ਼ਾਂ ਇੱਕ ਛਟਾਂਕ ਮਿੱਟੀ ਰਹਿਤ ਹੋਣ,ਮਲੱਠੀ ਦੋ ਛਟਾਂਕ ਜੀਆਂ ਦੀ ਖਾਧੀ ਕਾਣੀ ਨ ਹੋਵੇ,ਗੁਲਾਬ ਦੇ ਫ਼ੁੱਲ ਦੋ ਛਟਾਂਕ ਵਧੀਆ ਸਾਫ਼ ਹੋਣ,ਨਿੱਕੀ ਅਲੈਚੀ ਅੱਧੀ ਛਟਾਂਕ।

੧੨. ਚਾਹ ਢਿੱਡ ਫ਼ੂਕਣੀ,ਕੌਫ਼ੀ ਕੋਕਾ-ਕੋਲਾ ਪੈਪਸੀ ਤਿਆਗੋ:-ਚਾਹ ਪਾਪਣ ਚਾਹ ਹਤਿਆਰੀ।ਵਿੱਚ ਤਮਾਕੂ ਨਿੱਤ ਕਰੇ ਖ਼ੁਆਰੀ।ਕੋਕ ਪੈਪਸੀ'ਚ ਹੱਡ ਰੱਖਣ ਤੋਂ ਗਲ਼ ਜਾਂਦਾ ਹੈ।ਚਾਹ ਕੌਫ਼ੀ ਕੋਕਾ-ਕੋਲਾ ਪੈਪਸੀ ਹੱਡਾਂ ਨੂੰ ਗ਼ਾਲ਼ਦੇ ਹਨ,ਸ੍ਰੀਰ 'ਚੋਂ ਕੈਲਸ਼ੀਅਮ ਨੂੰ ਬਰਬਾਦ ਕਰਦੇ ਹਨ।ਬੱਚੇ ਦਾ ਕੱਦ ਨਹੀਂ ਵਧਣ ਦਿੰਦੇ।ਅੰਗਰੇਜ਼ ਰਾਜ ਵੇਲੇ,ਚਾਹ ਪ੍ਰਵਿਰਤ ਹੋਈ।ਰੇਲਵੇ ਸਟੇਸ਼ਨਾਂ ਤੇ,ਅੰਗਰੇਜ਼ਾਂ ਨੇ,ਚਾਹ ਤੇ ਸਿਗ੍ਰਟ ਮੁਫ਼ਤ ਪਿਆਉਣੀ ਆਰੰਭ ਕੀਤੀ।ਇੱਕ ਵਾਰੀ ਇੱਕ ਮਾਈ ਨੇ ਦਾਸਨ ਦਾਸ ਨੂੰ ਕਿਹਾ,"ਮੇਰੇ

ਘਰੇ ਪ੍ਰੇਤ ਹੈ।"ਦਾਸ ਨੇ ਕਿਹਾ,"ਸਾਰੀਆਂ ਥਾਵਾਂ 'ਚ,ਸਤਿਗੁਰੂ ਪ੍ਰਭੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਦੀ ਅਵਿਨਾਸੀ ਅਖੰਡ ਜੋਤਿ ਵਿਆਪਕ ਹੋ ਰਹੀ ਹੈ।ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀ ਧੰਨ ਹਨ।ਜਾਪ ਕਰਨਾ ਚਾਹੀਦਾ ਹੈ।""ਨਹੀਂ ਜੀ!ਮੇਰੇ ਘਰੇ ਪ੍ਰੇਤ ਹੈ।"ਦਾਸ ਕਿਹਾ,"ਤੇਰੇ ਢਿੱਡ 'ਚ ਹੀ ਕਸਰ ਹੈ।"ਕਿਹਾ, "ਕਿਵੇਂ?" ਦਾਸ ਕਿਹਾ,"ਚਾਹ ਨੂੰ ਤਮਾਕੂ ਆਦਿ ਭੈੜੇ ਕੈਮੀਕਲਾਂ ਦੀ ਪੁੱਠ ਦਿਤੀ ਜਾਂਦੀ ਹੈ।

ਸੁੱਕੀ ਚਾਹ ਅੱਗ 'ਤੇ ਪਾ ਕੇ ਦੇਖੋ,ਹੁੱਕੇ ਜੈਸੀ ਭੈੜੀ ਬਦਬੋ ਆਉਂਦੀ ਹੈ।"ਜਦੋਂ ਬੱਚਾ ਉਦਰ 'ਚ ਹੁੰਦਾ ਹੈ,ਮਾਤਾ ਜਿਤਨੀ ਵਾਰੀ ਚਾਹ ਪੀਂਦੀ ਹੈ,ਉਤਨੇ ਵਾਰੀ ਨਾੜੂਏ ਦੁਆਰਾ ਬੱਚੇ ਨੂੰ ਚਾਹ ਮਿਲਦੀ ਹੈ।ਮਾਤਾ ਦੇ ਜ਼ਿਆਦਾ ਚਾਹ ਪੀਣ ਤੋਂ ਬੱਚੇ ਦਾ ਰੰਗ ਕਾਲ਼ਾ ਕੱਟ ਰੋਗੀ ਹੋ ਜਾਂਦਾ ਹੈ।"ਉਸ ਕਿਹਾ,"ਮੇਰਾ ਪਹਿਲਾ ਬੱਚਾ ਕਾਲਾ ਹੈ,ਕਿਉਂਕਿ ਮੈਂ ਰੋਟੀ ਭੀ ਚਾਹ ਨਾਲ ਹੀ ਖਾਂਦੀ ਸੀ।ਮੇਰੇ ਮਾਪੇ ਚਾਹ ਦਾ ਵੱਡਾ ਪਤੀਲਾ ਅੱਗ 'ਤੇ ਰੱਖੀ ਰੱਖਦੇ ਸਨ।"ਜ਼ਿਆਦਾ ਦੇਰ ਪਤੀਲੇ 'ਚ ਚਾਹ ਰੱਖਣ ਨਾਲ,ਪਤੀਲੇ ਦੀ ਕਸ ਉੱਗਲ਼ਦੀ ਹੈ,ਚਾਹ ਕੌੜੀ ਕਾਲੀ-ਕੱਟ ਹੋ ਜਾਂਦੀ ਹੈ।ਜ਼ਿਆਦਾ ਚਾਹ ਪੀਣੇ ਕਰਕੇ ਐਸਡ ਬਣਦਾ ਹੈ।ਇਸ ਨਾਲ ਬਲੱਡ ਪ੍ਰੈਸ਼ਰ,ਪੇਟ ਗੈਸ,ਕੈਂਸਰ,ਤਪਦਿਕ ਆਦਿਕ ਅਨੇਕ ਪ੍ਰਕਾਰ ਦੀਆਂ ਭੈੜੀਆਂ ਬੀਮਾਰੀਆਂ ਲੱਗਦੀਆਂ ਹਨ।ਯਾਦ ਸ਼ਕਤੀ ਘਟਾਉਂਦੀ ਹੈ।ਸੋ ਮਾਤਾ ਪਿਤਾ ਦੇ ਜ਼ਿਆਦਾ ਚਾਹ ਕੌਫ਼ੀ ਤਮਾਕੂ,ਸ਼ਰਾਬ ਆਦਿ ਨਸ਼ੇ ਵਰਤਣੇ ਕਰਕੇ ਬਹੁਤੇ ਬੱਚੇ ਰੋਗੀ ਹੀ ਜੰਮਦੇ ਹਨ।

ਤ੍ਵਪ੍ਰਸਾਦਿ॥ਡਾਕਟ੍ਰਾਂ ਦਾ ਕਥਨ ਹੈ ਕਿ ਬੰਦਾ ਇੱਕ ਦਿਨ 'ਚ ਜਿਤਨੀ ਬੰਦਾ ਚਾਹ ਪੀਂਦਾ ਹੈ,ਜੇਕਰ ਉਸ ਦਾ ਟੀਕਾ ਬਣਾ ਕੇ ਲਾਇਆ ਜਾਵੇ,ਤਾਂ ਜਿਸ ਜੋੜ ਤੇ ਟੀਕਾ ਲੱਗੇਗਾ,ਉਸ ਜੋੜ ਨੂੰ ਖੜ੍ਹਾ ਦੇਵੇਗਾ?ਵੇਖੋ ਜੀ!ਜੇ ਦੁੱਧ ਕਾੜ੍ਹੀ ਜਾਈਏ ਤਾਂ ਖੋਆ ਬਣ ਜਾਂਦਾ ਹੈ,ਪਰ ਜੇ ਚਾਹ ਕਾੜ੍ਹੀ ਜਾਈਏ ਤਾਂ ਕੌੜੀ ਜ਼ਹਿਰ ਹੀ ਰਹਿ ਜਾਂਦੀ ਹੈ।ਜੇ ਦਹੀਂ 'ਚ ਸੁੱਕੀ ਚਾਹ ਪਾ ਕੇ ਰਿੜਕੀਏ ਤਾਂ ਘਿਉ ਨਹੀਂ ਆਉਂਦਾ।ਮੱਘੇ 'ਚ ਲੱਸੀ ਪਾ ਕੇ ਖੇਤਾਂ 'ਚ ਲਿਜਾਂਦੇ ਹਨ,ਉੱਪਰ ਮਖਣੀ ਦੀਆਂ ਡਲ਼ੀਆਂ ਆ ਜਾਂਦੀਆਂ ਹਨ,ਪਰ ਸੌ ਕੁਇੰਟਲ ਨਿਰੇ ਦੁੱਧ 'ਚ,ਚਾਹ ਪਾਉਣੇ ਕਰਕੇ ਘਿਉ ਦੀ ਅੰਸ਼ ਖ਼ਤਮ ਹੋ ਜਾਂਦੀ ਹੈ।

ਤ੍ਵਪ੍ਰਸਾਦਿ॥ਸਾਰੀ ਦੁਨੀਆਂ ਦਾ ਜੋ ਦੁੱਧ ਹੈ,ਉਹ ਨਿਤਾ-ਪ੍ਰਤੀ ਚਾਹ ਕਰਕੇ ਨਸ਼ਟ ਹੋ ਜਾਂਦਾ ਹੈ।ਇਸ ਕਰਕੇ ਤਮਾਮ ਦੁਨੀਆਂ 'ਤੇ ਦੁੱਧ ਦੀ ਘਾਟ ਪੈ ਗਈ,ਜਿਸ ਕਰਕੇ ਸਪਰੇਟਾ ਹੀ ਵੇਚੀ ਜਾਂਦੇ ਹਨ।ਜਦੋਂ ਦੁੱਧ ਦੀ ਘਾਟ ਆ ਗਈ ਤਾਂ ਘਿਉ ਕਿੱਥੋਂ ਮਿਲੇ?ਉਹ ਭੀ ਟਰੱਕਾਂ ਦੇ ਟਰੱਕ ਮੁਰਦੇ ਪਸ਼ੂਆਂ ਦੀ ਚਰਬੀ ਕੱਢ ਕੇ,ਮਿਲਾਵਟ ਕਰਕੇ ਦੇਸੀ ਕਹਿ ਕੇ ਵੇਚਿਆ ਜਾਂਦਾ ਹੈ।ਜਿਨ੍ਹਾਂ ਦੇ ਘਰ 'ਚ ਦਸ ਮੱਝਾਂ ਹਨ,ਉਹ ਭੀ ਦਸੌਰੀ ਘਿਉ ਖ਼ਰੀਦ ਕੇ ਖਾਂਦੇ ਹਨ।ਦੁੱਧ ਘਿਉ ਅੰਨ ਦੀ ਘਾਟ ਪੈ ਗਈ,ਕਿਉਂਕਿ ਦੁੱਧ ਘਿਉ ਘੱਟ ਮਿਲਣ ਤੋਂ ਜੀਅ ਅੰਨ ਜ਼ਿਆਦਾ ਖਾਂਦੇ ਹਨ।ਦੁਨੀਆਂ ਭਰ 'ਚ ਬਹੁਤ ਸਾਰਾ ਮਿੱਠਾ ਬੇਅਰਥ ਚਾਹ ਲਈ ਵਰਤਿਆ ਜਾਂਦਾ ਹੈ।ਚਾਹ 'ਚ ਖੰਡ ਦੀ ਵਰਤੋਂ ਕਰਕੇ ਸ਼ੂਗਰ ਜੀਆਂ ਨੂੰ ਲੱਗ ਰਹੀ ਹੈ।ਇੱਕ

ਕੰਮ ਗ਼ਲਤ ਹੋ ਜਾਵੇ,ਮਗਰੋਂ ਸੌ ਕੰਮ ਗ਼ਲਤ ਹੋ ਜਾਂਦੇ ਹਨ।ਸਾਰੇ ਸੰਸਾਰ 'ਤੇ ਕਿਤਨੀ ਸ਼ੂਗਰ ਵਧ ਗਈ ਹੈ।ਓਸ ਨਾਲ ਕਿਤਨੀ ਪ੍ਰੇਸ਼ਾਨੀ ਵਧੀ ਹੈ।ਕਿਤਨੀ ਧਰਤੀ 'ਤੇ ਦਵਾਈ ਉਤਪੰਨ ਕਰਨੀ ਪੈਂਦੀ ਹੈ।ਛੋਟੀ ਉਮਰ ਤੋਂ ਹਰ ਇੱਕ ਬੱਚਾ ਬੱਚੀ ਚਾਹ ਸ਼ਰਾਬ ਮਾਸ ਤਮਾਕੂ ਨਸ਼ਿਆਂ ਦਾ ਤਿਆਗ ਕਰੇ,ਜਿਸ ਕਰਕੇ ਉਨ੍ਹਾਂ ਦੀ ਸਿਹਤ ਚੰਗੀ ਰਹੇ,ਉਨ੍ਹਾਂ ਤੋਂ ਸ਼ੁਭ ਸੰਤਾਨ ਉਤਪਤ ਹੋਵੇ।ਚਾਹ ਕੌਫ਼ੀ ਐਸਾ ਭੈੜਾ ਅਮਲ ਹੈ,ਟਾਈਮ ਦੀ ਬਹੁਤ ਬਰਬਾਦੀ ਹੁੰਦੀ ਹੈ।

ਜੇਕਰ ਭੁੱਖ ਲੱਗੀ ਹੋਵੇ,ਤਾਂ ਕੋਈ ਚੀਜ਼ ਛਕਣੀ ਚਾਹੀਦੀ ਹੈ,ਪਰ ਕਿਤਨੇ ਭੀ ਰੱਜੇ ਹੋਣ ਤਾਂ ਭੀ ਚਾਹ ਪੀ ਹੀ ਲੈਂਦੇ ਹਨ,ਜਿਸ ਕਰਕੇ ਮੇਹਦੇ 'ਤੇ ਦਬਾ ਪੈ ਕੇ,ਅਨੇਕ ਪ੍ਰਕਾਰ ਦੇ ਮੇਹਦੇ ਦੇ ਰੋਗ ਪੈਦਾ ਹੁੰਦੇ ਹਨ।ਜਿਹੜੇ ਮਜ਼ਦੂਰ ਮੇਹਨਤ ਕਰਦੇ ਹਨ,ਉਨ੍ਹਾਂ ਨੂੰ ਕਾਲ਼ੀ ਕੱਟ ਚਾਹ ਦਿੱਤੀ ਜਾਂਦੀ ਹੈ,ਜੋ ਖ਼ੂਨ ਨੂੰ ਸਾੜਦੀ ਹੈ।ਤਮਾਕੂ ਵਰਤਣ ਨਾਲ ਜਪ ਤਪ ਪੁੰਨ ਨਾਸ਼ ਹੋ ਜਾਂਦੇ ਹਨ।ਜੇਕਰ ਸੁੱਕੀ ਚਾਹ ਅੱਗ 'ਤੇ ਪਾਈਏ,ਤਾਂ ਨਿਰੀ ਤਮਾਕੂ ਦੀ ਬਦਬੋ ਆਉਂਦੀ ਹੈ।ਆਪਜੀ ਭੀ ਜ਼ਰੂਰ ਹੀ ਦੇਖੋ,ਬੱਚਿਆਂ ਨੂੰ ਦਿਖਾਉ।ਸਤਿਗੁਰੂ ਸਾਹਿਬਾਨ ਜੀ ਨੇ ਤਮਾਕੂ ਵਰਤਣ ਨੂੰ ਸਖ਼ਤ ਮਨ੍ਹਾ ਕੀਤਾ ਹੈ,ਇਹ ਚੌਥੀ ਕੁਰੈਹਤ ਹੈ।ਇਸ ਨਾਲ ਉਮਰ ਭੀ ਘਟਦੀ ਹੈ।ਸਾਰੇ ਸੰਸਾਰ 'ਤੇ ਬਹੁਤ ਸਾਰੇ ਰੋਗ ਫ਼ੈਲ ਚੁੱਕੇ ਹਨ,ਜਿਨ੍ਹਾਂ 'ਚ ਬਹੁਤ ਸਾਰੇ ਰੋਗ ਲਾਗ ਦੀ ਬਿਮਾਰੀ ਵਾਲੇ ਹਨ,ਜੋ ਜੀਆਂ ਨੂੰ ਦੁੱਖਦਾਇਕ ਬਣ ਰਹੇ ਹਨ।ਚਾਹ ਨਾ ਮਿਲਣ ਤੋਂ ਸਿਰ ਦੁਖਣਾਂ ਤਾਂ ਮਾਮੂਲੀ ਗੱਲ ਹੈ।ਅੰਮ੍ਰਿਤ ਵੇਲੇ ਸੁੱਚੇ ਮੂੰਹ ਗੁਰਬਾਣੀ ਪੜ੍ਹਨ ਦੀ ਬਜਾਏ,ਮੰਜੇ 'ਤੇ ਪਿਆਂ ਹੀ ਚਾਹ ਪੀਂਦੇ ਹਨ।ਓਸ ਨੂੰ ਬਿੱਡ ਟੀ ਕਹਿੰਦੇ ਹਨ,ਪਰ ਓਸ ਨੂੰ(ਬੈਡ)ਭੈੜੀ ਟੀ ਹੀ ਕਹਿਣਾ ਚਾਹੀਦਾ ਹੈ।ਚਾਹ ਦੇ ਬੂਟੇ 'ਚ ਭੀ ਭੈੜੀਆਂ ਅੰਸ਼ਾਂ ਹਨ,ਜਿਨ੍ਹਾਂ ਕਰਕੇ ਧਰਮ ਭ੍ਰਿਸਟਦਾ ਹੈ।ਚਾਹ ਖ਼ੂਨ ਸੁਕਾਉਂਦੀ ਹੈ,ਕਾਮ ਕ੍ਰੋਧ ਵਧਾਉਂਦੀ ਹੈ।ਜਿਤਨੇ ਬਾਰ ਪੀਤੀ ਜਾਏ,ਉਤਨੀ ਜ਼ਿਆਦਾ ਇੱਛਾ ਵਧਦੀ ਹੈ।ਕਈ ਕਹਿੰਦੇ ਹਨ ਕਿ ਜੇਕਰ ਅਸੀਂ ਚਾਹ ਨਾ ਪੀਏ ਤਾਂ ਸਾਨੂੰ ਮੈਦਾਨ ਨਹੀਂ ਆਉਂਦਾ।ਚਾਹ ਕਰਕੇ ਹਰ ਵਕਤ ਭਾਂਡੇ ਜੂਠੇ ਹੀ ਰਹਿੰਦੇ ਹਨ।ਛੋਟੇ ੨ ਬੱਚੇ ਤੇਜ਼ ਕਾਲ਼ੀ ਕੌੜੀ ਚਾਹ ਪੀਂਦੇ ਹਨ।ਉਨ੍ਹਾਂ 'ਤੇ ਬਹੁਤ ਹੀ ਭੈੜਾ ਅਸਰ ਕਰਦੀ ਹੈ,ਜਿਸ ਕਰਕੇ ਉਹ ਵੱਡੇ ਹੋ ਕੇ ਸ਼ਰਾਬ,ਅਫ਼ੀਮ,ਗੋਲ਼ੀਆਂ ਦੇ ਅਧੀਨ ਹੋ ਜਾਂਦੇ ਹਨ।ਇਸ ਕਰਕੇ ਮਾਪੇ ਬੱਚਿਆਂ ਨੂੰ ਭੈੜੀ ਚਾਹ ਕੌਫ਼ੀ ਨਾ ਦੇਣ।ਜੇਕਰ ਬੱਚੇ ਨੂੰ ਦੁੱਧ ਦਹੀਂ ਨਾਲ ਪਾਲ਼ਿਆ ਜਾਵੇ,ਤਾਂ ਨਿੱਕੀ ਉਮਰ ਤੋਂ ਉਸ ਦਾ ਸ਼੍ਰੀਰ ਨਿੱਗਰ ਸੋਹਣੀ ਸਿਹਤ ਬਣੇਗੀ।

ਕਈ ਕਹਿੰਦੇ ਹਨ ਕਿ ਅਸੀਂ ੨੫ ਵਾਰੀ ਰੋਜ਼ ਚਾਹ ਪੀਂਦੇ ਹਾਂ।ਮਿਠਾ ਕਉੜਾ;ਦੋਵੈ ਰੋਗ॥ਨਾਨਕ;ਅੰਤਿ ਵਿਗੁਤੇ ਭੋਗ॥ਸਤਿਗੁਰੂ ਪ੍ਰਭੂ ਪਹਿਲੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:-ਕਿ ਤੇਜ਼ ਮਿੱਠਾ,ਤੇਜ਼ ਕਉੜਾ ਦੋਵੇਂ ਹੀ ਸ਼੍ਰੀਰ ਨੂੰ ਰੋਗ ਲਾਉਂਦੇ ਹਨ।ਚਾਹ ਬੜਾ ਭੈੜਾ ਅਮਲ ਹੈ,ਜਿਸ ਨੂੰ ਬਾਰ ੨ ਪੀਣ ਦੀ ਆਦਤ ਬਣੀ ਹੀ ਰਹਿੰਦੀ ਹੈ।ਜਿਸ ਕਰਕੇ ਮਿੱਠਾ ਵੱਧ ਵਰਤਿਆ ਜਾਂਦਾ ਹੈ।ਪੱਤੀ ਨੂੰ ਤਮਾਕੂ ਦੀ ਪੁੱਠ ਹੋਣ ਕਾਰਨ,ਕਉੜਾ ਭੀ ਵਰਤਿਆ ਜਾਂਦਾ ਹੈ।ਖੰਡ ਰੋਗਾਂ ਦੀ ਜੜ ਹੈ,ਜਿਸ ਕਰਕੇ ਸ਼ੂਗਰ ਆਦਿ

ਬੀਮਾਰੀਆਂ ਬਹੁਤ ਹੀ ਵਧ ਗਈਆਂ ਹਨ। ਇਸ ਕਰਕੇ ਗੁੜ ਵਰਤਣਾ ਚਾਹੀਦਾ ਹੈ। ਗੁੜ ਨੂੰ ਉਬਾਲ਼ ਕੇ ਥੱਲੇ ਲਾਹ ਕੇ,ਓਸ 'ਚ ਪਾਣੀ ਦੇ ਛਿੱਟੇ ਮਾਰ ਕੇ,ਮੈਲ਼ ਹੇਠਾਂ ਛੱਡ ਦੇਵੋ,ਫੇਰ ਉਸ 'ਚ ਜਲ-ਪਾਣੀ ਦਾ ਮਸਾਲਾ ਪਾ ਕੇ ਖ਼ੂਬ ਉਬਾਲ਼ੋ। ਮਸਾਲਾ ਥੋੜ੍ਹਾ ਉਬਾਲ਼ਣੇ ਕਰਕੇ ਭੀ ਮਸਾਲੇ ਦਾ ਪੂਰਾ ਅਸਰ ਨਹੀ ਨਿਕਲਦਾ। ਮਸਾਲਾ ਗਰਮ ਬਹੁਤ ਹੈ,ਸੰਜਮ ਨਾਲ ਵਰਤੋ,ਜਿਤਨਾ ਸ੍ਰੀਰ ਸਹਾਰੇ।

ਤ੍ਵਪ੍ਰਸਾਦਿ॥ਹੇ ਵਾਹਿਗੁਰੂ ਜੀ !ਆਪ ਜੀ ਦਾ ਰੋਮ ੨ ਕਰਕੇ ਕੋਟਾਨ ਕੋਟਿ ਧੰਨਵਾਦ ਹੈ,ਜੋ ਆਪ ਜੀ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ 'ਚ ਚਾਹ ਪੀਣ ਨੂੰ ਨਹੀਂ ਕਿਹਾ,ਸਗੋਂ ਦੁੱਧ ਪੀਣ ਨੂੰ ਕਿਹਾ ਹੈ। ਯਥਾ:-ਦੂਧੁ ਪੀਉ ਗੋਬਿੰਦੇ ਰਾਇ॥ਜੇਕਰ ਚਾਹ ਕੌਫ਼ੀ ਪੀਣ ਬਾਰੇ ਕਿਹਾ ਹੁੰਦਾ ਤਾਂ ਬਹੁਤ ਹੀ ਮੁਸ਼ਕਲ ਬਣ ਜਾਣੀ ਸੀ। ਉੱਘੀਆਂ ਸੰਪ੍ਰਦਾਵਾਂ 'ਚ ਅੰਮ੍ਰਿਤ ਤਿਆਰ ਕਰਨ ਵਾਲੇ ਪੰਜ ਪਿਆਰੇ ਚਾਹ ਨਹੀਂ ਪੀਂਦੇ। ਇਸ ਤੋਂ ਤਮਾਕੂ ਜਿਤਨੀ ਹੀ ਨਫ਼ਰਤ ਕੀਤੀ ਜਾਂਦੀ ਹੈ। ਸ੍ਰੀ ਦਮਦਮੀ ਟਕਸਾਲ 'ਚ ਅੰਮ੍ਰਿਧਾਰੀ ਜੇ ਗ਼ਲਤੀ ਨਾਲ ਚਾਹ ਪੀ ਲਵੇ ਉਸ ਨੂੰ ਦੁਬਾਰਾ ਅੰਮ੍ਰਿਤ ਛਕਾਇਆ ਜਾਂਦਾ ਹੈ। ਕੀਰਤਨ ਭਜਨ ਅਖੰਡ ਪਾਠ ਕਰਨ ਵਾਲੇ ਪ੍ਰੇਮੀਆਂ ਨੂੰ ਇਹ ਤਿਆਗਣੀ ਬਹੁਤ ਹੀ ਜ਼ਰੂਰੀ ਹੈ,ਕਿਉਂਕਿ ਉਹ ਧਾਰਮਿਕ ਆਗੂ ਹਨ। ਜਿਹੜਾ ਪ੍ਰੇਮੀਂ ਪੰਜਾਂ ਪਿਆਰਿਆਂ ਦੀ ਸੇਵਾ 'ਚ ਲੱਗਦਾ ਹੈ,ਉਹ ਤਾਂ ਬਰ ਜ਼ਰੂਰ ਹੀ ਇਸ ਦਾ ਤਿਆਗ਼ ਕਰੇ। ਜਿਸ ਨੂੰ ਚਾਹ ਦਾ ਨਸ਼ਾ ਹੈ,ਓਸ ਨੂੰ ਹੋਟਲਾਂ ਦੀ ਜੂਠ ਵਰਤਣੀ ਪੈਂਦੀ ਹੈ। ਸੱਚੇ ਸਤਿਗੁਰਾਂ ਦਾ ਫ਼ੁਰਮਾਨ ਹੈ ਕਿ,ਜਹਾ ਤਹਾ ਕਾ ਅਚੇ ਪ੍ਰਸ਼ਾਦ॥ਮੇਰਾ ਸਿੱਖ ਨਾ ਆਦਿ ਜੁਗਾਦਿ॥ਇਸ ਕਰਕੇ ਚਾਹ ਕੌਫ਼ੀ ਦੇ ਤਿਆਗ ਕਰਕੇ,ਜੂਠ ਤੋਂ ਬਹੁਤ ਬਚਾਅ ਰਹਿੰਦਾ ਹੈ। ਬਿਹੰਗਮ ਤੇ ਗ਼ਰੀਬ ਨੂੰ ਧਨ ਦਾ ਬਹੁਤ ਹੀ ਫ਼ਾਇਦਾ ਹੁੰਦਾ ਹੈ। ਬਹੁਤ ਸਾਰੇ ਫ਼ਕੀਰ ਜੋ ਚਾਹ ਅਧੀਨ ਹਨ,ਉਹ ਚਾਹ ਲਈ ਪੈਸੇ ਮੰਗਦੇ ਫਿਰਦੇ ਹਨ। ਚਾਹ ਨੂੰ ਤਿਆਗਣੇ ਕਰਕੇ ਪਰਵਾਰਾਂ ਦਾ ਖਰਚ ਘਟ ਜਾਂਦਾ ਹੈ। ਆਮ ਕਿਹਾ ਜਾਂਦਾ ਹੈ ਕਿ ਦੁੱਧ 'ਚ ਪੱਤੀ ਪਾ ਦੇਵੋ,ਜਿਸ ਕਰਕੇ ਰੇਸ਼ੇ ਤੋਂ ਬਚਾਅ ਰਹੇ। ਇਹ ਰੇਸ਼ੇ ਨੂੰ ਵਧਾਉਂਦੀ ਹੈ। ਵੱਧ ਤੋਂ ਵੱਧ ਲੋਕੀਂ ਚਾਹ ਪੀਂਦੇ ਹਨ,ਪਰ ਫੇਰ ਭੀ ਰੋਗੀ ਹੀ ਹਨ। ਜਿਨ੍ਹਾਂ ਨੇ ਜ਼ਿਆਦਾ ਚਾਹ ਪੀਤੀ ਹੈ,ਬਹੁਤਿਆਂ ਨੂੰ ਸਾਹ ਦੀ ਬਿਮਾਰੀ ਲੱਗ ਗਈ ਹੈ। ਬਹੁਤਿਆਂ ਦੀਆਂ ਉੱਲਾਂ ਵੱਜਦੀਆਂ ਹਨ। ਬਹੁਤਿਆਂ ਦੀ ਨਿਗ੍ਹਾ ਕਮਜ਼ੋਰ ਹੋ ਚੁੱਕੀ ਹੈ। ਬਹੁਤਿਆਂ ਦੇ ਕੇਸ ਛੇਤੀ ਚਿੱਟੇ ਹੋ ਚੁੱਕੇ ਹਨ। ਬਹੁਤਿਆਂ ਨੂੰ ਨਜ਼ਲਾ ਡਿੱਗਦਾ ਹੈ। ਬਹੁਤੇ ਟੀ.ਵੀ.ਕੈਂਸਰ ਆਦਿ ਭੈੜੇ ਰੋਗਾਂ ਨਾਲ ਮਰ ਚੁੱਕੇ ਹਨ,ਹੁਣ ਭੀ ਅਨੇਕਾਂ ਹੀ ਮਰ ਰਹੇ ਹਨ। ਚਾਹ ਕੌਫ਼ੀ ਦੀ ਖੁਸ਼ਕੀ ਕਰਕੇ,ਸ੍ਰੀਰ ਦੇ ਜੋੜਾਂ ਦਾ ਤੇਲ ਮੁੱਕਣ ਤੋਂ ਜੋੜਾਂ 'ਚ ਦਰਦ ਹੁੰਦਾ ਰਹਿੰਦਾ ਹੈ। ਦੁਸ਼ਮਣ ਤੋਂ ਤਾਂ ਬਚਾਅ ਹੋ ਸਕਦਾ ਹੈ,ਪਰ ਜੇ ਕੋਈ ਮਿੱਤ੍ਰ ਬਣ ਕੇ ਨੁਕਸਾਨ ਕਰੇ,ਤਾਂ ਬਚਾਅ ਨਹੀਂ ਹੁੰਦਾ। ਇਹ ਨਸ਼ਾ ਮਿੱਤ੍ਰ ਬਣ ਕੇ ਸਭ ਦੇ ਦਿਲਾਂ 'ਚ ਵਸ ਚੁੱਕਾ ਹੈ। ਇੱਕ ਵਾਰੀ ਸੀਖਣੀਆਂ ਦੀ ਅੱਗ ਵਾਂਗ ਸ੍ਰੀਰ ਨੂੰ ਗਰਮ ਕਰਦੀ ਹੈ,ਪਰ ਫੇਰ ਛੇਤੀ ਹੀ ਸ੍ਰੀਰ ਡਿੱਗ ਪੈਂਦਾ ਹੈ। ਅਖੀਰ ਐਸੀ ਤਰਸ-ਯੋਗ ਅਵਸਥਾ ਹੋ ਜਾਂਦੀ ਹੈ,ਕਿ ਜੇ ਚਾਹ ਪੀ

ਲਵੇ ਤਾਂ ਠੀਕ ਹੈ,ਨਹੀਂ ਤਾਂ ਸ੍ਰੀਰ ਦੇ ਕਿਸੇ ਨਾ ਕਿਸੇ ਅੰਗ 'ਚ ਪੀੜ ਹੋਣ ਲੱਗ ਪੈਂਦੀ ਹੈ। ਚਾਹ ਕੌਫ਼ੀ ਇੱਕ ਪੱਕਾ ਕੋਹੜ ਹੈ,ਇਸ ਕਰਕੇ ਅੰਮ੍ਰਿਤ ਗੁਰਬਾਣੀ ਨੂੰ ਰੋਮਿ ੨ 'ਚ ਪ੍ਰਾਪਤ ਕਰਨ ਲਈ,ਚਾਹ ਦਾ ਤਿਆਗ਼ ਬਹੁਤ ਹੀ ਜ਼ਰੂਰੀ ਹੈ। ਬੇਅੰਤ ਖੰਡਾਂ ਬ੍ਰਹਮੰਡਾਂ ਨੂੰ ਉਧਾਰਨ ਵਾਲੇ ਸਾਰਿਆਂ ਬ੍ਰਹਮੰਡਾਂ 'ਚ ਪ੍ਰਗਟ,ਹੇ ਸਤਿਗੁਰੂ ਪ੍ਰਭੂ ਸ੍ਰੀ ਗੁਰੂ ਨਾਨਕਦੇਵ ਸਾਹਿਬ ਜੀਓ !ਆਪਜੀ ਕਿਰਪਾ ਕਰਕੇ ਇਸ ਕੋੜ੍ਹ ਰੋਗ ਨੂੰ ਨਿਵਿਰਤ ਕਰੋ ਜੀ,ਗੁਰਦਵਾਰਿਆਂ 'ਚੋਂ ਇਹ ਕੋੜ੍ਹ ਕੱਢੋ ਜੀ।

੧੩.ਠੰਢੇ ਦੇਸ਼ਾਂ 'ਚ ਘਰ 'ਚ ਤੇਜ਼ ਹੀਟ ਵਰਤਣ ਦੇ ਬਹੁਤ ਨੁਕਸਾਨ ਹਨ। ਚਮੜੀ ਦੇ ਰੋਗ ਅੱਖਾਂ ਲਾਲ ਬਲੱਡ ਅੱਪ ਹੋ ਜਾਂਦਾ ਹੈ। ਤੇਜ਼ ਹੀਟ 'ਚ ਸਾਹ ਲੈਂਦਿਆਂ ਮੇਹਦੇ 'ਚ ਗ੍ਰਮੈਸ਼ ਪੈਦਾ ਹੋ ਜਾਂਦੀ ਹੈ। ਪਿਆਸ ਬਹੁਤ ਹੀ ਜ਼ਿਆਦਾ ਲੱਗਦੀ ਹੈ। ਜ਼ਿਆਦਾ ਹੀਟ ਨਾਲ ਬਿੱਲ, ਬੋਤਲਾਂ ਦੇ ਪਾਣੀ 'ਤੇ ਖਰਚ ਵਧਦਾ ਹੈ। ਸ੍ਰੀਰ ਟੁੱਟਦਾ ਹੈ। ਨੀਂਦ ਬਹੁਤ ਜ਼ਿਆਦਾ ਵਧ ਜਾਂਦੀ ਹੈ,ਨੱਕ 'ਚੋਂ ਖ਼ੂਨ ਆਉਣ ਲੱਗ ਜਾਂਦਾ ਹੈ। ਹੋਰ ਅਨੇਕਾਂ ਨੁਕਸਾਨ ਹਨ। ਇਸ ਲਈ ਜਿਤਨੀ ਘੱਟ ਤੋਂ ਘੱਟ ਹੀਟ ਰੱਖੀ ਜਾਵੇ,ਉਤਨਾ ਹੀ ਫ਼ਾਇਦਾ ਹੈ।

੧੪.ਏਅਰਕੰਡੀਸ਼ਨ ਦੀ ਵਰਤੋਂ ਸਿਹਤ ਲਈ ਸਖ਼ਤ ਹਾਨੀਕਾਰਕ ਹੈ। ਇਸ ਦੀ ਵਰਤੋਂ ਨਾਲ ਓਜ਼ੋਨ 'ਚ ਛੇਕ ਪੈ ਜਾਂਦੇ ਹਨ। ਓਜ਼ੋਨ ਸੂਰਜ ਦੀ ਕਿਰਨ ਦੀ ਗਰਮੈਸ਼ ਘਟਾਉਂਦੇ ਹਨ। ਜਿੱਥੇ ਓਜ਼ੋਨ 'ਚ ਛੇਕ ਹੋਣ,ਧੁੱਪ ਅਤੀ ਤੇਜ਼ ਹੁੰਦੀ ਹੈ,ਚਮੜੀ ਦਾ ਕੈਂਸਰ ਹੋ ਜਾਂਦਾ ਹੈ। ਏਅਰਕੰਡੀਸ਼ਨ ਨਾਲ ਬਿੱਲ ਬਹੁਤ ਜ਼ਿਆਦਾ ਉੱਠਦਾ ਹੈ,ਏਅਰਕੰਡੀਸ਼ਨ 'ਚ ਰਹਿਣ ਵਾਲੇ ਦੀ ਸਿਹਤ ਕਮਜ਼ੋਰ ਹੋ ਜਾਂਦੀ ਹੈ। ਸ੍ਰੀਰ ਜਿਤਨੀ ਠੰਢ ਗਰਮੀ ਸਹਾਰੇ,ਤਿਤਨਾ ਮਜ਼ਬੂਤ ਹੁੰਦਾ ਹੈ। ਗਰਮ ਦੇਸ਼ਾਂ 'ਚ ਕੰਮ ਕਰਨ ਵਾਲਿਆਂ ਦੇ ਸ੍ਰੀਰ 'ਚੋਂ ਮੁੜਕਾ ਨਿਕਲ਼ਦਾ ਰਹਿੰਦਾ ਹੈ,ਜਿਸ ਨਾਲ ਸ੍ਰੀਰ 'ਚੋਂ ਗੰਦੇ ਤੱਤ ਨਿਕਲ਼ ਜਾਂਦੇ।

੧੫.ਘਿਉ 'ਚ ਤਲ਼ੇ ਤੇਜ਼ ਮਸਾਲੇ,ਸ੍ਰੀਰ ਨੂੰ ਰੋਗੀ ਕਰ ਦਿੰਦੇ ਹਨ। ਘਿਉ 'ਚ ਤਲ਼ੇ ਮਸਾਲੇ ਨੂੰ ਸੁਆਦ ਸਮਝ ਕੇ ਛਕਦਿਆਂ ੨,ਮਸਾਲੇ ਦੀ ਵਰਤੋਂ ਜ਼ਿਆਦਾ ਕਰਨੇ ਕਰਕੇ,ਸ੍ਰੀਰ ਰੋਗੀ ਤਬਾਹ ਹੋ ਜਾਂਦਾ ਹੈ। ਮਸਾਲੇ ਨੂੰ ਸੁਆਦ ਸਮਝ ਕੇ,ਨਹੀਂ ਵਰਤਣਾ ਚਾਹੀਦਾ। ਜਿਤਨਾ ਸ੍ਰੀਰ ਨੂੰ ਚਾਹੀਦਾ ਹੈ। ਘੱਟ ਤੋਂ ਘੱਟ ਵਰਤਿਆ ਜਾਵੇ। ਮਸਾਲੇ ਘਿਉ 'ਚ ਤਲ਼ਣ ਨਾਲ ਸ੍ਰੀਰ ਨੂੰ ਨਾਸ ਕਰ ਦਿੰਦੇ ਹਨ। ਜਦੋਂ ਮੂੰਹ ਨੱਕ 'ਚ ਪਾਣੀ ਆਵੇ,ਸਮਝੋ ਮਸਾਲੇ ਦੀ ਲੋੜ ਹੈ। ਜਦੋਂ ਠੰਢ ਲੱਗੇ ਖੰਘ ਆਵੇ ਤਾਂ ਥੋੜਾ ਸ਼ਹਿਦ ਚੱਟ ਲਵੋ। ਰੱਜਵੀਂ ਵਰਜ਼ਿਸ਼ ਕਰਕੇ ਸ੍ਰੀਰ ਨੂੰ ਸਵਾਰਦੇ ਰਹੋ। ਜਿਵੇਂ ਅਸੀਂ ਦੂਜੇ ਨਾਲ ਲੜਨ ਸਮੇਂ ਅਕਸ-ਮਾਤ੍ਰ ਹੀ ਤੇਜ਼ ਗੁੱਸਾ ਕਰਦੇ ਹਾਂ,ਤਿਵੇਂ ਦੂਜੇ 'ਤੇ ਗੁੱਸਾ ਤਿਆਗ ਕੇ,ਆਪਣੇ 'ਤੇ ਬੀਰ-ਰਸ ਧਾਰ ਕੇ ਖ਼ੂਬ ਵਰਜ਼ਿਸ਼ ਕਰੋ।

੧੬.ਸੰਤ ਬਾਬਾ ਅਜੀਤ ਸਿੰਘਜੀ ਨਥਲਪੁਰੀਏ ਪੂਰਨ ਬ੍ਰਹਮਗਿਆਨੀ ਜੀ ਚਾਹ ਕੌਫ਼ੀ ਮਸਾਲੇ ਅਧਰਕ ਲਸਣ ਗੰਢੇ ਨਹੀਂ ਵਰਤਦੇ ਸਨ,ਪ੍ਰੇਮੀਆਂ ਨੂੰ ਭੀ ਵਰਜਦੇ ਸਨ। ੧੨੫ ਸਾਲ ਦੀ ਉਮਰ 'ਚ ਰੱਜ ਕੇ ਖ਼ੂਬ ਬੰਦਗੀ ਪਰਉਪਕਾਰ ਕੀਤੇ।

੧੭.ਦਾਸਨਦਾਸ ਨਾਲ ਹੱਡ ਬੀਤੀ ਸੇਹਤ ਬਾਰੇ ਕੀਮਤੀ ਸ਼ੁਭ ਸਿੱਖਿਆ:- ਦਾਸਨਦਾਸ ਨੂੰ ਪਿਸ਼ਾਬ ਰੁਕ ਕੇ ਆਉਣ ਤੋਂ,ਡਾਕਟ੍ਰਾਂ ਨੇ ਦੋ ਵਾਰ ਪਰਾਸਟੇਟ ਵੱਢੇ।ਅੱਠ ਮਹੀਨੇ ਸਪੈਸ਼ਲਿਸਟ ਨੇ ਟੈਸਟ ਕੀਤੇ।ਦਵਾਈ ਦਿਤੀ ਉਲਟ ਪਈ।ਟੈਸਟ ਤੋਂ ਬਾਅਦ ਘਰ ਨੂੰ ਤੋਰ ਦਿਤਾ,ਬਈ ਕੋਈ ਨੁਕਸ ਨਹੀਂ,ਪਰ ਸ਼ਰਲਾ ਰੁਕਣੋ ਨਾ ਹਟਿਆ।ਇੱਕ ਪ੍ਰੇਮੀ ਨੇ ਦੱਸਿਆ "ਤੈਨੂੰ ਪਾਣੀ ਦੀ ਲਾਗ ਹੈ।"ਸਤਿਗੁਰੂ ਸਾਹਿਬਜੀ ਨੇ ਕ੍ਰਿਪਾ ਕਰਕੇ,ਪਾਣੀ ਬੋਤਲਾਂ ਦਾ ਸ਼ੁਰੂ ਕਰਾ ਦਿਤਾ,ਗੰਢਾ ਅਧਰਕ ਲਸਣ ਤੜਕਾ ਬੰਦ ਕਰਾ ਦਿਤਾ।੨੪ ਘੰਟੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਸ਼ੁੱਧ ਪਾਠ ਸੁਨਣ ਦੀ ਬਖ਼ਸ਼ਿਸ਼ ਕਰ ਦਿਤੀ।

ਸੁੱਤਿਆਂ ਜਾਗਦਿਆਂ ਹਰ ਸਮੇਂ ਸ਼ੁੱਧ ਰੀਕਾਰਡ ਕੀਤੀ ਗੁਰਬਾਣੀ ਕੰਪੀਊਟਰ ਦੁਆਰਾ ਸੁਣਾਉਂਦੇ ਹਨ।ਹੱਥ ਚੱਕੀ ਦਾ ਅਣਛਾਣਿਆਂ ਮੋਟਾ ਆਟਾ ਬਖ਼ਸ਼ਦੇ ਹਨ।ਤਲ਼ੇ ਪਦਾਰਥ ਬੰਦ ਕਰਵਾ ਦਿਤੇ।ਪੁੰਗਰੀਆਂ ਦਾਲ਼ਾਂ ਬੇਹੱਦ ਗੁਣਕਾਰੀ ਬਖ਼ਸ਼ਦੇ ਹਨ।ਸਾਰਿਆਂ ਨਾਲੋਂ ਗੁਣਕਾਰੀ ਪੁੰਗਰੇ ਛੋਲੇ ਹਨ।ਕਾਲੇ ਮੋਟੇ ਛੋਲੇ ਜੋ ਜ਼ਿਆਦਾ ਫੁੱਲਣ,ਚੰਗੀ ਤਰ੍ਹਾਂ ਧੋ ਕੇ ਪਾਣੀ 'ਚ ੨੪ ਘੰਟੇ ਲਈ ਭਿਉਂ ਦੇਣੇ।ਚੌਵੀ ਘੰਟੇ ਮਗਰੋਂ ਕੱਢ ਕੇ,ਥਾਲ਼ 'ਚ ਪਾ ਕੇ ਓਵਨ 'ਚ ਰੱਖ ਦੇਣੇ,ਜੇ ਸੁੱਕਣ ਤਾਂ ਹਰ ਪੰਜ ਸੱਤ ਘੰਟੇ ਬਾਅਦ ਗਿੱਲੇ ਕਰਦੇ ਰਹਿਣਾ।ਪੁੰਗਰਨ ਤੋਂ,ਜੇ ਗਰਮੀ ਜ਼ਿਆਦਾ ਹੋਵੇ ਤਾਂ ਗਿਜ਼ ੨ ਕਰਦੇ ਹਨ,ਤਿੰਨ ਚਾਰ ਵਾਰ ਚੰਗੀ ਤਰ੍ਹਾਂ ਧੋ ਲੈਣੇ,ਭਾਵ ਜੇ ਸਮਿੱਲ ਦੇਣ ਤਾਂ ਧੋ ਲੈਣੇ।

੧੮. ਅੱਖਾਂ ਦੀ ਸੰਭਾਲ਼ ਵਰਜ਼ਿਸ ਬਾਰੇ ਪ੍ਰੇਮ ਬੇਨਤੀ,ਸੇਹਤ ਬਾਰੇ ਸ਼ੁਭ ਸਿੱਖਿਆ ਅਨੇਕ ਸ਼ੁਭ ਬਚਨ, ਕਣਕ ਦਾ ਦਲ਼ੀਆ:-ਤੇਜ਼ ਬਲਵਾਂ ਦੀ ਲਾਈਟ ਨਿਗ੍ਹਾ ਘਟਾਉਂਦੀ ਹੈ,ਘਰ 'ਚ ਜ਼ੀਰੋ ਦੇ ਬਲਵ ਜਗ੍ਹਾਉ,ਬਿੱਲ ਘੱਟ ਆਵੇਗਾ।ਸੁੱਤੇ ਉੱਠਦਿਆਂ ਵਲਵ ਵੱਲ ਉੱਕਾ ਹੀ ਨਹੀਂ ਤੱਕਣਾ।ਜਿਤਨਾ ਘੱਟ ਬਲਵ ਜਗਾਈਏ,ਤਿਤਨਾ ਹੀ ਅੱਖਾਂ ਨੂੰ ਅਰਾਮ ਰਹਿੰਦਾ ਹੈ।ਅੱਖਾਂ 'ਤੇ ਠੰਢੇ ਜਲ ਦੇ ਛਿੱਟੇ ਹੋਲੀ ੨ ਮਾਰਦੇ ਰਹੋ।ਬਰਫ਼ ਵਾਲੀ ਕੌਲੀ 'ਚ ਪਾਣੀ ਪਾ ਕੇ,ਵਿੱਚ ਅੱਖਾਂ ਬਾਰ ੨ ਡੁਬੋਣ ਨਾਲ ਅੱਖਾਂ ਠੰਢੀਆਂ ਸਾਫ਼ ਹੋ ਜਾਂਦੀਆਂ ਹਨ,ਅੱਖਾਂ ਦੀ ਥਕਾਵਟ ਦੂਰ ਹੋ ਜਾਂਦੀ ਹੈ।ਅੱਖਾਂ ਦਾ ਜ਼ਿਆਦਾ ਕੰਮ ਹੋਵੇ ਤਾਂ ਇਹ ਜੁਗਤੀ ਕਰੋ।

ਸਿਗ੍ਰਟ ਪੀਣਾ ਹਾਨੀਕਾਰਕ ਹੈ,ਆਪ ਸਿਗ੍ਰਟ ਨਾ ਪੀਓ ਤੇ ਸਿਗ੍ਰਟ ਦੇ ਧੂੰਏ ਵਾਲੇ ਥਾਂ ਉੱਕਾ ਹੀ ਨਾ ਜਾਉ।ਘੱਟ ਚਰਬੀ ਹੋਵੇ ਤਾਂ ਵੱਧ ਰੇਸ਼ੇਦਾਰ ਭੋਜਨ ਖਾ ਕੇ,ਸ੍ਰੀਰਕ ਭਾਰ ਦਾ ਸੰਤੁਲਨ ਕਾਇਮ ਰੱਖੋ।ਕੁਸੰਗਤ ਤਿਆਗ ਕੇ ਦੋ ਵੇਲੇ ਸਾਧਸੰਗਤ ਕਰਨੀ ਚਾਹੀਦੀ ਹੈ।ਸਤਿਸੰਗਤ ਜੀ 'ਚ ਜਾ ਕੇ,ਲੰਗਰ ਭਾਂਡੇ ਮਾਂਜਣੇ ਗਾਰਵੇਜ਼ ਆਦਿ ਦੀ ਸੇਵਾ ਚਾਅ ਨਾਲ ਕਰਨੀ ਬੜੀ ਹੀ ਲਾਭਦਾਇਕ ਹੈ।ਜਿਸ ਸੇਵਾ ਤੋਂ ਬੰਦੇ ਨਫ਼ਰਤ ਕਰਨ,ਉਹ ਮੂੰਹ ਬੰਨ੍ਹ ਕੇ,ਚਾਅ ਨਾਲ ਕਰਨੀ।ਕੋਟਿ ਨਮਸਕਾਰ।

ਆਪ ਗੱਲ ਕਰਕੇ ਹੱਸਣ ਦੀ ਆਦਤ ਚੰਗੀ ਨਹੀਂ,ਦੂਜੇ ਹੱਸਣ ਆਪ ਜੀ ਦਿਲ 'ਚ ਹੱਸੋ।ਆਪਣੇ ਆਪ ਨੂੰ ਇੱਕ ਵਚਨ,ਦੂਜਿਆਂ ਨੂੰ ਬਹੁ-ਵਚਨ ਬੋਲਣਾ,ਵੱਡਿਆਂ ਦਾ ਸਤਿਕਾਰ ਤਾਂ ਕਰਨਾ ਹੀ ਹੈ,ਬੱਚਿਆਂ

ਦਾ ਸਤਿਕਾਰ ਸੇਵਾ ਤਹਿ ਦਿਲੋਂ ਕਰੋ।ਆਪ ਗੱਲ ਕਰਕੇ ਹੱਸਣਾ ਨਹੀਂ,ਸੁਨਣ ਵਾਲਾ ਹੱਸੇ।ਰਾਤ ਨੂੰ ਸੌਣ ਸਮੇਂ ਆਟੋਮੈਟਿਕ ਟੇਪ ਰੀਕਾਰਡਰ ਤੇ ਸ਼ੁੱਧ ਉਚਾਰਣ ਲਾਈ ਰੱਖਣਾ।ਸੋਹਣੇ ਸੁਪਨੇ ਆਉਣਗੇ।

ਹੱਥ ਚੱਕੀ ਨਾਲ ਕਣਕ ਦਾ ਦਲ਼ੀਆ ਬਣਾਉ,ਫ਼ਰਿਜ 'ਚ ਰੱਖੋ ਤਾਜ਼ਾ ਰਹੇ।ਦਲ਼ੀਆ ਅੱਠ ਘੰਟੇ ਪਾਣੀ 'ਚ ਭਿਉਂ ਕੇ ਰੱਖੋ,ਸਲੋ ਕੂਕਰ 'ਚ ਮਿੱਠੀ ੨ ਅੱਗ 'ਤੇ ਰਿੰਨ੍ਹੋ।ਭਿਉਂਤੇ ਬਿਨਾ ਦਲ਼ੀਆ ਗਰਮੀ ਕਰਦਾ ਹੈ।ਭਿਉਣ ਨਾਲ ਤਸੀਰ ਠੰਢੀ ਹੋ ਜਾਂਦੀ ਹੈ।ਭਿਉਣਾ ਬਹੁਤ ਹੀ ਗੁਣਕਾਰੀ ਹੈ।ਜੇ ਸ੍ਰੀਰ 'ਚ ਠੰਢ ਜ਼ਿਆਦਾ ਹੋਵੇ ਤਾਂ ਬਿਨਾ ਭਿਉਂਤੇ ਦੇ ਛਕੋ।ਕਬਜ਼ੀ ਸ਼ੂਗਰ ਬਲੱਡ ਅੱਪ ਹਰ ਤਰ੍ਹਾਂ ਦੇ ਰੋਗੀ ਨੂੰ ਦਲ਼ੀਆ ਗੁਣਕਾਰੀ ਹੈ।

ਜ਼ਿਆਦਾ ਤੇਜ਼ ਅੱਗ 'ਤੇ ਨ ਰਿੰਨ੍ਹੋ ਜੀ।ਹੱਥ ਚੱਕੀ ਦਾ ਅਣਛਾਣਿਆਂ ਮੋਟਾ ਆਟਾ ਸੱਜਰਾ ਪੀਹ ਕੇ,ਰੋਟੀ ਛਕੋ।ਫਰਿਜ਼ 'ਚੋਂ ਫ਼ਲ ਕੱਢ ਕੇ ਕੋਸੇ ਪਾਣੀ 'ਚ ਰੱਖ ਕੇ ਠਰ ਭੰਨੋ।ਜਿੱਥੇ ਬੋਤਲਾਂ ਦਾ ਪਾਣੀ ਨ ਮਿਲੇ,ਤਿੱਥੇ ਪਾਣੀ ਉਬਾਲ਼ ਕੇ ਠੰਢਾ ਕਰਕੇ ਛਕਣਾ,ਜੇ ਠੰਢ ਹੋਵੇ ਤਾਂ ਘੱਟ ਠੰਢਾ ਕਰਨਾ।ਜ਼ਿਆਦਾ ਠੰਢਾ ਕਬਜ਼ੀ ਕਰਦਾ ਹੈ।ਜਿਵੇਂ ਸ੍ਰੀਰ ਮੰਨੇ ਤਿਵੇਂ ਹੀ ਕਰ ਲੈਣਾ।ਦੁੱਧ 'ਚ ਖੰਡ ਘੱਟ ਤੋਂ ਘੱਟ ਪਾਉ।ਪੁੰਗਰੀਆਂ ਦਾਲਾਂ ਤਾਜ਼ੀ ਸਬਜੀ ਤੇ ਦਾਲ ਦਾ ਕੰਮ ਦਿੰਦੀਆਂ ਹਨ,ਬਹੁਤ ਹੀ ਗੁਣਕਾਰੀ ਹਨ।ਸੱਜਰੀ ਭਾਜੀ ਫ਼ਾਰਮ 'ਚੋਂ ਲਿਅਉ ਜਾਂ ਘਰੇ ਬੀਜੀ ਹੋਵੇ ਤਾਂ ਵਧੀਆ ਹੈ।

੧੯.**ਮਾਲ਼ਸ਼ ਬਾਰੇ,ਗੁਣਕਾਰੀ ਹਲਕੀ ਵਰਜ਼ਿਸ਼:-** ਬਦਾਮ ਰੋਗਨ ਨਾਲ ਸ੍ਰੀਰ ਦੀ ਮਾਲਸ਼ ਕਰਦੇ ਰਹਿਣਾ ਚਾਹੀਏ।ਤੇਲ ਤੋਂ ਬਿਨਾ ਭੀ ਸਾਰੇ ਸ੍ਰੀਰ ਦੇ ਅੰਗ ੨ 'ਤੇ ਹੱਥ ਮਾਰਨ ਦਾ ਸੁਭਾਅ ਬਣਾਉ।ਵਰਜਿਸ਼ ਜ਼ਰੂਰ ਬਰ ਜ਼ਰੂਰ ਕਰੋ।ਤੇਲ ਨਾਲ ਧੌਣ ਦੀ ਮਾਲਸ਼ ਕਰਨੀ,ਤੇਲ ਤੋਂ ਬਿਨਾ ਭੀ ਧੌਣ 'ਤੇ ਹੱਥ ਮਾਰਨ ਦਾ ਸੁਭਾਅ ਬਣਾਉ। ਸਿਰ ਤਾਲੂਏ 'ਚ ਤੇਲ ਪਾ ਕੇ ਪੋਟਿਆਂ ਨਲ ਝੱਸਣਾ।ਧੌਣ ਨੂੰ ਚੌਫੇਰੇ ਹੌਲੀ ੨ ਹਿਲਾ ਕੇ ਵਰਜ਼ਿਸ ਕਰਨੀ।

ਅਨੰਤ ਬਾਰ ਅਫ਼ਸੋਸ ਹੈ ਕਿ ਇੰਦ੍ਰਿਆਂ ਦਾ ਸੁਆਦ ਨਾਲ ਨਹੀਂ ਜਾਂਦਾ ਪਰ ਇਹ ਸੁਆਦ ਸ੍ਰੀਰ ਨੂੰ ਰੋਗੀ ਕਰ ਦਿੰਦੇ ਹਨ।ਧ੍ਰਿੱਗ ਧ੍ਰਿਕਾਰ ਹੈ ਜ਼ਿਆਦਾ ਖਾਣਾ,ਜੋ ਹਰ ਸਮੇਂ ਪੇਟ ਗੈਸ ਬਦਬੋ ਦਾ ਕਾਰਨ ਬਣਿਆਂ ਰਹਿੰਦਾ ਹੈ।

ਧੌਣ 'ਤੇ ਹੱਥ ਨਾਲ ਛੇਤੀ ੨ ਜ਼ੋਰ ਦੀ ਮਾਲਸ਼ ਕਰੋ,ਜਦੋਂ ਸਮਾਂ ਲੱਗੇ ਧੌਣ ਨੂੰ ਸੱਜੇ ਖੱਬੇ ਘੁਮਾਉ,ਧੌਣ ਮਜਬੂਤ ਹੋਵੇਗੀ।ਨਿਤਾਪ੍ਰਤੀ ਮਿਲ ਕੇ ਗੇਮ ਖੇਡੀ ਜਾਵੇ।ਹਰ ਵੇਲੇ ਅਸਵਾਰੀ ਦੀ ਆਦਤ ਸੇਹਤ ਨੂੰ ਚੰਗੀ ਨਹੀਂ।ਸੈਰ ਕਰਨੀ ਰੇਸ ਲਾਉਣੀ ਬਹੁਤ ਹੀ ਜ਼ਰੂਰੀ ਹੈ।

ਜੇ ਤੁਸੀਂ ਗੱਡੀ ਚਲਾ ਰਹੇ ਹੋਂ ਜਾਂ ਬੈਠੇ ਹੋਂ ਪੇਟ ਨੂੰ ਅੱਗੇ ਪਿੱਛੇ ਹਰ ਵੇਲੇ ਹੋਲੀ ੨ ਕਰਨ ਦਾ ਅਭਿਆਸ ਕਰੋ।ਜੇ ਕਰ ਪੇਟ 'ਚ ਬੱਚਾ ਹੋਵੇ ਜਾਂ ਪੇਟ 'ਚ ਰੋਗ ਹੋਵੇ,ਅਪ੍ਰੇਸ਼ਨ ਆਦਿ ਕੀਤਾ ਹੋਵੇ ਫੇਰ ਨਹੀਂ।ਇਸ ਤਰ੍ਹਾਂ ਪੇਟ ਦੀ ਵਰਜਿਸ ਕਰਕੇ ਅੰਤੜੀਆਂ ਮਜ਼ਬੂਤ ਹੋਵਣ,ਪੇਟ 'ਚੋਂ ਗੈਸ ਨਿਕਲ ਜਾਂਦੀ

ਹੈ,ਪੇਟ ਦੀ ਹਾਲਤ ਸਹੀ ਰਹਿੰਦੀ ਹੈ।ਗੱਡੀ 'ਚ ਡੰਬਲ ਰੱਖੋ।ਗੱਡੀ ਚਲਾਉਂਦਿਆਂ ਜਦੋਂ ਟਰੈਫ਼ਿਕ ਘੱਟ ਹੋਵੇ,ਵਾਰੀ ੨ ਇੱਕ ੨ ਹੱਥ ਨਾਲ ਡੰਬਲ ਫੇਰੋ,ਡੌਲੇ ਮੋਟੇ ਕਰੋ।ਬੈਗ 'ਚ ਡੰਬਲ ਪਾ ਕੇ ਹਰ ਸਮੇਂ ਪਾਸ ਰੱਖੋ।ਤੁਰੇ ਜਾਂਦਿਆਂ ਬੈਠਿਆਂ ਖੜ੍ਹਿਆਂ ਜਿੱਥੇ ਦਾ ਲੱਗੇ,ਫੇਰੋ।

ਦੋਹਾਂ ਹੱਥਾਂ ਦੀਆਂ ਉਂਗਲਾਂ ਸਿੱਧੀਆਂ ਕਰਕੇ ਖੋਲ੍ਹੋ,ਇੱਕ ਹੱਥ ਦੀਆਂ ਦੂਜੇ ਹੱਥ ਦੀਆਂ ਉਂਗਲਾਂ 'ਚ ਫਸਾਉ ਜਿਵੇਂ ਪੰਜਾਂ ਪਾਈਦਾ ਹੈ,ਸੱਜੇ ਹੱਥ ਦੀਆਂ ਉਂਗਲਾਂ ਖੱਬੇ ਹੱਥ ਦੇ ਪੁੱਠੇ ਪਾਸੇ ਤੇ ਖੱਬੇ ਦੀਆਂ ਸੱਜੇ ਹੱਥ ਦੇ ਪੁੱਠੇ ਪਾਸੇ ਨੱਪ ਕੇ ਦੋਹਾਂ ਹੱਥਾਂ ਨੂੰ ਖ਼ੂਬ ਘੁੱਟੋ।ਪੜ੍ਹਨ ਵਾਲੇ ਬੱਚੇ,ਵਿਹਲੇ ਬੈਠੇ,ਇਸ ਤਰ੍ਹਾਂ ਜ਼ੋਰ ਲਾ ਕੇ ਖ਼ੂਬ ਜ਼ੋਰ ਲਾਉ,ਬਾਰ ੨ ਕਰੋ,ਬਾਰ ੨ ਕਰਨ ਦਾ ਸੁਭਾਵ ਬਣਾਉ,ਹੱਥ ਦਾ ਪੰਜਾ ਨਵਾਂ ਨਿਰੋਆ ਮੋਟਾ ਭਾਰਾ ਹੋਵੇਗਾ।ਸ੍ਰੀਰ 'ਚ ਤਾਕਤ ਵਧੇਗੀ,ਪ੍ਰਛਾਦਾ ਹਜ਼ਮ ਭੁੱਖ ਲੱਗੇਗੀ ਆਲਸ ਘਟੇਗਾ।

ਪ੍ਰਛਾਦਾ ਬੈਠ ਕੇ ਨਾ ਛਕੋ,ਅੱਧ 'ਚ ਖੜ੍ਹ ਕੇ,ਜਾਂ ਬੈਠਕਾਂ ਕੱਢਦਿਆਂ ਜਾਂ ਮਸ਼ੀਨ 'ਤੇ ਤੁਰਦਿਆਂ ਛਕੋ।ਬੁਰਛ ਕਰਨ ਲੱਗਿਆਂ ਅੱਧ 'ਚ ਖੜ੍ਹ ਜਾਉ।ਘਰ 'ਚ ਇੱਕ ਖੂੰਜੇ ਤੋਂ ਦੂਜੇ ਖੂੰਜੇ ਜਾਉ,ਡੱਬੂ ਟਪੂਸੀਆਂ ਲਾਉ।ਕਪਾਲੀ ਆਸਣ,ਪੇਟ ਦੀ ਵਰਜ਼ਿਸ਼ ਕਰਦੇ ਰਹੋ।ਸੱਜੀ ਵੱਖੀ 'ਤੇ ਜਾਂ ਸਿੱਧੇ ਪੈਣਾ,ਖੱਬੀ ਵੱਖੀ 'ਤੇ ਨਹੀਂ ਪੈਣਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਜਾਣ ਤੋਂ ਪਹਿਲਾਂ,ਖ਼ੂਬ ਵਰਜ਼ਿਸ ਕਰਕੇ ਜਾਵੋ,ਸ੍ਰੀਰ ਦਾ ਪਾਣੀ ਕੱਢੋ,ਜਿਸ ਕਰਕੇ ਸਤਿਗੁਰੂ ਸਾਹਿਬ ਜੀ ਖ਼ੁਸ਼ ਹੋਣ।ਅਚਾਰ ਖਾਣਾ ਬੰਦ ਕਰੋ।ਆਲੂ ਗੋਭੀ ਅਰਵੀ ਕਚਾਲੂ ਭਿੰਡੀ ਵਾਈ ਹਨ,ਅਤਿ ਗਰਮੀ 'ਚ ਲੋੜ ਅਨੁਸਾਰ ਵਰਤੇ ਜਾ ਸਕਦੇ ਹਨ।ਜ਼ਿਆਦਾ ਠੰਢ 'ਤੇ ਰੇਸ਼ੇ ਦਮੇ ਸਾਹ ਦੇ ਰੋਗੀ ਨੂੰ ਦੁੱਖਦਾਇਕ ਹਨ।ਚੌਲ਼ ਮਹਾਂ ਦੀ ਦਾਲ ਲੋੜ ਅਨੁਸਾਰ ਵਰਤ ਸਕਦੇ ਹੋਂ,ਇਨ੍ਹਾਂ ਦੀ ਜ਼ਿਆਦਾ ਵਰਤੋਂ ਗਰਮੀ 'ਚ ਭੀ ਰੇਸ਼ਾ ਕਰਦੀ ਹੈ।ਆਈਸ ਕਰੀਮ ਸਿਹਤ ਦੇ ਉਲਟ ਹੈ।ਤੇਜ਼ ਕੌੜੇ ਮਿੱਠੇ ਤੋਂ ਪ੍ਰਹੇਜ਼ ਰੱਖਣਾ।ਮਿਠਾ ਕਉੜਾ ਦੋਵੈ ਰੋਗ॥ਪੋਲੇ ਗੱਦੇ 'ਤੇ ਪੈਣਾ ਤਿਆਗੋ,ਹਾਰਡ ਵੁੱਡ 'ਤੇ ਪਵੋ।ਸਿਰ੍ਹਾਣਾ ਨਹੀਂ ਲਾਉਣਾ।ਵਿਹਲੇ ਬੈਠ ਕੇ ਮੱਖੀ ਤੇ ਮੱਖੀ ਨ ਮਾਰੋ,ਗੱਦੇ ਲਾ ਕੇ ਬੈਠਣਾ ਵੱਡਾ ਰੋਗ ਹੈ।ਜਿਹੜੇ ਸ੍ਰੀਰ ਘਰਾਂ 'ਚ ਵਿਹਲੇ ਰਹਿੰਦੇ ਹਨ ਉਨ੍ਹਾਂ ਨੂੰ ਹੋਮ ਸਿੱਕ ਕਹਿੰਦੇ ਹਨ।ਹੋਮ ਸਿੱਕ ਦੀ ਜ਼ਿੰਦਗੀ ਬੜੀ ਹੀ ਔਖੀ ਲੰਘਦੀ ਹੈ।ਗੁਰਬਾਣੀ ਸ਼ੁੱਧ ਉਚਾਰਣ ਹਰ ਸਮੇਂ ਲਾਈ ਰੱਖੋ,ਚੰਗੀ ਧੁਨਿ ਕੰਨਾਂ 'ਚ ਪੈਣ ਨਾਲ ਅਸੰਖ ਪੁੰਨ ਲੱਗਦੇ ਹਨ।ਪੈਰਾਂ ਦੀਆਂ ਤਲ਼ੀਆਂ ਦੀ ਮਾਲਸ਼ ਐਨੀ ਛੇਤੀ ੨ ਜ਼ੋਰ ਲਾ ਕੇ ਕਰੋ,ਹੌਂਕਣੀ ਚੜ੍ਹ ਜਾਵੇ।ਮਿਹਦੇ,ਡੌਲ਼ਿਆਂ ਨੂੰ ਮਜ਼ਬੂਤ ਕਰੋ। ਸੋਨਾ ਨਹੀਂ ਪੈਨ੍ਹਣਾ,ਟੈਲੀਵੀਜ਼ਨ ਦੀ ਦੁਰਵਰਤੋਂ ਕਰਕੇ ਤਬਾਹ ਨ ਹੋਵੋ।ਤੜਕਾ ਬੰਦ ਰੱਖਣਾ।ਜ਼ਿਆਦਾ ਠੰਢ 'ਚ ਪਾਣੀ ਠਰ ਭੰਨ ਕੇ ਪੀਵੋ।ਪਰਛਾਦਾ ਖ਼ੂਬ ਚਿੱਥ ਕੇ ਛਕੋ।ਬਲੈਕ ਬੋਰਡ 'ਤੇ ਲਿਖੇ ਸਬਦ ਰਾਤ ਨੂੰ ਪੜ੍ਹਕੇ ਪੈਣਾ ਸਵੇਰੇ ਉੱਠ ਕੇ ਫੇਰ ਪੜ੍ਹਨਾ।ਤੇਜ਼ ਤੀਖਣ ਗਰਮੀ 'ਚ ਜੀਵ ਤੋਂ ਪਾਣੀ ਪੀਣੋ ਹਟਿਆ ਨਹੀਂ ਜਾਂਦਾ,ਇਹ ਨਹੀਂ ਕਰਨਾ,ਲੋੜ ਤੋਂ ਵੱਧ ਪਾਣੀ ਨਹੀਂ ਪੀਣਾ,ਲਿਮਟ ਤੋਂ ਵੱਧ ਕੋਈ ਭੀ ਪਦਾਰਥ ਨਹੀਂ ਛਕਣਾ।ਬੇਹਾ ਪਦਾਰਥ ਹਰੇਕ ਰੋਗ ਦੀ ਜੜ ਹੈ ਇਸ ਤੋਂ

ਬਚੋ।ਓਪਰੇ ਥਾਂ ਜਿੱਥੇ ਸ਼ੰਕਾ ਹੋਵੇ,ਪਹਿਲਾਂ ਇੱਕ ਕਿਨਕਾ ਮੂੰਹ 'ਚ ਪਾਵੋ।ਕੋਈ ਚੀਜ਼ ਖਾਣ ਨੂੰ ਤੇਜ਼ ਕੌੜੀ ਹੋਵੇ ਨ ਖਾਵੋ,ਹੋ ਸਕਦਾ ਕਿਸੇ ਨੇ ਜ਼ਹਿਰ ਮਿਲਾਈ ਹੋਵੇ।

ਖਾਣ ਵਾਲੇ ਪਦਾਰਥ ਖ਼੍ਰੀਦਣ ਵੇਲੇ ਜਿਹੜੇ ਪਦਾਰਥ 'ਚ ਤੱਤ ਤਾਜ਼ਗੀ ਹੋਵੇ ਉਹ ਹੀ ਖ਼ਰੀਦੋ।ਰਾਤ ਨੂੰ ਸੌਂਣ ਤੋਂ ਤਿੰਨ ਘੰਟੇ ਪਹਿਲਾਂ ਲੰਗਰ ਛਕੋ।ਲਾਲ ਮਿਰਚ ਤਿਆਗੋ,ਕਾਲੀ ਮਿਰਚ ਵਰਤੋ,ਪਰ ਲੋੜ ਤੋਂ ਵੱਧ ਵਰਤਣ ਨਾਲ,ਪੇਟ ਗੈਸ ਗਰਮੀ ਖੁਸ਼ਕੀ ਕਰਦੀ ਹੈ।ਸਵੇਰੇ ਉੱਠ ਕੇ ਮੂੰਹ 'ਚ ਰੇਸ਼ਾ ਆਉਂਦਾ ਹੈ ਤਾਂ ਖਾਣੇ ਦੀ ਸੋਧ ਕਰੋ ਜੀ।ਦੌੜ ਲਾਉਣ ਦੀ ਸੁੱਖਣਾ ਸੁੱਖਣੀ,ਬਈ ਦਾਸਨ ਦਾਸ ਇੱਕ ਲੱਖ ਕਿਲੋ ਮੀਟਰ ਕਵਰ ਕਰਕੇ ਗੁਰੂ ਸਾਹਿਬ ਜੀ ਨੂੰ ਅਰਪੇਗਾ।

ਜਿਵੇਂ ਪੰਜ ਪਿਆਰੇ ਚਾਰ ਸਾਹਿਬਜ਼ਾਦੇ ਆਦਿ ਬੇਅੰਤ ਪ੍ਰੇਮੀਂ ਗੁਰਸਿੱਖਾਂ ਨੇ ਗੁਰੂ ਲਈ ਅੰਗ ੨ ਕਟਾਏ,

ਸਿਰ ਅਰਪੇ,ਆਪਣੇ ਬੱਚੇ ਟੋਟੇ ੨ ਕਰਵਾ ਕੇ ਝੋਲੀਆਂ 'ਚ ਪੁਆਏ,ਗਲ਼ਾਂ 'ਚ ਹਾਰ ਪੁਆਏ,ਆਦਿ ਬੇਅੰਤ ਹੀ ਕੁਰਬਾਨੀਆਂ ਕੀਤੀਆਂ।ਇਸ ਤਰ੍ਹਾਂ ਹਰੇਕ ਪ੍ਰੇਮੀਂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸੱਚੇ ਪਾਤਿਸਾਹ ਜੀ ਨੂੰ ਤਨ ਮਨ ਧਨ ਸਿਰ ਸਰਵੰਸ ਅਰਪੇ।ਨਿੱਤਨੇਮ ਵਾਹਿਗੁਰੂ ਜਾਪ ਦਾ ਸਮਾਂ ਅਤੇ ਵਰਜ਼ਿਸ ਦਾ ਸਮਾਂ ਆਪਣੀ ਡਾਇਰੀ ਤੇ ਨੋਟ ਕਰਦਾ ਰਹੇ,ਗੁਰੂ ਚਰਨ-ਕਮਲਾਂ 'ਚ ਨਿਤਾਪ੍ਰਤੀ ਭੇਟਾ ਕਰਦਾ ਰਹੇ।ਸ਼ੁਭ ਕਾਰਜ ਕਰਕੇ ਫੇਰ ਹੰਗਤਾ ਨਹੀਂ ਕਰਨੀ।ਟੇਪ ਰਿਕਾਰਡ ਦੁਆਰਾ ਗੁਰਬਾਣੀ ਅੰਮ੍ਰਿਤ ਰੂਪ ਕੀਰਤਨ ਲਾ ਕੇ,ਸ੍ਰੀ ਸਟੀਕ ਸਾਹਿਬ ਜੀ ਪ੍ਰਕਾਸ਼ ਕਰਕੇ ਕੀਰਤਨ ਸੁਣੇ।ਫੇਰ ਕੁੱਝ ਸਮੇਂ ਬਾਅਦ ਕੀਰਤਨ ਸੁਣਦਿਆਂ ਖ਼ੂਬ ਕਸਰਤ ਕਰੇ  ਜਾਂ ਚਾਕ ਬੋਰਡ ਤੇ ਸ਼ਬਦ ਲਿਖ ਕੇ ਸਾਹਮਣੇ ਖੜ੍ਹ ਕੇ,ਕਸਰਤ ਕਰਦਿਆਂ ਗੁਰੂ ਗੁਰਬਾਣੀ ਅੱਖਰਾਂ ਦਾ ਧਿਆਨ ਧਾਰ ਕੇ,ਤੱਕ ਕੇ,ਪ੍ਰੇਮ ਨਮਸਕਾਰ ਸਹਿਤ ਬਾਰ ੨ ਪੜ੍ਹੇ।

ਵਾਹਿਗੁਰੂ॥ਬਹੁਤ ਕੀਮਤੀ ਪ੍ਰੇਮ ਬੇਨਤੀ ਹੈ,ਪ੍ਰੇਮੀ ਸੁੱਖਣਾ ਸੁੱਖੇ ਬਈ ਮੈਂ ਦਸ ਲੱਖ ਵਾਰੀ ਵੇਟ ਚੁੱਕਾਂਗਾ।ਵੇਟ ਦਾ ਭਾਰ ਵਿਤ ਅਨੁਸਾਰ ਵਧਾ ਘਟਾ ਲਵੇ।ਜਿਤਨੇ ਬਾਲੇ ਰੋਜ ਨਿਕਲਣ,ਨਾਲੋਂ ਨਾਲ ਨਿੱਤ ਅਰਦਾਸ ਕਰਕੇ ਸੱਚੇ ਸਤਿਗੁਰਾਂ ਜੀ ਨੂੰ ਅਰਪੇ।ਸ੍ਰੀ ਚੰਡੀ ਦੀ ਵਾਰ ਸ਼ੁੱਧ ਰਿਕਾਰਡ ਕੀਤੀ ਜਾਂ ਢਾਡੀਆਂ ਦੀ ਗਾਈ ਹੋਵੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁੱਧ ਪਾਠ ਸੁਣੇ।ਵਰਜ਼ਿਸ ਸੱਚੇ ਸਤਿਗੁਰਾਂ ਨੂੰ ਅਰਪਣ ਦੇ ਚਾਅ ਨਾਲ,ਛੋਟਿਆਂ ਨੂੰ ਵੱਡੇ ਵਰਜ਼ਿਸ ਕਰਕੇ ਦਿਖਾਉਣ, ਇਸ ਪਾਸੇ ਬੱਚੇ ਬੱਚੀ ਨੂੰ ਲਾਉਣ,ਇੱਕ ਗੁਰੂ ਭਗਤੀ ਹੋਵੇ ਦੂਜਾ ਸਿਹਤ ਇਖ਼ਲਾਕ ਬਣੇ।ਜਿਹੜੇ ਬੱਚੇ ਬੱਚੀ ਦਾ ਸ੍ਰੀਰ ਭਾਰਾ ਹੋਵੇ,ਉਸ ਦਾ ਸਬੰਧੀ ਵੱਡਾ ਪੁੰਨ ਸਮਝ ਕੇ,ਉਸ ਨਾਲ ਗੇਮ ਖੇਡੇ ਜਾਂ ਉਸ ਨਾਲ ਸਖ਼ਤ ਮਿਹਨਤ ਧਰਮ-ਕਿਰਤ ਕਰੇ,ਆਪਣੇ ਨਾਲ ਭਜਾ ਕੇ ਜਾਂ ਆਪਣੇ ਨਾਲ ਸੈਰ ਕਰਾਕੇ ਸਵਾਰੇ।

ਵਾਹਿਗੁਰੂ॥ ਆਪਣੇ ਘਰੇ ਵਾਤਾਵਰਨ 'ਚ ਹਰ ਵੇਲੇ ਸ਼ੁੱਧ ਉਚਾਰਨ ਗੁਰਬਾਣੀ ਲਾਈ ਰੱਖੋ।ਗੁਰਬਾਣੀ ਸੁਣ ੨ ਕੇ ਪਾਪ ਨਾਸ ਹੁੰਦੇ ਹਨ।ਯਥਾ:- ਸੁਣਿਐ ਦੂਖ ਪਾਪ ਕਾ ਨਾਸੁ॥ਮਨ 'ਚ ਚਾਅ ਪੈਦਾ ਹੁੰਦਾ ਹੈ।ਹਰ ਵੇਲੇ ਵਾਹਿਗੁਰੂ ਵਾਹਿਗੁਰੂ ਕਰਦਿਆਂ ਸ੍ਰੀਰ ਦੀ ਚੇਸਟਾ ਕਰਦੇ ਰਹਿਣਾ ਚਾਹੀਦਾ ਹੈ।ਅੱਖਾਂ ਦੀ ਵਰਜ਼ਿਸ ਕਰਨੀ ਬਹੁਤ ਹੀ ਜ਼ਰੂਰੀ ਹੈ।ਪਹਿਲਾਂ ਦੋਹਾਂ ਅੱਖਾਂ ਨਾਲ ਸੱਜੇ ਪਾਸੇ ਬਰਾਬਰ ਨੂੰ ਤੱਕੋ,ਫਿਰ ਥੱਲੇ ਨੂੰ ਦੇਖਦਿਆਂ ੨,ਖੱਬੇ ਪਾਸੇ ਬਰਾਬਰ ਦੇਖੋ ਫਿਰ ਉੱਪਰ ਨੂੰ ਦੇਖੋ।ਆਨੇ ਨੂੰ ਘੁਮਾਉਂਦਿਆਂ ਦੇਖਦਿਆਂ ਬਾਰ ੨ ਆਨੇ ਦੇ ਗੇੜੇ ਦੇਵੋ।ਪੰਜਾਹ ਵਾਰ ਜ਼ੋਰ ਲਾ ਕੇ ਮੀਚਣ ਖੋਲਣ ਨਾਲ ਧੋਤੀਆਂ ਜਾਂਦੀਆਂ ਹਨ।ਇਸ ਤਰ੍ਹਾਂ ਦਿਨ 'ਚ ਕਈ ਵਾਰ ਕਰੋ,ਨਿਗ੍ਹਾ ਵਧਦੀ ਹੈ,ਅੱਖ ਬੀਮਾਰੀ ਤੋਂ ਬਚਦੀ ਹੈ।ਕੀਰਤਨ ਸੁਣਦਿਆਂ ਜਦੋਂ ਜਾਗ ਆਵੇ,ਲਾਈਟ ਵੱਲ ਨਹੀਂ ਦੇਖਣਾ।

ਸੌਂ ਕੇ ਉੱਠਦਿਆਂ ਲੰਮੇ ਪਿਆਂ ਹੀ ਪਹਿਲਾਂ ਪੈਰਾਂ ਦੀਆਂ ਉਗਲੀਆਂ ਹਿਲਾਉ,ਫਿਰ ਪੈਰ ਪੰਜੇ ਨੂੰ ਹੌਲੀ ੨ ਅੱਗੇ ਪਿੱਛੇ ਕਰੋ,ਫੇਰ ਤੇਜ਼ੀ ਨਾਲ ਅੱਗੇ ਪਿੱਛੇ ਕਰੋ।ਇਸ ਤਰ੍ਹਾਂ ਦੋਹਾਂ ਬਾਹਾਂ ਨੂੰ ਸਿੱਧੀਆਂ ਕਰਕੇ ਛੇਤੀ ੨ ਮੁੱਠੀਆਂ ਖੋਲ੍ਹੋ,ਪੂਰਾ ਜ਼ੋਰ ਲਾ ਕੇ ਮੀਚੋ।

ਪੂਰਾ ਜ਼ੋਰ ਲਾ ਕੇ ਮੀਚਦਿਆਂ ਖੋਲ੍ਹਦਿਆਂ ਲਗਾਤਾਰ ਅਭਿਆਸ ਕਰਕੇ ਬਾਂਹਾਂ ਤੱਤੀਆਂ ਕਰੋ,ਬਾਰ ਬਾਰ ਕਰਦੇ ਹੀ ਰਹੋ।ਬਾਹਾਂ ਸਿੱਧੀਆਂ ਕਰਕੇ ਮੁੱਠੀਆਂ ਖੋਲ੍ਹਣ ਮੀਚਣ ਨਾਲ ਹੱਥ ਨਹੀਂ ਕੰਬਦੇ,ਬਾਹਾਂ ਨਰੋਈਆ ਹੋ ਜਾਂਦੀਆਂ ਹਨ।ਜਿਵੇਂ ਬਾਹਾਂ 'ਚ ਸਿੱਕਾ ਭਰਿਆ ਹੁੰਦਾ ਹੈ।ਪੇਟ ਨੂੰ ਹੌਲੀ ੨ ਅੱਗੇ ਪਿੱਛੇ ਕਰੋ ਫਿਰ ਛੇਤੀ ੨ ਕਰੋ।ਇਸ ਤਰ੍ਹਾਂ ਪੇਟ ਨੂੰ ਅੱਗੇ ਪਿੱਛੇ ਕਰਨ ਦਾ ਹਮੇਸ਼ਾ ਸੁਭਾਅ ਬਣਾਉ,ਇਹ ਪੇਟ ਦੀ ਵਰਜ਼ਿਸ ਬੜੀ ਹੀ ਗੁਣਕਾਰੀ ਹੈ।ਪੇਟ 'ਚ ਗੈਸ ਨਹੀਂ ਬਣਦੀ।ਬਲੱਡ ਨੂੰ ਭੀ ਬਹੁਤ ਹੀ ਚੰਗੀ ਹੈ।ਪੇਟ ਦੀਆਂ ਨਾੜੀਆਂ ਮਜ਼ਬੂਤ ਹੋ ਜਾਂਦੀਆਂ ਹਨ।ਕੁਰਸੀ 'ਤੇ ਬੈਠਿਆਂ ਪੈਰਾਂ ਨੂੰ ਅੱਗੇ ਪਿੱਛੇ ਕਰਨਾ,ਮੁੱਠੀਆਂ ਖੋਲ੍ਹਣੀਆਂ ਮੀਚਣੀਆਂ,ਹਰ ਵੇਲੇ ਵਰਜ਼ਿਸ ਕਰਨ ਦੀ ਆਦਤ ਪਾਉ।ਸ੍ਰੀਰ ਦੀਆਂ ਨਾੜੀਆਂ ਦੀ ਕਸਰਤ ਬਹੁਤ ਹੀ ਜ਼ਰੂਰੀ ਹੈ।ਸ੍ਰੀਰ ਮਜ਼ਬੂਤ ਹੋ ਜਾਂਦਾ ਹੈ।ਮਾਸ ਦੀਆਂ ਪੇਸੀਆਂ ਢਿੱਲੀਆਂ ਨਹੀਂ ਹੁੰਦੀਆਂ।ਇਸ਼ਨਾਨ ਕਰਨ ਵੇਲੇ ਜਾਂ ਰਸੋਈ ਦਾ ਕੰਮ ਕਰਦਿਆਂ ਜਾਂ ਖੜਿਆਂ ਕਿਸੇ ਚੀਜ਼ ਨੂੰ ਫੜ ਕੇ ਅੱਡੀਆਂ ਤੇ ਸ੍ਰੀਰ ਨੂੰ ਸੱਜੇ ਖੱਬੇ ਹੌਲੀ ੨ ਘੁਮਾਉਣਾ,ਲੋੜ ਅਨੁਸਾਰ ਤੇਜ਼ ਕਰਨਾ ਕਿਸੇ ਚੀਜ ਨੂੰ ਹੱਥ ਪਾ ਕੇ ਲੱਕ ਨੂੰ ਅੱਗੇ ਪਿਛੇ ਕਰਨਾ,ਗੋਡੇ ਸਿਧੇ ਰੱਖਣਾ ਜਿਤਨਾ ਸਹਾਰ ਸਕੇ, ਹੌਲੀ ੨ ਸਮਾਂ ਵਧਾ ਲੈਣਾ,ਲੱਕ ਦੀ ਵਰਜ਼ਿਸ ਬਹੁਤ ਗੁਣਕਾਰੀ ਹੈ,ਇਹ ਨਾੜੀਆਂ ਨੂੰ ਮਜ਼ਬੂਤ ਕਰਨ ਵਾਲੀਆਂ ਵਰਜ਼ਿਸਾਂ ਹਨ।ਇਨ੍ਹਾਂ ਵਰਜਿਸ਼ਾਂ ਕਰਕੇ ਸ੍ਰੀਰ ਸੁੰਦਰ ਸੋਹਣਾ ਸਡੌਲ ਬਣਦਾ ਹੈ।ਭੁੱਖ ਵਧੇਰੇ ਲੱਗਦੀ ਹੈ,ਖ਼ੂਨ ਸਾਫ਼ ਹੁੰਦਾ ਹੈ।ਉਮਰ ਵਧਦੀ ਹੈ।

ਜੋ ਵਰਜ਼ਿਸ਼ਾਂ ਸਕੂਲ 'ਚ ਕਰਾਈਆਂ ਜਾਂਦੀਆਂ ਹਨ।ਉਹ ਭੀ ਸਾਰੀਆਂ ਕਰਦੇ ਰਹੋ।ਵਰਜ਼ਿਸ਼ਾਂ ਵਾਲੀ ਕਿਤਾਬ ਲੈ ਕੇ ਵਰਜ਼ਿਸ਼ ਦਾ ਖ਼ੂਬ ਅਭਿਆਸ ਕਰੋ।

ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ ਨਾਗ ਨਿਵਾਸਾ ਦੇ ਰਹਣਾ॥ਅਨੁਸਾਰ ਹਮੇਸ਼ਾਂ ਹੀ ਗੱਦਿਆਂ ਤੇ ਪੈਣਾ ਤਿਆਗ ਕੇ ਸਖ਼ਤ ਫੱਟੇ ’ਤੇ ਪਵੋ,ਜਿਸ ਕਰਕੇ ਢੂਹੀ ’ਚ ਖ਼ੂਨ ਦਾ ਪੂਰਾ ਚੱਕਰ ਬਣਿਆਂ ਰਹੇ।ਪੋਲੇ ਗੱਦੇ ’ਤੇ ਪੈਣ ਨਾਲ ਖ਼ੂਨ ਦਾ ਚੱਕਰ ਰੁਕਦਾ ਹੈ,ਢੂਹੀ ਦੁਖਣ ਲੱਗ ਜਾਂਦੀ ਹੈ।ਫੱਟੇ ਤੇ ਸੌਂਣ ਲੱਗਿਆ ਜਾਂ ਉੱਠਦਿਆਂ ਅਨੇਕ ਪ੍ਰਕਾਰ ਕਰਕੇ ਵਰਜ਼ਿਸ਼ ਹੋ ਸਕਦੀ ਹੈ,ਅੱਖਾਂ ਖੋਲਣੀਆਂ ਫੇਰ ਜ਼ੋਰ ਲਾ ਕੇ ਮੀਚਣੀਆਂ ਇਹ ਆਦਤ ਹੀ ਬਣ ਜਾਵੇ।ਇਸ ਤਰ੍ਹਾਂ ਦੋਹਾਂ ਪੈਰਾਂ ਨੂੰ ਜੋੜ ਕੇ ੩੦ ਡਿਗਰੀ ਤੇ ਚੁੱਕਣਾ,ਠਹਿਰਾਉਣਾ ਅਗਾਂਹ ਪਿਛਾਹ ਕਰਨਾ।ਸਿੱਧੇ ਲੰਮੇ ਪਿਆਂ,ਪੈਰਾਂ ਨੂੰ ਜੋੜ ਕੇ,ਗੋਡੇ ਖੜ੍ਹੇ ਕਰਕੇ, ਸਿਰ ਦੇ ਹੇਠਲੇ ਪਾਸੇ,ਦੋਵੇਂ ਹੱਥ ਲਾ ਕੇ ਅੱਧੇ ਸ੍ਰੀਰ ਨੂੰ ਬਾਰ ੨ ਚੁੱਕਣਾ,ਫੇਰ ਰੱਖਣਾ,ਬਾਰ ੨ ਅਭਿਆਸ ਕਰਨਾ,ਸਿਰ ਦੇ ਹੇਠਲੇ ਪਾਸੇ,ਦੋਵੇਂ ਹੱਥ ਲਾ ਕੇ,ਅੱਧੇ ਸ੍ਰੀਰ ਨੂੰ ਬਾਰ ੨ ਚੁੱਕਣਾ,ਫੇਰ ਰੱਖਣਾ,ਬਾਰ ੨ ਅਭਿਆਸ ਕਰਨਾ ਕਰੋ।ਢੂਹੀ ਨੂੰ ਸੱਜੇ ਖੱਬੇ ਨੂੰ ਘਸਾਉਣਾ,ਲੱਤਾਂ ਸਿੱਧੀਆਂ ਕਰਕੇ,ਮੌਰਾਂ ਤੇ ਭਾਰ ਦੇ ਕੇ,ਧੜ ਉੱਪਰ ਹੇਠਾਂ ਕਰਨਾ।ਸੁੱਤਿਆਂ ਉੱਠਣ ਸਮੇਂ ਆਲਸ ਦੂਰ ਕਰਨ ਲਈ,ਸ੍ਰੀਰ ਨੂੰ ਸੱਜੇ ਖੱਬੇ ਕਰਨਾ,ਪੁੜਪੜੀਆਂ ਦੀ ਤੇਲ ਨਾਲ ਮਾਲਸ ਕਰੋ,ਫੇਰ ਦੋਹਾਂ ਹੱਥਾਂ ਨਾਲ ਮੱਥੇ ਦੀ ਮਾਲਸ਼ ਕਰੋ।

ਸਿਰ ’ਚ ਤੇਲ ਪਾ ਕੇ ਪੋਟਿਆਂ ਨਾਲ ਸਿਰ ਦੀ ਖੋਪਰੀ ਖ਼ੂਬ ਤੇਜ਼ੀ ਨਾਲ ਮਲ਼ੋ ।ਗਰਦਨ ਦੀ ਮੋਢਿਆਂ ਤੱਕ ਖ਼ੂਬ ਮਾਲਸ਼ ਕਰੋ।ਗਲੇ ਦੀ ਦੀ ਖ਼ੂਬ ਮਾਲਸ਼ ਕਰੋ।ਆਪਣੇ ਕੁੱਲਿਆਂ ਨੂੰ ਤੇਲ ਲਾ ਕੇ ਛੇਤੀ ੨ ਮਾਲਸ ਕਰੋ ਗੁਣਕਾਰੀ ਹੈ।

੨੦.ਪੈਰਾਂ ਦੀਆਂ ਤਲ਼ੀਆਂ ਦੀ ਮਾਲ਼ਸ਼ ਕਰਨ ਦਾ ਢੰਗ ਤੇ ਅਨੇਕ ਫ਼ਾਇਦੇ:-ਬਦਾਮ ਰੋਗਨ ਲਾ ਕੇ,ਇੱਕ ਹੱਥ ਨਾਲ ਦੂਜੇ ਹੱਥ ਦਾ ਗੁੱਟ ਫੜਕੇ,ਟੇਢੇ ਲੋਟ ਜ਼ੋਰ ਨਾਲ ਪੈਰਾਂ ਤਲੀਆਂ ਦੀ ਮਾਲਸ਼,ਐਨੀ ਛੇਤੀ ੨ ਜ਼ੋਰ ਲਾ ਕੇ ਕਰੋ,ਹੌਂਕਣੀ ਚੜ੍ਹ ਜਾਵੇ,ਪੇਟ ਲਈ ਗੁਣਕਾਰੀ ਹੈ।ਪੈਰਾਂ ਦੀਆਂ ਉਂਗਲੀਆਂ ਹੇਠਾਂ ਹੱਥ ਟੇਢਾ ਕਰਕੇ ਮਾਲਸ਼ ਕਰੋ,ਤਲੀ ਗਰਮ ਹੋਣ ਮਗਰੋਂ,ਖੱਬੇ ਗਿੱਟੇ ਹੇਠਾਂ ਨਾਈਨਟੀ ਡਿੱਗਰੀ ਤਲੀ ਦੇ ਖੱਬੇ ਪਾਸੇ ਹੱਡੀ ਨੂੰ,ਹੱਥਾਂ ਦੇ ਦੋਹਾਂ ਅੰਗੂਠਿਆਂ ਨਾਲ ਦਬਾਉ,ਥੋੜੀ ੨ ਦੁਖੇਗੀ,ਕਈ ਬਾਰ ਦਬਾਉਣੀ,ਤਲੀ ਵਿਚਾਲਿਉਂ ਦੋਹਾਂ ਅੰਗੂਠਿਆਂ ਨਾਲ ਜ਼ੋਰ ਦੀ ਕਈ ਬਾਰ ਦੱਬਣੀ।ਦੋਹਾਂ ਪੈਰਾਂ ਦੀਆਂ ਉਂਗਲੀਆਂ,ਹੇਠਲੇ ਪਾਸਿਉਂ,ਦੋਹਾਂ ਅੰਗੂਠਿਆਂ ਨਾਲ ਦਬਾ ਕੇ ਉਤਾਂਹਾਂ ਨੂੰ ਮਲਣੀਆਂ।ਪੈਰਾਂ ਦੀ ਤਲੀ ਦਾ ਵਿਚਾਲਾ ਦੋਹਾਂ ਅੰਗੂਠਿਆਂ ਨਾਲ ਜ਼ੋਰ ਨਾਲ ਨੱਪਣਾ ਕਈ ਬਾਰ।ਪੈਰਾਂ ਦੇ ਅੰਗੂਠਿਆਂ ਦਾ ਵਿਚਾਲਾ, ਹੱਥਾਂ ਦੇ ਦੋਹਾਂ ਅੰਗੂਠਿਆਂ ਨਾਲ,ਜ਼ੋਰ ਦੀ ਨੱਪਣਾ ਕਈ ਬਾਰ।

ਬਦਾਮਰੋਗਨ ਨਾਲ ਤਲੀਆਂ ਦੀ ਖ਼ੂਬ ਮਾਲਸ਼ ਕਰਨ ਤੋਂ,ਪੈਰਾਂ ਦੁਆਰਾ ਬਦਾਮਰੋਗਨ ਦਾ ਸੁਆਦ ਬੁੱਲਾਂ ’ਤੇ ਆ ਜਾਂਦਾ ਹੈ।ਇਉਂ ਸਾਰੇ ਸ੍ਰੀਰ ਦੀ ਜ਼ੋਰ ਨਾਲ ਤੇਜ਼ ੨ ਮਾਲਸ ਕਰੋ,ਹੱਥ ਪੋਲਾ ਰੱਖਣਾ,ਪੱਠਿਆਂ ਨੂੰ ਦੱਬਣਾ ਨਹੀਂ।

੨੧.ਖ਼ਾਸ ਲਾਭਦਾਇਕ ਅਤੀ ਜ਼ਰੂਰੀ,ਸੇਹਤ ਨੂੰ ਸਵਾਰਨ ਵਾਲੀਆਂ ਪ੍ਰੇਮ ਬੇਨਤੀਆਂ:-੧.ਮਖਣੀ ਦਾ ਪੇੜਾ ਇਨੂੰ ਵਿਚਕਾਰ ਰੱਖ ਕੇ,ਮਗਜ਼ 'ਤੇ ਰੱਖਣ ਨਾਲ ਖੁਸ਼ਕੀ ਦੂਰ ਹੁੰਦੀ ਹੈ।ਜ਼ਿਆਦਾ ਮਸਾਲੇ ਦੀ ਵਰਤੋਂ ਕਰਕੇ ਜੇ ਮਗਜ਼ ਹਿੱਲ ਜਾਵੇ ਜਾਂ ਸਿਰ ਦੁਖਦਾ ਹੋਵੇ ਤਾਂ ਭੀ ਇਹ ਜੁਗਤੀ ਬੜੀ ਹੀ ਗੁਣਕਾਰੀ ਹੈ।੨.ਵਾਹਿਗੁਰੂ॥ਹਰੇਕ ਪ੍ਰੇਮੀ ਆਪਣੇ ੨ ਘਰ ਗ਼ੁਲਾਬ ਗੇਂਦੇ ਆਦਿ ਸੁਗੰਧੀ ਵਾਲੇ ਫ਼ੁੱਲ ਲਾਵੇ।੩.ਵਾਹਿਗੁਰੂ॥ਜੇ ਦਮੇ ਵਾਲੇ ਸਾਹਮਣੇ ਨੇੜੇ ਹੋ ਕੇ,ਗੱਲ ਕਰੀਏ ਤਾਂ ਜ਼ਰਾਸੀਮ ਪੈ ਕੇ ਦਮਾ ਹੋ ਜਾਂਦਾ ਹੈ,ਆਪਣੇ ਮੂੰਹ ਅੱਗੇ ਬਸਤ੍ਰ ਕਰੋ।ਜੇ ਤੁਹਾਡਾ ਥੁੱਕ ਦੂਜੇ ਦੇ ਮੂੰਹ 'ਤੇ ਪਵੇਗਾ ਤਾਂ ਉਸ ਨੂੰ ਘਿਰਣਾ ਹੋਵੇਗੀ ਕਿ ਇਹ ਕਿਸੇ ਉਸਤਾਦ ਦਾ ਚੰਡਿਆ ਨਹੀਂ।੪.ਸਵੇਰ ਵੇਲੇ ਖੁਲ੍ਹੀ ਹਵਾ 'ਚ ਲੰਮੇ ੨ ਸਾਹ ਖਿੱਚ ਕੇ ਰੋਕ ਕੇ ਹੋਲੀ ੨ ਬਾਹਰ ਕੱਢੋ।੫.ਲੋੜ ਅਨੁਸਾਰ ਪਾਣੀ ਪੀਣਾ. ਗੁਰਦਿਆਂ ਲਈ ਜ਼ਰੂਰੀ ਹੈ।੫.ਹਰ ਇੱਕ ਕਸਰਤ ਸਮੇਂ ਵਾਹਿਗੁਰੂ ਵਾਹਿਗੁਰੂ ਕਹਿਣਾ ਬਹੁਤ ਚੰਗਾ ਅਭਿਆਸ ਹੈ।ਇੱਕ ਸਿਹਤ ਬਣੇ ਦੂਜਾ ਮਨ ਨੂੰ ਸਾਂਤੀ ਮਿਲਦੀ ਹੈ।੬.ਸੈਰ ਕਰਨ ਸਮੇਂ ਜਾਂ ਤੁਰਨ ਫਿਰਨ ਸਮੇਂ ਆਪਣੇ ਵਿਤ ਸਮਾਨ ਬੈਗ 'ਚ ਭਾਰ ਪਾ ਕੇ ਦੋਹਾਂ ਮੋਢਿਆਂ 'ਚ ਪਾ ਕੇ ਲਮਕਾਏ ਜਾਣ,ਜਿਵੇਂ ਦਸ ੨ ਕਿਲੋ ਹੋਵੇ ਜਾਂ ਵੱਧ ਘੱਟ ਜਿਵੇਂ ਚਾਹੋ,ਸ੍ਰੀਰ ਨੂੰ ਮਜ਼ਬੂਤ ਕਰੇਗਾ।ਜਿਵੇਂ ਗੁਰੂ ਕੇ ਸਿੰਘ ਹਮੇਸ਼ਾਂ ਸਵਾ ਮਣ ਕੱਚਾ ਲੋਹਾ ਚੁੱਕ ਕੇ ਤੁਰਦੇ ਸਨ।ਤੁਰਿਆਂ ਜਾਂਦਿਆਂ ਕਿਤੇ ਅੱਡੀਆਂ ਤੇ ਤੁਰੋ ਕਿਤੇ ਪੱਬਾਂ ਤੇ ਤੁਰੋ,ਇਸ ਤਰ੍ਹਾਂ ਭੀ ਸ੍ਰੀਰ ਦਾ ਅਭਿਆਸ ਹੁੰਦਾ ਹੈ।੭.ਰੱਸਾ ਬੰਨ੍ਹ ਕੇ ਉਸ ਉੱਤੇ ਚੜ੍ਹਨ ਦੀ ਪ੍ਰੈਕਟਿਸ ਕਰੋ ਜੀ॥

੮.ਵਾਹਿਗੁਰੂ ਜੀ॥ਪ੍ਰਛਾਦਾ ਖੜ੍ਹ ਕੇ ਛਕਦਿਆਂ ਅੱਧ ਵਿਚਾਲੇ ਖੜ੍ਹ ਕੇ ਬੁਰਕੀ ਬੱਤੀ ਬਾਰ ਚਿੱਥੋ,ਬਲੈਕ ਬੋਰਡ 'ਤੇ ਲਿਖੀਆਂ ਤੁਕਾਂ ਬਾਰ ੨ ਪੜ੍ਹਦੇ ਰਹੋ।ਅੱਧ ਵਿਚਾਲੇ ਖੜ੍ਹ ਕੇ ਲੱਕ ਨੂੰ ਅੱਗੇ ਪਿਛੇ,ਸਜੇ ਖੱਬੇ ਨੂੰ ਹਿਲਾਉ।ਬੁਰਸ਼ ਕਰਦਿਆਂ ਭੀ ਅੱਧ ਵਿਚਾਲੇ ਖੜ੍ਹੋ।ਇਹ ਆਦਤਾਂ ਆਪਣੇ ਬੱਚਿਆਂ ਨੂੰ ਭੀ ਪਾਉ।

੯.ਇਸ਼ਨਾਨ ਕਰਦਿਆਂ ਸ੍ਰੀਰ ਨੂੰ ਚੰਗੀ ਤਰ੍ਹਾਂ ਮਲੋ,ਧੌਣ ਚੂਹੀ ਪਰਨੇ ਨਾਲ ਮਲੋ।ਇਸ਼ਨਾਨ ਕਰਕੇ ਤੌਲੀਏ ਨਾਲ ਪੂੰਝਣ ਦੀ ਬਜਾਏ ਵਰਜ਼ਿਸ ਕਰਕੇ ਪਾਣੀ ਸੁਕਾਉ।

੧੦.ਪੜ੍ਹਨ ਲਿਖਣ,ਅੰਮ੍ਰਿਤ ਪਾਠ ਕਰਨ ਸਮੇਂ ਜਿਤਨਾ ਸਮਾਂ ਖੜ੍ਹ ਕੇ ਕੀਤਾ ਜਾਵੇ ਬਹੁਤ ਚੰਗਾ ਹੈ,ਆਲਸ ਟਲਦਾ ਹੈ।੧੧.ਦੁੱਧ ਉਬਾਲ ਕੇ ਪੀਣਾ ਅਤੀ ਹੀ ਜ਼ਰੂਰੀ ਹੈ।੧੨.ਦੋਹਾਂ ਚਿੱਤੜਾਂ'ਤੇ ਹੌਲ਼ੀ ੨ ਮੁੱਕੀਆਂ ਮਾਰਨ ਨਾਲ ਪੇਟ 'ਚੋਂ ਗੈਸ ਨਿਕਲ ਜਾਂਦੀ ਹੈ,ਦਿਨ 'ਚ ਕਈ ਵਾਰੀ ਕਰੋ।੧੩.ਬੁਰਕੀ ੩੨ ਵਾਰ ਚਿੱਥੋ।੧੪.ਦਸਤਾਰ ਕੰਨ ਢਕ ਕੇ ਸਜਾਉ,ਸੌਣ ਸਮੇਂ ਕੰਨ ਢਕ ਲੈਣੇ,ਜਿਸ ਕਰਕੇ ਕੰਨਾ 'ਚ ਕੁੱਝ ਨ ਪਵੇ।ਕੁਸੰਗਤ ਤਿਆਗ ਕੇ ਦੋ ਵੇਲੇ ਸਾਧ ਸੰਗਤ ਕਰਨੀ ਜੀ।

ਵੱਡੇ ੨ ਗ਼ਮਲਿਆਂ 'ਚ ਫ਼ੁੱਲ ਲਾ ਕੇ,ਆਪਣੇ ਕੋਠਿਆਂ 'ਤੇ ਰੱਖੇ ਜਾਣ,ਜਿਸ ਕਰਕੇ ਵਾਤਾਵਰਨ 'ਚ ਖ਼ੁਸ਼ਬੋ ਫ਼ੈਲੇ।ਦਿਨ ਦਾ ਰਾਜਾ ਰਾਤ ਦੀ ਰਾਣੀ ਸੁਗੰਧੀ ਵਾਲੇ ਬੂਟੇ ਲਾਏ ਜਾਣ।ਰਾਹਾਂ ਦੇ ਦੋਹੀਂ ਪਾਸੀਂ ਗੁਲਾਬ ਗੇਂਦੇ ਦੇ ਫ਼ੁੱਲ ਲਾਏ ਜਾਣ,ਇਉਂ ਸੈਰ ਕਰਨ ਲਈ ਰਸਤੇ ਸਵਾਰੇ ਜਾਣ।

੨੨.ਪਿਆਰੇ ਵਾਹਿਗੁਰੂ ਜੀ ਨੂੰ ਮਿਲਣ ਵਾਲੇ,ਨਮਸਕਾਰ ਯੋਗ ਗੁਰਮੁਖਿ ਪਿਆਰਿਆਂ ਨੂੰ ਤੇ ਸਭ ਦੇ ਚਰਨਾਂ 'ਤੇ ਮੱਥਾ ਰੱਖ ਕੇ ਖ਼ਾਸ ਪ੍ਰੇਮ ਬੇਨਤੀਆਂ,ਧਰਮ-ਕ੍ਰਿਤ ਦਾ ਪਦਾਰਥ ਛਕਣਾ ਚਾਹੀਏ:- ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧੰਨ ਹਨ,ਹੁਣ ਲੋਹੇ ਦੇ ਤੰਗ ਪਿੰਜਰੇ 'ਚ ਬੈਠੇ,ਰੋਮ ੨ ਕਰਕੇ ਸਿਮਰਨ ਕਰ ਰਹੇ ਹਨ।ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਉਦਾਲੇ ਤਿੱਖੇ ਕਿੱਲ ਲੱਗੇ ਹੋਏ ਹਨ,ਐਸੇ ਦਾਤੇ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਸੱਚੇ ਚਰਨ-ਕਮਲਾਂ ਤੇ ਮੱਥਾ ਰੱਖ ਕੇ,ਰੋਮ ੨ ਕਰਕੇ ਨਮਸਕਾਰ ਸਹਿਤ ਪ੍ਰੇਮ ਬੇਨਤੀ ਹੈ,ਹੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀਓ!ਆਪਣੀ ਕ੍ਰਿਪਾ ਕਰਕੇ ਆਪਣੇ ਸੱਚੇ ਮਹਾਨ ਪਰਉਪਕਾਰੀ ਚਰਨ ਕਮਲਾਂ ਦਾ ਪੂਰਨ ਧਿਆਨ,ਜਾਪ ਪ੍ਰੇਮ ਗੁਰਸਿੱਖੀ ਇਕਾਗ੍ਰਤਾ ਖਿਮਾ ਧੀਰਜ ਨਿਰਵਿਕਾਰਤਾ ਦੇਹ ਅਰੋਗਤਾ ਬਖ਼ਸ਼ੋ।ਜਿਹੜੇ ਨਮਸਕਾਰ ਯੋਗ ਗੁਰਮੁਖਿ ਪਿਆਰੇ ਵਾਹਿਗੁਰੂ ਜੀ ਨੂੰ ਮਿਲਣ ਲਈ,ਰਾਤ ਦਿਨ ਸਿਮਰਨ ਕਰਦੇ ਹਨ,ਉਹ ਪਿਆਰੇ ਵਰਜਿਸ਼ ਮਸੱਕਤ,ਭੋਜਨ ਦੀ ਸੋਧ ਕਰਕੇ,ਆਪਣੀ ਦੇਹ ਦੀ ਪੂਰੀ ਸੰਭਾਲ ਕਰਨ,ਕਿਉਂਕਿ ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਹੁਕਮ ਹੈ,ਇਸ ਦੇਹ ਰੂਪੀ ਘੋੜੀ 'ਤੇ ਚੜ੍ਹ ਕੇ,ਵਾਹਿਗੁਰੂ ਜੀ ਨੂੰ ਮਿਲਣਾ ਹੈ।ਚੜਿ ਦੇਹੜਿ ਘੋੜੀ,ਬਿਖਮੁ ਲਘਾਏ;ਮਿਲੁ ਗੁਰਮੁਖਿ ਪਰਮਾਨੰਦਾ॥ਬਹੁਤੇ ਐਸੇ ਪ੍ਰੇਮੀ ਹੋਏ ਹਨ,ਜਿਨ੍ਹਾਂ ਨੇ ਸ੍ਰੀਰ ਤੋਂ ਸਿਮਰਨ ਦੀ ਜ਼ਿਆਦਾ ਮਸੱਕਤ ਲਈ,ਵਰਜ਼ਿਸ਼ ਚੰਗੀ ਖ਼ੁਰਾਕ ਦੁਆਰਾ ਇਸ ਦੀ ਸੰਭਾਲ ਨਹੀਂ ਕੀਤੀ,ਭੁੱਖੇ ਉਨੀਂਦਰੇ ਰਹਿ ਕੇ ਸ੍ਰੀਰ ਨਾਲ ਧੱਕਾ ਕੀਤਾ,ਜਿਸ ਕਰਕੇ ਤੰਦਰੁਸਤੀ ਤੋਂ ਰਹਿਤ ਹੋ ਗਏ।ਸੋ ਸਾਰੇ ਹੀ ਵਾਹਿਗੁਰੂ ਜੀ ਦੇ ਬੱਚੇ ਹਾਂ,ਸਭ ਦੇ ਚਰਨਾਂ 'ਤੇ ਮੱਥਾ ਰੱਖ ਕੇ ਪ੍ਰੇਮ ਬੇਨਤੀ ਹੈ,ਵਰਜ਼ਿਸ਼ ਸਿਮਰਨ ਮਸੱਕਤ ਭੋਜਨ ਦੀ ਸੋਧ,ਪ੍ਰਹੇਜ਼,ਸਤਿਸੰਗਤ ਕਥਾ ਕੀਰਤਨ,ਗੁਰੂ ਸੇਵਾ ਗੁਰਬਾਣੀ ਅਭਿਆਸ ਆਦਿ ਗੁਣਾਂ ਦੀ ਹਰੇਕ ਪ੍ਰੇਮੀ ਨੂੰ ਲੋੜ ਹੈ।ਇਸ ਪੋਥੀ ਤੋਂ ਸਿਹਤ ਬਾਰੇ ਬਾਰ ੨ ਪੜ੍ਹੋ ਪੜ੍ਹਾਉ,ਸਤਿਗੁਰਾਂ ਤੋਂ ਬਲਿ ੨ ਜਾਉ।ਨਿੱਕੀ ਉਮਰ ਤੋਂ ਹਰ ਬੱਚਾ ਬੱਚੀ ਲੰਗਰ ਤਿਆਰ ਕਰਨ ਦੀ ਮਰਯਾਦਾ ਸਿੱਖੇ,ਸਾਦਾ ਭੋਜਨ ਆਪ ਬਣਾ ਕੇ ਤਾਜ਼ਾ ੨ ਛਕੇ,ਪਰਾਏ ਅਧੀਨ ਤਾਜ਼ਾ ਭੋਜਨ ਨਹੀਂ ਮਿਲ ਸਕਦਾ।ਵਾਹਿਗੁਰੂ॥ਹਰੇਕ ਜੀਵ ਦੀ ਰੁਚੀ,ਇੰਦਰੇ ਸੁਆਦ ਦੇ ਕੈਦੀ ਹੋ ਜਾਂਦੇ ਹਨ।ਵਿਕਾਰ ਰਸਨਾ ਦੇ ਸੁਆਦ ਕਰਕੇ ਸ੍ਰੀਰ ਰੋਗੀ ਹੋ ਜਾਂਦਾ ਹੈ।ਰੋਗਾਂ ਤੋਂ ਬਚਣ ਲਈ,ਗੁਰੂ ਸੇਵਾ ਸਿਮਰਨ ਭਗਤੀ ਕਰੋ।ਸਤਿਸੰਗਤ ਜੀ 'ਚ ਰਹਿ ਕੇ ਗੁਰਸਬਦਾਂ ਦਾ ਅਭਿਆਸ ਕਰਕੇ ਸੁਆਦਾਂ ਨੂੰ ਤਿਆਗੋ।ਸਮੂੰਹ ਸੰਸਾਰ ਦਾ ਖਾਣਾ ਪੀਣਾ ਪਹਿਨਣਾ ਸੌਣਾ ਬੋਲਣਾ ਦੇਖਣਾ ਚੱਲਣਾ ਫਿਰਨਾ ਸੁੰਘਣਾ ਆਦਿ ਸਭ ਜੇਕਰ ਗੁਰਮਤਿ ਅਨੁਸਾਰ ਹੋਵੇ ਤਾਂ ਸਾਰੇ ਹੀ ਰੋਗ ਚੁੱਕੇ ਜਾਣ, ਅਤੋਟ ਪਦਾਰਥ ਹੋ ਜਾਣ।ਜੋ ਜੋ ਦੀਸੈ;ਸੋ ਸੋ ਰੋਗੀ॥ਸੰਸਾਰ

’ਤੇ ਬੇਅੰਤ ਹੀ ਗੰਭੀਰ ਰੋਗ ਹਨ,ਜਿਨ੍ਹਾਂ ਕਰਕੇ ਬੇਅੰਤ ਜੀਵ ਤੜਫ਼ ੨ ਕੇ ਹਰ ਵੇਲੇ ਚੜ੍ਹਾਈ ਕਰ ਰਹੇ ਹਨ।ਪਰਮਪੂਜਨੀਕ ਗੁਰਤਾ-ਬਿਰਾਜਮਾਨ ਸੱਚੇ ਸਤਿਗੁਰੂ ਸਾਹਿਬਜੀ ਫ਼ੁਰਮਾ ਰਹੇ ਹਨ:-ਨਾਮ ਤੋਂ ਹੀ ਦਵਾਈ,ਸਭ ਕੁੱਝ ਪੈਦਾ ਹੋਇਆ ਹੈ।ਹਰਿ ਸਿਮਰਨਿ;ਕੀਓ ਸਗਲ ਅਕਾਰਾ॥)ਨਾਮੈ ਹੀ ਤੇ ਸਭੁ ਕਿਛੁ ਹੋਆ;ਬਿਨੁ ਸਤਿਗੁਰ,ਨਾਮੁ ਨ ਜਾਪੈ॥ਇਸ ਲਈ ਸਾਰਿਆਂ ਰੋਗਾਂ ਦੀ ਦਵਾਈ ਨਾਮ ਹੀ ਹਨ।ਸਰਬ ਰੋਗ ਕਾ;ਅਉਖਦੁ ਨਾਮੁ॥ਪੂਰਨ ਮਹਾਂਪੁਰਖਾਂ ਦੁਆਰਾ ਸਰਬ ਔਗੁਣਾਂ ਦਾ ਤਿਆਗ ਕਰਕੇ ਸਤਿਸੰਗਤ ਕਰੇ,ਨਾਮ ਜਪੇ ਸੇਵਾ ਪਰਉਪਕਾਰ ਕਰੇ,ਵੰਡ ਛਕੇ ਤਾਂ ਅਵੱਸ ਹੀ ਰੋਗਾਂ ਤੋਂ ਛੁਟਕਾਰਾ ਹੁੰਦਾ ਹੈ।ਰੋਗੇ ਮਰਤਾ ਰੋਗੇ ਜਨਮੈ॥ਰੋਗੇ ਫਿਰਿ ਫਿਰਿ ਜੋਨੀ ਭਰਮੈ॥ਵਾਲੀ ਦਸ਼ਾ ਤੋਂ ਛੁੱਟਣ ਲਈ,ਪਰਮਪੂਜਨੀਕ ਪੂਰਨ ਪਰਉਪਕਾਰੀ ਸਤਿਗੁਰੂ ਪੰਜਵੇ ਨਾਵੇਂ ਦਸਵੇਂ ਪਾਤਿਸ਼ਾਹ ਜੀ ਦੇ ਸ਼ਹੀਦੀ ਦੇ ਜਾਪ ਦੀ ਖ਼ਾਸ ਹੀ ਲੋੜ ਹੈ।ਇਲਾਜ ਨਾਲੋਂ ਪ੍ਰਹੇਜ਼ ਚੰਗਾ ਅਨੁਸਾਰ ਗੁਰਬਾਣੀ ਦੇ ਪਦ ਜੋ ਪ੍ਰਹੇਜ਼ ਦੀ ਸੂਬ ਵਿਆਪੀ ਵਿਸਮਾਦ ਸ਼ੁਭ ਸਿੱਖਿਆ ਦਿੰਦੇ ਹਨ,ਇਕੱਲੇ ੨ ਪਦ ਦਾ ਹਰ ਵੇਲੇ ਅਭਿਆਸ ਕਰਕੇ ਪ੍ਰਹੇਜ਼ ਦ੍ਰਿੜ ਕਰਨਾ ਚਾਹੀਦਾ ਹੈ।ਤੰਦਰੁਸਤੀ ਲਈ,ਹਰ ਤਰ੍ਹਾਂ ਦੀ ਮਿਹਨਤ ਮਸੱਕਤ ਕੋਸਿਸ਼ ਕਰਨੀ ਚਾਹੀਦੀ ਹੈ,ਤੰਦਰੁਸਤੀ ਸੌ ਨਿਆਮਤ ਹੈ।ਜੇ ਕੋਈ ਸ਼ਰਾਬ ਗੋਲ਼ੀਆਂ ਖਾ ਕੇ,ਕਮਲਾ ਹੋਇਆ ਰਹੇ,ਹਰ ਵੇਲੇ ਤੇਜ਼ ਮਿੱਠਾ ਕਉੜਾ,ਤੜਕੇ ਬੇਹੇ ਤਲ਼ੇ ਗਲ਼ੇ ਸੜੇ ਪਦਾਰਥ ਨਸ਼ੇ,ਘਿਉ ਹੀ ਖਾਈ ਜਾਵੇ ਤੇ ਰੋਗੀ ਹੋਣ ਤੋਂ ਜਾਂ ਚੜ੍ਹਾਈ ਕਰਨ ਤੋਂ ਵਾਹਿਗੁਰੂ ਜੀ ਨੂੰ ਦੋਸ਼ ਨਹੀਂ ਦੇਣਾ ਚਾਹੀਦਾ,ਵਾਹਿਗੁਰੂ ਜੀ ਸਦਾ ਨਿਰਲੇਪ ਹਨ।

ਵੱਧ ਤੋਂ ਵੱਧ ਸਮਾਂ ਸਾਫ਼ ਵਾਯੂ ਮੰਡਲ ਜਾਂ ਖੇਤਾਂ ’ਚ ਧਰਮ-ਕ੍ਰਿਤ,ਸਿਮਰਨ ਕਰੋ।ਗੁਰੂ ਘਰ ’ਚ ਰਹਿੰਦਿਆ ਮਸੱਕਤ ਦੀ ਸੇਵਾ ਸ੍ਰੀਰ ਦੀ ਹਰਕਤ ਵਰਜ਼ਿਸ਼ ਨਾ ਹੋਵੇ ਤਾਂ ਐਸਾ ਸੁਖ,ਰੋਗ ਦਾ ਕਾਰਨ ਬਣ ਜਾਂਦਾ ਹੈ।ਦੁਖੁ ਦਾਰੂ ਸੁਖੁ ਰੋਗੁ ਭਇਆ; ਜਾ ਸੁਖੁ ਤਾਮਿ ਨ ਹੋਈ॥ ਜਿਸ ਸੁਖ ’ਚ ਵਾਹਿਗੁਰੂ ਜੀ ਨੂੰ ਮਿਲਣ ਦੀ (ਤਾਮਿ) ਤਮੰਨਾ,ਖਾਹਸ਼ ਨਹੀਂ ਹੁੰਦੀ,ਉਹ ਰਾਜ-ਲੀਲਾ ਸਪਰਸ਼ ਰਸਨਾ ਆਦਿ ਦਾ ਸੁਖ,ਰੋਗ ਹੋ ਜਾਂਦਾ ਹੈ।ਅੰਮ੍ਰਿਤ ਵੇਲੇ ਜਾਗਣਾ ਜਾਪ ਕਰਨਾ,ਸਖ਼ਤ ਧਰਮ-ਕ੍ਰਿਤ ਕਰਦਿਆਂ ਜਾਪ ਕਰਨ ਦਾ ਜੋ ਦੁੱਖ ਹੈ,ਇਹ ਸੁਖ ਸਰੂਪ ’ਚ ਲੀਣਤਾ ਬਖ਼ਸ਼ਦਾ ਹੈ।ਜਿਵੇਂ ੨ ਆਯੂ ਵੱਡੀ ਹੋਵੇ,ਸ੍ਰੀਰ ਦੇ ਸਿੱਲ ਜ਼ਿਆਦਾ ਮਰਨ ਲੱਗ ਜਾਂਦੇ ਹਨ।ਸਰਬ ਸੁਖਾ ਗੁਰ ਚਰਨਾ॥(੫੩੧)ਅਨੁਸਾਰ ਅੰਮ੍ਰਿਤ ਪਰਮਪਵਿੱਤਰ ਕਥਾ ਕੀਰਤਨ ਗੁਰਬਾਣੀ ਸੁਣਦਿਆਂ ਖ਼ੂਬ ਵਰਜਿਸ਼ ਕਰੋ,ਜਿਸ ਕਰਕੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਭਿਆਨਕ ਰੋਗਾਂ ਤੋਂ ਬਚਾਉਣ।ਵਾਹਿਗੁਰੂ॥ਟੇਪ ਰਿਕਾਰਡ ਰੇਡੀਉ ਦੁਆਰਾ ਅੰਮ੍ਰਿਤ ਰੂਪ ਕਥਾ ਕੀਰਤਨ ਸੁਣਦਿਆਂ ਕੋਈ ਖੇਡ ਖੇਡੀ ਜਾਵੇ।

ਵਾਹਿਗੁਰੂ॥ਨਿਮ੍ਰਤਾ ਸਹਿਤ ਪ੍ਰੇਮ ਬੇਨਤੀ ਹੈ,ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਪਰਮਪਵਿੱਤ੍ਰ ਧਰਮ-ਕਿਰਤ ਕਰਨ ਦਾ ਦਰਗਾਹੀ ਸੱਚਾ ਹੁਕਮ ਮੰਨਦਿਆਂ ਧਰਮ-ਕ੍ਰਿਤ ਕਰਕੇ,ਆਪਣੇ ਸ੍ਰੀਰ ਦਾ ਪਸੀਨਾ ਕੱਢਣਾ ਚਾਹੀਦਾ ਹੈ।ਜੇ ਬਸਤ੍ਰ ਲਾਹ ਕੇ ਵਰਜਿਸ਼ ਕਰੇ ਤਾਂ ਬਹੁਤ ਹੀ ਚੰਗਾ

ਹੈ।ਵਾਹਿਗੁਰੂ॥ਆਪਣੇ ਬੱਚਿਆਂ ਨੂੰ ਆਪਣੇ ਨਾਲ ਧਰਮ-ਕਿਰਤ ਕਰਨ ਗਿਝਾਉ,ਜੇ ਮਾਪੇ ਧਰਮ-ਕ੍ਰਿਤ ਨਾ ਕਰਨ ਤਾਂ ਬੱਚੇ ਕਿਵੇਂ ਕਰਨਗੇ?ਜਿਵੇਂ ੨ ਅਸਵਾਰੀ ਕੂਲਰ ਏਅਰ ਕੰਡੀਸ਼ਨ ਆਦਿ ਸ੍ਰੀਰ ਨੂੰ ਸੌਖਾ ਰੱਖਣ ਦੇ ਸਾਧਨ ਵਧ ਰਹੇ ਹਨ,ਤਿਵੇਂ ੨ ਸ੍ਰੀਰਕ ਰੋਗ ਵਧ ਰਹੇ ਹਨ।ਆਮ ਜਿਮੀਂਦਾਰ ਕੰਮ ਛੱਡ ਕੇ,ਸਿਹਤ ਦੇ ਪੱਖੋਂ ਨਿਕੰਮੇ ਹੋ ਰਹੇ ਹਨ,ਭਾਵੇਂ ਕਰਜ਼ਾਈ ਹੋਣ,ਪਰ ਫੇਰ ਭੀ ਖੇਤੀ ਦਾ ਕੰਮ ਮਜ਼ਦੂਰਾਂ ਤੋਂ ਹੀ ਕਰਾਉਂਦੇ ਹਨ।ਵਿਹਲੇ ਰਹਿਣਾ ਵੱਡਾ ਕੋਹੜ ਹੈ।ਸੋ ਧਰਮ-ਕ੍ਰਿਤ ਕਰਕੇ ਸੱਚੇ ਸਤਿਗੁਰਾਂ ਦੀ ਸੇਵਾ ਕੀਤੀ ਸਫਲੀ ਹੁੰਦੀ ਹੈ।ਵਾਹਿਗੁਰੂ ॥ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਏਮਨਾਬਾਦ ਵਿਖੇ,ਮਲਕ ਭਾਗੋ ਦਾ ਪਦਾਰਥ ਲਹੂ ਤਿਆਗਿਆ।ਭਾਈ ਲਾਲੋ ਜੀ ਦੀ ਧਰਮ-ਕ੍ਰਿਤ ਦਾ ਪਦਾਰਥ,ਦੁੱਧ ਬ੍ਰਹਮ ਭੋਜ ਸਮਝ ਕੇ,ਕੋਧਰੇ ਦੇ ਪਰਛਾਦੇ ਸਾਗ ਨਾਲ ਛਕੇ।ਵਾਹਿਗੁਰੂ॥ਮਾਪੇ ਸਮਝਣ ਜੇ ਅਸੀਂ ਧਰਮ-ਕ੍ਰਿਤ ਛੱਡ ਦਿਤੀ,ਬੱਚਿਆਂ ਨੂੰ ਵੱਢੀ ਦਾ ਧਨ ਖੁਆਇਆ ਤਾਂ ਵਿਗੜ ਜਾਣਗੇ।ਧਰਮ-ਕ੍ਰਿਤ ਤਿਆਗ ਕੇ ਜੀਵ ਚੋਰੀ ਯਾਰੀ ਜੂਏਬਾਜ਼ੀ ਝੂਠ ਵੈਰ ਵਿਰੋਧ ਆਦਿ ਅਨੇਕਾਂ ਹੀ ਦੋਸ਼ਾਂ ਦੇ ਵਸੀਕਾਰ ਹੋ ਰਹੇ ਹਨ।ਵਾਹਿਗੁਰੂ॥ਜਿਨ੍ਹਾਂ ਦੇ ਦਿਲ 'ਚ ਵੱਡਪੁਣਾ ਹੈ,ਉਹ ਵਿਹਲੇ ਬੈਠ ਕੇ,ਆਪਣੀ ਸੇਵਾ ਕਰਾਉਂਦੇ ਹਨ,ਜਿਸ ਕਰਕੇ ਰੋਗੀ ਹੋ ਜਾਂਦੇ ਹਨ,ਉਨ੍ਹਾਂ ਦੀ ਸੇਵਾ ਕਰਨ ਵਾਲੇ ਤੰਦਰੁਸਤ ਰਹਿੰਦੇ ਹਨ।ਵਾਹਿਗੁਰੂ॥ਹੇ ਗੁਰਮੁਖਿ ਪਿਆਰਿਓ! ਜਿਹ ਪ੍ਰਸਾਦਿ;ਆਰੋਗ ਕੰਚਨ ਦੇਹੀ॥ਅਨੁਸਾਰ ਆਪ ਜੀ ਨੂੰ ਸੱਚੇ ਸਤਿਗੁਰਾਂ ਨੇ,ਸੁੰਦਰ ਸੋਨੇ ਵਰਗੀ ਅਰੋਗ ਦੇਹੀ ਬਖ਼ਸ਼ੀ ਹੈ ਤਾਂ ਰੋਮ ੨ ਕਰਕੇ ਸਤਿਗੁਰਾਂ ਦਾ ਧੰਨਵਾਦ ਕਰਦਿਆਂ,ਆਪਣੀ ਸਿਹਤ ਲਈ ਭੋਜਨ ਦੀ ਸੋਧ ਕਰਨੀ ਬਹੁਤ ਹੀ ਜ਼ਰੂਰੀ ਹੈ।

ਪਦਾਰਥ ਇਤਨਾ ਸ਼ੁੱਧ ਸਾਫ਼ ਤਾਜ਼ਾ ਹੋਵੇ ਮਾਨੋ ਦਵਾਈ ਹੀ ਬਣ ਜਾਵੇ।ਕਈ ਹਰ ਵੇਲੇ ਬੱਕਰੀ ਵਾਂਗ ਮੂੰਹ ਮਾਰੀ ਹੀ ਜਾਂਦੇ ਹਨ ਇਹ ਆਦਤ ਸਿਹਤ ਦੇ ਬਿਲਕੁਲ ਹੀ ਉਲਟ ਹੈ।ਵਾਹਿਗੁਰੂ॥ਵੰਡ ਕੇ ਛਕਣਾ ਸੱਚੇ ਸਤਿਗੁਰਾਂ ਦਾ ਹੁਕਮ ਹੈ,ਕਈਆਂ ਨੂੰ ਚੋਰੀ ਛਕਣ ਦੀ ਆਦਤ ਪੈ ਜਾਂਦੀ ਹੈ।ਵਾਹਿਗੁਰੂ॥ਕਈ ਇੱਕ ਹੀ ਪਦਾਰਥ ਖਾਣ ਗਿਝੇ ਹਨ,ਜਿਵੇਂ ਨਿੱਤ ਅਚਾਰ ਮੂੰਗਫਲੀ,ਖਾ ੨ ਕੇ ਸ੍ਰੀਰ ਨੂੰ ਰੋਗੀ ਬਣਾ ਲੈਂਦੇ ਹਨ,ਇਸ ਕਰਕੇ ਬਦਲਵਾਂ ਪਦਾਰਥ ਛਕੋ।ਵਾਹਿਗੁਰੂ॥ਧਿਆਨ ਯੋਗ ਬੇਨਤੀ ਹੈ ਕਿ ਹਰੇਕ ਇਨਸਾਨ ਦਾ ਇਹ ਸੁੰਦਰ ਅਸੂਲ ਹੋਣਾ ਚਾਹੀਦਾ ਹੈ,ਇੱਕ ਵਾਰੀ ਛਕ ਕੇ,ਦੁਬਾਰਾ ਭੁੱਖ ਲੱਗੀ ਤੋਂ ਬਿਨਾ ਨਹੀਂ ਛਕਣਾ ਚਾਹੀਦਾ।ਡਾਕਟਰਾਂ ਦੀ ਇਹ ਬੜੀ ਹੀ ਸਲਾਘਾ ਯੋਗ ਖੋਜ ਹੈ,ਹਰ ਚਾਰ ਘੰਟੇ ਮਗਰੋਂ ਭੁੱਖ ਅਨੁਸਾਰ ਥੋੜਾ ੨ ਅਹਾਰ ਛਕੋ।ਇਹ ਬਹੁਤ ਕੀਮਤੀ ਸੁਨਿਹਰੀ ਅਸੂਲ ਹੈ।ਵਾਹਿਗੁਰੂ॥ਬਿਨਾ ਭੁੱਖ ਤੋਂ ਬਾਰ ੨ ਚਾਹ ਪੀ ਕੇ ਸ੍ਰੀਰ ਦਾ ਧੂੰਆਂ ਨਿਕਲ ਜਾਂਦਾ ਹੈ।

੨੩.ਵਾਹਿਗੁਰੂ॥ਰਸਨਾ ਨੂੰ ਸ਼ੁਭ ਸਿੱਖਿਆ:-ਸੁਆਦ ਸਾਡਾ ਵੈਰੀ ਹੈ,ਰਸਨਾ ਦੇ ਸੁਆਦ 'ਚ ਜੀਵ ਰੋਗੀ ਹੋ ਜਾਂਦਾ ਹੈ।ਜਿਹਵਾ ਇੰਦ੍ਰੀ ਸਾਦਿ ਲੋਭਾਨਾ॥ਅਨੁਸਾਰ ਇੰਦ੍ਰਿਆਂ ਦੇ ਸੁਆਦਾਂ 'ਚ ਲੁਭਾਇਮਾਨ ਹੋ ਕੇ ਤ੍ਰਿਪਤ ਨਹੀਂ ਹੁੰਦੀ।ਯਥਾ:-ਸਾਦੀ ਜੀਭ ਨ ਰਜੀਆ;ਕਰਿ ਭੋਗ ਬਿਲਾਸੇ।ਰਸਨਾ ਦੇ ਸੁਆਦ ਕਰਕੇ

ਮੱਛੀ ਲੋਹੇ ਦੇ ਕੁੰਡੀ(ਲੀਲਿਤ) ਨਿਗਲ ਲੈਂਦੀ ਹੈ,ਸੰਘ ਪਾਟ ਜਾਂਦਾ ਹੈ।ਯਥਾ:-ਜਿਹਬਾ ਸੁਆਦੀ;ਲੀਲਿਤ ਲੋਹ॥ਇਉਂ ਸੁਆਦ ਕਰਕੇ ਜੀਵ ਜੂਨਾਂ ਦੇ ਕਸ਼ਟ ਭੋਗਦਾ ਹੈ।ਯਥਾ:-ਜੇਤਾ;ਮੋਹੁ ਪਰੀਤਿ ਸੁਆਦ॥ਸਭਾ;ਕਾਲਖ ਦਾਗਾ ਦਾਗ॥ਰਸਨਾ ਦੇ ਸੁਆਦੀ ਖ਼ੂਬ ਤੇਜ ਮਿਰਚ ਮਸਾਲੇ ਵਰਤਦੇ ਹਨ,ਇਹ ਨਿਰੇ ਰੋਗ ਰੂਪ ਹਨ,ਮਸਾਲੇ ਸੰਜਮ ਨਾਲ ਹੀ ਵਰਤਣੇ ਚਾਹੀਦੇ ਹਨ।ਵਾਹਿਗੁਰੂ॥ ਸਾਦ ਕੀਤੇ ਦੁਖ ਪਰਫੁੜੇ;ਪੂਰਬਿ ਲਿਖੇ ਮਾਇ॥(੯੮੯) ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥ਭੋਗਹੁ ਰੋਗ;ਸੁ ਅੰਤਿ ਵਿਗੋਵੈ॥)ਖਸਮੁ ਵਿਸਾਰਿ;ਕੀਏ ਰਸ ਭੋਗ॥ਤਾਂ ਤਨਿ,ਉਠਿ ਖਲੋਏ ਰੋਗ॥)ਮਃ ੫॥ ਖਾਂਦਿਆ ਖਾਂਦਿਆ ਮੁਹੁ ਘਠਾ;ਪੈਨੰਦਿਆ ਸਭੁ ਅੰਗੁ॥ਨਾਨਕ.ਧ੍ਰਿਗੁ ਤਿਨਾ ਦਾ ਜੀਵਿਆ;ਜਿਨ ਸਚਿ ਨ ਲਗੋ ਰੰਗੁ॥੨॥(੫੨੩) ਫਿਟੁ ਇਵੇਹਾ ਜੀਵਿਆ;ਜਿਤੁ ਖਾਇ ਵਧਾਇਆ ਪੇਟੁ॥ਨਾਨਕ ਸਚੇ ਨਾਮ ਵਿਣੁ;ਸਭੋ ਦੁਸਮਨੁ ਹੇਤੁ॥)ਏ ਰਸਨਾ. ਤੂ ਅਨ ਰਸਿ ਰਾਚਿ ਰਹੀ;ਤੇਰੀ ਪਿਆਸ.ਨ ਜਾਇ॥ਪਿਆਸ.ਨ ਜਾਇ ਹੋਰਤੁ ਕਿਤੈ;ਜਿਚਰੁ ਹਰਿ ਰਸੁ ਪਲੈ.ਨ ਪਾਇ॥ਹਰਿ ਰਸੁ ਪਾਇ ਪਲੈ.ਪੀਐ ਹਰਿ ਰਸੁ;ਬਹੁੜਿ. ਨ ਤ੍ਰਿਸਨਾ ਲਾਗੈ ਆਇ॥ਏਹੁ ਹਰਿ ਰਸੁ ਕਰਮੀ ਪਾਈਐ;ਸਤਿਗੁਰੁ ਮਿਲੈ ਜਿਸੁ ਆਇ॥ਕਹੈ ਨਾਨਕੁ.ਹੋਰਿ ਅਨ ਰਸ ਸਭਿ ਵੀਸਰੇ;ਜਾ ਹਰਿ ਵਸੈ ਮਨਿ ਆਇ॥੩੨॥)ਹੇ ਜਿਹਬੇ ਹੇ ਰਸਗੇ;ਮਧੁਰ ਪ੍ਰਿਅ ਤੁਯੰ॥ਸਤ ਹਤੰ ਪਰਮ ਬਾਦੰ;ਅਵਰਤ ਏਥਹ.ਸੁਧ ਅਛਰਣਹ॥) ਜਿਹਵਾ ਸਾਦੁਨ.ਫੀਕੀ ਰਸ ਬਿਨੁ;ਬਿਨੁ ਪ੍ਰਭ.ਕਾਲੁ ਸੰਤਾਪੈ॥)ਤਜਿ ਸਾਦ;ਸਹਜ ਸੁਖੁ ਹੋਈ॥ਘਰ ਛਡਣੇ;ਰਹੈ ਨ ਕੋਈ॥)ਉਪ੍ਰੋਕਤ ਤੁਕਾਂ ਨਿਤ ਪੰਜ ਸੌ ਵਾਰੀ ਪੜ੍ਹੋ,ਜਿਸ ਕਰਕੇ ਰਸਨਾ ਦੇ ਸੁਆਦ ਤੋਂ ਉੱਚੇ ਉੱਠ ਕੇ,ਤੰਦਰੁਸਤੀ ਪ੍ਰਾਪਤ ਹੋਵੇ।

ਰਸਨਾ ਦੇ ਸੁਆਦੀ ਜੀਵ ਨੂੰ,ਰਸਨਾ ਦੇ ਸੁਆਦ ਦੀ ਚਿਤਵਨੀ ਅੱਠ ਪਹਿਰ ਹੀ ਲੱਗੀ ਰਹਿੰਦੀ ਹੈ,ਰਸਨਾ ਜੋ ੨ ਮੰਗਦੀ ਹੈ ਉਹ ਹੀ ਖਾਈ ਜਾਂਦਾ ਹੈ।ਜਿਵੇਂ ੨ ਰਸਨਾ ਕੂਲ਼ੇ ੨ ਪਦਾਰਥ ਛਕਦੀ ਹੈ,ਤਿਵੇਂ ੨ ਹੋਰ ਕੂਲ਼ੀ ਹੋਈ ਜਾਂਦੀ ਹੈ,ਤ੍ਰਿਪਤ ਨਹੀਂ ਹੁੰਦੀ,ਸ੍ਰੀਰ ਨੂੰ ਰੋਗੀ ਕਰ ਦਿੰਦੀ ਹੈ।ਸੋ ਹੇ ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ! ਸੁਆਸ ੨ ਵਾਹਿਗੁਰੂ ਜੀ ਦਾ ਜਾਪ ਬਖ਼ਸ਼ ਕੇ ਆਤਮ ਤ੍ਰਿਪਤੀ ਦੇਹ ਅਰੋਗਤਾ ਬਖ਼ਸ਼ੋ ਜੀ।

੨੪.ਕਾਲੀ ਮਿਰਚ ਦੀ ਵਰਤੋਂ ਬਾਰੇ:-ਵਾਈ ਰੇਸ਼ੇ ਅਲਰਜੀ ਦਮਾਂ ਖੰਘ ਆਦਿ ਅਨੇਕ ਬਿਮਾਰੀਆਂ ਤੋਂ ਬਚਣ ਲਈ,ਦਾਲ ਸਬਜ਼ੀ 'ਚ ਹਮੇਸ਼ਾ ਕਾਲੀ ਮਿਰਚ ਸੰਜਮ ਨਾਲ ਵਰਤੋ,ਜ਼ਿਆਦਾ ਵਰਤਣੇ ਕਰਕੇ ਗਰਮੀ ਖੁਸ਼ਕੀ ਕਰਦੀ ਹੈ।ਲਾਲ ਮਿਰਚ ਉੱਕਾ ਹੀ ਨਾ ਵਰਤੋ।ਦਵਾਈਆਂ 'ਚ ਕਾਲੀ ਮਿਰਚ ਆਮ ਹੀ ਵਰਤੀ ਜਾਂਦੀ ਹੈ।ਨਿਰੀ ਕਾਲੀ ਮਿਰਚ ਪੀਸ ਕੇ ਰੱਖੋ,ਲੋੜ ਅਨੁਸਾਰ ਵਰਤੋ,ਦਾਲ ਸਬਜ਼ੀ 'ਚ ਲੂਣ ਮਿਰਚ ਹਮੇਸ਼ਾ ਹੀ ਘੱਟ ਪਾਉ,ਮਗਰੋਂ ਲੋੜ ਅਨੁਸਾਰ ਹੋਰ ਪਾ ਲਵੋ।ਲੂਣ ਮਿਰਚ ਵੱਧ ਖਾਣ ਨਾਲ,ਪੇਟ ਗੈਸ ਬਵਾਸੀਰ ਬਲੱਡ ਪਰੈਸਰ ਆਦਿ ਅਨੇਕਾਂ ਰੋਗ ਲੱਗਦੇ ਹਨ।ਲੂਣ ਮਿਰਚ ਵੱਧ ਖਾਣਾ ਤਮੋ ਗੁਣ ਹੈ।

੨੫.ਗੁਰਪ੍ਰਾਦਿ ਸਾਦਾ ਛਕਣਾ ਬਹੁਤ ਹੀ ਗੁਣਕਾਰੀ ਹੈ:-ਮਹਾਤਮਾ ਜੀ ਜਾਂ ਹੋਰ ਕਿਸੇ ਨੂੰ ਭੀ ਧੱਕੇ ਨਾਲ ਪਦਾਰਥ ਨਾ ਛਕਾਉ,ਧੱਕਾ ਕਰਨਾ ਸਿਹਤ ਦੇ ਬਿਲਕੁਲ ਹੀ ਉਲਟ ਹੈ।ਇੱਕ ਤਾਂ ਉਮਰ ਵਡੇਰੀ ਹੋਵੇ,ਦੂਜਾ ਖਾਣ ਪੀਣ ਦਾ ਧੱਕਾ ਕੀਤਾ ਜਾਵੇ,ਤੀਜਾ ਵਰਜ਼ਿਸ਼ ਨਾ ਹੋਵੇ।ਸੋ ਧੱਕੇ ਨਾਲ ਛਕਾਉਣ ਦਾ ਪਾਪ ਲੱਗਦਾ ਹੈ।ਪਰਮਪੂਜਨੀਕ ਧੰਨ ਸੱਚੇ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਦੇ ਨੂਰੀ ਦਰਸ਼ਨ,ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ,ਅਕਬਰ ਨੇ ਕੀਤੇ,ਨੂਰੀ ਚਿਹਰਾ ਦੇਖ ਕੇ,ਬਹੁਤ ਹੈਰਾਨੀ ਹੋਈ,ਬਈ ਐਨੀ ਲੰਮੀ ਉਮਰ ’ਚ,ਚਿਹਰਾ ਐਨਾ ਲਾਲ ਜਮਾਲ ਵਾਲਾ ਕਿਉਂ ਹੈ?ਸੰਸਾਰੀ ਸੋਚਣੀ ਅਨੁਸਾਰ ਸੋਚਿਆ ਬਈ ਇਹ ਚੰਗੀ ਤੋਂ ਚੰਗੀ ਖ਼ੁਰਾਕ ਖਾਂਦੇ ਹੋਣਗੇ।ਪਰਮਪੂਜਨੀਕ ਸੱਚੇ ਸਤਿਗੁਰਾਂ ਪੁੱਛਿਆ,“ਬਾਦਸ਼ਾਹ ਕੀ ਛਕਣਾ ਹੈ?”ਹੱਥ ਜੋੜ ਕੇ ਕਿਹਾ,“ਜੋ ਤੁਸੀਂ ਛਕਦੇ ਹੋਂ”।ਕੋਟਾਨਿ ਕੋਟਿ ਬ੍ਰਹਮੰਡਾਂ ਦੇ ਮਾਲਕ ਵਾਹਿਗੁਰੂ ਬ੍ਰਹਮ ਧੰਨ ਨਿਰੰਕਾਰ ਸੱਚੇ ਸਤਿਗੁਰੂ ਨਾਨਕ ਦੇਵ ਜੀ ਦੇ ਤੀਜੇ ਅਵਤਾਰ ਸਤਿਗੁਰੂ ਸਾਹਿਬ ਜੀ,ਆਪ ਜੋ ਅਲੂਣਾ ਦਲੀਆ ਛਕਦੇ ਸਨ,ਉਹ ਹੀ ਛਕਾਇਆ।ਅਕਬਰ ਛਕ ਕੇ ਨਿਹਾਲ ਹੋਇਆ ਤੇ ਕਿਹਾ,“ਮੈਂ ਸਾਰੀ ਜ਼ਿੰਦਗੀ ’ਚ ਐਨਾ ਸੁਆਦਲਾ ਭੋਜਨ ਨਹੀਂ ਛਕਿਆ”।ਸਿਖਿਆ:-ਪਿਛਲੀ ਉਮਰ ’ਚ ਦੁੱਧ ਘਿਉ ਮਿੱਠਾ ਤਲ਼ੀ ਚੀਜ਼ ਬੰਦ ਕਰਨੀ ਚਾਹੀਦੀ ਹੈ।ਗੁਰਬਾਣੀ ਦੇ ਅਭਿਆਸ ਤੋਂ ਬਿਨਾ ਰੂਹ ਤਰਸਦੀ ਬਿਲਪਦੀ ਹੈ।ਮਃ ੩॥ਕਿਆ ਗਭਰੂ ਕਿਆ ਬਿਰਧਿ ਹੈ; ਮਨਮੁਖ ਤ੍ਰਿਸਨਾ ਭੁਖ ਨ ਜਾਇ॥(੬੪੯)ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਆਪ ਸਾਦਾ ਛਕ ਕੇ,ਸਾਦਾ ਛਕਣ ਦਾ ਧੀਰਜ ਦਿਤਾ ਹੈ।ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸੁਆਸ ੨ ਧਿਆਨ ਧਾਰ ਕੇ,ਰੋਮ ੨ ਕਰਕੇ ਨਮਸਕਾਰ ਕਰਨੀ ਚਾਹੀਦੀ ਹੈ।ਸਾਦਾ ਛਕਣ ਬਾਰੇ,

ਹੇਠ ਲਿਖੇ ਇਕੱਲੇ ੨ ਪਦ ਦਾ ਖ਼ਾਸ ਪ੍ਰੇਮ ਨਾਲ ਬਾਰ ੨ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ।ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ਗ੍ਰਿਹਿ ਸਾਕਤ ਛਤੀਹ ਪ੍ਰਕਾਰ;ਤੇ ਬਿਖੂ ਸਮਾਨ॥੨॥(੮੧੧) ਫਰੀਦਾ ਰੋਟੀ ਮੇਰੀ ਕਾਠ ਕੀ,ਲਾਵਣੁ ਮੇਰੀ ਭੁਖ॥ਜਿਨਾ ਖਾਧੀ ਚੋਪੜੀ;ਘਣੇ ਸਹਨਿਗੇ ਦੁਖ॥੨੮॥ਰੁਖੀ ਸੁਖੀ ਖਾਇ ਕੈ;ਠੰਢਾ ਪਾਣੀ ਪੀਉ॥ਫਰੀਦਾ ਦੇਖਿ ਪਰਾਈ ਚੋਪੜੀ;ਨਾ ਤਰਸਾਏ ਜੀਉ॥੨੯॥(੧੩੭੯)ਅਧੁ ਗੁਲ੍ਹਾ ਚਿੜੀ ਕਾ ਚੁਗਣੁ; ਗੈਣਿ ਚੜੀ ਬਿਲਲਾਇ॥ਖਸਮੈ ਭਾਵੈ ਓਹਾ ਚੰਗੀ;ਜਿ ਕਰੇ ਖੁਦਾਇ ਖੁਦਾਇ॥(੧੨੮੬)ਹਰਣੀ ਹੋਵਾ ਬਨਿ ਬਸਾ;ਕੰਦ ਮੂਲ ਚੁਣਿ ਖਾਉ॥ਗੁਰ ਪਰਸਾਦੀ ਮੇਰਾ ਸਹੁ ਮਿਲੈ;ਵਾਰਿ ਵਾਰਿ ਹਉ ਜਾਉ ਜੀਉ॥੧॥ (੧੫੭)ਉਪ੍ਰੋਕਤ ਪਦਾਂ ਅਨੁਸਾਰ ਸਾਦਾ ਪਦਾਰਥ ਛਕਣ ਨਾਲ ਸ੍ਰੀਰ ਰਿਸਟ ਪੁਸਟ ਤੰਦਰੁਸਤ ਰਹਿੰਦਾ ਹੈ।ਸ੍ਰੀਰ ਨੂੰ ਸਾਦਾ ਸੰਤੁਲਤ ਭੋਜਨ ਦੇ ਕੇ,ਖ਼ੂਬ ਵਰਜ਼ਿਸ਼ ਕਰਕੇ ਮਜ਼ਬੂਤ ਕੀਤਾ ਜਾਵੇ।ਆਪਣੇ ਬਲ ਦੇ ਹੰਕਾਰ ਦੀ ਨਵਿਰਤੀ ਲਈਂ ਗੁਰਬਾਣੀ ਦਾ ਖ਼ੂਬ ਅਭਿਆਸ ਕੀਤਾ ਜਾਵੇ।ਹੇ ਪ੍ਰੇਮੀ ਜੀਓ!ਰੱਬ ਜੀ ਦੇ ਰਾਹ ਤੇ ਚੱਲਣ ਵਾਲੇ ਵਿਰਲੇ ਹੀ ਬੰਦੇ ਹਨ।ਜਿਵੇਂ ਆੜ ਪੰਛੀ ਆਪਣਾ ਪੋਟਾ ਭਰ ਲੈਂਦਾ ਹੈ,ਫੇਰ ਉੱਡ ਨਹੀਂ ਸਕਦਾ,ਉਸ ਨੂੰ ਸ਼ਿਕਾਰੀ ਜਾਲ਼ ’ਚ ਫਸਾ ਲੈਂਦਾ ਹੈ,ਜਾਂ ਸੋਟਾ ਮਾਰ ਕੇ ਮਾਰ

ਲੈਂਦਾ ਹੈ।ਤੂ ਕੈਸੇ ਆੜਿ ਫਾਥੀ ਜਾਲਿ॥(੧੨੭੫) ਇਸ ਤਰ੍ਹਾਂ ਜ਼ਿਆਦਾ ਖਾਣ ਨਾਲ ਜੀਵ ਰੂਪੀ ਪੰਛੀ,ਬੈਰਾਗ ਵਿਵੇਕ ਰੂਪੀ ਖੰਭਾਂ ਨਾਲ,ਹਉਮੈ ਦੇ ਤਿਆਗ ਰੂਪੀ ਉਡਾਰੀ ਨਹੀਂ ਮਾਰ ਸਕਦਾ।ਉਸ ਨੂੰ ਕਾਲ਼ ਰੂਪੀ ਸ਼ਿਕਾਰੀ ਮਾਰ ਲੈਂਦਾ ਹੈ।ਯਥਾ:- ਖਾਣਾ ਪੀਣਾ ਪਵਿਤ੍ਰੁ ਹੈ;ਦਿਤੋਨੁ ਰਿਜਕੁ ਸੰਬਾਹਿ॥ਅਨੁਸਾਰ ਭਾਈ ਮਲਿਆਗਰ ਸਿੰਘ ਜੀ ਵਾਂਗ ਬਹੁਤ ਹੀ ਸੰਤੋਖ ਨਾਲ ਛਕੇ।ਸੋ ਨਿਉਂਦੇ ਜੇ ਸੰਤੋਖ ਨਾਲ ਨਾ ਛਕੇ ਜਾਣ ਤਾਂ ਹੋਸ਼ ਮਾਰ ਲੈਂਦੇ ਹਨ,ਬ੍ਰਹਮ ਵਿੱਦਿਆ ਨਹੀਂ ਪੜ੍ਹਨ ਦਿੰਦੇ।ਕਥਾ ਕੀਰਤਨ ਭਜਨ ਰੌਲ਼ ਲਾਉਣ ਸਮੇਂ ਨੀਂਦ ਆਉਂਦੀ ਹੈ,ਨਿਉਂਦੇ ਛਕਦਿਆਂ ੨ ਅਖੀਰ ਸ੍ਰੀਰ ਰੋਗੀ ਹੋ ਜਾਂਦੇ ਹਨ।ਪੂਜਾ ਦੇ ਧਾਨ ਜ਼ਹਿਰ ਨੂੰ,ਅੰਮ੍ਰਿਤ ਬਨਾਉਣ ਵਾਲੇ ਪਰਮਪੂਜਨੀਕ ਮਹਾਂਪੁਰਸ਼ਾਂ ਦਾ ਦ੍ਰਿਸਟਾਂਤ:-ਸੇਵਾ ਦੇ ਸੂਰਜ ਸਿਮਰਨ ਦੇ ਅਵਤਾਰ ਮਾਇਆ ਦੇ ਤਿਆਗੀ,ਪੂਰਨ ਮਹਾਂਪੁਰਸ਼ ਸੰਤ ਬਾਬਾ ਗੁਰਮੁਖਿ ਸਿੰਘ ਜੀ ਪਟਿਆਲੇ ਵਾਲਿਆਂ ਪਾਸ,ਜਦੋਂ ਕੋਈ ਪ੍ਰੇਮੀ ਜਾਂਦਾ,ਫੁੱਲੀਆਂ ਦਾ ਪ੍ਰਸ਼ਾਦ ਦੇਣ ਸਮੇਂ ਕਹਿੰਦੇ,"ਲੈ ਸਾਊ ਜ਼ਹਿਰ।"ਉਸ 'ਚੋਂ ਭੀ ਅੱਧਾ ਪ੍ਰਸ਼ਾਦ ਵਾਪਿਸ ਮੋੜ ਲੈਂਦੇ।ਗਏ ਪ੍ਰੇਮੀ ਨੂੰ ਇਹ ਸੰਸਕਾਰ ਪੱਕ ਜਾਂਦਾ,ਬਈ ਪੂਜਾ ਦਾ ਧਾਨ ਜ਼ਹਿਰ ਹੈ,ਉਹ ਹੀ ਪ੍ਰੇਮੀ ਕਾਮਯਾਬ ਹੋ ਜਾਂਦਾ।ਜਿਹੜੇ ਪੂਜਾ ਦੇ ਧਾਨ ਨੂੰ ਆਪਣੀ ਐਸ਼ ਪ੍ਰਸਤੀ 'ਚ ਲਾਉਂਦੇ ਹਨ,ਉਹ ਮਸੰਦ ਬਣਦੇ ਹਨ।ਇੱਕ ਵਾਰੀ ਬਾਬਾ ਗੁਰਮੁਖਿ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ, "ਪ੍ਰੇਮੀਓ!ਇਹ ਇੱਟਾਂ ਚੁੱਕ ਕੇ ਦੂਜੇ ਪਾਸੇ ਸੁੱਟੋ"।ਅਗਲੇ ਦਿਨ ਫੇਰ ਉਸੇ ਜਗ੍ਹਾ ਸੁੱਟਵਾ ਦਿੱਤੀਆਂ।ਪ੍ਰੇਮੀਆਂ ਦੇ ਪੁੱਛਣ ਤੋਂ ਬਾਬਾ ਜੀ ਨੇ ਬੜੇ ਸਨਿਗਧ ਪ੍ਰੇਮ ਨਾਲ ਉੱਤ੍ਰ ਦਿੱਤਾ, "ਭਾਈ ਤੁਸੀਂ ਪੂਜਾ ਦਾ ਧਾਨ ਖਾ ਕੇ,ਵਿਹਲੇ ਰਹਿ ਕੇ ਗੱਲਾਂ ਕਰਨੀਆਂ ਸਨ।ਇਸ ਕਰਕੇ ਤੁਹਾਨੂੰ ਇਸ ਸੇਵਾ 'ਚ ਲਾ ਕੇ ਵਾਹਿਗੁਰੂ ਮੰਤ੍ਰ ਦਾ ਅਭਿਆਸ ਕਰਾਇਆ ਹੈ"।ਐਸੇ ਦੀਨ ਦਇਆਲ ਮਹਾਂਪੁਰਸ਼ ਹੁਕਮ ਕਰਦੇ,
"ਭਾਈ!ਜਦੋਂ ਬਸਤ੍ਰ ਫਟੇ ਟਾਕੀ ਲਾਉ,ਬਾਰ ੨ ਲਾਉਂਦੇ ਜਾਉ,ਆਈ ਮਾਇਆ ਸੇਵਾ 'ਚ ਪਾਉਂਦੇ ਜਾਉ"।ਬਾਬਾ ਜੀ ਦੇ ਪ੍ਰੇਮੀ ਨਵੇਂ ਬਸਤ੍ਰ ਨੂੰ ਭੀ ਟਾਕੀ ਲਾਉਂਦੇ ਹਨ।ਬਈ ਕੋਈ ਬਸਤ੍ਰ ਟਾਕੀ ਤੋਂ ਬਿਨਾ ਨਾ ਰਹੇ।ਪੂਰਨ ਮਹਾਂਪੁਰਸ਼ਾਂ ਦੇ ਇਸ ਗੁਣ ਤੋਂ ਅਲੌਕਿਕ ਇਲਾਹੀ ਸਿੱਖਿਆ ਮਿਲਦੀ ਹੈ,ਕਿ ਗੁਰੂ ਘਰ ਦੀ ਕੋਈ ਭੀ ਚੀਜ਼ ਖ਼ਰਾਬ ਨਹੀਂ ਹੋਣ ਦੇਣੀ।ਜੇ ਕੋਈ ਪ੍ਰੇਮੀਂ ਇਹ ਕਹੇ ਕਿ ਸਤਿਸੰਗਤ ਜੀ ਦਾ ਸੁੱਚਮ ਨਾਲ ਤਿਆਰ ਕੀਤਾ ਪਦਾਰਥ ਹੈ,ਉੱਤ੍ਰ:-ਪਰਮ ਪੂਜਨੀਕ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ,ਪਰਮ ਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ ਨੂੰ ਜੱਥੇ ਸਮੇਤ ਆਪਣੇ ਪਿੰਡ ਸਰਹਾਲੀ ਵਿਖੇ ਮੰਗਵਾਉਂਦੇ।ਸੰਤ ਬਾਬਾ ਤਾਰਾ ਸਿੰਘ ਜੀ ਨਾਲ ਰਹਿਣ ਵਾਲੇ ਸਿੰਘ ਸਾਦਾ ਲੰਗਰ ਛਕਦੇ।ਆਪਣੇ ਪਾਸ ਰਹਿਣ ਵਾਲੇ ਸਿੰਘਾਂ ਨੂੰ ਬਾਹਰੋਂ ਆਇਆ ਦੁੱਧ ਘਿਉ ਨਾ ਛਕਣ ਦਿੰਦੇ।ਲੰਗਰ ਭਾਵੇਂ ਸਾਦਾ ਹੀ ਸੀ,ਪਰ ਸਾਰੇ ਸਿੰਘਾਂ ਦੇ ਚਿਹਰੇ ਲਾਲ ਸਨ।ਇੱਕ ਵਾਰੀ ਜੱਥੇ ਸੰਗਤ ਜੀ ਦੇ ਛਕਣ ਲਈ ਜਲੇਬੀਆਂ ਬਣੀਆਂ,ਸਿੰਘਾਂ ਨੇ ਪਰਮ ਪਿਆਰ ਸਤਿਕਾਰ ਉਤਸ਼ਾਹ ਨਾਲ ਸੰਤਾਂ ਮਹਾਂਪੁਰਸ਼ਾਂ ਨੂੰ ਪ੍ਰੇਮ ਬੇਨਤੀ ਕੀਤੀ,"ਬਾਬਾ ਜੀ!ਅੱਜ ਪਰਮ ਪੂਜਨੀਕ ਬਾਬਾ ਤਾਰਾ ਸਿੰਘ ਜੀ ਨੂੰ ਭੀ

ਛਕਾਈਏ"।ਸੰਤਾਂ ਕਿਹਾ, "ਉਨ੍ਹਾਂ ਨੇ ਨਹੀਂ ਛਕਣੀਆਂ"।ਪਰ ਫੇਰ ਭੀ ਪੰਜਾਂ ਸਿੰਘਾਂ ਨੇ ਸੰਤ ਬਾਬਾ ਤਾਰਾ ਸਿੰਘ ਜੀ ਪਾਸ ਜਾ ਕੇ ਹੱਥ ਜੋੜ ਪੂਰਨ ਪ੍ਰੇਮ ਸਹਿਤ ਪ੍ਰੇਮ ਬੇਨਤੀ ਕੀਤੀ, "ਬਾਬਾ ਜੀ!ਸੰਤਾਂ ਮਹਾਂਪੁਰਸ਼ਾਂ ਵੱਲੋਂ ਪ੍ਰੇਮ ਬੇਨਤੀ ਹੈ ਕਿ ਆਪ ਜੀ ਜੱਥੇ ਸਮੇਤ ਜਲੇਬੀਆਂ ਛਕੋ"।ਤਾਂ ਅੱਗੋਂ ਹੱਥ ਜੋੜ ਸਿਰ ਝੁਕਾ ਪ੍ਰੇਮ ਨਿਮ੍ਰਤਾ ਨਾਲ ਕਿਹਾ,"ਕੀ ਹੁਣ ਦਾਸਨ ਦਾਸ ਭੀ ਪ੍ਰੇਮ ਬੇਨਤੀ ਕਰ ਸਕਦਾ ਹੈ?" "ਜੀ ਹੁਕਮ ਕਰੋ," "ਦਾਸਨ ਦਾਸ ਦੀ ਪ੍ਰੇਮ ਬੇਨਤੀ ਸੰਤਾਂ ਮਹਾਂਪੁਰਖਾਂ ਨੂੰ ਕਰ ਦਿਉ,ਬਈ ਪਿਛੇ ਭੀ ਆਪ ਜੀ ਦਾ ਦਿਤਾ ਛਕਦੇ ਸੀ,ਹੁਣ ਭੀ ਆਪ ਜੀ ਦਾ ਦਿਤਾ ਖਾਂਦੇ ਹਾਂ,ਅੱਗੇ ਨੂੰ ਭੀ ਆਪ ਜੀ ਦਾ ਦਿਤਾ ਹੀ ਖਾਵਾਂਗੇ"।ਇੱਕ ਵਾਰੀ ਪਰਮਪੂਜਨੀਕ ਸੰਤ ਬਾਬਾ ਤਾਰਾ ਸਿੰਘ ਜੀ ਪਿੰਡ ਮਹਿਤੇ ਲੰਗਰ 'ਚ ਗਏ।ਇੱਕ ਪੂੜੇ 'ਤੇ ਖੀਰ ਪਾ ਕੇ ਪ੍ਰਸ਼ਾਦ ਦਿੱਤਾ ਗਿਆ,ਸੰਤਾਂ ਮਹਾਂਪੁਰਖਾਂ ਨੇ ਸੇਵਾਦਾਰ ਸਿੰਘ ਨੂੰ ਦੇ ਦਿਤਾ,ਆਪ ਨਹੀਂ ਖਾਧਾ,ਇਸ ਦਾ ਨਾਮ ਸੰਤੋਖ ਹੈ।ਵਾਹਿਗੁਰੂ ਜੀ ਦੀ ਪ੍ਰਾਪਤੀ ਲਈ,ਪਦਾਰਥ ਛਕਣ ਦਾ ਲਾਲਚ ਤਿਆਗ ਕੇ,ਸ਼ੁੱਧ ਸੋਧਿਆ ਹੋਇਆ ਪਦਾਰਥ ਸੰਤੋਖ ਸੰਜਮ ਨਾਲ ਵੰਡ ਕੇ ਛਕਣਾ ਚਾਹੀਦਾ ਹੈ।ਇਹ ਖ਼ਾਸ ਮੰਨਣ ਯੋਗ ਪ੍ਰੇਮ ਬੇਨਤੀ ਹੈ,ਵੰਡ ਕੇ ਛਕਿਆ ਪਦਾਰਥ ਅਤਿਅੰਤ ਹੀ ਸੁਆਦ ਲੱਗਦਾ ਹੈ।

੨੯.ਕਬਜ਼ੀ ਦੀ ਨਿਵਿਰਤੀ ਕਰੋ:-ਡਾਕਟ੍ਰਾਂ ਦਾ ਕਥਨ ਹੈ ਕਿ ਕਬਜ਼ ਸਾਰੇ ਰੋਗਾਂ ਦੀ ਮਾਂ ਹੈ।ਸਵੇਰੇ ਉੱਠ ਕੇ ਬੁਰਸ਼ ਤੋਂ ਮਗਰੋਂ ਚਾਰ ਗਲਾਸ ਪਾਣੀ ਜਾਂ ਜਿਨਾ ਪੀ ਸਕਦੇ ਹੋਂ ਜ਼ਰੂਰ ਪੀਉ।ਕੱਦ ਉਮਰ ਸੇਹਤ ਅਨੁਸਾਰ ਪਾਣੀ ਪੀਵਣਾ।ਬਹੁਤਾ ਜ਼ਿਆਦਾ ਭੀ ਨਹੀਂ ਪੀਣਾ।ਜ਼ਿਆਦਾ ਠੰਢਾ ਪੀਣ ਨਾਲ ਕਬਜ਼ੀ ਹੋਵੇ ਤਾਂ ਠਰ ਭੰਨ ਕੇ ਪੀਵੋ ਜੀ ਇਸ ਨਾਲ ਮੈਦਾਨ ਖੁੱਲ੍ਹ ਕੇ ਆਵੇਗਾ,ਪਾਣੀ ਸਿਹਤ ਲਈ ਬਹੁਤ ਹੀ ਚੰਗਾ ਹੈ।ਸੌਣ ਤੋਂ ਪਹਿਲਾਂ ਚੀਤਾ ਭਜਾਉਣਾ ਬਹੁਤ ਹੀ ਜ਼ਰੂਰੀ ਹੈ,

ਦਲਿੱਦ੍ਰ ਕਰਕੇ ਕਿਰਿਆ ਰੋਕਣੀ ਠੀਕ ਨਹੀਂ,ਮੈਦਾਨ ਸ਼ਰਲਾ ਰੋਕਣਾ ਆਪਣਾ ਗਲ਼ ਆਪ ਵੱਢਣਾ ਹੈ,ਪੱਥਰੀ ਆਦਿ ਕਈ ਬਿਮਾਰੀਆਂ ਲੱਗਦੀਆਂ ਹਨ।ਘੱਟ ਪਾਣੀ ਪੀਣ ਨਾਲ ਪੇਟ ਸਾਫ਼ ਨਹੀਂ ਹੁੰਦਾ,ਗੁਰਦੇ ਖ਼ਰਾਬ ਹੋ ਜਾਂਦੇ ਹਨ।ਖ਼ੂਨ ਘੱਟ ਬਣੇਗਾ,ਭੁੱਖ ਘੱਟ ਲੱਗੇਗੀ।ਗੰਦੀ ਜਗ੍ਹਾ 'ਤੇ ਮੈਦਾਨ ਸ਼ਰਲਾ ਮਾਰਨਾ ਨਾਲ ਛੂਤ ਦੀਆਂ ਬਿਮਾਰੀਆਂ ਲੱਗਦੀਆਂ ਹਨ,ਰਸਤੇ ਤੋਂ ਦੂਰ ਹਵਾ ਵੱਲ ਚਿਹਰਾ ਕਰਕੇ,ਮੈਦਾਨ ਮਾਰੋ ਉੱਪਰ ਜ਼ਿਆਦਾ ਮਿੱਟੀ ਪਾਵੋ।ਜਿਸ ਕਰਕੇ ਪਿੰਡ ਦਾ ਆਲਾ ਦੁਆਲਾ ਗੰਦੀ ਹਵਾ ਤੋਂ ਬਚੇ,ਪਿੰਡ ਸੁਰਗ ਬਣੇ,ਬਿਮਾਰੀਆਂ ਘਟਣ।ਕਿੰਨੀ ਸ਼ਰਮ ਦੀ ਗੱਲ ਹੈ,ਮਨੁੱਖਾ ਜਨਮ 'ਚ ਆ ਕੇ,ਜੀਵ ਆਪਣੇ ਵਾਤਾਵਰਨ ਨੂੰ ਆਪ ਹੀ ਗੰਦਾ ਕਰਦਾ ਹੈ।ਆਪਣੀ ਕਿਰਿਆ ਤੇ ਮਿੱਟੀ ਨਾ ਪਾਈਏ ਸੌ ਗਾਲ਼ ਲੱਗਦੀ ਹੈ,ਵੇਖਣ ਵਾਲਾ ਗਾਲ਼ ਕੱਢਦਾ ਹੈ।ਹਰੇਕ ਸ੍ਰੀ ਗੁਰਦੁਆਰਾ ਸਾਹਿਬ ਜੀ ਤੋਂ ਇਹ ਹਦਾਇਤ ਕੀਤੀ ਜਾਵੇ,ਸ੍ਰੀ ਗੁਰਦੁਆਰੇ ਸਾਹਿਬ ਜੀ ਵਿਖੇ ਲਿਖਿਆ ਭੀ ਜਾਵੇ।ਪਿੰਡ ਦੀ ਅਬਾਦੀ ਅਨੁਸਾਰ ਨੌਕਰ ਭੀ ਰੱਖੇ ਜਾਣ,ਜੋ ਵਾਤਾਵਰਨ ਨੂੰ ਸਾਫ਼ ਰੱਖਣ ਲਈ ਬਿਸਟਾ 'ਤੇ ਮਿੱਟੀ ਪਾਉਣ ਜਾਂ ਨਿਆਈਂ 'ਚ ਟੋਏ ਪੁੱਟ ਕੇ

ਰੱਖਣ ਜਾਂ ਪੱਕੀਆਂ ਲੈਟ੍ਰੀਨਾਂ ਬਣਾਈਆਂ ਜਾਣ। ਉਨ੍ਹਾਂ ਦੀ ਪੂਰੀ ਸਫ਼ਾਈ ਹੋਵੇ,ਕੋਈ ਭੀ ਬਾਹਰ ਕਿਰਿਆ ਨਾ ਕਰੇ,ਜੇ ਕਰੇ ਤਾਂ ਆਪਣੀ ਕਿਰਿਆ 'ਤੇ ਮਿੱਟੀ ਪਾਵੇ। ਇਹ ਪ੍ਰਬੰਧ ਸੰਗਤ ਮਿਲ ਕੇ ਕਰੇ।

੨੭.ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ ਜਾਗੋ ਜੀ ਪਿਆਰੇ:-ਰਾਤ ਨੂੰ ਛੇਤੀ ਸੌਣਾ ਚਾਹੀਦਾ ਹੈ,ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ ਜਾਗ ਕੇ ਇਸ਼ਨਾਨ,ਭਜਨ ਸਿਮਰਨ ਵਰਜ਼ਿਸ ਕਰੋ,ਹੇਠ ਲਿਖੇ ਪਦਾਂ ਦਾ ਖੂਬ ਅਭਿਆਸ ਕਰਕੇ ਅੰਮ੍ਰਿਤ ਵੇਲੇ ਜਾਗਣ ਦੀ ਪ੍ਰਪੱਕ ਆਦਤ ਪਾਉ। ਫਰੀਦਾ ਪਿਛਲ ਰਾਤਿ ਨ ਜਾਗਿਓਹਿ;ਜੀਵਦੜੋ ਮੁਇਓਹਿ॥ ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥ ੧੦੭॥ (੧੩੮੩) ਉਠਿ ਇਸਨਾਨੁ ਕਰਹੁ ਪਰਭਾਤੇ;ਸੋਏ ਹਰਿ ਆਰਾਧੇ॥ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥(੧੧੯੬) ਤੁਧੁ ਬਿਨੁ ਰੋਗ ਰਜਾਈਆ ਦਾ ਓਡਣ ਨਾਗ ਨਿਵਾਸਾ ਦਾ ਰਹਣਾ॥(ਸ੍ਰੀ ਦਸਮ ੭੧੧)ਕਬੀਰ ਸੂਤਾ ਕਿਆ ਕਰਹਿ;ਜਾਗੁ ਰੋਇ ਭੈ ਦੁਖ॥ਜਾ ਕਾ ਬਾਸਾ ਗੋਰ ਮਹਿ;ਸੋ ਕਿਉ ਸੋਵੈ ਸੁਖ॥੧੨੭॥ਕਬੀਰ ਸੂਤਾ ਕਿਆ ਕਰਹਿ;ਉਠਿ ਕਿ ਨ ਜਪਹਿ ਮੁਰਾਰਿ॥ਇਕ ਦਿਨ ਸੋਵਨੁ ਹੋਇਗੋ;ਲਾਂਬੇ ਗੋਡ ਪਸਾਰਿ॥੧੨੮॥ (੧੩੭੧)ਕਬੀਰ.ਸੂਤਾ ਕਿਆ ਕਰਹਿ;ਬੈਠਾ ਰਹੁ ਅਰੁ ਜਾਗੁ॥ਜਾ ਕੇ ਸੰਗ ਤੇ ਬੀਛੁਰਾ;ਤਾ ਹੀ ਕੇ ਸੰਗ ਲਾਗੁ॥) ਜ਼ਿਆਦਾ ਸੌਣਾ ਜਾਂ ਸੌਣਾ ਹੀ ਨਾ,ਜ਼ਿਆਦਾ ਬੋਲਣਾ ਜਾਂ ਬੋਲਣਾ ਹੀ ਨਾ,ਜਦੋਂ ਬੋਲਣਾ ਕੌੜਾ ਇਹ ਤਮੋ ਗੁਣ ਸਿਹਤ ਨੂੰ ਬਰਬਾਦ ਕਰਦਾ ਹੈ।

੨੮.ਦਾਤਨ ਬੁਰਸ਼:-ਰਾਤ ਨੂੰ ਰੋਟੀ ਖਾਣ ਤੋਂ ਬਾਅਦ ਜ਼ਰੂਰ ਹੀ ਬੁਰਸ਼ ਕਰੋ,ਅੱਠਾਂ ਪਹਿਰਾਂ 'ਚ ਤਿੰਨ ਵਾਰ ਬੁਰਸ਼ ਕਰੋ। ਜਦੋਂ ਮੂੰਹ ਬੇਸੁਆਦ ਹੋਵੇ ਤਦੋਂ ਹੀ ਬੁਰਸ਼ ਕਰੋ ਜੀ। ਬੁਰਸ਼ ਟੇਢਾ ਕਰਕੇ,ਦੰਦਾ ਦੇ ਅੰਦਰ ਬਾਹਰ ਉੱਪਰੋਂ ਹੇਠਾਂ ਨੂੰ ਕਰੋ,ਹੇਠਾਂ ਤੋਂ ਉਤਾਂਹ ਨੂੰ ਕਰਨ ਨਾਲ ਬੁੱਟ ਖ਼ਰਾਬ ਹੋ ਜਾਂਦੇ ਹਨ। ਦੰਦ ਉੱਖੜੇ ਹੋਣ ਵਿਰਲੇ ਹੋਣ ਤਾਂ ਦੰਦਾਂ ਜਾੜ੍ਹਾਂ ਦੇ ਚੌਹੀਂ ਪਾਸੀਂ ਕਰੋ। ਪਿਆਰੇ ਬੱਚਿਆਂ ਨੂੰ ਚੰਗੀ ਤਰ੍ਹਾਂ ਬੁਰਸ਼ ਕਰਨ ਦੀ ਆਦਤ ਪਾਉ ਜੀ। ਨਿੰਮ ਦੀ ਦਾਤਣ ਪੇਟ ਦੇ ਕੀੜੇ ਮਾਰਦੀ ਹੈ,ਦਾਤਨ 'ਚ ਕੁਦਰਤੀ ਤੱਤ ਜ਼ਿਆਦਾ ਹਨ। ਛਕਣ ਮਗਰੋਂ ਚੰਗੀ ਤਰ੍ਹਾਂ ਕੁਰਲੀ ਬਰ ਜ਼ਰੂਰ ਹੀ ਕਰੋ,ਜਿਹੜੇ ਦਲਿਦ੍ਰੀ ਅੰਮ੍ਰਿਤ ਵੇਲੇ ਦਾਤਨ ਬੁਰਸ਼ ਤੋਂ ਬਿਨਾ ਛਕਦੇ ਹਨ,ਉਹ ਰੋਗਾਂ ਨੂੰ ਜੀ ਆਇਆਂ ਕਹਿੰਦੇ ਹਨ। ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਹੁਕਮ ਹੈ,ਅੰਮ੍ਰਿਤ ਵੇਲੇ ਦਾਤਨ ਇਸ਼ਨਾਨ ਮਗਰੋਂ ਨਿੱਤਨੇਮ ਕਰਕੇ ਹੀ ਕੁੱਝ ਛਕੋ। ਦੋਹਰਾ॥ ਨੰਦ ਲਾਲ ਤੁਮ ਬਚਨ ਸੁਨੋ,ਸਿੱਖ ਕਰਮ ਹੈ ਏਹੁ। ਨਾਮ ਦਾਨ ਇਸ਼ਨਾਨ ਬਿਨੁ,ਕਰੈ ਨਾ ਅਨ ਸਿਉਂ ਨੇਹੁ॥੨॥)ਸੋਰਠਾ॥ਕੰਘਾ ਦੋਨੋਂ ਵਕਤ ਕਰ,ਪੱਗ ਚੁਨੇ ਕਰ ਬਾਂਧਈ। ਦਾਤਨ ਨਿੱਤ ਕਰੇ,ਨ ਦੁੱਖ ਪਾਵੈ,ਨੰਦ ਲਾਲ ਜੀ॥੧੩॥ਵਾਹਿਗੁਰੂ॥ਵੱਡੇ ਤੜਕੇ ਉੱਠਦਿਆਂ ਹੀ ਨਮਸਕਾਰ ਸਹਿਤ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਅਭਿਆਸ ਕਰੋ,ਪੋਥੀਆਂ ਨੂੰ ਮੱਥਾ ਟੇਕੋ। ਸੌਂ ਕੇ ਉੱਠਦਿਆਂ ਹੀ ਲਾਈਟ ਵੱਲ ਨਾ ਤੱਕੋ। ਆਪਣੇ ਘਰੋਂ

ਬਾਹਰ ਹੀ ਸਕੂਟ੍ਰ ਬੰਦ ਕਰੋ,ਘਰੋਂ ਤੁਰਨ ਸਮੇਂ ਭੀ ਘਰੋਂ ਬਾਹਰ ਕੱਢ ਕੇ ਹੀ ਸਕੂਟ੍ਰ ਸਟਾਰਟ ਕਰੋ,ਜਿਸ ਕਰਕੇ ਘਰ 'ਚ ਭੈੜੀ ਬਦਬੋ ਨਾ ਫ਼ੈਲੇ।ਦੁੱਧ ਉਬਾਲ਼ੇ ਬਿਨਾ ਨਹੀਂ ਪੀਣਾ ਚਾਹੀਦਾ,ਉਬਾਲ਼ਣ ਨਾਲ ਜ਼ਰਾਸੀਮ ਮਰ ਜਾਂਦੇ ਹਨ।

੨੯.ਇਸ਼ਨਾਨ:-ਤੜਕੇ ਦਾਤਨ ਪਿੱਛੋਂ ਇਸ਼ਨਾਨ ਕਰੋ,ਕੇਸੀ ਇਸ਼ਨਾਨ ਹਰ ਪੰਜ ਦਿਨ ਮਗਰੋਂ,ਦਹੀਂ ਨਾਲ ਕਰਨੇ ਕਰਕੇ ਦਿਮਾਗ਼ ਤਰ ਰਹਿੰਦਾ ਹੈ,ਕੇਸ ਨਹੀਂ ਝੜਦੇ।ਜਦੋਂ ਮੁੜਕਾ ਆਇਆ ਹੋਵੇ,ਪਹਿਲਾਂ ਚੀਤਾ ਭਜਾਉ,ਫੇਰ ਮੁੜ੍ਹਕਾ ਸੁਕਾ ਕੇ,ਪੰਜ ਇਸ਼ਨਾਨਾ ਕਰਕੇ ਇਸ਼ਨਾਨ ਕਰੋ।ਜੇਕਰ ਸ਼ਰਲਾ ਨਾ ਮਾਰੀਏ ਤਾਂ ਗਰਮ ਸਰਦ ਹੋਣ ਦਾ ਡਰ ਹੈ।ਜੇਕਰ ਗਰਮੀ ਆਈ ਹੋਵੇ ਤਾਂ ਪਾਣੀ ਪੀਣ ਤੋਂ ਪਹਿਲਾਂ ਸ਼ਰਲਾ ਮਾਰੋ।ਜ਼ਿਆਦਾ ਗਰਮੀ 'ਚ ਕੰਮ ਕਰਦਿਆਂ,ਪਾਣੀ ਬਾਰ ੨ ਪੀਂਦਿਆਂ ਚੀਤਾ ਭਜਾਉਂਦੇ ਰਹੋ।

੩੦.ਸਾਬਣ ਦੀ ਵਰਤੋਂ ਗਰਮੀ ਦੇ ਦਿਨਾਂ 'ਚ ਲੋੜ ਅਨੁਸਾਰ ਕਰਨੀ,ਦੋਹਾਂ ਕੱਛਾਂ ਤੇ ਕਛਿਹਰੇ 'ਚ ਸਾਬਣ ਲਾਉਂਦੇ ਰਹੋ।ਹਰ ਵੇਲੇ ਸਾਬਣ ਦੀ ਆਦਤ ਚੰਗੀ ਨਹੀਂ,ਪਿੰਡਾ ਮਲ਼ ੨ ਕੇ ਨਹਾਉ,ਸਾਬਣ ਦੀ ਬੱਚਤ ਹੁੰਦੀ ਹੈ,ਪਿੰਡੇ 'ਤੇ ਮੈਲ਼ ਨਹੀਂ ਰਹਿੰਦੀ,ਲੋੜ ਤੋਂ ਵੱਧ ਸਾਬਣ ਸ੍ਰੀਰ ਨੂੰ ਖੁਸ਼ਕ ਕਰਦਾ ਹੈ,ਖਰਚ ਭੀ ਹੈ।ਸੂਬੱਤ ਦੇ ਭਲੇ ਅਨੁਸਾਰ ਜੇ ਇੱਕ ਬੰਦਾ ਲੋੜ ਅਨੁਸਾਰ ਸਾਬਣ ਵਰਤੇ,ਮਲ਼ ੨ ਕੇ ਨਹਾਵੇ,ਸਾਰੀ ਜ਼ਿੰਦਗੀ 'ਚਕਿਤਨਾ ਸਾਬਣ ਬਚੇਗਾ?

੩੧. ਮਾਲਸ਼:-ਤੇਲ ਦੀ ਮਾਲਸ਼ ਕਰਕੇ ਨੰਗੇ ਧੁੱਪ 'ਚ ਕਸਰਤ ਜਾਂ ਧਰਮ-ਕ੍ਰਿਤ ਕਰੋ ਜਾਂ ਤੁਰੋ ਫਿਰੋ ਜਾਂ ਬੈਠੋ।ਮਾਲਸ਼ ਕਰਨ ਨਾਲ ਨਾੜੀਆਂ 'ਚ ਖ਼ੂਨ ਚੰਗੀ ਤਰਾਂ ਦੌਰਾ ਕਰਕੇ ਸਾਫ਼ ਹੋ ਜਾਂਦਾ ਹੈ।ਅੱਠਾਂ ਪਹਿਰਾਂ 'ਚ ਇੱਕ ਵਾਰ ਮਾਲਸ਼ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ,ਮਾਲਸ਼ ਕਰਦਿਆਂ ਸਿਮਰਨ ਕੀਤਾ ਜਾਵੇ,ਮਾਲਸ਼ ਕਰਨ ਨਾਲ ਸ੍ਰੀਰ ਚੁੱਸਤ ਚਮੜੀ 'ਤੇ ਵੱਟ ਨਹੀਂ ਪੈਂਦੇ।ਖਿਡਾਰੀ ਨੂੰ ਮਾਲਸ਼ 'ਤੇ ਲੰਗੋਟਾ ਲਾਉਣਾ ਗੁਣਕਾਰੀ ਹੈ,ਲੰਗੋਟੇ ਨਾਲ ਸੱਟ ਤੋਂ ਬਚਾਅ, ਚੁਸਤੀ ਰਹਿੰਦੀ ਹੈ।

੩੨.ਸੈਰ:-ਜਿਵੇਂ ਕਬਜ਼ ਬਿਮਾਰੀਆਂ ਦੀ ਜੜ ਹੈ,ਤਿਵੇਂ ਸੈਰ ਤੰਦਰੁਸਤੀ ਦੀ ਜੜ ਹੈ।ਅੰਮ੍ਰਿਤ ਵੇਲੇ ਨੰਗੇ ਪੈਰੀਂ ਘਾਹ 'ਤੇ ਤੁਰਨ ਦੇ ਬਹੁਤ ਹੀ ਲਾਹੇ ਹਨ।ਸਾਫ਼ ਹਵਾ 'ਚ ਬਾਰ ੨ ਲੰਬੇ ਸਾਹ ਲੈਣੇ ਕਰਕੇ ਫ਼ੇਫ਼ੜਿਆਂ ਨੂੰ ਤਾਜ਼ੀ ਹਵਾ ਤੇ ਸ਼ਕਤੀ ਮਿਲਦੀ ਹੈ।ਪਰਮਪੂਜਨੀਕ ਮਹਾਂਪੁਰਖ ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਵਾਲੇ ਫੁਰਮਾਉਂਦੇ ਸਨ,ਕਿ ਹਰੇਕ ਪ੍ਰਾਣੀ ਹਰ ਰੋਜ਼ ਅੱਠ ਮੀਲ ਤੁਰੇ।ਸੈਰ ਕਰਨ ਨਾਲ ਭੁੱਖ ਵਧਦੀ ਹੈ,ਖਾਣਾ ਹਾਜ਼ਮ ਹੁੰਦਾ ਹੈ।ਲਗਾਤਾਰ ਸੈਰ ਕਰਨ ਨਾਲ ਹਰਟ ਅਟੈਕ ਤੋਂ ਬਚਾਅ ਰਹਿੰਦਾ ਹੈ,ਲੰਬੀ ਸੈਰ ਸਿਮਰਨ ਕਰਨ ਵਾਲੇ ਪ੍ਰੇਮੀਆਂ ਨੂੰ ਨਮਸਕਾਰ ਹੈ।ਪੂਰਨ ਭਗਤਾਂ ਦੇ ਬਚਨ ਮੰਨ ਕੇ ਅਨੇਕਾਂ ਬਿਮਾਰੀਆਂ ਟਲਣਗੀਆਂ।ਵਾਹਿਗੁਰੂ॥ਮਰੀਜ਼ ਹੌਲੀ ੨ ਦੋ ਵੇਲੇ ਸੈਰ ਕਰਨ ਲੱਗੇ,ਦਵਾਈ ਪ੍ਰਹੇਜ਼ ਸਿਮਰਨ ਕਰੇ।ਆਪਣੇ ਘਰੇ ਹੀ ਕਮਰੇ ਦੇ ਉਦਾਲੇ ਜਾਂ ਵਿਹੜੇ 'ਚ ਗੋਲਦਾਇਰੇ 'ਚ ਖ਼ੂਬ ਤੁਰੇ,ਨਾਲ ਸਿਮਰਨ ਕਰੇ,ਇੱਕ ਘੰਟਾ ਦੋ ਘੰਟੇ ਸਮਾਂ ਮਿਥ ਲਵੇ।

੩੩.ਸਖ਼ਤ ਧਰਮ-ਕ੍ਰਿਤ ਕਸਰਤ ਕਰਨ ਦੇ ਬਹੁਤੇ ੩ ਲਾਹੇ:-ਵਰਜ਼ਿਸ਼ ਤੋਂ ਵੱਧ ਖ਼ੁਰਾਕ ਭੀ ਰੋਗੀ ਕਰਦੀ ਹੈ,ਖ਼ੁਰਾਕ ਦੇ ਨਾਲ ੨ ਵਰਜ਼ਿਸ਼ ਕਰਨੀ ਬਹੁਤ ਹੀ ਜ਼ਰੂਰੀ ਹੈ।ਜੇਕਰ ਕਸਰਤ ਕਰਨ ਨੂੰ ਚਿੱਤ ਨਾ ਕਰੇ ਤਾਂ,ਇਸ਼ਨਾਨ ਕਰਕੇ,ਗੁਰਬਾਣੀ ਸ਼ੁੱਧ ਉਚਾਰਣ,ਢਾਡੀ ਸੁਣ ਕੇ,ਸਿਮਰਨ ਕਰਕੇ ਉਤਸ਼ਾਹ ਨਾਲ ਕਸਰਤ ਕਰੋ।ਜਿਨ੍ਹਾਂ ਨੂੰ ਜ਼ਿਆਦਾ ਖਾਣ ਦੀ ਆਦਤ ਪੈ ਗਈ ਹੈ,ਟਰੈਕਟ੍ਰ ਸਕੂਟ੍ਰ ਕਾਰਾਂ ਹੋਣ ਤੋਂ,ਵਰਜ਼ਿਸ਼ ਕਰਨੋ ਹਟ ਗਏ।ਸ੍ਰੀਰ 'ਚ ਚਰਬੀ ਵਧਣ ਕਾਰਨ,ਹਾਰਟ ਅਟੈਕ ਅਨੇਕਾਂ ਬਿਮਾਰੀਆਂ ਨਾਲ,ਬਿਅੰਤ ਪ੍ਰਾਣੀ ਨਿਤਾਪ੍ਰਤੀ ਚੜ੍ਹਾਈ ਕਰ ਰਹੇ ਹਨ।ਸੰਘਣੀ ਅਬਾਦੀ ਕਾਰਨ ਜੀਵ ਜਗ੍ਹਾ ਨੂੰ ਨਰਕ ਬਣਾ ਕੇ ਰੱਖਦੇ ਹਨ,ਹੱਥੀਂ ਕੰਮ ਕਰਨ ਦਾ ਸੁਭਾਅ ਘਟ ਗਿਆ ਹੈ।ਘਰਾਂ 'ਚ ਆਕਸੀਜ਼ਨ ਘੱਟ ਹੈ,ਖੇਤਾਂ 'ਚ ਖੁੱਲੀ ਆਕਸੀਜ਼ਨ ਮਿਲਦੀ ਹੈ।ਜਿਮੀਂਦਾਰਾਂ ਨੂੰ ਖੇਤਾਂ 'ਚ ਜ਼ਿਆਦਾ ਮਿਹਨਤ ਕਰਨੀ ਚਾਹੀਦੀ ਹੈ।ਨੰਗੇ ਪਿੰਡੇ ਸੂਰਜ ਦੀ ਕਿਰਨ ਲੱਗਣੇ ਕਰਕੇ ਵਿਟਾਮਨ ਡੀ ਮਿਲਦਾ ਹੈ,ਪਰ ਜਿੱਥੇ ਓਜ਼ੋ 'ਚ ਛੇਕ ਹੋਣ,ਧੁੱਪ ਅਤੀ ਤੇਜ਼ ਹੁੰਦੀ ਹੈ,ਚਮੜ੍ਹੀ ਦਾ ਕੈਂਸਰ ਹੋ ਜਾਂਦਾ ਹੈ। ਵਰਜ਼ਿਸ਼ ਤੋਂ ਬਿਨਾ ਜ਼ਿਆਦਾ ਸੁਆਦੀ ਤਲ਼ੇ ਪਦਾਰਥ ਛਕਣੇ ਕਰਕੇ,ਪੇਟ 'ਚ ਗੈਸ ਬਨਣੇ ਕਰਕੇ ਬਦਬੋ ਆਉਂਦੀ ਹੈ।ਸੰਤੋਖ ਦੇਣ ਵਾਲੇ ਸਬਦਾਂ ਦਾ ਅਭਿਆਸ ਕਰਕੇ ਸੰਤੋਖ ਦ੍ਰਿੜ ਕਰੋ।ਰਾਤ ਨੂੰ ਜ਼ਿਆਦਾ ਲੰਮਾ ਸਮਾਂ ਪੈਣਾ ਹਾਨੀਕਾਰਕ ਹੈ,ਚਾਰ ਪੰਜ ਘੰਟੇ ਨੀਂਦ ਤੋਂ ਮਗਰੋਂ ਉੱਠ ਕੇ,ਟੇਪ ਰਿਕਾਰਡ ਦੁਆਰਾ ਚਾਅ ਉਤਸ਼ਾਹ ਨਾਲ ਰੋਮ ੨ ਦੇ ਕੰਨਾਂ ਨਾਲ ਸ਼ਰਧਾ ਸਹਿਤ,ਸ਼ੁੱਧ ਉਚਾਰਣ ਸੁਣੋ,ਖ਼ੂਬ ਕਸਰਤ ਕਰੋ।ਕਸਰਤ ਕਰਨ ਸਮੇਂ ਸਿਮਰਨ ਕਰਨਾ ਜ਼ਰੂਰੀ ਹੈ।ਥੱਕਣ ਤੋਂ ਮਗਰੋਂ ਅਰਾਮ ਕਰੋ।ਬਹੁਤ ਹੀ ਜ਼ਰੂਰੀ ਬੇਨਤੀ ਹੈ,ਆਪਣੀ ਸ਼ਕਤੀ ਅਨੁਸਾਰ ਕਸਰਤ ਅਭਿਆਸ ਕਰੋ,ਸ਼ਕਤੀ ਤੋਂ ਵੱਧ ਜ਼ੋਰ ਲਾਉਣਾ ਹਾਨੀਕਾਰਕ ਹੈ।ਮੁੜ੍ਹਕਾ ਆਉਣ ਤੋਂ ਹਰੇਕ ਜੀਵ ਬਹੁੜੀ ੨ ਕਰਦਾ ਹੈ,ਇਹ ਨਹੀਂ ਚਾਹੀਦਾ।ਕਸਰਤ ਧਰਮ-ਕ੍ਰਿਤ ਕਰਦਿਆਂ ਪਸੀਨਾ ਆਉਣਾ ਸਿਹਤ ਲਈ ਬਹੁਤ ਹੀ ਚੰਗਾ ਹੈ।ਪਸੀਨੇ ਤੋਂ ਮਗਰੋਂ ਹਵਾ ਆਉਣ ਕਰਕੇ ਬਹੁਤ ਹੀ ਅਨੰਦ ਆਉਂਦਾ ਹੈ।

ਸ੍ਰੀਰ ਦੀ ਗੰਦਗੀ ਪਸੀਨੇ ਦੁਆਰਾ ਬਾਹਰ ਨਿਕਲ ਜਾਂਦੀ ਹੈ।ਇਸ ਲਈ ਕਹੀ ਰੰਬੇ ਦੀ ਮਿਹਨਤ ਜਾਂ ਮਸ਼ੀਨ ਦੁਆਰਾ ਕੁਤਰਾ ਕਰਕੇ,ਚੱਕੀ ਪੀਸ ਕੇ ਪਸੀਨਾ ਕੱਢੋ।ਜਿਸ ਕਰਕੇ ਸਿਹਤ ਸੁੰਦਰ ਸਡੌਲ ਬਣੇ।ਵਾਹਿਗੁਰੂ॥ਇੱਕ ਨੌਜੁਆਨ ਨੇ ਕਿਹਾ,"ਮੈਂ ਕਦੇ ਧੁੱਪੇ ਜਾਂ ਠੰਢ 'ਚ ਕੰਮ ਨਹੀਂ ਕੀਤਾ"।ਤਾਂ ਇੱਕ ਪਹਿਲਵਾਨ ਨੇ ਕਿਹਾ,"ਤੂੰ ਤਾਂ ਬੁੜੀ ਹੈ"।ਗਰਮੀ ਸਰਦੀ ਸਹਾਰ ਕੇ ਸ੍ਰੀਰ ਮਜ਼ਬੂਤ,ਨਵਾਂ ਨਿਰੋਆ ਬਣਦਾ ਹੈ।ਜੇਕਰ ਸ੍ਰੀਰ ਨੂੰ ਸੋਹਲ ਬਣਾਇਆ ਜਾਵੇ ਤਾਂ ਬਹੁਤ ਹੀ ਤੰਗੀ ਦਿੰਦਾ ਹੈ।ਸੋਹਲ ਸ੍ਰੀਰ ਥੋੜੀ ਜਿਹੀ ਗਰਮੀ ਸਰਦੀ 'ਚ ਬਹੁੜੀ ੨ ਕਰਦਾ ਹੈ।ਵਾਹਿਗੁਰੂ॥ਤਰੱਕੀ ਵਾਲੇ ਦੇਸ਼ਾਂ 'ਚ ਥੋੜੀ ਜਿਹੀ ਖ਼ੁਰਾਕ ਦੀ ਮਾਤ੍ਰਾ ਛਕ ਕੇ ਕਸਰਤ ਕਰਕੇ ਫੇਰ ਥੋੜੀ ੨ ਖ਼ੁਰਾਕ ਕਸਰਤ ਨਾਲ ਹਜ਼ਮ ਕਰਦੇ ਹਨ।ਜਿਵੇਂ ਤੂੜੀ ਨਾਲ ਕੋਠਾ ਭਰੀਦਾ ਹੈ,ਇਉਂ ਢਿੱਡ ਨਹੀਂ ਭਰਦੇ।ਗੁਰਬਾਣੀ ਦੀ ਓਟ ਲੈ ਕੇ,ਹਰੇਕ ਜੀਵ ਬਾਡੀ ਬਿਲਡਰ ਬਣੇ,ਜੇ ਕੋਈ ਸੰਸਾਰ ਜੇਤੂ ਬਨਣਾ ਚਾਹੁੰਦਾ ਹੈ ਤਾਂ ਗੁਰਮਤਿ ਦਾ ਧਾਰਨੀ ਬਣ ਕੇ ਸੰਸਾਰ ਜੇਤੂ ਬਣ ਸਕਦਾ

ਹੈ। ਵਾਹਿਗੁਰੂ॥ਪਿਛਲੀ ਉਮਰ ਦਾ ਸਮਾਂ ਗੁਰਦੁਆਰਾ ਸਾਹਿਬ ਜੀ ਬੰਦਗੀ,ਸਬਜ਼ੀ ਗੁੱਡਣੀ ਆਦਿ ਮਸੱਕਤ ’ਚ ਲਾਉ।ਹਰੇਕ ਪ੍ਰਾਣੀ ਨੂੰ ਕਸਰਤ ਕਰਨੀ ਬਹੁਤ ਹੀ ਜ਼ਰੂਰੀ ਹੈ।ਰੋਗ ਤੋਂ ਪਹਿਲਾਂ ਦਲਿੱਦ੍ਰ ਆਉਂਦਾ ਹੈ,ਗੁਰਸਿੱਖ ਲਈ ਇਹ ਬਖ਼ਸ਼ਿਸ਼ ਹੈ,ਕਥਾ ਕੀਰਤਨ ਸੁਣਦਿਆਂ,ਬਲੈਕ ਬੋਰਡ ’ਤੇ ਗੁਰਬਾਣੀ ਲਿਖ ਕੇ ਪੜ੍ਹਦਿਆਂ ਕਸਰਤ ਕਰੋ।ਪਾਣੀ ’ਤੇ ਤੈਰਨਾ,ਗੇਮ ਖੇਡਣੀ,ਕਰੜੀ ਮਸੱਕਤ ਕਹੀ ਰੰਬੇ ਦਾ ਕੰਮ ਦੌੜ ਆਦਿ ਅਨੇਕ ਪ੍ਰਕਾਰ ਦੀ ਮਸੱਕਤ ਹੈ। ਵਾਹਿਗੁਰੂ॥ਗੁਰੂ ਘਰ ਰਹਿਣ ਵਾਲੇ ਪ੍ਰੇਮੀ,ਚੱਕੀ ਪੀਂਹਦੇ ਲੰਗਰ ਬਣਾਉਂਦੇ,ਬਾਲਣ ਲਿਆਉਂਦੇ,ਪਾਣੀ ਢੋਂਦੇ ਖੇਤੀ ਕਰਦਿਆਂ ਆਦਿ ਅਨੇਕ ਪ੍ਰਕਾਰ ਦੀ ਮਸੱਕਤ ਕਰਦੇ ਹਨ। ਵਾਹਿਗੁਰੂ॥ਪਰਮਪੂਜਨੀਕ ਪੂਰਨ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ,ਵੱਡੇ ਤੜਕੇ ਦੋ ਸੌ ਗਾਗਰ ਪਾਣੀ ਕੱਢ ਕੇ,ਟੈਂਕੀ ’ਚ ਪਾਉਂਦੇ।ਸਤਿਸੰਗਤ ਜੀ ਦੇ ਛਕਣ ਲਈ ਹੱਥੀਂ ਚੱਕੀ ਪੀਸਦੇ।ਐਸੇ ਲੰਮੀਆਂ ਉਮਰਾਂ ਵਾਲੇ ਅਨੇਕ ਮਹਾਂਪੁਰਸ਼ ਹੋਏ ਹਨ,ਜਿਨ੍ਹਾਂ ਦਾ ਖਾਣਾ ਪਹਿਨਣਾ ਬਹੁਤ ਹੀ ਸਾਦਾ ਸੀ।ਵੇਟ ਚੁੱਕਣਾ ਕਸਰਤ ਦਾ ਬਹੁਤ ਸੁਖੱਲਾ ਸਾਧਨ ਹੈ।ਥੋੜਾ ਭਾਰ ਪਾ ਕੇ ਜ਼ਿਆਦਾ ਅਭਿਆਸ ਕਰਨਾ ਚਾਹੀਦਾ ਹੈ। ਵਾਹਿਗੁਰੂ॥ਕਸਰਤ ਨਾਲ ਛਾਤੀ ਚੌੜੀ ਪੱਠੇ ਮਜ਼ਬੂਤ ਸ੍ਰੀਰ ਫੁਰਤੀਲਾ ਹੁੰਦਾ ਹੈ,ਗਰਮੀ ਸਰਦੀ ਨੂੰ ਬਰਦਾਸ਼ਤ ਕਰਕੇ ਮਨ ਧੀਰਜ ਸ਼ਾਂਤੀ ਟਿਕਾਅ ’ਚ ਆਉਂਦਾ ਹੈ ਤੇ ਖਾਣਾ ਹਜ਼ਮ ਹੋ ਜਾਂਦਾ ਹੈ।ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਕਹੀ ਟੋਕਰੀ ਦੀ ਸੇਵਾ ਕਰਕੇ ਸੰਗਤ ਥੱਕ ਜਾਂਦੀ ਤਾਂ ਪਰਮਪੂਜਨੀਕ ਪੂਰਨ ਸੰਤ ਬ੍ਰਹਮ ਗਿਆਨੀ ਬਾਬਾ ਗੁਰਮੁਖਿ ਸਾਹਿਬ ਜੀ ਪਟਿਆਲੇ ਵਾਲੇ,ਸ਼ਾਮ ਨੂੰ ਮੂੰਗਲੀਆਂ ਫੇਰਦੇ,ਉਨ੍ਹਾਂ ਨੂੰ ਦੇਖ ਕੇ ਸਤਿਸੰਗਤ ਜੀ ਗਦ ੨ ਹੋ ਜਾਂਦੀ।ਕਸਰਤ ਨਾਲ ਫੇਫੜਿਆਂ ਦੀ ਗੰਦੀ ਹਵਾ ਨਿਕਲ ਜਾਂਦੀ ਹੈ,ਫੇਫੜਿਆਂ ’ਚ ਹਵਾ ਭਰਨ ਦੀ ਸ਼ਕਤੀ ਵਧਦੀ ਹੈ,ਥਕਾਵਟ ਘੱਟ ਹੁੰਦੀ ਹੈ,ਫੇਫੜਿਆਂ ਨੂੰ ਜ਼ਿਆਦਾ ਆਕਸੀਜ਼ਨ ਮਿਲਦੀ ਹੈ।ਕਸਰਤ ਨਾਲ ਸ੍ਰੀਰ ਦੀ ਹਿਲਜੁਲ ਹੋਣੇ ਕਰਕੇ,ਸ੍ਰੀਰ ’ਚੋਂ ਪਸੀਨਾ,ਜ਼ਹਿਰੀਲੇ ਪਦਾਰਥ ਮਲ਼ ਤਿਆਗ,ਪਿਸ਼ਾਬ ਰਾਹੀਂ ਬਾਹਰ ਨਿਕਲ ਜਾਂਦੇ ਹਨ।

ਜਿਸ ਕਰਕੇ ਸ੍ਰੀਰ ’ਚ ਜ਼ਹਿਰੀਲੇ ਕਿਟਾਣੂ ਜਮ੍ਹਾਂ ਨਹੀਂ ਹੁੰਦੇ।ਰੋਗਾਂ ਦੀ ਜੜ ਆਲਸ ਕਸਰਤ ਨਾਲ ਟਲ ਜਾਂਦੀ ਹੈ।ਕਸਰਤ ਨਾਲ ਸ਼ੂਗਰ ਬਲੱਡ ਕਬਜ਼ ਆਦਿ ਅਨੇਕ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।ਕਸਰਤ ਨਾਲ ਦਿਲ ਦੇ ਪੱਠਿਆਂ ਨੂੰ ਜ਼ਿਆਦਾ ਲਹੂ ਦੇਣਾ ਪੈਂਦਾ ਹੈ।ਜਿਸ ਦੇ ਫਲ਼ ਸਰੂਪ ਛੋਟੀਆਂ ਲਹੂ ਨਾਲੀਆਂ ਤੇ ਤੰਤੂਆਂ ਦੀਆਂ ਤਣੀਆਂ ’ਚ ਵਾਧਾ ਹੁੰਦਾ ਹੈ।ਕਸਰਤ ਨਾਲ ਸ੍ਰੀਰ ’ਚ ਸ਼ੁੱਧ ਤੇ ਅਸ਼ੁੱਧ ਲਹੂ ਦੀ ਅਦਲਾ ਬਦਲੀ ਛੇਤੀ ਹੁੰਦੀ ਰਹਿੰਦੀ ਹੈ।ਜਿਸ ਦੇ ਫ਼ਲ ਸਰੂਪ ਸ੍ਰੀਰ ’ਚ ਪੌਸਟਿਕ ਪਦਾਰਥ ਤੇ ਆਕਸੀਜਨ ਦੀ ਮਾਤ੍ਰਾ ਜ਼ਿਆਦਾ ਮਿਲਦੀ ਹੈ।ਇਉਂ ਸ੍ਰੀਰ ’ਚ ਜ਼ਹਿਰੀਲੀਆਂ ਗੈਸਾਂ ਇਕੱਤ੍ਰ ਨਹੀਂ ਹੁੰਦੀਆਂ।ਨਿੱਤ ਕਸਰਤ ਕਰਨ ਨਾਲ ਲਹੂ ਦੀ ਗਤੀ ਆਮ ਬੰਦੇ ਨਾਲੋਂ ਦੂਣੀ ਹੁੰਦੀ ਹੈ।ਕਸਰਤ ਕਰਨ ਸਮੇਂ ਲਹੂ ਨਾਲੀਆਂ ਦੇ ਮੂੰਹ ਖੁੱਲਦੇ ਤੇ ਬੰਦ ਹੁੰਦੇ ਰਹਿੰਦੇ ਹਨ।ਜਿਸ ਦੇ ਫ਼ਲ ਸਰੂਪ ਆਕਸੀਜ਼ਨ ਦੀ ਮਿਕਦਾਰ ਕਸਰਤ ਅਤੇ ਦੌੜਾਂ ਸਮੇਂ ੩੫੦੦ ਘਣ ਮਿਲੀ ਲਿਟਰ ਤੱਕ ਚਲੀ ਜਾਂਦੀ ਹੈ।ਜੋ ਆਮ ਕਸਰਤ ਕਰਨ ਵਾਲੇ ਵਿਆਕਤੀ ’ਚ

ਸਿਰਫ਼ ਪੰਜ ਹਜ਼ਾਰ ਤੋਂ ਅੱਠ ਹਜ਼ਾਰ ਤੱਕ ਹੁੰਦੀ ਹੈ।ਕਸਰਤ ਨਾਲ ਸਿਰਾਵਾਂ ਤੇ ਧਮਣੀਆਂ ਜ਼ਿਆਦਾ ਕੰਮ ਕਰਨਾ ਪੈਂਦਾ ਹੈ।ਜਿਸ ਦੇ ਫ਼ਲ ਸਰੂਪ ਇਨ੍ਹਾਂ ਦੀਆਂ ਕੰਧਾਂ ਮਜ਼ਬੂਤ ਹੋ ਜਾਂਦੀਆਂ ਹਨ।ਕਸਰਤ ਨਾਲ ਦਿਲ ਲਹੂ ਨੂੰ ਆਮ ਆਦਮੀ ਨਾਲੋਂ ਜ਼ਿਆਦਾ ਪੰਪ ਕਰਦਾ ਹੈ।ਕਸਰਤ ਨਾਲ ਗੁਰਦੇ ਬੇਲੋੜੇ ਪਦਾਰਥਾਂ ਨੂੰ ਛਾਣ ਕੇ ਪਿਸ਼ਾਬ ਦੇ ਰੂਪ 'ਚ ਬਾਹਰ ਕੱਢਦੇ ਹਨ।

੩੪.ਯੋਗ ਆਸਣ ਦੁਆਰਾ ਕਸਰਤ:-ਕਲਯੁੱਗ 'ਚ ਨਿਉਲੀ ਧੋਤੀ ਸਾਧਨ ਬੜਾ ਔਖਾ ਹੈ,ਅਰੋਗਤਾ ਲਈ ਜਿਹੜੇ ਆਸਣ ਸੌਖੇ ਹਨ,ਉਹ ਲਾਹੇਵੰਦ ਹਨ।ਯੋਗ ਅਭਿਆਸ ਕਰਨ ਵੇਲੇ ਪੇਟ ਖਾਲੀ ਹੋਣਾ ਚਾਹੀਦਾ ਹੈ।ਖਾਣਾ ਖਾਣ ਤੋਂ ਇੱਕ ਘੰਟੇ ਮਗਰੋਂ ਅਭਿਆਸ ਕਰਨਾ ਚਾਹੀਦਾ ਹੈ।ਹਰ ਆਸਣ ਤੋਂ ਪਹਿਲਾਂ ਫੇਫੜਿਆਂ ਦੀ ਹਵਾ ਬਾਹਰ ਕੱਢ ਦੇਣੀ ਚਾਹੀਦੀ ਹੈ।ਇਸ ਤਰ੍ਹਾਂ ਕਰਨ ਨਾਲ ਅਸਾਨੀ ਹੁੰਦੀ ਹੈ,ਸਾਹ ਹਮੇਸ਼ਾਂ ਨੱਕ ਰਾਹੀਂ ਬਹੁਤ ਹੀ ਜ਼ਰੂਰੀ ਹੈ।ਸਾਹ ਨੂੰ ਬਾਹਰ ਕੱਢਣ ਉਪ੍ਰੰਤ ਸਾਹ ਕਿਰਿਆ ਰੋਕਣ ਦਾ ਅਭਿਆਸ ਕਰਨਾ ਚਾਹੀਦਾ ਹੈ।ਧਨੁਸ਼ ਆਸਣ ਮਯੂਰ ਆਸਣ ਹਲ ਆਸਣ ਪਦਮ ਆਸਣ,ਆਦਿ ਬਾਰੇ ਟੈਲੀਵੀਜਨ ਤੇ ਕਿਤਾਬਾਂ 'ਚੋਂ ਦੇਖੋ।ਹੌਲ਼ੀ ੨ ਅਭਿਆਸ ਵਧਾਉਣਾ,ਜਿਸ ਤਰ੍ਹਾਂ ਦੇਹ 'ਚ ਨੁਕਸ ਨਾ ਪਵੇ।ਬੰਦ ਸ਼ੀਸ਼ਿਆਂ 'ਚ ਤੇ ਹਰ ਵੇਲੇ ਅਸਵਾਰੀ 'ਤੇ ਬੈਠ ਕੇ ਵਿਹਲੇ ਰਹਿ ਕੇ ਸ੍ਰੀਰ ਨੂੰ ਕੋਮਲ ਬਣਾਉਣ ਨਾਲ ਸ੍ਰੀਰ ਰੋਗੀ ਦੁਖੀ ਰਹਿੰਦਾ ਹੈ।ਵਾਹਿਗੁਰੂ॥ਜਿਹੜੇ ਮਾਲਕ ਨੌਕਰ ਨਾਲ ਇਨਸਾਨਾਂ ਵਾਲਾ ਸਲੂਕ ਨਹੀਂ ਕਰਦੇ,ਉਹ ਭੀ ਦੇਸ਼ ਧ੍ਰੋਹੀ ਹਨ।ਸਾਰੇ ਬੰਦੇ ਡਿਊਟੀ ਇਮਾਨਦਾਰੀ ਨਾਲ ਕਰਨ,ਜਿਸ ਕਰਕੇ ਦੇਸ਼ ਦਾ ਭਵਿੱਖ ਉੱਜਲ ਰਹੇ।ਡਿਊਟੀ ਘੱਟ ਦੇ ਕੇ ਖੁਸ਼ ਨਾ ਹੋਵੋ।ਪੂਰੀ ਸਹੀ ਡਿਊਟੀ ਕਰਕੇ ਜਨਤਾ ਅਤੇ ਵਾਹਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।ਡਿਊਟੀ ਪੂਰੀ ਨਾ ਕਰੀਏ ਤਾਂ ਦੇਸ਼ ਗ੍ਰੀਬ ਗ਼ੁਲਾਮ ਹੋ ਜਾਵੇਗਾ।

੩੫.ਖੰਡ ਗੁੜ ਮੇਥਿਆਂ ਦੀ ਵਰਤੋਂ ਬਾਰੇ:-ਖੰਡ ਤੋਂ ਬਣੇ ਪਦਾਰਥ ਟਾਫ਼ੀ ਗ਼ਲੀਆਂ ਕੇਕ ਮਿੱਠੀ ਬਰਫ਼ੀ ਆਦਿ ਤੇ ਜ਼ਿਆਦਾ ਫ਼ਲ ਖੰਡ ਜੂਸ ਆਦਿ ਮਿੱਠੇ ਦੀ ਕੁਵਰਤੋਂ ਕਰਕੇ ਸ਼ੂਗਰ ਲੱਗਦੀ ਹੈ।ਸ਼ੂਗਰ ਦੀ ਨਿਵਿਰਤੀ ਲਈ ਜਾਮਣਾ,ਜਾਮਣਾ ਦੇ ਬੀਜ,ਕਣਕ ਦਾ ਅਣਛਾਣਿਆਂ ਆਟਾ,ਬੇਸਣ ਦੀ ਰੋਟੀ ਖ਼ੂਬ ਕਸਰਤ ਜਾਂ ਧਰਮ-ਕ੍ਰਿਤ ਕਰੋ।ਕਿੱਕਰ ਦੇ ਤੁਕਿਆਂ ਦੀ ਫੱਕੀ,ਤੁੱਕਿਆਂ ਦਾ ਅਚਾਰ ਗੁਣਕਾਰੀ ਹੈ।ਖੰਡ 'ਚ ਕੋਈ ਭੀ ਵਿਟਾਮਨ ਨਹੀਂ,ਅਸੀਂ ਖੰਡ ਦੀਆਂ ਬੋਰੀਆਂ ਲਿਆ ਕੇ ਬੱਚਿਆਂ ਨੂੰ ਸ਼ੂਗਰ ਲਾ ਰਹੇ ਹਾਂ।ਇਹ ਮਿੱਠੀ ਜ਼ਹਿਰ ਹੈ।ਸਿਆਣੇ ਡਾਕਟਰ ਇਸ ਨੂੰ ਬੰਦ ਕਰਦੇ ਹਨ।ਕਲੀ ਚੂਨਾ ਤੇਜ਼ਾਬ ਹੱਡਾਂ ਦਾ ਰਸ ਖੰਡ 'ਚ ਪਾ ਕੇ ਸਾਫ਼ ਕੀਤੀ ਜਾਂਦੀ ਹੈ।ਸਾਰੀ ਦੁਨੀਆਂ ਤੇ ਅਨੇਕਾਂ ਪ੍ਰਾਣੀ ਸ਼ੂਗਰ ਨਾਲ ਮਰ ਚੁੱਕੇ ਹਨ,ਤੇ ਮਰ ਰਹੇ ਹਨ,ਅਨੇਕਾਂ ਹੀ ਸ਼ੂਗਰ ਕਰਕੇ ਨਿਕਾਰੇ ਹੋ ਕੇ ਦੁੱਖ ਭੋਗ ਰਹੇ ਹਨ।

ਗੁੜ:-ਲੋੜ ਤੋਂ ਵੱਧ ਨਹੀਂ ਛਕਣਾ,ਆਪਣਾ ਕਮਾਦ ਬੀਜੋ,ਘਰ ਦਾ ਗੁੜ ਬਣਾਉ,ਮਿੱਠਾ ਸੋਢਾ ਘੱਟ ਵਰਤੋ।ਗਰਦ 'ਚ ਮਿਹਨਤ ਤੋਂ ਮਗਰੋਂ ਗੁੜ ਖਾਣਾ ਗੁਣਕਾਰੀ ਹੈ।ਕਾਲੀ ਮਿਰਚ ਸੌਂਫ,ਮੇਥੀ ਦੇਸੀ

ਘਿਉ,ਬਦਾਮ ਅਜਵੈਣ ਚਿਰੌਂਜੀ ਮਨੱਕਾਂ ਆਦਿ ਪਾ ਕੇ ਗੁੜ ਦੇ ਲੱਡੂ ਬਣਾਏ ਜਾਂਦੇ ਹਨ।ਪੁਰਾਣਾ ਗੁੜ ਦੇਸੀ ਘਿਉ 'ਚ ਮਿਲਾ ਕੇ ਖਾਣਾ ਗੁਣਕਾਰੀ ਹੈ।ਇਸ ਕਰਕੇ ਆਪਣੇ ਘਰ ਪੁਰਾਣਾ ਗੁੜ ਸੰਭਾਲ ਕੇ ਰੱਖੋ।ਅੱਖ ਦੁਖੇ ਸ਼ੂਗਰ ਫੋੜੇ ਹੋਣ ਤਾਂ ਗੁੜ ਨਹੀ ਖਾਣਾ,ਗੁੜ ਖਾ ਕੇ ਕੁਰਲੀ ਜ਼ਰੂਰ ਕਰੋ।ਗੁੜ ਪਾਣੀ 'ਚ ਉਬਾਲ਼ ਕੇ ਥੱਲੇ ਰੱਖੋ,ਪਾਣੀ ਦਾ ਛਿੱਟਾ ਮਾਰੋ,ਮੈਲ਼ ਥੱਲੇ ਬੈਠੇ ਤਾਂ ਨਿਤਾਰ ਕੇ ਵਰਤੋ।ਖੰਡ ਨਾਲੋਂ ਸੁਆਦ ਹੋਵੇਗਾ।

ਮੇਥੇ:-ਅਤਿਅੰਤ ਗਰਮ ਹੁੰਦੇ ਹਨ,ਪੰਜੀਰੀ 'ਚ ਮੇਥੇ ਪਾਉਣਾ ਚੰਗੀ ਆਦਤ ਸੀ,ਸਿਆਲਾਂ 'ਚ ਮੇਥੇ ਬਹੁਤ ਹੀ ਗੁਣਕਾਰੀ ਹਨ।ਵਾਈ ਰੇਸ਼ੇ ਖੰਘ ਸਾਹ ਦੀ ਬਿਮਾਰੀ ਤੋਂ ਅਰਾਮ ਦਿੰਦੇ ਹਨ।ਹਰੇ ਮੇਥੇ ਘਰ ਬੀਜੋ ,ਠੰਢ 'ਚ ਲੋੜ ਅਨੁਸਾਰ ਨਿੱਤ ਹੀ ਵਰਤੋ।ਮੇਥੇ ਪੀਸ ਕੇ ਘਿਉ 'ਚ ਤੜਕ ਕੇ ਰੱਖੇ ਜਾਣ,ਲੋੜ ਅਨੁਸਾਰ ਦਾਲ ਭਾਜੀ 'ਚ ਪਾਏ ਜਾਣ।ਜੇ ਦਾਲ਼ ਭਾਜੀ ਕੱਚੀ ਰਹੇ ਤਾਂ ਕੁੜੱਤਣ ਦਿੰਦੇ ਹਨ।ਸੋ ਸਰਦੀ 'ਚ ਮੇਥਿਆਂ ਦੀ ਵਰਤੋਂ ਬਹੁਤ ਹੀ ਗੁਣਕਾਰੀ ਹੈ।ਹਾਲ਼ੋ:-ਬਹੁਤ ਗਰਮ ਹੁੰਦੀ ਹੈ,ਵਾਈ ਰੇਸ਼ੇ ਤੋਂ ਇਸ ਦੀ ਭੁਰਜੀ ਗੁਣਕਾਰੀ ਹੈ।

੩੬.ਸੰਤੋਖ ਸਹਿਤ ਛਕਣ ਬਾਰੇ ਪ੍ਰੇਮ ਬੇਨਤੀ:-ਤੇਜ਼ ਤੜਕੇ ਅਸ਼ੁੱਧ ਪਦਾਰਥ ਛਕ ਕੇ ਬਿਮਾਰ ਨਾ ਹੋਵੋ।ਦਵਾਈ ਖਾਂਦਿਆਂ ਫੈਟ ਵਾਲੇ ਪਦਾਰਥ ਨਹੀਂ ਛੱਡਦੇ,ਦੁੱਖੀ ਰਹਿੰਦੇ ਹਨ,ਇਹ ਨਹੀਂ ਸੋਚਦੇ ਬਈ ਅਰਾਮ ਕਿਉਂ ਨਹੀਂ ਆਉਂਦਾ।ਨਿੱਕੀ ਉਮਰ 'ਚ ਬੱਚੇ ਨੂੰ ਸ਼ੁੱਧ ਪਵਿੱਤ੍ਰ ਭੋਜਨ ਦਿਤਾ ਜਾਵੇ।ਸਿਗ੍ਰਟ ਬੀੜੀ ਵਾਲੇ ਹੱਥਾਂ ਦੇ ਬਣੇ ਪਦਾਰਥ ਤੋਂ ਨਫ਼ਰਤ ਪਾਈ ਜਾਵੇ,ਜਿਵੇਂ ਗੋਲ ਗੱਪੇ,ਆਲੂ ਕਚਾਲੂ,ਚਾਟ ਟਾਫ਼ੀਆਂ ਆਮਲੇਟ,ਤਲ਼ੀਆਂ ਕਰਾਰੀਆਂ ਵਸਤਾਂ ਆਦਿ ਗੰਦੇ ਪਦਾਰਥ ਬੱਚੇ ਦੀ ਸਿਹਤ ਤੇ ਇਖ਼ਲਾਕ ਨੂੰ ਖ਼ਰਾਬ ਕਰਦੇ ਹਨ।ਡਾਲਡੇ ਘਿਉ 'ਚ ਮਿਲਾਵਟ ਹੈ,ਹੋਟਲ ਵਿਆਹ ਆਦਿ 'ਚ ਤੇਜ਼ ਲੂਣ ਮਿਰਚ ਦਾ ਤੜਕਾ,ਸਿਹਤ ਨੂੰ ਵਿਗਾੜਦਾ ਹੈ।ਵਾਹਿਗੁਰੂ॥ਸ਼ਾਦੀ ਸਮੇਂ ਬਹਿਰੇ ਉਹੀ ਪਲੇਟਾਂ ਚੁੱਕ ਕੇ ਅੰਦਰ ਲਿਜਾ ਕੇ,ਉਸੇ ਤਰਾਂ ਜੂਠੀਆਂ ਲਿਆ ਕੇ ਰੱਖ ਦਿੰਦੇ ਹਨ।ਜੂਠ ਤੋਂ ਅਨੇਕਾਂ ਬਿਮਾਰੀਆਂ ਫ਼ੈਲਦੀਆਂ ਹਨ।ਜ਼ਿਆਦਾ ਮਿਰਚ ਨਾਲ ਦਿਲ ਸੜਦਾ ਹੈ,ਪੇਟ 'ਚ ਗੈਸ ਬਣਦੀ ਹੈ,ਲਾਲ ਮਿਰਚ ਅੱਖਾਂ ਦੀ ਵੈਰੀ ਹੈ।ਜ਼ਿਆਦਾ ਲੂਣ ਖਾਣ ਨਾਲ ਬਲੱਡ ਪ੍ਰੈਸਰ ਵਧਦਾ ਹੈ।ਡਾਲਡੇ ਦੇ ਪਰੌਂਠੇ ਤੇ ਤੜਕਾ ਲਗਾਤਾਰ ਖਾਣ ਵਾਲੇ ਸ੍ਰੀਰ ਨੂੰ ਮਗਜ਼ ਚੋਂ ਰੇਸਾ ਡਿੱਗਣਾ,ਹਰਟ ਅਟੈਕ,ਸਾਹ ਆਦਿ ਅਨੇਕਾਂ ਬਿਮਾਰੀਆਂ ਲੱਗਦੀਆਂ ਹਨ।ਇਹ ਪੱਕਾ ਅਸੂਲ ਹੋਵੇ ਕਿ ਦਾਲ਼ 'ਚ ਲੂਣ ਮਿਰਚ ਘੱਟ ਪਾਉਣਾ ਹੈ,ਜੇ ਘੱਟ ਹੋਵੇ ਤਾਂ ਮਗਰੋਂ ਲਿਆ ਜਾ ਸਕਦਾ,ਜੇ ਵੱਧ ਹੋਵੇ ਤਾਂ ਘਟ ਨਹੀਂ ਸਕਦਾ।ਜੇ ਦਾਲ਼ ਸਬਜ਼ੀ 'ਚ ਲੂਣ ਮਿਰਚ ਪੂਰਾ ਹੋਵੇ ਤੇ ਫੇਰ ਭੀ ਨਾਲ ਅਚਾਰ ਖਾਧਾ ਜਾਵੇ ਇਹ ਵੱਡੀ ਗ਼ਲਤੀ ਹੈ।ਪ੍ਰਛਾਦਾ ਛਕਣ ਤੋਂ ਪਹਿਲਾਂ,ਮਗਰੋਂ ਬੱਚੇ ਨੂੰ ਤੇ ਆਪ ਭੀ ਚੰਗੀ ਤਰ੍ਹਾਂ ਕੁਰਲੀ ਦੀ ਆਦਤ ਪਾਉ ਜਿਸ ਕਰਕੇ ਦੰਦ ਸਾਫ਼ ਰਹਿਣ।ਜਿੱਥੇ ਪਾਣੀ 'ਚ ਲੂਣ ਦੀ ਅੰਸ਼ ਹੋਵੇ ਉਥੇ ਲੂਣ ਘੱਟ ਵਰਤੋ।ਪ੍ਰਛਾਦਾ ਹਮੇਸ਼ਾਂ ਖ਼ੂਬ ਚਿੱਥ ਕੇ ਛਕਣਾ ਚਾਹੀਦਾ ਹੈ,ਤਰੱਕੀ ਵਾਲੇ ਦੇਸ਼ਾਂ 'ਚ

ਪੁੱਛਦੇ ਹਨ,ਕਿਨੇ ਪ੍ਰਛਾਦੇ ਛਕਣੇ ਹਨ?ਉਤਨੇ ਹੀ ਛਕਾਉਂਦੇ ਹਨ,ਅਮੀਰ ਵੱਧ ਛਕ ਕੇ ਬਿਮਾਰ ਹੁੰਦੇ ਹਨ,ਗ੍ਰੀਬ ਭੁੱਖ ਕਰਕੇ ਦੁਖੀ ਹਨ।ਜੂਠਾ ਛੱਡ ਕੇ ਅੰਨ ਬਰਬਾਦ ਕਰਨਾ ਬਹੁਤ ਭਾਰੀ ਪਾਪ ਹੈ।ਕਦੇ ਕਦਾਈਂ ਜੇ ਕੋਈ ਬਹੁਤਾ ਪਦਾਰਥ ਵਰਤਾ ਦੇਵੇ,ਸਾਰਾ ਛਕਣ ਨਾਲ ਦੁਖੀ ਹੋਈਏ,ਤਾਂ ਸਾਵਧਾਨ ਹੋ ਕੇ ਜੂਠਾ ਛੱਡ ਸਕਦੇ ਹੋਂ।ਵਾਹਿਗੁਰੂ॥ਪਸ਼ੂ ਬਿਮਾਰ ਹੋਵੇ ਤਾਂ ਕੁੱਝ ਨਹੀਂ ਖਾਂਦਾ,ਪਰ ਬਿਮਾਰ ਬੰਦਾ ਸੁਆਦੀ ਪਦਾਰਥਾਂ ਤੋਂ ਮਨ ਨਹੀਂ ਰੋਕਦਾ,ਪਦਾਰਥ ਛਕ ਕੇ ਉਸ ਦੇ ਬਦਲੇ ਦਵਾਈ ਦੀ ਖੁਰਾਕ ਲੈ ਲੈਂਦਾ ਹੈ।ਇਹ ਆਪਣੇ ਪੈਰ ਤੇ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ।ਮਰੀਜ਼ ਦਾ ਇਹ ਖ਼ਿਆਲ ਗ਼ਲਤ ਹੈ,ਕਿ ਮੈਂ ਪ੍ਰਹੇਜ਼ ਨਹੀਂ ਕਰਨਾ ਚਾਹੇ  ਮਰ ਕਿਉਂ ਨਾ ਜਾਵਾਂ।ਮੈਨੂੰ ਦਵਾਈ ਅਸਮਾਨ ਤੇ ਚਾੜ੍ਹ ਦੇਵੇਗੀ।ਜੇਕਰ ਲਾਲਚੀ ਰੋਗੀ,ਹਾਥੀ ਦੇ ਸੌ ਮਣ ਘਿਉ ਗੁੜ ਖਾਣ ਵਾਂਗ ਖਾਈ ਜਾਵੇ ਤਾਂ ਕੁੱਤੇ ਦੀ ਮੌਤ ਮਰਨ ਵਾਲੀ ਕਹਾਣੀ ਹੈ।ਗੁਰੂ ਭਗਤੀ ਗੁਰਬਾਣੀ ਅਭਿਆਸ ਕਰਕੇ ਦ੍ਰਿੜ ਪ੍ਰਹੇਜ਼ ਰੱਖੇ,ਨਿਹਾਲ ਹੋਵੇ।

੩੭.ਵਾਹਿਗੁਰੂ॥ਹੱਥ ਚੱਕੀ ਦਾ ਆਟਾ ਬਹੁਤੇ ਤੋਂ ਬਹੁਤਾ ਗੁਣਕਾਰੀ ਹੈ:-ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਚੱਕੀ ਪੀਸਣ ਬਾਰੇ ਅਨੇਕਾਂ ਵਾਰ ਜ਼ਿਕਰ ਆਉਂਦਾ ਹੈ।ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥(੭੪੫) ਪਾਣੀ ਪਖਾ ਪੀਸੁ.ਦਾਸ ਕੈ;ਤਬ ਹੋਹਿ ਨਿਹਾਲੁ॥) ਪਾਨੀ ਪਖਾ ਪੀਸਉ.ਸੰਤ ਆਗੈ;ਗੁਣ ਗੋਵਿੰਦ ਜਸੁ ਗਾਈ॥)

ਹਉ ਪਾਣੀ ਪਖਾ ਪੀਸਉ.ਸੰਤ ਆਗੈ;ਪਗ ਮਲਿ ਮਲਿ.ਧੂਰਿ ਮੁਖਿ ਲਾਈਐ॥) ਤਿਸੁ ਗੁਰ ਕੈ ਗ੍ਰਿਹਿ; ਪੀਸਉ ਨੀਤ॥ ਜਿਸੁ ਪ੍ਰਸਾਦਿ; ਵੈਰੀ ਸਭ ਮੀਤ॥੫॥(੨੩੯) ਪੀਅਹਿ ਤ.ਪਾਣੀ ਆਣੀ ਮੀਰਾ;ਖਾਹਿ ਤ ਪੀਸਣ ਜਾਉ॥) ਪੀਹਣਿ ਹੋਇ ਜਦੀਦ; ਪਾਣੀ ਢੋਵਣਾ।)ਸੋ ਸਤਿਗੁਰਾਂ ਦਾ ਹੁਕਮ ਮੰਨ ਕੇ ਹੱਥ ਚੱਕੀ ਦਾ ਆਟਾ ਛਕਣਾ ਚਾਹੀਦਾ ਹੈ।ਦਾਣੇ ਚੰਗੀ ਤਰ੍ਹਾਂ ਮਲ਼ ੨ ਕੇ ਪੰਜ ਸੱਤ ਵਾਰੀ ਧੋਣੇ,ਵਧੀਆ ਸਾਫ਼ ਕਰਕੇ ਸੁਕਾਉਣੇ,ਜਾਨਵਰ ਬਿੱਠਾਂ ਨਾ ਕਰਨ,ਕਾਲ਼ੇ ਦਾਣੇ ਚੁਗਣੇ।ਦੁਨੀਆਂ ਤੇ ਬੇਅੰਤ ਰੋਗੀ ਪ੍ਰੇਸ਼ਾਨ ਹਨ।ਸੋ ਸਤਿਗੁਰਾਂ ਦੇ ਲਿਖੇ 'ਤੇ ਪੂਰਨ ਸ਼ਰਧਾ ਭਰੋਸਾ ਪ੍ਰੇਮ ਕਰਨ ਵਾਲੇ ਪਰਿਵਾਰ,ਚੱਕੀ ਦਾ ਆਟਾ ਛਕ ਕੇ ਨਿਹਾਲ ਹੋਵਣ।ਸਾਹ ਕਬਜ਼ ਬਦਹਜ਼ਮੀ ਰੇਸ਼ਾ ਅਣਪਚੀ ਆਦਿ ਕੋਈ ਭੀ ਰੋਗ ਹੋਵੇ,ਦਵਾਈ ਖਾਣ ਵਾਲੇ ਦੁਖੀ ਜੀਵ ਜਰੂਰੀ ਹੀ ਚੱਕੀ ਦਾ ਆਟਾ ਵਰਤਣ।

ਵਾਹਿਗੁਰੂ॥ਹੱਥੀ ਪੀਹਣ ਦਾ ਖ਼ਾਸ ਗੁਣ ਹੈ,ਜੇ ਆਪ ਨਹੀਂ ਪੀਹ ਸਕਦੇ ਤਾਂ  ਗ੍ਰੀਬ ਨੂੰ ਪੈਸੇ ਦੇ ਕੇ ਪਿਹਾਉਂਦੇ ਰਹੋ।ਲਾਇਕ ਮਾਪੇ,ਬੱਚਿਆਂ ਨੂੰ ਨਿੱਕੀ ਉਮਰ ਤੋਂ ਹੱਥ ਚੱਕੀ ਦਾ ਆਟਾ ਖੁਆਉਣ,ਜਿਸ ਕਰਕੇ ਹੱਡ ਵਧਣ ਫੁੱਲਣ। ਵਾਹਿਗੁਰੂ॥ਅਮੀਰ ਗ੍ਰੀਬ ਸਭ ਲਈ ਚੱਕੀ ਦਾ ਆਟਾ ਸੁਖਦਾਇਕ ਹੈ।ਗ੍ਰੀਬ ਪਰਜਾ ਮਹਿੰਗਾਈ ਨੇ ਪੀਸ ਦਿੱਤੀ ਹੈ,ਗ੍ਰੀਬ ਲੋਕ ਘਰ ੨ ਚੱਕੀਆਂ ਚਲਾਉਣ,ਖ਼ਰਚ ਘਟੇ ਸੁਖ ਹੋਵੇ।ਜੇਕਰ ਪਤੀ ਸਤੀ ਮਿਹਨਤ ਕਰਕੇ ਹੱਥ ਚੱਕੀ ਦਾ ਆਟਾ ਛਕਣ,ਫੇਰ ਬੱਚਿਆਂ ਨੂੰ ਛਕਾਉਣ,ਨਿੱਕੀ ਉਮਰ ਤੋਂ ਸਿਹਤ 'ਤੇ ਬਹੁਤ ਹੀ ਚੰਗਾ ਅਸਰ ਪਵੇ।ਜੇ ਕਣਕ ਛੋਲੇ ਆਦਿ ਧੋਏ ਸਵਾਰੇ ਨਾ ਜਾਣ ਤਾਂ ਵਿੱਚ ਜੀਅ ਜੰਤ

ਮਿੱਟੀ ਸਿਹਤ ਨੂੰ ਖਰਾਬ ਕਰਦੇ ਹਨ।ਬਹੁਤੇ ਦਿਨ ਦਾ ਆਟਾ ਬੇਹਾ ਹੋ ਜਾਂਦਾ ਹੈ।ਜਿਹੜੇ ਜੀਵ ਰੋਗਾਂ ਕਰਕੇ ਦੁਖੀ ਹਨ,ਉਨ੍ਹਾਂ ਲਈ ਇਹ ਉਪਾਅ ਕਰਨਾ ਬਹੁਤ ਹੀ ਸੁਖਦਾਇਕ ਹੈ।ਚੱਕੀ ਦਾ ਆਟਾ ਪੀਸ ਕੇ ਤੁਰੰਤ ਫਰਿਜ਼ 'ਚ ਰੱਖਣ ਨਾਲ ਤਾਜ਼ਾ ਰਹਿੰਦਾ ਹੈ।ਇਸ ਦਾ ਪਰਛਾਦਾ ਬਹੁਤ ਹੀ ਸੁਆਦ ਬਣਦਾ ਹੈ।ਜੇ ਇਹ ਜ਼ਿਆਦਾ ਬ੍ਰੀਕ ਹੋਵੇ ਤਾਂ ਕਬਜ਼ ਕਰਦਾ ਹੈ।ਗੰਭੀਰ ਰੋਗੀ ਦਵਾਈ ਖਾਣ ਵਾਲੇ,ਜ਼ਰੂਰ ਹੀ ਛਕਣ,ਜਿਸ ਕਰਕੇ ਸ੍ਰੀਰ ਛੇਤੀ ਠੀਕ ਹੋਵੇ।ਜਿਸ ਦਾ ਹਾਜ਼ਮਾ ਕਮਜ਼ੋਰ ਹੋਵੇ ਉਹ ਅੱਧਾ ੨ ਪਰਛਾਦਾ ਛਕ ਕੇ ਵਧਾਵੇ,ਜ਼ਿਆਦਾ ਛਕਣ ਨਾਲ ਪੇਟ ਦੁਖਣ ਲੱਗ ਜਾਂਦਾ ਹੈ।ਵਾਹਿਗੁਰੂ॥ਜ਼ਿਆਦਾ ਗਰਮੀ 'ਚ ਚੱਕੀ ਦਾ ਪਰਛਾਦਾ ਸਲੂਣੇ ਨਾਲ ਛਕਦਿਆਂ,ਮਗਰਲਾ ਗੱਫਾ ਪਾਣੀ ਨਾਲ ਛਕਣ ਨਾਲ ਦਿਲ ਠੰਢਾ ਹੋ ਜਾਂਦਾ ਹੈ।ਵਾਹਿਗੁਰੂ॥ਚੱਕੀ ਦੇ ਪਾਵਿਆਂ ਹੇਠ ਪਾਣੀ ਦੀਆਂ ਕੌਲੀਆਂ ਰੱਖੋ।ਉੱਪਰ ਦੇਣ ਨੂੰ ਕਵਰ ਬਣਾਉ।ਚਲਾਉਣ ਤੋਂ ਪਹਿਲਾਂ ਪੁੜ ਚੁੱਕ ਕੇ,ਕੀੜੀ ਸੁਸਰੀ ਸੁੰਡੀ ਦੇਖ ਕੇ ਕੱਢਦੇ ਰਹੋ। ਵਾਹਿਗੁਰੂ॥ਅਣਛਾਣਿਆਂ ਆਟਾ ਛਕੋ, ਅਣਛਾਣਿਆਂ ਆਟਾ ਥੋੜਾ ੨ ਦੇਖ ਕੇ ਚੈਕ ਕਰਕੇ ਸੁਸਰੀ ਦਾਣੇ ਆਦਿ ਕੱਢ ਕੇ ਗੁੰਨ੍ਹੋ,ਅਣਛਾਣੇ ਆਟੇ 'ਚ ਜੋ ਬੂਰਾ ਹੈ,ਇਹ ਸ਼ੂਗਰ ਨੂੰ ਕੰਟਰੋਲ ਕਰਦਾ,ਅੰਦਰਲੀ ਮੈਲ਼ ਚੂਸ ਕੇ ਬਾਹਰ ਨਿੱਕਲਦਾ ਹੈ।ਛਾਤੀ ਗਲ਼ੇ ਪੇਟ ਦੀ ਸਫ਼ਾਈ ਕਰਦਾ ਹੈ।ਕਬਜ਼ ਬਲਗਮ ਸ਼ੂਗਰ ਆਦਿ ਹਰੇਕ ਰੋਗ ਲਈ ਚੰਗਾ ਹੈ,ਭੁੱਖ ਭੀ ਲਾਉਂਦਾ ਹੈ।ਵਾਹਿਗੁਰੂ॥ਕਣਕ ਵੱਡੇ ਡਰੰਮ 'ਚ ਪਾ ਕੇ ਦਵਾਈ ਪਾਉ,ਅਨਾਜ ਨੂੰ ਚੂਹੇ ਸੁਸਰੀ ਕੀੜੀ ਤੋਂ ਬਚਾਉ।ਦੇਸ਼ ਪ੍ਰਦੇਸ਼ 'ਚ ਹਰੇਕ ਗੁਰਦੁਆਰਾ ਸਾਹਿਬ ਜੀ ਹੱਥ ਚੱਕੀ ਹੋਵੇ,ਪ੍ਰੇਮੀ ਪ੍ਰੇਮ ਨਾਲ ਆਟਾ ਪੀਸ ਕੇ,ਸੱਜਰੇ ਆਟੇ ਦੀ ਦੇਗ ਤਿਆਰ ਕਰਨ।ਵਾਹਿਗੁਰੂ॥ਵੱਡੇ ਅਸਥਾਨਾਂ 'ਤੇ ਵੱਧ ਚੱਕੀਆਂ ਹੋਣ,ਪ੍ਰੇਮੀ ਸ਼ਰਧਾਲੂ ਆਟਾ ਹੱਥੀਂ ਪੀਸ ਕੇ ਲੰਗਰ 'ਚ ਪਾਉਣ,ਸਤਿਗੁਰਾਂ ਦੀ ਖੁਸ਼ੀ ਪ੍ਰਾਪਤ ਹੋਵੇ।ਵਾਹਿਗੁਰੂ॥ਜੇਕਰ ਗੁਰਦੁਆਰਾ ਸਾਹਿਬ ਜੀ ਦੇਗ਼ ਚੱਕੀ ਦੇ ਆਟੇ ਦੀ ਨਹੀਂ ਹੁੰਦੀ ਤਾਂ ਚੱਕੀ ਮੰਗਵਾਉ।ਬਿਜਲੀ ਵਾਲੀ ਚੱਕੀ ਤੇਜ਼ੀ ਨਾਲ ਪੀਸਦੀ ਹੈ,ਤੇਜ਼ ਪੀਸਣ ਕਰਕੇ ਆਟਾ ਗਰਮ ਮੱਚਦਾ ੨ ਬੋਰੀ 'ਚ ਪਾਇਆ ਜਾਂਦਾ ਹੈ,ਜਿਸ ਕਰਕੇ ਉਸ ਦੇ ਵਿਟਾਮਿਨ ਸੜ ਜਾਂਦੇ ਹਨ। ਇਸ ਕਰਕੇ ਹੱਥ ਚੱਕੀ ਦੇ ਆਟੇ ਦੀ ਰੋਟੀ ਬਹੁਤ ਸੁਆਦ ਹੁੰਦੀ ਹੈ,ਹੱਥ ਚੱਕੀ ਦਾ ਤਾਜਾ ਆਟਾ ਛਕੋ,ਹੱਥ ਚੱਕੀ ਦੀ ਗੂੰਜ ਦਰਗਾਹ 'ਚ ਸੁਣਦੀ ਹੈ।ਪੁਰਸ਼ ਇਹ ਗ਼ਲਤ ਨਾ ਸੋਚੇ ਕਿ ਚੱਕੀ ਪੀਹਣਾ ਜਨਾਨੀ ਦਾ ਕੰਮ ਹੈ,ਗੁਰਬਾਣੀ 'ਚ ਚੱਕੀ ਪੀਹਣ ਦਾ ਹੁਕਮ ਮੰਨ ਕੇ,

ਬੇਅੰਤ ਬ੍ਰਹਮਗਿਆਨੀ ਮਹਾਂਪੁਰਸ਼ਾਂ ਨੇ ਚੱਕੀ ਪੀਸੀ ਹੈ।ਸੋ ਪਤੀ ਸਤੀ 'ਚੋਂ ਜਿਹੜਾ ਪੀਸੇ ਠੀਕ ਹੈ,ਰਲ਼ਕੇ ਭੀ ਪੀਸਣ।ਵਾਹਿਗੁਰੂ॥ ਸੀਮਿੰਟ ਦੀ ਚੱਕੀ, ਨਹੀਂ ਲੈਣੀ ਆਟੇ 'ਚ ਕਿਰਕ ਆਉਂਦੀ ਹੈ,ਪੱਕੇ ਪੱਥਰ ਦੀ ਚੱਕੀ ਲੈਣੀ।ਤੀਹ ਸਾਲ ਦੀ ਉਮਰ ਤੱਕ ਘਿਉ ਖਾ ਸਕਦੇ ਹੋਂ,ਤੀਹ ਤੋਂ ਚਾਲੀ ਸਾਲ ਤੱਕ ਘਿਉ ਘਟਾਉਂਦੇ ਜਾਉ,ਚਾਲੀ ਤੋਂ ਮਗਰੋਂ ਘਿਉ ਬੰਦ ਕਰੋ।ਗੁਰਬਾਣੀ ਕੀਰਤਨ ਸੁਣਦਿਆਂ,ਖ਼ੂਬ ਕਸਰਤ ਨਿੱਤ ਹੀ ਕਰਨ ਵਾਲਾ,ਲੋੜ ਅਨੁਸਾਰ ਘੀ ਵਰਤ ਸਕਦਾ ਹੈ।ਛੋਟੇ ਬੱਚੇ ਤੇ ਬਿਰਧ ਨੂੰ ਫੈਟ ਘੱਟ,ਜੁਆਨ ਨੂੰ

ਪੂਰੀ। ਵਾਹਿਗੁਰੂ॥ਬਜ਼ੁਰਗਾਂ ਨੂੰ ਘਿਉ ਖਾਣ ਦੀ ਆਦਤ ਹੁੰਦੀ ਹੈ,ਭਾਵੇ ਦੌਰਾ ਪੈਣ ਲੱਗ ਜਾਵੇ,ਉਹ ਕਹਿੰਦੇ ਹਨ ਸਾਨੂੰ ਦੁੱਧ ਨਾਲ ਰੱਜੇ ਤੋਂ ਬਿਨਾ ਨੀਂਦ ਨਹੀਂ ਆਉਂਦੀ। ਪਿਛਲੀ ਉਮਰ 'ਚ ਘਿਉ ਤਿਆਗ ਕੇ,ਸਾਦਾ ਖ਼ੁਰਾਕ ਖਾਣ ਤਾਂ ਸੁਖੀ ਰਹਿਣ। ਜ਼ਿਆਦਾ ਫ਼ੈਟ ਨਾਲ ਰੋਗੀ ਦੁਖੀ ਹੋ ਕੇ ਮਰ ਜਾਂਦੇ ਹਨ। ਵਾਹਿਗੁਰੂ॥ਆਲੂ ਗੋਭੀ ਚੌਲ਼ ਅਰਬੀ ਭਿੰਡੀ ਮਹਾਂ ਦੀ ਦਾਲ,ਬੇਹੀ ਰੋਟੀ ਬੇਹਾ ਦੁੱਧ,ਮੱਕੀ ਆਦਿ ਵਾਈ ਪਦਾਰਥ ਹਨ,ਇਨ੍ਹਾਂ ਤੋਂ ਪ੍ਰਹੇਜ਼ ਰੱਖਣਾ ਬਹੁਤ ਹੀ ਜ਼ਰੂਰੀ ਹੈ। ਵਾਈ ਪਦਾਰਥ ਛਕੀਏ ਤਾਂ ਸੌਂ ਕੇ ਉੱਠੀਏ ਤਾਂ,ਗਲ਼ ਰੇਸ਼ੇ ਨਾਲ ਭਰ ਜਾਂਦਾ ਹੈ,ਨੀਂਦ ਵਧਦੀ ਹੈ ਸ੍ਰੀਰ 'ਚ ਰੋਗ ਪੈਦਾ ਹੁੰਦੇ ਹਨ। ਜਿਹੜੇ ਸ੍ਰੀਰ ਵਾਈ ਰੇਸ਼ੇ ਕਰਕੇ ਰੋਗੀ ਹਨ,ਦੁੱਧ ਘੀ ਤੜਕਾ ਨਹੀਂ ਛੱਡਦੇ,ਸਰਲ ਭੱਖੀ ਹਨ,ਅਤਿਅੰਤ ਦੁੱਖ ਭੋਗ ਰਹੇ ਹਨ। ਸਾਹ ਦੀ ਬਿਮਾਰੀ ਲਈ ਜੋ ਪੁੜੀਆਂ ਦਿੰਦੇ ਹਨ,ਉਹ ਗੋਲ਼ੀਆਂ ਪੀਹ ਕੇ ਛਲ਼ ਕਰਦੇ ਹਨ। ਡਾਕਟਰ ਨੇ ਦੱਸਿਆ,"ਇਹ ਗੋਲੀ ਐਨੀ ਤੇਜ਼ ਹੈ,ਜੋ ਨਿਗਾ ਨੂੰ ਮਾਰਦੀ ਹੈ,ਖੁੱਲਾ ਘੀ ਖਾਣ ਨੂੰ ਦੱਸਦੇ ਹਨ,ਜਿਸ 'ਚ ਯੂਰੀਆ ਹੈ,ਵੱਡੀ ਉਮਰ 'ਚ ਘੀ ਖਾਣਾ,ਸਿਹਤ ਦੇ ਉਲਟ ਹੈ,ਮਰੀਜ਼ ਦਾ ਖਰਚ ਵਧਦਾ ਹੈ,ਮਰੀਜ਼ ਨੂੰ ਅਧਰੰਗ ਹੋ ਜਾਂਦਾ ਹੈ। ਅਣਜਾਣ ਤੋਂ ਦਵਾਈ ਖਾਣੀ,ਨੀਮ ਗਿਆਨ ਖਤਰਾ ਜਾਨ,ਵਾਲੀ ਗੱਲ ਹੈ। ਇਸ ਕਰਕੇ ਸਿਆਣੇ ਡਾਕਟ੍ਰ ਤੋਂ ਦਵਾਈ ਲਵੋ। ਵਾਹਿਗੁਰੂ॥ਦਵਾਈਆਂ ਨਾਲ ਸ੍ਰੀਰ ਨੂੰ ਤਕੜਾ ਕਰਨ ਦੀ ਹਰੇਕ ਦੀ ਰੁਚੀ ਹੁੰਦੀ ਹੈ,ਸ਼ੁੱਧ ਦਵਾਈ ਦੀ ਮੱਦਦ ਨਾਲ ਵਰਜ਼ਿਸ਼ ਕਰਕੇ ਖ਼ੁਰਾਕ ਹਜ਼ਮ ਕਰੋ। ਵਾਹਿਗੁਰੂ॥ਲੂਣ ਹਲਦੀ ਮਿਰਚਾਂ ਲਾਲ ਕਾਲੀਆਂ,ਬੇਸਣ ਮੱਕੀ ਕਣਕ ਦਾ ਆਟਾ,ਆਦਿ ਕੋਈ ਭੀ ਚੀਜ਼ ਪੀਸੀ ਨਾ ਖ਼ਰੀਦੋ। ਸਭ ਚੀਜ਼ਾਂ ਆਪ ਲੈ ਕੇ ਕੁੱਟਣੀਆਂ,ਪੀਸੀ ਚੀਜ਼ ਵਿੱਚ ਮਿਲਾਵਟ ਹੁੰਦੀ ਹੈ,ਜੋ ਸਿਹਤ ਲਈ ਹਾਨੀਕਾਰਕ ਹੈ। ਵਾਹਿਗੁਰੂ॥ਪਾਕਿਸਤਾਨੀ ਲੂਣ ਡਲਾ ਲਵੇ,ਪੀਸਿਆ ਸ਼ੁੱਧ ਨਹੀਂ ਹੁੰਦਾ। ਸ਼ਹਿਰੀਆਂ ਨੂੰ ਸਹੀ ਦੁੱਧ ਨਹੀਂ ਮਿਲਦਾ,ਪੱਠਿਆਂ 'ਚ ਯੂਰੀਆ ਡੰਗਰਾਂ ਦੇ ਟੀਕਾ ਲਾਇਆ ਜਾਂਦਾ ਹੈ। ਦੋਧੀ ਰਾਤ ਨੂੰ ਦੁੱਧ 'ਚ ਦਵਾਈ ਪਾਉਂਦੇ ਹਨ,ਇੱਕ ਦੋਧੀ ਨੇ ਦੱਸਿਆ,ਜੇ ਦੁੱਧ 'ਚ ਸਪਰੇਟਾ ਨ ਪਾਈਏ ਤਾਂ ਸ਼ਹਿਰੀਆਂ ਨੂੰ ਮਰੋੜ ਲੱਗ ਜਾਂਦੇ ਹਨ। ਪੱਠੇ ਅਤੇ ਆਪਣੇ ਛਕਣ ਲਈ ਫਸਲ ਨੂੰ ਯੂਰੀਆ ਨਾ ਪਾਉ,ਕੇਵਲ ਦੇਸੀ ਰੇਹ ਹੀ ਪਾਇਆ ਜਾਵੇ,ਅੰਨ ਅਤੇ ਦੁੱਧ ਯੂਰੀਏ ਤੋਂ ਰਹਿਤ ਸੁਆਦ ਹੋਵੇ। ਜ਼ਿਆਦਾ ਯੂਰੀਏ ਕਰਕੇ ਡੰਗਰ ਅਤੇ ਆਦਮੀਆਂ ਦੀਆਂ ਸਿਹਤਾਂ ਖਰਾਬ ਹੋ ਕੇ ਸ੍ਰੀਰ ਚੜ੍ਹਾਈ ਕਰ ਰਹੇ ਹਨ। ਇੱਕ ਡਾਕਟ੍ਰ ਘਿਉ ਦੇਣ ਵਾਲੇ 'ਤੇ ਗੁੱਸੇ ਹੋ ਗਿਆ,ਉਸ ਨੇ ਆਪਣੀ ਮੱਝ ਡਾਕਟ੍ਰ ਨੂੰ ਦਿੱਤੀ,ਡਾਕਟ੍ਰ ਨੇ ਆਪ ਘਿਉ ਬਣਾਇਆ,

ਫੇਰ ਤਸੱਲੀ ਹੋਈ,ਬਈ ਮੈਨੂੰ ਘਿਉ ਦੇਣ ਵਾਲੇ ਨੇ ਜ਼ਹਿਰ ਨਹੀਂ ਮਿਲਾਈ। ਪਦੀਨਾ ਲਾਵੋ,ਕਾਲੀ ਮਿਰਚ ਤੇ ਲੂਣ ਸਮਾਨ ਪਾ ਕੇ,ਚਟਣੀ ਗੁਣਕਾਰੀ ਹੈ। ਜ਼ਿਆਦਾ ਗਰਮੀ 'ਚ ਹਰਾ ਪਦੀਨਾ ਖਾਂਦੇ ਰਹੋ,ਦਿਲ ਨੂੰ ਠੰਢਕ ਦਿੰਦਾ ਹੈ। ਵਾਹਿਗੁਰੂ॥ਬਦਾਮ ਗਿਰੀ ਦੀ ਬਜਾਏ,ਬਦਾਮ ਆਪ ਭੰਨ ਕੇ ਗਿਰੀਆਂ ਕੱਢੋ ਜੋ ਸੁਆਦ ਹੁੰਦੀਆਂ ਹਨ। ਬਦਾਮਾਂ ਦੀਆਂ ਗਿਰੀਆਂ 'ਚੋਂ ਬਦਾਮ ਰੋਗਨ ਕੱਢਿਆ ਹੁੰਦਾ ਹੈ,ਜਾਂ ਕਈ ਵਾਰੀ ਜੀਅ ਪੈ ਜਾਂਦੇ ਹਨ,ਗਿਰੀਆਂ ਭਿਉਂ ਕੇ ਛਿਲਕਾ ਉਤਾਰ ਕੇ ਛਕੋ।

੩੮.ਵਾਹਿਗੁਰੂ ਬੇਹੀਆਂ ਚੀਜ਼ਾਂ ਸਭ ਰੋਗਾਂ ਦੀ ਜੜ:- ਸ਼ਾਮ ਨੂੰ ਦੁੱਧ ਤਾਜ਼ਾ ਚੋਅ ਕੇ ਤੁਰੰਤ ਉਬਾਲ਼ ਕੇ ਪੀਵੋ,ਵਧੇਰੇ ਸੁਆਦ ਤੇ ਗੁਣਕਾਰੀ ਹੈ।ਬੇਹਾ ਦੁੱਧ ਵਾਈ ਹੈ।ਹਲਕੇ ਕੁੱਤੇ ਦੇ ਵੱਢੇ ਪਸ਼ੂ ਦਾ ਦੁੱਧ ਨਾ ਪੀਵੋ,ਬੇਹੀ ਰੋਟੀ ਦਾਲ਼ ਸ੍ਰੀਰ ਨੂੰ ਦੇਵੇ ਗਾਲ਼।ਕਈ ਘਰਾਂ 'ਚ ਸਵੇਰੇ ਰੋਟੀ ਪਕਾ ਕੇ ਫਾਹਾ ਵੱਢ ਦਿੰਦੇ ਹਨ,ਜਿਸ ਨੂੰ ਸਾਰਾ ਦਿਨ ਖਾਂਦੇ ਹਨ।ਇਸ ਗ਼ਲਤੀ ਕਰਕੇ ਭੈੜੇ ਰੋਗ ਲੱਗ ਜਾਂਦੇ ਹਨ,ਦਵਾਈ ਦਾ ਖ਼ਰਚ ਵਧ ਹੁੰਦਾ ਹੈ।ਬੇਹੀ ਰੋਟੀ ਹਰ ਰੋਗ ਲੱਗਣ ਦਾ ਕਾਰਨ ਇਉਂ ਹੈ, ਜਿਵੇਂ ਪੈਟਰੋਲ 'ਤੇ ਅੱਗ।ਵਾਹਿਗੁਰੂ॥ਕੁੱਝ ਸਮਾਂ ਪਹਿਲਾਂ ਦੇਸੀ ਸਰੋਂ ਨੂੰ ਪਾਣੀ ਨਾ ਦਿੰਦੇ,ਉਸ ਦਾ ਸਾਗ਼ ਬਹੁਤ ਹੀ ਸੁਆਦ ਬਣਦਾ।ਹੁਣ ਯੂਰੀਏ,ਪਾਣੀ ਵਾਲੀ ਰੇਲੀ ਅਥਵਾ ਕਮਲੀ ਸਰੋਂ ਦਾ ਸਾਗ਼ ਕੁਸ਼ੈਲ਼ਾ ਬਣਦਾ ਹੈ।ਜਿਨ੍ਹਾਂ ਨੂੰ ਰੇਸ਼ਾ ਹੋਵੇ ਉਨਾਂ ਦੀ ਛਾਤੀ ਬੋਝਲ ਹੁੰਦੀ ਹੈ,ਜਿਨ੍ਹਾਂ ਨੂੰ ਰੇਸ਼ਾ ਨਾ ਹੋਵੇ ਉਹ ਭੀ ਸਾਗ਼ ਸੰਜਮ ਨਾਲ ਹੀ ਛਕਣ।ਛਕਣ ਵਾਲੇ ਨੂੰ ਆਪ ਪਤਾ ਹੋਣਾ ਚਾਹੀਦਾ ਹੈ,ਕਿ ਮੈਨੂੰ ਸਾਗ਼ ਕਿਤਨਾ ਕੁ ਮੁਆਫ਼ਕ ਹੈ।ਯੂਰੀਏ ਵਾਲੇ ਸਾਗ਼ ਨੂੰ ਪਹਿਲਾਂ ਤੜਕਾ ਲਾਉਣਾ,ਫੇਰ ਅਗਲੇ ਡੰਗ ਬੇਹੇ ਨੂੰ ਲਾ ਲੈਣਾ,ਇਸ ਤਰ੍ਹਾਂ ਕਈ ਡੰਗ ਬੇਹਾ ਖਾਣਾ,ਇਹ ਆਪਣੇ ਪੈਰਾਂ ਤੇ ਆਪ ਕੁਹਾੜਾ ਮਾਰਨਾ ਹੈ।ਵਾਹਿਗੁਰੂ॥ਗ੍ਰੀਬ ਗ਼ੁਲਾਮ ਸਮਾਜ ਅੰਦਰ,ਬੇਹਾ ਪਦਾਰਥ ਛਕਣ ਦੇ ਭੈੜੇ ਰਿਵਾਜ਼ ਕਰਕੇ ਜੀਆਂ ਨੇ ਰੋਗੀ ਹੋ ਕੇ ਬੇਅੰਤ ਕਸ਼ਟ ਭੋਗੇ ਹਨ।ਇੱਕ ਗਠੀਏ ਦੀ ਰੋਗਣ ਨੇ ਦੱਸਿਆ, "ਮੈਂ ਐਤਵਾਰ ਨੂੰ ਸਾਗ਼ ਰਿੰਨ੍ਹਦੀ ਹਾਂ,ਸਾਰਾ ਹਫ਼ਤਾ ਤੜਕ ਕੇ ਖਾਂਦੇ ਹਾਂ।" ਹੱਸ ਕੇ ਕਹਿੰਦੇ ਹਨ ਕਿ ਬੇਹਾ ਸਾਗ਼ ਵੱਧ ਸੁਆਦ ਲੱਗਦਾ ਹੈ।ਵਾਹਿਗੁਰੂ॥ਸਰੋਂ ਦੇ ਸਾਗ਼ 'ਚ,ਬਾਥੂ ਪਾਲਕ ਮੇਥੇ,ਮੇਥੀ ਜ਼ਰੂਰ ਪਾਉ।ਵਾਹਿਗੁਰੂ॥ਜਿਹੜਾ ਜੀਵ ਕਲਿਜੁੱਗ ਅੰਦਰ ਜੰਮਦਾ ਹੈ,ਉਸ ਨੂੰ ਮਾਤਾ ਦੇ ਉਦਰ ਤੋਂ ਲੈ ਕੇ ਸ਼ੁੱਧ ਪਦਾਰਥ ਨਹੀਂ ਮਿਲਦਾ,ਇਸ ਕਰਕੇ ਸ੍ਰੀਰ ਰੋਗੀ ਹੋ ਜਾਂਦਾ ਹੈ।

੩੯.ਡਬਲਰੋਟੀ:-ਆਟਾ ਪੈਰਾਂ ਨਾਲ ਗੁੰਨ੍ਹਦੇ ਹਨ,ਤੰਬਾਕੂ ਵਾਲੇ ਜੂਠੇ ਹੱਥ ਲੱਗਦੇ ਹਨ,ਮੈਦਾ ਬ੍ਰੀਕ ਪੁਰਾਣਾ ਹੁੰਦਾ ਹੈ,ਬੇਹੀ ਹੋਣ ਕਰਕੇ ਉੱਲੀ ਭੀ ਲੱਗ ਜਾਂਦੀ ਹੈ,ਡਘਾਰ ਭੀ ਬੇਹੇ ਖੱਟੇ ਆਉਂਦੇ ਹਨ,ਪੇਟ 'ਚ ਫੁੱਲ ਕੇ ਅੰਤੜੀਆਂ ਨਾਲ ਜੰਮ ਕੇ,ਪੇਟ ਗੈਸ ਕਬਜ਼,ਪੇਟ ਦਰਦ,ਪਿਤਾ ਪਥਰੀ ਦਿਲ ਦੇ ਰੋਗ,ਸ਼ੂਗਰ,ਅਪੈਂਡਿਕਸ, ਅੰਤੜੀਆਂ ਦਾ ਕੈਂਸਰ ਬਵਾਸੀਰ ਅਨੇਕ ਰੋਗ ਲਾਉਂਦੀ ਹੈ।ਮਰੀਜ਼ ਨੂੰ ਹੱਥ ਚੱਕੀ ਦੇ ਅਣਛਾਣੇ ਤਾਜ਼ੇ ਆਟੇ ਦੇ ਅਣਚੋਪੜੇ ਗਰਮ ਫੁਲਕੇ ਦੇਵੋ ਜੋ ਡਬਲਰੋਟੀ ਨਾਲੋਂ ਸੌ ਗੁਣਾਂ ਚੰਗੇ ਹਨ।ਹਰਿ ਹਰਿ ਹਰਿ ਧਿਆਵੋ,ਡਬਲਰੋਟੀ ਭੂਲ ਨਾ ਖਾਵੋ।

ਜੇ ਡਾਕਟ੍ਰ ਕਹੇ ਤਾਂ ਭੀ ਡਬਲਰੋਟੀ ਨਾ ਖਾਵੋ।ਵਾਹਿਗੁਰੂ॥ਬੇਹੀ ਸਬਜ਼ੀ ਗੁਣਕਾਰੀ ਨਹੀਂ,ਤਾਜ਼ੀ ਨੂੰ ਮਹਾਨਤਾ ਦੇਵੋ।ਚੰਗੀਆਂ ੨ ਸਬਜ਼ੀਆਂ ਦਾਲ਼ਾ ਦੀ ਜ਼ਿਆਦਾ ਵਰਤੋਂ ਕਰੋ।ਜਿਵੇਂ ਪੁੰਗਰੇ ਛੋਲੇ,ਕਰੇਲੇ ਪਾਲਕ ਗਾਜਰ ਰਾਮਤੋਰੀ,ਕੱਦੂ ਮੇਥੇ,ਟਮਾਟਰ ਟਿੰਡੋ,ਕੁਆਰ ਮੋਠ,ਮਸਰੀ ਮੂੰਗੀ,ਸ਼ਲਗਮ ਮੂਲ਼ੀ,ਹਰਾ ਛੋਲੂਆ ਮਟਰ ਕਟਾਹਰ ਆਦਿ ਵਰਤੋ।ਵਾਈ ਰੇਸ਼ਾ ਕਰਨ ਵਾਲੀਆਂ ਦਾਲ਼ਾ ਸਬਜ਼ੀਆਂ ਤੋਂ ਹਮੇਸ਼ਾਂ ਸੰਜਮ ਰੱਖਣਾ।ਇਹ ਠੀਕ ਹੈ ਸਬਜੀਆਂ 'ਚ ਵਿਟਾਮਿਨ ਹਨ,ਪਰ ਯੂਰੀਏ ਤੇ ਸਪਰੇਅ ਦਾ ਭੀ ਅਸਰ ਹੁੰਦਾ

ਹੈ।ਦੇਸੀ ਰੂੜੀ ਪਾ ਕੇ ਸਬਜ਼ੀ ਬੀਜੋ,ਤਾਜ਼ੀ ਸਬਜ਼ੀ ਦਾ ਸੁਆਦ ਹੀ ਵੱਖਰਾ ਹੁੰਦਾ ਹੈ।ਬੇਹੀ ਸਬਜ਼ੀ ਮੁੱਲ ਲੈ ਕੇ,ਕਈ ਦਿਨ ਘਰੇ ਰੱਖ ਕੇ, ਬਣਾ ਕੇ,ਫਰਿਜ਼ 'ਚ ਰੱਖ ਲਈ,ਇਸ ਤਰ੍ਹਾਂ ਉਸ ਦੇ ਵਿਟਾਮਨ ਮਰ ਜਾਂਦੇ ਹਨ ਤੇ ਸੁਆਦ ਭੀ ਨਹੀਂ ਹੁੰਦੀ।

੪੦.ਵਾਹਿਗੁਰੂ॥ਵਿਹਲੇ ਰਹਿਣ ਕਰਕੇ ਸ੍ਰੀਰ ਰੋਗੀ ਹੁੰਦੇ ਹਨ,ਗ੍ਰੀਬੀ ਕਰਕੇ ਸੰਤੁਲਤ ਖ਼ੁਰਾਕ ਤੇ ਇਲਾਜ ਨਹੀਂ ਹੋ ਸਕਦਾ,ਇਸ ਲਈ ਸਭ ਨੂੰ ਰੋਜ਼ੀ ਮਿਲੇ।ਵਾਹਿਗੁਰੂ॥ਸ਼ਾਦੀ ਤੋਂ ਮਗਰੋਂ ਪਤੀ ਸਤੀ ਤੇਜ਼ ਤੜਕਾ, ਤਲੇ ਪਦਾਰਥ ਖਾ ਕੇ,ਜ਼ਿਆਦਾ ਵਿਕਾਰ 'ਚ ਖੱਚਤ ਹੋ ਕੇ ਰੋਗੀ ਹੋ ਜਾਂਦੇ ਹਨ।ਉਨ੍ਹਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਉਹ ਤਲ਼ੇ ਪਦਾਰਥ ਤੇ ਜ਼ਿਆਦਾ ਵਿਕਾਰ ਕਰਕੇ ਰੋਗੀ ਹੋਏ ਹਨ।ਵਾਹਿਗੁਰੂ॥ਪਦਾਰਥ 'ਚ ਮਿਲਾਵਟ ਬਹੁਤ ਜ਼ਿਆਦਾ ਹੋ ਰਹੀ ਹੈ।ਪਰੀਤਤ ਨਾੜੀ ਜਿਸ 'ਚ ਸੁਪਨਾ ਆਉਂਦਾ ਹੈ,ਵਾਲ਼ ਨਾਲੋਂ ਸੌਵਾਂ ਹਿੱਸਾ ਬਰੀਕ ਹੈ,ਦਿਲ ਨੂੰ ਖ਼ੂਨ ਦੇਣ ਵਾਲੀਆਂ ਨਾੜੀਆਂ ਬਹੁਤ ਸੂਖ਼ਮ ਹਨ,ਇਸ ਕਰਕੇ ਤਾਜ਼ੀ ਸ਼ੁੱਧ ਖ਼ੁਰਾਕ ਵਰਤੋ।ਵਾਹਿਗੁਰੂ॥ ਛਿਲੜ ਵਾਲੇ ਅਨਾਜ ਕਣਕ ਛੋਲੇ ਆਦਿ ਦਾ ਆਟਾ ਛਾਣ ਕੇ ਬੂਰਾ ਸੁੱਟਣਾ ਨਹੀਂ ਚਾਹੀਦਾ,ਇਹ ਮੇਹਦੇ ਤੇ ਅੰਤੜੀਆਂ 'ਚ ਜਾ ਕੇ ਸਫ਼ਾਈ ਲਈ ਬੁਰਸ਼ ਦੀ ਤਰ੍ਹਾਂ ਕੰਮ ਕਰਦੇ ਹਨ,ਸ੍ਰੀਰ ਚੁਸਤ ਰਹਿੰਦਾ ਹੈ।ਇਸ ਲਈ ਖਾਣ ਵਾਲੀਆਂ ਚੀਜਾਂ ਛਿਲਕੇ ਸਮੇਤ ਖਾਣੀਆਂ ਜਰੂਰੀ ਹਨ।ਪੁੰਗਰੀਆਂ ਦਾਲ਼ਾ,ਸਬਜ਼ੀਆਂ ਤੁੱਲ ਹਨ,ਇਨ੍ਹਾਂ ਨੂੰ ਸਲੋਅ ਕੂਕਰ ਜਾਂ ਮੱਠੀ ੨ ਅੱਗ 'ਤੇ ਪਕਾਉ।ਤੇਜ਼ ਅੱਗ 'ਤੇ ਦਾਲ਼ ਸਬਜ਼ੀ ਰਿੰਨ੍ਹਣ ਨਾਲ ਵਿਟਾਮਨ ਸੜ ਜਾਂਦੇ ਹਨ।;ਸਹਜਿ ਪਕੈ ਸੋ ਮੀਠਾ ॥ ਅਨੁਸਾਰ ਦਾਲ਼ ਸਬਜ਼ੀ ਮੱਠੀ ੨ ਅੱਗ ਤੇ ਰਿੰਨ੍ਹੋ,ਸਬਜ਼ੀ ਥੋੜੀ ਜਿਹੀ ਕੱਚੀ ਰੱਖੋ। ਵਾਹਿਗੁਰੂ॥ ਪਰੌਠੇ ਤੋਂ ਸੰਤੋਖ ਰੱਖੋ,ਹਜ਼ਮ ਹੋਣ ਨੂੰ ਭਾਰਾ ਹੈ।ਘਿਉ ਦੀ ਥਾਂ ਰੀਫਾਈਂਡ ਤੇਲ ਵਰਤੋ।

੪੧.ਸਰਬ ਲੋਹ ਦੀ ਮਹਾਨਤਾ,ਸੜਨ ਸਾੜਨ ਵਾਲੇ ਰੋਗਾਂ ਦੀ ਜੜ,ਸਭ ਦੇ ਦੁਸ਼ਮਣ ਭੈੜੇ ਤੜਕੇ ਦਾ ਤਿਆਗ:-ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਬਖ਼ਸ਼ਿਆ ਜਾਣ ਕੇ,ਸਰਬ ਲੋਹ ਨੂੰ ਮਹਾਨਤਾ ਦੇਣੀ ਚਾਹੀਦੀ ਹੈ।ਸਰਬ ਲੋਹ 'ਚ ਬਣੀ ਦਾਲ਼ ਕਾਲ਼ੀ ਕਹਿ ਕੇ ਨਫ਼ਰਤ ਨਾ ਕਰੋ।ਵੱਡਭਾਗੇ ਗੁਰੂ ਪ੍ਰੇਮੀ ਸਰਬ ਲੋਹ ਦੇ ਪਤੀਲੇ 'ਚ ਦਾਲ਼ ਸਬਜ਼ੀ ਬਣਾਉਣ,ਮੱਠੀ ੨ ਅੱਗ ਤੇ ਰਿੰਨ੍ਹਣ,ਅਤੀ ਸੁਆਦ ਬਣਦੀ ਹੈ।ਤੜਕੇ ਤੋਂ ਬਿਨਾ ਪਦਾਰਥ ਛੇਤੀ ਹਜ਼ਮ ਹੋ ਜਾਂਦਾ ਹੈ।ਜੀਵ ਰੋਗੀ ਹੋ ਕੇ ਦੁੱਖ ਭੋਗਦਿਆਂ ਭੀ ਤੜਕਾ ਨਹੀਂ ਛੱਡਦਾ।ਇੱਕ ਤੜਕਾ ਦੂਜਾ ਮਿਲਾਵਟ ਵਾਲ਼ਾ ਡਾਲਡਾ ਘਿਉ,ਜੋ ਸਿਹਤ ਨੂੰ ਵਿਗਾੜਦਾ ਹੈ।ਵਾਹਿਗੁਰੂ॥ਸਚਿਆਰੀ ਮਾਂ ਚਾਹ 'ਚ ਤੰਬਾਕੂ ਜਾਣ ਕੇ,ਚਾਹ ਤਿਆਗ ਕੇ,ਤੰਬਾਕੂ ਰਹਿਤ ਦੁੱਧ ਆਪਣੇ ਬੱਚੇ ਨੂੰ ਚੁੰਘਾਵੇ।ਬੱਚੇ ਨੂੰ ਚਾਹ ਖੰਡ ਨ ਦੇਵੇ,ਸੌਣ ਵੇਲੇ ਬੱਚੇ ਨੂੰ ਚੀਤਾ ਭਜਾਉਣ ਦੀ ਆਦਤ ਪਾਉ।ਵਾਹਿਗੁਰੂ॥ਬੱਚੇ ਨੂੰ ਰੋਣੋ ਹਟਾਉਣ ਲਈ ਸ਼ਰਾਬ ਅਫ਼ੀਮ ਆਦਿ ਦੇਣਾ ਮਹਾਂ ਪਾਪ ਹੈ।ਵਾਹਿਗੁਰੂ॥ਮਲੱਠੀ ਪਾਣੀ ' ਚ ਉਬਾਲ਼ੋ,ਪੁਣੋ,ਥੋੜੀ ਖੰਡ ਪਾ ਕੇ ਸ਼ਰਬਤ ਬਣਾ ਕੇ ਰੱਖੋ, ਚਮਚਾ ੨ ਬੱਚੇ ਨੂੰ ਦੇਣ ਨਾਲ ਖੰਘ ਹਟ ਜਾਂਦੀ ਹੈ।

੪੨.ਵਾਹਿਗੁਰੂ॥ਸਾਫ਼ ਪਾਣੀ:-ਠੰਢ 'ਚ ਨਿਰਨੇ ਕਾਲ਼ਜੇ ਕੋਸਾ ਜਲ ਰੱਜ ਕੇ ਛਕੋ,ਸੈਰ ਵਰਜ਼ਿਸ਼ ਕਰੋ,ਕਬਜ਼ ਨਹੀਂ ਹੋਵੇਗੀ,ਪੇਟ ਸਾਫ਼ ਰਹੇਗਾ।ਗਰਮੀ 'ਚ ਨਿਰਨੇ ਕਾਲ਼ਜੇ ਘੜੇ ਦਾ ਪਾਣੀ ਪੀਵੋ।ਠੰਢ 'ਚ ਕੋਸਾ ਪਾਣੀ ਨਾਸਾਂ ਰਾਹੀਂ ਕੱਢਣੇ ਕਰਕੇ,ਜ਼ੁਕਾਮ ਨਕਸੀਰ ਤੋਂ ਗੁਣਕਾਰੀ ਹੈ।ਨਲ਼ਕਾ ਲਾ ਕੇ ਪਾਣੀ ਟੈਸਟ ਕਰਾਉਣਾ ਬਹੁਤ ਜ਼ਰੂਰੀ ਹੈ।ਗੰਦੇ ਪਾਣੀ 'ਚ ਫਲੋਰਾਈਡ ਨਾਲ,ਅਪਾਹਜ,ਟੱਟੀਆਂ ਹੈਜ਼ਾ,ਮਿਆਦੀ ਬੁਖ਼ਾਰ ਪੋਲੀਓ,ਪੀਲ਼ੀਆ,ਪੇਟ ਦੇ ਕੀੜੇ ਹੋਰ ਅਨੇਕ ਬਿਮਾਰੀਆਂ ਲੱਗਦੀਆਂ ਹਨ।ਵਾਹਿਗੁਰੂ॥ਵਿਗਿਆਨੀਆਂ ਦਾ ਵਿਚਾਰ ਹੈ ਕਿ ਅੱਸੀ ਫ਼ੀ ਸਦੀ ਬਿਮਾਰੀਆਂ ਸਾਫ਼ ਪਾਣੀ ਨਾਲ਼ ਰੁੱਕਦੀਆਂ ਹਨ।ਤਲਾਬਾਂ ਨਦੀਆਂ ਨੂੰ ਦੂਸ਼ਤ ਹੋਣ ਤੋਂ ਬਚਾਉ।ਪਾਣੀ ਨੂੰ ਸਾਫ਼ ਕਰਨ ਦੇ ਢੰਗ ਨਾਲ ਸਾਫ਼ ਕੀਤਾ ਜਾਵੇ।ਫੈਕਟ੍ਰੀਆਂ ਗੰਦੇ ਨਾਲ਼ਿਆਂ ਦਾ ਪਾਣੀ ਨਦੀਆਂ ਸੂਇਆਂ 'ਚ ਨ ਪਾਇਆ ਜਾਵੇ।ਗੰਦੇ ਪਾਣੀ ਨਾਲ ਬੰਦੇ ਪਸ਼ੂ ਦੁੱਖ ਭੋਗਦੇ ਹਨ।ਵਾਹਿਗੁਰੂ॥ਪਾਣੀ ਦੀ ਟੈਂਕੀ ਚੰਗੀ ਤਰ੍ਹਾਂ ਢਕੋ,ਸਾਫ਼ ਕਰਦੇ ਰਹੋ,ਦਵਾਈ ਪਾਉਂਦੇ ਰਹੋ।ਪਾਣੀ 'ਚ ਨੁਕਸ ਹੋਵੇ ਜਾਂ ਸ੍ਰੀਰ ਢਿੱਲਾ ਕਮਜ਼ੋਰ ਜ਼ੁਕਾਮ ਹੋਵੇ ਤਾਂ ਜ਼ਰੂਰ ਹੀ ਪਾਣੀ ਉਬਾਲ਼ ਕੇ ਪੀਣਾ ਚਾਹੀਦਾ ਹੈ।ਵਾਹਿਗੁਰੂ॥ਲੈਟ੍ਰੀਨ ਪੱਕੀ ਬਣੇ,ਕੱਚੀ ਬਨਾਉਣ ਨਾਲ ਨਲ਼ਕੇ ਦਾ ਪਾਣੀ ਖ਼ਰਾਬ ਹੁੰਦਾ ਹੈ।ਪੀਣ ਵਾਲ਼ਾ ਪਾਣੀ ਟੈਸਟ ਕਰਾਉ।ਸ੍ਰੀਰ ਦਾ ੨/੩ ਹਿੱਸਾ ਪਾਣੀ ਹੈ।ਇਸ ਦੀ ਸ੍ਰੀਰਕ ਲੋੜ ਹਵਾ ਤੋਂ ਦੂਜੇ ਦਰਜੇ 'ਤੇ ਹੈ।ਖ਼ੁਰਾਕ ਬਿਨਾ ਜੀਵ ਮਹੀਨੇ ਤੋਂ ਵੱਧ ਜ਼ਿੰਦਾ ਰਹਿ ਸਕਦਾ ਹੈ,ਪਾਣੀ ਬਿਨ ਨਹੀਂ।ਸ੍ਰੀਰ ਦੇ ੨/੩ ਹਿੱਸਾ ਸਿੱਲਾਂ 'ਚ ਪਾਣੀ ਹੁੰਦਾ ਹੈ,੧/੩ ਹਿੱਸਾ ਸਿੱਲਾਂ 'ਚ ਲਹੂ ਹੁੰਦਾ ਹੈ।ਆਕਸੀਜ਼ਨ ਹਾਈਡਰੋਜ਼ਨ ਦੇ ਮੇਲ ਨਾਲ ਪਾਣੀ ਬਣਦਾ ਹੈ।

੪੩.ਪਾਣੀ ਦੇ ਸੋਮੇਂ:-ਦੁੱਧ ਫ਼ਲ ਸਬਜ਼ੀਆਂ ਤੋਂ ਸ਼ੁੱਧ ਰੂਪ 'ਚ ਮਿਲਦਾ ਹੈ।ਲਾਭ:-ਸ੍ਰੀਰਕ ਸਿੱਲ ਸ਼ੁੱਧ ਪਾਣੀ ਦੀ ਮੱਦਦ ਨਾਲ ਬਣਦੇ ਹਨ।ਵੱਖ ੨ ਜਗ੍ਹਾ ਦੇ ਸਿੱਲਾਂ 'ਚ ਵੱਖ ੨ ਮਿਕਦਾਰ 'ਚ ਪਾਣੀ ਹੁੰਦਾ ਹੈ।ਇਸ ਰਾਹੀਂ ਖ਼ੁਰਾਕ ਸਿੱਲਾਂ ਤੱਕ ਪਹੁੰਚਦੀ ਹੈ।ਗੰਦੇ ਪਦਾਰਥ ਭੀ ਪਾਣੀ ਰਾਹੀਂ ਬਾਹਰ ਨਿਕਲਦੇ ਹਨ।ਪਾਣੀ ਨਾਲ ਭੋਜਨ ਹਜ਼ਮ ਹੁੰਦਾ ਹੈ।ਸ੍ਰੀਰ ਦੀ ਗਰਮੀ ਨਿਯਮ ਬੱਧ ਕਰਦਾ ਹੈ।ਪਾਣੀ ਰਾਹੀਂ ਖ਼ੁਰਾਕ ਦੇ ਤੱਤ ਲਹੂ 'ਚ ਮਿਲਦੇ ਹਨ।ਸ੍ਰੀਰ 'ਚ ਪਾਣੀ ਸਹਾਰੇ ਲਹੂ ਚੱਕਰ ਹੈ।ਸ੍ਰੀਰਕ ਜੋੜਾਂ ਦੇ ਅੰਗਾਂ ਨੂੰ ਪਾਣੀ ਨਰਮ ਰੱਖਦਾ ਹੈ।

੪੪.ਪਾਣੀ ਦੀ ਘਾਟ ਦੇ ਨੁਕਸਾਨ:-ਪਦਾਰਥ ਪਚਦਾ ਨਹੀਂ,ਪਾਣੀ ਤੋਂ ਬਿਨਾ ਜੇ ਕੁੱਝ ਭੋਜਨ ਪਚ ਜਾਵੇ ਤਾਂ ਇਸ ਦੇ ਰਸ ਆਪਣੇ ਟਿਕਾਣੇ ਸਿੱਲਾਂ ਤੱਕ ਚੰਗੀ ਤਰ੍ਹਾਂ ਨਹੀਂ ਪਹੁੰਚਦੇ,ਕਬਜ਼ ਹੋ ਜਾਂਦੀ ਹੈ।ਮਿਹਦਾ ਭਾਰਾ ਸ੍ਰੀਰ ਕਮਜ਼ੋਰ,ਚਿਹਰਾ ਪੀਲ਼ਾ ਹੋ ਜਾਂਦਾ ਹੈ।ਸਿਰ ਹਮੇਸ਼ਾਂ ਥੱਕਿਆ ਪ੍ਰਤੀਤ ਹੁੰਦਾ ਹੈ।ਗਰਮੀ ਜ਼ਿਆਦਾ ਮਹਿਸੂਸ ਹੁੰਦੀ ਹੈ।ਸ੍ਰੀਰ 'ਚੋਂ ਗੰਦੇ ਮਾਦੇ ਬਾਹਰ ਘੱਟ ਨਿਕਲਦੇ ਹਨ।ਡੀਹਾਈਡਰੇਸ਼ਨ ਹੋ ਜਾਂਦੀ ਹੈ।ਜੋੜਾਂ 'ਚ ਦਰਦ ਹੋ ਜਾਂਦਾ ਹੈ।ਗੁਰਦਿਆਂ 'ਚ ਪਥਰੀ ਬਣ ਜਾਂਦੀ ਹੈ।

੪੫.ਪਾਣੀ ਦੇ ਵਾਧੇ ਦੇ ਨੁਕਸਾਨ:-ਵੱਧ ਪਾਣੀ ਪੀਣੇ ਤੇ,ਮਿਹਦਾ ਭਰਿਆ ਰਹਿੰਦਾ ਹੈ,ਭੁੱਖ ਘੱਟ ਲੱਗਦੀ ਹੈ।ਖਾਣਾ ਖਾਂਦਿਆਂ ਲੋੜ ਤੋਂ ਵੱਧ ਪਾਣੀ ਨਹੀਂ ਪੀਣਾ ਚਾਹੀਦਾ।ਸਿਕੰਜਵੀ ਬਰਫ ਪਾ ਕੇ ਵੱਧ ਪੀਤੀ ਜਾਵੇ ਤਾਂ ਬੰਨ੍ਹ ਪੈ ਜਾਂਦਾ ਹੈ।ਜ਼ਿਆਦਾ ਠੰਢਾ ਪਾਣੀ ਪੀਣ ਨਾਲ,ਕਬਜ਼ ਹੋ ਜਾਂਦੀ ਹੈ।ਪਿਆਸ ਪੂਰੀ ਕਰ ਲੈਣੀ ਹੀ ਪਾਣੀ ਦੀ ਠੀਕ ਮਾਤ੍ਰਾ ਹੈ।ਜਿੱਥੋਂ ਤੱਕ ਹੋ ਸਕੇ,ਜ਼ਿਆਦਾ ਸਮਾਂ ਖੁੱਲੇ ਅਕਾਸ਼ 'ਚ ਰਹਿਣਾ ਚਾਹੀਦਾ ਹੈ।ਪੇਟ 'ਚ ਭੀ ਅਕਾਸ਼ ਹੈ।ਜ਼ਿਆਦਾ ਪੇਟ ਭਰਨ ਨਾਲ ਅਕਾਸ਼ ਖ਼ਤਮ ਹੋ ਜਾਂਦਾ ਹੈ।ਵਾਹਿਗੁਰੂ॥ਉਨੀਂਦਰੇ ਨਾਲ ਭੀ ਸ੍ਰੀਰ ਦੀ ਖਿਲਤ 'ਚ ਵਿਗਾੜ ਪੈਂਦਾ ਹੈ।ਵਾਹਿਗੁਰੂ॥ਅੱਠਾਂ ਪਹਿਰਾਂ 'ਚ ਮਸੱਕਤ ਕਰਦਿਆਂ ਅਰਾਮ ਭੀ ਬਹੁਤ ਹੀ ਜ਼ਰੂਰੀ ਹੈ।ਫਰਿਜ਼ 'ਚ ਰੱਖੀ ਸਬਜ਼ੀ ਤੇ ਫਰਿਜ਼ ਦਾ ਠੰਢਾ ਪਾਣੀ ਤੇ ਬਰਫ਼ ਆਈਸ ਕਰੀਮ ਸਿਹਤ ਲਈ ਲਾਭਦਾਇਕ ਨਹੀਂ।ਜ਼ਿਆਦਾ ਠੰਢੀ ਚੀਜ਼ ਨਾਲ ਕਬਜ਼ ਵਾਈ ਅਲਰਜੀ ਸਾਹ ਦੀ ਬਿਮਾਰੀ ਹੋ ਜਾਂਦੀ ਹੈ,ਬਰਫ਼ ਉੱਕਾ ਹੀ ਤਿਆਗੋ।ਕੋਰੇ ਘੜੇ ਦੇ ਪਾਣੀ ਤੋਂ ਵੱਧ,ਠੰਢੇ ਪਾਣੀ ਦੀ ਵਰਤੋਂ ਨਾ ਕਰੋ।ਫਰਿੱਜ਼ ਦੀ ਗ਼ਲਤ ਵਰਤੋਂ ਨਾ ਕਰੋ,ਬੱਚਿਆਂ ਨੂੰ ਰੋਗਾਂ ਤੋਂ ਬਚਾਉ ਤੇ ਆਪ ਬਚੋ।ਫਰਿੱਜ਼ 'ਚ ਦੁੱਧ ਦਹੀਂ ਦਵਾਈ ਫ਼ਲ ਰੱਖੋ।

੪੬.ਵਾਹਿਗੁਰੂ॥ਸਾਫ਼ ਖੁੱਲੀ ਤਾਜ਼ੀ ਹਵਾ ਬੜੀਆਂ ੨ ਤਾਕਤਵਰ ਖ਼ੁਰਾਕਾਂ ਦਵਾਈਆਂ ਨਾਲ਼ੋਂ,ਵੱਧ ਤਾਕਤ ਅਰੋਗਤਾ ਦੇਣ ਵਾਲੀ ਹੈ।ਰੰਗਾਂ ੨ ਦੇ ਫ਼ੁੱਲਾਂ ਦੀ ਤਾਜ਼ੀ ਖ਼ੁਸ਼ਬੋਦਾਰ ਹਵਾ ਅਨੰਤ ਸੁਰਗਾਂ ਨਿਆਮਤਾਂ ਨਾਲੋਂ ਚੰਗੀ,ਵਾਹਿਗੁਰੂ ਜੀ ਦੀ ਅਮੋਲਕ ਦਾਤ ਹੈ।ਕੰਧ 'ਚ ਕੂਲਰ ਇਉਂ ਫਿੱਟ ਕੀਤਾ ਜਾਵੇ,ਜਿਵੇਂ ਬਾਹਰਲੀ ਹਵਾ ਲੈ ਕੇ ਅੰਦਰ ਸਾਫ਼ ਹਵਾ ਦੇਵੇ,ਹੋਰ ਕਿਤੋਂ ਦੀ ਹਵਾ ਅੰਦਰ ਨਾ ਆਵੇ।ਬਾਹਰ ਹਵਾ ਕੱਢਣ ਲਈ ਵੱਡੇ ਇਗ਼ਜ਼ਾਸਟ ਪੱਖੇ ਲਾਏ ਜਾਣ।ਜਿੱਥੇ ਬਹੁਤੀ ਜਨਤਾ ਜੁੜਦੀ ਹੈ,ਉਥੇ ਕੂਲਰਾਂ ਦੁਆਰਾ ਅੰਦਰ ਹਵਾ ਲੈਣ,ਬਾਹਰ ਹਵਾ ਕੱਢਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।ਸਾਫ਼ ਹਵਾ ਲੈਣ ਲਈ ਉਪ੍ਰੋਕਤ ਬੇਨਤੀ ਦਾ ਖ਼ਿਆਲ ਰੱਖਣਾ,ਜਿਸ ਕਰਕੇ ਦਫ਼ਤਰਾਂ ਵਾਲੇ ਬਿਮਾਰ ਨ ਹੋਣ।ਵਾਹਿਗੁਰੂ॥ਜਿੱਥੇ ਠੰਢ ਘੱਟ ਹੋਵੇ,ਠੰਢ 'ਚ ਰੌਸ਼ਨਦਾਨ ਖੋਲ੍ਹ ਕੇ ਸੌਣਾ ਚਾਹੀਦਾ।ਠੰਢ ਨੂੰ ਹਉਆ ਮੰਨ ਕੇ,ਬਾਰ ਬਾਰੀਆਂ ਰੌਸ਼ਨਦਾਨ ਬੰਦ ਕਰਕੇ ਪੈਂਦੇ ਹਨ,ਇਹ ਠੀਕ ਨਹੀਂ।ਰਜ਼ਾਈ 'ਚ ਮੂੰਹ ਲੁਕਾ ਕੇ ਪੈਣਾ ਮਾੜੀ ਆਦਤ ਹੈ,ਇਸ ਨਾਲ ਕਾਰਬਨ ਡਾਈਅਕਸਾਈਡ ਗੰਦੀ ਗੈਸ ਫ਼ੇਫੜਿਆਂ ਨੂੰ ਖ਼ਰਾਬ ਕਰਦੀ ਹੈ।ਇਸ ਕਰਕੇ ਮੂੰਹ ਬਾਹਰ ਰੱਖੋ,ਮੂੰਹ 'ਤੇ ਅਲੱਗ ਕਪੜਾ ਲਵੋ।ਵਾਹਿਗੁਰੂ॥ਦਰਵਾਜ਼ੇ ਬਾਰੀਆਂ ਬੰਦ ਕਰਕੇ ਪੈਣ ਦੀ ਬਜਾਏ,ਬਾਹਰ ਸਾਫ਼ ਖੁੱਲੀ ਹਵਾ 'ਚ ਮੱਛਰਦਾਨੀ ਲਾ ਕੇ ਪਵੋ।ਬਾਹਰ ਖੁੱਲੀ ਹਵਾ 'ਚ ਪੈਣ ਕਰਕੇ,ਅੰਮ੍ਰਿਤ ਵੇਲੇ ਉੱਠਣ 'ਚ ਆਲਸ ਨਹੀਂ ਆਉਂਦਾ,ਦਿਮਾਗ਼ ਤਾਜ਼ਾ ਰਹਿੰਦਾ ਹੈ।ਵਾਹਿਗੁਰੂ॥ਗਰਮੀ 'ਚ ਬੰਦ ਕਮਰੇ 'ਚ ਭਾਵੇਂ ਪੱਖਾ ਚਲਦਾ ਹੋਵੇ ਤਾਂ ਭੀ ਜ਼ਿਆਦਾ ਤਾਪਮਾਨ ਹੁੰਦਾ ਹੈ,ਆਕਸੀਜ਼ਨ ਦੀ ਘਾਟ ਹੁੰਦੀ ਹੈ,ਇਸ ਲਈ ਬਾਹਰ ਮੱਛਰਦਾਨੀ ਲਾ ਕੇ ਪੈਣ ਦੇ ਬਹੁਤ ਗੁਣ ਹਨ।ਵਾਹਿਗੁਰੂ॥ਸਾਫ਼ ਹਵਾ:-ਸਾਫ਼ ਖੁੱਲੀ ਤਾਜ਼ੀ ਹਵਾ ਬੜੀਆਂ ੨ ਤਾਕਤਵਰ ਖ਼ੁਰਾਕਾਂ ਦਵਾਈਆਂ ਨਾਲ਼ੋਂ,ਵੱਧ ਤਾਕਤ ਅਰੋਗਤਾ ਦੇਣ ਵਾਲੀ ਹੈ।ਰੰਗਾਂ ੨

ਦੇ ਫ਼ੁੱਲਾਂ ਦੀ ਤਾਜ਼ੀ ਖ਼ੁਸ਼ਬੋਦਾਰ ਹਵਾ ਅਨੰਤ ਸੁਰਗਾਂ ਨਿਆਮਤਾਂ ਨਾਲੋਂ ਚੰਗੀ,ਵਾਹਿਗੁਰੂ ਜੀ ਦੀ ਅਮੋਲਕ ਦਾਤ ਹੈ।ਕੰਧ 'ਚ ਕੂਲਰ ਇਉਂ ਫਿੱਟ ਕੀਤਾ ਜਾਵੇ,ਜਿਵੇਂ ਬਾਹਰਲੀ ਹਵਾ ਲੈ ਕੇ ਅੰਦਰ ਸਾਫ਼ ਹਵਾ ਦੇਵੇ,ਹੋਰ ਕਿਤੋਂ ਦੀ ਹਵਾ ਅੰਦਰ ਨਾ ਆਵੇ।ਬਾਹਰ ਹਵਾ ਕੱਢਣ ਲਈ ਵੱਡੇ ਇਗਜ਼ਾਸਟ ਪੱਖੇ ਲਾਏ ਜਾਣ।ਜਿੱਥੇ ਬਹੁਤੀ ਜਨਤਾ ਜੁੜਦੀ ਹੈ,ਉਥੇ ਕੂਲਰਾਂ ਦੁਆਰਾ ਅੰਦਰ ਹਵਾ ਲੈਣ,ਬਾਹਰ ਹਵਾ ਕੱਢਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।ਸਾਫ਼ ਹਵਾ ਲੈਣ ਲਈ ਉਪ੍ਰੋਕਤ ਬੇਨਤੀ ਦਾ ਖ਼ਿਆਲ ਰੱਖਣਾ,ਜਿਸ ਕਰਕੇ ਦਫ਼ਤਰਾਂ ਵਾਲੇ ਬਿਮਾਰ ਨ ਹੋਣ।ਵਾਹਿਗੁਰੂ॥ਜਿੱਥੇ ਠੰਢ ਘੱਟ ਹੋਵੇ,ਠੰਢ 'ਚ ਰੌਸ਼ਨਦਾਨ ਖੋਲ੍ਹ ਕੇ ਸੌਣਾ ਚਾਹੀਦਾ।ਠੰਢ ਨੂੰ ਹਉਆ ਮੰਨ ਕੇ,ਬਾਰ ਬਾਰੀਆਂ ਰੌਸ਼ਨਦਾਨ ਬੰਦ ਕਰਕੇ ਪੈਂਦੇ ਹਨ,ਇਹ ਠੀਕ ਨਹੀਂ।ਰਜ਼ਾਈ 'ਚ ਮੂੰਹ ਲੁਕਾ ਕੇ ਪੈਣਾ ਮਾੜੀ ਆਦਤ ਹੈ,ਇਸ ਨਾਲ ਕਾਰਬਨ ਡਾਈਅਕਸਾਈਡ ਗੰਦੀ ਗੈਸ ਫ਼ੇਫੜਿਆਂ ਨੂੰ ਖ਼ਰਾਬ ਕਰਦੀ ਹੈ।ਇਸ ਕਰਕੇ ਮੂੰਹ ਬਾਹਰ ਰੱਖੋ,ਮੂੰਹ 'ਤੇ ਅਲੱਗ ਕਪੜਾ ਲਵੋ।ਵਾਹਿਗੁਰੂ॥ਦਰਵਾਜ਼ੇ ਬਾਰੀਆਂ ਬੰਦ ਕਰਕੇ ਪੈਣ ਦੀ ਬਜਾਏ,ਬਾਹਰ ਸਾਫ਼ ਖੁੱਲੀ ਹਵਾ 'ਚ ਮੱਛਰਦਾਨੀ ਲਾ ਕੇ ਪਵੋ।ਬਾਹਰ ਖੁੱਲੀ ਹਵਾ 'ਚ ਪੈਣ ਕਰਕੇ,ਅੰਮ੍ਰਿਤ ਵੇਲੇ ਉੱਠਣ 'ਚ ਆਲਸ ਨਹੀਂ ਆਉਂਦਾ,ਦਿਮਾਗ਼ ਤਾਜ਼ਾ ਰਹਿੰਦਾ ਹੈ।ਵਾਹਿਗੁਰੂ॥ਗਰਮੀ 'ਚ ਬੰਦ ਕਮਰੇ 'ਚ ਭਾਵੇਂ ਪੱਖਾ ਚਲਦਾ ਹੋਵੇ ਤਾਂ ਭੀ ਜ਼ਿਆਦਾ ਤਾਪਮਾਨ ਹੁੰਦਾ ਹੈ,ਆਕਸੀਜ਼ਨ ਦੀ ਘਾਟ ਹੁੰਦੀ ਹੈ,ਇਸ ਲਈ ਬਾਹਰ ਮੱਛਰਦਾਨੀ ਲਾ ਕੇ ਪੈਣ ਦੇ ਬਹੁਤ ਗੁਣ ਹਨ।ਵਾਹਿਗੁਰੂ॥ਪੱਖੇ ਦੀ ਹਵਾ ਸ੍ਰੀਰ ਨੂੰ ਸੁਸਤ ਗਰਮ ਕਰਦੀ ਹੈ,ਬਾਹਰਲੀ ਹਵਾ ਤਾਜ਼ਗੀ ਦਿੰਦੀ ਹੈ।ਵਾਹਿਗੁਰੂ॥ਜਿਹੜਾ ਫ਼ੌਜੀ ਮੱਛਰਦਾਨੀ 'ਚੋਂ ਹੱਥ ਬਾਹਰ ਕੱਢੇ,ਉਸ ਨੂੰ ਸਜ਼ਾ ਦਿੱਤੀ ਜਾਂਦੀ ਹੈ।ਮੱਛਰਦਾਨੀ 'ਚ ਸੌਣ ਕਰਕੇ ਸੌਣ ਦਾ ਸਮਾਂ ਖ਼ਰਾਬ ਨਹੀਂ ਹੁੰਦਾ,ਮਲੇਰੀਏ ਦੀ ਜੜ ਪੁੱਟੀਦੀ ਹੈ।ਵਾਹਿਗੁਰੂ॥ ਹਮੇਸ਼ਾਂ ਨਾਈਲੋਨ ਦੀ ਮੱਛਰਦਾਨੀ ਵਰਤੋ,ਵੱਧ ਸਮਾਂ ਕੱਢਦੀ ਹੈ,ਹਵਾ ਭੀ ਲੱਗਦੀ ਹੈ,ਸੂਤੀ 'ਚ ਹਵਾ ਨਹੀਂ ਲੱਗਦੀ।ਵਾਹਿਗੁਰੂ॥ਹਾਰਡ ਬਿੱਡ ਤੇ ਪੈਣਾ ਜ਼ਿਆਦਾ ਗੁਣਕਾਰੀ ਹੈ,ਮੰਜੇ ਤੇ ਢੂਹੀ ਕੁੱਬੀ ਹੁੰਦੀ ਹੈ।ਖ਼ਾਸ ਧਿਆਨ ਨਾਲ ਮੰਨਣ ਯੋਗ ਪ੍ਰੇਮ ਬੇਨਤੀ ਹੈ,ਦਿਲ ਖੱਬੇ ਪਾਸੇ ਹੈ,ਇਸ ਲਈ ਖੱਬੀ ਵੱਖੀ 'ਤੇ ਨਹੀਂ ਪੈਣਾ।ਹਮੇਸ਼ਾਂ ਸੱਜੇ ਪਾਸੇ ਜਾਂ ਸਿੱਧੇ ਪਵੋ।ਜਿਸ ਕਰਕੇ ਦਿਲ ਨੂੰ ਝਟਕਾ ਨ ਵੱਜੇ,ਦਬਾਅ ਨ ਪਵੇ।ਦੋ ਸ੍ਰੀਰਾਂ ਦੇ ਇਕੱਠੇ ਪੈਣ ਤੋਂ ਮੋਹ ਵਧਦਾ ਹੈ,ਛੂਤ ਦੀ ਬਿਮਾਰੀ ਲੱਗਦੀ ਹੈ।ਰਾਤ ਨੂੰ ਪੂਰਾ ਅਰਾਮ ਨਹੀਂ ਕਰ ਸਕਦੇ,ਇੱਕ ਦੂਜੇ ਨੂੰ ਜਗ੍ਹਾ ਦਿੰਦੇ ਹਨ,ਜੇ ਰਜਾਈ 'ਚ ਮੂੰਹ ਕਰ ਲੈਣ ਤਾਂ ਭੈੜੀ ਗੈਸ ਅੰਦਰ ਜਾਣ ਕਰਕੇ ਰੋਗ ਲੱਗਦੇ ਹਨ।ਅਨਾੜੀ ਬੱਚੇ ਇਕੱਠੇ ਪੈਣ ਤਾਂ ਹੋਰ ਭੀ ਗ਼ਲਤ ਹੈ।ਸ੍ਰੀ ਦਮਦਮੀ ਟਕਸਾਲ 'ਚ ਸੰਤਾਂ ਮਹਾਂਪੁਰਖਾਂ ਦਾ ਹੁਕਮ ਸੀ,ਦੋ ਸ੍ਰੀਰ ਇਕੱਠੇ ਨਹੀਂ ਪੈ ਸਕਦੇ।

੪੭.ਮੂੰਹ ਬੇਸੁਆਦ ਹੋਣਾ,ਬਦਬੋ ਆਉਣ ਦੇ ਕਾਰਣ ਤੇ ਨਿਵਿਰਤੀ:-ਬਿਰਥਾ;ਨਾਮ ਬਿਨਾ ਤਨੁ ਅੰਧ॥ਮੁਖਿ ਆਵਤ;ਤਾ ਕੈ ਦੁਰਗੰਧ॥ਤਮਾਕੂ ਸ਼ਰਾਬ ਮੰਦ ਕਰਮ ਹੰਕਾਰ 'ਚ,(ਅੰਧ)ਅੰਨ੍ਹੇ ਸਾਕਤ ਦਾ ਤਨੁ,ਨਾਮ ਜਪੇ ਜਪਾਏ ਪਰਉਪਕਾਰ ਬਿਨਾ,(ਬਿਰਥਾ)ਨਿਕੰਮਾ ਹੈ,ਕਿਉਂ ਜੋ(ਤਾ)ਤਿਸ(ਕੈ)ਦੇ ਮੁਖਿ

’ਚੋਂ,ਜ਼ਹਿਰ ਨਾਲੋਂ ਭੀ ਕੌੜੇ,ਨਿੰਦਿਆ ਵਿਕਾਰਾਂ ਦੇ ਬਚਨਾ,ਜਗਤ ਜੂਠ ਨਸ਼ਿਆਂ ਦੀ,ਬਿਸ਼ਟਾ ਤੋਂ ਭੀ ਭੈੜੀ(ਦੁਰਗੰਧ) ਬਦਬੋ(ਆਵਤ)ਆਉਂਦੀ ਹੈ।ਜੇ ਸਾਕਤੁ ਨਰੁ.ਖਾਵਾਈਐ ਲੋਚੀਐ;ਬਿਖੁ ਕਢੈ ਮੁਖਿ ਉਗਲਾਰੇ॥ਹਰਿ.ਸਾਕਤ ਸੇਤੀ,ਸੰਗੁ ਨ ਕਰੀਅਹੁ;ਓਇ ਮਾਰੇ ਸਿਰਜਣਹਾਰੇ॥ਵਿਰਲੇ ਛੱਡ ਕੇ,ਸੌਂ ਕੇ ਉੱਠਦਿਆਂ ਮੂੰਹ ਬੇਸੁਆਦ ਹੁੰਦਾ ਹੈ।ਮੇਹਦੇ ਦੀ ਕਮਜ਼ੋਰੀ,ਬੇਹਾ ਪਦਾਰਥ ਖਾਣਾ,ਤੇਜ਼ ਮਿੱਠਾ ਕਉੜਾ ਮਸਾਲਾ ਖਾਣਾ,ਵਾਈ ਰੇਸ਼ੇ ਵਾਲੇ ਗ਼ਲੇ ਸੜੇ ਪਦਾਰਥ ਖਾਣੇ,ਵਿਸ਼ੇ ’ਚ ਖੱਚਤ ਹੋਣਾ,ਵਿਹਲੇ ਰਹਿਣਾ,ਸ਼ਰਾਬ ਕੌਫ਼ੀ ਚਾਹ ਤਮਾਕੂ ਭੈੜੇ ਨਸ਼ੇ ਵਰਤਣੇ,ਤਲ਼ੇ ਪਦਾਰਥ,ਸ੍ਰੀਰ ’ਚ ਰੋਗ਼,ਜ਼ਿਆਦਾ ਖਾਣਾ,ਮਾਸ ਘਿਉ ਹੈਵੀ ਖ਼ੁਰਾਕ ਖਾਣੀ,ਜ਼ਿਆਦਾ ਉਨੀਂਦ੍ਰਾ ਵਰਜ਼ਿਸ਼ ਦੀ ਘਾਟ,ਧਰਮ-ਕ੍ਰਿਤ ਨ ਕਰਨੀ,ਜ਼ਿਆਦਾ ਠੰਢਾ ਪਾਣੀ ਪਦਾਰਥ ਆਈਸਕ੍ਰੀਮ ਖਾਣੀ,ਸਾਦਾ ਪਦਾਰਥ ਨ ਛਕਣਾ,ਨਾਮੁ ਨ ਜਪਣਾ ਆਦਿ ਕਰਕੇ ਸੌਂ ਕੇ ਉੱਠਣ ਤੋਂ ਮੂੰਹ ਬੇਸੁਆਦ ਹੁੰਦਾ ਹੈ।ਨਾਮ ਜਪਣ ਜਪਾਉਣ,ਗੁਰੂ ਸੇਵਾ ਕਰਨ ਕਰਾਉਣ,ਸਖ਼ਤ ਕਸਰਤ,ਹੱਥਚੱਕੀ ਦਾ ਤਾਜ਼ਾ ਆਟਾ,ਸਾਦਾ ਸੱਜਰਾ ਭੋਜਨ ਵਾਲੇ ਸਾਕਾਹਾਰੀ ਗੁਰਮੁਖਾਂ ਦਾ ਮੂੰਹ,ਅੱਠੇ ਪਹਿਰ ਅੰਮ੍ਰਿਤ ਬ੍ਰਹਮਾਨੰਦ ਰਸ ਨਾਲ ਭਰਿਆ ਮਿੱਠਾ ਰਹਿੰਦਾ ਹੈ।ਅੰਮ੍ਰਿਤ ਵੇਲੇ ਉੱਠਣ ਤੋਂ ਭੀ ਬੇਸੁਆਦ ਨਹੀਂ ਹੁੰਦਾ।ਸੋ ਇਨ੍ਹਾਂ ਤੋਂ ਪ੍ਰਹੇਜ਼ ਕਰਕੇ,ਖ਼ੂਬ ਕਸਰਤ ਧਰਮ-ਕ੍ਰਿਤ ਗੁਰੂ ਸੇਵਾ ਸਿਮਰਨ ਕਰਨ ਨਾਲ,ਗੁਰਬਾਣੀ ਅਰਥ ਵੀਚਾਰਨ ਕਥਾ ਕੀਰਤਨ ਕਰਨ ਸੁਨਣ ਤੋਂ,ਪੂਰੇ ਗੁਰੂਜੀ ਦਿਲ’ਚੋਂ ਮੁਖ’ਚ,ਅੰਮ੍ਰਿਤ ਹਰ ਸਮੇਂ ਭੇਜਦੇ ਰਹਿੰਦੇ ਹਨ।ਆਪਣੇ ਸੇਵਕ ਦਾ ਮੁਖ ਹਰ ਸਮੇਂ ਮਿੱਠਾ ਰੱਖਦੇ ਹਨ।ਮਨ ਮੀਠ ਤੁਹਾਰੋ ਕੀਓ॥੧॥ਰਾਤ ਨੂੰ ਭੋਜਨ ਛਕ ਕੇ ਬੁਰਸ਼ ਕਰੋ,ਜਿਸ ਕਰਕੇ ਸੌਂ ਕੇ ਉੱਠਣ ਤੋਂ ਮੂੰਹ ਬੇਸੁਆਦ ਨ ਹੋਵੇ।

੪੮.ਸਾਵਧਾਨ!ਸਾਵਧਾਨ!ਸਾਵਧਾਨ!ਹਾਰਟ ਅਟੈਕ ਤੋਂ ਬਚੋ।ਅਪਣੇ ਡਾਕਟ੍ਰ ਤੋਂ,ਆਪਣੇ ਖ਼ੂਨ ਦਾ ਦਬਾਅ,ਚੈਕ ਕਰਾਉਂਦੇ ਰਹੋ।ਕੋਟਿ ਬ੍ਰਹਮੰਡ ਦੀ ਰਚਨਾ ’ਚ,ਕਸਰਤ ਤੋਂ ਵੱਧ ਘਿਉ ਖਾਣ ਵਾਲ਼ੇ,ਅਨੇਕਾਂ ਹੀ ਹੁਣ ਬੀਮਾਰ ਪਏ ਹਨ,ਅਨੇਕਾਂ ਹੀ ਹੁਣ ਮਰ ਰਹੇ ਹਨ।ਲੋੜ ਤੋਂ ਵੱਧ ਘਿਉ,ਕੰਨ ਫੜ ਕੇ ਬੰਦ ਕਰੋ ਜੀ।ਖ਼ੂਬ ਕਸਰਤ,ਸਖ਼ਤ ਧਰਮ-ਕ੍ਰਿਤ,ਸਖ਼ਤ ਗੁਰੂ ਸੇਵਾ ਤੋਂ ਬਿਨਾ,ਘਿਉ ਖਾਣ ਨਾਲ ਕੋਲੈਸਟਰਲ ਵਧ ਜਾਂਦਾ ਹੈ।ਇਸ ਲਈ ਘਿਉ ਸੰਜਮ ਨਾਲ ਛਕੋ।ਜੇ ਕਸਰਤ ਨਹੀਂ ਤਾਂ **40** ਸਾਲ ਤੋਂ ਉੱਪਰ,ਘਿਉ ਬੰਦ ਕਰੋ ਜੀ।ਸਾਰਿਆਂ ਨਾਲੋਂ ਗੁਣਕਾਰੀ ਪੁੰਗਰੇ ਛੋਲੇ ਹਨ,ਸਾਦਾ ਦਾਲ਼ ਬਣਾ ਕੇ ਖਾਉ।ਮਸਾਲੇ ਨਾ ਪਾਉ।ਆਪਣੇ ਖ਼ੂਨ ’ਚ ਕੋਲੈਸਟਰਲ ਨੂੰ ਸਿਹਤ ਦੇ ਸਤਰ ਉੱਪਰ ਰੱਖੋ।ਜੇ ਆਪ ਜੀ **18-29** ਸਾਲਾ ਦੇ ਹੋਂ,ਤਾਂ ਆਪ ਜੀ ਦਾ ਕੋਲੈਸਟਰਲ **4.6 mmol/l(180mg/dL)** ਤੋਂ ਘੱਟ ਹੋਣਾ ਚਾਹੀਦਾ ਹੈ।ਆਪਣੇ ਖ਼ੂਨ ਦੇ ਦਬਾਅ ਤੋਂ ਜਾਣੂੰ ਹੋਵੇ। ਆਪ ਤੌਰ ਤੇ ਇਹ **140/90mm/Hg** ਜਾ ਘੱਟ ਹੁੰਦਾ ਹੈ। ਜੇ ਆਪ ਜੀ ਦੇ ਖ਼ੂਨ ਦਾ ਦਬਾਅ ਵੱਧ ਹੈ ਤਾ ਇਸ ਬਾਰੇ ਜਾਣਨ ਲਈ ਆਪਣੇ ਡਾਕਟ੍ਰ ਨੂੰ ਪੁੱਛੋ।ਪ੍ਰੇਮਾ-ਭਗਤੀ,ਗੁਰੂ ਸੇਵਾ ਸਿਮਰਨ ਸਤਿਸੰਗਤਿ ਕਰਕੇ,ਗੁਨਾਹ ਤਿਆਗੋ।ਸ਼ੁਭ ਕਾਰਜ ਕਰੋ ਜੋ ਆਪ ਜੀ ਨੂੰ ਆਲਸਹੀਣ ਉੱਦਮੀ ਨਵੇਂ ਨਰੋਏ ਬਨਾਉਣ।

ਘੱਟ ਚਰਬੀ ਅਤੇ ਵੱਧ ਰੇਸ਼ੇਦਾਰ ਭੋਜਨ ਖਾ ਕੇ ਆਪਣਾ ਸ੍ਰੀਰਕ ਭਾਰ ਦਾ ਸੰਤੁਲਨ ਕਾਇਮ ਰੱਖੋ।ਉੱਪਰ ਲਿਖੀਆਂ ਨਸੀਹਤਾਂ ਦੀ ਪਾਲਣਾ ਕਰਨਾ ਆਪ ਜੀ ਨੂੰ ਦਿਲ ਦੀ ਬੀਮਾਰੀ, ਸ਼ੂਗਰ ਅਤੇ ਕੈਂਸਰ ਤੋਂ ਬਚਣ ਚ ਸਹਾਇਤਾ ਕਰ ਸਹਾਇਤਾ ਕਰਨਗੀਆਂ।

੪੯.ਘਰੇ ਰੂੜੀ ਬਾਤ ਹੈ ਕੂੜੀ:- ਰੂੜੀ ਰਾਹ ਤੋਂ ਦੂਰ ਟੋਇਆਂ 'ਚ ਲਾਉ,ਆਪੋ ਆਪਣੇ ਖੇਤਾਂ 'ਚ ਰੂੜੀ ਲਾਈ ਜਾਵੇ।ਡੰਗਰਾਂ ਹੇਠਾਂ ਖ਼ੂਬ ਰੇਤਾ ਸੁੱਟੋ,ਜਿਸ ਕਰਕੇ ਘਰ ਦੀ ਸਫ਼ਾਈ ਰਹੇ ਰੂੜੀ ਵਧੇ।ਰਾਹ 'ਤੇ ਜਾਂ ਘਰ ਲਾਉਣੀ ਬਹੁਤ ਮਾੜੀ,ਦਲਿੱਦ੍ਰ ਕੁਸਗਨ,ਬਿਮਾਰੀਆਂ ਦਾ ਕਾਰਨ ਹੈ।ਹਰ ਵੇਲੇ ਬਦਬੋ ਆਉਂਦੀ ਹੈ,ਮੱਖੀ ਮੱਛਰ ਬੰਦਿਆਂ ਪਛੂਆਂ ਨੂੰ ਕੱਟਦਾ ਹੈ।ਸੋ ਕਿੱਥੇ ਘਰ ਫ਼ੁੱਲ ਲਾਉਣੇ ਕਿੱਥੇ ਰੂੜੀ?ਆਪਣੇ ਗੁਆਂਢੀ ਦੇ ਬੂਹੇ ਸਾਹਮਣੇ ਰੂੜੀ ਨ ਲਾਉ,ਖੁਸ਼ਬੋ ਵਾਲੇ ਫ਼ੁੱਲ ਲਾਉ।ਆਪਣੇ ਗੁਆਂਢੀ ਦੇ ਨਲ਼ਕੇ ਨੇੜੇ ਕੱਚੀ ਲੈਟ੍ਰੀਨ ਬਣਾ ਕੇ ਪਾਪ ਨ ਖੱਟੋ।

੫੦.ਬ੍ਰਿਛ ਲਾਉਣ ਦਾ ਢੰਗ:-ਸਾਰੀ ਦੁਨੀਆਂ 'ਤੇ ਫਲ਼ਾਂ,ਲੱਕੜ ਦੀ ਬਹੁਤ ਹੀ ਘਾਟ ਹੈ।ਹਵਾ ਦੀ ਸਫ਼ਾਈ ਲਈ ਦੁਨੀਆਂ ਦੀ ਗਰੀਬੀ ਚੁੱਕਣ ਲਈ,ਫ਼ਲ਼ਦਾਰ ਬ੍ਰਿਛ ਲੱਗਣ।ਜੈਸਾ ਬ੍ਰਿਛ ਹੋਵੇ ਉਨੀ ਜਗ੍ਹਾ ਪੁੱਟ ਕੇ ਰੋੜ ਪਾਂਡੂ ਕੱਢ ਕੇ,ਡੂੰਘੇ ਤੋਂ ਡੂੰਘਾ,ਖੁੱਲੇ ਤੋਂ ਖੁੱਲਾ ਪੁੱਟ ਕੇ,ਚੰਗੀ ਮਿੱਟੀ ਪਾ ਕੇ,ਧਰਤੀ ਨਾਲੋਂ ਚਾਰ ਫੁੱਟ ਡੂੰਘੇ ਬ੍ਰਿਛ ਲਾਏ ਜਾਣ।ਜਿਵੇਂ ੨ ਵੱਡੇ ਹੋਣ ਜੜਾਂ ਨਾਲ ਮਿੱਟੀ ਲਾਈ ਜਾਵੇ,ਜਿਸ ਕਰਕੇ ਪ੍ਰਫ਼ੁਲਤ ਹੋਣ।ਡਿੱਗਣ ਤੋਂ ਬਚਾਅ ਰਹੇ।ਜਦੋਂ ਵਿਹਲ ਦੇ ਦਿਨ ਹੋਣ ਤਦੋਂ ਇਹ ਮਸੱਕਤ ਕੀਤੀ ਜਾਵੇ,ਮਸੱਕਤ ਨਾਲ ਹੀ ਚੰਗੀ ਸਿਹਤ ਬਣਦੀ ਹੈ।ਵਿਹਲੀਆਂ ਥਾਵਾਂ 'ਤੇ ਆਪਣੇ ਘਰਾਂ 'ਚ ਹਰ ਮਨੁੱਖ ਲਾਵੇ ਰੁੱਖ।ਮੁਲਕ ਖੁਸ਼ਹਾਲ ਮਾਲਾਮਾਲ ਨਿਹਾਲ ਹੋਵੇ।ਘੱਟ ਜ਼ਮੀਨ ਵਾਲੇ ਇਸ ਤਰ੍ਹਾਂ ਟੋਏ ਕੱਢ ੨ ਫ਼ਲ਼ਦਾਰ ਬ੍ਰਿਛ,ਜਾਮਣਾ ਅੰਬ ਬੇਰੀਆਂ ਆਦਿ ਲਾਉਣ ਤਾਂ ਬੜਾ ਭਾਰੀ ਲਾਭ ਹੋਵੇ।ਜਿਸ ਬੋਕੀ ਨਾਲ ਨਲ਼ਕਾ ਲਾਈਦਾ ਹੈ,ਉਸ ਨਾਲ ਬੋਰ ਕਰਕੇ ਸਫ਼ੈਦੇ,ਨਿੰਬੂ ਕਿਨੂੰ ਆਦਿ ਛੋਟੇ ਬੂਟੇ ਲਾਏ ਜਾਣ।ਇਕੱਲਾ ੨ ਬੰਦਾ ਆਪਣੇ ਆਪ 'ਚ ਅਮੀਰ ਬਣਨ ਦੀ ਰਾਤ ਦਿਨੇ ਦੌੜ ਲਾ ਰਿਹਾ ਹੈ,ਪਰ ਹਵਾ ਪਾਣੀ ਖ਼ੁਰਾਕ ਦਵਾਈ ਆਦਿ ਵਸਤੂਆਂ ਸ਼ੁੱਧ ਨਹੀਂ ਮਿਲ਼ਦੀਆਂ।ਫ਼ਲ਼ਦਾਰ ਬ੍ਰਿਛ ਲਾਉਣ ਦੇ ਕੋਟਾਨ ਕੋਟਿ ਲਾਹੇ ਹਨ।ਗੌਰਮਿੰਟ ਸਾਧੂ ਸੰਤ ਪਰਜਾ ਰਲ਼ ਕੇ ਬਾਗ਼ ਲਾਉਣ ਦੀ ਮੁਹਿੰਮ ਚਲਾਉਣ।ਜਿਹੜੇ ਸ੍ਰੀਰ ਗੰਦੇ ਵਾਤਾਵਰਨ,ਤੰਗ ਘਰਾਂ ਚ ਬਿਮਾਰ ਰਹਿੰਦੇ ਹਨ,ਦਵਾਈਆਂ ਲੈ ਕੇ ਥੱਕ ਚੁੱਕੇ ਹਨ,ਉਨਾਂ ਨੂੰ ਚਾਹੀਦਾ ਹੈ,ਖੇਤਾਂ 'ਚ ਜਾ ਕੇ ਕੰਮ,ਸੈਰ ਕਰਨ,ਹੱਥ ਚੱਕੀ ਦਾ ਆਟਾ ਛਕਣ।ਸ਼ੁੱਧ ਦਵਾਈ ਹਵਾ ਪਾਣੀ ਖ਼ੁਰਾਕ ਚੱਕੀ ਦਾ ਆਟਾ,ਪ੍ਰਹੇਜ਼ ਸੇਵਾ ਸਿਮਰਨ ਰੋਗ ਦੀ ਨਵਿਰਤੀ ਲਈ ਸਾਰੇ ਸਾਧਨ ਕਰਨ।

੫੧.ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥ਹੇ ਵਾਹਿਗੁਰੂ ਸਾਹਿਬ ਜੀਉ!ਜੀਆਂ 'ਤੇ ਤਰਸ ਕਰੋ ਜੋ ਡੰਗਰਾਂ ਦੀ ਸੰਭਾਲ਼ ਕਰਨ,ਡੰਗਰਾਂ ਦੀ ਸੰਭਾਲ਼ ਵਾਲੇ ਪੁੰਨ ਖੱਟਦੇ ਹਨ,ਧਨ ਪਦਾਰਥ ਦਾ ਵਾਧਾ ਹੁੰਦਾ ਹੈ।ਡੰਗਰਾਂ ਵਾਲੇ ਕੋਠੇ 'ਚ ਰੋਸ਼ਨਦਾਨ ਰੱਖਣੇ ਬਹੁਤ ਹੀ ਜ਼ਰੂਰੀ ਹਨ।ਡੰਗਰਾਂ ਵਾਲੇ ਅੰਦਰ

ਆਮ ਤੌਰ ਤੇ ਆਕਸੀਜ਼ਨ ਦੀ ਘਾਟ ਹੁੰਦੀ ਹੈ।ਜਿਸ ਦਾ ਡੰਗਰ ਦੀ ਸਿਹਤ ਤੇ ਬਹੁਤ ਮਾੜਾ ਅਸਰ ਪੈਂਦਾ ਹੈ।ਇਸ ਲਈ ਬਾਰੀ ਰੌਸ਼ਨਦਾਨ ਖੁੱਲੇ ਰੱਖੋ।ਵੰਡ ਵਾਲਾ ਭਾਂਡਾ ਹਮੇਸ਼ਾਂ ਢਕ ਕੇ ਰੱਖਣਾ ਚਾਹੀਦਾ ਹੈ।ਗੰਦੀ ਤੋਂ ਗੰਦੀ ਚੀਜ਼ ਡੰਗਰਾਂ ਵਾਲੇ ਡਾਂਡੇ 'ਚ ਸੁੱਟ ਕੇ ਜ਼ੁਲਮ ਨ ਕਰੋ।ਨੰਗੇ ਭਾਂਡੇ 'ਚ ਕਿਰਲੀ ਮਰਨੇ ਕਰਕੇ ਸਾਰੇ ਡੰਗਰ ਮਰਨ ਦਾ ਡਰ ਹੈ।ਧਨ ਦੇ ਲਾਲਚੀ ਖਲ਼ 'ਚ ਖੇਹ ਸੁਆਹ ਰਲ਼ਾ ਦਿੰਦੇ ਹਨ,ਅੱਜ ਕੱਲ ਸਰੋਂ ਜ਼ਿਆਦਾ ਤੋਂ ਜ਼ਿਆਦਾ ਪੀੜੀ ਜਾਂਦੀ ਹੈ,ਥੰਦਿਆਈ ਬਿਲਕੁੱਲ ਨਹੀਂ ਰਹਿੰਦੀ।ਖਲ਼ ਦੀ ਵਰਤੋਂ ਕਰਕੇ ਡੰਗਰ ਦੀ ਸਿਹਤ ਤੇ ਧਨ ਦਾ ਨੁਕਸਾਨ ਹੈ।ਇੱਕ ਕੁਵਿੰਟਲ ਖ਼ੁਰਾਕ 'ਚ ਚਾਰ ਕਿਲੋ ਯੂਰੀਆ ਤੇ ਗੰਦੀਆਂ ਚੀਜ਼ਾਂ ਪਾ ਕੇ ਸਸਤੀ ਦਿਤੀ ਜਾਂਦੀ ਹੈ।ਇੱਕ ਸੌ ਕਿਲੋ 'ਚ ਚਾਲ਼ੀ ਕਿਲੋ ਕਣਕ,ਸੱਤ ਕਿਲੋ ਗੁੜ,ਰਾਈਸ ਪਾਲਿਸ਼ ਬਾਈ ਕਿਲੋ,ਸਰੋਂ ਸੱਤ ਕਿਲੋ,ਵੜੇਵੇਂ ਦਸ ਕਿਲੋ, ਪਾਕਿਸਤਾਨੀ ਲੂਣ ਇੱਕ ਕਿਲੋ,ਮਿਨਰਲ ਮੈਕਚਰ ਦੋ ਕਿਲੋ,ਤਾਰਾ ਮੀਰਾ ਦੋ ਕਿਲੋ,ਮੇਥੇ ਦੋ ਕਿਲੋ,ਸੱਤ ਕਿਲੋ ਜੌਂ ਆਦਿ।ਖੁਰਾਕ ਬਣਾ ਕੇ ਤਜਰਬਾ ਹੋ ਜਾਂਦਾ ਹੈ,ਉਸ ਅਨੁਸਾਰ ਬਣਾਉ।ਗਰਮ ਸਰਦ ਰੁੱਤ ਅਨੁਸਾਰ ਸ਼ੁੱਧ ਖੁਰਾਕ ਬਣੇ ਤਾਂ ਬਿਮਾਰੀਆਂ ਹੀ ਚੁੱਕੀਆਂ ਜਾਣ।ਡੰਗਰਾਂ ਦੀ ਖ਼ੁਰਾਕ 'ਚ ਮਿੱਟੀ ਦਾਣੇ ਲੱਗੇ ਗਲ਼ੇ ਸੜੇ ਪਾਉਣਾ ਜ਼ੁਲਮ ਹੈ।ਜੇ ਸਸਤੀ ਮਾੜੀ ਖ਼ੁਰਾਕ ਪਾਈਏ ਉਸ 'ਚ ਤੱਤ ਨਹੀਂ ਹੁੰਦਾ।ਝੋਨੇ 'ਤੇ ਥਿੰਮਟ ਆਦਿ ਤੇਜ਼ ਦਵਾਈਆਂ ਛਿੜਕਣੇ ਕਰਕੇ ਪਰਾਲ਼ੀ 'ਤੇ ਮਾੜਾ ਅਸਰ ਪੈਂਦਾ ਹੈ,ਪਰਾਲ਼ੀ ਨਾਲ਼ ਪਿੰਡਾ ਖੁਸ਼ਕ ਪੂਛ ਝੜ ਜਾਂਦੀ ਹੈ।ਖ਼ੂਨ ਦੁੱਧ ਸੁੱਕ ਜਾਂਦਾ ਹੈ।ਪੱਠਿਆਂ ਨੂੰ ਗੋਹਾ ਰੂੜੀ ਜ਼ਿਆਦਾ ਪਾਈ ਜਾਵੇ।ਯੂਰੀਏ ਦੀ ਵਰਤੋਂ ਹੋ ਸਕੇ ਨ ਕੀਤੀ ਜਾਵੇ।ਦੁੱਧ 'ਚ ਯੂਰੀਏ ਗ਼ਲਤ ਖੁਰਾਕ ਦੇ ਅਸਰ ਕਰਕੇ ਸਰੀਰ ਬਿਮਾਰ ਹੋ ਰਹੇ ਹਨ,ਬੱਚਿਆਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ।ਘਰ ਦੀ ਉਸਾਰੀ ਬਾਰੇ ਸੂਚਨਾਵਾਂ:-ਅਬਾਦੀ ਜ਼ਿਆਦਾ ਤੋਂ ਜ਼ਿਆਦਾ ਵਧ ਰਹੀ ਹੈ,ਜਦੋਂ ਘਰ ਬਣਾਏ ਜਾਂਦੇ ਹਨ,ਤਦੋਂ ਗੌਰਮਿੰਟ ਸਹਾਇਤਾ ਦੇਵੇ,ਕਿਸਤਾਂ 'ਚ ਪੈਸੇ ਲੈ ਲਵੇ।ਨੀਹਾਂ ਮਜ਼ਬੂਤ,ਕੁਰਸੀ ਸੱਤ ਫੁੱਟ ਤੱਕ ਉੱਚੀ ਹੋਵੇ,ਜਿਸ ਤੇ ਵੱਧ ਤੋਂ ਵੱਧ ਹੋਰ ਮੰਜ਼ਲਾਂ ਪੈ ਸਕਣ।ਬੰਦ ਸ਼ੀਸ਼ਿਆਂ ਵਾਲੇ ਮਕਾਨ ਠੰਢੇ ਦੇਸ਼ਾਂ 'ਚ ਬਣਾਉਂਦੇ ਹਨ,ਉਨ੍ਹਾਂ ਦੀ ਰੀਸ ਕਰਕੇ ਗਰਮ ਦੇਸ਼ਾਂ ਵਾਲੇ ਭੀ ਉਸੇ ਤਰ੍ਹਾਂ ਬਣਾਉਂਦੇ ਹਨ।ਚਾਰ ਦਿਵਾਰੀ ਖੁੱਲ੍ਹੀ ਸੁਰੱਖਿਅਤ ਹੋਵੇ।ਮਕਾਨ ਦੇ ਚਾਰ ਚੁਫ਼ੇਰੇ ਬਰਾਂਡਾ,ਕਮਰਾ ਖ਼ੂਬ ਉੱਚਾ,ਹਵਾ ਰੌਸ਼ਨੀ ਲਈ ਚਾਰ ਚੁਫ਼ੇਰੇ ਬਾਰੀਆਂ ਹੋਣ।ਆਮ ਤੌਰ 'ਤੇ ਕਮਰੇ ਬਣਾ ਕੇ,ਸਮਾਨ ਰੱਖ ਕੇ ਰੋਕੇ ਜਾਂਦੇ ਹਨ।ਸਮਾਨ ਲਈ ਰੂਮ 'ਚ ਪੜਛੱਤੀਆਂ ਬਣਾਈਆਂ ਜਾਣ,ਕਮਰੇ ਹੇਠਾਂ ਜਿੱਥੇ ਪਾਣੀ ਦਾ ਡਰ ਨ ਹੋਵੇ ਭੋਰਾ ਬਣੇ,ਉੱਚੇ ਕਮਰੇ 'ਚ ਚੌਂਹੀ ਪਾਸੀਂ ਪੜਛੱਤੀ ਹੋਵੇ।ਪੌੜੀ ਮਿਸਬਰਾਊਨ ਹਸਤਪਤਾਲ਼ ਵਾਂਗ ਲੈਂਟਰ ਦੀ ਢਾਲ਼ ਬਣਾ ਕੇ ਚਾੜ੍ਹੀ ਜਾਵੇ।ਪੜਛੱਤੀ ਨੂੰ ਪੂਰੀਆਂ ਸਪੋਰਟਾਂ ਦਿੱਤੀਆਂ ਜਾਣ,ਇੱਕ ਕਮਰਾ ਤਿੰਨ ਕਮਰਿਆਂ ਦਾ ਕੰਮ ਦੇਵੇ।ਆਉਣ ਵਾਲੀ ਪੀੜੀ ਦੀ ਰਿਹਾਇਸ਼ ਉੱਪਰ ਹੋ ਸਕੇ।ਛੱਤ ਤੇ ਲੈਂਟਰ ਪਾਇਆ ਜਾਵੇ,ਸਤਿਗੁਰਾਂ ਦੇ ਪਰਮਪਵਿੱਤ੍ਰ ਪ੍ਰਕਾਸ਼ ਲਈ,ਚੌਂਹਾਂ ਖੂੰਜਿਆਂ

'ਤੇ ਮੋਟੇ ਕੁੰਡੇ ਲਾਏ ਜਾਣ। ਵਾਹਿਗੁਰੂ॥ਅਕਾਸ਼ੀ ਬਿਜਲੀ ਦੇ ਬਚਾਅ ਲਈ,ਅਰਥ ਜ਼ਰੂਰ ਹੀ ਲਾਇਆ ਜਾਵੇ,ਪਨਾਲੇ ਖੁੱਲ੍ਹੇ ਹੋਣ। ਉੱਪਰਲੀ ਛੱਤ ਦੀ ਢਾਲ਼ ਹੋਵੇ,ਜਿਸ ਕਰਕੇ ਉੱਪਰ ਪਾਣੀ ਨ ਖੜ੍ਹੇ। ਬਾਰੀਆਂ ਫ਼ਰਸ਼ ਤੱਕ ਹੋਣ ਜਿਸ ਕਰਕੇ ਖੁੱਲੀ ਹਵਾ ਆਵੇ ਜਾਵੇ,ਬਾਰੀਆਂ ਇੱਕ ਦੂਜੇ ਦੇ ਸਾਹਮਣੇ ਹੋਣ। ਵਾਹਿਗੁਰੂ॥ ਵਿਸ਼ੇ ਕਰਜ਼ਾ ਨਿੰਦਾ ਨਸ਼ੇ,ਚੋਰੀ ਯਾਰੀ ਜੂਆ ਕੁਸੰਗਤ ਕਰਕੇ ਉਮਰ ਘਟਦੀ ਹੈ। ਵਾਹਿਗੁਰੂ॥ ਧਰਤੀ 'ਚ ਬਣਾਏ ਭੋਰੇ ਜੰਗ 'ਚ ਕੰਮ ਆ ਸਕਦੇ ਹਨ।

੫੨.ਸਿਰ ਦੁਖੇ ਇਲਾਜ:- ਪੰਜ ਸਾਬਤੀਆਂ ਕਾਲ਼ੀਆਂ ਮਿਰਚਾਂ,ਪਾਣੀ ਨਾਲ ਅਪਣੇ ਅੰਦਰ ਲੰਘਾਉਣੀਆਂ,ਮੂੰਹ ਬੰਦ ਕਰਕੇ,ਉਂਗਲਾਂ ਨਾਲ ਨਾਸਾਂ ਘੁੱਟ ਕੇ,ਵੱਧ ਤੋਂ ਵੱਧ ਸਮਾਂ ਸਾਹ ਰੋਕ ਕੇ ਰੱਖਣ ਨਾਲ,ਸਿਰ ਦੁਖਣੋ ਹਟ ਜਾਂਦਾ ਹੈ।

੫੩.ਵਾਹਿਗੁਰੂ ਜੀ !ਡਰਾਈਵਿੰਗ, ਮਸ਼ੀਨਰੀ ਦੀ ਦੇਖ ਰੇਖ ਬਾਰੇ ਪੜ੍ਹੋ ਜੀ:- ਇੱਕ ੨ ਬਚਨ ਲੱਖ ੨ ਤੋਂ ਵੱਧ ਕੀਮਤੀ ਹੈ। ਹੋਰਨਾਂ ਨੂੰ ਭੀ ਦੱਸੋ ਅਮੀਰ ਬਣੋ। ਗੁਰੂ ਘਰ 'ਚ ਸ਼ਸ਼ਤ੍ਰ,ਅਸਵਾਰੀ ਦੀ ਪੂਰੀ ੨ ਸੰਭਾਲ ਕਰਨ ਦੀ ਮਰਯਾਦਾ ਹੈ । ਡਰਾਈਵਿੰਗ ਕਰਦਿਆਂ ਅਥਵਾ ਸਦਾ ਲਈ,ਕਿਸੇ ਨੂੰ ਗਾਲ਼ ਨਹੀਂ ਕੱਢਣੀ, ਸੁਆਸ ੨ ਨਾਮ ਜਪਣਾ,ਵਿਕਾਰ ਦ੍ਰਿਸਟੀ ਨਾਲ ਨਹੀਂ ਦੇਖਣਾ। ਗੱਡੀ ਤੋਰਨ ਤੋਂ ਪਹਿਲਾਂ ਇਹ ਚੈਕਿੰਗ ਕਰੋ :- ਗੱਡੀ ਦੇ ਸਾਰੇ ਕਾਗਜ਼ ਲਾਇਸੰਸ ਹੇਠਾਂ ਕੁੱਤਾ ਜਾਂ ਬੱਚਾ ਨ ਹੋਵੇ । ਹੈਂਡ ਬ੍ਰੇਕ ਖੋਲ੍ਹੋ । ਬ੍ਰੇਕ ਆਇਲ, ਮੋਬਿਲ, ਡੀਜਲ. ਗੇਅਰ ਡਫੈਂਸਲ ਸੀ ਐਲ, ਚਾਰੇ ਚੱਕੇ ਗਰੀਸ, ਟਾਇਰਾਂ ਦੀ ਹਵਾ, ਸਟਿੱਪਣੀ, ਹੌਜ਼ਪਾਈਪ, ਫਾਈਨ ਬਿਲਟ ਜ਼ਿਆਦਾ ਟਾਈਟ ਜਾਂ ਢਿੱਲੀ ਤਾਂ ਨਹੀ, ਬੈਟਰੀ ਦਾ ਪਾਣੀ, ਲਾਈਟਾਂ,ਇੰਡੀਕੇਟ੍ਰ, ਵੈਪਰ, ਚੱਕਿਆਂ ਦੇ ਬੈਰਿੰਗ ਚੱਕਾ ਹਿਲਾ ਕੇ ਚੈਕ ਕਰੋ ਚੱਕਿਆ ਦੇ ਨਟ, ਰੇਡੀਏਟ੍ਰ, ਪਾਣੀ, ਮੀਟਰ, ਹਾਰਨ, ਟਾਈਰਾਡ ਦੇ ਜੋੜ ਹਮੇਸ਼ਾ ਚੈਕ ਕਰਦੇ ਰਹੋ ਜੀ । ਡੀਜਲ ਘੱਟ ਹੋਣ ਤੋਂ ਪੰਪ ਦਾ ਨੁਕਸਾਨ ਹੈ, ਅੱਧੀ ਟੈਂਕੀ ਹੋਣ ਤੋਂ ਫੁੱਲ ਕਰਦੇ ਰਹੋ ਜੀ । ਮੋਬਿਲ ਹਮੇਸ਼ਾਂ ਪੂਰਾ ਰੱਖੋ ਜੀ । ਇਹ ਖਾਸ ਬਚਨ ਲਿਖ ਕੇ, ਗੱਡੀ 'ਚ ਲਾਏ ਜਾਣ। ਡਰਾਇਵਰ ਦੇ ਬਰਾਬਰ ਬੈਠ ਕੇ ਗੱਲਾਂ ਕਰਨੀਆਂ ਜਾਂ ਸੌਂਣਾ ਮਹਾਂ ਪਾਪ ਹੈ।

ਸਟਾਰਟ ਕਰਕੇ ਮੀਟ੍ਰ ਚੈਕ ਕਰੋ,ਕੁਝ ਸਮਾਂ ਸਟਾਰਟ ਰੱਖੋ ।ਠੰਢੀ ਨੂੰ ਰੇਸ ਨ ਕਰੋ, ਸਟਾਰਟ ਕਰਕੇ,ਪੰਜ ਮਿੰਟ ਖੜ੍ਹੀ ਚਲਾਉ। ਠੰਡੀ ਹੌਲੀ ਤੋਰੋ, ਜਦੋਂ ਮੋਬਿਲ ਸੀ ਐਲ ਦਾ ਗੇੜਾ ਬਣੇ ਫੇਰ ਚਲਾਉ , ਗੱਡੀ ਚਲਾਉਂਦਿਆਂ ਮੀਟ੍ਰ ਚੈਕ ਕਰਦੇ ਰਹੋ। ਟਾਇਰਾਂ ਨੂੰ ਚੈਕ ਕਰਕੇ ਗਿੱਟੀ,ਮੇਖ ਆਦਿ ਬਾਹਰੋਂ ਦੇਖ ਕੇ ਕੱਢਦੇ ਰਹੋ। ਛੋਟੀ ਤੋਂ ਛੋਟੀ ਮੇਖ ਗਿੱਟੀ ਹੌਲੀ ੨ ਪੈਂਚਰ ਕਰ ਦਿੰਦੀ ਹੈ ।

ਤੇਜ਼ ਭਜਾਉਣ ਦੇ ਨੁਕਸਾਨ:- ਐਕਸੀਡੈਂਟ ਹੋਣ ਤੋਂ ਦੁਨੀਆਂ ਦੀ ਐਵਰੇਜ ਉਮਰ ਘਟਦੀ ਹੈ, ਡਰਾਈਵਰ ਦੀ ਨਿਗ੍ਹਾ, ਉਮਰ ਘੱਟਦੀ ਹੈ । ਘਰ ਵਾਲੀ ਤੇ ਬੱਚੇ ਰੋਂਦੇ ਹਨ । ਕਰਜ਼ਾ ਸਿਰ ਚੜ੍ਹਦਾ ਹੈ । ਕਾਰੋਬਾਰ ਫੇਲ੍ਹ ਹੋ ਜਾਂਦਾ ਹੈ । ਗੇਅਰ ਡਫੈਂਸਲ ਟਾਇਰ ਬ੍ਰੇਕ ਸਾਰੇ ਪੁਰਜ਼ਿਆ ਦੀ ਉਮਰ ਘਟਦੀ ਹੈ ।

ਬਾਡੀ ਖੜ ਖੜ ਕਰਦੀ ਹੈ । ਡੀਜਲ, ਮੋਬਿਲ ਜ਼ਿਆਦਾ ਖਾਂਦੀ ਹੈ । ਕੋਈ ਨ ਕੋਈ ਚੀਜ ਟੁੱਟੀ ਹੀ ਰਹਿੰਦੀ ਹੈ । ਗੱਡੀ ਟੁੱਟ ਕੇ ਚੂਰ ਹੋ ਜਾਂਦੀ ਹੈ, ਹੋਰ ਬੰਦਿਆ ਨੂੰ ਭੀ ਮਾਰ ਦਿੰਦੀ ਹੈ । ਧੂਆਂ ਵੱਧ ਮਾਰਦੀ ਹੈ । ਰੀਪੇਅਰ ਦਾ ਖਰਚ ਵਧਦਾ ਹੈ।ਟਾਇਰ ਖਰਾਬ ਹੁੰਦੇ ਹਨ, ਜਦੋਂ ਕਿਤੇ ਜਾਣਾ ਹੋਵੇ, ਦਸ ਮਿੰਟ ਪਹਿਲਾਂ ਹੀ ਤੁਰੋ।

ਅਸਵਾਰੀ ਭਜਾ ਕੇ ਹੰਕਾਰ ਨ ਕਰੋ :-ਧੰਨ ਵਾਹਿਗੁਰੂ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਪੂਰਨ ਸੰਤ ਭਾਈ ਬਾਲੇ ਅਤੇ ਭਾਈ ਮਰਦਾਨੇ ਜੀ ਅਤੇ ਅਤੀ ਪਿਆਰੀ ਸਤਸੰਗਤ ਜੀ ਸਮੇਤ ਤੁਰੇ ਜਾ ਰਹੇ ਸਨ, ਮਗਰੋਂ ਇੱਕ ਸ਼ਰਾਬੀ ਨੇ ਤੇਜ਼ੀ ਨਾਲ ਆ ਕੇ ਭਾਈ ਮਰਦਾਨੇ ਜੀ ਦੇ ਘੋੜੇ ਦੀ ਫੇਟ ਮਾਰੀ, ਗਰੀਬ ਨਿਵਾਜ ਸਤਿਗੁਰਾਂ ਨੇ ਇਹ ਬਾਣੀ ਉਚਾਰੀ :- ਮਃ ੧॥ ਕਮਰਿ ਕਟਾਰਾ ਬੰਕੁੜਾ; ਬੰਕੇ ਕਾ ਅਸਵਾਰੁ॥ ਗਰਬੁ. ਨ ਕੀਜੈ ਨਾਨਕਾ; ਮਤੁ. ਸਿਰਿ ਆਵੈ ਭਾਰੁ॥੩॥ ਹੇ ਭਾਈ ! ਤੇਰੇ (ਕਮਰਿ ) ਲੱਕ ਨਾਲ (ਬੰਕੁੜਾ) ਸੁੰਦਰ ਕਟਾਰਾ ਸ਼ਸ਼ਤ੍ਰ ਬੱਧਾ ਹੈ, (ਬੰਕੇ) ਸੁੰਦਰ ਘੋੜੇ (ਕਾ) ਦਾ, ਤੂੰ ਅਸਵਾਰ ਹੈਂ । ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ :- ਹੇ ਭਾਈ ! ਤੂੰ (ਗਰਬੁ) ਹੰਕਾਰ ਨ ਕਰ, ਹੰਕਾਰ ਕਰਕੇ ਮਤਾਂ ਧਰਤੀ ਤੇ ਸਿਰਿ ਭਾਰੁ (ਆਵੈ ) ਆਵੇਂ ਭਾਵ ਡਿੱਗੇਂ । ਇਹ ਬਚਨ ਉਚਾਰਦਿਆਂ ਹੀ ਘੋੜੇ ਦਾ ਪੈਰ ਅਟਕਣ ਤੋਂ ਹੰਕਾਰੀ ਧਰਤੀ ’ਤੇ ਸਿਰ ਪਰਨੇ ਡਿੱਗ ਪਿਆ ।ਯਥਾ:- ਬਾਬਾ.ਹੋਰੁ ਚੜਣਾ;ਖੁਸੀ ਖੁਆਰੁ॥ਜਿਤੁ ਚੜਿਐ.ਤਨੁ ਪੀੜੀਐ;ਮਨ ਮਹਿ.ਚਲਹਿ ਵਿਕਾਰ॥ਉਪ੍ਰੋਕਤ ਚੌਂਹ ਤੁਕਾਂ ਦਾ ਖ਼ੂਬ ਅਭਿਆਸ ਕਰਕੇ, ਗੱਡੀ ਹਮੇਸ਼ਾ ਕੰਟਰੋਲ ’ਚ ਰੱਖ ਕੇ ਹੀ ਚਲਾਵੋ ਜੀ । ਤੇਜੀ ’ਚ ਅੰਨੇ ਹੋ ਕੇ ਚੱਲ ਕੇ, ਕਿਸੇ ਦੀ ਜਾਨ ਲੈਣੀ ਕਤਲ ਕਰਨ ਦੇ ਬਰਾਬਰ ਹੈ । ਸਿਆਣੇ ਚਾਲਕ :- ਬਾਈ ! ਸਾਰੀ ਜ਼ਿੰਦਗੀ ਗੱਡੀ ਹੀ ਚਲਾਉਣੀ ਹੈ, ਇਸ ਕਰਕੇ ਕਾਹਲੀ ਕਾਹਨੂੰ ਕਰਦੇ ਹੋਂ ? ਵਾਹਿਗੁਰੂ ॥ ਗੱਡੀ ਨੂੰ ਪਹਿਲਾਂ ਹੀ ਸਮੇਂ ਸਿਰ ਰੋਕੋ, ਐਕਸੀਡੈਂਟ ਤੋਂ ਬਚੋ ਜੀ । ਅੰਧੇਰੇ ਆਉਂਦੀ ਅਸਵਾਰੀ ਦੀਆਂ ਲਾਈਟਾਂ ਜਗਦੀਆ ਹੋਣ ਤਾਂ ਦੂਰ ਰਹੋ, ਕਿਤੇ ਉਸ ਤੇ ਮੋਹੜੀਆਂ ਤੂੜੀ ਨ ਲੱਦੀ ਹੋਵੇ ਜੀ ।

ਸ਼ਰਾਬੀ ਜਾਂ ਉਨੀਂਦ੍ਰੇ ਕਾਰਨ ਕੁਤਰੇ ਵਾਲੀ ਮਸ਼ੀਨ, ਬਾਂਹ ਵੱਢਦੀ ਹੈ, ਇਸ ਦਾ ਬਚਾਅ ਹੋਣਾ ਚਾਹੀਏ । ਮਿਸਤ੍ਰੀ ਕੋਈ ਕਾਢ ਕੱਢਣ, ਰੁੱਗ ਖਿਆਲ ਨਾਲ ਲਾਉ, ਕੜਾ ਖੁਲ੍ਹਾ ਨ ਪਾਉ,ਕੜੇ ’ਤੇ ਰੁਮਾਲ ਬੰਨ੍ਹੋ ।

ਖਾਸ ਗੁਣਕਾਰੀ ਬੇਨਤੀ ਹੈ ਕਿ ਗੱਡੀ ਦੇ ਸਾਰੇ ਜੋੜ ਲਿਖੇ ਜਾਣ, ਹਰੇਕ ਡਰਾਈਵਰ ਜਿਨ੍ਹਾਂ ਨੂੰ ਦੇਖ ਕੇ ਪੂਰੀ ੨ ਦੇਖ ਰੇਖ ਕਰੇ।ਗੱਡੀ ਦੀ ਹਾਲਤ ਸਹੀ ਸਲਾਮਤਿ ਹੋਵੇ ਤਾਂ ਐਕਸੀਡੈਂਟ ਤੋਂ ਬਚਾਅ ਰਹਿੰਦਾ ਹੈ ਅਤੇ ਸਫ਼ਰ ਭੀ ਜ਼ਿਆਦਾ ਤਹਿ ਕਰਦੀ ਹੈ।ਟਰੈਫ਼ਿਕ ਬਹੁਤ ਹੀ ਜ਼ਿਆਦਾ ਵਧ ਚੁੱਕਾ ਹੈ, ਇਸ ਕਰਕੇ ਗੱਡੀ ਹਰ ਵੇਲੇ ਕੰਟਰੋਲ ’ਚ ਰੱਖਣੀ ਜ਼ਰੂਰੀ ਹੈ।ਅੱਗੋਂ ਆਉਂਦੀ ਗੱਡੀ ਨੂੰ ਦੇਖ ਕੇ ਪਾਸ ਕਰੋ।ਜੇ ਕੋਈ ਤਹਾਨੂੰ ਪਾਸ ਕਰ ਰਿਹਾ ਹੈ ਤਾਂ ਉਸ ਨੂੰ ਰਾਹ ਦੇਵੋਂ,ਪਾਸ ਕਰਨ ਵਾਲੇ ਦੇ ਸਾਹਮਣੇ ਵਾਲਾ ਭੀ ਆਪਣੀ

ਗੱਡੀ ਹੌਲੀ ਕਰਕੇ ਉਸਨੂੰ ਪਾਸ ਕਰ ਲੈਣ ਦੇਵੇ ਜੀ ।ਵਾਹਿਗੁਰੂ॥ਜੇ ਕੇਵਲ ਖੱਬਾ ਹੈੱਡ ਲਾਈਟ ਜਗਦਾ ਹੈ, ਤਾਂ ਟੱਕਰ ਦਾ ਕਾਰਨ ਹੋ ਸਕਦਾ ਹੈ, ਸਾਹਮਣੇ ਆਉਂਦੀ ਗੱਡੀ ਦਾ ਖਿਆਲ ਰੱਖੋ। ਰਾਤ ਨੂੰ ਲਾਈਟਾਂ ਡਿੰਮ ਫੁੱਲ ਕਰਦੇ ਰਹੋ, ਜੇ ਤੁਸੀਂ ਸਾਹਮਣੇ ਆਉਂਦੀ ਗੱਡੀ ਨੂੰ ਤੇਜ਼ ਲਾਈਟਾਂ ਮਾਰਦੇ ਹੋਂ, ਤਾਂ ਉਸ ਦਾ ਤੁਹਾਡੇ ਨਾਲ ਟਕਰਾ ਹੋ ਸਕਦਾ ਹੈ । ਇੰਡੀਕੇਟਰਾਂ ਦੀ ਵਰਤੋਂ ਕਰਦੇ ਰਹੋ ਜੀ । ਬ੍ਰੇਕ ਲਾਉਂਣ ਤੋਂ ਲਾਲ ਬੱਤੀਆਂ ਜਗਣੀਆਂ ਜ਼ਰੂਰੀ ਹਨ।

ਵਾਹਿਗੁਰੂ॥ਇੰਜਣ ਗਰਮ ਹੋਵੇ ਤਾਂ ਸਟਾਰਟ ਕਰਕੇ ਪਾਣੀ ਪਾਉ । ਗਰਮ ਇੰਜਣ 'ਚ ਠੰਢਾ ਪਾਣੀ ਪਾਉਣ ਨਾਲ ਹਿੱਡ ਕਰੈਕ ਹੋ ਜਾਂਦਾ ਹੈ ।ਖਾਸ ਪੰਪ ਤੋਂ ਖ਼ਰਾ ਡੀਜ਼ਲ ਪੁਆਉ, ਮਾਪ ਪੂਰਾ, ਜ਼ਿਆਦਾ ਐਵਰੇਜ ਦੇਵੇਗਾ। ਇੰਜਣ ਦੀ ਉਮਰ ਵਧੇ, ਕੀਮਤੀ ਬੇਨਤੀ ਹੈ ।ਛੋਟੀ ਗੱਡੀ, ਵੱਡੀ ਗੱਡੀ ਦੇ ਹੇਠਾਂ ਆਮ ਦੱਬੀਦੀ ਦੇਖੀਦੀ ਹੈ, ਇਸ ਕਰਕੇ ਡਬਲ ਸੜਕਾਂ ਬਣਨ । ਸੜਕ ਦੇ ਵਿਚਕਾਰ ਜਗ੍ਹਾ ਘੱਟ ਰੋਕੀ ਜਾਵੇ । ਵਿਚਕਾਰ ਫ਼ਲਦਾਰ ਬ੍ਰਿਛ ਤੇ ਕੰਧ ਕੀਤੀ ਜਾਵੇ ਜਿਸ ਕਰਕੇ, ਲਾਈਟਾਂ ਸਾਹਮਣੇ ਨ ਵੱਜਣ ਵਾਹਿਗੁਰੂ ॥ ਮਰੂਤੀ ਗੱਡੀ ਨੇ, ਬਹੁਤ ਹੀ ਜਾਨਾਂ ਲਈਆਂ ਹਨ, ਇਸ ਲਈ ਇਸ ਤੇ ਸਫ਼ਰ ਨ ਕਰੋ। ਵਾਹਿਗੁਰੂ ਮੋੜਾਂ 'ਤੇ ਆਮ ਐਕਸੀਡੈਂਟ ਹੁੰਦੇ ਹਨ, ਖਤਰਨਾਕ ਮੋੜਾਂ 'ਤੇ ਸਪੀਡ ਬ੍ਰੇਕਰ ਲਾਏ ਜਾਣ। ਧੁੰਦ 'ਚ ਖ਼ਿਆਲ ਨਾਲ ਚਲਾਉ, ਤੁਹਾਡਾ ਐਕਸੀਡੈਂਟ ਹੋ ਸਕਦਾ ਹੈ। ਡਰਾਈਵਰ ਮਗਰਲੀ ਗੱਡੀ ਦੀ ਅਵਾਜ਼ ਖਿਆਲ ਨਾਲ ਸੁਣੇ, ਪਾਸ ਕਰਨ ਵਾਲਾ ਭੀ ਹਾਰਨ ਜ਼ਰੂਰ ਦੇਵੇ,ਸਾਹਮਣੇ ਆਉਂਦੀ ਗੱਡੀ ਨੂੰ ਹੈਡ ਲਾਈਟ ਜਗਾਅ ਕੇ ਇਸ਼ਾਰਾ ਕਰਕੇ ਪਾਸ ਕਰੋ.ਵਾਹਿਗੁਰੂ॥ਸੜਕ ਤੇ ਪਾਰਕਿੰਗ ਨ ਕਰੋ,ਸੜਕੋਂ ਪਾਸੇ ਜਗ੍ਹਾ ਬਣੀ ਹੋਵੇ ।ਵਾਹਿਗੁਰੂ ॥ ਸਾਵਧਾਨ :- ਅਚਾਨਕ ਬਾਰੀ ਖੋਲ੍ਹ ਹਣ ਨਾਲ ਮੱਥਾ ਲੱਗਣ ਤੋਂ ਬਹੁਤ ਮੌਤਾਂ ਹੋ ਚੁੱਕੀਆਂ ਹਨ ਇਸ ਕਰਕੇ ਪਿੱਛੇ ਦੇਖ ਕੇ ਧੀਰਜ ਟਿਕਾਅ ਨਾਲ ਬਾਰੀ ਖੋਲ੍ਹੋ ਜੀ । ਸਾਹਮਣੇ ਖੜ੍ਹੀ ਗੱਡੀ ਦੀ ਬਾਰੀ ਤੁਹਾਡੇ ਨਾ ਲੱਗੇ ਆਪਣਾ ਆਪ ਬਚਾਅ ਕੇ ਦੂਰ ਦੀ ਲੰਘੋ ਜੀ ਗੱਡੀ ਦੀ ਬਾਰੀ 'ਚ, ਕਦੇ ਭੁੱਲ ਕੇ ਭੀ ਆਪਣੀ ਬਾਂਹ ਬਾਹਰ ਨਾ ਕੱਢੋ, ਬਾਂਹ ਵੱਢਣ ਤੋਂ ਬਚਾਉ ।ਜੇ ਪੂਰਾ ਕਲੱਚ ਨੱਪਿਆਂ, ਗੇਅਰ ਨਾ ਲਵੇ ਤਾਂ ਥੋੜ੍ਹਾ ਕਲੱਚ ਛੱਡ ਕੇ, ਗੇਅਰ ਬਦਲੋ । ਜੇ ਪੂਰਾ ਕਲੱਚ ਨਾ ਨੱਪਣ ਤੋਂ ਅਵਾਜ਼ ਕਰੇ, ਤਾਂ ਪੂਰਾ ਕਲੱਚ ਨੱਪ ਕੇ ਗੇਅਰ ਬਦਲੋ, ਜਿੱਥੇ ਸਹੀ ਗੇਅਰ ਲਵੇ, ਤਿਵੇਂ ਕਲੱਚ ਨੱਪੋ ਜੀ । ਕਲੱਚ 'ਤੇ ਪੈਰ ਰੱਖ ਕੇ ਗੱਡੀ ਨ ਚਲਾਉ ।

ਕਾਹਲੀ ਕਰਨੀ ਭੂਤਨਿਆਂ ਦਾ ਕੰਮ ਹੈ । ਮਨ ਦੀ ਕਾਹਲ ਕਰਕੇ ਐਕਸੀਡੈਂਟ ਹੁੰਦੇ ਹਨ । ਸਹਜ ਪੱਕੇ ਸੋ ਮੀਠਾ ਹੋਇ ।ਰੇਲ ਗੱਡੀ, ਬੱਸ ਦੀ ਛੱਤ 'ਤੇ, ਲੱਦੇ ਟਰੱਕ 'ਤੇ ਬੈਠੇ, ਬਹੁਤ ਬੰਦੇ ਮਰੇ ਹਨ ।ਪਰੌਂਠੇ ਤਲ਼ੀਆਂ ਨਸ਼ਾ ਪੀ ਕੇ, ਉਨੀਂਦ੍ਰੇ ਗੱਡੀ ਨ ਚਲਾਉ । ਸ਼ਰਾਬੀ, ਉਨੀਂਦਰੇ ਚਾਲਕ ਨੂੰ ਰੋਕਿਆ ਜਾਵੇ ।ਪਾਸ ਕਰਦਿਆਂ ਹਮੇਸ਼ਾ ਆਪਣੇ ਸੱਜੇ ਪਾਸੇ ਜਗ੍ਹਾ ਘੱਟ ਅਤੇ ਖੱਬੇ ਪਾਸੇ ਜਗ੍ਹਾ ਜ਼ਿਆਦਾ ਰੱਖੋ, ਆਮ ਗੱਡੀ ਖੱਬੇ ਪਾਸੇ ਜ਼ਿਆਦਾ ਲੱਗਦੀ ਹੈ ਜੀ । ਏਅਰ ਕਲੀਨਰ ਲੀਕ ਹੋ ਕੇ, ਸਿੱਧੀ ਗਰਦ ਇੰਜਣ 'ਚ ਨਾ ਜਾਂਦੀ ਹੋਵੇ, ਏਅਰ ਕਲੀਨਰ 'ਚ ਤੇਲ ਪੂਰਾ ਰੱਖੋ, ਸਦਾ ਸਾਫ਼ ਕਰਦੇ ਰਹੋ। ਇਸ ਦੀ ਜਾਲੀ ਭੁਰ ਕੇ ਇੰਜਣ 'ਚ ਨਾ ਜਾਵੇ । ਏਅਰ ਕਲੀਨਰ ਦਾ ਹੌਸ ਪਾਈਪ ਚੈਕ ਕਰਦੇ ਰਹੋ।

ਵਾਹਿਗੁਰੂ ॥ ਪਹਿਲੇ ਦੂਜੇ ਗੇਅਰਾਂ 'ਚ ਗੱਡੀ ਨੂੰ ਜ਼ਿਆਦਾ ਨ ਭਜਾਉ । ਵਾਹਿਗੁਰੂ ॥ ਖੜ੍ਹੀ ਕਰਨ ਸਮੇਂ ਜੋਰ ਦੀ ਬ੍ਰੇਕ ਨ ਲਾਉ, ਆਪੇ ਹੀ ਖੜ੍ਹ ਜਾਂਦੀ ਹੈ ।ਡਰਾਈਵਿੰਗ ਦਾ ਭਾਵ ਹੈ ਪੂਰਾ ੨ ਬਚਾਅ ਕਰਨਾ, ਜੇ ਕੋਈ ਸਾਹਮਣੇ ਬੋਲ੍ਹਾ ਹੋਵੇ ਉਸ 'ਤੇ ਗੁੱਸਾ ਨ ਕਰੋ । ਵਾਹਿਗੁਰੂ ॥ ਸਾਮਹਣੇ ਖੜ੍ਹੀ ਬੱਸ ਦੇ ਉਹਲਿਓਂ ਕੋਈ ਤੁਹਾਡੇ ਹੇਠਾਂ ਆ ਸਕਦਾ ਹੈ । ਬੱਚਾ ਭੱਜ ਕੇ ਸੜਕ ਪਾਰ ਕਰ ਰਿਹਾ ਹੋਵੇ ਤਾਂ ਪਿੱਛੇ ਮੁੜ ਕੇ ਤੁਹਾਡੇ ਹੇਠਾਂ ਆ ਸਕਦਾ ਹੈ ।ਵਾਹਿਗੁਰੂ ॥ ਕਿਸੇ ਨੂੰ ਸਾਈਡ ਨ ਮਾਰੋ, ਰੱਬ ਜੀ ਤੋਂ ਡਰੋ। ਜਿਹੜੇ ਗੱਡੀ ਨਾਲ ਧੱਕਾ ਕਰਦੇ ਹਨ, ਉਨਾਂ ਦੇ ਕਾਰੋਬਾਰ ਫੇਲ੍ਹ ਹੋ ਜਾਂਦੇ ਹਨ । ਵਾਹਿਗੁਰੂ ॥ ਵਰਖਾ 'ਚ ਗੱਡੀ ਹੌਲੀ ਚਲਾਉ । ਪਾਣੀ ਦੇ ਵਿੱਚਦੀ ਲੰਘਣ ਤੋਂ ਬ੍ਰੇਕ ਬਾਰ ੨ ਲਾਉ।

ਵਾਹਿਗੁਰੂ ॥ ਗੱਡੀ ਤੋਰ ਕੇ ਬ੍ਰੇਕ ਲਾ ਕੇ ਦੇਖੋ, ਕੀ ਬ੍ਰੇਕ ਸਹੀ ਹਨ ? ਗਿੱਲੀ ਸੜਕ 'ਤੇ ਬ੍ਰੇਕ ਲਾਉਣ ਨਾਲ ਭਾਵੇ ਚਾਰੇ ਚੱਕੇ ਬੱਝ ਜਾਣ ਪਰ ਫੇਰ ਭੀ ਗੱਡੀ ਸਲਿੱਪ ਹੋ ਕੇ ਅੱਗੇ ਭੱਜਦੀ ਹੈ, ਕਈ ਵਾਰੀ ਗੇੜਾ ਖਾ ਜਾਂਦੀ ਹੈ । ਗਰੀਸ ਗੰਨ ਆਪਣੀ ਰੱਖੋ, ਨਵਾਂ ਗਰੀਸ ਦਿੰਦੇ ਦੁਆਉਂਦੇ ਰਹੋ । ਵਾਹਿਗੁਰੂ ॥ ਮੋਬਿਲ ਬਦਲੀ ਕਰਨ ਸਮੇਂ, ਸ਼ੀਸ਼ੇ ਦੀ ਗਲਾਸੀ ਸਾਫ਼ ਕਰਦੇ ਰਹੋ । ਵਧੀਆ ਤੋਂ ਵਧੀਆ ਮੋਬਿਲ ਪਾਉ । ਸਪਰਿੰਗ ਪੱਤੀਆਂ ਨੂੰ ਸੜਿਆ ਮੋਬਿਲ ਲਾਉਂਦੇ ਰਹੋ। ਵਾਹਿਗੁਰੂ ॥ ਮੈਦਾਨੀ, ਪਹਾੜੀ ਇਲਾਕੇ 'ਚ ਅੱਗਲੀ ਗੱਡੀ ਨਾਲੋਂ ਫਰਕ ਰੱਖੋ । ਪਹਾੜ ਦੀ ਢਾਲ਼ ਉਤਰਦਿਆਂ, ਗੱਡੀ ਤੇਜ਼ ਨ ਕਰੋ, ਕੰਟਰੌਲ 'ਚ ਰੱਖੋ, ਢਲਾਨ ਤੋਂ ਉੱਤਰਦੀ ਗੱਡੀ ਅੱਗੇ ਨੂੰ ਭੱਜ ਰਹੀ ਹੈ, ਬ੍ਰੇਕ ਘੱਟ ਕੰਮ ਕਰਦੇ ਹਨ । ਬ੍ਰੇਕ ਲਾਇਆ ਸੱਜੇ ਖੱਬੇ ਖਿੱਚੇ ਤਾਂ ਬ੍ਰੇਕ ਸ਼ੂ, ਡਰੰਮ ਸਾਫ਼ ਕਰਾਉ। ਬ੍ਰੇਕ ਫੇਲ੍ਹ ਹੋਣ ਤੋਂ ਗੇਅਰ ਦੇ ਕੇ ਰੋਕੋ। ਹੈਡ ਬ੍ਰੇਕ ਤੋਂ ਕੰਮ ਲਵੋ,ਬ੍ਰੇਕ ਜ਼ਿਆਦਾ ਗਰਮ ਹੋ ਕੇ, ਲੱਗਣੇ ਹਟ ਜਾਂਦੇ ਹਨ । ਜ਼ਿਆਦਾ ਤੇਜ਼ ਬ੍ਰੇਕ ਲਾਉਣ ਨਾਲ ਟਾਇਰ ਘਸਦੇ ਹਨ, ਪਿਛਲੀ ਗੱਡੀ 'ਚ ਵੱਜ ਸਕਦੀ ਹੈ ।ਗੱਡੀ ਚਲਾ ਕੇ ਹੱਬਾਂ ਨੂੰ ਹੱਥ ਲਾ ਕੇ ਵੇਖੋ, ਜਿਹੜੀ ਹੱਬ ਗਰਮ ਹੋਵੇ ਉਹ ਬ੍ਰੇਕ ਜ਼ਿਆਦਾ ਲੱਗਦਾ ਹੈ ।ਕੁੱਝ ਸਮਾਂ ਗੱਡੀ ਚੱਲਣ ਮਗਰੋਂ ਟਾਇਰਾਂ ਦੀ ਹਵਾ, ਚੱਕਿਆਂ ਦੇ ਨਟ, ਟਾਈਰਾਡ ਦੇ ਇੰਡ ਚੈਕ ਕਰੋ, ਗੱਡੀ ਦੇ ਹੇਠਾਂ ਨਿਗ੍ਹਾ ਮਾਰਦੇ ਰਹੋ, ਚੱਕਿਆਂ ਦਾ ਬ੍ਰੇਕ ਆਇਲ ਜਾਂ ਹੋਰ ਕਿਤੋਂ ਬ੍ਰੇਕ ਆਇਲ ਜਾਂ ਹੋਰ ਤੇਲ ਤਾਂ ਨਹੀਂ ਡਿੱਗ ਰਿਹਾ ਜੀ ।ਸਾਹਮਣੇ ਪੂਰਾ ੨ ਧਿਆਨ ਹੋਵੇ, ਸਾਹਮਣੇ ਆਉਂਦੀ ਗੱਡੀ ਨੂੰ ਪਾਸ ਕਰਕੇ, ਤੁਹਾਡੇ ਸਾਹਮਣੇ ਅਚਾਨਕ ਛੋਟੀ ਗ਼ੱਡੀ ਟਕਰਾ ਸਕਦੀ ਹੈ । ਹਮੇਸ਼ਾ ਖੱਬੇ ਚੱਲੋ ਜੀ । ਟਰੈਫਿਕ ਦੀਆਂ ਲਾਈਟਾਂ ਦਾ ਖਾਸ ਖਿਆਲ ਰੱਖੋ ।ਹਲਕੀ ਗੱਡੀ ਨੂੰ ਜੁਆਨੀ ਦੇ ਜੋਸ਼ 'ਚ ਜ਼ਿਆਦਾ ਤੇਜ਼ ਚਲਾਉਂਦੇ ਹੋਂ, ਜਾਨ ਨੂੰ ਖਤਰੇ 'ਚ ਪਾਉਂਦੇ ਹੋਂ, ਵਿੱਚ ਬੈਠਣ ਵਾਲੇ ਭੀ, ਡਰਾਈਵਰ ਨੂੰ ਓਵਰ ਸਪੀਡ ਤੋਂ ਰੋਕਣ।ਬਾਰੀਆਂ ਅੰਦਰ ਗਰੀਸ ਲਾਉ । ਹੇਠਲੀਆ ਕਿਨਾਰੀਆਂ ਵਿੱਚੋਂ ਖਾਲੀ ਹੁੰਦੀਆ ਹਨ । ਉਹਨਾਂ 'ਚ ਗਲ਼ੀਆ ਕਰਕੇ ਮੋਬਿਲ ਪਾਉਂਦੇ ਰਹੋ ਜੀ ।ਹੌਲੀ ਤੋਂ ਹੌਲੀ ਤੁਰ ਰਹੀ, ਬੈਕ ਜਾਂ ਪਹਿਲੇ ਗੇਅਰ 'ਚ ਲਾਉਣ ਤੋਂ ਅਵਾਜ ਕਰਦੀ ਹੈ, ਇਸ ਕਰਕੇ ਰੋਕ ਕੇ ਪਹਿਲੇ 'ਤੇ ਬੈਕ ਗੇਅਰ 'ਚ ਲਾਓ। ਵਾਹਿਗੁਰੂ ॥ ਰੇਲਵੇ ਫਾਟਕ ਨ ਹੋਣ ਗੱਡੀ ਰੋਕੋ, ਖੱਬਾ ਸੱਜਾ ਦੇਖੋ, ਛੇਤੀ ਕਰਨ ਨਾਲ ਬਹੁਤ ਜਾਨਾਂ ਖ਼ਤਮ ਹੋਈਆ ਹਨ ।ਪਾਣੀ ਘੱਟ ਹੋਵੇ ਜਾਂ ਹੌਜ਼ ਪਾਈਪ, ਫਾਈਨ ਬਿਲਟ ਟੁੱਟਣ ਤੋਂ ਗੱਡੀ ਅਚਾਨਕ ਗਰਮ ਹੋ ਜਾਦੀ ਹੈ, ਇਨਾਂ ਨੂੰ ਚੈਕ ਕਰਦੇ ਰਹੋ ।ਇਸ ਲਈ ਹੌਜ਼ ਪਾਈਪ ਜਲਦੀ ਬਦਲੀ ਕਰ ਦੇਣੇ ਚਾਹੀਦੇ ਹਨ ਕਿਉਂਕਿ ਜੇਕਰ ਹੌਜ਼ ਪਾਈਪ ਫਟ ਜਾਵੇ ਤਾਂ ਇੰਜਣ ਗਰਮ ਹੋ ਕੇ ਮੱਚ ਹੋ ਜਾਂਦਾ ਹੈ।ਖਾਸ

ਪਾਰਟ, ਗੱਡੀ 'ਚ ਸਪੇਅਰ ਰੱਖੋ।ਕੱਚ, ਪਲਾਸਟਿਕ ਦੇ ਭਾਂਡੇ 'ਚ ਮੀਂਹ ਦਾ ਪਾਣੀ ਜਮ੍ਹਾਂ ਕਰਕੇ ਸੰਭਾਲੋ, ਉਸ ਨੂੰ ਬੈਟਰੀ 'ਚ ਪਾਉਂਦੇ ਰਹੋ। ਸਾਦਾ ਬਸਤ੍ਰ ਪਾ ਕੇ, ਗ਼ੱਡੀ ਦੀ ਸੇਵਾ ਸੰਭਾਲ ਚੈਕਿੰਗ ਸਾਫ਼ ਆਪ ਕਰਨ ਦਾ ਸ਼ੌਕ ਹੋਣਾ ਚਾਹੀਦਾ ਹੈ।ਹੈਡ ਲਾਈਟ, ਖਰਾਬ ਹੋਣ ਤੋਂ, ਸ਼ਪੈਸ਼ਲ ਲਾਈਟਾਂ ਕੰਮ ਦਿੰਦੀਆਂ ਹਨ ।ਸੱਜਾ ਖੱਬਾ ਦੇਖ ਕੇ ਸਾਵਧਾਨ ਹੋ ਕੇ, ਜਿੱਥੇ ਸੜਕ ਪਾਰ ਕਰਨ ਲਈ ਨਿਸ਼ਾਨ ਲੱਗੇ ਹਨ ਉੱਥੋਂ ਪਾਰ ਕਰੋ।

ਸਪੀਡ ਬ੍ਰੇਕਰਾਂ ਤੋਂ ਗ਼ੱਡੀ ਹੌਲ਼ੀ ਕਰੋ। ਸਪੀਡ ਬ੍ਰੇਕਰਾਂ ਤੋਂ ਪਹਿਲਾਂ ਬੋਰਡ ਲੱਗੇ ਹੋਣ।

ਕਈਆਂ ਟਰੱਕਾਂ 'ਤੇ ਲੰਬਾ ਸਰੀਆ ਲੱਦਿਆ ਹੁੰਦਾ ਹੈ ।ਉਹਨਾਂ ਨੂੰ ਪਿੱਛੇ ਬੱਤੀ ਲਾਉਣੀ ਚਾਹੀਦੀ ਹੈ ।ਬੈਲ ਗ਼ੱਡੀ 'ਤੇ ਲਾਲਟੈਣ ਜ਼ਰੂਰ ਹੀ ਹੋਵੇ,ਬਿਨਾ ਬੱਤੀ ਦੇ ਚਲਣੇ ਕਰਕੇ ਆਮ ਐਕਸੀਡੈਂਟ ਹੁੰਦੇ ਹਨ । ਵਾਹਿਗੁਰੂ ॥ ਤੁਹਾਡੀ ਅਗਲੀ ਪਿਛਲੀ ਗ਼ੱਡੀ ਦੇ ਹੈਡ ਲਾਈਟ ਜਗਦੇ ਹੋਣ, ਤਾਂ ਸਾਵਧਾਨ ਰਹੋ, ਅਚਾਨਕ ਗ਼ੱਡੀ ਪਾਸ ਨ ਕਰੋ । ਵਾਹਿਗੁਰੂ ॥ ਗ਼ੱਡੀ ਚਲਾਉਂਦਿਆ, ਸਤਿਗੁਰਾਂ ਤੋਂ ਐਸਾ ਧੀਰਜ ਮੰਗੋ ਆਪਣਾ ਤਾਂ ਬਚਾਅ ਕਰਨਾ ਹੀ ਹੈ, ਦੂਜੇ ਦਾ ਭੀ ਬਚਾਅ ਕਰੋ।ਕੋਈ ਜਾਨਵਰ, ਪਸ਼ੂ ਹੇਠਾ ਆਉਣ ਤੋਂ ਪੂਰਾ ੨ ਬਚਾਅ ਰੱਖੋ।ਤੰਗ ਗਲ਼ੀ ਲੋਕਾਂ ਦੀ ਭੀੜ ਹੋਵੇ ਤਾਂ ਗ਼ੱਡੀ ਤੇ ਕੰਟਰੋਲ ਰੱਖੋ, ਆਮ ਬੱਚੇ ਕੁਚਲ਼ੇ ਜਾਂਦੇ ਹਨ ।ਬੱਸਾਂ ਆਮ ਧੱਕਾ ਕਰਦੀਆ ਹਨ, ਵਿਚਾਲੇ ਰੁਕਦੀਆ ਹਨ, ਬੱਸ ਸਟਾਪ ਸੜਕੋਂ ਪਾਸੇ ਰੁਕਣ।ਹਮੇਸ਼ਾ ਗ਼ੱਡੀ ਖੜ੍ਹੀ ਤੋਂ ਅੱਗੇ ਨੂੰ ਮੂੰਹ ਕਰਕੇ ਉਤਰੋ, ਚਲਦੀ ਗੱਡੀ ਤੋਂ ਉਤਰਨ ਵਾਲਾ ਅੱਗੇ ਨੂੰ ਮੂੰਹ ਕਰਕੇ ਉੱਤਰੇ, ਅੱਗੇ ਨੂੰ ਸਪੀਡ ਅਨੁਸਾਰ ਦੌੜੇ, ਜੇ ਪਿੱਛੇ ਨੂੰ ਮੂੰਹ ਕਰਕੇ ਗ਼ੱਡੀ 'ਚੋਂ ਉੱਤਰੇਗਾ ਤਾਂ ਡਿੱਗੇਗਾ ।ਲੋਡ ਗੱਡੀ ਕੱਚੇ ਲਾਉਣੇ ਕਰਕੇ ਟੇਡੀ ਹੋ ਜਾਂਦੀ ਹੈ । ਵਾਹਿਗੁਰੂ ॥ ਜਾਗੋ ਮੀਟੀਆਂ 'ਚ ਗ਼ੱਡੀ ਸੱਜੇ ਖੱਬੇ ਨੂੰ ਜਾਂਦੀ ਹੈ, ਉਸ ਨੂੰ ਡਿੰਮ ਫੁੱਲ (ਡਿਪਰ ) ਲਾਈਟਾਂ ਦੇਵੋ, ਜੋ ਉਹ ਡਿੰਮ ਫੁੱਲ ਨ ਕਰੇ, ਤਾਂ ਸਮਝੋ ਨਸ਼ਈ ਹੈ ਜਾਂ ਸੁੱਤਾ ਆ ਰਿਹਾ ਹੈ ।ਉਸ ਤੋਂ ਆਪਣਾ ਬਚਾਅ ਕਰੋ । ਰੋਡ ਤੇ ਟੈਲੀਫੋਨ ਹੋਣ, ਜਿਸ ਕਰਕੇ ਪੋਲੀਸ ਨੂੰ ਸੱਦਿਆ ਜਾਵੇ । ਰਾਤ ਨੂੰ ਡਿੰਮ ਫੁੱਲ ਕਰਨ ਦੀ ਆਦਤ ਬਹੁਤ ਹੀ ਚੰਗੀ ਹੈ, ਸਾਹਮਣਿਓ ਆਉਣ ਵਾਲੇ ਨੂੰ ਸੁਖੀ ਰੱਖੋ।

ਵਾਹਿਗੁਰੂ ਸਿਲਫ ਮਾਰਨ ਨਾਲ ਬੱਤੀ ਬੁਝੇ ਤਾਂ ਸਮਝੋ ਬੈਟਰੀ ਡਾਊਨ ਹੈ, ਜਾਂ ਟਰਮੀਨਲ ਢਿੱਲਾ ਹੈ ਜਾਂ ਸਿਲਫ ਤੇ ਲੱਗੀ ਤਾਰ ਦਾ ਜੋੜ ਢਿੱਲਾ ਹੈ । ਟਰਮੀਨਲ ਤੇ ਪੋਲੀ ੨ ਸੱਟ ਮਾਰੋ, ਕਰੰਟ ਵਾਲੇ ਜੋੜ ਕਸੋ ਵਾਹਿਗੁਰੂ ॥ ਡੀਜ਼ਲ ਟੈਂਕ ਦਾ ਹੇਠਲਾ ਨਟ ਢਿੱਲਾ ਕਰਕੇ ਹੇਠਾਂ ਤੋਂ ਪਾਣੀ ਮੈਲ, ਆਦਿ ਕੱਢਦੇ ਰਹੋ.ਹਵਾ ਟੈਂਕ 'ਚੋਂ ਹਵਾ ਕੱਢਦੇ ਰਹੋ, ਜਿਸ ਕਰਕੇ ਬ੍ਰੇਕ ਸਹੀ ਲੱਗਣ। ਗ਼ੱਡੀ ਦਾ ਕੰਮ ਕਰਨ ਸਮੇਂ ਸੜਕੋਂ ਪਾਸੇ ਰੋਕੋ, ਟਾਇਰ ਦੇ ਅੱਗੇ ਪਿੱਛੇ ਰੋਕ ਲਾ ਕੇ, ਜੈਕ ਲਾ ਕੇ, ਹੇਠਾਂ ਜਕਾਨ ਲਾਉ ਜਿਸ ਕਰਕੇ ਗ਼ੱਡੀ ਤੁਹਾਡੇ ਤੇ ਨ ਡਿੱਗੇ । ਰਾਤ ਨੂੰ ਗ਼ੱਡੀ ਚਲਾਉਣੀ ਹੋਵੇ ਤਾਂ ਅਹਾਰ ਸੰਜਮ ਨਾਲ ਛਕੋ ।ਖੜ੍ਹੀ ਗ਼ੱਡੀ ਹਾਰਨ ਦੇ ਕੇ ਅੱਗੇ ਪਿੱਛੇ ਧੀਰੇ ੨ ਕਰੋ, ਜੇ ਕੋਈ ਅੱਗੇ ਪਿੱਛੇ ਹੋਵੇਗਾ, ਤਾ ਉਸ ਨੂੰ ਪਾਸੇ ਹੋਣ ਦਾ ਸਮਾਂ ਮਿਲ ਜਾਵੇਗਾ । ਵਾਹਿਗੁਰੂ ॥ ਵੱਡੀ ਸੜਕ 'ਤੇ ਸੱਜੇ ਪਾਸੇ ਮੋੜ ਲੈਣ ਸਮੇਂ ਕਾਹਲੀ ਨਾ ਕਰੋ, ਪਹਿਲਾਂ

ਬਰਾਬਰ ਫੇਰ ਪਿੱਛੇ ਦੇਖੋ ਫੇਰ ਸਾਹਮਣੇ ਦੇਖਕੇ ਸੱਜੇ ਮੋੜੋ, ਜੇ ਟਰੈਫਿਕ ਜ਼ਿਆਦਾ ਹੈ ਖੱਬੇ ਰੋਕ ਸਕਦੇ ਹੋਂ, ਨਹੀਂ ਇਸ਼ਾਰੇ ਦੇ ਕੇ ਵਿਚਾਲੇ ਰੋਕੋ, ਵਿਹਲ ਦੇਖ ਕੇ ਮੋੜੋ।

ਆਪੋ ਵਿੱਚੀ ਸਾਈਕਲ ਸਕੂਟ੍ਰ ਬਰਾਬਰ ਕਰਕੇ ਗੱਲਾਂ ਕਰਦੇ ਸੜਕ ’ਤੇ ਜਾਂਦੇ ਹਨ ਤਦੋਂ ਅਚਾਨਕ ਸੱਟ ਖਾਂਦੇ ਹਨ । ਕਾਰ ਸਾਈਕਲ ਸਕੂਟਰੀ ਵਾਲੇ ਛੇਤੀ ਪਾਸੇ ਕਰਦੇ ਰਹਿਣ ਤਾਂ ਚੰਗਾ ਹੈ, ਨਹੀਂ ਤਾਂ ਗ਼ੱਡੀ ਫੇਟ ਮਾਰ ਜਾਂਦੀ ਹੈ । ਜੇ ਤੁਸੀਂ ਸ਼ਰਾਬ ਗੋਲੀਆਂ ਵਰਤ ਕੇ ਗ਼ੱਡੀ ਚਲਾਉਂਦੇ ਹੋਂ ਤਾਂ ਦੂਜੇ ਨੂੰ ਭੀ ਡੋਬਦੇ ਹੋਂ। ਹਰੇਕ ਬੰਦਾ ਆਪਣਾ ਪਤਾ, ਫੋਨ ਨੰਬਰ ਸਦਾ ਕੋਲ ਰੱਖੇ। ਪਤਾ ਨ ਹੋਣ ਕਰਕੇ, ਡਿੱਗੇ ਦੀ ਸੰਭਾਲ ਨਹੀਂ ਹੁੰਦੀ । ਐਕਸੀਡੈਂਟ ਹੋਣ ਤੋਂ ਝੱਟਪੱਟ ਨੰਬਰ ਨੋਟ ਕਰੋ ।

ਸਾਹਮਣਾ ਟਾਇਰ ਫਟਣ ਨਾਲ ਟੱਕਰ ਹੋ ਜਾਂਦੀ ਹੈ, ਇਸ ਕਰਕੇ ਟਾਇਰਾਂ ਦੀ ਹਵਾ ਚੈਕ ਕਰਦੇ ਰਹੋ, ਹਵਾ ਪੂਰੀ ਹੋਵੇ, ਮੀਟ੍ਰ ਦੀ ਗਲਤੀ ਕਰਕੇ ਜ਼ਿਆਦਾ ਨ ਭਰੀ ਜਾਵੇ । ਅਗਲੇ ਟਾਇਰ ਨਵੇਂ ਰੱਖੋ । ਵਾਹਿਗੁਰੂ ॥ ਜੰਗ ਤੋਂ ਬਚਾਅ ਲਈ ਰੂਬਾਸੀਲ ਲੁਆਉ, ਨਹੀ ਤਾਂ ਡੀਜਲ ਮੋਬਿਲ ਰਲਾ ਕੇ ਹੇਠਾਂ ਮਰਾਉਦੇ ਰਹੋ ਜੀ । ਕਾਰ ਦੀਆਂ ਕੰਨੀਆਂ ਚ ਗਲੀਆਂ ਕਰਕੇ ਸੜਿਆ ਮੋਬਿਲ ਪਾਉਂਦੇ ਰਹੋ ਜੀ ।

ਵਾਹਿਗੁਰੂ ॥ ਬ੍ਰੇਕ ਫੇਲ੍ਹ ਹੋਣ ਤੋਂ ਗ਼ੱਡੀ ਹੋਲੀ ੨ ਤੋਰੋ, ਹੈਡ ਬ੍ਰੇਕ ਦੀ ਵਰਤੋਂ ਕਰੋ। ਰੋਕਣ ਵੇਲੇ ਹੈਂਡ ਬ੍ਰੇਕ ਲਾ ਕੇ ਬੰਦ ਕਰੋ।ਬਰਨਟ ਦਾ ਲਾਕ ਕਸੋ, ਜਿਸ ਕਰਕੇ ਚਲਦੀ ਗ਼ੱਡੀ ਦਾ ਬਰਨਟ ਨ ਉੱਡੇ । ਵਾਹਿਗੁਰੂ ॥ ਜਦੋਂ ਕੋਈ ਸੱਜੇ ਖੱਬੇ ਦੀ ਪਾਸ ਕਰਦਾ ਹੈ ਤਾਂ ਮਨ ਕਾਹਲਾ ਪੈਂਦਾ ਹੈ। ਖੱਬੇ ਦੀ ਪਾਸ ਕਰਨ ਦੇ ਨੁਕਸਾਨ ਹਨ, ਬਹੁ ਗਿਣਤੀ ’ਚ ਗ਼ੱਡੀਆਂ ਬੜੀ ਪਰੇਸ਼ਾਨੀ ਨਾਲ ਚਲਦੀਆ ਹਨ । ਗ਼ੱਡੀਆਂ ਦਾ ਭੀ ਨੁਕਸਾਨ ਹੈ ਚਾਲਕ ਦਾ ਦਿਮਾਗ਼ ਭੀ ਖੱਚਤ ਰਹਿੰਦਾ ਹੈ । ਗ਼ੱਡੀ ਭਜਾਉਣ ਦੀ ਕੋਈ ਵਡਿਆਈ ਨਹੀਂ, ਤੇਜ਼ ਜਾ ਰਹੀ ਗ਼ੱਡੀ ਰੋਕਣ ਵੇਲੇ ਸੱਜਾ ਖੱਬਾ ਕਰਕੇ ਬੇਸੰਭਾਲ ਹੋ ਜਾਂਦੀ ਹੈ । ਰੋਕਣ ਵੇਲੇ ਕੰਟ੍ਰੋਲ ’ਚ ਨਹੀਂ ਰਹਿੰਦੀ । ਹਰੇਕ ਪ੍ਰੇਮੀ ਸਟੀਰਿੰਗ ’ਤੇ ਬੈਠ ਕੇ ਨਾਮ ਜਪੇ ਜੀ । ਕਿਸੇ ਕਾਰਨ ਕਰਕੇ ਜੇ ਕੋਈ ਕਾਹਲੀ ਕਰ ਰਿਹਾ ਹੈ, ਜੇ ਤੁਸੀਂ ਕਾਹਲੀ ਨ ਕਰੋਂ ਤਾਂ ਤੁਸੀਂ ਦੇਵਤੇ ਹੋਂ। ਹਰੇਕ ਪ੍ਰੇਮੀ ਇਹ ਅਰਦਾਸ ਕਰੇ, ਹੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ! ਮਹਾਂ ਗ੍ਰੀਬ ਜਾਣ ਕੇ ਐਸੀ ਕਿਰਪਾ ਕਰੋ, ਜੋ ਦਾਸ ਤੋਂ ਸਾਰੀ ਜ਼ਿੰਦਗੀ ਕੋਈ ਭੀ ਬੰਦਾ ਨ ਮਰੇ ।

ਵਰਖਾ,ਧੁੰਦ,ਹਨੇਰੀ,ਓਵਰ ਲੋਡਿੰਗ,ਗ਼ੱਡੀ ਦੀ ਖਸਤਾ ਹਾਲਤ,ਉਨੀਂਦ੍ਰਾ,ਨਸ਼ਾ,ਸੜਕਾਂ ਦੂਹਰੀਆਂ ਨਹੀਂ,ਟਰੈਫਿਕ ਦੇ ਨਿਯਮਾਂ ਦੀ ਉਲੰਘਣਾ,ਲਾਈਸੰਸ ਵੱਢੀ ਲੈਕੇ ਅਣਜਾਣ ਨੂੰ ਦਿੱਤੇ ਜਾਣੇ,ਤੰਗ ਸੜਕਾਂ, ਕੇਵਲ ਕਾਗਜ਼ਾਂ ’ਚ ਸੜਕਾਂ ਤੇ ਲੁੱਕ ਬਜਰੀ ਪਾਈ ਜਾਂਦੀ ਹੈ।ਗ਼ੱਡੀ ਵੱਢੀ ਲੈਕੇ ਪਾਸ ਕੀਤੀ ਜਾਂਦੀ ਹੈ,ਮਨ ਦੀ ਕਾਹਲ ਹੰਕਾਰ ਵਿਕਾਰ ਮਾਨਸਕ ਪਰੇਸ਼ਾਨੀ ਆਦਿ ਅਨੇਕਾਂ ਹੀ ਟੱਕਰ ਦੇ ਕਾਰਨ ਹਨ ।

ਜਦੋਂ ਸਾਹਮਣਿਓ ਗ਼ੱਡੀ ਬਰਾਬਰ ਆਵੇ ਤਾਂ ਐਕਸੀਲੇਟਰ ਤੋਂ ਪੈਰ ਚੁੱਕੋ, ਜਦੋਂ ਦੋਵੇਂ ਐਕਸੀਲੇਟਰ ਤੋਂ ਪੈਰ ਨਹੀਂ ਚੁੱਕਦੇ ਤਦੋਂ ਟੱਕਰ ਹੋ ਜਾਂਦੀ ਹੈ । ਹੰਕਾਰ ਕਾਹਲ ਕਰਕੇ ਅਸੀਂ ਸਮੇਂ ਸਿਰ

ਨਹੀਂ ਰੁਕਦੇ, ਟੱਕਰ ਹੋਣ ਤੋਂ ਕਾਹਲੀ ਅੱਗੇ ਟੋਏ ਵਾਲੀ ਗੱਲ ਹੋ ਜਾਂਦੀ ਹੈ । ਸਮੇਂ ਨੂੰ ਸਲੋ ਭਾਲਣਾ ਹੈ, ਜਿੱਥੇ ਬਚਾਅ ਦਾ ਸਮਾਂ ਹੋਵੇ, ਚੰਗੀ ਤਰ੍ਹਾਂ ਬਚਾਅ ਕਰੋ ਜੀ ।ਖੜ੍ਹੀ ਗ਼ੱਡੀ ਦਾ ਬ੍ਰੇਕ ਨੱਪਣ ਨਾਲ ਪਾਈਪ ਲੀਕ ਹੋ ਜਾਂਦਾ ਹੈ । ਖੜ੍ਹੀ ਦਾ ਸਟੀਰਿੰਗ ਭੀ ਨ ਵੱਟੋ ।ਚਾਲਕ ਸੀਟ 'ਤੇ ਹੋਰ ਕਿਸੇ ਨੂੰ ਨ ਬੈਠਣ ਦੇਵੇ । ਸਟਿੱਪਣੀ, ਹਵਾ ਚੈਕ ਕਰਦੇ ਰਹੋ। ਵਾਇਰਿੰਗ ਚੈਕ ਕਰਦੇ ਰਹੋ, ਜੋੜ ਨੰਗਾ ਹੋਵੇ, ਤਾਂ ਢਕੋ ।ਫਿਊਜ਼ ਮੋਟੇ ਨ ਹੋਣ,ਇੱਕ ਮੇਨ ਸਵਿੱਚ ਲਾਉ, ਅਚਾਨਕ ਕਰੰਟ ਸ਼ਾਰਟ ਹੋਣ ਤੋਂ ਮੇਨ ਸਵਿੱਚ ਬੰਦ ਕਰੋ।ਜਿਸ ਕਰਕੇ ਅੱਗ ਨ ਲੱਗੇ ।ਫਾਇਨ ਬਿਲਟ ਜ਼ਿਆਦਾ ਢਿੱਲਾ ਹੋਵੇ,

ਡਾਇਨਮੋ ਦੀ ਪੁਲੀ ਪਲੇਨ ਹੋਵੇ ਤਾਂ ਗ਼ੱਡੀ ਗਰਮ ਹੋਵੇਗੀ । ਗਰਮੀ 'ਚ ਲੋੜ ਅਨੁਸਾਰ ਫਾਇਨਬਿਲਟ ਕਸੋ, ਠੰਢ 'ਚ ਲੋੜ ਅਨੁਸਾਰ ਢਿੱਲਾ ਕਰੋ, ਇੰਜਣ ਠੰਢਾ ਚਲਣ ਨਾਲ ਮੋਬਿਲ ਜ਼ਿਆਦਾ ਖਾਣ ਲੱਗ ਜਾਂਦਾ ਹੈ ।ਬਿਨ ਮਤਲਬ ਦੇ ਗ਼ੱਡੀ ਭਜਾਈ ਫਿਰਨੀ ਜਾਂ ਸਟਾਰਟ ਕਰਕੇ ਗੱਲਾਂ ਕਰਨੀਆ, ਨਜਾਇਜ ਤੇਲ ਫੂਕਣੇ ਕਰਕੇ, ਮੁਲਕ ਗ਼ੀਬ ਹੋ ਰਿਹਾ ਹੈ । ਐਕਸੀਡੈਂਟ ਵੱਧ ਹੁੰਦੇ ਹਨ ਤੇ ਵਾਤਾਵਰਣ ਗੰਦਾ ਹੁੰਦਾ ਹੈ.

ਸਕੂਟ੍ਰ ਤੇ ਅਮਰੂਤੀ ਕਾਰ ਦੀ ਅਸਵਾਰੀ ਖਤਰਨਾਕ ਹੈ:-ਜਿਵੇਂ ਗਲਾਸ ਨੂੰ ਬਾਬੇ ਨਿਹੰਗ ਸਿੰਘ ਬੇਪਰਤੀਤਾ ਕਹਿੰਦੇ ਹਨ,ਤਿਵੇਂ ਸਕੂਟ੍ਰ ਬੇਪਰਤੀਤਾ ਹੈ ।ਹੁਣ ਤੋਂ ਪਹਿਲਾਂ ਬੇਅੰਤ ਹੀ ਜੀਵਾਂ ਦੇ ਗੋਡੇ ਮੋਢੇ ਸਿਰ ਪਾਟੇ ਹਨ ਤੇ ਮਰੇ ਹਨ,ਪਟ੍ਰੋਲ ਭੀ ਮਹਿੰਗਾ ਹੈ ।ਮੁਲਕ ਦੀ ਬਿਹਤਰੀ ਤੇ ਆਪਣੀ ਹਿਫਾਜ਼ਤ ਲਈ,ਸਕੂਟਰ ਦੀ ਅਸਵਾਰੀ ਨ ਕਰੋ ਬੱਸ,ਰੇਲ 'ਤੇ ਸਫਰ, ਇਸ ਨਾਲੋਂ ਸੌ ਗੁਣਾਂ ਚੰਗਾ ਹੈ । ਸ੍ਰੀਰ ਦੀ ਕਿਰਿਆ ਕਰਨ ਸਕੂਟਰ 'ਤੇ ਜਾਣਾ ਸਿਹਤ ਲਈ,ਹਾਨੀਕਾਰਕ ਹੈ ।ਜਿਨ੍ਹਾਂ ਦੀ ਮਾਲੀ ਹਾਲਤ ਗ਼ੀਬ ਹੈ,ਉਨ੍ਹਾਂ ਨੂੰ ਸਕੂਟ੍ਰ ਦਾ ਅਮਲ ਲੱਗ ਗਿਆ ਹੈ।ਬੱਸ 'ਤੇ ਜਾਣਾ ਹੱਤਕ ਮੰਨਦੇ ਹਨ,ਇਸ ਨਾਲ ਧਨ ਦੀ ਹਾਨੀ ਹੈ,ਐਕਸੀਡੈਂਟ ਦਾ ਡਰ ਹੈ ।

ਚਲਦੀ ਰੇਲ, ਬੱਸ ਤੋਂ ਨ ਉੱਤਰੋ ਨ ਹੀ ਚੜ੍ਹੋ । ਵਾਹਿਗੁਰੂ ॥ਜਹਾਜ਼ ਰੇਲ ਦਾ ਟਿਕਟ ਲੈਣ ਪਿੱਛੋਂ,ਹਾਜ਼ਰ ਰਹੋ,ਅਸਵਾਰੀ ਠੀਕ ਟਾਈਮ 'ਤੇ ਤੁਰ ਜਾਵੇਗੀ ।ਬੱਸ,ਟਰੱਕ ਆਦਿ ਤੇ ਸਫਰ ਕਰਦਿਆਂ ਬ੍ਰੇਕ ਲੱਗਣ ਤੋਂ ਸੱਟ ਜਾਂ ਭੁੰਜੇ ਡਿੱਗਣ ਤੋਂ ਬਚੋ,ਹੱਥ ਪਾ ਕੇ ਬੈਠਣ ਦੀ ਆਦਤ ਪਾਉ।ੱਡੀ ਤੋਰਨ ਤੋਂ ਪਹਿਲਾਂ ਪਿੱਛੇ ਵੇਖੋ।ਐਲਟੀਨੇਟ੍ਰ ਵਾਲੀ ਗ਼ੱਡੀ 'ਚ ਬੈਟ੍ਰੀ ਨ ਹੋਵੇ ਤਾਂ ਲਾਈਟਾਂ ਨ ਜਗਾਉ, ਡਾਇਨਮੋ ਵਾਲੀ ਗ਼ੱਡੀ 'ਚ, ਜੇ ਡਾਇਨਮੋ ਦਾ ਚਾਰਜ ਤੇਜ਼ ਨ ਹੋਵੇ ਤਾਂ ਲਾਈਟਾਂ ਜਗ ਸਕਦੀਆਂ ਹਨ।

ਬਿਜਲੀ:-ਪੱਖੇ ਆਦਿ ਚੁੱਕਣ ਤੋਂ ਪਹਿਲਾਂ, ਕਰੰਟ ਬੰਦ ਕਰੋ।ਚਲਦੇ ਪੱਖੇ ਨੂੰ ਨ ਚੁੱਕੋ ।ਜੇ ਕਿਸੇ ਬੰਦੇ ਨੂੰ ਕਰੰਟ ਲੱਗੇ ਤਾਂ ਉਸ ਨੂੰ ਹੱਥ ਨ ਲਾਉ ।ਛੇਤੀ ਮੇਨ ਸਵਿੱਚ ਬੰਦ ਕਰੋ । ਸੁੱਕੀ ਲੱਕੜ ਨਾਲ ਤਾਰ ਤੋੜ ਸਕਦੇ ਹੋਂ। ਪੈਰਾਂ 'ਚ ਖੜਾਂਵਾਂ ਪਾ ਕੇ,ਸੁੱਕੇ ਮੋਟੇ ਕੱਪੜੇ ਨਾਲ ਉਸ ਨੂੰ ਫੜ ਕੇ ਖਿੱਚੋ, ਤੁਹਾਡਾ ਧਰਤੀ ਨਾਲ ਪੈਰ ਅਰਥ ਨ ਹੋਵੇ, ਹਰੇਕ ਘਰ ਲੱਕੜ ਦੀਆਂ ਖੜਾਵਾਂ ਹੋਣ,

ਜੇਕਰ ਸਵਿੱਚ ’ਚ ਇੱਕ ਤਾਰ ਲਾਈ ਹੋਵੇ, ਤਾਂ ਦੂਜੀ ਤਾਰ ਨੂੰ ਹੱਥ ਲੱਗਣ ਤੋਂ ਕਰੰਟ ਵੱਜਦਾ ਹੈ ਵਰਖਾ ਸਮੇਂ ਟੈਲੀਵੀਜ਼ਨ ਦੇ ਏਰੀਅਲ ਦੀ ਤਾਰ ਅਤੇ ਕਰੰਟ ਵਾਲੀ ਤਾਰ ਕੱਢ ਦੇਵੋ। ਏਰੀਅਲ ਦੁਆਰਾ ਬਿਜ਼ਲੀ ਪੈ ਕੇ ਸਭ ਕੁੱਝ ਸਾੜ ਦਿੰਦੀ ਹੈ ।ਕਰੰਟ ਲੱਗਣ ਤੋਂ ਉਸ ਬੰਦੇ ਨੂੰ ਮੰਜੇ ਤੇ ਨਹੀ ਪਾਉਣਾ, ਧਰਤੀ ਤੇ ਪਾਉਣਾ, ਪਾਣੀ ਨਹੀਂ ਪਿਆਉਣਾ, ਪੈਰਾਂ ਦੀਆਂ ਤਲੀਆਂ ’ਤੇ ਸ੍ਰੀਰ ਦੀ ਸੁੱਕੀ ਮਾਲਸ਼ ਕਰੋ । ਉਸ ਨੂੰ ਮਿੱਟੀ ’ਚ ਦੱਬੋ । ਮਿੱਟੀ ’ਚ ਦੱਬਣ ਤੋਂ ਕਰੰਟ ਦਾ ਅਸਰ ਘਟ ਜਾਂਦਾ ਹੈ । ਆਟੋ ਕੱਟ ਸਰਕਟ ਲਾਉਣੇ ਕਰਕੇ ਕਰੰਟ ਲੱਗਣ ਤੋਂ ਬਿਜਲੀ ਆਪਣੇ ਆਪ ਬੰਦ ਹੋ ਜਾਂਦੀ ਹੈ,ਹਰ ਘਰ ’ਚ, ਆਟੋ ਕੱਟ ਸਰਕਟ ਲਾਉਣਾ ਚਾਹੀਏ। ਅੱਗ ਲੱਗਣ ਜਾਂ ਕਰੰਟ ਲੱਗਣ ਤੋਂ ਮੇਨ ਸਵਿੱਚ ਦੁਆਰਾ ਛੇਤੀ ਬਿਜਲੀ ਬੰਦ ਕੀਤੀ ਜਾਵੇ।ਡਰਾਈਵਿੰਗ, ਮਸ਼ੀਨਰੀ ਦੀ ਦੇਖ ਰੇਖ ਸੰਪੂਰਨੰ।